# ਮਕੜੀ ਦਾ ਜਾਲਾ

ਜੇ.ਪੀ.ਦਾਸ



ਭਾਸ਼ਾ ਵਿਭਾਗ, ਪੰਜਾਬ

# ਮਕੜੀ ਦਾ ਜਾਲਾ

ਜੇ. ਪੀ. ਦਾਸ

ਭਾਸ਼ਾ ਵਿਭਾਗ ਪੰਜਾਬ

# MAKARHI DA JALA (In Punjabi)

J. P. Dass

Translation: Shubhchint Kaur

**ਮਕੜੀ ਦਾ ਜਾਲਾ**

ਜੇ. ਪੀ. ਦਾਸ

ਅਨੁਵਾਦ : ਸ਼ੁਭਚਿੰਤ ਕੌਰ

© ਭਾਸ਼ਾ ਵਿਭਾਗ, ਪੰਜਾਬ

ਐਡੀਸ਼ਨ : 2002

ਕਾਪੀਆਂ : 2,000

ਮੁੱਲ : 25/- ਰੁਪਏ

0220ਰੈਪ. 1531

**ਪ੍ਰਕਾਸ਼ਕ** : ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ

**ਛਾਪਕ**: ਵੀਰ ਭੂਮੀ ਪ੍ਰਿੰਟਿੰਗ ਪ੍ਰੈਸ, ਜਲੰਧਰ

**ਰਾਹੀਂ**: ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ

# ਦੋ ਸ਼ਬਦ

ਭਾਰਤ ਇਕ ਬਹੁ-ਭਾਸ਼ਾਈ ਅਤੇ ਬਹੁ-ਧਰਮੀ ਦੇਸ਼ ਹੈ ਜਿਸ ਦਾ ਪ੍ਰਾਂਤਕ ਸਭਿਆਚਾਰ ਵੀ ਆਪਣਾ-ਆਪਣਾ ਵੱਖਰੀ ਕਿਸਮ ਦਾ ਹੈ। ਇਨ੍ਹਾਂ ਧਰਮਾਂ, ਭਾਸ਼ਾਵਾਂ ਤੇ ਸਭਿਆਚਾਰ ਨੂੰ ਸਾਹਿਤ ਰਾਹੀਂ ਇਕ ਦੂਜੇ ਦੇ ਨੇੜੇ ਲਿਆ ਕੇ ਇੱਥੋਂ ਦੀ ਰਾਸ਼ਟਰੀ ਏਕਤਾ ਦੀ ਡੋਰ ਨੂੰ ਪਕੇਰਾ ਕੀਤਾ ਜਾ ਸਕਦਾ ਹੈ। ਸਾਹਿਤ ਅਤੇ ਭਾਸ਼ਾ ਦਾ ਇਸ ਵਿਚ ਮਹੱਤਵਪੂਰਨ ਯੋਗਦਾਨ ਹੈ।

ਭਾਸ਼ਾ ਵਿਭਾਗ ਪੰਜਾਬ ਸ਼ੁਰੂ ਤੋਂ ਹੀ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਤੇ ਪ੍ਰਸਾਰ ਲਈ ਕਈ ਮਹੱਤਵਪੂਰਨ ਸਕੀਮਾਂ ਤੇ ਕੰਮ ਕਰਦਾ ਆ ਰਿਹਾ ਹੈ। ਇਸ ਵਿਭਾਗ ਨੇ ਕਾਫ਼ੀ ਸਮੇਂ ਤੋਂ ਇਕ ਅਜਿਹਾ ਪ੍ਰਾਜੈਕਟ ਹੱਥ ਵਿੱਚ ਲਿਆ ਹੋਇਆ ਹੈ ਜਿਸ ਦੇ ਅਧੀਨ ਭਾਰਤ ਦੀਆਂ ਦੂਜੀਆਂ ਪ੍ਰਾਂਤਕ ਭਾਸ਼ਾਵਾਂ ਦੀਆਂ ਪ੍ਰਤੀਨਿਧ ਕਿਰਤਾਂ ਦੇ ਪੰਜਾਬੀ ਵਿਚ ਅਤੇ ਪੰਜਾਬੀ ਦੀਆਂ ਪ੍ਰਤਿਨਿਧ ਕਿਰਤਾਂ ਦਾ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਸਾਹਿਤ ਪ੍ਰੇਮੀਆਂ ਨੂੰ ਭੇਟ ਕੀਤਾ ਜਾਂਦਾ ਹੈ। ਇਸ ਉਪਰਾਲੇ ਨਾਲ ਵੱਖ-ਵੱਖ ਰਾਜਾਂ ਦੀਆਂ ਭਾਸ਼ਾਵਾਂ ਅਤੇ ਸਭਿਆਚਾਰ ਨੂੰ ਇਕ ਦੂਜੇ ਨਾਲ ਜੋੜਨ ਦਾ ਕੰਮ ਕੀਤਾ ਜਾ ਰਿਹਾ ਹੈ। ਹੁਣ ਤੱਕ ਸਿੰਧੀ, ਉਰਦੂ, ਮਲਿਆਲਮ, ਮਰਾਠੀ, ਕੱਨੜ, ਉੜੀਆ, ਡੋਗਰੀ ਅਤੇ ਗੁਜਰਾਤੀ ਭਾਸ਼ਾਵਾਂ ਦੀਆਂ ਲਗਭਗ 25 ਚੋਣਵੀਆਂ ਰਚਨਾਵਾਂ ਦਾ ਅਨੁਵਾਦ ਕਰਵਾਇਆ ਜਾ ਚੁੱਕਾ ਹੈ।

ਇਸ ਪ੍ਰਾਜੈਕਟ ਅਧੀਨ ਉੜੀਆ ਲੇਖਕ ਸ੍ਰੀ ਜੇ. ਪੀ. ਦਾਸ ਦੀ ਪੁਸਤਕ 'ਮਕੜੀ ਦਾ ਜਾਲਾ' ਦਾ ਪੰਜਾਬੀ ਵਿੱਚ ਅਨੁਵਾਦ ਸ੍ਰੀਮਤੀ ਸ਼ੁਭਚਿੰਤ ਕੌਰ ਤੋਂ ਕਰਵਾਇਆ ਗਿਆ ਹੈ। ਇਸ ਪੁਸਤਕ ਵਿਚ ਲੇਖਕ ਨੇ ਮਾਨਵੀ ਭਾਵਾਂ ਦਾ ਸਜੀਵ ਚਿਤਰਨ ਕੀਤਾ ਹੈ।

ਜੀਵਨ ਤੇ ਵਾਸਤਵਿਕ ਤੱਥਾਂ ਨੂੰ ਉਜਾਗਰ ਕਰਨ ਵਾਲੀ ਇਸ ਪੁਸਤਕ ਦਾ ਪੰਜਾਬੀ ਅਨੁਵਾਦ ਭਾਸ਼ਾ ਵਿਭਾਗ ਦੀ ਰਾਸ਼ਟਰੀ ਏਕਤਾ ਸਕੀਮ ਅਧੀਨ ਪੰਜਾਬੀ ਪਾਠਕਾਂ ਦੀ ਭੇਂਟ ਕੀਤਾ ਜਾ ਰਿਹਾ ਹੈ। ਆਸ ਹੈ ਪਾਠਕ ਅਤੇ ਲੇਖਕ ਇਸ ਦਾ ਨਿੱਘਾ ਸੁਆਗਤ ਕਰਨਗੇ।

**ਡਾ. ਮਦਨ ਲਾਲ ਹਸੀਜਾ**
ਡਾਇਰੈਕਟਰ
ਭਾਸ਼ਾ ਵਿਭਾਗ ਪੰਜਾਬ

# ਤਤਕਰਾ


| | |
|---|---|
| 1. ਸ਼ਬਦ-ਭੇਦ | 01 |
| 2. ਮ੍ਰਿਤੂ-ਬੋਧ | 15 |
| 3. ਮਾਇਆਵੀ ਹਿਰਨ | 28 |
| 4. ਜੀਵਨ-ਮੁਕਤੀ | 48 |
| 5. ਘਰ | 66 |
| 6. ਨਾਤਾ | 74 |
| 7. ਦੀਪ | 83 |
| 8. ਰੁਝੇਵੇਂ ਦਿਹਾੜੀ ਦੇ | 90 |
| 9. ਪਛਾਣ | 100 |
| 10. ਐਸ਼ਵਰਜ | 117 |
| 11. ਬੰਧਨ | 125 |
| 12. ਚਰਿੱਤਰ | 135 |
| 13. ਕਰਫ਼ਿਊ | 145 |
| 14. ਛੂਹ | 156 |
| 15. ਮੁਲਾਕਾਤ | 164 |
| 16. ਆਪਾਤਕਾਲ | 173 |
| 17. ਲੋਕ-ਸੰਸਕ੍ਰਿਤੀ | 184 |
| 18. ਸਾਮਰਾਜ | 194 |
| 19. ਮਾਂ-ਪਿਉ ਜਾਏ | 204 |
| 20. ਜ਼ਿੰਮੇਵਾਰੀ | 217 |
| 21. ਮਕੜੀ ਦਾ ਜਾਲਾ | 237 |

# ਸ਼ਬਦ-ਭੇਦ

ਕਾਲਜ ਦੇ ਦਿਨਾਂ ਤੋਂ ਹੀ ਅਸੀਂ ਸਭ ਨੇ ਜਾਣ ਲਿਆ ਸੀ ਕਿ ਕਿਸੇ ਨਾ ਕਿਸੇ ਦਿਨ ਭਵਨਾਥ ਜ਼ਰੂਰ ਪਾਗਲ ਹੋ ਜਾਏਗਾ। ਉਹ ਉਦੋਂ ਵੀ ਕਵਿਤਾ ਲਿਖਿਆ ਕਰਦਾ ਸੀ ਤੇ ਆਪਣੇ ਆਪ ਨੂੰ ਡੂੰਘੇ ਪਿਆਰ ਵਿਚ ਡੁੱਬਿਆ ਹੋਇਆ ਮਹਿਸੂਸ ਕਰਦਾ ਸੀ। ਮੰਨਿਆ, ਬਈ ਕਾਲਜ ਵਿਚ ਪੜ੍ਹਦਿਆਂ ਸਭ ਲੋਕ ਕਵਿਤਾਵਾਂ ਲਿਖਦੇ ਹਨ ਅਤੇ ਆਪਣੇ ਆਪ ਨੂੰ ਪਿਆਰ ਵਿਚ ਡੁੱਬਿਆ ਵੀ ਮਹਿਸੂਸ ਕਰਦੇ ਹਨ ; ਪਰ ਭਵਨਾਥ ਹਰ ਗੱਲ ਵਿਚ ਸਭ ਤੋਂ ਵੱਧ ਗੰਭੀਰ ਸੀ ਅਤੇ ਬਹੁਤ ਗੱਲਾਂ ਕਰਦਾ ਹੁੰਦਾ ਸੀ। ਕਾਲਜ ਦੇ ਕੋਲ ਵਾਲੀ ਚਾਹ ਦੀ ਦੁਕਾਨ ਉੱਤੇ, ਉਸ ਦੀਆਂ ਗੱਲਾਂ ਸੁਣ-ਸੁਣ ਕੇ ਲੋਕ ਅੱਕ ਕੇ ਟੁਰ ਜਾਂਦੇ ਪਰ ਉਹ ਦੁਕਾਨ ਦੇ ਮਾਲਕ ਨੂੰ ਆਪਣੀਆਂ ਗੱਲਾਂ ਦਾ ਨਿਸ਼ਾਨਾ ਬਣਾ ਕੇ ਬੋਲੀ ਜਾਂਦਾ। ਕਾਲਜ ਵਿਚ ਉਸ ਦਾ ਕੋਈ ਜਿਗਰੀ ਯਾਰ ਹੈ ਨਹੀਂ ਸੀ, ਫੇਰ ਵੀ ਭਵਨਾਥ ਨੇ ਸਾਰਿਆਂ ਨਾਲ ਇੱਕੋ ਜਿਹਾ ਸਬੰਧ ਬਣਾਇਆ ਹੋਇਆ ਸੀ।

ਭਵਨਾਥ ਦੀ ਕਵਿਤਾ ਲਿਖਣ ਦੀ ਸਮਰੱਥਾ ਉੱਤੇ ਮੈਨੂੰ ਕਾਲਜ ਦੇ ਦਿਨਾਂ ਵਿਚ ਬਹੁਤ ਵਿਸ਼ਵਾਸ ਨਹੀਂ ਸੀ। ਉਹ ਅਜੀਬ-ਅਜੀਬ ਕਵਿਤਾਵਾਂ ਲਿਖਦਾ ਪਰ ਉਹ ਕਿਤੇ ਛਪਦੀਆਂ ਨਹੀਂ ਸਨ। ਇਹ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਸੀ। ਮੈਨੂੰ ਉਹ ਦਿਨ ਚੰਗੀ ਤਰ੍ਹਾਂ ਚੇਤੇ ਹੈ, ਜਿਸ ਦਿਨ ਹੱਥ ਵਿਚ ਇੱਕ ਪੱਤ੍ਰਿਕਾ ਲਈ ਭਵਨਾਥ ਤੂਫ਼ਾਨ ਦੀ ਤਰ੍ਹਾਂ ਚਾਹ ਦੀ ਦੁਕਾਨ ਵਿਚ ਸਾਡੇ ਕੋਲ ਆਇਆ ਅਤੇ ਆਪਣੀ ਪਹਿਲੀ ਛਪੀ ਕਵਿਤਾ ਦਿਖਾਉਣ ਲੱਗਾ। ਉਸ ਵੇਲੇ ਦੁਕਾਨ ਵਿਚ ਕਾਫ਼ੀ ਭੀੜ ਸੀ। ਅਸੀਂ ਚਾਰ ਜਣੇ ਜਿਸ ਟੇਬਲ ਉੱਤੇ ਬੈਠੇ ਸਾਂ, ਉਸੇ ਦੇ ਨੇੜੇ ਇੱਕ ਕੁਰਸੀ ਖਿੱਚ ਲਿਆਇਆ ਅਤੇ ਉਸ ਉੱਤੇ ਬੈਠ ਕੇ ਉਸ ਨੇ ਉਸ ਦਿਨ ਆਪਣੀ ਪਹਿਲੀ ਪ੍ਰਕਾਸ਼ਿਤ ਕਵਿਤਾ ਸਾਨੂੰ ਸੁਣਾਈ। ਕਵਿਤਾ ਦਾ ਸਿਰਲੇਖ ਸੀ- "ਆਰੋਹ- ਅਵਰੋਹ" ਅਤੇ ਕਵਿਤਾ ਦੀ ਲੰਬਾਈ ਸੀ ਸਿਰਫ਼ ਛੇ ਲਾਈਨਾਂ:

ਘਾਹ, ਬੋਤ੍ਰ

ਕੀੜੀ, ਹਾਥੀ,

ਮਨੁੱਖ, ਈਸ਼ਵਰ !!

ਈਸ਼ਵਰ, ਮਨੁੱਖ

ਹਾਥੀ, ਕੀੜੀ

ਬੋਤ੍ਰ, ਘਾਹ !!

ਜੇ ਉਹ ਕਵਿਤਾ ਕਿਸੇ ਪ੍ਰਸਿੱਧ ਪੱਤਰਿਕਾ ਵਿਚ ਨਾ ਛਪੀ ਹੁੰਦੀ, ਤਾਂ ਸ਼ਾਇਦ ਅਸੀਂ ਭਵਨਾਥ ਦੇ ਇਸ ਕਾਵਿ-ਜਤਨ ਨੂੰ ਮਜ਼ਾਕ ਵਿਚ ਉਡਾ ਦੇਂਦੇ— ਉਸ ਦੀਆਂ ਹੋਰ ਸਾਰੀਆਂ ਗੱਲਾਂ ਦੀ ਤਰ੍ਹਾਂ। ਪਰ ਉਸ ਵੇਲੇ ਉਹ ਕਾਲਜ ਦਾ ਇਕੱਲਾ ਪ੍ਰਕਾਸ਼ਿਤ ਕਵੀ ਸੀ, ਇਸ ਲਈ ਸਾਨੂੰ ਸਾਰਿਆਂ ਨੂੰ ਉਸ ਦੀਆਂ ਗੱਲਾਂ ਸੁਣਨੀਆਂ ਪਈਆਂ। ਇਸ ਛੋਟੀ ਜਿਹੀ ਕਵਿਤਾ ਦੇ ਬਹਾਨੇ ਉਹ ਸਾਨੂੰ ਇਹ ਸਮਝਾਉਣ ਲੱਗਾ ਕਿ ਇੱਕ ਕਵਿਤਾ ਲਈ ਕਿੰਨੀ ਸਾਧਨਾ ਕਰਨੀ ਪੈਂਦੀ ਹੈ। ਉਦਾਹਰਣ ਲਈ, ਭਵਨਾਥ ਨੇ ਸਮਝਾਇਆ ਕਿ ਇਨ੍ਹਾਂ ਛੇ ਲਾਈਨਾਂ ਦੇ ਪਿੱਛੇ ਉਸ ਨੂੰ ਕਿਵੇਂ ਛੇ ਮਹੀਨੇ ਲਾਉਣੇ ਪਏ ਸਨ; ਇਹ ਆਰੋਹ ਕਿਵੇਂ ਘਾਹ ਤੋਂ ਬੋਤ੍ਰ ਤੇ ਕੀੜੀ ਤੋਂ ਹਾਥੀ ਹੀ ਨਹੀਂ, ਘਾਹ ਤੋਂ ਕੀੜੀ ਤੇ ਕੀੜੀ ਤੋਂ ਮਨੁੱਖ ਵੀ ਹੈ। ਇਸ ਆਰੋਹ ਨਾਲ ਡਾਰਵਿਨ ਦੇ ਨੈਚੁਰਲ ਸਿਲੈਕਸ਼ਨ ਦਾ ਸਿਧਾਂਤ ਕਿਵੇਂ ਅਭਿੰਨ ਰੂਪ ਵਿੱਚ ਜੁੜਿਆ ਹੋਇਆ ਹੈ, ਇਹ ਵੀ ਕਹਿਣਾ ਭਵਨਾਥ ਭੁੱਲਿਆ ਨਹੀਂ ਸੀ। ਅੰਤ ਵਿਚ ਉਸ ਨੇ ਈਲੀਅਟ, ਪਾਊਂਡ, ਆਦਿ ਦੀ ਮਿਸਾਲ ਦੇਂਦਿਆਂ, ਅੱਛੀ ਕਵਿਤਾ ਹੈ ਕੀ "ਬਾਰੇ ਇੱਕ ਛੋਟਾ ਜਿਹਾ ਭਾਸ਼ਣ ਵੀ ਦਿੱਤਾ ਸੀ।

ਐਤਕੀਂ ਉਸ ਦੀਆਂ ਗੱਲਾਂ ਨੂੰ ਕਿਸੇ ਨੇ ਵੀ ਹਾਸੇ ਵਿੱਚ ਨਾ ਉਡਾਇਆ, ਅਤੇ ਮੈਂ ਸੋਚਦਾ ਹਾਂ ਕਿ ਸਾਡੇ ਵਿੱਚੋਂ ਜੋ ਲੋਕ ਵੀ ਮਸ਼ਹੂਰ ਕਵੀ ਹੋਣ ਦਾ ਸੁਫ਼ਨਾ ਵੇਖ ਰਹੇ ਸਨ, ਉਨ੍ਹਾਂ ਵਿੱਚੋਂ ਕਈ ਈਰਖਾ ਨਾਲੇ ਭਰ ਗਏ ਸਨ। ਚਾਹ ਪੀਣ ਪਿੱਛੋਂ ਅਸੀਂ ਸਾਰੇ ਉੱਠਣ ਲੱਗ ਪਏ। ਏਨੇ ਨੂੰ, ਮਾੜੀ ਕਿਸਮਤ, ਕੋਈ ਪੁੱਛ ਬੈਠਾ 'ਕੀੜੀ' ਦਾ ਕ ਹ੍ਰਸਵ ਹੋਵੇਗਾ ਜਾਂ ਦੀਰਘ ? ਜਿਵੇਂ ਭਵਨਾਥ ਇਸ ਪ੍ਰਸ਼ਨ ਲਈ ਤਿਆਰ ਬੈਠਾ ਹੋਵੇ, ਉਸ ਨੇ ਆਪਣੇ ਥੈਲੇ ਵਿੱਚੋਂ

(ਕਹਿਣ ਦੀ ਲੋੜ ਨਹੀਂ ਕਿ ਸਾਡੇ ਵਿੱਚੋਂ ਭਵਨਾਥ ਹੀ ਸੀ, ਜੋ ਕਵੀਆਂ ਵਾਲੇ ਕੱਪੜੇ ਪਾਉਂਦਾ ਤੇ ਮੋਢੇ ਉੱਤੇ ਥੈਲਾ ਲਟਕਾਉਂਦਾ ਸੀ)। ਇਕ ਸ਼ਬਦ-ਕੋਸ਼ ਕੱਢ ਕੇ ਉਸ ਵਿੱਚੋਂ ਦਿਖਾ ਦਿੱਤਾ ਤੇ ਪ੍ਰਮਾਣਿਤ ਕਰ ਦਿੱਤਾ ਕਿ ਉਸ ਦੀ ਵਰਤੋਂ ਸ਼ੁੱਧ ਹੈ। ਇਸ ਦੇ ਇਲਾਵਾ ਉਸ ਨੇ ਇਸ ਗੱਲ ਦੀ ਸਫ਼ਾਈ ਵੀ ਦਿੱਤੀ ਕਿ ਕੀੜੀ ਦੀ ਥਾਂ ਉੱਤੇ ਇਸ ਦੇ ਸਾਰੇ ਪਰਿਆਇਵਾਚੀ ਸ਼ਬਦਾਂ ਦੇ ਪ੍ਰਯੋਗ ਦੀ ਗੁੰਜਾਇਸ਼ ਹੋਣ ਉੱਤੇ ਵੀ, ਉਸ ਨੇ ਕੀੜੀ ਸ਼ਬਦ ਦਾ ਪ੍ਰਯੋਗ ਹੀ ਕਿਉਂ ਕੀਤਾ ਹੈ।

ਇਸ ਕਵਿਤਾ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਉਹ ਆਪਣੇ ਆਪ ਨੂੰ ਇੱਕ ਮਸ਼ਹੂਰ (ਪ੍ਰਤਿਸ਼ਠਿਤ) ਕਵੀ ਸਮਝਣ ਲੱਗ ਪਿਆ ਤੇ ਦਾੜ੍ਹੀ ਵਧਾਉਣੀ ਸ਼ੁਰੂ ਕਰ ਦਿੱਤੀ। ਹਾਲਾਂਕਿ ਬਹੁਤ ਦਿਨਾਂ ਤੱਕ ਉਸ ਦੀ ਕੋਈ ਹੋਰ ਕਵਿਤਾ ਨਹੀਂ ਸੀ ਛਪੀ ਫੇਰ ਵੀ ਉਹ ਕਾਲਜ ਵਿਚ ਕਵੀ ਦੇ ਰੂਪ ਵਿਚ ਮਸ਼ਹੂਰ ਹੋ ਚੁੱਕਾ ਸੀ। ਹੁਣ ਉਹ ਗੱਲ ਗੱਲ ਉੱਤੇ ਥੈਲੇ ਵਿੱਚੋਂ ਸ਼ਬਦਕੋਸ਼ ਕੱਢਦਾ ਤੇ ਵਿਭਿੰਨ ਸ਼ਬਦਾਂ ਦੇ ਅਰਥ ਤੇ ਪ੍ਰਯੋਗਾਂ ਨੂੰ ਲੈ ਕੇ ਤਰਕ-ਵਿਤਰਕ ਕਰਦਾ ਸੀ। ਕੋਈ ਇਸ ਵਿਸ਼ੇ ਉੱਤੇ ਪੁੱਛੇ ਤਾਂ ਉਹ ਉਲਟਾ ਤਰਕ ਦੇਂਦਾ ਸੀ: ਸ਼ਬਦ ਹੀ ਤਾਂ ਬ੍ਰਹਮਾ ਹੈ ਅਤੇਸ਼ਬਦ-ਭੇਦ ਬਾਈਬਲ ਦਾ ਕਥਨ ਪੇਸ਼ ਕਰਦਾ ਸੀ : ਸਭ ਤੋਂ ਪਹਿਲਾਂ ਕੇਵਲ ਸ਼ਬਦ ਹੀ ਸੀ, ਇਹੀ ਸ਼ਬਦ ਈਸ਼ਵਰ ਵਿਚ ਬਦਲ ਗਿਆ...

ਫਾਈਨਲ ਇਮਤਿਹਾਨਾਂ ਤੋਂ ਬਾਅਦ ਜਦੋਂ ਅਸੀਂ ਸਾਰਿਆਂ ਕਾਲਜ ਛੱਡਿਆ ਤਾਂ ਇੱਕ ਦੂਜੇ ਦਾ ਪਤਾ ਲਿਆ। ਪਰ ਜ਼ਿਆਦਾ ਦਿਨ ਇੱਕ ਦੂਜੇ ਨਾਲ ਸੰਪਰਕ ਨਾ ਰੱਖ ਸਕੇ। ਇਸ ਤੋਂ ਪਿੱਛੋਂ ਨੌਕਰੀ ਮਿਲੀ ਤਾਂ ਸਭ ਏਧਰ-ਓਧਰ ਹੋ ਗਏ। ਮੈਨੂੰ ਇੱਕ ਸ਼ਹਿਰ ਵਿੱਚ ਨੌਕਰੀ ਮਿਲੀ। ਕਦੀ-ਕਦੀ ਮੈਂ ਪੱਤਰਕਾਵਾਂ ਵਿਚ ਭਵਨਾਥ ਦੀਆਂ ਕਵਿਤਾਵਾਂ ਵੇਖਿਆ ਕਰਦਾ ਸਾਂ, ਅਤੇ ਓਥੋਂ ਹੀ ਅੰਦਾਜ਼ਾ ਲਾ ਲਿਆ ਕਰਦਾ ਸਾਂ ਕਿ ਭਵਨਾਥ ਵੀ ਕਿਤੇ ਨੌਕਰੀ ਕਰਨ ਲੱਗ ਪਿਆ ਹੋਵੇਗਾ ਅਤੇ ਵਿੱਚ-ਵਿੱਚ ਸ਼ੌਂਕੀਆ ਕਵਿਤਾਵਾਂ ਲਿਖਦਾ ਹੋਵੇਗਾ। ਉਸ ਦੀਆਂ ਕਵਿਤਾਵਾਂ ਮੇਰੀ ਸਮਝ ਤੋਂ ਬਾਹਰਲੀਆਂ ਹੁੰਦੀਆਂ ਸਨ। ਭਵਨਾਥ ਬਾਰੇ ਪਹਿਲਾਂ ਤੋਂ ਜਾਣੂ ਹੋਣ ਕਰਕੇ ਮੈਂ ਕਦੇ ਕਦੇ ਸੋਚਦਾ ਕਿ ਸ਼ਾਇਦ ਪਾਠਕਾਂ ਨੂੰ ਮੂਰਖ ਸਾਬਤ ਕਰਨ ਲਈ ਉਹ ਅਜਿਹੀਆਂ ਕਵਿਤਾਵਾਂ ਲਿਖਦਾ ਹੈ।

ਛੁੱਟੀਆਂ ਵਿੱਚ ਜਦੋਂ ਮੈਂ ਘਰ ਆਉਂਦਾ, ਕਦੇ ਕਦੇ ਕੁੱਝ ਪੁਰਾਣੇ ਦੋਸਤਾਂ ਨਾਲ ਮੁਲਾਕਾਤ ਹੋ ਜਾਂਦੀ ਅਤੇ ਉਨ੍ਹਾਂ ਤੋਂ ਹੀ ਭਵਨਾਥ ਬਾਰੇ ਵੀ ਕੁੱਝ ਨਾ ਕੁੱਝ ਪਤਾ ਲੱਗ ਜਾਂਦਾ ਸੀ। ਉਸ ਵੇਲੇ ਭਵਨਾਥ ਇੱਕ ਅਖ਼ਬਾਰ ਦੇ ਦਫ਼ਤਰ ਵਿਚ ਕੰਮ ਕਰਦਾ ਸੀ ਤੇ ਸਾਰੇ ਉਸ ਨੂੰ ਕਵੀ ਸਮਝਦੇ ਸਨ। ਇਕ ਵਾਰੀ ਜਿਗਿ

ਆਸਾ-ਵੱਸ ਮੈਂ ਉਸ ਨੂੰ ਉਸ ਦੇ ਦਫ਼ਤਰ ਫ਼ੋਨ ਕੀਤਾ, ਭਵਨਾਥ ਮੇਰੀ -ਅਵਾਜ਼ ਸੁਣ ਕੇ ਖੁਸ਼ ਹੋਇਆ। ਉਸੇ ਦਿਨ ਸ਼ਾਮੀਂ ਅਸੀਂ ਆਪਣੀ ਉਸੇ ਪੁਰਾਣੀ ਚਾਹ ਦੀ ਦੁਕਾਨ ਵਿਚ ਮਿਲਣਾ ਤੈ ਕੀਤਾ।

ਜਦੋਂ ਮੈਂ ਓਥੇ ਪਹੁੰਚਿਆ, ਭਵਨਾਥ ਹਾਲੇ ਆਇਆ ਨਹੀਂ ਸੀ। ਭਾਵੇਂ ਚਾਹ ਦੀ ਦੁਕਾਨ ਠੀਕ ਪਹਿਲਾਂ ਵਾਂਗ ਹੀ ਸੀ, ਪਰ ਮੈਨੂੰ ਅਜਿਹਾ ਲੱਗਾ ਕਿ ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਛੋਟੀ ਤੇ ਗੰਦੀ ਹੋ ਗਈ ਹੈ। ਮੈਨੂੰ ਇਹ ਅਹਿਸਾਸ ਆਪਣੇ ਪ੍ਰਸਾਰਿਤ ਦ੍ਰਿਸ਼ਟੀਕੋਣ ਕਰਕੇ ਹੋ ਰਿਹਾ ਹੈ ਜਾਂ ਨਹੀਂ— ਇਹ ਸੋਚ ਹੀ ਰਿਹਾ ਸਾਂ ਕਿ ਭਵਨਾਥ ਪਹੁੰਚ ਗਿਆ। ਚਾਹ ਦਾ ਆਰਡਰ ਦੇ ਕੇ ਉਸ ਨੇ ਦੱਸਿਆ "ਦੇਰ ਇਸ ਕਰਕੇ ਹੋਈ ਕਿ ਇੱਕ ਸ਼ਬਦ ਪਿੱਛੇ, ਮੇਰਾ ਸੰਪਾਦਕ ਨਾਲ ਝਗੜਾ ਹੋ ਗਿਆ ਸੀ। "ਇਹ ਗੱਲ ਸੁਣ ਕੇ ਮੈਨੂੰ ਲੱਗਾ, ਜਿਵੇਂ ਸ਼ਬਦ ਦੇ ਤਾਤਪਰਜ ਨੂੰ ਲੈ ਕੇ ਉਹ ਦੁਬਾਰਾ ਕੋਈ ਭਾਸ਼ਣ ਦੇਵੇਗਾ। ਪਰ ਉਸ ਵੇਲੇ ਤੱਕ ਭਵਨਾਥ ਦੇ ਦਿੱਲ ਵਿੱਚੋਂ ਸੰਪਾਦਕ ਦੇ ਨਾਲ ਝਗੜੇ ਵਾਲੀ ਗੱਲ ਨਿਕਲੀ ਨਹੀਂ ਸੀ। ਉਹ ਚੁੱਪ-ਚਾਪ ਬੈਠਾ ਰਿਹਾ। ਇਸ ਵਾਰੀ ਉਸ ਨੂੰ ਮੈਂ ਚੰਗੀ ਤਰ੍ਹਾਂ ਦੇਖਿਆ। ਉਹ ਬਿਲਕੁਲ ਪਹਿਲਾਂ ਵਰਗਾ ਸੀ— ਠੀਕ ਉਂਜ ਹੀ ਕਵੀਨੁਮਾ ਤੇ ਪਾਗਲ ਜਿਹਾ।

ਆਪਣੇ ਹੋਰ ਪੁਰਾਣੇ ਦੋਸਤਾਂ ਨੂੰ ਮਿਲ ਕੇ ਅਸੀਂ ਆਪਸ ਵਿੱਚ ਬੱਚਿਆਂ ਦੀ ਪੜ੍ਹਾਈ, ਚੀਜ਼ਾਂ ਦੀਆਂ ਕੀਮਤਾਂ ਅਤੇ ਆਪਣੀ ਸਿਹਤ ਬਾਰੇ ਗੱਲਾਂ ਕਰਦੇ ਸਾਂ। ਪਰ ਸਿਰਫ਼ ਭਵਨਾਥ ਸੀ, ਜੋ ਬਿਲਕੁਲ ਪਹਿਲਾਂ ਵਾਂਗ ਸੀ। ਉਸ ਵਿੱਚ ਕੋਈ ਮਾਨਸਿਕ ਪਰਿਵਰਤਨ ਨਹੀਂ ਹੋਇਆ ਸੀ, ਕਿਉਂਕਿ ਉਸ ਨੇ ਪੁਰਾਣੀਆਂ ਗੱਲਾਂ ਨਾਲ ਸੰਪਰਕ ਜੋੜੀ ਰੱਖਿਆ ਸੀ।

ਚਾਹ ਦੀ ਦੁਕਾਨ ਦਾ ਮਾਲਕ ਜਿਸ ਨੂੰ ਅੱਠਾਂ ਸਾਲਾਂ ਬਾਅਦ ਵੀ ਮੈਂ ਪਛਾਣ ਲਿਆ ਸੀ, ਪਰ ਉਸ ਨੇ ਮੈਨੂੰ ਨਹੀਂ ਸੀ ਪਛਾਣਿਆ। ਉਹ ਭਵਨਾਥ ਕੋਲ ਆ ਕੇ ਉਸ ਦੀ ਸੁੱਖ-ਸਾਂਦ ਪੁੱਛਣ ਲੱਗਾ। ਭਵਨਾਥ ਦੁਖੀ ਜਿਹਾ ਹੋ ਕੇ ਸਿਰ ਹਿਲਾ ਕੇ ਬੋਲਿਆ- ਹਰ ਰੋਜ਼ ਉਸ ਦੀ ਇੱਛਾ ਇੱਥੇ ਆਣ ਦੀ ਹੁੰਦੀ ਹੈ, ਪਰ ਰੋਜ਼ ਦੇਰ ਹੋ ਜਾਂਦੀ ਹੈ। ਉਸ ਦੀ ਗੱਲ ਸੁਣ ਕੇ ਮੈਂ ਸੋਚਿਆ ਸ਼ਾਇਦ ਉਹ ਕਿਸੇ ਚੰਗੇ ਅਹੁਦੇ ਉੱਤੇ ਲੱਗਾ ਹੋਇਆ ਹੈ। ਜਦੋਂ ਮੈਂ ਉਸ ਨੂੰ

ਉਸ ਦੇ ਆਫ਼ਿਸ ਬਾਰੇ ਪੁੱਛਿਆ, ਉਸ ਨੇ ਆਪਣੀ ਜੇਬ ਵਿੱਚੋਂ ਇੱਕ ਮੈਗਨੀਫਾਈਂਗ ਸ਼ੀਸ਼ਾ ਕੱਢ ਕੇ ਵਿਖਾਇਆ। ਮੈਂ ਉਸ ਕੋਲੋਂ ਉਸ ਦੀਆਂ ਅੱਖਾਂ ਬਾਰੇ ਪੁੱਛਣ ਹੀ ਲੱਗਾ ਸਾਂ ਕਿ ਭਵਨਾਥ ਨੇ ਉਹ ਸ਼ੀਸ਼ਾ ਆਪਣੀ ਜੇਬ ਵਿਚ ਰੱਖ ਲਿਆ ਤੇ ਥੈਲੇ ਵਿੱਚੋਂ ਇੱਕ ਸ਼ਬਦਕੋਸ਼ ਕੱਢ ਕੇ ਮੇਰੇ ਵੱਲ ਵਧਾ ਦਿੱਤਾ। ਅੱਖਰ ਬਹੁਤ ਛੋਟੇ ਹੋਣ ਕਰਕੇ ਮੈਨੂੰ ਕੁੱਝ ਪਰੇਸ਼ਾਨੀ ਹੋ ਰਹੀ ਸੀ। ਪਰ ਮੈਂ ਦੇਖਿਆ, ਭਵਨਾਥ ਆਰਾਮ ਨਾਲ ਉਨ੍ਹਾਂ ਨੂੰ ਪੜ੍ਹ ਗਿਆ। ਫੇਰ ਉਸ ਨੇ ਦੱਸਿਆ ਕਿ ਅਖ਼ਬਾਰ ਦੇ ਆਫ਼ਿਸ ਵਿਚ ਉਸ ਦਾ ਮੁੱਖ ਕੰਮ ਪਰੂਫ ਦੇਖਣਾ ਹੈ। ਅਤੇ ਹਰੇਕ ਸ਼ਬਦ ਨੂੰ ਚੰਗੀ ਤਰ੍ਹਾਂ ਵੇਖਣ ਲਈ ਸਿਰਫ਼ ਅੱਖਾ ਨਾਲ ਵੇਖਣਾ ਕਾਫੀ ਨਹੀਂ ਹਰ ਸ਼ਬਦ ਨੂੰ ਦੂਜੇ ਸ਼ਬਦ ਤੋਂ ਵੱਖ ਵੇਖਣ ਲਈ ਸੂਖ਼ਮਤਾ ਨਾਲ ਵੇਖਣਾ ਪੈਂਦਾ ਹੈ।

ਚਾਹ-ਪੀਣ ਤੋਂ ਬਾਅਦ ਅਸੀਂ ਦੋਵੇਂ ਪੁਰਾਣੇ ਕਾਲਜ ਦੇ ਲਾਅਨ ਵਿਚ ਬੈਠ ਗਏ। ਮੈਨੂੰ ਮਹਿਸੂਸ ਹੋਇਆ ਕਿ ਮੈਂ ਆਪਣੇ ਆਪ ਨੂੰ ਪੁਰਾਣੇ ਰੂਪ ਵਿੱਚ ਠੀਕ ਤਰ੍ਹਾਂ ਨਹੀਂ ਢਾਲ ਸਕਿਆ; ਪਰ ਭਵਨਾਥ ਚੌਂਕੜੀ ਮਾਰ ਕੇ ਖ਼ੂਬ ਆਰਾਮ ਨਾਲ ਘਾਹ ਉੱਤੇ ਬੈਠ ਗਿਆ ਤੇ ਮੈਨੂੰ ਮੇਰੇ ਬਾਰੇ ਸਾਰਾ ਕੁਝ ਪੁੱਛਣ ਲੱਗਾ। ਆਪਣੀ ਨੌਕਰੀ, ਪਤਨੀ ਤੇ ਪਰਿਵਾਰ ਬਾਰੇ ਪੂਰਾ ਵੇਰਵਾ ਦੇਣ ਤੋਂ ਬਾਅਦ ਮੈਂ ਉਸ ਨੂੰ ਪੁੱਛਿਆ ਉਸ ਨੇ ਸੰਖੇਪ ਵਿਚ ਉੱਤਰ ਦਿੱਤਾ," ਜਿਵੇਂ ਕਾਲਜ ਦੇ ਦਿਨਾਂ ਵਿਚ ਇਕੱਲਾ ਰਹਿੰਦਾ ਸਾਂ, ਹੁਣ ਵੀ ਇਕੱਲਾ ਹੀ ਹਾਂ। ਜਦੋਂ ਕਦੇ ਸਮਾਂ ਮਿਲਦਾ ਹੈ, ਕਵਿਤਾਵਾਂ ਲਿਖਦਾ ਹਾਂ। ਉਸ ਨੇ ਆਪਣੀ ਕਵਿਤਾਵਾਂ ਦੀ ਕਾਪੀ ਮੈਨੂੰ ਦੇਖਣ ਲਈ ਦਿੱਤੀ। ਆਪਣੀ ਉਸ ਪੁਰਾਣੀ ਆਰੋਹ-ਅਵਰੋਹ ਕਵਿਤਾ ਤੋਂ ਬਾਅਦ ਉਹ ਹੋਰ ਕਈ ਕਵਿਤਾਵਾਂ ਲਿਖ ਚੁੱਕਾ ਸੀ। ਭਾਵੇਂ ਉਸ ਦੀ ਕਵਿਤਾ ਲਈ ਮੇਰੀ ਭਾਵਨਾ ਚੰਗੀ ਨਹੀਂ ਸੀ, ਫੇਰ ਵੀ ਮੈਂ ਕਿਹਾ ਚੰਗੀ ਗੱਲ ਹੈ ਲਿਖਦਾ ਰਹਿੰਦਾ ਹੈਂ। ਉਸ ਨੇ ਉਲਟਾ ਕੇ ਮੈਨੂੰ ਪੁੱਛਿਆ, “ਅੱਜਕਲ੍ਹ ਕਵਿਤਾ ਪੜ੍ਹਦਾ ਹੈਂ ਨਾ ?" ਮੈਂ ਕਿਹਾ, "ਹਾਂ, ਕਦੇ-ਕਦਾਈਂ ਵੇਖ ਲੈਂਦਾ ਹਾਂ।" ਭਵਨਾਥ ਨੇ ਆਪਣੀ ਕਵਿਤਾ ਦੀ ਕਾਪੀ ਮੇਰੇ ਕੋਲੋਂ ਵਾਪਿਸ ਲੈ ਕੇ ਫੇਰ ਸੰਭਾਲ ਕੇ ਥੈਲੇ ਵਿਚ ਰੱਖ ਲਈ ਅਤੇ ਦੁੱਖ ਨਾਲ ਚ-ਚ ਕੀਤਾ। ਮੈਂ ਸੋਚਿਆ ਹੁਣ ਭਵਨਾਥ ਦਾ ਭਾਸ਼ਣ ਸ਼ੁਰੂ ਹੋਵੇਗਾ ਅਤੇ ਇਹੀ ਹੋਇਆ।

ਹੋਰ ਚੰਗੀ ਤਰ੍ਹਾਂ ਚੌਂਕੜੀ ਮਾਰ ਕੇ ਬੈਠਦਿਆਂ ਭਵਨਾਥ ਨੇ ਕਿਹਾ ਸਿਰਫ਼ ਨਜ਼ਰ ਮਾਰਨ ਨੂੰ ਤਾਂ ਪੜ੍ਹਾਈ ਨਹੀਂ ਕਹਿੰਦੇ। ਕਵਿਤਾ ਪੜ੍ਹਦੇ ਹੋਏ ਹਰੇਕ ਸ਼ਬਦ ਨੂੰ ਚੰਗੀ ਤਰ੍ਹਾਂ ਬਰੀਕੀ ਨਾਲ ਪੜ੍ਹਨਾ ਪੈਂਦੈ। ਆਪਣੀ ਗੱਲ ਉੱਤੇ ਵਜ਼ਨ ਦੇਣ ਲਈ ਆਪਣੇ ਹੱਥ ਵਿਚ

ਮੈਗਨੀਫ਼ਾਈਰ ਗਲਾਸ ਹਿਲਾਉਂਦਿਆਂ ਉਹ ਬੋਲਿਆ, "ਪੂਰਾ ਵਾਕ ਪੜ੍ਹਕੇ ਵੀ ਕੋਈ ਜ਼ਰੂਰੀ ਨਹੀਂ ਕਿ ਹਰ ਲਫ਼ਜ਼ ਨੂੰ ਕੋਈ ਫ਼ਾਇਦਾ ਪਹੁੰਚੇ ਜਿਵੇਂ 'ਹੈਮਲਿਟ' ਵਿਚ ਹੈਮਲਿਟ ਆਪਣੀ ਮਾਂ ਨੂੰ ਕਹਿੰਦਾ ਹੈ-ਯੂ ਆਰ ਯੂਅਰ ਹਸਬੈਂਡਜ਼ ਬਰਦਰਜ਼ ਵਾਈਫ਼। ਬੜੀ ਸਿੱਧੀ ਜਿਹੀ ਗੱਲ ਹੈ, ਅਤੇ ਹਰੇਕ ਸ਼ਬਦ ਅਤਿ ਸਧਾਰਨ ਹੈ- ਤੂੰ ਆਪਣੇ ਪਤੀ ਦੇ ਭਰਾ ਦੀ ਪਤਨੀ ਹੈਂ। ਪਰ ਅਗਲੇ-ਪਿਛਲੇ ਪ੍ਰਸੰਗ ਨੂੰ ਜੋੜ ਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਹ ਸ਼ਬਦ ਕਿੰਨੇ ਖ਼ਤਰਨਾਕ ਹੋ ਸਕਦੇ ਹਨ, ਦੇਖਿਐ ਤੂੰ ? ਇਹ ਆਪਣੀ ਮਾਂ ਨੂੰ ਕਹੇ ਕੁੱਝ ਸ਼ਬਦ ਉਸ ਨੂੰ ਆਪਣੀ ਆਤਮਾ ਪਛਾਣਨ ਲਈ ਪ੍ਰੇਰ ਰਹੇ ਹਨ, ਅਤੇ ਉਸ ਨੂੰ ਉਸ ਦੀ ਨਿਰਬੋਧਤਾ, ਉਸ ਦੇ ਪਾਪ ਅਤੇ ਉਸ ਦੇ ਨਿੰਦਣਯੋਗ ਵਿਹਾਰ ਨੂੰ ਲੈ ਕੇ ਤਾੜਨਾ ਕਰ ਰਹੇ ਹਨ।" ਕੁੱਝ ਦੇਰ ਚੁੱਪ ਰਹਿਣ ਤੋਂ ਬਾਅਦ ਭਵਨਾਥ ਨੇ ਕਿਹਾ, 'ਅਰਥ ਲੱਭਣ ਲਈ ਕਈ ਵਾਰੀ ਸਾਨੂੰ ਸ਼ਬਦ ਦੇ ਵਿਚ ਖੁੱਭ ਕੇ ਬਾਹਰ ਜ਼ਮੀਨ ਉੱਤੇ ਵੀ ਜਾਣਾ ਪਵੇਗਾ—।"

ਭਵਨਾਥ ਚੁੱਪ ਰਿਹਾ ਤੇ ਇਸੀ ਵਿਚਕਾਰ ਮੈਂ ਉਸ ਦੇ ਦਾਰਸ਼ਨਿਕ ਭਾਸ਼ਣ ਨੂੰ ਦਿਲੋਂ ਯਾਦ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਅੰਤ ਵਿਚ ਮੈਂ ਇਸ ਨਤੀਜੇ ਉੱਤੇ ਪਹੁੰਚਿਆ ਕਿ ਸੰਭਵ ਹੈ, ਸ਼ੇਕਸਪੀਅਰ ਵਰਗੇ ਰਚਨਾਕਾਰਾਂ ਦੀਆਂ ਰਚਨਾਵਾਂ ਵਿਚ ਉਸ ਦਾ ਅਰਥ ਸ਼ਬਦ ਦੇ ਬਾਹਰ ਮੌਜੂਦ ਹੋਵੇ। ਪਰ ਮਾਮੂਲੀ ਕਵਿਤਾ ਵਿਚ ਜਿਵੇਂ ਭਵਨਾਥ ਦੀ 'ਆਰੋਹ-ਅਵਰੋਹ' ਵਿੱਚ, ਭਲਾ ਕਿਹੜਾ ਗੁੱਝਾ ਅਰਥ ਹੋਵੇਗਾ ?

ਬਹੁਤ ਦਿਨਾਂ ਬਾਅਦ ਮੈਨੂੰ ਇਹ ਪਤਾ ਲਗਾ ਕਿ ਮੇਰੀ ਇਹ ਧਾਰਨਾ ਗ਼ਲਤ ਸੀ। ਗੱਲਾਂ ਗੱਲਾਂ ਵਿਚ ਭਵਨਾਥ ਨੇ ਮੈਨੂੰ ਕਿਹਾ ਸੀ- ਇੱਕ ਦਿਨ ਵਿਚ ਸ਼ਬਦ ਵੀ ਅੱਗ ਬਣ ਕੇ ਸਾਰਾ ਕੁਝ ਸੁਆਹ ਕਰ ਦੇਣਗੇ। ਪਰ ਭਵਨਾਥ ਦੀਆਂ ਕਵਿਤਾਵਾਂ ਵਿੱਚੋਂ ਚਿੰਗਾਰੀ ਨਿਕਲ ਕੇ ਸਮਾਜ ਵਿਚ ਅਨਿਆਂ ਤੇ ਅੱਤਿਆਚਾਰ ਰੋਕਣ ਲਈ ਬਾਲਣ ਦਾ ਕੰਮ ਕਰੇਗੀ, ਮੈਨੂੰ ਸ਼ੱਕ ਸੀ। ਜਦੋਂ ਮੈਂ ਇਹ ਸੁਣਿਆ ਕਿ ਕਵਿਤਾ ਲਈ ਭਵਨਾਥ ਨੂੰ ਜੇਲ੍ਹ ਜਾਣਾ ਪਿਆ ਤਾਂ ਮੈਂ ਸਮਝਿਆ ਕਿ ਕਿਤੇ ਕੋਈ ਗ਼ਲਤ-ਫ਼ਹਿਮੀ ਹੋ ਗਈ ਹੈ। ਪਿੱਛੋਂ ਪਤਾ ਲੱਗਾ ਕਿ ਭਵਨਾਥ ਨੂੰ ਆਪਣੀ 'ਆਰੋਹ-ਅਵਰੋਹ' ਕਵਿਤਾ ਲਈ ਜੇਲ੍ਹ ਜਾਣਾ ਪਿਆ ਸੀ ਤੇ ਜੇ ਸਹੀ ਕਿਹਾ ਜਾਏ ਤਾਂ ਆਪਣੀ ਅੱਧੀ ਕਵਿਤਾ ਕਰ ਕੇ ਜਾਣਾ ਪਿਆ ਸੀ। ਉਸ ਵੇਲੇ ਮੈਂ ਬਹੁਤ ਦੂਰ ਸਾਂ, ਇਸ ਲਈ ਪੂਰੀ ਸੂਚਨਾ ਨਾ ਮਿਲੀ, ਪਰ ਜਿੰਨਾ ਵੀ ਪਤਾ ਲੱਗਾ, ਉਸ ਦਾ ਭੇਦ ਇੰਜ ਹੈ। ਦਸ

ਬਾਰਾਂ ਸਾਲ ਪਹਿਲਾਂ ਕਵਿਤਾ ਲਿਖਣ ਵੇਲੇ ਭਵਨਾਥ ਨੇ ਸੋਚਿਆ ਹੀ ਨਹੀਂ ਹੋਵੇਗਾ ਕਿ ਦੂਰ ਭਵਿੱਖ ਵਿਚ ਕੋਈ ਹਾਥੀ ਚਿੰਨ੍ਹ ਵਾਲਾ ਉਮੀਦਵਾਰ ਆਪਣੀ ਇੱਛਾ ਦੀ ਅਸਫਲਤਾ ਸਾਬਤ ਕਰਨ ਲਈ 'ਆਰੋਹ' ਕਵਿਤਾ ਦਾ ਹਵਾਲਾ ਦੇਣਗੇ। ਇਸੇ ਵਾਦ-ਵਿਵਾਦ ਵਿਚ ਭਵਨਾਥ ਦਾ ਨਾਂ ਆਇਆ। ਹਾਥੀ ਚਿੰਨ੍ਹ ਦੇ ਉਮੀਦਵਾਰ ਨੇ ਸੋਚਿਆ ਕਿ ਜੇ ਭਵਨਾਥ ਨੇ ਉਨ੍ਹਾਂ ਦਾ ਪੱਖ ਲੈ ਕੇ ਇੱਕ ਇਸ਼ਤਿਹਾਰ ਕੱਢਿਆ, ਤਾਂ ਉਨ੍ਹਾਂ ਦਾ ਕੰਮ ਸੌਖਾ ਹੋ ਜਾਏਗਾ। ਪਰ ਭਵਨਾਥ ਨੇ ਉਨ੍ਹਾਂ ਦੀ ਕੋਈ ਗੱਲ ਨਾ ਸੁਣੀ, ਤੇ ਅੰਤ ਵਿਚ ਖਿੱਝ ਕੇ ਹਾਥੀ ਚਿੰਨ੍ਹ ਦੇ ਉਮੀਦਵਾਰ ਨੂੰ ਇਕ ਸਖ਼ਤ ਜਿਹਾ ਜਵਾਬ ਲਿਖ ਕੇ ਕਿਹਾ ਕਿ ਮੈਂ ਜੋ ਕੁੱਝ ਕਹਿਣਾ ਸੀ, ਆਪਣੀ ਕਵਿਤਾ ਵਿਚ ਕਿਹਾ ਹੋਇਆ ਹੈ, ਅਤੇ ਉਸ ਬਾਰੇ ਹੋਰ ਕੁੱਝ ਕਹਿਣ ਦੀ ਲੋੜ ਨਹੀਂ ਸਮਝਦਾ। ਭਵਨਾਥ ਦੀ ਬਦਕਿਸਮਤੀ ਕਿ ਚੋਣ ਵਿਚ ਹਾਥੀ ਜਿੱਤਗਿਆ ਅਤੇ ਕੁੱਝ ਦਿਨਾਂ ਬਾਅਦ, ਆਪਾਤਕਾਲੀਨ ਸਥਿਤੀ ਦੀ ਆੜ ਹੇਠ, ਭਵਨਾਥ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਜਦੋਂ ਮੇਰੀ ਮੁਲਾਕਾਤ ਭਵਨਾਥ ਨਾਲ ਦੁਬਾਰਾ ਹੋਈ, ਮੈਂ ਬਦਲ ਕੇ ਆਪਣੇ ਪੁਰਾਣੇ ਸ਼ਹਿਰ ਆ ਗਿਆ ਸਾਂ ਤੇ ਭਵਨਾਥ ਜੇਲ੍ਹ ਤੋਂ ਛੁੱਟ ਚੁੱਕਿਆ ਸੀ। ਮੈਨੂੰ ਪਤਾ ਲੱਗਾ ਕਿ ਚੋਣ-ਮੁਕੱਦਮੇ ਵਿਚ ਹਾਥੀ ਵਾਲੇ ਨੇਤਾ ਦੇ ਹਾਰਨ ਕਰਕੇ ਹੀ ਭਵਨਾਥ ਜੇਲ੍ਹ ਵਿੱਚੋਂ ਛੁੱਟ ਸਕਿਆ ਸੀ। ਹਾਥੀ ਦੇ ਹਾਰਨ ਦੀ ਖੁਸ਼ੀ ਵਿਚ ਜਦੋਂ ਵਿਰੋਧੀ ਦਲ ਨੇ ਭਵਨਾਥ ਦੀ ਕਵਿਤਾ ਦੇ ਬਾਕੀ ਅੱਧੇ ਹਿੱਸੇ 'ਅਵਰੋਹ' ਨੂੰ ਵਰਤਣਾ ਚਾਹਿਆ ਤਾਂ ਉਨ੍ਹਾਂ ਨੂੰ ਵੀ ਭਵਨਾਥ ਨੇ ਨਾਂਹ ਕਰ ਦਿੱਤੀ। ਜੇਲ੍ਹ ਜਾਣ ਕਰਕੇ ਉਸ ਦੀ ਨੌਕਰੀ ਛੁੱਟ ਗਈ ਸੀ। ਜੇਲ੍ਹ ਤੋਂ ਮੁੜ ਕੇ ਉਸ ਨੂੰ ਬੜੀ ਮੁਸ਼ਕਲ ਨਾਲ ਪੁਰਾਣੀ ਨੌਕਰੀ ਮਿਲ ਗਈ। ਹੁਣ ਭਵਨਾਥ ਬੜਾ ਪ੍ਰਸਿੱਧ ਹੋ ਗਿਆ ਸੀ। ਉਸ ਦੀਆਂ ਕਵਿਤਾਵਾਂ ਵੱਖ ਵੱਖ ਪੱਤਰ-ਪੱਤਰਿਕਾਵਾਂ ਵਿਚ ਛਪ ਚੁੱਕੀਆਂ ਸਨ ਅਤੇ ਕਵੀਆਂ ਵਿਚ ਉਸ ਦਾ ਨਾਮ ਜ਼ਰੂਰ ਗਿਣਿਆ ਜਾਣ ਲੱਗ ਪਿਆ ਸੀ।

ਮੈਂ ਫ਼ੋਨ ਕੀਤਾ ਤਾਂ ਉਸ ਨੇ ਮੈਨੂੰ ਕਾਲਜ ਦੀ ਉਸੇ ਚਾਹ ਦੀ ਦੁਕਾਨ ਤੇ ਮਿਲਣ ਨੂੰ ਕਿਹਾ। ਉਦੋਂ ਤੱਕ ਮੈਂ ਆਪਣੀ ਨੌਕਰੀ ਵਿਚ ਕੁੱਝ ਹੋਰ ਉੱਚੇ ਅਹੁਦੇ ਉੱਤੇ ਪਹੁੰਚ ਚੁੱਕਾ ਸਾਂ, ਇਸੇ ਲਈ ਉਸ ਚਾਹ ਦੀ ਦੁਕਾਨ ਉੱਤੇ ਜਾਣ ਤੋਂ ਸੰਕੋਚ ਹੋ ਰਿਹਾ ਸੀ। ਅਖ਼ੀਰ ਮੈਂ ਉਸ ਨੂੰ ਆਪਣੇ ਘਰ ਆਉਣ ਲਈ ਕਿਹਾ। ਪਰ ਭਵਨਾਥ ਆਪਣੇ ਘਰ ਇਕੱਲਾ ਹੈ, ਸੋ ਉਸ ਦੇ ਘਰ ਗੱਲ-ਬਾਤ ਕਰਨ ਵਿੱਚ ਸੌਖ ਸਮਝ ਕੇ ਉਸ ਨੇ ਮੈਨੂੰ ਆਪਣੇ ਘਰ ਬੁਲਾਇਆ। ਸ਼ਾਮ

ਨੂੰ, ਆਪਣੀ ਗੱਡੀ ਕਾਫ਼ੀ ਦੂਰ ਖੜ੍ਹੀ ਕਰ ਕੇ, ਜਦੋਂ ਛੋਟੀਆਂ ਛੋਟੀਆਂ ਗਲੀਆਂ ਵਿੱਚੋਂ ਹੁੰਦਾ, ਪੁੱਛਦਾ ਪੁਛਾਉਂਦਾ, ਮੈਂ ਉਸ ਦੇ ਘਰ ਪਹੁੰਚਿਆ। ਉਹ ਮੈਨੂੰ ਉਡੀਕ ਰਿਹਾ ਸੀ। ਉਸ ਦੇ ਛੋਟੇ ਜਿਹੇ ਕਮਰੇ ਵਿਚ ਢੇਰ ਸਾਰੀਆਂ ਕਿਤਾਬਾਂ ਪਈਆਂ ਸਨ। ਮੰਜੀ ਦੇ ਇੱਕ ਹਿੱਸੇ ਤੋਂ ਕਿਤਾਬਾਂ ਪਰ੍ਹਾਂ ਕਰ ਕੇ ਉਸ ਨੇ ਮੇਰੇ ਬੈਠਣ ਲਈ ਥਾਂ ਬਣਾਈ। ਜਦੋਂ ਮੈਂ ਉਸ ਦੇ ਜੇਲ੍ਹ ਜਾਣ ਬਾਰੇ ਪੁੱਛਿਆ ਤਾਂ ਉਸ ਨੇ ਮੈਨੂੰ ਸਹਿਜ ਸੁਭਾਅ ਦੱਸਿਆ ਕਿ ਜੇਲ੍ਹ ਜਾਣ ਬਾਰੇ ਮੈਨੂੰ ਕੋਈ ਆਤਮ-ਗਿਲਾਨੀ ਨਹੀਂ ਹੈ। ਬਲਕਿ ਜੇਲ੍ਹ ਵਿਚ ਮੈਨੂੰ ਆਪਣੀ ਮਾਨਸਿਕ ਸਥਿਤੀ ਦੇ ਇਕਾਗਰ ਕਰਨ ਦਾ ਮੌਕਾ ਮਿਲਿਆ ਸੀ, ਜਿਸ ਕਾਰਨ ਮੈਂ ਸੋਚਦਾ ਹਾਂ ਕਿ ਹੁਣ ਹੋਰ ਅੱਛੀਆਂ ਕਵਿਤਾਵਾਂ ਲਿਖ ਸਕਾਂਗਾ।

ਮੇਰੇ ਲਈ ਚਾਹ ਬਣਾਉਣ ਵਾਸਤੇ ਉਹ ਨੁੱਕਰ ਵਿਚ ਪਏ ਸਟੋਵ ਕੋਲ ਗਿਆ। ਮੈਂ ਸਮਝ ਗਿਆ ਕਿ ਉਹ ਆਪਣੇ ਗੁਜ਼ਾਰੇ ਲਈ ਕਿਸੇ ਦਾ ਮੁਥਾਜ ਨਹੀਂ ਹੈ। ਮੈਂ ਇਹ ਵੀ ਗ਼ੌਰ ਕੀਤਾ ਕਿ ਭਵਨਾਥ ਜ਼ਿਆਦਾ ਗੰਭੀਰ ਹੋ ਗਿਆ ਹੈ। ਉਸ ਦੇ ਚਿਹਰੇ, ਚਾਲ-ਢਾਲ ਅਤੇ ਗੱਲਬਾਤ ਤੋਂ ਅਜਿਹਾ ਲਗਦਾ ਸੀ, ਜਿਵੇਂ ਉਹ ਬੌਧਿਕ ਪੱਧਰ ਦੀ ਉਚਾਈ ਤੱਕ ਪਹੁੰਚ ਚੁੱਕਾ ਹੈ। ਕਾਲਜ ਦੇ ਦਿਨਾਂ ਦਾ ਉਹ ਭਵਨਾਥ ਜਿਹੜਾ ਮਜ਼ਾਕ ਦਾ ਕੇਂਦਰ ਸੀ, ਇਸ ਭਵਨਾਥ ਤੋਂ ਪੂਰਨ ਤੌਰ ਉੱਤੇ ਵੱਖਰਾ ਸੀਅਤੇ ਹੁਣ ਮੈਨੂੰ ਉਸ ਦੀ 'ਆਰੋਹ-ਅਵਰੋਹ' ਕਵਿਤਾ ਮਖ਼ੌਲ ਦਾ ਵਿਸ਼ਾ ਨਹੀਂ ਲੱਗ ਰਹੀ ਸੀ। ਜਿਵੇਂ ਉਸ ਦੇ ਨਵੇਂ ਵਿਅਕਤਿਤਵ ਨੇ ਉਸ ਦੇ ਸਮੁੱਚੇ ਅਤੀਤ ਨੂੰ ਵੀ ਇੱਕ ਨਵੇਂ ਰੰਗ ਵਿਚ ਰੰਗ ਦਿੱਤਾ ਹੋਵੇ।

ਜਦੋਂ ਚਾਹ ਦਾ ਪਾਣੀ ਉਬਲਣ ਲੱਗਾ, ਮੈਂ ਭਵਨਾਥ ਤੋਂ ਪੁੱਛਿਆ, "ਕੀ ਸੱਚੀਂ ਤੂੰ ਸੋਚਦੈਂ ਕਿ ਸ਼ਬਦਾਂ ਦੇ ਰਾਹੀਂ ਕ੍ਰਾਂਤੀ ਸੰਭਵ ਹੈ ?" ਗਲਾਸ ਵਿੱਚ ਚਾਹ ਪਾਉਂਦਿਆਂ ਉਸ ਨੇ ਕਿਹਾ," ਤੂੰ ਤੇ ਸਾਲੇ ਐਸਟੈਬਲਿਸ਼ਮੈਂਟ ਦਾ ਕੁੱਤਾ ਹੈਂ; ਤੂੰ ਕੀ ਖ਼ਾਕ ਸਮਝੇਂਗਾ ? ਭਵਨਾਥ ਦੇ ਮੂੰਹੋਂ ਆਪਣੀ ਸਰਕਾਰੀ ਨੌਕਰੀ ਉੱਤੇ ਅਜਿਹੀ ਚੋਟ ਸਹਿਣ ਨੂੰ ਮੈਂ ਤਿਆਰ ਨਹੀਂ ਸਾਂ। ਹੱਥ ਵਿਚ ਲਈ ਹੋਈ ਕਿਤਾਬ ਨੂੰ ਗੁੱਸੇ ਵਿਚ ਸੁੱਟਦਿਆਂ ਮੈਂ ਉੱਠ ਖੜ੍ਹਾ ਹੋਇਆ।

ਭਵਨਾਥ ਨੇ ਚਾਹ ਦਾ ਗਲਾਸ ਮੇਰੇ ਨੇੜੇ ਰੱਖਿਆ ਤੇ ਮੇਰਾ ਹੱਥ ਫੜ ਕੇ ਮੰਜੀ ਉੱਤੇ ਬਿਠਾ 'ਦਿੱਤਾ। ਨਿਰਲੇਪ ਭਾਵ ਨਾਲ ਹੱਸਦਿਆਂ ਉਸ ਨੇ ਕਿਹਾ, "ਦੇਖਿਐ ਤੂੰ, ਦੋ ਚਾਰ ਅਣਢੁੱਕਵੇਂ ਸ਼ਬਦ ਕਿਸੇ ਵਿਅਕਤੀ ਨੂੰ ਕਿਵੇਂ ਭਖਾ ਦਿੰਦੇ ਨੇ ?" ਮੈਨੂੰ ਸਹਿਜ ਹੋਣ

ਲਈ ਕਾਫੀ ਸਮਾਂ ਲੱਗਾ, ਪਰ ਭਵਨਾਥ ਨੇ ਬੜੀ ਹੀ ਅਸਾਨੀ ਤੇ ਸਹਿਜ ਨਾਲ ਆਪਣੀ ਗੱਲ ਮੈਨੂੰ ਪੁਚਾ ਦਿੱਤੀ ਸੀ। ਜਦੋਂ ਉਹ ਮੈਨੂੰ ਸ਼ਬਦਾਂ ਦੀ ਸਮਰੱਥਾ ਬਾਰੇ ਸਮਝਾਉਣ ਲੱਗਾ, ਤਾਂ ਇਕ ਮਿੰਟ ਪਹਿਲਾਂ ਵਾਲੀ ਗੱਲ ਮੈਂ ਭੁੱਲ ਗਿਆ ਤੇ ਹੁਣ ਭਵਨਾਥ ਪ੍ਰਤੀ ਮੇਰੇ ਮਨ ਵਿਚ ਸ਼ਰਧਾ ਪੈਦਾ ਹੋ ਗਈ ਸੀ।

ਸ਼ਬਦ ਵੀ ਇੱਕ ਹਥਿਆਰ ਹੈ, ਭਵਨਾਥ ਨੇ ਮੈਨੂੰ ਸਮਝਾਇਆ, ਉਸ ਨੂੰ ਜਿਹੜਾ ਜਿੰਨੀ ਸਫਲਤਾ ਨਾਲ ਵਰਤ ਸਕਿਆ, ਉਹ ਓਨਾ ਹੀ ਮਾਹਿਰ ਹੈ। 'ਏਲਿਸ ਇਨ ਦਾ ਵੰਡਰਲੈਂਡ' ਵਿੱਚ ਹੰਪਟੀ-ਡੰਪਟੀ ਨੇ ਕੀ ਕਿਹਾ ਸੀ ? ਜਦੋਂ ਮੈਂ ਕਿਸੇ ਸ਼ਬਦ ਨੂੰ ਵਰਤਦਾ ਹਾਂ, ਮੈਂ ਜੋ ਕਹਿਣਾ ਚਾਹੁੰਦਾ ਹਾਂ, ਸ਼ਬਦ ਉਹੀ ਸੂਚਿਤ ਕਰਦਾ ਹੈ, ਨਾ ਕੁੱਝ ਵੱਧ, ਨਾ ਘੱਟ। ਪਰ ਕਿੰਨੇ ਲੇਖਕ ਹਨ ਜੋ ਅਜਿਹਾ ਕਹਿ ਸਕਦੇ ਹਨ ? ਮੈਂ ਇੱਕ ਲੜਕੀ ਨੂੰ ਚਾਹੁੰਦਾ ਹਾਂ ਅਤੇ ਉਸ ਨੂੰ ਪੱਤਰ ਲਿਖ ਕੇ ਪ੍ਰੇਮ ਜ਼ਾਹਰ ਕਰਦਾ ਹਾਂ। ਪਰ ਮੇਰੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ, ਮੇਰੀਆਂ ਚਿੱਠੀਆਂ ਤੋਂ ਉਸ ਲੜਕੀ ਨੂੰ ਹਾਲੀ ਤੱਕ ਇਹ ਵਿਸ਼ਵਾਸ ਨਹੀਂ ਹੋਇਆ ਕਿ ਮੈਂ ਸੱਚਮੁੱਚ ਉਸ ਨੂੰ ਪਿਆਰ ਕਰਦਾਂ। ਇਸ ਤੋਂ ਕੀ ਜ਼ਾਹਰ ਹੁੰਦੈ ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਸ਼ਬਦਾਂ ਉੱਤੇ ਮੇਰਾ ਕੋਈ ਜ਼ੋਰ ਨਹੀਂ ਚਲਦਾ।

ਇਸ ਗੱਲ ਤੋਂ ਬਾਅਦ ਮੈਂ ਭਵਨਾਥ ਨੂੰ ਪੁੱਛਿਆ-ਕਾਲਜ ਵਿਚ ਤੂੰ ਜਿਹੜੀ ਕੁੜੀ ਨੂੰ ਚਾਹੁੰਦਾ ਸੈਂ; ਉਸ ਦਾ ਕੀ ਬਣਿਆ ? ਭਵਨਾਥ ਗੰਭੀਰ ਸੁਰ ਵਿਚ ਬੋਲਿਆ," ਮੈਂ ਤੈਨੂੰ ਸਾਰੀਆਂ ਗੱਲਾਂ ਦੱਸਾਂਗਾ, ਪਰ ਕਿਸੇ ਹੋਰ ਦਿਨ। ਤੂੰ ਅੱਛਾ ਕੀਤਾ, ਪੁਰਾਣੀ ਗੱਲ ਯਾਦ ਕਰਾ ਦਿੱਤੀ, ਵਰਨਾ ਅੱਜਕਲ੍ਹ ਕੁੱਝ ਵੀ ਯਾਦ ਨਹੀਂ ਰਹਿੰਦਾ। ਮੇਰੀਆਂ ਕਵਿਤਾਵਾਂ ਵਿੱਚ ਉਸ ਦੀ ਅਮੂਰਤ ਛਾਇਆ ਹੀ ਪੈਂਦੀ ਹੈ, ਉਸ ਦੀ ਯਾਦ ਹੁਣ ਨਹੀਂ ਆਉਂਦੀ।

ਉਸ ਦਿਨ ਮੈਂ ਉਥੋਂ ਮੁੜਿਆ ਤਾਂ ਰਾਹ ਵਿਚ ਸੋਚਦਾ ਰਿਹਾ ਕਿ ਉਸ ਨੂੰ ਇਹ ਪੁੱਛਣਾ . ਠੀਕ ਸੀ ਵੀ ਕਿ ਨਹੀਂ। ਸ਼ਾਇਦ ਉਸ ਦਿਨ ਭਵਨਾਥ ਬਿਨਾਂ ਕੁੱਝ ਖਾਧੇ, ਪੀਤੇ ਪੁਰਾਣੀਆਂ ਗੱਲਾਂ ਨੂੰ ਯਾਦ ਕਰਦਾ ਰਾਤ ਨੂੰ ਜਾਗਦਾ ਹੀ ਰਿਹਾ ਹੋਵੇ; ਕਿਉਂਕਿ ਮੇਰੇ ਆਉਣ ਤੱਕ ਉਹ ਪੂਰੀ ਤਰ੍ਹਾਂ ਸੋਚਾਂ ਵਿਚ ਡੁੱਬ ਚੁੱਕਾ ਸੀ। ਮੈਂ ਮਹਿਸੂਸ ਕੀਤਾ ਕਿ ਮੈਂ ਭਵਨਾਥ ਨੂੰ ਸ਼ਰਧਾ ਦੀ ਨਜ਼ਰ ਨਾਲ ਵੇਖਣ ਲਗ ਪਿਆ ਹਾਂ। ਇਸੇ ਦਰਮਿਆਨ ਮੈਂ ਭਵਨਾਥ ਦਾ ਕਵਿਤਾ ਸੰਗ੍ਰਹਿ ਵੀ ਲਿਆ ਕੇ ਪੜ੍ਹਿਆ। ਉਸ ਵਿੱਚੋਂ ਕਾਫ਼ੀ ਪਹਿਲਾਂ ਦੀਆਂ

ਕਵਿਤਾਵਾਂ ਤਾਂ ਮੈਨੂੰ ਸਮਝ ਆਈਆਂ ਪਰ ਬਾਅਦ ਦੀਆਂ ਲਿਖੀਆਂ ਕਵਿਤਾਵਾਂ ਮੇਰੀ ਸਮਝ ਤੋਂ ਬਾਹਰ ਸਨ।

ਕੁਝ ਦਿਨਾਂ ਪਿੱਛੋਂ ਮੈਂ ਉਸ ਦੇ ਘਰ ਜਾ ਕੇ, ਉਸ ਦੀਆਂ ਕਵਿਤਾਵਾਂ ਨੂੰ ਸਮਝਣ ਦੀ ਕਠਿਨਾਈ ਬਾਰੇ ਪੁੱਛਿਆ। ਉਸ ਦਿਨ ਉਸ ਦਾ ਮੂਡ ਬਹੁਤ ਅੱਛਾ ਸੀ। ਉਸ ਨੇ ਇਹ ਵੀ ਕਿਹਾ ਕਿ ਜੇ ਤੇਰੇ ਕੋਲ ਵਕਤ ਹੋਵੇ ਤਾਂ ਦੋ ਚਾਰ ਘੰਟੇ ਬੈਠ, ਸਭ ਕੁੱਝ ਸਮਝਾ ਦਿਆਂਗਾ।

ਮੈ ਬੈਠਣ ਹੀ ਲੱਗਾ ਸਾਂ ਕਿ ਉਸ ਨੇ ਕਿਹਾ, “ਨਹੀਂ, ਅੱਜ ਬਾਹਰ ਚੱਲ ਕੇ ਬੈਠਦੇ ਹਾਂ। ਕਮਰੇ ਦਾ ਤਾਲਾ ਬੰਦ ਕਰ ਦੇ, ਦੋ ਚਾਰ ਹਨੇਰੀਆਂ ਗਲੀਆਂ ਪਾਰ ਕਰ ਕੇ ਅੰਤ ਵਿਚ ਅਸੀਂ ਦੋਵੇਂ ਇੱਕ ਸੁੰਨ-ਸਾਨ ਥਾਂ ਉੱਤੇ ਪਹੁੰਚੇ। ਓਥੇ ਇਕ ਪੁਰਾਣਾ ਤਲਾਅ ਸੀ। ਓਥੇ ਹੋਰ ਕੋਈ ਨਹੀਂ ਸੀ, ਬਲਕਿ ਚਾਰੇ ਪਾਸੇ ਦਰਖ਼ਤ ਹੋਣ ਕਰਕੇ ਰੋਸ਼ਨੀ ਵੀ ਨਹੀਂ ਸੀ ਪਹੁੰਚਦੀ। ਟਾਰਚ ਦੀ ਰੋਸ਼ਨੀ ਵਿਚ ਭਵਨਾਥ ਨੇ ਤਲਾਅ ਦੇ ਕੰਢੇ ਇਕ ਸੀਮੈਂਟ ਦੀ ਟੁੱਟੀ ਹੋਈ ਬੈਂਚ ਵਿਖਾਈ, ਅਸੀਂ ਦੋਵੇਂ ਉਸੇ ਉੱਤੇ ਬੈਠ ਗਏ। ਟਾਰਚ ਬੰਦ ਕਰਨ ਨਾਲ ਫੇਰ ਹਨੇਰਾ ਹੋ ਗਿਆ। ਭਵਨਾਥ ਨੇ ਕਿਹਾ ਘਬਰਾ ਨਾ, ਕੁਝ ਦੇਰ ਬਾਅਦ ਚੰਨ ਨਿਕਲ ਆਏਗਾ।

ਫੇਰ ਭਵਨਾਥ ਚੁੱਪ ਕਰ ਗਿਆ। ਆਪਣੇ ਰੁਝੇਵੇਂ ਭਰੇ ਜੀਵਨ ਵਿਚ ਮੇਰੇ ਲਈ ਇਹ ਨਵਾਂ ਅਨੁਭਵ ਸੀ। ਮੀਲ ਭਰ ਦੂਰ ਕਾਰ ਖੜ੍ਹੀ ਕਰਕੇ, ਇਕ ਕਵੀ ਨਾਲ ਇਕ ਤਲਾਅ ਦੇ ਕੰਢੇ ਉੱਚੇ ਚੰਨ ਦੀ ਉਡੀਕ ਵਿਚ ਬੈਠਣਾ ਮੇਰੇ ਲਈ ਅਜੀਬ ਤਜਰਬਾ ਸੀ। ਇਸ ਵੀਰਾਨ ਸੁੰਨੇਪਣ ਵਿਚ ਬੈਠ ਕੇ ਮੈਂ ਭਵਨਾਥ ਦੀਆਂ ਕਵਿਤਾਵਾਂ ਬਾਰੇ ਸੋਚਿਆ। ਉਸ ਦੀਆਂ ਕਵਿਤਾਵਾਂ ਦੀਆਂ ਅਣਢੁੱਕਵੀਆਂ ਸਤਰਾਂ ਮੇਰੇ ਸਿਰ ਵਿਚ ਘੁੰਮਣ ਲੱਗੀਆਂ। ਮੈਨੂੰ ਲੱਗਾ, ਜਿਵੇਂ ਉਹ ਪੂਰਨ ਤੌਰ ਉੱਤੇ ਢੁੱਕਵੇਂ ਨਹੀਂ ਹਨ, ਉਨ੍ਹਾਂ ਦੇ ਆਪਸ ਵਿਚ ਜੁੜੇ ਹੋਣ ਵਿਚ ਗਹਿਰਾ ਅਰਥ ਨਿਹਿਤ ਹੈ। ਮੈਂ ਇਕ ਅਜਿਹੀ ਸਥਿਤੀ ਵਿਚ ਸਾਂ ਜਿੱਥੇ ਘਾਹ, ਬੋਤ੍ਹ ਕੀੜੀ ਤੇ ਹਾਥੀ-ਸਭ ਆਪਣੇ ਆਪ ਵਿਚ ਸੰਪੂਰਨ ਤੇ ਸਾਰਥਕ ਸਨ।

ਖ਼ਾਮੋਸ਼ੀ ਤੋੜਦਿਆਂ ਭਵਨਾਥ ਨੇ ਗੱਲ ਸ਼ੁਰੂ ਕੀਤੀ। ਆਪਣੀ ਕਵਿਤਾ ਦੀ ਜਟਿਲਤਾ ਦੀ ਗੱਲ ਨਾ ਛੇੜ ਕੇ ਉਹ ਆਪਣੇ ਪੁਰਾਣੇ ਪਿਆਰ ਦੀਆਂ ਗੱਲਾਂ ਕਰਨ ਲਗ ਪਿਆ। "ਉਹ ਕੁੜੀ ਤੈਨੂੰ ਯਾਦ ਐ ? ਸਾਇੰਸ ਪੜ੍ਹਦੀ ਸੀ।" ਭਵਨਾਥ ਨੇ ਮੈਨੂੰ ਪੁੱਛਿਆ। ਇੰਨੇ ਸਾਲਾਂ ਬਾਅਦ ਮੈਂ ਉਸ ਕੁੜੀ ਨੂੰ ਯਾਦ ਨਹੀਂ ਕਰ ਸਕਿਆ; ਪਰ ਮੈਂ ਆਪਣੇ ਦਿਲ

ਵਿਚ, ਕਾਲਜ ਦੇ ਦਿਨਾਂ ਵਿਚ ਇੱਕ ਚਿਹਰਾ ਚੁਣ ਲਿਆ ਸੀ, ਜੋ ਸ਼ਾਇਦ ਇਸ ਲੜਕੀ ਦਾ ਨਹੀਂ ਸੀ। ਮੈਂ ਓਸੇ ਫ਼ਰਜ਼ੀ ਲੜਕੀ ਦੇ ਚਿਹਰੇ ਦੇ ਨਾਲ ਭਵਨਾਥ ਦਾ ਚਿਹਰਾ ਮਿਲਾਉਂਦਿਆਂ ਉਸ ਦੀਆਂ ਗੱਲਾਂ ਸੁਣਨ ਲੱਗਾ। ਉਸ ਵੇਲੇ ਦਰਖ਼ਤ ਦੇ ਉੱਤੇ ਚੰਨ ਦਾ ਥੋੜ੍ਹਾ ਜਿਹਾ ਹਿੱਸਾ ਦਿੱਸਣ ਲਗ ਪਿਆ ਤੇ ਤਲਾਅ ਦਾ ਪਾਣੀ ਵੀ ਕੁੱਝ ਚਮਕ ਉੱਠਿਆ।

“ਕਾਲਜ ਦੀ ਪੜ੍ਹਾਈ ਦੇ ਚਾਰ ਸਾਲਾਂ ਵਿਚ ਅਸੀਂ ਇਕ ਦੂਜੇ ਨੂੰ ਕਿੰਨੀਆਂ ਚਿੱਠੀਆਂ ਲਿਖੀਆਂ ਇਸ ਦਾ ਕੋਈ ਅੰਤ ਨਹੀਂ ਸੀ,” ਭਵਨਾਥ ਨੇ ਕਿਹਾ,” ਏਥੋਂ ਤੱਕ ਕਿ ਇੱਕ ਦਿਨਵਿੱਚ ਦੋ-ਦੋ ਚਿੱਠੀਆਂ ਵੀ ਲਿਖੀਆਂ ਸਨ। ਜਦੋਂ ਛੁੱਟੀਆਂ ਵਿਚ ਉਹ ਪਿੰਡ ਚਲੀ ਜਾਂਦੀ ਸੀ ਤੇ ਦੋ ਚਾਰ ਦਿਨ ਕੋਈ ਚਿੱਠੀ ਆਉਂਦੀ ਤਾਂ ਇੰਜ ਲਗਦਾ ਸੀ ਜਿਵੇਂ ਮੇਰਾ ਸਾਹ ਰੁਕ ਜਾਏਗਾ ਤੇ ਮੈਂ ਮਰ ਜਾਵਾਂਗਾ। ਫਾਈਨਲ ਇਮਤਿਹਾਨ ਦੇ ਕੇ ਪਿੰਡ ਚਲੇ ਜਾਣ ਤੋਂ ਬਾਅਦ ਕੁੱਝ ਦਿਨ ਉਸ ਦੀ ਚਿੱਠੀ ਨਹੀਂ ਆਈ। ਮੈਂ ਉਸ ਦੇ ਪਿੰਡ ਜਾ ਕੇ ਉਸ ਦਾ ਹਾਲ-ਚਾਲ ਪੁੱਛਾਂ, ਇਹ ਠੀਕ ਲੱਗੇਗਾ ਕਿ ਨਹੀਂ ਇਸ ਸੋਚ ਵਿਚ ਫਸਿਆ ਹੋਇਆ ਸਾਂ ਕਿ ਇਕਦਿਨ ਉਸ ਦੀ ਚਿੱਠੀ ਆਈ, ਜਿਸ ਵਿਚ ਲਿਖਿਆ ਸੀ ਕਿ ਉਸ ਦੀ ਸ਼ਾਦੀ ਪੱਕੀ ਕਰ ਦਿੱਤੀ ਗਈ ਹੈ। ਮੇਰੇ ਸਿਰ ਉੱਤੇ ਬਿਜਲੀ ਡਿਗ ਪਈ। ਮੈਂ ਖਾਣਾ-ਪੀਣਾ ਛੱਡ ਕੇ ਬਿਸਤਰੇ ਉੱਤੇ ਪਿਆ ਪਿਆ ਸੋਚਾਂ ਵਿੱਚ ਡੁੱਬ ਗਿਆ। ਕਦੇ ਕਦੇ ਤਾਂ ਦਿਲ ਕਰਦਾ ਕਿ ਉੱਥੇ ਜਾ ਕੇ ਸ਼ਾਦੀ ਰੁਕਵਾ ਦਿਆਂ। ਫੇਰ ਸੋਚਿਆ ਉਸਨੇ ਇਹੋ ਜਿਹੀ ਹੋਰ ਕੋਈ ਗੱਲ ਨਾ ਲਿਖ ਕੇ ਮੈਨੂੰ ਸਿਰਫ਼ ਸ਼ਾਦੀ ਦੀ ਸੂਚਨਾ ਹੀ ਦਿੱਤੀ ਹੈ ; ਸ਼ਾਇਦ ਵਿਆਹ ਕਰ ਲੈਣਾ ਉਸ ਲਈ ਚੰਗਾ ਹੀ ਹੋਵੇਗਾ। ਮੈਂ ਚੁੱਪ ਰਿਹਾ, ਤੇ ਉਸ ਨੇ ਸ਼ਾਦੀ ਕਰ ਲਈ।

ਛਿਆਂ ਮਹੀਨਿਆਂ ਬਾਅਦ ਉਸ ਦੀ ਇਕ ਹੋਰ ਚਿੱਠੀ ਆਈ। ਉਸ ਨੇ ਲਿਖਿਆ ਸੀ ਕਿ ਮੈਂ ਹੁਣ ਜੀਅ ਨਹੀਂ ਸਕਾਂਗੀ, ਤੂੰ ਮੈਨੂੰ ਆ ਕੇ ਲੈ ਜਾ। ਪਹਿਲਾਂ ਤਾ ਮੇਰੇ ਪੱਲੇ ਕੁੱਝ ਨਾ ਪਿਆ ਕਿ ਕੀ ਕਰਾਂ। ਇਹ ਜਾਣਦਿਆਂ ਵੀ ਕਿ ਚਿੱਠੀ ਕਿਸੇ ਦੂਜੇ ਦੇ ਹੱਥ ਲਗ ਸਕਦੀ ਹੈ, ਮੈਂ ਇੱਕ ਸਤਰਕਤਾ ਪੂਰਨ ਚਿੱਠੀ ਲਿਖੀ। ਉਸ ਦਾ ਜਵਾਬ ਵੀ ਕੁੱਝ ਦਿਨਾਂ ਪਿੱਛੋਂ ਆ ਗਿਆ। ਉਸ ਤੋਂ ਬਾਅਦ ਅਸੀਂ ਦੋਵੇਂ ਪਹਿਲਾਂ ਵਾਂਗ ਹੀ ਚਿੱਠੀ-ਪੱਤਰ ਕਰਨ ਲੱਗੇ। ਉਹ ਪੱਤਰ ਵਿਚ ਹਮੇਸ਼ਾਂ ਲਿਖਦੀ ਕਿ ਮੈਨੂੰ ਆ ਕੇ ਲੈ ਜਾਓ। ਮੈਂ ਆਪਣੀਆਂ ਚਿੱਠੀਆਂ ਰਾਹੀਂ ਉਸ ਨੂੰ ਬਹੁਤ ਸਮਝਾਉਂਦਾ ਸਾਂ ਅਤੇ ਸੋਚ ਸਮਝ ਕੇ ਸਾਰੇ ਕੰਮ ਕਰਨ ਦੀ ਨਸੀਹਤ ਦੇਂਦਾ ਸਾਂ। ਪਰ ਉਹ ਕੁੜੀ ਸਿਰਫ਼ ਇੱਕੋ ਗੱਲ ਦੁਹਰਾਉਂਦੀ ਰਹਿੰਦੀ।”

ਅੰਤ ਵਿਚ ਭਵਨਾਥ ਨੇ ਇਹ ਨਿਸਚਾ ਕੀਤਾ ਕਿ ਕੁੱਝ ਵੀ ਹੋਵੇ, ਉਸ ਕੁੜੀ ਕੋਲ ਜਾਏਗਾ। ਉਸ ਨੇ ਇਹ ਗੱਲ ਕੁੜੀ ਨੂੰ ਲਿਖੀ ਵੀ। ਪਰ ਇਸ ਵਾਰੀ ਕੁੜੀ ਦੀ ਚਿੱਠੀ ਆਈ ਕਿ ਉਹ ਬਹੁਤ ਪਰੇਸ਼ਾਨ ਹੈ ਕਿਉਂਕਿ ਉਸ ਦੇ ਪਤੀ ਦੀ ਤਬੀਅਤ ਖ਼ਰਾਬ ਹੈ। ਭਵਨਾਥ ਨੇ ਸੋਚਿਆ ਜੇ ਉਹ ਆਦਮੀ ਮਰ ਜਾਏ ਤਾਂ ਸਾਰੀਆਂ ਮੁਸ਼ਕਿਲਾਂ ਆਪੇ ਹੱਲ ਹੋ ਜਾਣਗੀਆਂ। ਉਸ ਨੇ ਇਹ ਗੱਲ ਕੁੜੀ ਨੂੰ ਵੀ ਲਿਖ ਦਿੱਤੀ। ਕੁੱਝ ਦਿਨਾਂ ਬਾਅਦ ਕੁੜੀ ਦੀ ਚਿੱਠੀ ਆਈ ਕਿ ਉਸ ਦੇ ਪਤੀ ਗ਼ਲਤ ਦਵਾਈ ਖਾਣ ਪਿੱਛੋਂ ਗੁਜ਼ਰ ਗਏ ਹਨ। ਨਾਲ ਹੀ ਉਸ ਨੇ ਇਹ ਵੀ ਲਿਖਿਆ ਕਿ ਉਹ ਉਸ ਨੂੰ ਬਹੁਤ ਗੁਪਤ ਗੱਲਾਂ ਦੱਸਣੀਆਂ ਚਾਹੁੰਦੀ ਹੈ, ਇਸ ਲਈ ਜਿੰਨੀ ਜਲਦੀ ਹੋ ਸਕੇ ਭਵਨਾਥ ਉਸ ਨੂੰ ਮਿਲੇ।

ਬਹੁਤ ਦਿਨਾਂ ਤੱਕ ਭਵਨਾਥ ਨੇ ਉਸ ਨੂੰ ਕੋਈ ਜਵਾਬ ਨਾ ਦਿੱਤਾ, ਤੇ ਨਾ ਹੀ ਉਸ ਕੁੜੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਹਰ ਰੋਜ਼ ਇਸ ਗੱਲ ਦੀ ਉਮੀਦ ਰਹਿੰਦੀ ਕਿ ਉਸ ਕੁੜੀ ਦੀ ਹੋਰ ਚਿੱਠੀ ਆਏਗੀ। ਪਰ ਕਾਫ਼ੀ ਉਡੀਕਣ ਤੋਂ ਬਾਅਦ ਜਦੋਂ ਕੋਈ ਚਿੱਠੀ ਨਾ ਆਈ, ਤਾਂ ਭਵਨਾਥ ਨਿਕਲਿਆ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਏਨੀ ਦੇਰ ਬਾਅਦ ਉਸ ਕੁੜੀ ਨਾਲ ਉਸ ਦੀ ਮੁਲਾਕਾਤ ਕਿਵੇਂ ਦੀ ਹੋਵੇਗੀ। ਬਗਾਨੇ ਸ਼ਹਿਰ ਵਿਚ ਅਗਿਆਤ ਘਰ ਦੇ ਸਾਹਮਣੇ ਪਹੁੰਚ ਕੇ ਇੱਕ ਬੱਚੇ ਹੱਥ ਉਸ ਕੁੜੀ ਵੱਲ ਅੰਦਰ ਸੁਨੇਹਾ ਭੇਜਿਆ। ਬੱਚੇ ਨੇ ਵਾਪਸ ਆ ਕੇ ਕਿਹਾ ਕਿ ਉਹ ਭਵਨਾਥ ਨੂੰ ਨਹੀਂ ਮਿਲ ਸਕਦੀ। ਹੋ ਸਕਦਾ ਹੈ ਬੱਚੇ ਨੇ ਗ਼ਲਤ ਸੂਚਨਾ ਦਿੱਤੀ ਹੋਵੇ ਇਸ ਉਮੀਦ ਨਾਲ ਉਹ ਖੜ੍ਹਾ ਰਿਹਾ, ਅਤੇ ਅਖ਼ੀਰ ਉਸ ਕੁੜੀ ਦਾ ਨਾਂ ਲੈ ਕੇ ਆਵਾਜ਼ਾਂ ਮਾਰਨ ਲਗ ਪਿਆ। ਕੁੜੀ ਆਈ। ਭਵਨਾਥ ਨੇ ਸੋਚਿਆ ਸੀ ਕਿ ਉਹ ਵਿਧਵਾ ਪਹਿਰਾਵੇ ਵਿਚ ਹੋਵੇਗੀ; ਪਰ ਕੁੜੀ ਨੇ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਉਹ ਗਹਿਣਿਆਂ ਨਾਲ ਲੱਦੀ ਹੋਈ ਸੀ ਤੇ ਲਾਲ ਸਾੜ੍ਹੀ ਪਾਈ ਹੋਈ ਸੀ। ਭਵਨਾਥ ਨੇ ਘਰ ਅੰਦਰ ਜਾਣ ਲਈ ਕਦਮ ਅੱਗੇ ਵਧਾਇਆ ਪਰ ਉਸ ਕੁੜੀ ਨੇ ਉਸ ਵੱਲ ਇੱਕ ਨਜ਼ਰ ਦੇਖਦੇ ਹੋਏ ਜ਼ੋਰ ਨਾਲ "ਨਹੀਂ"-ਕਹਿੰਦਿਆਂ ਤੁਰੰਤ ਦਰਵਾਜ਼ਾ ਬੰਦ ਕਰ ਦਿੱਤਾ।

ਏਨਾ ਕਹਿ ਕੇ ਭਵਨਾਥ ਨੇ ਚੁੱਪ ਸਾਧ ਲਈ। ਓਦੋਂ ਤਕ ਚੰਨ ਚੜ੍ਹ ਚੁੱਕਾ ਸੀ। ਉਹ ਉਜਾੜ ਤਾਂ ਹੁਣ ਚੰਨ ਦੀ ਚਾਨਣੀ ਵਿਚ ਚਮਕ ਉੱਠੀ ਸੀ। ਇਸ ਮਾਹੌਲ ਨੇ ਭਵਨਾਥ ਦੀ ਕਹਾਣੀ ਵਿਚ ਇਕ ਇੰਦਰਜਾਲਿਕ ਵਾਤਾਵਰਨ ਪੈਦਾ ਕਰ ਦਿੱਤਾ ਸੀ— ਜਿਵੇਂ ਉਸ ਕਹਾਣੀ ਦੇ ਪਾਤਰਾਂ ਨਾਲ ਭਵਨਾਥ ਤੇ ਮੈਨੂੰ ਯਾਦ ਆ ਰਹੀ ਕੁੜੀ ਦਾ ਕੋਈ ਸੰਬੰਧ ਹੀ ਨਾ

ਹੋਵੇ। ਮੈਂ ਤਾਂ ਆਪਣੇ ਮਨ ਵਿੱਚ ਇਕ ਫ਼ਰਜ਼ੀ ਕਹਾਣੀ ਨੂੰ ਮੁੜ ਵਾਪਰਦਿਆਂ ਵੇਖ ਰਿਹਾ ਸਾਂ।

ਇਸ ਇੰਦਰਜਾਲ ਨੂੰ ਇਕਦਮ ਭੰਗ ਕਰਦਿਆਂ ਭਵਨਾਥ ਨੇ ਕਿਹਾ— ਤੂੰ ਮੈਨੂੰ ਕਵਿਤਾ ਦੀ ਜਟਿਲਤਾ ਦੀ ਗੱਲ ਪੁੱਛ ਰਿਹਾ ਸੀ ਨਾ ? ਜਿਵੇਂ, ਮੈਂ ਤੁਹਾਨੂੰ ਜਿਹੜੀ ਕਹਾਣੀ ਸੁਣਾਈ ਹੈ, ਉਸੇ ਨੂੰ ਲੈ ਲਈਏ- ਇਸ ਦੇ ਕਥਾਨਕ ਦੇ ਸਾਰੇ ਪਾਤਰ ਕੱਢ ਦਿੱਤੇ ਜਾਣ-

ਸੰਭਵ ਹੈ ਕਿ ਕਿਸੇ ਵੇਲੇ ਭਵਨਾਥ ਦੀ ਇਹ ਗੱਲ ਮੈਨੂੰ ਅਣਸੰਬੰਧਿਤ ਤੇ ਤਰਕਹੀਣ ਲੱਗੀ ਹੋਵੇ; ਪਰ ਮੈਨੂੰ ਪਤਾ ਲਗ ਗਿਆ ਸੀ ਕਿ ਇਹ ਸੰਭਵ ਹੈ; ਸੋ ਮੈਂ ਭਵਨਾਥ ਉਸ ਕੁੜੀ, ਉਸ ਦੇ ਪਤੀ ਦੇ ਉਸ ਦੇ ਸੰਸਾਰ ਨੂੰ ਇਸ ਕਹਾਣੀ ਤੋਂ ਵੱਖ ਕਰ ਲਿਆ ਸੀ।

ਭਵਨਾਥ ਨੇ ਕਿਹਾ; ਠੀਕ ਹੈ; ਹੁਣ ਉਸ ਵਿੱਚੋਂ ਸਾਰੇ ਸੰਤਾਪ, ਸਾਰੀ ਭਾਵਕਤਾ ਨੂੰ ਕੱਢ ਦਿੱਤਾ ਜਾਏ।

ਮੈਂ ਅੱਖਾਂ ਬੰਦ ਕਰ ਕੇ ਉਨ੍ਹਾਂ ਸਾਰਿਆਂ ਨੂੰ ਭੁੱਲ ਗਿਆ। ਹੁਣ ਬਚਿਆ ਕੀ ? ਕੀ? ਸਿਰਫ਼ ਥੋੜਾ ਦੁੱਖ, ਥੋੜੀ ਅੰਦਰਲੀ ਭੁੱਬਲ ਤੇ ਕੁੱਝ ਗੱਲਾਂ ਦੇ ਟੁਕੜੇ!

ਖੜ੍ਹੇ ਹੋ ਕੇ ਭਵਨਾਥ ਨੇ ਕਿਹਾ, "ਚੱਲੋ ਹੁਣ ਚੱਲੀਏ।" ਅਤੇ ਉਸ ਚਾਨਣੀ ਵਿਚ ਨਹਾਤੇ ਉਜਾੜ ਦੀਪ ਤੋਂ ਬਾਹਰ ਆਉਂਦਿਆਂ ਭਵਨਾਥ ਬੋਲਿਆ," ਤੂੰ ਸਮਝਿਐ, ਕਵਿਤਾ ਕੀ ਹੁੰਦੀ ਐ? ਜੋ ਕੁੱਝ ਵੀ ਬਾਕੀ ਬਚਿਆ, ਉਹੀ ਕਵਿਤਾ ਹੈ।

ਗੱਡੀ ਲੈ ਕੇ ਘਰ ਮੁੜਦਿਆਂ ਮੈਂ ਇਹ ਨਿਸਚਿਤ ਨਾ ਕਰ ਸਕਿਆ ਕਿ ਜਿਹੜੀ ਕਹਾਣੀ ਭਵਨਾਥ ਨੇ ਸੁਣਾਈ, ਉਹ ਉਸ ਦੀ ਆਪ-ਬੀਤੀ ਸੀ ਜਾਂ ਮੈਨੂੰ ਕਵਿਤਾ ਦੀ ਜਟਿਲਤਾ ਸਮਝਾਉਣ ਲਈ ਘੜਿਆ ਇਕ ਉਦਾਹਰਣ-ਮਾਤਰ ਹੈ ਖ਼ੈਰ, ਉਸ ਰਾਤ ਮੈਂ ਭਵਨਾਥ ਦਾ ਕਵਿਤਾ-ਸੰਗ੍ਰਹਿ ਪੜ੍ਹਿਆ ਅਤੇ ਇਹ ਮਹਿਸੂਸ ਕੀਤਾ ਕਿ ਉਸ ਦੀ ਹਰੇਕ ਕਵਿਤਾ ਦਾ ਕੁੱਝ ਨਾ ਕੁੱਝ ਮਤਲਬ ਸੀ, ਸੋ ਮੈਂ ਉਸ ਦੀਆਂ ਸਾਰੀਆਂ ਕਵਿਤਾਵਾਂ ਸਮਝਣ ਵੱਲ ਲਗ ਗਿਆ।

ਇਸ ਤੋਂ ਪਿੱਛੋਂ ਮੈਂ ਜਦ ਤੱਕ ਆਪਣੇ ਸ਼ਹਿਰ ਵਿਚ ਰਿਹਾ, ਕਦੇ ਕਦੇ ਭਵਨਾਥ ਨੂੰ ਮਿਲਦਾ ਰਿਹਾ। ਕੋਈ ਨਵੀਂ ਕਵਿਤਾ ਲਿਖਣ ਤੇ ਭਵਨਾਥ ਸਭ ਤੋਂ ਪਹਿਲਾਂ ਮੈਨੂੰ ਸੁਣਾਉਂਦਾ

ਅਤੇ ਮੈਂ ਉਸ ਦਾ ਆਨੰਦ ਮਾਣ ਕੇ ਖ਼ੁਸ਼ ਹੁੰਦਾ। ਮੇਰੀ ਬਦਲੀ ਦੂਜੇ ਸ਼ਹਿਰ ਹੋਣ ਪਿੱਛੋਂ ਵੀ, ਕਦੇ ਕਦੇ, ਭਵਨਾਥ ਮੈਨੂੰ ਡਾਕ ਰਾਹੀਂ ਚਿੱਠੀਆਂ ਤੇ ਨਵੀਆਂ ਨਵੀਂਆਂ ਕਵਿਤਾਵਾਂ ਭੇਜਦਾ ਰਹਿੰਦਾ।

ਵਿੱਚੋਂ ਇਕ ਵਾਰ, ਕਈ ਦਿਨ ਉਸ ਦੀ ਚਿੱਠੀ ਨਾ ਆਉਣ ਉੱਤੇ ਮੈਂ ਪਰੇਸ਼ਾਨ ਹੋ ਕੇ ਉਸ ਨੂੰ ਖ਼ਤ ਲਿਖਿਆ ਖ਼ਤ ਦਾ ਜਵਾਬ ਬਹੁਤ ਦਿਨਾਂ ਪਿੱਛੋਂ ਆਇਆ। ਖ਼ਤ ਨਾਲ ਜਿਹੜੀ ਕਵਿਤਾ ਆਈ ਸੀ, ਮੈਂ ਪਹਿਲਾਂ ਉਸ ਨੂੰ ਪੜ੍ਹਿਆ। ਅਜੀਬ ਕਿਸਮ ਦੀ ਕਵਿਤਾ ਸੀ— ਅਜਿਹੇ ਕਈ ਅੱਖਰ ਸਮੂਹ ਦੇ ਸ਼ਬਦ, ਜਿਨ੍ਹਾਂ ਦਾ ਕੋਈ ਅਰਥ ਨਹੀਂ ਸੀ ਬਣਦਾ, ਕਿਸੇ ਸ਼ਬਦ ਦਾ ਕਿਸੇ ਸ਼ਬਦ ਨਾਲ ਕੋਈ ਜੋੜ ਨਹੀਂ ਸੀ ਜੁੜ ਰਿਹਾ। ਸਿਰਫ਼ ਸੁਣਨ ਵਿਚ ਮਧੁਰ ਕੁੱਝ ਸ਼ਬਦ ਅਤੇ ਖ਼ਤ ਵਿਚ ਭਵਨਾਥ ਨੇ ਲਿਖਿਆ ਸੀ," ਸੁਣ ਕੇ ਤੂੰ ਖੁਸ਼ ਹੋਵੇਂਗਾ ਕਿ ਮੈਂ ਫੇਰ ਪਿਆਰ ਦੇ ਚੱਕਰ ਵਿਚ ਪੈ ਗਿਆ ਹਾਂ। ਮੈਂ ਪਿੱਛੇ ਜਿਹੇ ਹੀ ਪੜ੍ਹਿਆ ਹੈ ਕਿ ਅਮਰੀਕਾ ਦੇ ਵਿਗਿਆਨੀ, ਖੋਜ ਕਰਨ ਤੋਂ ਬਾਅਦ ਇਸ ਨਤੀਜੇ ਉੱਤੇ ਪਹੁੰਚੇ ਹਨ ਕਿ ਦੋ ਲੋਕਾਂ ਵਿਚਕਾਰ ਭਾਵਾਂ ਦਾ ਆਦਾਨ-ਪ੍ਰਦਾਨ ਕੇਵਲ ਸੱਤ ਫ਼ੀਸਦੀ ਸ਼ਬਦਾਂ ਦੀ ਸਹਾਇਤਾ ਨਾਲ ਹੁੰਦਾ ਹੈ, ਅਠੱਤੀ ਫ਼ੀਸਦੀ ਆਵਾਜ਼ ਨਾਲ ਤੇ ਬਾਕੀ ਬਚਦਾ ਪਚਵੰਜਾ ਫ਼ੀਸਦੀ ਚਿਹਰੇ ਦਿਆਂ ਹਾਵਾਂ-ਭਾਵਾਂ ਰਾਹੀਂ।

ਇਹ ਗੱਲ ਪੜ੍ਹ ਕੇ ਮੈਂ ਇਕਦਮ ਸਮਝ ਨਹੀਂ ਸਕਿਆ ਕਿ ਇਹ ਕਿੰਜ ਦਾ ਪਿਆਰ ਹੈ ? ਕੀ ਉਹੀ ਪਹਿਲੇ ਵਾਲੀ ਕੁੜੀ ਨਾਲ ਸੀ ਜਾਂ ਪਹਿਲਾਂ ਦੀ ਘਟਨਾ ਵਾਂਗ ਇਹ ਵੀ ਸੰਦੇਸ਼ਮਈ ਚੀਜ਼ ਹੈ ? ਹੁਣ ਭਵਨਾਥ ਦੀਆਂ ਕਵਿਤਾਵਾਂ ਮੈਨੂੰ ਕਿਤੇ ਨਹੀਂ ਦਿਸਦੀਆਂ ਸਨ। ਉਸ ਨੇ ਮੈਨੂੰ ਚਿੱਠੀ ਲਿਖਣੀ ਵੀ ਬੰਦ ਕਰ ਦਿੱਤੀ ਸੀ। ਇਸੇ ਦੌਰਾਨ ਕਿਸੇ ਨੇ ਮੈਨੂੰ ਦੱਸਿਆ ਕਿ ਭਵਨਾਥ ਪਾਗਲ ਹੋ ਗਿਆ ਹੈ।

ਪਰ ਮੈਂ ਜਾਣਦਾ ਸਾਂ ਕਿ ਭਵਨਾਥ ਸਿਹਤਮੰਦ ਮਾਨਸਿਕਤਾ ਨਾਲ ਆਪਣੇ ਉਸੇ ਪੁਰਾਣੇ ਕਮਰੇ ਵਿਚ ਹੋਵੇਗਾ ਤੇ ਜਦੋਂ ਮੈਂ ਉਸ ਕੋਲ ਪਹੁੰਚਾਂਗਾ ਤਾਂ ਵੇਖਾਂਗਾ, ਉਸਨੇ ਆਪਣੇ ਸ਼ਬਦਕੋਸ਼ ਇੱਕ ਪਾਸੇ ਸਰਕਾ ਕੇ ਰੱਖ ਦਿੱਤੇ ਹਨ, ਤੇ ਇਕ ਟੇਪ-ਰਿਕਾਰਡਰ ਸਾਹਮਣੇ ਬੈਠ ਕੇ ਉਸ ਦੇ ਨਾਲ ਗੰਭੀਰ ਗੱਲ-ਬਾਤ ਵਿੱਚ ਰੁੱਝਿਆ ਹੋਇਆ ਹੈ।

*****

# ਮ੍ਰਿਤੂ-ਬੋਧ

ਮੌਤ ਦੋ ਤਰ੍ਹਾਂ ਦੀ ਹੋ ਸਕਦੀ ਹੈ— ਇਕ ਤਾਂ ਅਣਚਾਹੀ ਮੋਤ, ਜਿਹੜੀ ਕਿ ਅਗਿਆਨੀਆਂ ਦੀ ਮੌਤ ਹੈ ਅਤੇ ਜਿਹੜੀ ਕੁੱਝ ਲੋਕਾਂ ਲਈ ਬਾਰ-ਬਾਰ ਹੁੰਦੀ ਹੈ। ਗਿਆਨੀਆਂ ਦੀ ਮੌਤ ਆਪਣੀ ਮਰਜ਼ੀ ਨਾਲ ਹੁੰਦੀ ਹੈ, ਜਿਹੜੀ ਸਿਰਫ ਇੱਕ ਵਾਰੀ ਹੁੰਦੀ ਹੈ। ਜਦੋਂ ਸਾਧਾਰਨ ਜੀਵਨ-ਬਤੀਤ ਕਰਨਾ ਸੰਭਵ ਨਹੀਂ ਹੁੰਦਾ, ਚਾਹੇ ਕਿਸੇ ਕਾਰਨ ਕਰਕੇ ਹੋਵੇ ਤਾਂ ਗਿਆਨੀ ਆਪਣੀ ਇੱਛਾ ਨਾਲ ਮੌਤ ਦਾ ਸਾਹਮਣਾ ਕਰਦਾ ਹੈ। ਉਹ ਆਪਣੀਆਂ ਸਾਰੀਆਂ ਕਾਮਨਾਵਾਂ ਨੂੰ ਮਨ ਵਿੱਚੋਂ ਬਾਹਰ ਕੱਢ ਦੇਂਦਾ ਹੈ ਅਤੇ ਆਪਣੇ ਆਪ ਨੂੰ ਸੰਸਾਰਿਕ ਬੰਧਨਾਂ ਤੋਂ ਮੁਕਤ ਕਰ ਲੈਂਦਾ ਹੈ। ਉਸ ਤੋਂ ਬਾਅਦ ਉਹ ਖਾਣਾ-ਪੀਣਾ ਛੱਡ ਕੇ ਵਿਲੀਨ ਹੋਣ ਲਈ ਸਰੀਰ ਨੂੰ ਤਿਆਗ ਦੇਂਦਾ ਹੈ। ਉਸ ਦੀ ਆਤਮਾ ਸਰੀਰ ਤੋਂ ਵੱਖ ਹੋ ਜਾਂਦੀ ਹੈ। ਵਿਭਿੰਨ ਕਰਮ, ਜਿਹੜੇ ਆਤਮਾ ਨਾਲ ਜੁੜੇ ਹੁੰਦੇ ਹਨ, ਆਤਮਾ ਉਨ੍ਹਾਂ ਸਾਰੇ ਬੰਧਨਾਂ ਤੋਂ ਆਪਣੇ ਆਪ ਨੂੰ ਮੁਕਤ ਕਰ ਲੈਂਦੀ ਹੈ। ਇਹ ਜੈਨ ਸੂਤਰ ਵਿਚ ਲਿਖਿਆ 'ਸੱਲੇਖਨਾ' ਦਾ ਤੱਤ ਹੈ।

ਕੁੱਝ ਸਮਾਂ ਪਹਿਲਾਂ, 13 ਅਗਸਤ 1973 ਨੂੰ ਇਸ 'ਸੱਲੇਖਨਾ' ਦੀ ਸਹੁੰ ਸੁਧਰਮੀ ਸਾਗਰ ਮੁਨੀ ਨੇ ਲਈ ਸੀ। ਪਹਿਲਾਂ ਉਨ੍ਹਾਂ ਨੇ ਖਾਣਾ-ਪੀਣਾ ਛੱਡ ਦਿੱਤਾ ਅਤੇ 9 ਸਤਬੰਰ ਨੂੰ ਅੰਤਿਮ ਵਾਰੀ ਜਲ ਸਪਰਸ਼ ਕੀਤਾ। ਸਹੁੰ ਖਾਣ ਦੇ ਬਿਆਲੀ ਦਿਨਾਂ ਬਾਅਦ 24, ਸਤੰਬਰ ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

'ਸੱਲੇਖਨਾ' ਸਹੁੰ ਵਿਚ ਤਿੰਨ ਤਰ੍ਹਾਂ ਦੀ ਮੌਤ ਦਾ ਜ਼ਿਕਰ ਹੈ— ਭਗਤ ਪ੍ਰਤਯਾਖ਼ਯਾਤ ਮੌਤ, ਇੰਗਿਤ ਮੌਤ ਅਤੇ ਪਾਦਪਯੋਗਮਨ ਮੋਤ। ਸ਼ਾਇਦ ਤੂੰ ਬੋਰ ਹੋ ਰਹੀ ਹੈਂ, ਨਰਸ! ਮੇਰੇ ਵੱਲ ਵੇਖ, ਸ਼ੁਰੂ ਸ਼ੁਰੂ ਵਿਚ ਮੈਂ ਵੀ ਜਦੋਂ ਵਿਸ਼ਾ ਪੜ੍ਹ ਰਿਹਾ ਸਾਂ, ਮੈਂ ਵੀ ਅੱਕ ਜਾਂਦਾ ਸਾਂ। ਪਰ ਹੌਲੀ-ਹੌਲੀ ਇਸ ਵਿਸ਼ੇ ਵਿਚ ਮੈਂ ਏਨਾ ਖੁੱਭ ਗਿਆ ਕਿ ਬਾਰ ਬਾਰ ਪੜ੍ਹਨ ਨਾਲ ਮੈਨੂੰ ਕੋਈ ਉਕਸਾਹਟ ਮਹਿਸੂਸ ਨਹੀਂ ਹੋਈ। ਖ਼ੈਰ, ਛੱਡ ਪਰ੍ਹਾਂ। ਵੇਖਿਆ ਤੇਰੇ ਯਾਰ

ਦਾ ਨਾਂ ਤੇਰੇ ਕੰਨਾਂ ਵਿਚ ਪੈਣ ਦੀ ਦੇਰ ਸੀ ਕਿ ਤੇਰੀ ਸਾਰੀ ਉਦਾਸੀ ਉੱਡ-ਪੁੱਡ ਗਈ ਹੈ— ਬਿਲਕੁਲ ਉਸੇ ਤਰ੍ਹਾਂ, ਜਿਵੇਂ ਜ਼ਿੰਦਗੀ ਨੂੰ ਮੌਤ ਬਦਲਦੀ ਹੈ— ਹੈ ਨਾਂ ?

ਅੱਜ ਮੈਂ ਠੀਕ-ਠਾਕ ਹਾਂ। ਤੇ ਮੇਰੀ ਮਾਨਸਿਕ ਸਥਿਤੀ ਵੀ ਪਹਿਲਾਂ ਨਾਲੋਂ ਚੰਗੀ ਹੈ। ਸ਼ਾਇਦ ਤੈਨੂੰ ਵਿਸ਼ਵਾਸ ਨਹੀਂ ਹੋਵੇਗਾ। ਅੱਜ ਤੱਕ ਮੈਂ ਤੈਨੂੰ ਏਧਰ-ਓਧਰ ਦੀਆਂ ਕਿੰਨੀਆਂ ਹੀ ਊਟ-ਪਟਾਂਗ ਗੱਲਾਂ ਕਹੀਆਂ ਹੋਣਗੀਆਂ ਅਤੇ ਤੂੰ ਸ਼ਾਇਦ ਸੋਚਦੀ ਹੋਵੇਂਗੀ ਕਿ ਮੇਰਾ ਦਿਮਾਗ਼ ਖ਼ਰਾਬ ਹੋ ਗਿਆ ਹੈ। ਪਰ ਮੇਰਾ ਦਿਮਾਗ਼ ਪੂਰੀ ਤਰ੍ਹਾਂ ਤੰਦਰੁਸਤ ਹੈ ਅਤੇ ਮੈਨੂੰ ਲਗਦਾ ਹੈ ਫੇਰ ਪਹਿਲਾਂ ਵਾਂਗ ਤੰਦਰੁਸਤ ਹਾਂ। ਅੱਜ ਤੈਨੂੰ ਮੇਰੀ ਸੁਣਨੀ ਪਵੇਗੀ। ਮੈਂ ਕੀ ਤੈਨੂੰ ਸਾਰੀਆਂ ਗੱਲਾਂ ਪਹਿਲਾਂ ਦੱਸੀਆਂ ਹਨ? ਨਹੀਂ ? ਅੱਜ ਤੈਨੂੰ ਮੈਂ ਸਾਰੀਆਂ ਗੱਲਾਂ ਚੰਗੀ ਤਰ੍ਹਾਂ ਫੇਰ ਦੱਸਾਂਗਾ। ਮੇਰੀ ਕਮੀਜ਼ ਦੀ ਜੇਬ ਵਿੱਚੋਂ ਪਰਸ ਦੇਵੇਂਗੀ ? ਵੇਖ, ਮੇਰੇ ਕਾਰਡ ਉੱਤੇ ਕੀ ਲਿਖਿਆ ਹੈ-

ਸਨਾਤਨ ਪੰਡਿਤ
1938/1980

ਹਾਂ, ਸੰਨ 1980 ਵੀ ਲੰਘ ਗਿਆ, ਪਰ ਮੈਂ ਹਾਲੇ ਜਿਊਂਦਾ ਹਾਂ ਤੇ ਉਸ ਲਾਮਾ ਦੀ ਭਵਿੱਖ-ਬਾਣੀ ਝੂਠੀ ਨਿਕਲੀ। ਕਰੀਬ ਪੰਦਰਾਂ ਸਾਲ ਪਹਿਲਾਂ ਬਨਾਰਸ ਵਿਚ ਉਸ ਲਾਮਾ ਨਾਲ ਮੇਰੀ ਮੁਲਾਕਾਤ ਹੋਈ ਸੀ। ਉਹ ਤਿੱਬਤੀ ਲਾਮਾ, ਲ੍ਹਾਸਾ ਤੋਂ ਕੋਸਾਂਭੀ ਜਾਂਦਿਆਂ ਰਸਤੇ ਵਿੱਚ ਬਨਾਰਸ ਵਿੱਚ ਕੁਝ ਦਿਨ ਠਹਿਰਿਆ ਸੀ। ਇੱਕ ਦਿਨ ਬਨਾਰਸ ਵਿਚ ਘੁੰਮਦਿਆਂ ਮੈਂ ਉਸ ਲਾਮਾ ਨੂੰ ਇੱਕ ਦਰਖ਼ਤ ਥੱਲੇ ਬੈਠਿਆਂ ਵੇਖਿਆ। ਗਰਮੀ ਦੇ ਦਿਨਾਂ ਵਿੱਚ ਵੀ ਉਸ ਲਾਮਾ ਨੇ ਊਨੀ ਪੋਸ਼ਾਕ ਪਹਿਨੀ ਹੋਈ ਸੀ ਅਤੇ ਉਸ ਦੇ ਨੇੜੇ ਉਸ ਦਾ ਇੱਕ ਭਾਰਤੀ ਚੇਲਾ ਬੈਠਾ ਸੀ। ਮੈਂ ਲਾਮਾ ਕੋਲ ਬੈਠ ਗਿਆ। ਲਾਮਾ ਕੋਈ ਵੀ ਭਾਰਤੀ ਭਾਸ਼ਾ ਨਹੀਂ ਸਮਝਦਾ ਸੀ; ਉਹ ਸਿਰਫ਼ ਮੇਰੇ ਵੱਲ ਵੇਖ ਕੇ ਮੁਸਕਰਾਇਆ। ਮੈਂ ਕਿਹਾ," ਮੈਂ ਆਪਣਾ ਭਵਿੱਖ ਜਾਣਨਾ ਚਾਹੁੰਦਾ ਹਾਂ।"

ਲਾਮਾ ਦੇ ਨੇੜੇ ਬੈਠੇ ਭਾਰਤੀ ਨੇ ਕਿਹਾ, "ਨਹੀਂ, ਇਹ ਜੋਤਿਸ਼ੀ ਨਹੀਂ ਹਨ।”

ਮੈਨੂੰ ਇਸ ਗੱਲ ਨਾਲ ਸੰਤੋਸ਼ ਨਹੀਂ ਹੋਇਆ, ਕਿਉਂਕਿ ਲਾਮਾ ਹਾਲੇ ਵੀ ਹੱਸ ਰਿਹਾ ਸੀ। ਮੇਰੇ ਬਾਰ-ਬਾਰ ਪੁੱਛਣ ਉੱਤੇ ਲਾਮਾ ਨੇ ਆਪਣੀ ਭਾਸ਼ਾ ਵਿਚ, ਨੇੜੇ ਬੈਠੇ ਆਦਮੀ ਨੂੰ ਕੁੱਝ ਕਿਹਾ ਤੇ ਉਸ ਵਿਅਕਤੀ ਨੇ ਮੈਨੂੰ ਕਿਹਾ-" 17 ਦਸੰਬਰ, 1980।”

ਇਸ ਤੋਂ ਬਾਅਦ ਉਹ ਲਾਮਾ ਇਕਦਮ ਗੰਭੀਰ ਹੋ ਗਿਆ ਅਤੇ ਉਹ ਵਿਅਕਤੀ ਮੂੰਹ ਫੇਰ ਕੇ ਬੈਠ ਗਿਆ। ਮੈਂ ਸਮਝ ਗਿਆ ਕਿ ਇਨ੍ਹਾਂ ਨੂੰ ਹੋਰ ਪ੍ਰਸ਼ਨ ਪੁੱਛਣ ਦਾ ਕੋਈ ਲਾਭ ਨਹੀਂ। ਭਵਿੱਖ ਦੀ ਇਸ ਤਰੀਕ ਨੂੰ ਹੱਥ ਵਿਚ ਲਈ ਮੈਂ ਹੋਟਲ ਵਿੱਚ ਮੁੜ ਆਇਆ।

ਅਸਲ ਵਿਚ ਕਿਹਾ ਜਾਏ ਤਾਂ ਜੋਤਿਸ਼ ਤੇ ਹੱਥ ਦੀਆਂ ਰੇਖਾਵਾਂ ਦੀ ਵਿੱਦਿਆ ਵਿਚ ਮੇਰਾ ਵਿਸ਼ਵਾਸ ਉਸ ਵੇਲੇ ਪੱਕਾ ਹੋਇਆ, ਜਦੋਂ ਮੈਂ ਆਪਣੀ ਦੁਕਾਨ ਖੋਲ੍ਹੀ। ਉਸ ਤੋਂ ਪਹਿਲਾਂ ਮੈਂ ਖ਼ੂਬ ਸਾਹਸੀ ਸਾਂ- ਭੂਤ-ਪ੍ਰੇਤ, ਭਗਵਾਨ, ਕਿਸਮਤ, ਪੁਨਰਜਨਮ ਆਦਿ ਕਿਸੇ ਤੋਂ ਨਹੀਂ ਸਾਂ ਡਰਦਾ। ਏਥੋਂ ਤੱਕ ਕਿ ਮੌਤ ਤੋਂ ਵੀ ਨਹੀਂ। ਕਿਸੇ ਦੇ ਮਰਨ ਤੇ ਵੀ ਮੇਰੀਆਂ ਅੱਖਾਂ ਵਿੱਚੋਂ ਅੱਥਰੂ ਨਹੀਂ ਸਨ ਵਗਦੇ। ਮੈਂ ਸੋਚਦਾ ਸੀ-ਮੌਤ ਕੁੱਝ ਨਹੀਂ ਹੈ ਤੇ ਮੌਤ ਤੋਂ ਬਾਅਦ ਵੀ ਕੁੱਝ ਨਹੀਂ ਹੈ। ਏਸ ਲਈ ਮੈਂ ਕਿਸੇ ਚੀਜ਼ ਨਾਲ ਬਹੁਤ ਨਿੱਘਾ ਸੰਬੰਧ ਜੋੜਨ ਤੋਂ ਕੰਨੀਂ ਕਤਰਾਉਂਦਾ ਰਿਹਾ। ਪਰ ਜਦੋਂ ਮੇਰੇ ਤੇ ਸਾਰੀਆਂ ਸੰਸਾਰਿਕ ਜ਼ਿੰਮੇਵਾਰੀਆਂ ਦਾ ਬੋਝ ਆ ਪਿਆ, ਫੇਰ ਮੈਂ ਭਵਿੱਖ ਜਾਣਨਾ ਚਾਹਿਆ।

ਅਤੇ ਭਵਿੱਖ ਜਾਣਨਾ ਹੀ ਆਪਣੀ ਮੌਤ ਦੀ ਤਾਰੀਖ਼ ਜਾਣਨਾ ਹੈ। ਕਾਰਨ, ਇਹ ਜੀਵਨ ਮੌਤ ਦਾ ਰਾਹ ਤਿਆਰ ਕਰਨ ਦਾ ਇਕ ਸਾਧਨ-ਮਾਤਰ ਹੀ ਹੈ। ਗਿਆਤ ਹੋਵੇ,ਅਗਿਆਤ ਹੋਵੇ, ਮਨੁੱਖ ਇਸੇ ਕੰਮ ਵਿਚ ਜੁੱਟਿਆ ਰਹਿੰਦਾ ਹੈ, ਅੰਤਿਮ ਕਰਜ਼ ਚੁਕਾਉਣਾ ਹੀ ਮੌਤ ਹੈ। ਪਰ ਤੂੰ ਕਹੇਂਗੀ ਮੌਤ ਕਦ ਆਏਗੀ ਤੇ ਕਿਸ ਥਾਂ ਆਏਗੀ, ਕੌਣ ਜਾਣਦਾ ਹੈ ? ਬਗਦਾਦ ਦੇ ਬਾਜ਼ਾਰ ਵਿਚ ਵਪਾਰੀ ਦੇ ਸਰੀਰ ਨੂੰ ਜਿਸ ਬੁੱਢੀ ਨੇ ਧੱਕਾ ਦਿੱਤਾ, ਉਹ ਖ਼ੁਦ ਮੌਤ ਸੀ ਅਤੇ ਉਸ ਦੇ ਚਿਹਰੇ ਉੱਤੇ ਹੈਰਾਨੀ ਦੇ ਚਿੰਨ੍ਹ ਸਨ। ਮੌਤ ਤੋਂ ਬਚਣ ਲਈ ਉਹ ਵਪਾਰੀ ਘੋੜਾ ਦੁੜਾਉਂਦਾ ਸਾਮਾਰਾ ਚਲਾ ਗਿਆ, ਪਰ ਸਾਮਾਰਾ ਦੀ ਸਰਾਂ ਵਿਚ ਬੁੱਢੀ ਉਸ ਦੀ ਉਡੀਕ ਕਰ ਰਹੀ ਸੀ। ਸਾਮਾਰਾ ਵਿਚ ਹੀ ਉਨ੍ਹਾਂ ਦੀ ਮੁਲਾਕਾਤ ਹੋਣੀ ਸੀ।

ਮੇਰਾ ਏਨੀਆਂ ਸਾਰੀਆਂ ਗੱਲਾਂ ਕਹਿਣ ਦਾ ਮਤਲਬ ਇਹ ਹੈ ਨਰਸ, ਕਿ ਮਨੁੱਖ ਏਸ ਮਾਮਲੇ ਵਿਚ ਅਸਲੋਂ ਨਿਆਸਾਰਾ ਹੈ। ਉਹ ਆਪਣੀ ਮੌਤ ਦੀ ਤਾਰੀਖ਼ ਖ਼ੁਦ ਤੈ ਨਹੀਂ ਕਰ ਸਕਦਾ। ਪਰ ਮੈਨੂੰ ਪੂਰਾ ਵਿਸ਼ਵਾਸ ਹੋ ਗਿਆ ਸੀ ਕਿ ਮੈਂ 17 ਦਸੰਬਰ 1980, ਬੁੱਧਵਾਰ ਨੂੰ ਸਰੀਰ ਤਿਆਗ ਦਿਆਂਗਾ ਅਤੇ ਏਸ ਲਈ ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰ ਲਿਆ ਸੀ; ਭਾਵੇਂ ਸੰਨ 1980 ਹਾਲੇ ਕਈ ਸਾਲਾਂ ਬਾਅਦ ਆਉਣ ਵਾਲਾ

ਸੀ। ਮੈਂ ਇਹ ਜਾਣਦਾ ਸਾਂ ਕਿ ਜਿਸ ਸਰੀਰ ਨਾਲ ਮੇਰਾ ਏਨਾ ਨੇੜ ਹੈ ਅਤੇ ਜਿਸ ਨਾਲ ਮੈਂ ਏਨੇ ਦਿਨ ਲੰਘਾ ਚੁੱਕਾ ਹਾਂ, ਉਸ ਨੂੰ ਇਕ ਦਿਨ ਤਿਆਗਣਾ ਹੈ। ਪਰ ਮੈਨੂੰ ਇਹ ਵੀ ਪਤਾ ਸੀ ਕਿ ਇਸ ਸਰੀਰ ਨੂੰ ਤਿਆਗਣ ਪਿੱਛੋਂ ਮੈਂ ਮੁਕਤ ਹੋ ਜਾਂਵਾਂਗਾ- ਦੁੱਖ, ਪ੍ਰੇਮ, ਵਿਸ਼ਵਾਸਘਾਤ ਨਾਲ; ਉਮਰ, ਦਲਿੱਦਰ ਤੇ ਕਸ਼ਟ ਦੀ ਪੀੜ ਤੋਂ ਬਚ ਜਾਵਾਂਗਾ।

ਦਵਾਈ ਖਾਣ ਦਾ ਵਕਤ ਹੋ ਗਿਆ? ਅੱਛੀ ਗੱਲ ਹੈ, ਦੇ। ਇਸ ਵਿਚ ਨੀਂਦ ਦੀ ਦਵਾਈ ਵੀ ਹੈ ਨਾ ? ਜੇ ਦੇਖਿਆ ਜਾਏ ਤਾਂ ਨੀਂਦ ਵੀ ਛੋਟੀ ਮੋਟੀ ਮੌਤ ਹੀ ਹੈ। ਨੀਂਦ ਲੁਭਾਉਣੀ ਹੈ; ਪਰ ਮੌਤ ਉਸ ਤੋਂ ਵੀ ਜ਼ਿਆਦਾ ਲੁਭਾਵਣੀ ਹੈ।

ਮੈਨੂੰ ਹੋਰ ਕਿੰਨੇ ਦਿਨ ਏਥੇ ਰਹਿਣਾ ਪਵੇਗਾ, ਨਰਸ ? ਮੈਂ ਸੋਚਦਾਂ ਜਲਦੀ ਹੀ ਵਾਪਸ ਚਲਾ ਜਾਵਾਂ। ਪਰ ਫੇਰ ਸੋਚਦਾਂ ਕਿ ਮੈਂ ਤਾਂ ਸਾਰਾ ਕੁੱਝ ਬੰਦ ਕਰ ਕੇ ਆਇਆਂ, ਮੈਨੂੰ ਦੁਬਾਰਾ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਪਵੇਗੀ। ਤੂੰ ਕਹਿ ਸਕਦੀ ਹੈ ਕਿ ਇਸ ਵਿਚ ਘਬਰਾਉਣ ਵਾਲੀ ਕਿਹੜੀ ਗੱਲ ਹੈ ? ਉਹੋ, ਤੂੰ ਤਾਂ ਜਾਣ ਲੱਗੀ ਏਂ। ਮੈਂ ਤਾਂ ਤੈਨੂੰ ਸਾਰੀਆਂ ਗੱਲਾਂ ਅਜੇ ਦੱਸੀਆਂ ਹੀ ਨਹੀਂ। ਨਹੀਂ, ਇਸ ਵਾਰੀ ਮੈਂ ਤੈਨੂੰ ਸਾਰੀਆਂ ਗੱਲਾਂ ਠੀਕ-ਠੀਕ ਸਮਝਾਵਾਂਗਾ।

ਪਰ ਕੀ ਇਹ ਸਾਰੀਆਂ ਗੱਲਾਂ ਚੰਗੀ ਤਰ੍ਹਾਂ ਸਮਝਾਈਆਂ ਜਾ ਸਕਦੀਆਂ ਨੇ। ਕੀ ਮੈਂ ਖ਼ੁਦ ਆਪਣੇ ਆਪ ਨੂੰ ਸਮਝ ਲਿਐ? ਤੇ ਕੀ ਹਰੇਕ ਚੀਜ਼ ਦਾ ਆਪਣਾ ਇਕ ਸਰੂਪ ਹੈ ? ਵੇਖ, ਮੇਰੇ ਨਾਂ ਨੂੰ ਹੀ ਲੈ ਲੈ! 'ਪੰਡਿਤ ਜੀ' ਮੇਰਾ ਆਪਣਾ ਨਾਂ ਨਹੀਂ ਹੈ। ਮੇਰੀ ਕਿਤਾਬਾਂ ਦੀ ਦੁਕਾਨ ਹੋਣ ਕਰਕੇ ਅਤੇ ਲੋਕਾਂ ਨੂੰ ਘੱਟ ਗਿਆਨ ਹੋਣ ਕਰਕੇ ਮੈਂ ਉਨ੍ਹਾਂ ਨੂੰ ਕੁੱਝ ਨਾ ਕੁੱਝ ਸਮਝਾਉਂਦਾ ਰਹਿੰਦਾ ਸਾਂ, ਇਸ ਲਈ ਮੈਨੂੰ ਇਹ ਨਾਂ ਦਿੱਤਾ ਗਿਆ ਸੀ ਅਤੇ ਮੈਂ ਵੀ ਨਾਂ ਨੂੰ ਪਰਵਾਨ ਕਰ ਲਿਆ ਸੀ। ਸਭ ਮੇਰਾ ਅਸਲੀ ਨਾਂ ਭੁੱਲ ਗਏ। ਜਿਵੇਂ ਦੀਨਾ ਨਾਥ ਦੇ ਅਸਲੀ ਨਾਂ ਦੇ ਬਦਲੇ ਅਸੀਂ ਸਿਰਫ਼ ਦੀਨਾ ਮਾਸਟਰ ਦੇ ਨਾਂ ਨਾਲ ਹੀ ਜਾਣਦੇ ਸਾਂ।

ਵੇਖ, ਤੂੰ-ਜਾਣ ਲਈ ਉਤਾਵਲੀ ਹੈਂ; ਫੇਰ ਵੀ ਮੈਂ ਆਪਣੀ ਗੱਲ ਤੈਨੂੰ ਠੀਕ ਤਰ੍ਹਾਂ ਦੱਸ ਨਹੀਂ ਸਕਦਾ। ਨਹੀਂ; ਇਸ ਵਾਰੀ ਮੈਂ ਫੇਰ ਸ਼ੁਰੂ ਤੋਂ ਸ਼ੁਰੂ ਕਰਦਾਂ, ਆਪਣੇ ਜਨਮ ਤੋਂ। ਪਰ ਆਪਣੇਜਨਮ ਦੀ ਗੱਲ ਕੋਈ ਜਾਣਦਾ ਹੈ ? ਹਰ ਇਨਸਾਨ ਲਈ ਉਸ ਦਾ ਜਨਮ

ਉਨ੍ਹਾਂ ਹੀ ਰਹੱਸਪੂਰਨ ਹੈ, ਜਿੰਨੀ ਉਸ ਦੀ ਮੌਤ। ਫੇਰ ਵੀ, ਜਦੋਂ ਦੀ ਮੈਂ ਹੋਸ਼ ਸੰਭਾਲੀ ਤਾਂ ਮੈਂ ਆਪਣੇ ਚਾਚੇ ਕੋਲ ਸਾਂ। ਅੱਗੇ ਜਾ ਕੇ ਪਤਾ ਲੱਗਾ ਕਿ ਮੇਰੇ ਮਾਂ-ਪਿਉ ਦੇ ਅਕਾਲ ਚਲਾਣਾ ਕਰਨ ਉਪਰੰਤ ਮੇਰਾ ਚਾਚਾ ਮੈਨੂੰ ਪਾਲ ਪੋਸ ਰਿਹਾ ਸੀ। ਉਸ ਦੇ ਕਈ ਬੱਚੇ ਸਨ। ਚਾਚਾ ਜੀ ਛੋਟੀ ਜਿਹੀ ਸਰਕਾਰੀ ਨੌਕਰੀ ਕਰਦੇ ਸਨ ਅਤੇ ਬਹੁਤ ਹੀ ਸ਼ਾਂਤ ਸੁਭਾਅ ਦੇ ਸਨ। ਪਰ ਚਾਚੀ ਬਹੁਤ ਗੁਸੈਲ ਸੀ ਤੇ ਸਾਰਿਆਂ ਨੂੰ ਡਾਂਟਦੀ ਰਹਿੰਦੀ ਸੀ। ਹੁਣ ਮੈਂ ਸਮਝ ਗਿਆ ਕਿ ਕਮਜ਼ੋਰ ਹੋਣ ਕਰ ਕੇ ਉਹ ਚਿੜਚਿੜੇ ਸੁਭਾਅ ਦੀ ਸੀ। ਗੱਲ-ਗੱਲ ਉੱਤੇ ਚਾਚੀ ਮੈਨੂੰ ਗਾਲ੍ਹਾਂ ਕੱਢਦੀ ਸੀ ਅਤੇ ਏਸੇ ਲਈ ਮੇਰਾ ਬਚਪਨ ਅਸ਼ਾਂਤੀ ਵਿਚ ਬੀਤਿਆ ਸੀ।

ਕਦੇ-ਕਦੇ ਮੈਂ ਸੋਚਦਾ ਸੀ ਕਿ ਮੈਂ ਉਨ੍ਹਾਂ ਦਾ ਆਪਣਾ ਬੇਟਾ ਨਹੀਂ ਹਾਂ, ਏਸ ਲਈ ਉਹ ਮੈਨੂੰ ਏਨਾ ਗੁੱਸੇ ਹੁੰਦੀ ਹੈ। ਪਰ ਜੇ ਮੈਂ ਓਦੋਂ ਥੋੜ੍ਹਾ ਜਿਹਾ ਸੋਚਿਆ ਹੁੰਦਾ ਤਾਂ ਪਤਾ ਲਗ ਜਾਂਦਾ ਕਿ ਉਹ ਆਪਣੇ ਬੱਚਿਆਂ ਨੂੰ ਵੀ ਓਨਾ ਹੀ ਡਾਂਟਦੀ ਸੀ, ਜਿੰਨਾ ਮੈਨੂੰ। ਘਰ ਵਿੱਚ ਅਸ਼ਾਂਤੀ ਹੋਣ ਕਰਕੇ ਮੇਰਾ ਮਨ ਸਕੂਲ ਦੀ ਪੜ੍ਹਾਈ ਵਿਚ ਨਹੀਂ ਸੀ ਲਗਦਾ। ਇਕ ਦਿਨ ਅਜਿਹੀ ਹੀ ਇਕ ਦੁਖਦਾਈ ਘਟਨਾ ਕਰਕੇ ਮੈਂ ਚਾਚੇ ਦਾ ਘਰ ਹਮੇਸ਼ਾ ਲਈ ਛੱਡ ਆਇਆ ਸਾਂ।

ਸਾਰਾ ਦਿਨ ਏਧਰ-ਓਧਰ ਭਟਕਣ ਤੋਂ ਬਾਅਦ, ਸ਼ਾਮੀਂ ਮੈਂ ਮਿਊਂਸਪੈਲਿਟੀ ਮਾਰਕਿਟ ਕੋਲ ਖੜ੍ਹਾ ਸੀ। ਕਿਸੇ ਦਾ ਸਮਾਨ ਨਾਲ ਭਰਿਆ ਟਰੱਕ ਆ ਕੇ ਮੇਰੇ ਕੋਲ ਖੜ੍ਹਾ ਹੋ ਗਿਆ। ਆਸ-ਪਾਸ ਕੋਈ ਕੁਲੀ ਨਹੀਂ ਸੀ। ਦੁਕਾਨਦਾਰ ਨੇ ਆ ਕੇ ਏਧਰ-ਓਧਰ ਨਿਗਾਹ ਦੌੜਾਈ ਤੇ ਕਿਹਾ," ਓ ਲੜਕੇ, ਦੇਖ ਕੀ ਰਿਹੈਂ, ਟਰੱਕ ਤੋਂ ਸਮਾਨ ਉਤਾਰ।"

ਬਿਨਾਂ ਕੁੱਝ ਸੋਚੇ ਹੀ ਮੈਂ ਟਰੱਕ ਤੋਂ ਸਮਾਨ ਉਤਾਰਨ ਲਗ ਪਿਆ। ਸੁਭਾਗ ਨਾਲ ਉਸ ਦੁਕਾਨਦਾਰ ਨੂੰ ਇੱਕ ਆਦਮੀ ਦੀ ਲੋੜ ਸੀ। ਜਿਸ ਦਿਨ ਘਰੋਂ ਨਿਕਲਿਆ, ਓਸੇ ਦਿਨ ਮੈਨੂੰ ਨੌਕਰੀ ਮਿਲ ਗਈ। ਮੈਂ ਓਸੇ ਦੁਕਾਨ ਵਿਚ ਰਹਿਣ ਲੱਗ ਪਿਆ। ਕੁੱਝ ਦਿਨਾਂ ਬਾਅਦ ਚਾਚਾ ਮੈਨੂੰ ਲੱਭਦਾ-ਲੱਭਦਾ ਓਥੇ ਪਹੁੰਚਿਆ; ਪਰ ਮੈਂ ਘਰ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਨੋਕਰੀ ਸ਼ੁਰੂ ਕਰਨ ਦੇ ਕੁੱਝ ਹੀ ਸਾਲਾਂ ਬਾਅਦ, ਮਿਊਂਸਪੈਲਿਟੀ, ਦੇ ਖੁੱਲ੍ਹੇ ਮੈਦਾਨ ਵਿਚ ਬੈਠ ਕੇ ਮੈਂ ਆਪਣੀ ਨਿੱਕ-ਸੁੱਕ ਦੀ ਦੁਕਾਨ ਚਲਾਉਣ ਲੱਗਾ। ਇਸੇ ਦਰਮਿਆਨ ਚਾਚੇ ਨੇ ਕਈ ਵਾਰੀ ਘਰ ਚੱਲਣ ਲਈ ਕਿਹਾ, ਪਰ ਮੈਂ ਨਹੀਂ ਗਿਆ। ਹੌਲੀ ਹੌਲੀ ਮੈਂ

ਆਪਣੀ ਦੁਕਾਨ ਵਧਾਉਣ ਲੱਗਾ। ਇਸੇ ਦਰਮਿਆਨ ਮੇਰੀ ਜਾਣ-ਪਛਾਣ ਦੀਨਾ ਮਾਸਟਰ ਨਾਲ ਹੋਈ। ਇਸੇ ਖੁੱਲ੍ਹੇ ਮੈਦਾਨ ਵਿਚ ਦੀਨਾ ਮਾਸਟਰ ਦੀ ਕਿਤਾਬਾਂ ਦੀ ਦੁਕਾਨ ਸੀ। ਦੀਨਾ ਮਾਸਟਰ ਖਾਦੀ ਪਾਉਂਦੇ ਸਨ; ਬੜੇ ਸ਼ਾਂਤ ਤੇ ਸਾਊ ਸੁਭਾ ਦੇ ਸਨ; ਇਨ੍ਹਾਂ ਦੇ ਸੰਬੰਧ ਸਭ ਨਾਲ ਚੰਗੇ ਸਨ। ਕਦੇ ਕਿਸੇ ਨੂੰ ਕੋਈ ਪਰੇਸ਼ਾਨੀ ਹੁੰਦੀ ਤਾਂ ਉਹ ਦੀਨਾ ਮਾਸਟਰ ਕੋਲ ਜਾਂਦਾ ਸੀ ਤੇ ਉਹ ਹਮੇਸ਼ਾ ਉਸ ਦੀ ਮਦਦ ਕਰਦੇ।

ਜਿਸ ਦਿਨ ਯੂਨੀਵਰਸਿਟੀ ਦੇ ਲੋਕ ਆ ਕੇ ਸਾਡੇ ਕੋਲੋਂ ਪੈਸਾ ਮੰਗਣ ਲੱਗੇ, ਅਸੀਂ ਸਾਰੇ ਬਾਹਰ ਦੁਕਾਨ ਲਾਉਣ ਵਾਲੇ ਦੀਨਾ ਮਾਸਟਰ ਕੋਲ ਗਏ। ਦੀਨਾ ਮਾਸਟਰ ਬੋਲੇ, “ਨਹੀਂ, ਅਸੀਂਰਿਸ਼ਵਤ ਨਹੀਂ ਦਿਆਂਗੇ।" ਅਖ਼ੀਰ ਮਿਉਂਸਪੈਲਿਟੀ ਵਾਲਿਆਂ ਨੇ ਸਾਡੇ ਉੱਤੇ ਮੁਕੱਦਮਾ ਕਰ ਦਿੱਤਾ। ਪੁਲਿਸ ਆਈ। ਦੀਨਾ ਮਾਸਟਰ ਦੇ ਕਹੇ ਅਨੁਸਾਰ ਅਸੀਂ ਪੁਲਿਸ ਨੂੰ ਰੋਕਿਆ। ਪਰ ਪੁਲਿਸ ਜ਼ਬਰਦਸਤੀ ਸਾਡੀਆਂ ਸਾਰਿਆਂ ਦੀਆਂ ਦੁਕਾਨਾਂ ਤੋੜ ਗਈ, ਸਾਨੂੰ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿਚ ਅਸੀਂ ਅਠਾਈ ਦਿਨ ਰਹੇ। ਉਹ ਮਾਂ ਸਾਨੂੰ ਬਹੁਤ ਅੱਖਰਦਾ ਜੇ ਦੀਨਾ ਮਾਸਟਰ ਸਾਡੇ ਨਾਲ ਨਾ ਹੁੰਦੇ।

ਦੀਨਾ ਮਾਸਟਰ ਪਹਿਲਾਂ ਵੀ ਅੰਦੋਲਨ ਵੇਲੇ ਜੇਲ੍ਹ ਗਏ ਸੀ, ਅਤੇ ਜੇਲ੍ਹ ਅੰਦਰ ਵੀ ਮਨੁੱਖ ਕਿਵੇਂ ਇੱਜ਼ਤ ਨਾਲ ਰਹਿੰਦਾ ਹੈ, ਉਹ ਇਸ ਦੇ ਉਦਾਹਰਨ ਸਨ। ਭਾਵੇਂ ਅਸੀਂ ਛੋਟੀਆਂ-ਛੋਟੀਆਂ ਗੱਲਾਂ ਤੋਂ ਘਬਰਾ ਜਾਂਦੇ, ਪਰ ਦੀਨਾ ਮਾਸਟਰ ਦੇ ਸ਼ਾਂਤ ਸੁਭਾਅ ਤੇ ਕੋਈ ਅਸਰ ਨਾ ਹੁੰਦਾ। ਭਾਵੇਂ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਢੇਰ ਸਾਰੀਆਂ ਜ਼ਿੰਮੇਵਾਰੀਆਂ ਸਨ, ਪਰ ਉਹ ਤਿਲ ਭਰ ਵੀ ਥਿੜਕਦੇ ਨਾ।

ਇਸ ਦੁਨੀਆਂ ਦੇ ਬਾਹਰ ਵੀ ਗਿਆਨ ਦੀ ਇੱਕ ਸੰਪੂਰਨ ਦੁਨੀਆਂ ਹੈ, ਇਹ ਗੱਲ ਮੈਂ ਦੀਨਾ ਮਾਸਟਰ ਦੀ ਸੰਗਤ ਤੋਂ ਜਾਣੀ ਜੇਲ੍ਹ ਜਾਂਦਿਆਂ ਦੀਨਾ ਮਾਸਟਰ ਕੁੱਝ ਕਿਤਾਬਾਂ ਆਪਣੇ ਥੈਲੇ ਵਿਚ ਲੈ ਆਏ ਸਨ। ਉਸ ਵਿੱਚੋਂ ਸਭ ਤੋਂ ਪਹਿਲਾਂ ਮੈਨੂੰ ਉਨ੍ਹਾਂ ਸੰਪੂਰਨ ਮਹਾਂਭਾਰਤ ਪੜ੍ਹਨ ਲਈ ਦਿੱਤੀ। ਭਾਵੇਂ ਮਹਾਂਭਾਰਤ ਦੀਆਂ ਕੁੱਝ ਗੱਲਾਂ ਮੈਂ ਪਹਿਲਾਂ ਹੀ ਜਾਣਦਾ ਸਾਂ, ਫੇਰ ਵੀ ਜੇਲ੍ਹ ਅੰਦਰ ਬੰਦ ਬੈਠੇ ਮਹਾਂਭਾਰਤ ਦੀਆਂ ਕਹਾਣੀਆਂ ਨੇ ਮੈਨੂੰ ਨਵਾਂ ਅਨੁਭਵ ਦਿੱਤਾ। ਜਿੱਥੇ ਵੀ ਕਿਤੇ ਸਮਝਣਾ ਹੁੰਦਾ ਤਾਂ ਮੈਂ ਦੀਨਾ ਮਾਸਟਰ ਕੋਲ ਜਾਂਦਾ ਤੇ ਉਹ ਮੈਨੂੰ ਚੰਗੀ ਤਰ੍ਹਾਂ ਸਮਝਾ ਦੇਂਦੇ। ਉਨ੍ਹਾਂ ਦੇ ਪ੍ਰਭਾਵ ਨਾਲ ਹੀ ਮੈਨੂੰ ਪੜ੍ਹਾਈ ਦੀ ਅਜੀਬ ਲਗਨ ਲਗ ਗਈ। ਇਸ ਤੋਂ ਬਾਅਦ ਮੈਂ ਸਾਰੀਆਂ ਚੀਜ਼ਾਂ ਪੜ੍ਹਨ ਲਗ ਪਿਆ। ਜਿਹੜੀ ਵੀ

ਕਿਤਾਬ ਹੱਥ ਲਗਦੀ, ਪੜ੍ਹ ਲੈਂਦਾ। ਕਿਹਾ ਜਾ ਸਕਦਾ ਹੈ ਕਿ ਮੇਰੇ ਵਰਗੇ ਇਕੱਲੇ ਵਿਅਕਤੀ ਲਈ ਕਿਤਾਬਾਂ ਦੀ ਦੁਨੀਆਂ ਕਿਸੇ ਪਲਾਇਨਵਾਦੀ ਦਾ ਦੇਸ ਬਣ ਗਿਆ ਸੀ।

ਕੀ ਫੇਰ ਦਵਾਈ ਖਾਣ ਦਾ ਵਕਤ ਹੋ ਗਿਆ ? ਸਮਾਂ ਕਿੰਨੀ ਜਲਦੀ ਬਦਲ ਜਾਂਦੈ। ਵੇਖਦੇ ਹੀ ਵੇਖਦੇ ਸਵੇਰ ਦੁਪਹਿਰ ਹੋ ਕੇ ਫੇਰ ਸ਼ਾਮ ਹੋ ਜਾਂਦੀ ਹੈ। ਕੱਲ੍ਹ ਸਵੇਰੇ ਕਿਣ-ਮਿਣ ਹੋ ਰਹੀ ਸੀ। ਅੱਜ ਵੇਖੋ, ਸਵੇਰ ਕਿਵੇਂ ਸੁਨਹਿਰੀ ਧੁੱਪ ਨਾਲ ਚਮਕ ਰਹੀ ਹੈ। ਸੰਭਵ ਹੈ, ਇੰਦਰਧਨੁਸ਼ ਵੀ ਨਿਕਲੇ। ਫੇਰ ਕੱਲ੍ਹ ਦੀ ਸਵੇਰ ਕਿਹੋ ਜਿਹੀ ਹੋਵੇਗੀ, ਕੀ ਕਹਿ ਸਕਦੇ ਹਾਂ ?

ਮੈਂ ਤੇਰੇ ਨਾਲ ਵਾਅਦਾ ਕਰਦਾਂ, ਨਰਸ, ਕਿ ਮੈਂ ਤੇਰੀ ਗੱਲ ਮੰਨਾਂਗਾ, ਵਕਤ ਸਿਰ ਦਵਾਈ ਖਾਵਾਂਗਾ। ਕੱਲ੍ਹ ਸਵੇਰ ਤੱਕ ਮੈਂ ਕੁੱਝ ਹੋਰ ਤੰਦਰੁਸਤ ਹੋ ਜਾਵਾਂਗਾ, ਫੇਰ ਕੱਲ੍ਹ ਦੀ ਸਵੇਰ ਮੈਨੂੰ ਹੋਰ ਵੀ ਸੋਹਣੀ ਲੱਗੇਗੀ। ਤੂੰ ਸਿਰਫ਼ ਦੋ ਮਿੰਟ ਬੈਠ ਨਰਸ। ਮੈਂ ਤੈਨੂੰ ਸੰਖੇਪ ਵਿਚ ਆਪਣੀਆਂ ਦੋ ਗੱਲਾਂ ਸੁਣਾਉਂਦਾ ਹਾਂ। ਕਹਿੰਦੇ ਨੇ ਕਿ ਡਰਪੋਕ ਆਦਮੀ ਕਈ ਮੌਤਾਂ ਮਰਦੈ। ਮੈਂ ਆਪਣੇ ਆਪ ਨੂੰ ਸਾਹਸੀ ਮੰਨਦਾ ਹਾਂ। ਇਸ ਦਾ ਮਤਲਬ ਇਹ ਹੈ ਕਿ ਮੈਂ ਬਾਰ-ਬਾਰ ਜੀਵਨ ਨੂੰ ਗਲੇ ਲਗਾਇਆ ਸੀ। ਕੀ ਮੇਰਾ ਜੀਵਨ ਕਈ ਛੋਟੇ ਛੋਟੇ ਜੀਵਨਾਂ ਦਾ ਜੋੜ ਸੀ? ਮੇਰੀ ਨਿੱਕ-ਸੁੱਕ ਦੀ ਦੁਕਾਨ, ਮੇਰਾ ਜੇਲ੍ਹ ਜਾਣਾ, ਮੇਰਾ ਵਿਆਹ ਕੀ ਇਹ ਮੇਰੇ ਲਈ ਵੱਖ ਵੱਖ ਸੁਤੰਤਰ ਜੀਵਨ ਸਨ ?

ਜੇਲ੍ਹ ਤੋਂ ਵਾਪਸ ਆ ਕੇ ਕਿਤਾਬਾਂ ਦੀ ਦੁਕਾਨ ਖੋਲ੍ਹਣ ਦੀ ਗੱਲ ਤਾਂ ਮੈਂ ਤੈਨੂੰ ਦੱਸੀ ਸੀ ਨਾ ? ਅਸੀਂ ਸਾਰਿਆਂ ਨੇ ਆਪਣੀ ਭੁੱਲ ਦੀ ਮੁਆਫ਼ੀ ਮੰਗ ਕੇ ; ਭਵਿੱਖ ਵਿਚ ਚੰਗਾ ਵਿਹਾਰ ਕਰਨ ਦਾ ਬਾਂਡ ਲਿਖ ਕੇ ਛੁੱਟੀ ਲੈ ਲਈ ਸੀ। ਸਿਰਫ਼ ਦੀਨਾ ਮਾਸਟਰ ਹੁਰੀ ਅੰਦਰ ਰਹਿ ਗਏ, ਕਿਉਂਕਿ ਉਨ੍ਹਾਂ ਨੇ ਕਾਗ਼ਜ਼ ਉੱਤੇ ਦਸਖ਼ਤ ਨਹੀਂ ਕੀਤੇ ਸਨ। ਫੇਰ ਮਿਊਂਸਪੈਲਿਟੀ ਦੇ ਮੈਦਾਨ ਵਿਚ ਦੁਕਾਨਾਂ ਲੱਗਣ ਲਗੀਆਂ। ਇਸ ਵਾਰੀ ਮਿਊਂਸਪੈਲਿਟੀ ਨੇ ਇਨ੍ਹਾਂ ਦੁਕਾਨਾਂ ਨੂੰ ਮਨਜ਼ੂਰੀ ਦੇ ਦਿੱਤੀ। ਦੀਨਾ ਮਾਸਟਰ ਦੀ ਥਾਂ ਤੇ ਮੇਰੀ ਕਿਤਾਬਾਂ ਦੀ ਦੁਕਾਨ ਸੀ। ਵਪਾਰ ਚੰਗਾ ਚੱਲਿਆ। ਕੁੱਝ ਦਿਨ ਤਾਂ ਜੇਲ੍ਹ ਜਾ ਕੇ ਦੀਨਾ ਮਾਸਟਰ ਨੂੰ ਮਿਲਦੇ ਰਹੇ ਤੇ ਉਨ੍ਹਾਂ ਦੇ ਪਰਿਵਾਰ ਦਾ ਹਾਲ-ਚਾਲ ਪਤਾ ਕਰਦੇ ਰਹੇ। ਉਨ੍ਹਾਂ ਦੀ ਪਤਨੀ ਕਿਸੇ ਦੇ ਘਰ ਨੌਕਰਾਣੀ ਦਾ ਕੰਮ ਕਰਦੀ ਸੀ ਅਤੇ ਉਨ੍ਹਾਂ ਦੇ ਬੱਚਿਆਂ ਦਾ ਨਾਮ ਸਕੂਲ

ਵਿੱਚੋਂ ਕੱਟਿਆ ਗਿਆ ਸੀ। ਪਰ ਦੀਨਾ ਮਾਸਟਰ ਪਹਿਲਾਂ ਵਾਂਗ ਹੀ ਸਨ, ਅਤੇ ਮੁਕੱਦਮੇ ਦੀਆਂ ਵਿਭਿੰਨ ਤਰੀਕਾਂ ਦੀ ਉਡੀਕ ਵਿਚ ਜੇਲ੍ਹ ਵਿਚ ਹੀ ਰਹਿੰਦੇ ਸਨ। ਉਨ੍ਹਾਂ ਉੱਤੇ ਪੁਲਿਸ ਦਾ ਰਸਤਾ ਰੋਕਣ, ਆਦਿ ਦੀਆਂ ਵਿਭਿੰਨ ਦਫਾਵਾਂ ਵਿਚ ਮੁਕੱਦਮਾ ਕੀਤਾ ਗਿਆ ਸੀ ਪਰ ਉਹ ਅਟੱਲ ਸਨ।

ਹੌਲੀ ਹੌਲੀ ਦੀਨਾ ਮਾਸਟਰ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਸਾਡਾ ਸੰਪਰਕ ਘਟਦਾ ਗਿਆ।

ਇਕ ਦਿਨ ਖ਼ਬਰ ਮਿਲੀ ਕਿ ਦੀਨਾ ਮਾਸਟਰ ਦੀ ਪਤਨੀ ਸ਼ਹਿਰ ਛੱਡ ਕੇ ਆਪਣੇ ਪਿੰਡ ਚਲੀ ਗਈ ਹੈ। ਬਹੁਤ ਦਿਨਾਂ ਬਾਅਦ ਉਹ ਮੁਕੱਦਮਾ ਵੀ ਵਾਪਸ ਲੈ ਲਿਆ ਗਿਆ ਅਤੇ ਦੀਨਾ ਮਾਸਟਰ ਜੀ ਵੀ ਜੇਲ੍ਹ ਤੋਂ ਰਿਹਾ ਹੋ ਕੇ ਪਿੰਡ ਚਲੇ ਗਏ। ਉਨ੍ਹਾਂ ਨੂੰ ਮੈਂ ਮਿਲ ਨਾ ਸਕਿਆ ਇੱਕ ਵਾਰੀ ਸੋਚਿਆ ਸੀ ਕਿ ਉਨ੍ਹਾਂ ਦੇ ਪਿੰਡ ਬਾਰੇ ਪਤਾ ਕਰਕੇ ਉਨ੍ਹਾਂ ਨੂੰ ਮਿਲ ਆਵਾਂ, ਪਰ ਉਹ ਵੀ ਨਾ ਹੋਇਆ। ਕੁੱਝ ਦਿਨਾਂ ਬਾਅਦ ਕਿਸੇ ਨੇ ਆ ਕੇ ਦੱਸਿਆ ਕਿ ਦੀਨਾ ਮਾਸਟਰ ਦੀ ਮੌਤ ਹੋ ਗਈ ਹੈ।

ਕਈ ਵਾਰੀ ਮੈਨੂੰ ਦੀਨਾ ਮਾਸਟਰ ਦਾ ਖ਼ਿਆਲ ਆਉਂਦੈ। ਮੈਂ ਜੀਵਨ ਵਿਚ ਜੋ ਕੁੱਝ ਵੀ ਪ੍ਰਾਪਤ ਕੀਤੈ, ਸਾਰਾ ਉਨ੍ਹਾਂ ਦੇ ਅਸ਼ੀਰਵਾਦ ਦਾ ਫਲ ਸੀ। ਉਨ੍ਹਾਂ ਨੇ ਮੈਨੂੰ ਸੰਕੀਰਨ ਜਿਹੀ ਥਾਂ ਤੋਂ ਉਠਾ ਕੇ ਇਕ ਵਿਆਪਕ ਦੁਨੀਆਂ ਵਿਚ ਪਹੁੰਚਾ ਦਿੱਤਾ ਸੀ। ਸੱਚ ਪੁੱਛਿਆ ਜਾਏ ਤਾਂ ਉਨ੍ਹਾਂ ਦਾ ਮੇਰੇ ਜੀਵਨ ਉੱਤੇ ਡੂੰਘਾ ਪ੍ਰਭਾਵ ਹੈ। ਉਨ੍ਹਾਂ ਦੇ ਮਰਨ ਦੀ ਖ਼ਬਰ ਸੁਣ ਕੇ ਮੈਨੂੰ ਕਿੰਨੇ ਹੀ ਦਿਨਾਂ ਤੱਕ ਅਜੀਬ ਜਿਹਾ ਲਗਦਾ ਰਿਹਾ। ਨਾਲ ਇਸ ਗੱਲ ਦਾ ਪਛਤਾਵਾ ਵੀ ਹੁੰਦਾ ਰਿਹਾਂ ਕਿ ਮੈਂ ਉਨ੍ਹਾਂ ਲਈ ਕੁੱਝ ਨਾ ਕਰ ਸਕਿਆ।

ਦੀਨਾ ਮਾਸਟਰ ਦਾ ਮਰ ਜਾਣਾ, ਮੇਰੇ ਲਈ ਮੌਤ ਦਾ ਪਹਿਲਾ ਨਿਕਟ ਅਨੁਭਵ ਸੀ। ਮੈਂ ਉਨ੍ਹਾਂ ਦੀ ਮੌਤ ਨੂੰ ਸਹਿਜੇ ਹੀ ਸਵੀਕਾਰ ਨਹੀਂ ਕਰ ਸਕਿਆ। ਕਈ ਵਾਰੀ ਮੈਨੂੰ ਅਜਿਹਾ ਲਗਦਾ ਸੀ ਕਿ ਇਕ ਦਿਨ ਦੀਨਾ ਮਾਸਟਰ ਸਵੇਰੇ ਹੀ ਮੇਰੀ ਦੁਕਾਨ ਉੱਤੇ ਆ ਜਾਣਗੇ ਤੇ ਆਪਣੇ ਥੈਲੇ ਵਿੱਚੋਂ ਕੁੱਝ ਹੋਰ ਕਿਤਾਬਾਂ ਕੱਢ ਕੇ ਮੈਨੂੰ ਦੇਣਗੇ। ਪਰ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ, ਦੀਨਾ ਮਾਸਟਰ ਦੀ ਯਾਦ ਧੁੰਦਲੀ ਹੁੰਦੀ ਗਈ।

ਇਸੇ ਦੌਰਾਨ ਮੈਨੂੰ ਆਪਣੀ ਚਾਚੀ ਦੀ ਮੌਤ ਦੀ ਖ਼ਬਰ ਮਿਲੀ ਅਤੇ ਮੈਂ ਕਈ ਸਾਲਾਂਬਾਅਦ ਚਾਚੇ ਦੇ ਘਰ ਗਿਆ। ਚਾਚੇ ਦੇ ਜਿਸ ਘਰ ਵਿਚ ਮੈਂ ਆਪਣਾ ਬਚਪਨ ਬਿਤਾਇਆ ਸੀ, ਅੱਜ ਉਹ ਮੇਰੇ ਲਈ ਪੂਰੀ ਤਰ੍ਹਾਂ ਨਵਾਂ ਸੀ। ਅੱਜ ਸਾਰੇ ਰਿਸ਼ਤੇ ਰਸਮੀ

ਬਣ ਗਏ ਸਨ। ਉਨ੍ਹਾਂ ਦੇ ਘਰੋਂ ਵਾਪਸੀ ਉੱਤੇ, ਬੀਤੀਆਂ ਗੱਲਾਂ ਯਾਦ ਕਰਦਿਆਂ ਮੈਨੂੰ ਲੱਗਿਆ ਕਿ ਚਾਚੀ ਵਾਕਈ ਮੈਨੂੰ ਚਾਹੁੰਦੀ ਸੀ, ਉਸ ਨੂੰ ਆਪਣੇ ਬੱਚਿਆਂ ਨਾਲ ਜਿੰਨਾ ਪਿਆਰ ਸੀ, ਮੇਰੇ ਨਾਲ ਵੀ ਓਨਾ ਹੀ ਪਿਆਰ ਸੀ। ਇਸ ਖ਼ਿਆਲ ਨਾਲ ਮੈਨੂੰ ਦਿਲੋਂ ਤਸੱਲੀ ਮਿਲੀ ਅਤੇ ਮੇਰੇ ਦਿਲ ਵਿਚ ਆਪਣੀ ਕਿਸ਼ੋਰ ਅਵਸਥਾ ਦੇ ਪ੍ਰਤੀ ਜਿੰਨਾ ਗੁੱਸਾ ਗਿਲਾ ਸੀ, ਉਹ ਦੂਰ ਹੋ ਗਿਆ।

ਮੇਰੀ ਕਿਤਾਬਾਂ ਦੀ ਦੁਕਾਨ ਚੰਗੀ ਚੱਲ ਰਹੀ ਸੀ। ਮੈਂ ਤਰ੍ਹਾਂ ਤਰ੍ਹਾਂ ਦੀਆਂ ਕਿਤਾਬਾਂ ਲਿਆ ਕੇ ਦੁਕਾਨ ਵਿਚ ਰੱਖਣ ਲਗ ਪਿਆ। ਅਕਸਰ ਸਕੂਲ-ਕਾਲਜ ਦੇ ਵਿਦਿਆਰਥੀ ਦੁਕਾਨ ਤੇ ਆ ਕੇ ਨਵੀਆਂ ਨਵੀਆਂ ਕਿਤਾਬਾਂ ਉਲਟ-ਪੁਲਟ ਕਰਕੇ ਵੇਖਦੇ। ਉਨ੍ਹਾਂ ਦੀ ਹਾਲਤ ਸਮਝ ਕੇ ਮੈਂ ਕਿਤਾਬਾਂ ਉਧਾਰ ਦੇਣ ਲੱਗ ਪਿਆ। ਇੰਜ ਦੀ ਗੱਲ ਸਾਡੇ ਸ਼ਹਿਰ ਵਿਚ ਬਿਲਕੁਲ ਨਵੀਂ ਸੀ। ਕਿਤਾਬਾਂ ਉਧਾਰ ਦੇ ਦੇਣ ਕਰਕੇ ਹੌਲੀ ਹੌਲੀ ਮੇਰੀ ਦੁਕਾਨ ਬਹੁਤ ਪ੍ਰਸਿੱਧ ਹੋ ਗਈ ਅਤੇ ਨਾਲ ਹੀ ਕੁੜੀਆਂ-ਮੁੰਡਿਆਂ ਦਾ ਅੱਡਾ ਵੀ ਬਣ ਗਈ। ਮੈਂ ਆਪ ਵੀ ਬਹੁਤ ਕਿਤਾਬਾਂ ਪੜ੍ਹਨ ਲਗ ਪਿਆ, ਅਤੇ ਕਿਤਾਬਾਂ ਖ਼ਰੀਦਣ ਵੇਲੇ ਮੁੰਡੇ ਮੇਰੇ ਨਾਲ ਕਿਤਾਬਾਂ ਤੇ ਚਰਚਾ ਵੀ ਕਰਨ ਲਗ ਪਏ। ਭਾਵੇਂ ਮੈਂ ਕਾਲਜ ਵਿਚ ਨਹੀਂ ਸਾਂ ਪੜ੍ਹਿਆ, ਫੇਰ ਵੀ ਆਪਣੀ ਕੋਸ਼ਿਸ਼ ਨਾਲ ਕਈ ਵਿਸ਼ੇ ਪੜ੍ਹ ਚੁੱਕਾ ਸਾਂ। ਏਸੇ ਦਰਮਿਆਨ ਸਭ ਲੋਕ ਮੈਨੂੰ 'ਪੰਡਿਤ ਜੀ' ਕਹਿ ਕੇ ਬੁਲਾਉਣ ਲੱਗ ਪਏ ਅਤੇ ਮੈਂ ਵੀ ਇਸ ਨਾਮ ਨੂੰ ਪਰਵਾਨ ਕਰ ਲਿਆ।

ਅੱਜ ਵੀ ਤੈਨੂੰ ਹੱਸਣਾ ਪਵੇਗਾ ਨਰਸ। ਮੈਨੂੰ ਵੇਖ ਮੌਤ ਦੇ ਮੂੰਹ ਵਿੱਚ ਵਾਪਸ ਆ ਕੇ ਮੈਂ ਕਿੰਨਾ ਖ਼ੁਸ਼ ਹਾਂ। ਜਿਸ ਦਿਨ ਮੈਂ ਤੈਨੂੰ ਪਹਿਲੀ ਵਾਰੀ ਵੇਖਿਆ, ਮੈਨੂੰ ਪਤਾ ਸੀ ਤੇਰਾ ਨਾਂ ਨੀਲਮ ਹੋਵੇਗਾ। ਤੇ ਮੈਂ ਤੇਰੇ ਦੱਸੇ ਬਿਨਾਂ ਹੀ ਜਾਣਨਾ ਕਿ ਤੇਰੇ ਬੁਆਏ ਫਰੈਂਡ ਦਾ ਨਾਂ ਜੋਜ਼ਫ਼ ਹੈ। ਜੋਜ਼ਫ਼ ਦਾ ਖ਼ਤ ਨਹੀਂ ਆਇਆ ਏਸ ਲਈ ਤੂੰ ਉਦਾਸ ਹੈਂ। ਪਰ ਵੇਖ, ਅੱਜ ਦਾ ਦਿਨ ਕਿੰਨਾ ਸੁਹਾਵਣਾ ਹੈ। ਤੇਰੀ ਚਿੱਠੀ ਜ਼ਰੂਰ ਆਏਗੀ। ਇੰਜ ਦਾ ਸੁਹਾਵਨਾ ਦਿਨ ਵਿਅਰਥ ਨਹੀਂ ਜਾ ਸਕਦਾ...

ਅੱਜ ਮੈਂ ਬਿਲਕੁਲ ਤੰਦਰੁਸਤ ਹਾਂ ਨਾ ? ਹੋਰ ਕਿੰਨੇ ਦਿਨ ਲੱਗਣਗੇ ਮੈਨੂੰ ਵਾਪਸ ਜਾਣ ਲਈ ? ਤੂੰ ਮੇਰੀ ਏਨੀ ਸੇਵਾ ਕਰ ਚੁੱਕੀ ਹੈ; ਮੈਂ ਤੇਰਾ ਰਿਣੀ ਹੋ ਚੁੱਕਾ ਹਾਂ, ਪਰ ਜਾਣ ਤੋਂ ਪਹਿਲਾਂ ਮੈ ਤੈਨੂੰ ਆਪਣੀਆਂ ਸਾਰੀਆਂ ਗੱਲਾਂ ਦੱਸਾਂਗਾ। ਤੂੰ ਮੈਨੂੰ ਆਪਣੀ ਸ਼ਾਦੀ ਦਾ

ਕਾਰਡ ਭੇਜੇਂਗੀ ਨਾ ? ਵੇਖੀਂ, ਮੈਂ ਜਿੱਥੇ ਵੀ ਹੋਇਆ, ਤੇਰੀ ਸ਼ਾਦੀ ਵਿਚ ਜ਼ਰੂਰ ਪਹੁੰਚਾਂਗਾ। ਮੈਨੂੰ ਪਤਾ ਹੈ, ਤੈਨੂੰ ਗੁਲਾਬ ਬਹੁਤ ਚੰਗਾ ਲਗਦਾ ਹੈ। ਮੈਂ ਤੇਰੇ ਲਈ ਸਭ ਤੋਂ ਸੋਹਣਾ ਗੁਲਾਬ ਲਿਆਵਾਂਗਾ....

ਮੈਂ ਤੈਨੂੰ ਆਪਣੇ ਵਿਆਹ ਦੀ ਗੱਲ ਸੁਣਾਈ ਸੀ ਨਾ ? ਸਾਲ ਭਰ ਦੇ ਸੰਖੇਪ ਜੀਵਨ ਬਾਰੇ ਭਲਾ ਕੋਈ ਕੀ ਕਹਿ ਸਕਦਾ ਹੈ! ਇਕ ਦਿਨ ਸਵੇਰੇ ਦੁਕਾਨ ਉੱਤੇ ਬੈਠਾ ਸਾਂ, ਚਾਚਾ ਜੀ ਆ ਗਏ। ਕੁੱਝ ਸਾਲਾਂ ਵਿਚ ਹੀ ਉਹ ਬੁੱਢੇ ਹੋ ਗਏ ਸਨ। ਉਹ ਮੇਰੇ ਵਿਆਹ ਲਈ ਰਿਸ਼ਤਾ ਲੈ ਕੇ ਆਏ ਸਨ। ਮੇਰੀ ਉਮਰ ਕਾਫ਼ੀ ਹੋ ਜਾਣ ਉੱਤੇ ਵੀ, ਮੈਂ ਸ਼ਾਦੀ ਦੀ ਗੱਲ ਕਦੇ ਸੋਚੀ ਵੀ ਨਹੀਂ ਸੀ।

ਚਾਚੇ ਦੀ ਗੱਲ ਮੰਨ ਕੇ ਮੈਂ ਸ਼ਾਦੀ ਕਰ ਲਈ। ਮੈਨੂੰ ਪਤਾ ਨਹੀਂ ਸੀ ਕਿ ਮੇਰੀ ਸ਼ਾਦੀ ਜਿਸਨਾਲ ਹੋ ਰਹੀ ਹੈ ਉਹ ਉਮਰ ਵਿਚ ਮੇਰੇ ਨਾਲੋਂ ਬਹੁਤ ਛੋਟੀ ਹੈ ਅਤੇ ਇਹ ਉਹੋ ਲੜਕੀ ਹੈ ਜੋ ਮੇਰੀ ਦੁਕਾਨ ਤੋਂ ਕਵਿਤਾ ਦੀਆਂ ਕਿਤਾਬਾਂ ਚੁੱਪ-ਚਾਪ ਉਧਾਰ ਲੈ ਲੈ ਜਾਂਦੀ ਸੀ।

ਮੈਨੂੰ ਨਹੀਂ ਪਤਾ ਸੀ ਕਿ ਵਿਵਾਹਿਤ ਜੀਵਨ ਏਨੀ ਪੂਰਨਤਾ ਦੇ ਸਕਦਾ ਹੈ। ਮੈਨੂੰ ਲੱਗਾ ਮੇਰਾ ਜੀਵਨ ਸੰਪੂਰਨ ਹੋ ਗਿਆ ਹੈ। ਮੇਰਾ ਕਾਰੋਬਾਰ ਤੇਜ਼ੀ ਨਾਲ ਚਲਣ ਲੱਗਾ। ਮੈਂ ਦੁਕਾਨ ਵਿਚ ਨੌਕਰ ਰੱਖਿਆ। ਵੱਡਾ ਸਾਰਾ ਘਰ ਕਿਰਾਏ ਉੱਤੇ ਲੈ ਕੇ ਰਹਿਣ ਲੱਗਾ। ਹੁਣ ਮੈਨੂੰ ਜ਼ਿੰਦਗੀ ਵਿਚ ਕੁੱਝ ਨਹੀਂ ਸੀ ਚਾਹੀਦਾ।

ਪਰ ਸਾਲ ਵਿਚ ਹੀ ਮੇਰੇ ਜੀਵਨ ਦੇ ਸੁੱਖ ਦਾ ਇਹ ਅਧਿਆਇ ਖ਼ਤਮ ਹੋ ਗਿਆ। ਮੌਤ ਨਾਲ ਪਹਿਲਾਂ ਮੇਰਾ ਕੋਈ ਗਹਿਰਾ ਸੰਬੰਧ ਨਹੀਂ ਸੀ। ਚਾਚੀ ਮਰੀ ਤਾਂ ਮੈਨੂੰ ਕੁੱਝ ਨਹੀਂ ਹੋਇਆ ਸੀ। ਪਰ ਸੁਚਰਿਤਾ ਮੇਰੇ ਸਾਹਮਣੇ ਹੌਲੀ-ਹੌਲੀ ਚਲੀ ਗਈ, ਮੇਰੀ ਹੀ ਗੋਦ ਵਿਚ ਸਿਰ ਰੱਖ ਕੇ। ਪ੍ਰਸੂਤ ਦੇ ਬਾਅਦ ਹੀ ਸਾਰੀਆਂ ਗੁੰਝਲਾਂ ਸ਼ੁਰੂ ਹੋਈਆਂ। ਨਵਜਨਮਿਆ ਬੱਚਾ ਹੀ ਸੁਚਰਿਤਾ ਦੀ ਮੌਤ ਦਾ ਕਾਰਨ ਬਣਿਆ। ਸੁਚਰਿਤਾ ਦੇ ਮੰਜੇ ਕੋਲ ਬੈਠ ਕੇ, ਉਸ ਦਾ ਹੌਲੀ-ਹੌਲੀ ਮੈਨੂੰ ਛੱਡ ਕੇ ਦੂਰ ਜਾਣ ਦਾ ਦ੍ਰਿਸ਼ ਵੇਖਣ ਵੇਲੇ, ਮੈਂ ਸਿਰਫ਼ ਇੱਕੋ ਗੱਲ ਸੋਚ ਰਿਹਾ ਸਾਂ—ਇਹ ਬੱਚਾ ਵੀ ਮਰ ਜਾਏ। ਅਖੀਰ, ਉਹੀ ਹੋਇਆ। ਸ਼ਮਸ਼ਾਨ ਵਿਚ ਸੁਚਰਿਤਾ ਦਾ ਅਠਾਰਾਂ-ਸਾਲਾ ਸਰੀਰ, ਮੇਰੀ ਸੁੱਖ ਸ਼ਾਂਤੀ, ਭਵਿੱਖ, ਦੁਨੀਆਂ ਦੀਆਂ ਸਾਰੀਆਂ ਸੁੰਦਰ

ਸਵੇਰਾਂ ਤੇ ਸ਼ਾਮਾਂ ਨੂੰ ਚਿਤਾ ਉੱਤੇ ਰੱਖ ਕੇ ਵਾਪਸ ਆਉਣ ਤੋਂ ਕੁਝ ਦਿਨ ਬਾਅਦ ਉਹ ਬੱਚਾ ਵੀ ਤੁਰ ਗਿਆ। ਸੁਚਰਿਤਾ ਨਾਲ ਜੁੜੇ ਮੇਰੇ ਸਾਰੇ ਬੰਧਨ ਖਤਮ ਹੋ ਗਏ।

ਪਰ ਬੰਧਨ ਕੀ ਏਨੀ ਆਸਾਨੀ ਨਾਲ ਟੁੱਟਦੇ ਹਨ ? ਮੇਰੇ ਜੀਵਨ ਦਾ ਸਾਰਾ ਕੁੱਝ ਬਦਲ ਗਿਆ। ਮੈਂ ਖ਼ੁਦ ਸੁਚਰਿਤਾ ਕੋਲ ਜਾਣਾ ਚਾਹਿਆ। ਹੁਣ ਮੈਂ ਮਰਨ ਦੇ ਅਧਿਕਾਰ ਬਾਰੇ ਪੜ੍ਹਨ ਲੱਗ ਪਿਆ। ਕੈਲੇਫ਼ੋਰਨੀਆ ਦੇ 'ਹੇਮਲਕ' ਅਤੇ ਲੰਡਨ ਦੇ 'ਐਗਜ਼ਿੱਟ' ਨਾਂ ਵਾਲੀਆਂ ਸੰਸਥਾਵਾਂ ਨਾਲ ਪੱਤਰ-ਵਿਹਾਰ ਕੀਤਾ। ਅੰਤ ਵਿਚ ਮੈਂ ਇਸ ਨਤੀਜੇ ਉੱਤੇ ਪਹੁੰਚਿਆ ਕਿ ਆਪਣੀ ਜਾਨ ਲੈਣ ਦਾ ਅਧਿਕਾਰ ਮੈਨੂੰ ਹੈ ਤੇ ਮੈਂ ਆਪਣੀ ਇੱਛਾ ਨਾਲ ਆਪਣੀ ਮੌਤ ਅਪਣਾਵਾਂਗਾ।

ਇਸੇ ਵੇਲੇ ਮੈਨੂੰ ਉਸ ਤਿੱਬਤੀ ਲਾਮਾ ਦੀ ਗੱਲ ਯਾਦ ਆਈ- 17 ਦਸੰਬਰ। ਹੁਣ ਮੈਂ ਆਪਣਾ ਜਨਮ-ਦਿਨ ਮਨਾਉਣ ਦੀ ਥਾਂ ਮੌਤ ਦਾ ਦਿਨ ਮਨਾਉਣਾ ਸ਼ੁਰੂ ਕਰ ਦਿੱਤਾ। ਮੇਰੇ ਜਨਮ ਦਿਨ ਦੀ ਤਾਰੀਖ਼ ਤੋਂ ਲੈ ਕੇ ਮੇਰੀ ਉਮਰ ਕਿੰਨੀ ਹੋ ਗਈ ਹੈ, ਮੈਂ ਇਹ ਨਹੀਂ ਸਾਂ ਸੋਚਦਾ, ਮੈਂ ਸੋਚਦਾ ਸਾਂ ਕਿ ਮੌਤ ਦੀ ਤਾਰੀਖ਼ ਤੋਂ ਲੈ ਕੇ ਮੇਰੀ ਉਮਰ ਕਿੰਨੀ ਬਾਕੀ ਬਚੀ ਹੈ। ਏਸ ਲਈ ਕਈ ਜਣੇ ਮੇਰਾ ਮਖ਼ੌਲ ਉਡਾਉਂਦੇ ਸਨ। ਪਰ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਮੈਂ ਸਾਰੇ ਸਮਾਜਿਕ ਬੰਧਨਾਂ ਨੂੰ ਤੋੜ ਦਿੱਤਾ ਸੀ ਅਤੇ ਕਿਸੇ ਦੀ ਕਿਸੇ ਵੀ ਗੱਲ ਉੱਤੇ ਧਿਆਨ ਨਹੀਂ ਸਾਂ ਦੇਂਦਾ।

ਭਾਵੇਂ ਮੇਰੀ ਉਮਰ ਦੇ ਕੁੱਝ ਦਿਨ ਬਾਕੀ ਸਨ, ਫੇਰ ਵੀ ਮੈਂ ਆਪਣੇ ਸਾਰੇ ਸੰਪਰਕ ਖ਼ਤਮ ਕਰਨ ਲੱਗ ਪਿਆ। ਭਾਵੇਂ ਇਹ ਇਕ ਮਾਨਸਿਕ ਸਥਿਤੀ ਹੀ ਸੀ। ਕਾਰਨ ਕੁੱਝ ਵੀ ਕਿਉਂ ਨਾ ਹੋਵੇ, ਮਨੁੱਖ ਨੂੰ ਜੀਉਣਾ ਪੈਂਦਾ ਹੈ ਤੇ ਜੀਉਣ ਦੀ ਜ਼ਿੰਮੇਵਾਰੀ ਤੋਂ ਉਹ ਮੁਕਤ ਨਹੀਂ ਹੁੰਦਾ। ਮੈਨੂੰਦੁਕਾਨ ਚਲਾਉਣੀ ਪਈ ਤੇ ਕੁੱਝ ਲੋਕਾਂ ਨਾਲ ਸੰਪਰਕ ਵੀ ਰੱਖਣਾ ਪਿਆ। ਇਨ੍ਹਾਂ ਦਿਨਾਂ ਵਿਚ ਮੈਂ ਕੁੱਝ ਗੰਭੀਰ ਹੋ ਗਿਆ ਸਾਂ ਅਤੇ ਲੋਕਾਂ ਨਾਲ ਗੱਲਬਾਤ ਘੱਟ ਕਰ ਦਿੱਤੀ ਸੀ। ਨਤੀਜਾ ਇਹ ਹੋਇਆ ਕਿ ਮੇਰੇ ਦੋਸਤ ਘੱਟ ਗਏ।

ਹੁਣ ਮੈਂ ਆਪਣਾ ਵਕਤ ਮੌਤ ਬਾਰੇ ਜਾਣਨ ਵਿਚ ਲਾਉਣ ਲੱਗ ਪਿਆ। ਏਸੇ ਸਮੇਂ ਮੈਂ 'ਸੱਲੇਖਨਾ' ਬਾਰੇ ਪੜ੍ਹਿਆ ਸੀ ਤੇ 'ਐਗਜ਼ਿੱਟ' ਨਾਂ ਦੀ ਸੰਸਥਾ ਤੋਂ ਪ੍ਰਾਪਤ ਲੇਖਾਂ ਤੋਂ ਮੌਤ ਬਾਰੇ ਜਾਣਿਆ ਸੀ। ਮੈਂ ਆਪਣੀ ਮੌਤ ਕਿਵੇਂ ਅਪਣਾਵਾਂਗਾ, ਇਸ ਬਾਰੇ ਮੇਰੀ ਇਕ ਪੱਕੀ ਧਾਰਨਾ ਬਣ ਚੁੱਕੀ ਸੀ। ਮੈਂ ਕਈ ਵਾਰੀ ਆਪਣੀ ਵਸੀਅਤ ਲਿਖਣ ਲਈ ਸੋਚ ਕੇ ਵੀ ਨਹੀਂ ਸੀ ਲਿਖ ਸਕਿਆ। ਮੇਰੇ ਕੋਲ ਜੋ ਕੁੱਝ ਵੀ ਸੀ, ਸਾਰਾ ਦੀਨਾ ਮਾਸਟਰ ਦੇ ਪਰਿਵਾਰ ਦੇ

ਨਾਮ ਲਿਖਣ ਦੀ ਮੇਰੀ ਇੱਛਾ ਸੀ; ਪਰ ਕਾਫ਼ੀ ਕੋਸ਼ਿਸ ਕਰਨ ਉੱਤੇ ਵੀ ਮੈਨੂੰ ਉਨ੍ਹਾਂ ਦਾ ਪਤਾ ਨਾ ਮਿਲਿਆ। ਉਸ ਤੋਂ ਬਾਅਦ ਮੈਂ ਆਪਣੀ ਜਾਇਦਾਦ ਬਾਰੇ ਕਦੇ ਕੁੱਝ ਨਾ ਸੋਚਿਆ।

ਉਹੋ ਤੂੰ ਰੋ ਰਹੀ ਹੈਂ, ਨਰਸ ? ਨਾਲ ਦੀ ਕੋਠੜੀ ਵਿਚ ਉਹ ਔਰਤ ਮਰ ਗਈ ਹੈ। ਏਸ ਲਈ ? ਪਰ ਮਨੁੱਖ ਤਾਂ ਅਸੀਮ ਸ਼ਕਤੀ ਤੇ ਸਹਿਣਸ਼ੀਲਤਾ ਦਾ ਕੇਂਦਰ ਹੈ। ਉਸ ਔਰਤ ਦਾ ਪਤ ਤੇ ਬੱਚੇ ਉਸ ਦੀ ਮੌਤ ਨੂੰ ਸਵੀਕਾਰ ਕਰ ਲੈਣਗੇ। ਦੁਨੀਆਂ ਅੰਤਹੀਨ ਸੰਭਾਵਨਾਵਾਂ ਨਾਲ ਭਰੀ ਪਈ ਹੈ। ਵੇਖ, ਮੈਂ ਮੌਤ ਨੂੰ ਛੂਹ ਕੇ ਵਾਪਸ ਆ ਗਿਆ ਹਾਂ। ਜਦੋਂ ਮੈਂ ਮਰਨਾ ਨਿਸਚਿਤ ਕੀਤਾ-ਪਹਿਲਾਂ ਮੇਰੀ ਇੱਛਾ ਦੀ ਮੌਤ ਹੋਈ, ਉਸ ਤੋਂ ਪਿੱਛੋਂ ਸੁਖ ਦੀ ਮੌਤ, ਉਸ ਤੋਂ ਬਾਅਦ ਡਰ ਦੀ ਮੌਤ, ਦੁੱਖ ਦੀ ਮੌਤ। ਪਰ ਮੌਤ ਨੂੰ ਛੂਹ ਕੇ ਵਾਪਸ ਆਉਣ ਤੋਂ ਬਾਅਦ, ਪਤਾ ਈ ਕੀ ਹੋਇਆ ਹੁਣ ਮੈਨੂੰ ਡਰ ਨਹੀਂ ਲਗਦਾ, ਇੱਛਾ ਕੋਈ ਨਹੀਂ, ਦੁੱਖ ਕੋਈ ਨਹੀਂ ਹੈ। ਸਿਰਫ਼ ਇੱਕ ਅਖੰਡ ਜੀਵਨ-ਸ਼ਕਤੀ ਹੈ। ਘਟਨਾਵਾਂ ਦੇ ਪ੍ਰਵਾਹ ਵਿਚ ਜ਼ਿੰਦਗੀ ਫੇਰ ਮਗਨ ਹੋ ਜਾਏਗੀ....

ਮੇਰੀ ਹੀ ਗੱਲ ਲੈ ਲੈ। ਜੇ ਮੈਂ ਆਤਮਹੱਤਿਆ ਦੀ ਕੋਸ਼ਿਸ਼ ਨਾ ਕਰਦਾ, ਤਾਂ ਕੀ ਤੇਰੇ ਨਾਲ ਮੁਲਾਕਾਤ ਹੁੰਦੀ ? ਕੱਲ੍ਹ ਮੇਰੇ ਲਈ ਕੀ ਲਿਆਏਂਗੀ ? ਕਿਹੋ ਜਿਹਾ ਦਿਨ ਹੋਵੇਗਾ ? ਇਹ ਗੱਲ ਸੋਚਾਂ ਤਾਂ ਹਾਲੇ ਮੈਨੂੰ ਬਹੁਤ ਕੁੱਛ ਵਿਖਾਈ ਦੇਂਦਾ ਹੈ— ਕਈ ਨਵੇਂ ਚਿਹਰੇ, ਕਈ ਨਵੀਆਂ ਥਾਵਾਂ, ਕਈ ਨਵੀਆਂ ਅਨੁਭੂਤੀਆਂ- ਜਿਨ੍ਹਾਂ ਦਾ ਕੋਈ ਅੰਤ ਨਹੀਂ, ਵਿਕਲਪ ਨਹੀਂ। ਮੈਂ ਜਾਣਦਾ ਹਾਂ ਕਿ ਮਰਨ ਦਾ ਜਿੰਨਾ ਮੈਨੂੰ ਅਧਿਕਾਰ ਹੈ, ਜੀਉਣ ਦਾ ਵੀ ਓਨਾ ਹੀ ਅਧਿਕਾਰ ਹੈ ਜ਼ਿੰਦਗੀ ਦੀ ਕੋਈ ਵੀ ਸਾਮਿਅਕ ਅਨੁਭੂਤੀ ਮੇਰੇ ਕੋਲੋਂ ਮੇਰਾ ਇਹ ਅਧਿਕਾਰ ਨਹੀਂ ਖੋਹ ਸਕਦੀ

ਏਸ ਲਈ ਮੈਂ ਮੌਤ ਨੂੰ ਅਸਵੀਕਾਰ ਕਰ ਦਿੱਤਾ ਹੈ। ਨੀਂਦ ਦੀ ਦਵਾਈ ਮੇਰੀ ਗੂੜ੍ਹੀ ਨੀਂਦਰ ਨੂੰ ਮਹਾਂਨੀਂਦਰ ਵਿਚ ਬਦਲੇ, ਇਸ ਤੋਂ ਪਹਿਲਾਂ ਹੀ ਮੈਂ ਆਪਣਾ ਸਿਧਾਂਤ ਬਦਲ ਲਿਆ ਹੈ। ਮੇਰੇ ਬੇਵੱਸ ਹੱਥ ਨੇ ਮੇਰੇ ਇਸ ਫ਼ੈਸਲੇ ਨੂੰ ਮੰਨ ਕੇ ਟੈਲੀਫ਼ੋਨ ਦਾ ਰਿਸੀਵਰ ਚੁੱਕ ਲਿਆ ਹੈ। ਮੈਂ ਆਪਣੇ ਹੋਟਲ ਦੇ ਕਮਰੇ ਵਿੱਚੋਂ ਨਿਕਲ ਕੇ ਹਸਪਤਾਲ ਦੇ ਬਿਸਤਰੇ ਉੱਤੇ ਸੌਂ ਗਿਆ ਹਾਂ।

ਹੁਣ ਮੇਰੇ ਹੱਥ ਨਹੀਂ ਸਨ; ਦੋਵੇਂ ਹੱਥ ਬਾਹਵਾਂ ਵਿਚ ਬਦਲ ਗਏ ਸਨ। ਮੈਂ ਕਮਰੇ ਦੀ ਛੱਤ ਦੇ ਕੋਲ ਮੰਡਰਾ ਰਿਹਾ ਸਾਂ। ਹਨੇਰਾ ਕੁਝ ਘੱਟ ਗਿਆ ਸੀ ਤੇ ਮੈਨੂੰ ਸਭ ਕੁੱਝ ਸਾਫ਼-ਸਾਫ਼ ਦਿਸਣ ਲੱਗਾ- ਹੇਠਾਂ ਸੁੱਤਾ ਹੋਇਆ ਵਿਅਕਤੀ ਮੈਂ ਸਾਂ। ਇਸ ਤੋਂ ਬਾਅਦ ਸੁਚਰਿਤਾ ਨੂੰ ਮੈਂ ਫੇਰਵੇਖਿਆ—ਉਹ ਮੇਰੇ ਆਸ-ਪਾਸ ਘੁੰਮ ਰਹੀ ਸੀ। ਮੈਂ ਅਜਿਹੇ ਰਸਤਿਆਂ ਵਿੱਚੋਂ ਲੰਘ ਰਿਹਾ ਸਾਂ, ਜਿੱਥੇ ਹੋਰ ਕੋਈ ਵੀ ਨਹੀਂ ਸੀ। ਅਤੇ ਮੈਂ ਇਕਦਮ ਜੇਲ੍ਹ ਵਿਚ ਵੜ ਗਿਆ। ਓਥੇ ਚਿਤਾ ਜਲ ਰਹੀ ਸੀ ਤੇ ਚਿਤਾ ਵਿੱਚੋਂ ਮੇਰੀ ਚਾਚੀ ਮੇਰੇ ਵੱਲ ਵੇਖ ਕੇ ਹੱਸ ਰਹੀ ਸੀ। ਹੁਣ ਲੋਕਾਂ ਦੀ ਭੀੜ ਵਿਚ ਦੀਨਾ ਮਾਸਟਰ ਜੀ ਨਹੀਂ ਸਨ, ਪਰ ਉਹ ਵਿਅਕਤੀ ਸੀ, ਜਿਸ ਨੂੰ ਦੀਨਾ ਮਾਸਟਰ ਹੁਰੀ ਮ੍ਰਿਤੂ-ਦੰਡ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਨਵਜਾਤ ਬੱਚਾ ਮੇਰੇ ਵੱਲ ਹੱਥ ਵਧਾ ਰਿਹਾ ਸੀ। ਮਿਉਂਸਪੈਲਿਟੀ ਦੀਆਂ ਸਾਰੀਆਂ ਦੁਕਾਨਾਂ ਤੋੜ -ਤਾੜ ਕੇ ਪੁਲਿਸ ਖੜ੍ਹੀ ਸੀ। ਪਰ ਉਨ੍ਹਾਂ ਦੇ ਪਿੱਛੇ ਨਵੀਆਂ ਕਈ ਦੁਕਾਨਾਂ ਦੀ ਲੜੀ ਖੜ੍ਹੀ ਸੀ। ਲੜਕੇ ਉੱਡਦੇ ਹੋਏ ਆ ਕੇ ਮੇਰੀ ਦੁਕਾਨ ਤੋਂ ਕਿਤਾਬਾਂ ਚੁੱਕ ਕੇ ਵੇਖਦੇ ਸਨ ਤੇ ਮੈਂ ਸੁਚਰਿਤਾ ਦੇ ਹੱਥ ਵਿਚ ਨਵੀਂ ਕਿਤਾਬ ਦੇ ਰਿਹਾ ਸਾਂ.....

ਸੁਚਰਿਤਾ ਨਵੀਂ ਫ਼ਰਾਕ ਪਾ ਕੇ ਖੜ੍ਹੀ ਸੀ। ਸੁਚਰਿਤਾ ਮੁਸਕਰਾ ਰਹੀ ਸੀ। ਸੁਚਰਿਤਾ ਦੀ ਮਾਂਗ ਵਿਚ ਸੰਧੂਰ ਸੀ। ਸੁਚਰਿਤਾ ਮੇਰੇ ਹੱਥ ਉੱਤੇ ਆਪਣਾ ਹੱਥ ਰੱਖ ਰਹੀ ਸੀ। ਸੁਚਰਿਤਾ ਗਰਭਵਤੀ ਸੀ। ਸੁਚਰਿਤਾ ਸੁਨਹਿਰੀ ਧੁੱਪ ਵਿਚ ਚਮਕਦੇ ਇੰਦਰਧਨੁਸ਼ ਉੱਤੇ ਲੇਟੀ ਹੋਈ ਸੀ। ਸੁਚਰਿਤਾ ਹਸਪਤਾਲ ਦੇ ਫਾਟਕ ਦੇ ਕੋਲ ਨਰਸ ਦੇ ਕੱਪੜੇ ਪਹਿਨੀ ਖੜ੍ਹੀ ਸੀ.....

ਜ਼ਿੰਦਗੀ ਵੀ ਦੋ ਤਰ੍ਹਾਂ ਦੀ ਹੋ ਸਕਦੀ ਹੈ— ਇੱਕ ਅਣਚਾਹੀ ਜ਼ਿੰਦਗੀ, ਜਿਹੜੀ ਅਗਿਆਨੀਆਂ ਦੀ ਜ਼ਿੰਦਗੀ ਹੈ; ਗਿਆਨੀਆਂ ਦੀ ਜ਼ਿੰਦਗੀ ਆਪਣੀ ਇੱਛਾ ਨਾਲ ਬਣਾਈ ਜ਼ਿੰਦਗੀ ਹੈ। ਤੂੰ ਸ਼ਾਇਦ ਬੋਰ ਹੋ ਰਹੀ ਹੈਂ, ਨਰਸ। ਮੇਰੇ ਵੱਲ ਵੇਖ। ਓਏ, ਤੂੰ ਮਰੀਅਮ ਨਹੀਂ ਹੈਂ, ਨਵੀਂ ਨਰਸ ਹੈਂ ਪਰ ਮੈਂ ਤੇਰਾ ਨਾਮ ਵੀ ਜਾਣਦਾ ਹਾਂ...

*****

# ਮਾਇਆਵੀ ਹਿਰਨ

ਰਿਹਰਸਲ ਦੇ ਦਸਵੇਂ ਦਿਨ ਮਾਨਸੀ ਨੇ ਸਾਫ਼-ਸਾਫ਼ ਕਹਿ ਦਿੱਤਾ, ਕਿ ਜੇ ਸੱਚਮੁਚ ਦਾ ਹਿਰਨ ਨਾ ਲਿਆਂਦਾ ਗਿਆ ਤਾਂ ਮੈਂ ਸੀਤਾ ਦਾ ਰੋਲ ਨਹੀਂ ਕਰਾਂਗੀ। ਮਾਨਸੀ ਦੀ ਏਸ ਨਾਜਾਇਜ਼ ਮੰਗ ਕਰਕੇ ਦੋਰਾਵਾਂ ਬਣ ਗਈਆਂ ਸਨ। ਪਹਿਲਾ ਮਤ, ਜਿਸ ਦਾ ਸਮਰਥਕ ਖ਼ੁਦ ਨਾਟਕ ਦਾ ਨਿਰਦੇਸ਼ਕ ਸੀ, ਇਹ ਸੀ ਕਿ ਮੰਚ ਉੱਤੇ ਹਿਰਨ ਦੀ ਫ਼ੋਟੋ ਹੀ ਕਾਫ਼ੀ ਹੈ, ਕਿਉਂਕਿ ਨਾਟਕ ਦਾ ਬਹੁਤ ਕੁੱਝ ਦਰਸ਼ਕਾਂ ਦੀ ਕਲਪਨਾ-ਸ਼ਕਤੀ ਉੱਤੇ ਨਿਰਭਰ ਹੁੰਦਾ ਹੈ, ਸੋ ਮੰਚ ਉੱਤੇ ਜਿਊਂਦਾ ਹਿਰਨ ਲਿਆਉਣਾ, ਨਾਟਕ ਕਲਾ ਦਾ ਅਨਾਦਰ ਕਰਨਾ ਹੋਵੇਗਾ। ਦੂਜੇ ਪੱਖ ਦਾ ਇਹ ਮਤ ਸੀ ਕਿ ਆਧੁਨਿਕ ਯੁਗ ਵਿਚ ਵਾਸਤਵਿਕ ਦ੍ਰਿਸ਼ਾਂ, ਜਿਵੇਂ ਕੋਲੇ ਦੀ ਖਾਣ ਵਿਚ ਪਾਣੀ ਵੜਨਾ ਜਾਂ ਪਿੰਡ ਵਿਚ ਅੱਗ ਲਗਣੀ ਵਿਖਾ ਕੇ ਨਾਟਕ ਨੂੰ ਦਰਸ਼ਕਾਂ ਦੇ ਹੋਰ ਨੇੜੇ ਲਿਆਂਦਾ ਜਾ ਰਿਹਾ ਹੈ; ਸੋ ਇਸ ਦ੍ਰਿਸ਼ਟੀ ਨਾਲ ਸਟੇਜ ਉੱਤੇ ਜੀਉਂਦੇ ਹਿਰਨ ਨੂੰ ਇਕ ਪਾਸਿਓਂ ਦੂਜੇ ਪਾਸੇ ਭੱਜਦੇ ਵਿਖਾਉਣਾ ਬਿਲਕੁਲ ਅਸੰਗਤ ਨਹੀਂ ਹੋਵੇਗਾ। ਨਾਟਕ ਦਾ ਲੇਖਕ, ਸ਼ੁਰੂ ਸ਼ੁਰੂ ਵਿਚ ਤਾਂ ਰਿਹਰਸਲ ਵਿੱਚ ਰੁਚੀ ਲੈਂਦਾ ਸੀ, ਪਰ ਬਾਅਦ ਵਿਚ ਨਾਟਕ ਵਿਚ ਹੁੰਦੀ ਤੋੜ-ਮਰੋੜ, ਅਤੇ ਕੱਟ-ਵੱਢ ਵੇਖ ਕੇ ਉਸ ਨੇ ਚੁੱਪਚਾਪ ਬੈਠਣਾ ਸ਼ੁਰੂ ਕਰ ਦਿੱਤਾ ਸੀ। ਦਿਲੋਂ ਪਹਿਲੇ ਮਤ ਦਾ ਸਮਰਥਨ ਕਰਨ ਉੱਤੇ ਵੀ, ਇਸ ਤਰਕ-ਵਿਰਤਕ ਵਿਚ ਆਪਣੇ ਆਪ ਨੂੰ ਦੂਜੇ ਮਤ ਦਾ ਸਮਰਥਕ ਦੱਸ ਰਿਹਾ ਸੀ।

ਕਾਫ਼ੀ ਵਾਦ-ਵਿਵਾਦ ਦੇ ਬਾਅਦ ਸੰਸਥਾ ਵੱਲੋਂ 'ਮਾਇਆਵੀ ਹਿਰਨ' ਨਾਟਕ ਕਰਨ ਦਾ ਫ਼ੈਸਲਾ ਕੀਤਾ ਗਿਆ। ਕਿਸੇ ਪੁਰਾਣਿਕ ਵਿਸ਼ੇ ਨੂੰ ਆਧੁਨਿਕ ਪ੍ਰਤੀਕਾਤਮਕ ਨਾਟਕ ਵਿਚ ਕਿਵੇਂ ਬਦਲਿਆ ਜਾ ਸਕਦਾ ਹੈ, ਇਹ ਨਾਟਕ ਉਸ ਦੀ ਇਕ ਮਿਸਾਲ ਸੀ, ਜਾਂ ਇਉਂ ਕਹਿ ਲਵੋ ਕਿ ਮਿਸਾਲ ਹੋਣ ਦਾ ਦਾਅਵਾ ਕਰਦਾ ਸੀ।

ਨਾਟਕਕਾਰ ਕਹਿੰਦਾ ਸੀ ਕਿ ਮੈਂ ਆਪਣੇ ਨਾਟਕ ਵਿਚ ਸੀਤਾ ਨੂੰ ਇੱਕ ਲਹੂ-ਮਾਸ ਦੀ ਨਾਰੀ ਦੇ ਰੂਪ ਵਿਚ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਰਾਮਾਇਣ ਦੀ ਮਾਨਵੀ ਵਿਆਖਿਆ ਵਿਚ ਸੋਨੇ ਦਾ ਹਿਰਨ ਸੈਕਸ ਤੇ ਯੋਨਿਕ ਪ੍ਰਵਿਰਤੀ ਦਾ ਪ੍ਰਤੀਕ ਹੈ। ਨਿਰਦੇਸ਼ਕ ਨੂੰ ਨਾਟਕਕਾਰ ਦੀ ਇਹ ਗੱਲ ਅਰਥਹੀਨ ਲਗਦੀ ਸੀ; ਇਸ ਲਈ ਉਹ ਨਾਟਕ ਨੂੰ ਹੋਰ ਵੀ ਆਧੁਨਿਕ ਤੇ ਪ੍ਰਤੀਕਾਤਮਕ ਬਣਾਉਣ ਲਈ ਉਸ ਵਿਚ ਮਨਚਾਹੇ ਤੋੜ-ਮਰੋੜ ਤੇ ਕੱਟ-ਵੱਢ ਕਰਦਾ ਸੀ। ਇਹ ਗੱਲ ਨਾਟਕਕਾਰ ਤੇ ਨਿਰਦੇਸ਼ਕ ਦੇ ਵਿੱਚ ਵਿੱਥ ਦਾ ਕਾਰਨ ਬਣੀ ਹੋਈ ਸੀ ਤੇ ਉਹ ਦੋਵੇਂਅਭਿਨੇਤਾ, ਅਭਿਨੇਤਰੀ ਅਤੇ ਸੰਸਥਾ ਦੇ ਹੋਰ ਕਾਮਿਆਂ ਨੂੰ ਆਪਣੇ ਵੱਲ ਦਾ ਕਰਨ ਵਿੱਚ ਲੱਗੇ ਹੋਏ ਸਨ।

ਹਿਰਨ ਨੂੰ ਲੈ ਕੇ, ਜਿਹੜਾ ਨਾਟਕਕਾਰ ਦੇ ਖ਼ਿਆਲ ਮੁਤਾਬਕ ਇਕ ਪ੍ਰਤੀਕ ਹੀ ਸੀ, ਹੋਰ ਕੁੱਝ ਵੀ ਨਹੀਂ, ਜਦੋਂ ਦੋਵੇਂ ਮਤ ਸਿਖਰ ਉੱਤੇ ਪਹੁੰਚ ਗਏ ਤਾਂ ਕਈ ਜਣੇ ਇਸ ਦਾ ਹੱਲ ਲੱਭਣ ਬਾਰੇ ਸੋਚਣ ਲਗ ਪਏ। ਕਿਸੇ ਨੇ ਸਟੇਜ ਦੇ ਪਿੱਛੇ ਚਿੱਟਾ ਪਰਦਾ ਤਾਣ ਕੇ ਉਸ ਉੱਤੇ 'ਅਫ਼ਰੀਕਨ ਸਫ਼ਾਰੀ' ਫ਼ਿਲਮ ਵਿੱਚੋਂ ਦੌੜਦੇ ਹੋਏ ਹਿਰਨ ਦਾ ਸੀਨ ਦਿਖਾਉਣ ਦਾ ਸੁਝਾਅ ਦਿੱਤਾ। ਉਸ ਵੇਲੇ ਮਾਨਸੀ ਨਿਰਦੇਸ਼ਕ ਨੂੰ ਇਕ ਪਾਸੇ ਲਿਜਾ ਕੇ ਕੁੱਝ ਸਮਝਾ ਰਹੀ ਸੀ।

ਨਿਰਦੇਸ਼ਕ ਦੇ ਸਾਹਮਣੇ ਜਦੋਂ ਇਹ ਵਿਚਾਰ ਪੇਸ਼ ਕੀਤਾ ਗਿਆ ਤਾਂ ਉਸ ਨੇ ਫ਼ਿਲਮ ਨੂੰ ਨਾਟਕ ਦਾ ਸਭ ਤੋਂ ਵੱਡਾ ਵੈਰੀ ਦੱਸ ਕੇ ਇਸ ਪੇਸ਼ਕਸ਼ ਨੂੰ ਇਕਦਮ ਠੁਕਰਾ ਦਿੱਤਾ, ਅਤੇ ਕਿਹਾ ਕਿ ਅਜਿਹੀ ਹਾਲਤ ਵਿਚ ਉਹ ਸੱਚਮੁੱਚ ਦਾ ਹਿਰਨ ਤਾਂ ਮੰਗਵਾ ਲਏਗਾ, ਪਰ ਫ਼ਿਲਮੀ ਹਿਰਨ ਦੀ ਆਗਿਆ ਕਦੇ ਵੀ ਨਹੀਂ ਦੇਵੇਗਾ। ਨਿਰਦੇਸ਼ਕ ਦੇ ਇਸ ਮਤ ਨੇ ਨਾਟਕਕਾਰ ਨੂੰ ਇਕ ਵੱਡੀ ਉਲਝਣ ਵਿਚ ਪਾ ਦਿੱਤਾ। ਨਾਟਕਕਾਰ ਨੇ ਹਿਰਨ ਦੀ ਖੱਲ ਪਾ ਕੇ ਪਾਰਟ ਕਰਨ ਦੀ ਸਲਾਹ ਦਿੱਤੀ। ਉਸ ਦੀ ਗੱਲ ਨਾਲ ਕੋਈ ਵੀ ਸਹਿਮਤ ਨਾ ਹੋਇਆ। ਮਾਨਸੀ ਦੀ ਇਸ ਮੰਗ ਨਾਲ ਰਿਹਰਸਲ ਅੱਧ-ਵਿਚਕਾਰ ਰੁਕ ਗਈ ਸੀ।

ਭਾਵੇਂ ਅਭਿਨੈ ਦੇ ਖੇਤਰ ਵਿਚ 'ਮਾਇਆਵੀ ਹਿਰਨ' ਮਾਨਸੀ ਦੀ ਪਹਿਲੀ ਕੋਸ਼ਿਸ਼ ਸੀ, ਫੇਰ ਵੀ ਹਰ ਮੌਕੇ ਉੱਤੇ ਉਸੇ ਦੀ ਸਲਾਹ ਨੂੰ ਪਹਿਲ ਦਿੱਤੀ ਜਾ ਰਹੀ ਸੀ। ਨਿਰਦੇਸ਼ਕ ਹੋਰ ਸਾਰੇ ਅਭਿਨੇਤਾ-ਅਭਿਨੇਤਰੀਆਂ ਨੂੰ ਬੁਰੀ ਨਜ਼ਰ ਨਾਲ ਦੇਖਦਾ, ਪਰ ਮਾਨਸੀ ਨੂੰ ਹਮੇਸ਼ਾ ਮਾਨਸੀ ਦੇਵੀ ਕਹਿ ਕੇ ਬੁਲਾਉਂਦਾ ਸੀ ਅਤੇ ਉਸ ਨਾਲ ਬੜੇ ਆਦਰ ਵਾਲਾ ਸਲੂਕ

ਕਰਦਾ ਸੀ, ਜਿਸ ਵਿਚ ਖ਼ੁਸ਼ਾਮਦ ਦਾ ਹੀ ਨਹੀਂ, ਡਰ ਦਾ ਅੰਸ਼ ਵੀ ਸ਼ਾਮਿਲ ਸੀ। ਦੂਜਿਆਂ ਦੇ ਅਭਿਨੈ ਨੂੰ ਪਰਖਣ ਲਈ ਨਿਰਦੇਸ਼ਕ ਨੇ ਬਹੁਤ ਉੱਚਾ ਮਾਪਦੰਡ ਨਿਰਧਾਰਿਤ ਕੀਤਾ ਹੋਇਆ ਸੀ ਪਰ ਮਾਨਸੀ ਦੇ ਘਟੀਆ ਅਭਿਨੈ ਨੂੰ ਵੀ ਉਹ ਸਲਾਹੀ ਜਾਂਦਾ ਸੀ। ਨਿਰਦੇਸ਼ਕ ਆਪਣੇ ਕੰਮ ਵਿੱਚ ਨਿਪੁੰਨ ਸੀ ਅਤੇ ਇਸੇ ਲਈ ਸਾਰੇ ਉਸ ਦੀ ਮਨਮਾਨੀ ਨੂੰ ਵੀ ਪਰਵਾਨ ਕਰ ਲੈਂਦੇ ਸਨ। ਨਾਲੇ ਸਭ ਨੂੰ ਪਤਾ ਸੀ ਕਿ ਭਵਿੱਖ ਵਿਚ ਨਿਰਦੇਸ਼ਕ ਸ਼ਾਇਦ ਇਕ ਹੋਰ ਫ਼ਿਲਮ ਵੀ ਬਣਾਏਗਾ। ਮਾਨਸੀ ਦਾ ਪਤੀ ਇਕ ਉੱਘਾ ਸਨਅਤਕਾਰ ਸੀ ਅਤੇ ਨਿਰਦੇਸ਼ਕ ਉਸ ਰਾਹੀਂ ਆਪਣੀਆਂ ਉਮੀਦਾਂ ਪੁਗਾਉਣੀਆਂ ਚਾਹੁੰਦਾ ਸੀ।

ਬੱਚੇ ਨੂੰ ਬੋਰਡਿੰਗ ਸਕੂਲ ਵਿਚ ਭਰਤੀ ਕਰਵਾਉਣ ਤੋਂ ਬਾਅਦ ਮਾਨਸੀ ਕੋਲ ਫ਼ਾਲਤੂ ਵਕਤ ਬੜਾ ਹੁੰਦਾ ਸੀ ਪਰ ਕੰਮ ਨਾ ਹੋਣ ਕਰਕੇ ਉਸ ਨੂੰ ਇਕ ਘੁਟਨ ਜਿਹੀ ਮਹਸੂਸ ਹੁੰਦੀ ਰਹਿੰਦੀ ਸੀ, ਜਿਸ ਨੂੰ ਖ਼ਤਮ ਕਰਨ ਲਈ ਉਸ ਨੇ ਵਿਭਿੰਨ ਯੋਜਨਾਵਾਂ ਬਣਾ ਲਈਆਂ ਸਨ। ਸਭ ਤੋਂ ਪਹਿਲੀ ਯੋਜਨਾ ਸੀ ਆਪਣਾ ਮੁਟਾਪਾ ਘੱਟ ਕਰਨ ਦੀ ਤੇ ਇਸ ਲਈ ਉਹ ਕਈ ਤਰ੍ਹਾਂ ਦੀਆਂ ਖੇਡਾਂ ਵਿਚ ਮਨ ਲਾਉਂਦੀ ਸੀ। ਇੱਕ ਪ੍ਰਸਿੱਧ ਟੈਨਿਸ ਤੇ ਬੈਡਮਿੰਟਨ ਕੋਚ ਤੋਂ ਉਸ ਨੇ ਕ੍ਰਮਵਾਰ ਪੰਜ ਤੇ ਚਾਰ ਹਫ਼ਤੇ ਸਿੱਖਿਆ ਲੈਣ ਤੋਂ ਬਾਅਦ, ਅਖ਼ੀਰ ਉਕਤਾ ਕੇ ਕਿਸੀ ਫਾਈਵ ਸਟਾਰ ਹੋਟਲ ਦੇ ਹੈਲਥ ਕਲੱਬ ਦੀ ਮੈਂਬਰੀ ਲੈ ਲਈ।

ਪਰ ਉਸ ਦਾ ਸਰੀਰ, ਬਾਵਜੂਦ ਉਸ ਦੀਆਂ ਕੋਸ਼ਿਸ਼ਾਂ ਦੇ, ਉਂਜ ਦਾ ਉਂਜ ਹੀ ਰਿਹਾ, ਅਤੇ ਵਜ਼ਨ ਤੋਲਣ ਵਾਲੀ ਮਸ਼ੀਨ ਦੀ ਸੂਈ ਆਪਣੀ ਥਾਂ ਤੋਂ ਨਾ ਹਿੱਲੀ। ਫੇਰ ਮਾਨਸੀ ਨੇ ਕਲਾ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਨੇ ਤਿੰਨ ਮਹੀਨੇ ਤੇਲ ਵਾਲੇ ਰੰਗਾਂ ਨਾਲ ਚਿੱਤਰ ਬਣਾਉਣ ਵਾਲੇ ਇਕ ਪ੍ਰਸਿੱਧ ਕਲਾਕਾਰ ਕੋਲੋਂ ਚਿਤਰਕਾਰੀ ਸਿੱਖਣੀ ਸ਼ੁਰੂ ਕੀਤੀ ਅਤੇ ਦੋ ਮਹੀਨੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਉਸਤਾਦ ਕੋਲੋਂ ਸਿਤਾਰ-ਵਾਦਨ ਸਿੱਖਿਆ। ਪਰ ਭਾਰਤ ਦੀ ਇਕ ਦੱਖਣੀ ਨ੍ਰਿਤ ਕਲਾ ਵਿਚ ਮਾਹਿਰ ਗੁਰੂ ਨੇ ਉਸ ਨੂੰ ਨ੍ਰਿਤ ਦੋ ਦਿਨਾਂ ਤੋਂ ਵੱਧ ਨਾ ਸਿਖਾਇਆ। ਹੁਣ ਤੱਕ ਮਾਨਸੀ ਸ਼ਹਿਰ ਦੀਆਂ ਵਿਭਿੰਨ ਕਲਾ ਸੰਸਥਾਵਾਂ ਨਾਲ ਗਹਿਰੇ ਰੂਪ ਵਿਚ ਜੁੜ ਚੁੱਕੀ ਸੀ। ਨਾਟਕ ਉਸ ਲਈ ਇੱਕ ਨਵਾਂ ਖੇਤਰ ਸੀ, ਅਤੇ ਉਹ ਅਭਿਨੈ-ਕਲਾ ਉੱਤੇ ਅਧਿਕਾਰ ਜਮਾਉਣ ਦਾ ਨਿਰਣਾ ਵੀ ਲੈ ਚੁੱਕੀ ਸੀ।

ਮਾਨਸੀ ਦੀਆਂ ਇਨ੍ਹਾਂ ਯੋਜਨਾਵਾਂ ਵਿਚ ਉਸ ਦਾ ਪਤੀ ਦਿਲੋਂ-ਜਾਨੋਂ ਸਹਿਯੋਗ ਦੇਂਦਾ ਸੀ, ਕਿਉਂਕਿ ਇਸ ਰੁਝੇਵੇਂ ਨਾਲ ਅਨੰਗ ਦੀ ਨਿੱਤ ਦੀ ਜ਼ਿੰਦਗੀ ਵਿਚ ਮਾਨਸੀ ਦਾ ਦਬਦਬਾ ਘਟ ਜਾਂਦਾ ਸੀ। ਹੁਣ ਮਾਨਸੀ ਨਾ ਤਾਂ ਵਕਤ-ਬੇਵਕਤ ਅਨੰਗ ਦੇ ਦਫ਼ਤਰ ਫ਼ੋਨ

ਕਰਦੀ ਸੀ ਤੇ ਨਾ ਕਈ ਤਰ੍ਹਾਂ ਦੀਆਂ ਚੀਜ਼ਾਂ ਖ਼ਰੀਦਣ ਜਾਂ ਵੱਖ-ਵੱਖ ਥਾਵਾਂ ਉੱਤੇ ਘੁੰਮਣ ਜਾਣ ਲਈ ਰਿਹਾੜ ਕਰਦੀ ਸੀ। ਵਿੱਚੋਂ ਵਿੱਚੋਂ ਅਨੰਗ ਉਸ ਨੂੰ ਵੱਖ-ਵੱਖ ਕਲਾ ਸੰਸਥਾਵਾਂ ਨਾਲ ਜੁੜੇ ਰਹਿਣ ਲਈ ਉਤਸ਼ਾਹਿਤ ਕਰਦਾ ਅਤੇ ਇਸੇ ਲਈ ਉਹ ਕਈ ਕਲਾ ਸੰਸਥਾਵਾਂ ਨੂੰ ਦਾਨ ਦੇਣ ਤੋਂ ਵੀ ਨਹੀਂ ਸੀ ਹਿਚਕਿਚਾਉਂਦਾ।

ਇਹ ਜਾਣ ਕੇ ਉਸ ਨੂੰ ਬੇਹੱਦ ਖ਼ੁਸ਼ੀ ਹੋਈ ਕਿ ਮਾਨਸੀ ਨੇ ਅਭਿਨੈ ਕਰਨ ਦਾ ਨਿਰਣਾ ਲੈ ਲਿਆ ਸੀ। ਸਾਰੀਆਂ ਰਿਹਸਲਾਂ ਸ਼ਾਮ ਵੇਲੇ ਹੁੰਦੀਆਂ ਸਨ। ਆਪਣੇ ਦੋਸਤਾਂ ਨੂੰ ਘਰ ਬੁਲਾ ਕੇ ਆਪਣੀ ਇੱਛਾ ਅਨੁਸਾਰ ਉਨ੍ਹਾਂ ਦਾ ਸਤਿਕਾਰ ਕਰਨਾ ਹੁਣ ਉਸ ਲਈ ਸੌਖਾ ਹੋ ਗਿਆ ਸੀ।

ਅਭਿਨੈ ਵਿਚ ਆਪਣੀ ਕੁਸ਼ਲਤਾ ਉੱਤੇ ਮਾਨਸੀ ਨੂੰ ਅਥਾਹ ਭਰੋਸਾ ਸੀ, ਅਤੇ ਉਸ ਨੂੰ ਰਤੀ ਵੀ ਸ਼ੱਕ ਨਹੀਂ ਸੀ ਕਿ ਹੋਰ ਕਲਾਵਾਂ ਦੀ ਤਰ੍ਹਾਂ ਇਸ ਕਲਾ ਵਿਚ ਆਪਣੀ ਨਿਪੁੰਨਤਾ ਵਿਖਾ ਕੇ ਪ੍ਰਸਿੱਧੀ ਹਾਸਿਲ ਕੀਤੀ ਜਾ ਸਕਦੀ ਸੀ। ਉਹ ਆਪਣੀ ਹੁਣ ਤੱਕ ਦੀ ਦੱਬੀ ਪਈ ਪ੍ਰਤਿਭਾ ਤੋਂ ਅਨੰਗ ਨੂੰ ਜਾਣੂ ਕਰਾਉਣਾ ਚਾਹੁੰਦੀ ਸੀ, ਸੋ ਉਸ ਨੇ ਅੱਜ ਅਨੰਗ ਨੂੰ ਰਿਹਰਸਲ ਵੇਖਣ ਲਈ ਬੁਲਾਇਆ ਹੋਇਆ ਸੀ। ਕਿਸੇ ਕਮਜ਼ੋਰ ਘੜੀ ਵਿਚ, ਆਪਣੇ ਬੋਰਡ ਦੀ ਫ਼ਰਜ਼ੀ ਮੀਟਿੰਗ ਵਾਲੀ ਗੱਲ ਭੁੱਲ ਕੇ, ਅਨੰਗ ਨੇ ਰਿਹਰਸਲ ਉੱਤੇ ਹਾਜ਼ਰ ਹੋਣ ਦੀ ਹਾਮੀ ਭਰ ਲਈ ਸੀ। ਇਸ ਵੇਲੇ ਉਹ ਆਪਣੇ ਮਿੱਤਰ ਦੇ ਘਰ ਸਿਰਫ਼ ਤੀਜਾ ਪੈੱਗ ਪੀ ਰਿਹਾ ਸੀ। ਘੜੀ ਤੋਂ ਵਕਤ ਵੇਖ ਕੇ ਉਹ ਆਪਣੇ ਆਪ ਉੱਤੇ ਖਿੱਝ ਗਿਆ। ਰਿਹਰਸਲ ਵਾਲੀ ਥਾਂ ਜੇ ਟੈਲੀਫ਼ੋਨ ਹੁੰਦਾ ਤਾਂ ਉਹ ਆਪਣੀ ਬੋਰਡ ਦੀ ਮੀਟਿੰਗ ਤੋਂ ਫ਼ੋਨ ਕਰ ਕੇ ਮਾਨਸੀ ਨੂੰ ਕਹਿ ਦੇਂਦਾ ਕਿ ਉਸ ਨੂੰ ਪਹੁੰਚਣ ਵਿਚ ਅੱਧੇ ਘੰਟੇ ਦੀ ਦੇਰ ਹੋ ਜਾਏਗੀ, ਪਰ ਇਹ ਸੰਭਵ ਨਹੀਂ ਸੀ। ਇੱਕੋ ਡੀਕ ਵਿਚ ਗਲਾਸ ਖ਼ਾਲੀ ਕਰ ਕੇ ਉਹ ਮਾਨਸੀ ਨੂੰ ਮਿਲਣ ਲਈ ਉੱਠ ਪਿਆ।

ਨਾਟ-ਸੰਘ ਦੇ ਜਿਸ ਕਮਰੇ ਵਿਚ ਰਿਹਰਸਲ ਚੱਲ ਰਹੀ ਸੀ ਉਹ ਬਹੁਤ ਛੋਟਾ ਤੇ ਗੰਦ ਸੀ। ਓਥੇ ਪਹੁੰਚ ਕੇ ਅਨੰਗ ਨੇ ਸਭ ਤੋਂ ਪਹਿਲਾਂ ਜਿਸ ਕੁਰੂਪ ਆਦਮੀ ਨੂੰ ਵੇਖਿਆ, ਉਸ ਨੂੰਚੌਂਕੀਦਾਰ ਸਮਝ ਕੇ ਰਿਹਰਸਲ ਬਾਰੇ ਪੁੱਛਿਆ। ਅਸਲ ਵਿਚ ਉਹ ਬੰਦਾ ਨਿਰਦੇਸ਼ਕ ਸੀ ਅਤੇ ਅਨੰਗ ਦੀ ਹੀ ਉਡੀਕ ਕਰ ਰਿਹਾ ਸੀ। ਉਹ ਅਨੰਗ ਨੂੰ ਅੰਦਰ ਲੈ ਗਿਆ, ਕਮਰੇ ਦੀਆਂ ਦੋ ਸਹੀ ਸਲਾਮਤ ਕੁਰਸੀਆਂ ਵਿੱਚੋਂ ਇੱਕ ਤੇ ਮਾਨਸੀ ਬੈਠੀ ਸੀ, ਦੂਜੀ ਕੁਰਸੀ ਉੱਤੇ ਜਿਹੜੀ ਨਿਰਦੇਸ਼ਕ ਲਈ ਸੀ, ਅਨੰਗ ਬੈਠ ਗਿਆ।

ਅਨੰਗ ਨੂੰ ਵਿਖਾਉਣ ਲਈ ਨਿਰਦੇਸ਼ਕ ਨੇ ਰਿਹਰਸਲ ਦੁਹਰਾਉਣ ਦਾ ਹੁਕਮ ਦਿੱਤਾ। ਭਾਵੇਂ ਸਾਰੇ ਜਣੇ ਉਸ ਵੇਲੇ ਘਰ ਜਾਣ ਦੇ ਮੂਡ ਵਿੱਚ ਸਨ, ਪਰ ਨਿਦੇਸ਼ਕ ਦੇ ਤੇਜ਼ ਮਿਜਾਜ਼ ਅਤੇ ਅਨੰਗ ਦੀ ਹਾਜ਼ਰੀ ਕਰਕੇ ਉਨ੍ਹਾਂ ਨੇ ਕੋਈ ਉਜ਼ਰ ਨਾ ਕੀਤਾ- ਏਥੋਂ ਤੱਕ ਕਿ ਨਾਟਕਕਾਰ ਵੀ ਚੁੱਪ ਰਿਹਾ।

ਤਿੰਨ ਪੈੱਗ ਵਿਸਕੀ ਦੇ ਚਾੜ੍ਹ ਕੇ ਅਨੰਗ ਨੂੰ ਸਾਰਾ ਕੁੱਝ ਸੁਫ਼ਨਾ ਜਿਹਾ ਲਗ ਰਿਹਾ ਸੀ। ਮਾਨਸੀ ਦੀ ਦਾਸੀ ਦੀ ਭੂਮਿਕਾ ਵਾਲੀ ਕੁੜੀ ਤੇ ਰਾਕਸ਼ੀ ਭੂਮਿਕਾ ਵਾਲੀ ਜੁਆਨ ਔਰਤ ਉਸ ਨੂੰ ਬਹੁਤ ਸੁੰਦਰ ਲਗ ਰਹੀ ਸੀ। ਪਾਤਰਾਂ ਦੀਆਂ ਨਪੀਆਂ-ਤੁਲੀਆਂ ਗਤੀਵਿਧੀਆਂ ਅਤੇ ਨਾਟਕੀ ਸ਼ੈਲੀ ਦੇ ਸੰਵਾਦਾਂ ਨੇ ਉਸ ਨੂੰ ਮੋਹ ਲਿਆ ਸੀ, ਸੋ ਉਹ ਤਾੜੀ ਵਜਾਉਂਦਿਆਂ ਵਾਹ-ਵਾਹ ਕਰਨ ਲਗ ਪਿਆ। ਸਾਰੇ ਜਣੇ ਅਨੰਗ ਉੱਤੇ ਬਹੁਤ ਖ਼ੁਸ਼ ਸਨ, ਅਤੇ ਜਦੋਂ ਨਿਰਦੇਸ਼ਕ ਨੇ ਹਿਰਨ ਦੇ ਵਿਸ਼ੇ ਤੇ ਮੱਤ-ਭੇਦ ਉਸ ਦੇ ਸਾਹਮਣੇ ਹੱਲ ਕਰਨ ਲਈ ਪੇਸ਼ ਕੀਤਾ ਤਾਂ ਕਿਸੇ ਨੇ ਕੋਈ ਇਤਰਾਜ਼ ਨਹੀਂ ਕੀਤਾ; ਹਾਲੇ ਨਿਰਦੇਸ਼ਕ ਨੇ ਉਸ ਨੂੰ ਪਹਿਲਾਂ ਇਹ ਗੱਲ ਦੱਸ ਦਿੱਤੀ ਸੀ ਕਿ ਅਸਲੀ ਹਿਰਨ ਦਾ ਸੁਝਾਅ ਸਭ ਤੋਂ ਪਹਿਲਾਂ ਮਾਨਸੀ ਨੇ ਦਿੱਤਾ ਸੀ। ਬੋਰਡ ਮੀਟਿੰਗਾਂ ਦਾ ਸਭਾਪਤੀ ਬਣਦੇ ਰਹਿਣ ਕਰਕੇ ਅਨੰਗ ਕੁੱਝ ਦੇਰ ਅੱਖਾਂ ਬੰਦ ਕਰ ਕੇ ਇਸ ਸਮੱਸਿਆ ਉੱਤੇ ਗਹਿਰਾਈ ‘ਨਾਲ ਵਿਚਾਰ ਕਰਨ ਦਾ ਢੌਂਗ ਕਰਨ ਲੱਗਾ, ਫੇਰ, ਅੱਖਾਂ ਖੋਲ੍ਹ ਕੇ ਹੌਲੀ ਜਿਹੀ ਕਿਹਾ— 'ਰੀਅਲ ਇਜ਼ ਬਿਊਟੀਫੁਲ' ਅਤੇ ਉਸ ਤੋਂ ਬਾਅਦ ਜ਼ੋਰ ਦੀ ਬੋਲਿਆ- 'ਸੱਚਮੁੱਚ ਦਾ ਹਿਰਨ ਹੀ ਠੀਕ ਰਹੇਗਾ!' ਇੰਜ ਸੱਚੇ ਤੇ ਝੂਠੇ ਹਿਰਨ ਦੇ ਫ਼ੈਸਲੇ ਵਿਚ ਸੱਚੇ ਦੀ ਹੀ ਜਿੱਤ ਹੋਈ।

ਨਾਟਕਕਾਰ ਨੇ ਜੋ ਕਿ ਸੰਸਥਾ ਦੇ ਗਠਨਕਰਤਿਆਂ ਵਿੱਚੋਂ ਇੱਕ ਸੀ, ਇਸ ਵੇਲੇ ਹਾਲਾਤ ਨੂੰ ਆਪਣੇ ਹੱਥੋਂ ਨਿਕਲਦਿਆਂ ਵੇਖ ਕੇ ਅਤੇ ਵਿਰੋਧ ਦੀ ਕੋਈ ਗੁੰਜਾਇਸ਼ ਨਾ ਵੇਖ ਕੇ ਬੱਸ ਏਨਾ ਹੀ ਕਿਹਾ ਕਿ ਹਿਰਨ ਮਿਲਣਾ ਚਾਹੀਦੈ। ਨਿਰਦੇਸ਼ਕ ਨੇ ਨਾਟਕਕਾਰ ਉੱਤੇ ਬੜੀ ਸਖ਼ਤ ਨਜ਼ਰ ਰੱਖੀ ਹੋਈ ਸੀ। ਉਹ ਉਸ ਦੇ ਬੋਲਣ ਨੂੰ ਨਿਰਵਿਰੋਧ ਨਹੀਂ ਸੀ ਛੱਡਣਾ ਚਾਹੁੰਦਾ। ਉਸ ਨੇ ਆਪਣੀ ਅਵਾਜ਼ ਉੱਚੀ ਕਰ ਕੇ ਕਿਹਾ, 'ਮਿਲ ਜਾਏਗਾ' ਤੇ ਇਸ ਦੇ ਬਾਅਦ ਅਨੰਗ ਵੱਲ ਵੇਖ ਕੇ ਪੁੱਛਿਆ, “ਕਿਉਂ ਜੀ ?" ਅਨੰਗ ਉਸ ਵੇਲੇ ਰਾਕਸ਼ੀ ਨੂੰ ਵੇਖ ਕੇ ਕਈ ਅਸੰਗਤ ਗੱਲਾਂ ਸੋਚਣ ਵਿਚ ਲੱਗਾ ਹੋਇਆ ਸੀ; ਨਿਰਦੇਸ਼ਕ ਦੇ ਪ੍ਰਸ਼ਨ ਨਾਲ ਉਸ

ਦਾ ਧਿਆਨ ਟੁੱਟ ਗਿਆ ਤੇ ਉਸ ਨੇ ਕਿਹਾ, 'ਹਾਂ, ਮਿਲ ਜਾਏਗਾ; ਮੈਂ ਇੰਤਜ਼ਾਮ ਕਰ ਦਿਆਂਗਾ। ਹਿਰਨਾਂ ਦਾ ਕੀ ਐ, ਭਾਵੇਂ ਜਿੰਨੇ ਲੈ ਲਓ।"

ਇਸ ਵਾਰੀ ਨਿਰਦੇਸ਼ਕ ਨੇ ਨਾਟਕਕਾਰ ਵੱਲ ਖੁੱਲ੍ਹਮ-ਖੁੱਲਾ ਨਫ਼ਰਤ ਭਰੀ ਨਜ਼ਰ ਨਾਲ ਵੇਖਿਆ। ਨਾਟਕਕਾਰ, ਜਿਹੜਾ ਕਿ ਬਗ਼ੈਰ ਕਿਸੇ ਕੰਮ ਦੇ ਰਿਹਰਸਲ ਵਾਲੇ ਕਮਰੇ ਵਿੱਚ ਬੈਠਾ ਰਹਿੰਦਾ ਸੀ, ਇਹ ਕਹਿ ਕੇ ਚਲਾ ਗਿਆ ਕਿ ਉਸ ਨੂੰ ਬਹੁਤ ਜ਼ਰੂਰੀ ਕੰਮ ਹੈ।

'ਮਾਇਆਵੀ ਹਿਰਨ' ਦੀ ਰਿਹਰਸਲ ਨਿਯਮਿਤ ਰੂਪ ਵਿਚ ਹੁੰਦੀ ਰਹੀ ਤੇ ਮਾਨਸੀ ਆਪਣੇ ਅਭਿਨੈ ਵਿਚ ਚੰਗੀ ਤਰੱਕੀ ਕਰਦੀ ਗਈ। ਨਾਟਕਕਾਰ ਨੇ ਰਿਹਰਸਲ ਵਿਚ ਆਉਣਾ ਬੰਦ ਕਰ ਦਿੱਤਾ ਸੀ, ਜਿਸ ਕਰਕੇ ਨਾਟਕ ਨੂੰ ਆਪਣੀ ਮਰਜ਼ੀ ਨਾਲ ਸੋਧਣ-ਸਵਾਰਨ ਦੀ ਨਿਰਦੇਸ਼ਕ ਉੱਤੇ ਕੋਈ ਰੋਕ ਨਹੀਂ ਸੀ। ਹੁਣ ਤੱਕ ਉਸ ਨੇ ਮਾਨਸੀ ਨੂੰ ਆਪਣੇ ਵਿਸ਼ਵਾਸ ਵਿਚ ਲੈ ਲਿਆ ਹੋਇਆ ਸੀ ਅਤੇ ਉਸ ਨੂੰ ਆਪਣੀ ਕਲਪਿਤ ਫ਼ਿਲਮ-ਟ੍ਰਿਲੋਜੀ ਦੀ ਗੱਲ ਵੀ ਦੱਸ ਦਿੱਤੀ ਸੀ। ਰਿਹਰਸਲ ਦੀ ਤਰੱਕੀ ਦੇ ਨਾਲ ਨਾਲ, ਫ਼ਿਲਮ ਦੀ ਕਹਾਣੀ ਦੇ ਵਿਸ਼ੇ ਵਿਚ ਵੀ ਮਾਨਸੀ ਨੂੰ ਸੰਖੇਪ ਜਾਣਕਾਰੀ ਮਿਲਣ ਲੱਗ ਪਈ ਤੇ ਉਹ ਇਸ ਨਾਲ ਪ੍ਰਭਾਵਿਤ ਹੀ ਹੋ ਰਹੀ ਸੀ।

ਨਿਰਦੇਸ਼ਕ ਮਾਨਸੀ ਦੇ ਅਭਿਨੈ ਦੀ ਥੋੜ੍ਹੀ-ਥੋੜ੍ਹੀ ਪ੍ਰਸੰਸਾ ਵੀ ਕਰਦਾ ਸੀ ਤੇ ਮਾਨਸੀ ਨੇ ਵੀ ਉਸ ਨੂੰ 'ਭਾਵੀ ਸਤਿਆਜੀਤ ਰੇਅ ਵਾਲੀ ਇੱਜ਼ਤ ਦੇਣੀ ਸ਼ੁਰੂ ਕਰ ਦਿੱਤੀ ਸੀ। ਥੀਏਟਰ ਦੇ ਬਾਅਦ ਫ਼ਿਲਮ ਨੂੰ ਹੀ ਆਪਣੀ ਕਲਾ ਦਾ ਅਗਲਾ ਮਾਧਿਅਮ ਬਣਾਉਣ ਲਈ ਮਾਨਸੀ ਨੇ ਮਾਨਸਿਕ ਤੌਰ ਉੱਤੇ ਫ਼ੈਸਲਾ ਕਰ ਲਿਆ ਸੀ।

ਉਸ ਦਿਨ ਰਿਹਰਸਲ ਤੋਂ ਵਾਪਸੀ ਉੱਤੇ, ਅਨੰਗ ਵਾਕਈ ਬੋਰਡ ਦੀਆਂ ਮੀਟਿੰਗਾਂ ਵਿਚ ਰੁੱਝ ਗਿਆ ਅਤੇ ਨਾਟਕ ਦੀ ਗੱਲ ਬਿਲਕੁਲ ਭੁੱਲ ਗਿਆ। ਇਕ ਦਿਨ ਆਪਣੇ ਉਨ੍ਹਾਂ ਦੋਸਤਾਂ ਦੇ ਨਾਲ ਤੀਜਾ ਪੈੱਗ ਪੀਂਦਿਆਂ ਇਕਦਮ ਉਸ ਨੂੰ ਰਾਕਸ਼ੀ ਦੀ ਯਾਦ ਆ ਗਈ ਅਤੇ ਉਸ ਨੇ ਫ਼ੈਸਲਾ ਕੀਤਾ ਕਿ ਅੱਜ ਰਿਹਰਸਲ ਤੋਂ ਮਾਨਸੀ ਨੂੰ ਲੈਣ ਆਪ ਜਾਵਾਂਗਾ। ਇਸੇ ਵੇਲੇ ਉਸ ਨੂੰ ਹਿਰਨ ਦੀ ਵੀ ਯਾਦ ਆਈ ਤੇ ਉਸ ਨੇ ਫ਼ੌਰਨ ਟੋਨੀ ਦਾ ਨੰਬਰ ਮਿਲਾਇਆ। ਟੋਨੀ ਦਾ ਨਾਂ ਭਾਵੇਂ ਕੁੱਝ ਹੋਰ ਸੀ, ਪਰ ਉਹ ਇਸੇ ਨਾਂ ਨਾਲ ਜਾਣਿਆ ਜਾਂਦਾ ਸੀ। ਹਰ ਅਸੰਭਵ ਨੂੰ ਸੰਭਵ ਬਣਾਉਣਾ ਉਸ ਦੀ ਵਿਸ਼ੇਸ਼ਤਾ ਸੀ।

ਸਰਕਾਰੀ ਦਫ਼ਤਰਾਂ ਦੇ ਗੁਪਤ ਕਾਗ਼ਜ਼ਾਂ ਦੀ ਨਕਲ ਉਹ ਪਲ ਭਰ ਵਿਚ ਲਿਆ ਸਕਦਾ ਸੀ, ਅਤੇ ਠੀਕ ਕਮਿਸ਼ਨ ਮਿਲ ਜਾਂਦਾ ਤਾਂ ਨਿਸ਼ਿੱਧ ਚੀਜ਼ਾਂ ਦੇ ਲਾਈਸੈਂਸ ਅਤੇ ਕੋਟੇ ਵੀ ਲਿਆ ਦੇਂਦਾ ਸੀ। ਸਰਕਾਰੀ ਰਾਜਨੀਤਕ ਤੇ ਸਮਾਜਿਕ ਖੇਤਰਾਂ ਵਿਚ ਉਸ ਦੀ ਕਾਫ਼ੀ ਜਾਣ-ਪਛਾਣ ਸੀ। ਉਸ ਦਾ ਦਾਅਵਾ ਸੀ ਕਿ ਮੇਰੇ ਲਈ ਕੋਈ ਵੀ ਕੰਮ ਅਸੰਭਵ ਨਹੀਂ ਹੈ।

ਕੰਮ ਬਾਰੇ ਟੋਨੀ ਬਹੁਤ ਘੱਟ ਸਵਾਲ ਕਰਦਾ ਹੁੰਦਾ ਸੀ। ਜਦੋਂ ਅਨੰਗ ਨੇ ਉਸ ਨੂੰ ਹਿਰਨ ਬਾਰੇ ਕਿਹਾ, ਤਾਂ ਉਸ ਨੇ ਅਨੰਗ ਨੂੰ ਸਿਰਫ਼ ਏਨਾ ਹੀ ਪੁੱਛਿਆ ਸੀ ਕਿ ਹਿਰਨ ਕਿੰਨੇ ਚਾਹੀਦੇ ਨੇ ? ਇੱਕ ਅੱਧਾ ਜ਼ਿਆਦਾ ਹੋਵੇ ਤਾਂ ਵੀ ਕੋਈ ਫ਼ਰਕ ਨਹੀਂ ਪੈਂਦਾ— ਇਹ ਸੋਚ ਕੇ ਅਨੰਗ ਨੇ ਦੋ ਹਿਰਨਾਂ ਦਾ ਆਰਡਰ ਦੇ ਦਿੱਤਾ। ਟੋਨੀ ਨੇ ਪੁੱਛਿਆ, "ਮਾਦਾ ਜਾਂ ਨਰ ?" ਇਸ ਗੱਲ ਨੇ ਅਨੰਗ ਨੂੰ ਦੁਬਿਧਾ ਵਿਚ ਪਾ ਦਿੱਤਾ, ਪਰ ਉਸ ਨੇ ਕਿਹਾ, "ਕੋਈ ਵੀ ਹੋਏ।" ਟੋਨੀ ਨੇ ਪੁੱਛਿਆ, "ਕਦੋਂ ਚਾਹੀਦੈ ?" ਅਨੰਗ ਨੇ ਕਿਹਾ, "ਜਿੰਨੀ ਜਲਦੀ ਹੋ ਸਕੇ" ਟੋਨੀ ਨੇ ਕਿਹਾ, "ਡਨ।"

ਉਸ ਦਿਨ ਮਾਨਸੀ ਨੂੰ ਲੈਣ ਅਨੰਗ ਗਿਆ ਤਾਂ ਰਿਹਰਸਲ ਵਾਲੀ ਥਾਂ ਤੇ ਉਸ ਦਾ ਸਵਾਗਤ ਕਰਨ ਲਈ ਬਾਹਰ ਕੋਈ ਨਹੀਂ ਸੀ ਉਡੀਕ ਰਿਹਾ। ਉਹ ਸਿੱਧਾ ਅੰਦਰ ਪਹੁੰਚ ਗਿਆ।ਰਿਹਰਸਲ ਹਾਲੇ ਖ਼ਤਮ ਨਹੀਂ ਸੀ ਹੋਈ, ਇਸ ਲਈ ਉਸ ਵੱਲ ਕਿਸੇ ਨੇ ਧਿਆਨ ਨਾ ਦਿੱਤਾ। ਟੁੱਟੀ ਹੋਈ ਕੁਰਸੀ ਉੱਤੇ ਬੈਠਕੇ ਉਸ ਨੇ ਚਾਰੇ ਪਾਸੇ ਨਿਗਾਹ ਦੁੜਾਈ। ਭਿੰਨ ਪੈੱਗਾਂ ਤੋਂ ਬਾਅਦ ਵੇਖੀ ਹੋਈ ਸੁੰਦਰ ਇਸਤਰੀ ਅੱਜ ਰਾਕਸ਼ੀ ਵਰਗੀ ਵਿਖਾਈ ਦਿੱਤੀ; ਅਤੇ ਨਾਟਕ ਦੇ ਜਿਸ ਭਾਗ ਦੀ ਰਿਹਰਸਲ ਹੋ ਰਹੀ ਸੀ, ਉਹ ਵੀ ਉਸ ਨੂੰ ਬੜਾ ਨੀਰਸ ਤੇ ਅਕਾਊ ਲੱਗਾ। ਆਪਣਾ ਰੋਲ ਮੁਕਾ ਕੇ ਜਦੋਂ ਰਾਕਸ਼ੀ ਉਸ ਕੋਲ ਪਈ ਕੁਰਸੀ ਉੱਤੇ ਆ ਕੇ ਬੈਠੀ, ਤਾਂ ਪਿਛਲੀ ਵਾਰੀ ਆਪਣੇ ਦੋਸਤ ਦੇ ਘਰ ਜਿਹੜੀ ਵਿਸਕੀ ਅਨੰਗ ਨੇ ਪੀਤੀ ਸੀ, ਉਸ ਨੂੰ ਉਸ ਦੇ ਬਦੇਸ਼ੀ ਹੋਣ ਦਾ ਸ਼ੱਕ ਹੋਇਆ।

ਉਸ ਨੇ ਕਦੇ ਵੀ ਰਿਹਰਸਲ ਵਿਚ ਨਾ ਆਉਣ ਦੀ ਕਸਮ ਖਾਧੀ, ਅਤੇ ਮਨ ਹੀ ਮਨ ਵਿਚ ਕਈ ਕਾਲਪਨਿਕ 'ਜ਼ਰੂਰੀ ਕੰਮਾਂ' ਦੀ ਸੂਚੀ ਬਣਾ ਲਈ। ਕਾਫ਼ੀ ਦੇਰ ਬਾਅਦ ਰਿਹਰਸਲ ਖ਼ਤਮ ਹੋਣ ਪਿੱਛੋਂ ਜਦ ਨਿਰਦੇਸ਼ਕ ਨੇ ਉਸ ਵੱਲ ਦੇਖਿਆ, ਉਦੋਂ ਤੱਕ ਅਨੰਗ ਦਾ ਧੀਰਜ ਸਿਖਰ ਉੱਤੇ ਪਹੁੰਚ ਚੁੱਕਾ ਸੀ। ਬਗ਼ੈਰ ਕਿਸੇ 'ਹੈਲੋ-ਹਾਯ' ਦੇ ਨਿਰਦੇਸ਼ਕ ਨੇ

ਉਸ ਨੂੰ ਪੁੱਛਿਆ, "ਕੀ ਹੋਇਆ ਹਿਰਨ ਦਾ ?" ਆਪਣੀ ਆਵਾਜ਼ ਵਿਚ ਪੂਰੀ ਬੇਰੁਖ਼ੀ ਲਿਆ ਕੇ ਅਨੰਗ ਨੇ ਕਿਹਾ, “ਸਹੀ ਵਕਤ ਤੇ ਮਿਲ ਜਾਏਗਾ।"

ਦੋ ਦਿਨ ਬਾਅਦ ਸ਼ਾਮ ਨੂੰ, ਨਿਰਦੇਸ਼ਕ ਨੂੰ ਨਾਲ ਲੈ, ਕੇ ਮਾਨਸੀ ਘਰ ਆਈ। ਉਸ ਦਿਨ ਦਫ਼ਤਰ ਵਿਚ ਸਾਰਾ ਦਿਨ ਕੰਮ ਵਿਚ ਰੁੱਝੇ ਹੋਣ ਕਰਕੇ ਅਨੰਗ ਨੇ ਸੋਚਿਆ ਸੀ ਘਰ ਪਹੁੰਚ ਕੇ ਅਰਾਮ ਨਾਲ ਲੇਟਾਂਗਾ ਪਰ ਕਿਸੇ ਕਾਲੇ ਬੱਦਲ ਵਾਂਗ ਨਿਰਦੇਸ਼ਕ ਕਮਰੇ ਵਿਚ ਵੜ ਆਇਆ ਤੇ ਸਭ ਤੋਂ ਅਰਾਮਦੇਹ ਸੋਫ਼ੇ ਉੱਤੇ ਬੈਠ ਗਿਆ। ਉਸ ਨੂੰ ਸਧਾਰਨ ਜਿਹੀ 'ਹੈਲੋ' ਕਹਿ ਕੇ ਅਨੰਗ ਨੇ ਸਿਗਰਟ ਦਾ ਧੂੰਆਂ ਛੱਡਿਆ ਤੇ ਉੱਪਰ ਵੱਲ ਇਉਂ ਵੇਖਣ ਲਗ ਪਿਆ, ਜਿਵੇਂ ਉਸ ਧੂਏਂ ਵਿਚ ਅਨੇਕ ਰਹੱਸ ਸਨ ਜਿਨ੍ਹਾਂ ਨੂੰ ਜਲਦੀ ਸਮਝਣ ਦੀ ਲੋੜ ਸੀ। ਨਿਰਦੇਸ਼ਕ ਇਸ ਨਾਲ ਵਿਚਲਿਤ ਹੋਣ ਵਾਲਾ ਨਹੀਂ ਸੀ। ਉਹ ਸਿੱਧੇ ਪੀਣ ਵਾਲੇ ਪਦਾਰਥਾਂ ਨਾਲ ਭਰੀ 'ਬਾਰ' ਦੇ ਪਿੱਛੇ ਜਾ ਕੇ ਬੋਤਲਾਂ ਟੋਹਣ ਲੱਗ ਪਿਆ। ਮਾਨਸੀ ਦੇ ਕਹਿਣ ਉੱਤੇ ਕਿ ਉਸ ਨੂੰ ਏਥੇ ‘ਰਮ' ਨਹੀਂ ਮਿਲੇਗੀ, ਉਹ ਦੋ ਗਲਾਸਾਂ ਵਿਚ ਸਕਾਚ ਪਾ ਕੇ ਆਪਣੀ ਥਾਂ ਉੱਤੇ ਵਾਪਸ ਆ ਗਿਆ ਤੇ ਇੱਕ ਗਲਾਸ ਅਨੰਗ ਵੱਲ ਵਧਾਇਆ। ਉਸ ਦਾ ਗ਼ੈਰ-ਰਸਮੀ ਵਿਹਾਰ ਅਨੰਗ ਨੂੰ ਪਸੰਦ ਨਾ ਆਇਆ, ਏਸ ਲਈ ਉਸ ਨੇ ਕੋਈ ਦੂਜਾ ਡ੍ਰਿੰਕ ਲੈਣ ਦਾ ਬਹਾਨਾ ਬਣਾ ਕੇ ਗਲਾਸ ਵਾਪਸ ਕਰ ਦਿੱਤਾ ਤੇ ਖ਼ੁਦ 'ਬਾਰ' ਕੋਲ ਚਲਾ ਗਿਆ। ਨਿਰਦੇਸ਼ਕ ਇਸ ਉੱਤੇ ਵੀ ਵਿਚਲਿਤ ਨਹੀਂ ਹੋਇਆ। ਉਸ ਨੇ ਇੱਕ ਗਿਲਾਸ ਤਾਂ ਡੀਕ ਲਾ ਕੇ ਪੀ ਲਿਆ ਤੇ ਖ਼ਾਲੀ ਗਿਲਾਸ ਮਾਨਸੀ ਵੱਲ ਵਧਾ ਕੇ ਦੂਜਾ ਗਲਾਸ ਪੀਣ ਲੱਗ ਪਿਆ।

ਆਪਣਾ ਗਲਾਸ ਭਰਦਿਆਂ ਅਨੰਗ ਨੂੰ ਇਸ ਗੱਲ ਉੱਤੇ ਹੈਰਾਨੀ ਹੋ ਰਹੀ ਸੀ ਕਿ ਮਾਨਸੀ ਨੂੰ ਨਿਰਦੇਸ਼ਕ ਦੇ 'ਰੰਮ' ਪੀਣ ਦੀ ਆਦਤ ਦਾ ਕਿਵੇਂ ਪਤਾ ਲੱਗਾ? ਇਸ ਵੇਲੇ ਮਾਨਸੀ ਦਾ ਵਿਹਾਰ ਉਸ ਨੂੰ ਬਿਲਕੁਲ ਚੰਗਾ ਨਹੀਂ ਲਗ ਰਿਹਾ ਸੀ। ਉਹ ਉਸ ਕਾਲ-ਕਲੂਟੇ ਮੋਟੇ ਨਿਰਦੇਸ਼ਕ ਨੂੰ ਕਿਵੇਂ ਬੇਇੱਜ਼ਤ ਕਰੇ, ਇਸ ਬਾਰੇ ਸੋਚਣ ਲੱਗਾ। ਪਰ ਅਨੰਗ ਦੇ ਹੱਥੋਂ ਉਹ ਮੌਕਾ ਖੋਹ ਕੇ ਨਿਰਦੇਸ਼ਕ ਨੇ ਉਸ ਨੂੰ ਕਿਹਾ, "ਕੱਲ੍ਹ ਦੀ ਰਿਹਰਸਲ ਵਿਚ ਸਾਨੂੰ ਹਿਰਨ ਦੀ ਜ਼ਰੂਰਤਹੋਵੇਗੀ।"...... ਉਸ ਨੂੰ ਕੋਈ ਜਵਾਬ ਦਿੱਤੇ ਬਿਨਾਂ ਅਨੰਗ ਟੋਨੀ ਨੂੰ ਫ਼ੋਨ ਕਰਨ ਟੈਲੀਫੋਨ ਕੋਲ ਗਿਆ।

ਟੋਨੀ ਨੇ, ਜਿਸ ਨੂੰ ਕਿ ਬਹੁਤ ਘੱਟ ਗੱਲਾਂ ਦੀ ਆਦਤ ਸੀ, ਸਿਰਫ਼ ਏਨਾ ਹੀ ਕਿਹਾ, "ਕੱਲ੍ਹ ਦਸ ਵਜੇ ਦਫ਼ਤਰ ਵਿੱਚ।" ਨਿਰਦੇਸ਼ਕ ਦੇ ਸਾਹਮਣੇ ਆ ਕੇ ਅਨੰਗ ਨੇ ਹਿਰਨ ਭਿਜਵਾਉਣ ਦੀ ਗੱਲ ਜਿਸ ਲਹਿਜੇ ਵਿਚ ਕੀਤੀ, ਉਸ ਵਿਚ- 'ਹੁਣ ਤੂੰ ਜਾ ਸਕਦਾ ਹੈ-ਦਾ ਸੰਕੇਤ ਵੀ ਸੀ।

ਪਰ ਨਿਰਦੇਸ਼ਕ ਨੂੰ ਇਨ੍ਹਾਂ ਛੋਟੇ-ਮੋਟੇ ਸੰਕੇਤਾਂ ਦੀ ਪਰਵਾਹ ਨਹੀਂ ਸੀ। ਉਹ ਪੂਰੇ ਦੋ ਪੈੱਗ ਮੁਕਾਉਣ ਤੱਕ ਓਥੇ ਹੀ ਡਟਿਆ ਰਿਹਾ। ਉਸ ਨੂੰ ਖ਼ੁਸ਼ ਕਰਨ ਦੀ ਜ਼ਿੰਮੇਵਾਰੀ ਮਾਨਸੀ ਤੇ ਛੱਡ ਕੇ ਅਨੰਗ ਉਨ੍ਹਾਂ ਸਾਰੇ ਨਵੇਂ ਰਹੱਸਾਂ ਦਾ ਹੱਲ ਲੱਭਣ ਵਿਚ ਰੁੱਝ ਗਿਆ, ਜਿਹੜੇ ਹੁਣੇ ਹੁਣੇ ਉਸ ਦੀ ਸਿਗਰਟ ਦੇ ਧੂੰਏਂ ਵਿੱਚੋਂ ਨਿਕਲ ਕੇ ਉਸ ਦੀ ਜੁੱਤੀ, ਉਸ ਦੇ ਟੇਬਲ ਤੇ ਕੰਧਾਂ ਵਿੱਚ ਕੈਦ ਹੋ ਗਏ ਸਨ। ਅਨੰਗ ਬੈਲੈਂਸ ਸ਼ੀਟ ਪੜ੍ਹਨ ਵਿਚ ਮਾਹਿਰ ਸੀ। ਉਸ ਨੇ ਤੁਲਨਾ ਕਰ ਕੇ ਵੇਖਿਆ ਕਿ ਇਸ ਵਿਅਕਤੀ ਨੂੰ ਬੇਇੱਜ਼ਤ ਕਰ ਕੇ ਘਰੋਂ ਕੱਢਣ ਵਿਚ ਜਿੰਨਾ ਆਨੰਦ ਮਿਲੇਗਾ, ਉਸ ਤੋਂ ਕਈ ਗੁਣਾਂ ਜ਼ਿਆਦਾ ਆਨੰਦ, ਮਾਨਸੀ ਦੇ ਹਰ ਰੋਜ਼ ਘਰੋਂ ਤਿੰਨ ਘੰਟੇ ਬਾਹਰ ਰਹਿਣ ਦਾ ਸੀ। ਇਸ ਲਈ ਉਹ ਚੁੱਪ ਰਿਹਾ ਅਤੇ ਅਗਲੇ ਦਿਨ ਸ਼ਾਮੀਂ ਹਿਰਨ ਭਿਜਵਾ ਦੇਣ ਦੇ ਬਾਅਦ ਆਪਣੀ ਜ਼ਿੰਦਗੀ ਦੇ ਇਸ ਕਾਲੇ ਅਧਿਆਇ ਨੂੰ ਭੁੱਲ ਜਾਣ ਦਾ ਉਸ ਨੇ ਨਿਸ਼ਚਾ ਕੀਤਾ।

ਅਗਲੇ ਦਿਨ ਪੂਰੇ ਦਸ ਵਜੇ ਟੋਨੀ ਦਫ਼ਤਰ ਵਿੱਚ ਪਹੁੰਚ ਗਿਆ। ਬਹੁਤ ਘੱਟ ਗੱਲਾਂ ਕਰਨ ਵਾਲਾ ਟੋਨੀ ਅੱਜ ਕਾਫ਼ੀ ਬੋਲਦਾ ਜਾ ਰਿਹਾ ਸੀ। ਉਸ ਨੇ ਇੱਕ ਛੋਟਾ ਜਿਹਾ ਭਾਸ਼ਣ ਦਿੱਤਾ, ਜਿਸ ਵਿਚ ਵਾਈਲਡ ਲਾਈਫ਼ ਨਿਯਮਾਵਲੀ, ਐਸ, ਪੀ. ਏ. ਉੱਤੇ ਕਾਫ਼ੀ ਖੁੱਲ੍ਹੀ ਚਰਚਾ ਸੀ, ਅਤੇ ਜਿਸ ਦਾ ਸਾਰ ਇਹ ਸੀ ਕਿ ਹਿਰਨ ਨਹੀਂ ਮਿਲੇਗਾ। ਇਹ ਗੱਲ ਕਹਿੰਦਿਆਂ ਹੋਏ ਟੋਨੀ ਕਾਫ਼ੀ ਮਜਬੂਰ ਤੇ ਸ਼ਰਮਿੰਦਾ ਦਿਸ ਰਿਹਾ ਸੀ। ਉਸ ਨੇ ਅਨੰਗ ਦਾ ਗੁੱਸਾ ਚੁੱਪ-ਚਾਪ ਸਹਿ ਲਿਆ। ਜਾਣ ਵੇਲੇ ਬੱਸ ਏਨਾ ਹੀ ਬੋਲਿਆ, "ਨਹੀਂ ਇਹ ਸੰਭਵ ਨਹੀਂ। ਬੰਬਈ ਤੋਂ ਫ਼ਿਲਮ ਸਟਾਰਾਂ ਨੂੰ ਲਿਆਉਣਾ ਸੋਖਾ ਹੈ, ਪਰ ਹਿਰਨ ਕਿਤੋਂ ਵੀ ਲਿਆਉਣਾ ਸੰਭਵ ਨਹੀਂ ਹੈ।"

ਟੋਨੀ ਵੱਲੋਂ ਹਾਰ ਮੰਨੀ ਜਾਣੀ ਤੇ ਅਨੰਗ ਸਮਝ ਗਿਆ ਕਿ ਉਸ ਨੂੰ ਇੱਕ ਖ਼ਤਰਿਆਂ ਭਰੀ ਜ਼ਿੰਮੇਵਾਰੀ ਨਾਲ ਜੂਝਣਾ ਪੈਣਾ ਹੈ। ਸੈਕਟਰੀ ਨੂੰ ਬੁਲਾ ਕੇ ਉਸ ਦਿਨ ਦੇ ਸਾਰੇ ਕੰਮ ਰੱਦ ਕਰ ਦਿੱਤੇ ਤੇ ਹਿਰਨ ਪ੍ਰਾਪਤ ਕਰਨ ਬਾਰੇ ਸੋਚਣ ਲੱਗਾ। ਟੋਨੀ ਨੇ ਉਸ ਨੂੰ

ਸਾਰੀਆਂ ਮੁਸ਼ਕਲਾਂ ਦੱਸੀਆਂ ਸਨ- ਵਣ-ਜੀਵਨ ਦੇ ਕਾਨੂੰਨ ਮੁਤਾਬਿਕ ਕੋਈ ਵੀ ਵਿਅਕਤੀ ਹਿਰਨ ਨਹੀਂ ਪਾਲ ਸਕਦਾ। ਚਿੜੀਆਘਰ ਵਿੱਚ ਹਿਰਨ ਮਿਲਣਗੇ, ਪਰ ਓਥੋਂ ਜਾਨਵਰਾਂ ਨੂੰ ਬਾਹਰ ਕੱਢਣ ਦੀ ਇਜ਼ਾਜ਼ਤ ਨਹੀਂ ਹੈ, ਆਦਿ।

ਹਿਰਨ ਹੋਰ ਕਿੱਥੇ ਮਿਲਣਗੇ, ਇਹ ਜਾਣਨ ਲਈ ਅਨੰਗ ਨੇ ਵਣ-ਜੀਵਨ ਵਿਭਾਗ ਦੇ ਦਫ਼ਤਰ ਫ਼ੋਨ ਕੀਤਾ। ਪਰ ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ; ਫੇਰ ਵੀ ਉਨ੍ਹਾਂ ਨੇ ਉਸ ਨੂੰ ਦੋ ਸੰਸਥਾਵਾਂ ਦੇ ਨਾਂ ਦਿੱਤੇ। ਇੱਕ ਸੰਸਥਾ ਦਾ ਦਫ਼ਤਰ ਉਸ ਨੂੰ ਟੈਲੀਫ਼ੋਨ ਉੱਤੇ ਤੁਰੰਤਮਿਲ ਗਿਆ, ਉਸ ਨੇ ਹਿਰਨ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕਾਰਨ ਬਾਰੇ ਪੁੱਛਿਆ ਅਤੇ ਥੀਏਟਰ ਦੀ ਗੱਲ ਸੁਣ ਕੇ ਉਨ੍ਹਾਂ ਨੇ ਮੁਕੱਦਮੇ ਦੀ ਧਮਕੀ ਦਿੱਤੀ। ਉਨ੍ਹਾਂ ਨੇ ਉਸ ਦਾ ਨਾਂ ਜਾਣਨਾ ਚਾਹਿਆ, ਪਰ ਅਨੰਗ ਨੇ ਰੀਸੀਵਰ ਥੱਲੇ ਰੱਖ ਦਿੱਤਾ।

ਦੂਜੀ ਸੰਸਥਾ ਦਾ ਟੈਲੀਫ਼ੋਨ ਨਾ ਮਿਲਣ ਕਰਕੇ ਉਹ ਖ਼ੁਦ ਉਸ ਨੂੰ ਲੱਭਦਾ ਲੱਭਦਾ ਓਥੇ ਪਹੁੰਚ ਗਿਆ। ਸ਼ਹਿਰ ਦੇ ਉਜਾੜ ਹਿੱਸੇ ਵਿਚ ਇੱਕ ਛੋਟੇ ਜਿਹੇ ਕਮਰੇ ਵਿਚ ਉਨ੍ਹਾਂ ਦਾ ਦਫ਼ਤਰ ਸੀ। ਦਫ਼ਤਰ ਵਿਚ ਸਿਰਫ਼ ਇੱਕ ਹੀ ਕੁਰਸੀ ਸੀ ਤੇ ਉਸ ਉੱਤੇ ਬੈਠਾ ਸੱਜਣ ਵਿਸ਼ੇਸ਼ ਕੰਮ ਵਿਚ ਰੁੱਝੇ ਹੋਣ ਦਾ ਢੌਂਗ ਰਚਾ ਰਿਹਾ ਸੀ। ਅਨੰਗ ਨੇ ਉਸ ਤੋਂ ਹਿਰਨ ਦੀ ਪੁੱਛ ਕੀਤੀ। ਉਸ ਵਿਅਕਤੀ ਨੇ ਉਸ ਨੂੰ ਕਈ ਪੁਸਤਕਾਂ ਫੜਾ ਦਿੱਤੀਆਂ। ਕਮਰੇ ਵਿਚ ਹੋਰ ਵੀ ਕੁਰਸੀਆਂ ਹੋ ਸਕਦੀਆਂ ਹਨ, ਇਹ ਸੋਚ ਕੇ ਅਨੰਗ ਨੇ ਏਧਰ-ਓਧਰ ਵੇਖਿਆ, ਪਰ ਉਸ ਵਿਅਕਤੀ ਨੇ-'ਦਫ਼ਤਰ ਨਵਾਂ ਖੁੱਲ੍ਹਿਆ ਹੈ— ਕਹਿ ਕੇ ਆਪਣਾ ਮੂੰਹ ਦੂਜੇ ਪਾਸੇ ਫੇਰ ਲਿਆ। ਕਿਤਾਬਾਂ ਦੇ ਵਰਕੇ ਫਰੋਲਣ ਤੇ ਹਿਰਨ, ਕੁਟੂਰਾ, ਬਾਰਾਂਸਿੰਗਾ, ਚਿੱਤਲ, ਆਦਿ ਹਿਰਨ-ਪਰਿਵਾਰ ਦੀਆਂ ਵਿਭਿੰਨ ਜਾਤੀਆਂ ਬਾਰੇ ਅਨੰਗ ਨੂੰ ਕਾਫ਼ੀ ਜਾਣਕਾਰੀ ਮਿਲੀ—ਜਿਵੇਂ ਕਿ ਭਾਰਤ ਵਿਚ ਹਿਰਨਾਂ ਦੀ ਸੰਖਿਆ ਕਿੰਨੀ ਹੈ, ਕਿਸ ਤਰ੍ਹਾਂ ਦੇ ਹਿਰਨਾਂ ਦੇ ਸਿੰਗ ਘੱਟ-ਵੱਧ ਹੁੰਦੇ ਹਨ, ਆਦਿ।

ਪਰ ਜਦ ਅਨੰਗ ਨੇ ਇਹ ਪ੍ਰਸ਼ਨ ਕੀਤਾ ਕਿ ਥੀਏਟਰ ਲਈ ਹਿਰਨ ਕਿੱਥੋਂ ਮਿਲੇਗਾ, ਤਾਂ ਉਸ ਭੱਦਰ-ਪੁਰਸ਼ ਨੇ ਅਗਿਆਨ ਪ੍ਰਗਟਾਉਂਦਿਆਂ ਇਹ ਗੱਲ ਦੁਹਰਾਈ ਕਿ ਦਫ਼ਤਰ ਨਵਾਂ ਖੁੱਲ੍ਹਿਆ ਹੈ, ਜਦੋਂ ਅਨੰਗ ਤੁਰਨ ਲੱਗਾ ਤਾਂ ਉਸ ਵਿਅਕਤੀ ਨੇ ਉਸ ਨੂੰ ਰਜਿਸਟਰ ਵਿੱਚ ਦਸਖ਼ਤ ਕਰਨ ਲਈ ਕਿਹਾ। ਅਸਲ ਵਿਚ ਇਹ ਦਫ਼ਤਰ ਹਾਲੇ ਨਵਾਂ ਹੀ

ਖੁੱਲ੍ਹਿਆ ਸੀ, ਕਿਉਂ ਕਿ ਉਸ ਰਜਿਸਟਰ ਉੱਤੇ ਕੇਵਲ ਇੱਕ ਹੀ ਦਸਖ਼ਤ ਸੀ। ਆਪਣੇ ਦਸਖ਼ਤ ਕਰਦਿਆਂ ਅਨੰਗ ਨੇ ਧਿਆਨ ਨਾਲ ਵੇਖਿਆ ਕਿ ਪਹਿਲਾ ਦਸਖ਼ਤ ਟੋਨੀ ਦਾ ਸੀ।

ਇੱਥੋਂ ਬਾਹਰ ਆ ਕੇ ਅਨੰਗ ਨੇ ਡਰਾਈਵਰ ਨੂੰ ਛੁੱਟੀ ਦੇ ਦਿੱਤੀ ਅਤੇ ਖ਼ੁਦ ਗੱਡੀ ਚਲਾਉਣ ਲੱਗਾ। ਇਕਦਮ ਉਸ ਨੂੰ ਯਾਦ ਆਇਆ ਕਿ ਇਕ ਵਾਰੀ ਸ਼ਹਿਰੋਂ ਬਾਹਰ ਦੇ ਕੁਝ ਫਾਰਮ-ਹਾਊਸਾਂ ਵਿਚ ਉਸ ਨੇ ਮੋਰ ਟਹਲਦੇ ਵੇਖੇ ਸਨ। ਸੰਭਵ ਹੈ, ਕਿਸੇ ਨੇ ਹਿਰਨ ਵੀ ਪਾਲਿਆ ਹੋਵੇ। ਡਰਾਈਵਰ ਨਾਲ ਘਰ-ਘਰ ਘੁੰਮਣ ਨਾਲੋਂ ਉਸ ਨੇ ਇਕੱਲਿਆਂ ਜਾਣਾ ਉਚਿੱਤ ਸਮਝਿਆ। ਪਰ ਉਸ ਇਲਾਕੇ ਦੇ ਚਾਰ ਚੱਕਰ ਲਾਉਣ ਤੋਂ ਬਾਅਦ ਵੀ ਅਨੰਗ ਨੂੰ ਸਿਵਾਏ ਕੁੱਤੇ ਤੇ ਮੁਰਗੀਆਂ ਦੇ ਕੋਈ ਹੋਰ ਪਾਲਤੂ ਜਾਨਵਰ ਵਿਖਾਈ ਨਾ ਦਿੱਤਾ। ਅਖ਼ੀਰ ਮਜਬੂਰ ਹੋ ਕੇ ਉਹ ਇੱਕ ਮਕਾਨ ਕੋਲ ਉੱਤਰਿਆ ਅਤੇ ਬਾਹਰ ਖੜ੍ਹੇ ਬੱਚੇ ਨੂੰ ਪੁੱਛਿਆ, "ਮੇਰਾ ਹਿਰਨ ਗਵਾਚ ਗਿਆ ਹੈ। ਕੀ ਤੂੰ ਏਥੇ ਕਿਤੇ ਹਿਰਨ ਦਾ ਬੱਚਾ ਵੇਖਿਐ ?"

ਉਸ ਨੇ ਉਂਗਲੀ ਨਾਲ ਇਕ ਮਕਾਨ ਵੱਲ ਇਸ਼ਾਰਾ ਕਰ ਦਿੱਤਾ। ਅਨੰਗ ਅੱਗੇ ਨਾਲੋਂ ਦੂਣੇ ਉਤਸ਼ਾਹ ਨਾਲ ਓਧਰ ਲਪਕਿਆ। ਫਾਟਕ ਕੋਲ ਪਹੁੰਚ ਕੇ ਉਸ ਨੇ ਅੰਦਰ ਲਾਅਨ ਵੱਲ ਵੇਖਿਆ; ਓਥੇ ਇੱਕ ਸੁੰਦਰ ਚਿੱਤਰਬਰਾ ਹਿਰਨ ਵੇਖ ਕੇ ਉਸ ਨੂੰ ਆਪਣੀਆਂ ਅੱਖਾਂ ਉੱਤੇ ਵਿਸ਼ਵਾਸ ਨਹੀਂ ਸੀ ਆ ਰਿਹਾ। ਫਾਟਕ ਤੇ ਲਿਖੇ 'ਕੁੱਤੇ ਤੋਂ ਸਾਵਧਾਨ' ਬੋਰਡ ਨੂੰ ਨਜ਼ਰ-ਅੰਦਾਜ਼ਕਰਦਿਆਂ ਉਹ ਸਿੱਧਾ ਅੰਦਰ ਚਲਾ ਗਿਆ ਤੇ ਕਾਲਿੰਗ ਬੈੱਲ ਦਾ ਬਟਨ ਦਬਾ ਦਿੱਤਾ। ਇਕਦਮ ਦੋ ਘਟਨਾਵਾਂ ਇਕੱਠੀਆਂ ਵਾਪਰੀਆਂ- ਦਰਵਾਜ਼ਾ ਖੋਲ੍ਹ ਕੇ ਇੱਕ ਮੁੱਛਲ ਹੱਥ ਵਿਚ ਬੰਦੂਕ ਲਈ ਬਾਹਰ ਨਿਕਲਿਆ, ਅਤੇ ਲਾਨ ਵਾਲਾ ਹਿਰਨ ਦਾ ਬੱਚਾ ਕੁੱਤੇ ਵਾਂਗ ਭੌਂਕਦਾ ਹੋਇਆ ਉਸ ਵੱਲ ਦੌੜ ਆਇਆ। ਹਿਰਨ-ਪਰਿਵਾਰ ਦੇ ਬਾਰੇ ਉਸ ਦਾ ਥੋੜ੍ਹ ਚਿਰਾਂ ਗਿਆਨ ਬਹੁਤ ਹੀ ਥੋੜ੍ਹਾ ਸੀ, ਫੇਰ ਵੀ ਉਹ ਏਨਾ ਸਮਝ ਗਿਆ ਇਹ ਜਾਨਵਰ ਹਿਰਨ ਨਹੀਂ ਹੈ, ਬਲਕਿ ਕਿਸੇ ਚਿਤਰਬਰੀ ਜਾਤੀ ਦਾ ਕੁੱਤਾ ਹੈ।

ਅਨੰਗ ਦੀ ਸੁੱਧ-ਬੁੱਧ ਅੱਛੀ ਸੀ। ਅਚਾਨਕ ਹੀ ਉਹ ਆਪਣੇ ਫ਼ਰਜ਼ੀ ਮਿੱਤਰ 'ਕੈਪਟਨ' ਕੁਮਾਰ' ਦੇ ਮਕਾਨ ਬਾਰੇ ਪੁੱਛ-ਗਿੱਛ ਕਰ ਕੇ ਉਥੋਂ ਮੁੜ ਆਇਆ।

ਉਸ ਵੇਲੇ ਤੱਕ ਸ਼ਾਮ ਹੋ ਚੁੱਕੀ ਸੀ। ਉਹ ਘਰ ਵੱਲ ਚੱਲ ਪਿਆ। ਮਨ ਵਿੱਚ ਉਹ ਉਸ ਬੱਚੇ ਨੂੰ ਗਾਲ੍ਹਾਂ ਕੱਢਦਾ ਜਾ ਰਿਹਾ ਸੀ ਅਤੇ ਹਿਰਨ ਦੀ ਥਾਂ ਕੁੱਤੇ ਨੂੰ ਵਰਤਣ ਦੇ ਖ਼ਿਆਲ ਨਾਲ ਖਿੱਝ ਰਿਹਾ ਸੀ। ਘਰ ਦੇ ਡ੍ਰਾਇੰਗ-ਰੂਮ ਵਿਚ ਪਹੁੰਚ ਕੇ ਉਸ ਨੇ ਵੇਖਿਆ ਕਿ

'ਕਾਲਾ ਪਹਾੜ' ਉਸ ਦੇ ਸਭ ਤੋਂ ਪਿਆਰੇ ਸੋਫੇ ਉੱਤੇ ਬੈਠਾ ਹੈ ਅਤੇ ਉਸ ਦੇ ਹੱਥ ਵਿੱਚ ਗਲਾਸ ਹੈ। ਹੇਠਾਂ ਬੈਠ ਕੇ ਮਾਨਸੀ ਕੋਈ ਕਾਪੀ ਬਹੁਤ ਹੀ ਧਿਆਨ ਨਾਲ ਵੇਖ ਰਹੀ ਸੀ। ਅਨੰਗ ਨੂੰ ਵੇਖਦਿਆਂ ਹੀ ਉਹ ਉੱਠ ਕੇ ਖੜ੍ਹੀ ਹੋ ਗਈ ਅਤੇ ਰੁੱਖੇ ਸੁਰ ਵਿਚ ਬੋਲੀ, "ਤੇਰੀ ਵਜ੍ਹਾ ਨਾਲ ਅੱਜ ਸਾਡੀ ਰਿਹਰਸਲ ਬੰਦ ਰਹੀ। ..ਹਿਰਨ ਕਿੱਥੇ ਐ ?" ਅਨੰਗ ਨੇ ਕਿਹਾ, "ਸ਼ੋਅ ਦੇ ਦਿਨ ਹਿਰਨ ਮਿਲ ਜਾਏਗਾ। ਹੁਣ ਰਿਹਰਸਲ ਵਿੱਚ ਉਸ ਦੀ ਕੀ ਲੋੜ ਹੈ ?" ਮਾਨਸੀ ਨਾਸਾਂ ਫੁਲਾ ਕੇ ਬੋਲੀ, "ਤੂੰ ਨਾਟਕ ਬਾਰੇ ਕੁੱਝ ਜਾਣਦਾ ਵੀ ਹੈਂ ? ਡਗ ਸਤਾਨਿਸਲਾਵਸਕੀ ਵਿੱਚ ਵਿਸ਼ਵਾਸ ਕਰਦਾ ਹੈ।"

ਸਤਾਨਿਸਲਾਵਸਕੀ ਕੌਣ ਹੈ, ਕੀ ਹੈ - ਕੁਝ ਨਾ ਜਾਣਦਿਆਂ ਵੀ ਅਨੰਗ ਏਨਾ ਜ਼ਰੂਰ ਜਾਣਦਾ ਸੀ ਕਿ ਇਹ ਕੋਈ ਅਜਿਹਾ ਸ਼ਬਦ ਹੈ, ਜਿਸ ਰਾਹੀਂ ਥੀਏਟਰ ਦੇ ਲੋਕ, ਹੋਰਨਾਂ ਲੋਕਾਂ ਨੂੰ, ਆਪਣੇ ਮੁਗਧ ਹੋਏ ਘੇਰੇ ਤੋਂ ਬਾਹਰ ਰੱਖਦੇ ਹਨ। ਜਵਾਬ ਵਿਚ ਅਨੰਗ ਕਹਿ ਸਕਦਾ ਸੀ ਕਿ ਉਸ ਦਾ ਵਿਸ਼ਵਾਸ ਪੀਟਰ ਡੱਕਰ ਵਿਚ ਹੈ; ਪਰ ਇਸ ਵੇਲੇ ਉਹ ਜਵਾਬ ਦੇਣ ਦੇ ਮੂਡ ਵਿਚ ਨਹੀਂ ਸੀ। ਨਿਰਦੇਸ਼ਕ ਵੱਲ ਵੇਖੇ ਬਿਨਾਂ ਉਹ ਆਪਣਾ ਗਲਾਸ ਲੈ ਕੇ ਅੰਦਰ ਚਲਾ ਗਿਆ।

ਨਿਰਦੇਸ਼ਕ ਨੇ ਇੱਕੋ ਵਾਰੀ ਅੱਧਾ ਗਲਾਸ ਖ਼ਾਲੀ ਕਰ ਦਿੱਤਾ ਅਤੇ ਮਾਨਸੀ ਦੇ ਹੱਥੋਂ ਕਾਪੀ ਲੈ ਕੇ ਉਸ ਨੂੰ ਵੇਖਣ ਲੱਗਾ, ਜਿਸ ਨੂੰ ਹੁਣ ਉਹ 'ਸ਼ੂਟਿੰਗ ਸਕਰਿਪਟ' ਕਹਿਣ ਲੱਗ ਪਿਆ ਸੀ। ਕਾਪੀ ਉੱਤੇ 'ਪੰਚਾਲੀ', ਜੋ ਕਿ ਉਸ ਦੀ ਕਲਪਿਤ ਫ਼ਿਲਮ ਦਾ ਸਿਰਲੇਖ ਸੀ, ਕੱਟ ਕੇ 'ਮਾਨਸੀ' ਲਿਖਿਆ ਹੋਇਆ ਸੀ। ਜਿਸ ਦਿਨ ਤੋਂ ਮਾਨਸੀ ਨੂੰ ਵੇਖਿਆ ਸੀ, ਉਸ ਦਿਨ ਤੋਂ ਉਸ ਦੇ ਦਿਲ ਵਿਚ ਇਹ ਧਾਰਨਾ ਦ੍ਰਿੜ੍ਹ ਹੋ ਚੁੱਕੀ ਸੀ ਕਿ ਸਿਰਫ਼ ਉਹੀ ਇਸ ਫ਼ਿਲਮ ਦੀ ਅਭਿਨੇਤੀ ਬਣ ਸਕਦੀ ਹੈ। ਇਹ ਗੱਲ ਨਿਰਦੇਸ਼ਕ ਨੇ ਉਸ ਨੂੰ ਦੱਸੀ ਹੋਈ ਸੀ ਅਤੇ ਇਸ ਗੱਲ ਤੋਂ ਮਾਨਸੀ ਬੇਹੱਦ ਪ੍ਰਭਾਵਿਤ ਵੀ ਸੀ। ਜਦੋਂ ਸਾਰਿਆਂ ਵਰਕਿਆਂ ਉੱਤੇ 'ਪਾਂਚਾਲੀ' ਸ਼ਬਦ ਨੂੰ ਕੱਟ ਕੇ ਉਨ੍ਹਾਂ ਦੀ ਥਾਂ ਉੱਤੇ 'ਮਾਨਸੀ' ਲਿਖੀ ਹੋਈ ਸਕਰਿਪਟ ਨਿਰਦੇਸ਼ਕ ਨੇ ਉਸ ਦੇ ਹੱਥਾਂ ਵਿਚ ਦਿੱਤੀ ਤਾਂ ਮਾਨਸੀ ਦੇ ਮਨ ਵਿਚ ਕੋਈ ਸ਼ਕ-ਸ਼ੁਬ੍ਹਾ ਨਾ ਰਿਹਾ।

ਉਹ ਨਿਰਦੇਸ਼ਕ ਨੂੰ ਹੋਰ ਵੀ ਜ਼ਿਆਦਾ ਸ਼ਰਧਾ ਤੇ ਸਨਮਾਨ ਵਾਲੀ ਨਜ਼ਰ ਨਾਲ ਵੇਖਣ ਲੱਗ ਪਈ। ਭਾਵੇਂ ਨਿਰਦੇਸ਼ਕ ਦਾ ਚਿਹਰਾ ਮਾਸੂਮੀਅਤ ਨਾਲ ਭਰਿਆ ਹੋਇਆ ਸੀ, ਪਰ ਉਹ ਬੜਾ ਚਤਰ ਤੇ ਚਲਤਾ-ਪੁਰਜ਼ਾ ਸੀ। ਉਸ ਨੂੰ ਪਤਾ ਸੀ ਕਿ ਜਦ ਤੱਕ ਮਾਨਸੀ ਉਸ ਦੇ ਵੱਸ ਵਿਚ ਹੈ, ਉਹ ਫ਼ਿਲਮ ਬਣਾਉਣ ਵਿਚ ਜ਼ਰੂਰ ਕਾਮਯਾਬ ਹੋਵੇਗਾ। ਰਿਹਰਸਲ ਤੋਂ ਬਾਅਦ ਉਹ ਲੋਕ ਫ਼ਿਲਮ ਬਾਰੇ ਗਲਬਾਤ ਕਰਦੇ ਸਨ ਅਤੇ ਬ੍ਰਿਜ, ਓ.ਕੇ., ਸ਼ਾਟ, ਕਲੋਜ਼-ਅਪ ਆਦਿ ਫ਼ਿਲਮੀ ਸ਼ਬਦ ਬੋਲ ਬੋਲ ਕੇ ਨਿਰਦੇਸ਼ਕ ਨੇ ਮਾਨਸੀ ਨੂੰ ਹੈਰਾਨ ਕਰ ਦਿੱਤਾ ਸੀ। ਹੁਣ ਉਹ ਮਾਨਸੀ ਦੇਵੀ ਨਹੀਂ ਕਹਿੰਦਾ ਸੀ। ਨਿਰਦੇਸ਼ਕ ਜਿਸ ਦਾ ਅਸਲੀ ਨਾਮ ਦੁਰਗਾ ਦਾਸ ਸੀ, ਹੁਣ ਮਾਨਸੀ ਲਈ ਸਿੱਧਾ-ਸਾਧਾ ਡਗ ਸੀ।

ਹਿਰਨ ਲੈਣ ਲਈ ਅਗਲੇ ਦਿਨ ਅਨੰਗ ਨੇ ਦੋ ਨਵੇਂ ਤਰੀਕੇ ਅਪਣਾਏ। ਅਖ਼ਬਾਰ ਦੇ 'ਵਿਅਕਤੀਗਤ' ਕਾਲਮ ਵਿਚ ਉਸ ਨੇ ਇਕ ਇਸ਼ਤਿਹਾਰ ਦਿੱਤਾ ; ਹਿਰਨ ਚਾਹੀਦਾ ਹੈ ; ਡੀਅਰ ਲਵੇਚਜ਼ ਕਲਬ ਆਪਣਾ ਪੂਰਾ ਬਿਉਰਾ ਦੇ ਕੇ ਲਿਖਣ; ਪੋਸਟ ਬਾਕਸ ਨੰਬਰ ਫ਼ਲਾਣਾ। ਦਫ਼ਤਰ ਜਾਣ ਦੀ ਥਾਂ ਉਹ ਸ਼ਹਿਰ ਦੇ ਸਭ ਤੋਂ ਵੱਡੇ ਪਸ਼ੂ-ਹਸਪਤਾਲ ਦੇ ਸਾਹਮਣੇ ਆਪਣੀ ਗੱਡੀ ਖੜ੍ਹੀ ਕਰ ਕੇ ਉਥੇ ਖੜ੍ਹਾ ਰਿਹਾ। ਭਾਵੇਂ ਪਸ਼ੂ-ਹਸਪਤਾਲ ਨੌਂ ਵਜੇ ਖੁੱਲ੍ਹਣਾ ਸੀ, ਪਰ ਚੌਂਕੀਦਾਰ ਨੇ ਨੌਂ ਵੱਜ ਕੇ ਸੰਤਾਲੀ ਮਿੰਟ ਉੱਤੇ ਫਾਟਕ ਖੋਲ੍ਹਿਆ। ਏਨੀ ਦੇਰ ਤੱਕ ਅਨੰਗ ਬੈਠਾ-ਬੈਠਾ ਬੋਰ ਹੋ ਜਾਂਦਾ, ਪਰ ਉਸ ਦੇ ਚਾਰੇ ਪਾਸੇ ਆ ਜਾ ਰਹੇ ਲੋਕਾਂ ਵਿਚ ਇਕ ਅਦਭੁਤ ਖਿੱਚ ਸੀ। ਉਹ ਬਿਨਾਂ ਕਿਸੇ ਕੰਮ ਦੇ ਇੱਕ ਥਾਂ ਉੱਤੇ ਬੈਠਾ, ਬਾਹਰ ਦੀ ਦੁਨੀਆਂ ਨੂੰ ਪਹਿਲੀ ਵਾਰ ਵੇਖ ਰਿਹਾ ਸੀ। ਇਹ ਉਸ ਦੇ ਦੂਜੀ ਮੰਜ਼ਿਲ ਦੇ ਠੰਢੇ ਕਮਰੇ ਦੇ ਅੰਦਰੋਂ ਦਿਸਦਾ ਹੇਠਾਂ ਵਗਦੇ ਰਸਤੇ ਦਾ ਸੀਨ ਨਹੀਂ ਸੀ, ਜਿੱਥੋਂ ਲੋਕਾਂ ਨੂੰ ਇੱਕ ਵਚਿੱਤਰ ਦ੍ਰਿਸ਼ਟੀਕੋਣ ਤੋਂ ਵੇਖਿਆਂ ਉਹ ਸਾਰੇ ਬੌਣੇ ਲਗਦੇ ਸਨ। ਇਸ ਵੇਲੇ ਉਹ ਲੋਕਾਂ ਨੂੰ ਉਨ੍ਹਾਂ ਦੀ ਠੀਕ ਉਚਾਈ ਨਾਲ ਵੇਖ ਰਿਹਾ ਸੀ। ਉਸ ਲਈ ਇਹ ਇਕ ਅਸਲੋਂ ਨਵਾਂ ਅਨੁਭਵ ਸੀ। ਸਧਾਰਨ ਜੀਵਨ-ਯਾਤਰਾ ਵਿਚ ਏਨੀ ਤਰ੍ਹਾਂ ਦੇ ਰੰਗ ਭਰੇ ਹੋਏ ਹੋ ਸਕਦੇ ਹਨ, ਇਹ ਅਨੰਗ ਨੂੰ ਪਹਿਲੀ ਵਾਰ ਅਨੁਭਵ ਹੋਇਆ ਸੀ।

ਫਾਟਕ ਖੁੱਲ੍ਹਣ ਤੋਂ ਬਾਅਦ ਹਸਪਤਾਲ ਵਿਚ ਪਹਿਲਾ ਜਾਨਵਰ ਦਸ ਵੱਜ ਕੇ ਬਾਰਾਂ ਮਿੰਟ ਉੱਤੇ ਆਇਆ। ਉਸ ਦੇ ਪਹਿਰਾਵੇ ਤੇ ਚਾਲ-ਢਾਲ ਤੋਂ ਅਨੰਗ ਨੇ ਅੰਦਾਜ਼ਾ ਲਾਇਆ ਕਿ ਉਹ ਡਾਕਟਰ ਹੈ। ਜਿਵੇਂ ਡਾਕਟਰ ਦੇ ਆਉਣ ਦਾ ਸਮਾਂ ਸਾਰਿਆਂ ਨੂੰ ਪਤਾ

ਸੀ, ਕਿਉਂਕਿ ਉਸ ਦੇ ਆਉਣ ਦੇ ਦੋ ਮਿੰਟਾਂ ਦੇ ਅੰਦਰ ਅੰਦਰ ਹੀ ਮਰੀਜ਼ਾਂ ਦੀ ਲਾਈਨ ਲੱਗ ਗਈ। ਰੋਗੀਆਂ ਵਿੱਚ ਸਭ ਤੋਂ ਵੱਧ ਸੰਖਿਆ ਕੁੱਤਿਆਂ ਦੀ ਸੀ। ਪਰ ਜਿਸ ਰੋਗੀ ਦੇ ਹਸਪਤਾਲ ਅੰਦਰ ਆਉਣ ਲਈ ਮਾਲਕ ਨੂੰ ਬੇਹੱਦ ਔਖਾ ਹੋਣਾ ਪਿਆ, ਉਹ ਇੱਕ ਗਧਾ ਸੀ। ਦਸ ਵਜ ਕੇ ਤਰਤਾਲੀ ਮਿੰਟਾਂ ਉੱਤੇ ਇਕਦਮ ਰੋਗੀਆਂ ਦਾ ਆਉਣਾ ਬੰਦ ਹੋ ਗਿਆ ਤੇ ਅਨੰਗ ਨੂੰ ਪਿਆਸ ਵੀ ਲੱਗ ਗਈ। ਨੇੜੇ ਕੋਈ ਅਜਿਹੀ ਦੁਕਾਨ ਨਹੀਂ ਸੀ ਜਿੱਥੋਂ ਉਸ ਨੂੰ ਹਸਪਤਾਲ ਦਾ ਫਾਟਕ ਦਿਸਦਾ ਰਹਿੰਦਾ।

ਅਨੰਗ ਗੱਡੀ ਵਿੱਚੋਂ ਉਤਰ ਕੇ ਸੜਕ ਦੇ ਕੰਢੇ ਉੱਤੇ ਖੁੱਲ੍ਹੀ ਨਵੀਂ ਚਾਹ ਦੀ ਦੁਕਾਨ ਕੋਲ ਗਿਆ ਤੇ ਇੱਕ ਕੱਪ ਚਾਹ ਮੰਗੀ। ਇੱਕ ਟੁੱਟੇ ਕੱਪ ਵਿੱਚ ਚਾਹ ਵਾਲੇ ਨੇ ਉਸ ਨੂੰ ਜਿਹੜਾ ਗਰਮ ਪਾਣੀ ਦਿੱਤਾ, ਉਸ ਦੇ ਸੁਆਦ ਦਾ, ਅਨੰਗ ਨੇ ਕਈ ਤਰ੍ਹਾਂ ਦੀਆਂ ਪਹਿਲੀਆਂ ਪੀਤੀਆਂ ਚਾਹਾਂਨਾਲ, ਕੋਈ ਸੰਬੰਧ ਨਹੀਂ ਸੀ। ਪਰ ਅਨੰਗ ਨੂੰ ਇਹ 'ਸਪੈਸ਼ਲ ਚਾਹ' ਬੁਰੀ ਨਹੀਂ ਲੱਗ ਰਹੀ ਸੀ ਬਲਕਿ ਉਸ ਨੇ ਚਾਹ ਵਾਲੇ ਕੋਲ ਸ਼ੀਸ਼ੇ ਦੇ ਜਾਰ ਵਿਚ ਰੱਖੇ ਦੋ ਸਸਤੇ ਬਿਸਕੁਟ ਵੀ ਖਾਧੇ। ਉਸ ਵੇਲੇ ਹਸਪਤਾਲ ਦੇ ਗੇਟ ਅੱਗੇ ਇੱਕ ਟਾਂਗੇ ਨੂੰ ਰੁਕਦਿਆਂ ਵੇਖ ਕੇ ਉਹ ਜਲਦੀ-ਜਲਦੀ ਆਪਣੀ ਗੱਡੀ ਵਿਚ ਆ ਬੈਠਾ। ਪਰ ਟਾਂਗੇ ਵਿਚ ਕੋਈ ਨਹੀਂ ਸੀ। ਟਾਂਗੇ ਵਾਲੇ ਨੇ ਟਾਂਗੇ ਨਾਲੋਂ ਘੋੜਾ ਖੋਲ੍ਹਿਆ ਤੇ ਉਸ ਨੂੰ ਗੇਟ ਅੰਦਰ ਲੈ ਗਿਆ।

ਦਿਨ ਦੇ ਦੋ ਵਜੇ ਉਸ ਨੇ ਹੋਰ ਉਡੀਕ ਨਾ ਕਰਨ ਦਾ ਮਨ ਬਣਾਇਆ ਕਿਉਂਕਿ ਆਸ ਪਾਸ ਦੇ ਲੋਕਾਂ ਨੇ ਉਸ ਨੂੰ ਸੰਦੇਹ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਸੀ। ਟੀਕਿਆਂ ਨਾਲ ਗਰਭ ਕਰਾਉਣ ਆਈਆਂ ਗਾਵਾਂ, ਕੁੱਤੇ, ਗਾਲ੍ਹੜਾਂ, ਨਿਉਲੇ ਅਤੇ ਉਸ ਗਧੇ ਤੇ ਘੋੜੇ ਤੋਂ ਇਲਾਵਾ ਹੋਰ ਕਿਸੇ ਤਰ੍ਹਾਂ ਦਾ ਜਾਨਵਰ ਅੰਦਰ ਨਹੀਂ ਸੀ ਗਿਆ। ਰੋਗੀਆਂ ਵਿਚ ਹਿਰਨ-ਪਰਿਵਾਰ ਦੇ ਕਿਸੇ ਮੈਂਬਰ ਦੀ ਗੱਲ ਤਾਂ ਕਿਤੇ ਰਹੀ, ਏਥੇ ਤਾਂ ਹਿਰਨ ਦੇ ਰੰਗ ਦਾ ਕੋਈ ਚਿੱਤਕਬਰਾ ਕੁੱਤਾ ਵੀ ਨਹੀਂ ਸੀ ਆਇਆ। ਸਿਰਫ਼ ਇੱਕ ਜਾਨਵਰ ਨੂੰ ਉਹ ਠੀਕ ਤਰ੍ਹਾਂ ਪਛਾਣ ਨਹੀਂ ਸੀ ਸਕਿਆ। ਉਹ ਜਾਨਵਰ ਗਧਿਆਂ ਜਿੰਨਾ ਉੱਚਾ ਤੇ ਵੇਖਣ ਵਿਚ ਊਠ ਵਰਗਾ ਲਗਦਾ ਸੀ ਤੇ ਘੋੜੇ ਦੀ ਤਰ੍ਹਾਂ ਚਲਦਾ ਸੀ। ਇਹ ਜਾਨਵਰ ਹਿਰਨ ਨਹੀਂ ਸੀ ਹੋ ਸਕਦਾ..... ਅਨੰਗ ਨੇ ਮਨ ਵਿਚ ਨਿਸ਼ਚਾ ਕਰ ਲਿਆ, ਤੇ ਪੂਰੇ ਦੋ ਵਜੇ ਆਪਣੇ ਪਹਿਰੇ ਦੀ ਥਾਂ ਛੱਡ ਕੇ ਘਰ ਮੁੜ ਆਇਆ।

ਬੈਠਕ ਦੇ ਸਭ ਤੋਂ ਆਰਾਮਦੇਹ ਸੋਫ਼ੇ ਉੱਤੇ ਨਿਰਦੇਸ਼ਕ ਬਿਰਾਜਮਾਨ ਸੀ। ਉਸ ਦੇ ਹੱਥ ਵਿਚ ਬੀਅਰ ਦਾ 'ਮੱਗ' ਸੀ। ਮਾਨਸੀ ਥੱਲੇ ਬੈਠੀ ਬੀਅਰ ਪੀਂਦੀ ਕੁੱਝ ਨੋਟ ਕਰ ਰਹੀ ਸੀ। ਅਨੰਗ ਨੂੰ ਵੇਖ ਕੇ ਕਾਫ਼ੀ ਪਰੇਸ਼ਾਨੀ ਨਾਲ ਉੱਠ ਕੇ ਨਿਰਦੇਸ਼ਕ ਨੇ ਉਸ ਦਾ ਸੁਆਗਤ ਕੀਤਾ ਬੈਠਣ ਲਈ ਕਿਹਾ ਤੇ ਬੀਅਰ ਪੀਣ ਦਾ ਸੱਦਾ ਦਿੱਤਾ। ਜੇ ਪਿਆਸ ਨਾ ਲੱਗੀ ਹੁੰਦੀ ਤਾਂ ਅਨੰਗ ਅੰਦਰ ਚਲਾ ਜਾਂਦਾ, ਪਰ ਉਹ ਆਪਣੀ ਪਿਆਸ ਉੱਤੇ ਕਾਬੂ ਨਾ ਪਾ ਸਕਿਆ ਅਤੇ ਨਿਰਦੇਸ਼ਕ ਦੇ ਕੋਲ ਜਾ ਬੈਠਾ। ਨਿਰਦੇਸ਼ਕ ਅੱਜ ਚੰਗੇ ਮੂਡ ਵਿਚ ਸੀ। ਉਹ ਅਨੰਗ ਤੋਂ ਹਿਰਨ ਬਾਰੇ ਪੁੱਛੇ ਬਗ਼ੈਰ, ਆਪਣੀ ਫ਼ਿਲਮੀ ਯੋਜਨਾ ਬਾਰੇ ਦੱਸਣ ਲੱਗਾ। ਅਨੰਗ ਨੂੰ ਮਾਨਸੀ ਤੋਂ ਇਹ ਸੂਚਨਾ ਮਿਲੀ ਵੀ ਸੀ ਕਿ 'ਉਹ ਲੋਕ' ਇਸ ਫ਼ਿਲਮ ਨੂੰ ਬਣਾਉਣ ਦਾ ਫ਼ੈਸਲਾ ਵੀ ਕਰ ਚੁੱਕੇ ਹਨ, ਅਤੇ ਨਿਕਟ ਭਵਿੱਖ ਵਿਚ ਅਭਿਨੇਤਾ ਤੇ ਤਕਨੀਸ਼ੀਅਨਾਂ ਨੂੰ ਸਾਈਨ ਕਰਨ ਬੰਬਈ ਜਾ ਰਹੇ ਹਨ।

ਅਨੰਗ ਦੇ ਵਪਾਰ ਵਿਚ ਮਾਨਸੀ ਆਪਣੇ ਪਿਤਾ ਵੱਲੋਂ ਹਿੱਸੇਦਾਰ ਸੀ, ਅਤੇ ਉਸ ਨੂੰ ਆਪਣਾ ਪੈਸਾ ਚੋਰਾਂ ਨੂੰ ਵੰਡਣ ਦੀ ਪੂਰੀ ਖੁੱਲ੍ਹ ਸੀ। ਹੁਣ ਤੱਕ ਇਹ ਗੱਲ ਨਿਰਦੇਸ਼ਕ ਨੂੰ ਵੀ ਪਤਾ ਲੱਗ ਚੁੱਕੀ ਸੀ ਅਤੇ ਇਸ ਲਈ ਅਨੰਗ ਨੇ ਚੁੱਪ ਰਹਿਣਾ ਬਿਹਤਰ ਸਮਝਿਆ। ਉਹ ਨਿਰਦੇਸ਼ਕ ਨੂੰ ਉਸ ਦੀ ਫ਼ਿਲਮ ਬਣਾਉਣ ਲਈ ਛੱਡ ਸਭ ਕੁੱਝ ਭੁਲਾ ਸਕਦਾ ਤਾਂ ਖੁਸ਼ ਹੁੰਦਾ-ਪਰ ਨਿਰਦੇਸ਼ਕ ਉਸ ਨੂੰ ਏਨੀ ਛੇਤੀ ਛੱਡਣ ਵਾਲਾ ਜੀਵ ਨਹੀਂ ਸੀ। ਉਸ ਨੇ ਅਨੰਗ ਨੂੰ ਕਿਹਾ "ਹਿਰਨ ਨਾ ਮਿਲਣ ਤੱਕ ਅਸੀਂ ਰਿਹਰਸਲ ਬੰਦ ਕਰ ਦਿੱਤੀ ਹੈ, ਹਿਰਨ ਮਿਲਣ ਉੱਤੇ ਰਿਹਰਸਲ ਸ਼ੁਰੂ ਕਰ ਦਿਆਂਗੇ..."

ਹਿਰਨ ਨਾ ਮਿਲਣ ਦਾ ਬਹਾਨਾ ਕਰ ਕੇ ਨਿਰਦੇਸ਼ਕ ਦੇ ਨਾਟਕ ਛੱਡ ਕੇ ਫ਼ਿਲਮ ਵੱਲ ਧਿਆਨ ਦਿੱਤਾ ਅਤੇ ਮਾਨਸੀ ਨਾਲ ਘੰਟਿਆਂ-ਬੱਧੀ ਬੈਠ ਕੇ ਆਪਣੀ ਸਕਰਿਪਟ ਵਿਚ ਹੋਰ ਵੀਫੇਰਬਦਲ ਕਰਨ ਲੱਗਾ। ਅਨੰਗ ਨੂੰ ਪਤਾ ਸੀ ਕਿ ਹਿਰਨ ਨਾ ਮਿਲਣ ਤੱਕ ਇਹੋ ਕੁੱਝ ਜਾਰੀ ਰਹੇਗਾ। ਭਾਵੇਂ ਇੰਜ ਉਸ ਦੇ ਪਰਿਵਾਰਿਕ ਜੀਵਨ ਵਿਚ ਵਿਘਨ ਪੈਂਦਾ ਸੀ, ਪਰ ਉਹ ਹਿਰਨ ਪ੍ਰਾਪਤ ਕਰਨ ਵਿੱਚ ਸਫਲ ਨਾ ਹੋ ਸਕਿਆ। ਅਨੰਗ ਦੀ ਪਰੇਸ਼ਾਨੀ ਨੂੰ ਮਾਨਸੀ ਹੁਣ ਤੱਕ ਸਮਝ ਗਈ ਸੀ, ਅਤੇ ਇਸ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਉਹ ਕਦੇ ਕਦੇ ਹਿਰਨ ਬਾਰੇ ਪੁੱਛਣ ਲੱਗ ਪਈ। ਉਸ ਦੇ ਹਾਵ-ਭਾਵ ਤੋਂ ਇਹ ਨਹੀਂ ਲਗਦੀ ਸੀ ਕਿ ਉਸ ਦਾ ਨਾਟਕ ਵੱਲ ਵੀ ਕੋਈ ਝੁਕਾ ਹੈ। ਹੁਣ ਹਿਰਨ ਮਿਲਣ ਦੀ ਉਮੀਦ ਤਕਰੀਬਨ ਖ਼ਤਮ

ਸੀ, ਫੇਰ ਵੀ, 'ਮਿਲ ਜਾਏਗਾ'-ਕਹਿ ਕੇ ਅਨੰਗ ਗੱਲ ਨੂੰ ਟਾਲ ਦਿਆ ਕਰਦਾ ਸੀ। ਪਰ ਇਕ ਲੰਬਾ ਸਮਾਂ ਬੀਤ ਜਾਣ ਉੱਤੇ ਵੀ ਹਿਰਨ ਦੀ ਤਲਾਸ਼ ਵਿਚ ਕੋਈ ਤਰੱਕੀ ਨਾ ਹੋ ਸਕੀ। ਉਸ ਦੇ ਫ਼ਰਜ਼ੀ 'ਡੀਅਰਜ਼ ਕਲੱਬ' ਵਿਚ ਸਿਰਫ਼ ਇੱਕ ਚਿੱਠੀ ਆਈ ਜੋ ਕਿ ਅਨੰਗ ਲਈ ਕਾਫ਼ੀ ਵਿਅੰਗਾਤਮਿਕ ਸੀ। ਚਿੱਠੀ ਕਿਸੀ 'ਰਾਮਾਇਣ ਪ੍ਰਚਾਰ ਸਭਾ' ਵੱਲੋਂ ਆਈ ਸੀ। ਉਹ ਸੰਪੂਰਨ ਰਾਮਾਇਣ ਦਾ ਆਯੋਜਨ ਕਰਨਾ ਚਾਹੁੰਦੇ ਸਨ, ਅਤੇ ਉਸ ਲਈ ਹਿਰਨ ਕਿੱਥੋਂ ਮਿਲੇਗਾ—ਇਸ ਬਾਰੇ ਪੁੱਛ-ਗਿੱਛ ਕੀਤੀ ਹੋਈ ਸੀ।

ਅੰਤ ਵਿਚ ਅਨੰਗ ਨੂੰ ਇੱਕ ਐਸੀ ਥਾਂ ਤੋਂ ਹਿਰਨ ਮਿਲ ਗਿਆ ਜਿਸ ਦਾ ਚਿਤ-ਚੇਤਾ ਵੀ ਨਹੀਂ ਸੀ ਹੋ ਸਕਦਾ। ਉਸ ਦੇ ਦਫ਼ਤਰ ਦੀ ਮੇਜ਼ ਉੱਤੇ ਉਸ ਦੇ ਇੱਕ ਮਿੱਤਰ ਨੇ 'ਦਾ ਬਕ ਸਟਾਪਸ ਹਿਅਰ' ਬੋਰਡ ਵੇਖਿਆ ਅਤੇ ਕੁੱਝ ਯਾਦ ਕਰਕੇ ਹਿਰਨ ਬਾਰੇ ਫੋਨ ਕੀਤਾ। ਹਿਰਨ ਦਾ ਨਾਮ ਸੁਣ ਕੇ ਅਨੰਗ ਚੌਂਕ ਗਿਆ। ਪੁੱਛਣ ਤੇ ਪਤਾ ਲੱਗਾ ਕਿ ਉਸ ਦਾ ਮਿੱਤਰ, ਜਿਸ ਨੇ ਢੇਰ ਸਾਰੇ ਕੁੱਤੇ ਪਾਲੇ ਹੋਏ ਹਨ, ਹੁਣ ਕਿਸੇ ਕੋਲੋਂ ਇੱਕ ਹਿਰਨ ਲਿਆਉਣ ਦੇ ਚੱਕਰ ਵਿੱਚ ਸੀ, ਪਰ ਜਿਸ ਸੱਜਣ ਕੋਲ ਹਿਰਨ ਸੀ, ਉਹ ਆਪਣੇ ਕੋਲ ਕਿਸੇ ਨੂੰ ਫਟਕਣ ਨਹੀਂ ਸੀ ਦੇਂਦਾ। ਅਨੰਗ ਨੇ ਮਿੱਤਰ ਨੂੰ ਆਪਣੀ ਸਮੱਸਿਆ ਦੱਸੀ। ਉਸ ਦੇ ਮਿੱਤਰ ਨੇ ਦੁਬਾਰਾ ਉਸ ਸੱਜਣ ਨੂੰ ਫੋਨ ਕਰ ਕੇ ਹਿਰਨ ਕਿਰਾਏ ਉੱਤੇ ਦੇਣ ਲਈ ਪੁੱਛਿਆ। ਇਸ ਵਾਰੀ ਉਸ ਸੱਜਣ ਨੇ ਨਾਂਹ ਨਹੀਂ ਕੀਤੀ। ਉਸ ਦੇ ਮਿੱਤਰ ਨੇ ਅਨੰਗ ਨੂੰ ਇੱਕ ਪਤਾ ਦੇ ਕੇ ਕਿਸੇ ਦਿਨ ਉਸ ਬੰਦੇ ਨੂੰ ਸ਼ਾਮ ਨੂੰ ਜਾ ਮਿਲਣ ਲਈ ਕਿਹਾ।

ਇਹ ਸ਼ੁਭ ਸੂਚਨਾ ਦੇਣ ਲਈ ਅਨੰਗ ਨੇ ਫ਼ੌਰਨ ਘਰ ਫੋਨ ਕੀਤਾ, ਪਰ ਮਾਨਸੀ ਘਰ ਵਿਚ ਨਹੀਂ ਸੀ। ਉਸ ਦਿਨ ਸ਼ਾਮ ਨੂੰ, ਪਤਾ ਲੱਭਦਿਆਂ ਅਨੰਗ ਹਿਰਨ ਦੇਖਣ ਗਿਆ। ਸ਼ਹਿਰ ਦੇ ਪਸਿੱਤੇ ਜਿਹੀ ਥਾਂ ਉੱਤੇ ਇੱਕ ਭੀੜੀ ਗਲੀ ਵਿੱਚ ਉਸ ਆਦਮੀ ਦਾ ਘਰ ਸੀ। ਹਿਰਨ ਦਾ ਸ਼ੌਂਕ ਰੱਖਣ ਵਾਲੇ ਸੱਜਣ ਦਾ ਇਹ ਮਕਾਨ ਅਨੰਗ ਦੀ ਕਲਪਨਾ ਤੋਂ ਪਰੇ ਸੀ। ਇਹ ਇੱਕ ਬਹੁਤ ਟੁੱਟਾ-ਫੁੱਟਾ ਛੋਟਾ ਜਿਹਾ ਮਕਾਨ ਸੀ। ਉਸ ਦਿਨ ਬਿਜਲੀ ਬੰਦ ਹੋਣ ਦੀ ਵਜਹ ਨਾਲ ਮਕਾਨ ਦੇ ਅੰਦਰ ਮੋਮਬੱਤੀ ਟਿਮਟਿਮਾ ਰਹੀ ਸੀ।

ਅਨੰਗ ਦੀ ਆਵਾਜ਼ ਸੁਣ ਕੇ ਜਿਹੜਾ ਸੱਜਣ ਬਾਹਰ ਆਇਆ, ਉਹ ਵੀ ਅਨੰਗ ਦੀ ਕਲਪਨਾ ਵਿਚ ਨਹੀਂ ਸੀ ਆ ਸਕਦਾ। ਪੁੱਛਣ ਉੱਤੇ ਪਤਾ ਲੱਗਾ ਕਿ ਉਹ ਸੱਜਣ ਕਿਸੇ

ਦਫ਼ਤਰ ਵਿਚ ਛੋਟੀ-ਮੋਟੀ ਨੌਕਰੀ ਕਰਦੇ ਹਨ। ਉਹ ਅਨੰਗ ਨੂੰ ਅੰਦਰ ਕਮਰੇ ਵਿਚ ਲੈ ਗਏ ਤੇ ਆਪਣੀ ਪਤਨੀ ਤੇ ਪੁੱਤਰ ਨਾਲ ਉਸ ਦਾ ਪਰਿਚੈ ਕਰਵਾਇਆ।

ਅਨੰਗ ਨੇ ਮਕਾਨ ਦੇ ਰੂਪ ਵਿਚ ਇੱਕ ਛੋਟੀ ਜਿਹੀ ਕੋਠੜੀ ਹੀ ਦੇਖੀ, ਜਿਹੜੀ ਕਿਬਹਿਣ-ਉੱਠਣ-ਸੌਣ, ਖਾਣ-ਪੀਣ, ਸਾਰੇ ਕੰਮ ਸਾਰਦੀ ਸੀ ਅਤੇ ਉਸ ਦੇ ਨਾਲ ਬਣਿਆ ਬਰਾਂਡਾ ਰਸੋਈ ਦੇ ਕੰਮ ਆਉਂਦਾ ਸੀ। ਇਸ ਛੋਟੀ ਜਿਹੀ ਕੋਠੜੀ ਦੇ ਹੁੱਸੜ-ਭਰੇ ਮਾਹੌਲ ਵਿਚ ਬੈਠ ਕੇ ਅਨੰਗ ਨੇ ਆਪਣੇ ਆਉਣ ਦਾ ਕਾਰਨ ਦੱਸਿਆ। ਉਨਾਂ ਲੋਕਾਂ ਨੇ ਸੋਚਿਆ ਕਿ ਹਿਰਨ ਦੀ ਜ਼ਰੂਰਤ ਕਿਸੇ ਫ਼ਿਲਮੀ ਕੰਮ ਲਈ ਹੋਵੇਗੀ, ਪਰ ਥੀਏਟਰ ਦੀ ਗੱਲ ਸੁਣ ਕੇ ਕੁਝ ਉਦਾਸ ਹੋ ਗਏ, ਫੇਰ ਵੀ ਉਹ ਅੰਨਗ ਨੂੰ ਹਿਰਨ ਦੇਣ ਲਈ ਤਿਆਰ ਸਨ। ਸਵਾਣੀ ਨੇ ਆਪਣੇ ਬੇਟੇ ਨੂੰ ਹਿਰਨ ਲਿਆਉਣ ਲਈ ਕਿਹਾ।

ਘਰ ਦੇ ਪਿੱਛਲੇ ਪਾਸਿਓਂ, ਲੜਕਾ ਜਿਸ ਜਾਨਵਰ ਨੂੰ ਲੈ ਕੇ ਆਇਆ, ਉਹ ਸੱਚਮੁੱਚ ਹਿਰਨ ਹੀ ਹੈ, ਵੇਖ ਕੇ ਅਨੰਗ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਉਸ ਨੇ ਹਿਰਨ ਦੇ ਸਿੰਗ, ਨਹੁੰ ਤੇ ਕੰਨ ਛੂਹ ਕੇ ਆਪਣੀਆਂ ਅੱਖਾਂ ਨੂੰ ਵਿਸ਼ਵਾਸ ਦਿਵਾਇਆ ਤੇ ਚੈਨ ਦਾ ਸਾਹ ਲਿਆ। ਅਗਲੇ ਦਿਨ ਆ ਕੇ ਹਿਰਨ ਲੈ ਜਾਣ ਦੀ ਗੱਲ ਤੈਅ ਹੋਈ, ਪਰ ਉਹ ਅਨੰਗ ਨੂੰ ਬਗ਼ੈਰ ਚਾਹ ਪਿਆਏ ਜਾਣ ਦੇਣ ਨੂੰ ਤਿਆਰ ਨਹੀਂ ਸਨ। ਬਾਹਰ ਬਰਾਂਡੇ ਵਿਚ ਬਣੀ ਰਸੋਈ ਵਿਚ ਚਾਹ ਬਣਾਉਂਦਿਆਂ ਉਸ ਨੇ ਅਨੰਗ ਨੂੰ ਆਪਣੇ ਬਾਰੇ ਕਈ ਗੱਲਾਂ ਦੱਸੀਆਂ—ਉਹ ਲੋਕ ਕਿੰਨੇ ਸਾਲਾਂ ਤੋਂ ਇੱਥੇ ਰਹਿੰਦੇ ਸਨ, ਹਿਰਨ ਕਿੱਥੋਂ ਮਿਲਿਆ, ਉਸ ਦੀ ਇੱਕ ਭੈਣ ਦੀ ਸ਼ਾਦੀ ਕਿੱਥੇ ਹੋਈ ਹੈ, ਉਨ੍ਹਾਂ ਦੇ ਬੇਟੇ ਨੂੰ ਹਿਰਨ ਪਾਲਣ ਦਾ ਸ਼ੌਕ ਕਿੱਥੋਂ ਪੈਦਾ ਹੋਇਆ, ਆਦਿ। ਚਾਹ ਪੀਂਦਿਆਂ ਅਨੰਗ ਨੇ ਤਿੰਨਾਂ ਨੂੰ ਵਾਰੀ-ਵਾਰੀ ਵੇਖਿਆ। ਇਸ ਵੇਲੇ ਉਨ੍ਹਾਂ ਲੋਕਾਂ ਦੇ ਖ਼ਾਮੋਸ਼ ਰਹਿਣ ਉੱਤੇ ਅਨੰਗ ਨੂੰ ਲੱਗਾ, ਜਿਵੇਂ ਉਸ ਦੇ ਅੰਦਰ ਸਨੇਹ ਦੀ ਇਕ ਲਗਾਤਾਰ ਬਹਿਸ ਚੱਲ ਰਹੀ ਹੋਵੇ-ਅਜਿਹਾ ਸਨੇਹ, ਜਿਹੜਾ ਉਹ ਸੱਜਣ ਦੀਆਂ ਅੱਖਾਂ ਤੋਂ, ਉਸ ਦੀ ਪਤਨੀ ਦੀਆਂ ਅੱਖਾਂ ਤੋਂ, ਤੇ ਅਖ਼ੀਰ ਵਿਚ ਉਸ ਮੁੰਡੇ ਦੀਆਂ ਅੱਖਾਂ ਵਿਚ ਘੁੰਮ-ਫਿਰ ਕੇ ਉਸ ਤਕ ਪਹੁੰਚ ਰਿਹਾ ਸੀ। ਉਸ ਨੂੰ ਅਜਿਹਾ ਲੱਗਾ ਕਿ ਇਨ੍ਹਾਂ ਕੁੱਝ ਹੀ ਪਲਾਂ ਵਿਚ ਉਹ ਇਸ ਓਪਰੇ ਪਰਿਵਾਰ ਦੇ ਬੜਾ ਨੇੜੇ ਆ ਚੁੱਕਾ ਸੀ।

ਘਰ ਮੁੜਨ ਉੱਪਰ ਬੈਠਕ ਵਿਚ ਮਾਨਸੀ ਤੇ ਨਿਰਦੇਸ਼ਕ ਨੂੰ ਘਰ ਨਾ ਵੇਖ ਕੇ ਅਨੰਗ ਖੁਸ਼ ਹੋਇਆ। ਪਰ ਉਸ ਦੀ ਖੁਸ਼ੀ ਪਲ ਭਰ ਦੀ ਸੀ। ਬੈਠਕ ਦੀ ਏਅਰਕੰਡੀਸ਼ਨ ਮਸ਼ੀਨ ਖ਼ਰਾਬ ਹੋਣ ਦੀ ਵਜ੍ਹਾ ਨਾਲ ਉਹ ਦੋਵੇਂ ਸੌਣ-ਕਮਰੇ ਵਿਚ ਬੈਠ ਕੇ ਸ਼ੂਟਿੰਗ ਸਕਰਿਪਟ ਉੱਤੇ ਚਰਚਾ ਕਰ ਰਹੇ ਸਨ। ਅਨੰਗ ਨੇ ਉਨ੍ਹਾਂ ਨੂੰ ਹਿਰਨ ਮਿਲ ਜਾਣ ਦੀ ਸੂਚਨਾ ਦਿੱਤੀ ; ਪਰ ਉਸ ਦੀ ਇਹ ਗੱਲ ਸੁਣ ਕੇ ਨਿਰਦੇਸ਼ਕ ਨੇ ਸਿਰਫ਼ 'ਠੀਕ ਹੈ'.....ਕਿਹਾ, ਅਤੇ ਮਾਨਸੀ ਆਪਣਾ ਚਿਹਰਾ ਕਲੋਜ਼ਅਪ ਵਿਚ ਦੇਖਣ ਲਈ ਸ਼ੀਸ਼ੇ ਕੋਲ ਚਲੀ ਗਈ। ਅਨੰਗ ਨੇ ਨਿਰਦੇਸ਼ਕ ਨੂੰ ਕਿਹਾ ਕਿ ਹੁਣ ਉਹ ਰਿਹਰਸਲ ਸ਼ੁਰੂ ਕਰ ਲੈਣ, ਕੱਲ੍ਹ ਉਨ੍ਹਾਂ ਦੀ ਰਿਹਰਸਲ ਵੇਲੇ ਹਿਰਨ ਪਹੁੰਚ ਜਾਏਗਾ। ਨਿਰਦੇਸ਼ਕ ਇਸ ਖ਼ਬਰ ਨਾਲ ਬਹੁਤਾ ਖੁਸ਼ ਨਹੀਂ ਸੀ ਲੱਗ ਰਿਹਾ। ਅਨੰਗ ਦੇ ਆਉਣ ਨਾਲ ਜਿਵੇਂ ਉਨ੍ਹਾਂ ਦੀ ਅਤਿ ਗੰਭੀਰ ਚਰਚਾ ਵਿਚ ਵਿਘਨ ਪੈ ਗਿਆ ਹੋਵੇ, ਮੂੰਹ ਬਣਾਉਂਦਿਆਂ। 'ਹਾਂ ਠੀਕ ਹੈ' ਕਹਿ ਕੇ ਨਿਰਦੇਸ਼ਕ ਓਥੋਂ ਚਲਾ ਗਿਆ।

ਉਸ ਦਿਨ ਰਾਤ ਨੂੰ ਅਨੰਗ ਤੇ ਮਾਨਸੀ ਵਿਚਕਾਰ ਝਗੜਾ ਹੋਇਆ, ਉਸ ਦਾ ਕਾਰਨ ਸੀ ਕਿ ਮਾਨਸੀ ਨੇ ਬੋਰਡਿੰਗ ਸਕੂਲ ਬਬਲੂ ਨੂੰ ਖ਼ਤ ਲਿਖਣਾ ਸੀ, ਜੋ ਉਸ ਨੇ ਨਹੀਂ ਸੀ ਲਿਖਿਆ।ਅਨੰਗ ਨੇ ਬਬਲੂ ਨੂੰ ਸਕੂਲੋਂ ਲਿਆਉਣ ਬਾਰੇ ਧਮਕੀ ਦੇਣ ਉੱਤੇ ਮਾਨਸੀ ਨੇ ਉਸ ਉੱਤੇ ਇਲਜ਼ਾਮ ਲਾਇਆ ਕਿ ਉਹ ਬਬਲੂ ਦਾ ਭਵਿੱਖ ਬਰਬਾਦ ਕਰਨਾ ਚਾਹੁੰਦਾ ਹੈ, ਅਖੀਰ ਉਸ ਦਿਨ ਦੇ ਝਗੜੇ ਦੀ ਸਮਾਪਤੀ ਇੰਜ ਹੋਈ ਕਿ ਮਾਨਸੀ ਨੇ ਬੰਬਈ ਚਲੇ ਜਾਣ ਦੀ ਧਮਕੀ ਦਿੱਤੀ ਅਤੇ ਅਨੰਗ ਏਅਰ-ਕੰਡੀਸ਼ਨ ਬੰਦ ਹੋਣ ਦੇ ਬਾਵਜੂਦ ਬੈਠਕ ਵਿਚ ਜਾ ਕੇ ਪੀਣ ਲੱਗ ਪਿਆ।

ਦੂਜੇ ਦਿਨ ਅਨੰਗ ਨੇ ਸਾਰਾ ਸਮਾਂ ਦਫ਼ਤਰ ਵਿਚ ਬਿਤਾਇਆ। ਸ਼ਾਮ ਨੂੰ ਦਫ਼ਤਰ ਤੋਂ ਹੀ ਹਿਰਨ ਲੈ ਕੇ ਸਿੱਧਾ ਹਿਹਰਸਲ ਵਾਲੀ ਥਾਂ ਉੱਤੇ ਪਹੁੰਚਣਾ ਚਾਹੁੰਦਾ ਸੀ। ਉਸ ਵੇਲੇ ਇਹ ਕੰਮ ਉਸ ਲਈ ਇੱਕ ਗ਼ੈਰ-ਜ਼ਰੂਰੀ ਜ਼ਿੰਮੇਵਾਰੀ ਸੀ, ਜਿਸ ਤੋਂ ਜਿੰਨੀ ਜਲਦੀ ਹੋ ਸਕੇ ਉਹ ਛੁਟਕਾਰਾ ਪਾਉਣਾ ਚਾਹੁੰਦਾ ਸੀ। ਅੱਜ ਵੀ ਉਸ ਸੱਜਣ ਦੇ ਇਲਾਕੇ ਵਿਚ ਹਨੇਰਾ ਸੀ, ਪਰ ਉਹ ਆਦਮੀ ਤੇ ਉਸ ਦਾ ਬੇਟਾ ਪੂਰੀ ਤਿਆਰੀ ਨਾਲ ਹਿਰਨ ਨੂੰ ਫੜੀ, ਉਸ ਦੇ ਆਉਣ ਦੀ ਉਡੀਕ ਕਰ ਰਹੇ ਸਨ। ਗੱਡੀ ਵਿਚ ਵੜਨ ਲਗਿਆਂ ਹਿਰਨ ਥੋੜ੍ਹਾ ਹਿਚਕਿਚਾਇਆ, ਪਰ ਅਖ਼ੀਰ ਉਹ ਹਿਰਨ ਲੈ ਕੇ ਰਿਹਰਸਲ ਵਾਲੀ ਥਾਂ ਉੱਤੇ ਪਹੁੰਚੇ।

ਅਨੰਗ ਓਥੇ ਪਹੁੰਚ ਕੇ ਸਭ ਨੂੰ ਹੈਰਾਨ ਕਰ ਦੇਣਾ ਚਾਹੁੰਦਾ ਸੀ, ਪਰ ਇਸ ਵੇਲੇ ਓਥੇ ਸਿਰਫ਼ ਟੁੱਟੀ ਹੋਈ ਕੁਰਸੀ ਤੋਂ ਛੁੱਟ ਹੋਰ ਕੁੱਝ ਨਹੀਂ ਸੀ। ਪੁੱਛਣ ਉੱਤੇ ਪਤਾ ਲੱਗਾ ਕਿ ਰਿਹਰਸਲ ਤਾਂ ਕਈ ਦਿਨਾਂ ਦੀ ਬੰਦ ਹੈ। ਅਪਮਾਨ, ਗੁੱਸੇ ਤੇ ਅਸ਼ਾਂਤੀ ਨਾਲ ਭਰਿਆ ਅਨੰਗ ਹੇਠਾਂ ਉਤਰ ਆਇਆ ਅਤੇ ਹਿਰਨ ਵਾਲੇ ਸੱਜਣ ਤੋਂ ਮੁਆਫ਼ੀ ਮੰਗਦਿਆਂ, ਡਰਾਈਵਰ ਨੂੰ ਘਰ ਚੱਲਣ ਲਈ ਕਿਹਾ।

ਮਾਨਸੀ ਘਰ ਵੀ ਨਹੀਂ ਸੀ। ਨੌਕਰ ਨੇ ਦੱਸਿਆ ਕਿ ਦੁਪਹਿਰੇ ਆਪਣਾ ਸੂਟ-ਕੇਸ ਲੈ ਕੇ ਏਅਰ-ਪੋਰਟ ਗਈ ਸੀ, ਫੇਰ ਨਹੀਂ ਆਈ। ਅਨੰਗ ਨੇ ਟੋਨੀ ਨੂੰ ਫ਼ੋਨ ਕਰ ਕੇ, ਓਸੇ ਰਾਤ ਦੀ ਫ਼ਲਾਈਟ ਤੋਂ ਬੰਬਈ ਲਈ ਟਿਕਟ ਬਣਵਾ ਕੇ ਏਅਰਪੋਰਟ ਉੱਤੇ ਉਸ ਦੀ ਉਡੀਕ ਕਰਨ ਲਈ ਕਿਹਾ ਤੇ ਆਪਣਾ ਬ੍ਰੀਫਕੇਸ ਲੈ ਕੇ ਬਾਹਰ ਨਿਕਲ ਗਿਆ। ਉਹ ਸੱਜਣ ਤੇ ਉਸ ਦਾ ਬੇਟਾ ਗੱਡੀ ਵਿਚ ਬੈਠੇ ਸਨ। ਹਿਰਨ ਪਰੇਸ਼ਾਨ ਸੀ ਤੇ ਲੜਕਾ ਉਸ ਨੂੰ ਪੁਚਕਾਰ ਰਿਹਾ ਸੀ। ਉਨ੍ਹਾਂ ਨੂੰ ਘਰ ਛੱਡਦਾ ਹੋਇਆ ਅਨੰਗ ਸਿੱਧਾ ਏਅਰ-ਪੋਰਟ ਜਾਣ ਦੀ ਸੋਚ ਕੇ ਗੱਡੀ ਵਿਚ ਜਾ ਬੈਠਾ।

ਜਦੋਂ ਉਹ ਲੋਕ ਦੁਬਾਰਾ ਉਸ ਭੀੜੀ ਗਲੀ ਵਿਚ ਪਹੁੰਚੇ, ਬਿਜਲੀ ਜਾ ਚੁੱਕੀ ਸੀ। ਸਵਾਣੀ ਬਾਹਰ ਖੜ੍ਹੀ ਉਡੀਕ ਰਹੀ ਸੀ। ਉਸ ਨੇ ਉਨ੍ਹਾਂ ਸਾਰਿਆਂ ਦਾ ਇੰਜ ਸੁਆਗਤ ਕੀਤਾ ਜਿਵੇਂ ਉਹ ਬਹੁਤ ਦੇਰ ਬਾਅਦ ਮਿਲ ਰਹੇ ਹੋਣ। ਉਹ ਹਿਰਨ ਦੀ ਰਿਹਰਸਲ ਬਾਰੇ ਸੁਣਨ ਲਈ ਵਿਆਕੁਲ ਸੀ, ਪਰ ਹਿਹਰਸਲ ਨਾ ਹੋਣ ਦੀ ਗੱਲ ਸੁਣ ਕੇ ਉਹ ਕਾਫ਼ੀ ਦੁਖੀ ਹੋਈ। ਘਰ ਆ ਕੇ ਹੁਣ ਤੱਕ ਚੁੱਪ ਹਿਰਨ ਵਿਚ ਇਕਦਮ ਕਾਫ਼ੀ ਫੁਰਤੀ ਆ ਗਈ ਤੇ ਉਹ ਛਾਲਾਂ ਮਾਰਨ ਲਗ ਪਿਆ। ਸਵਾਣੀ ਚਾਹ ਬਣਾਉਣ ਜਾ ਰਹੀ ਸੀ, ਪਰ ਅਨੰਗ ਦੇ ਰੋਕਣ ਉੱਤੇ ਉਹ ਸੱਜਣ ਉਸ ਲਈ ਦੁਕਾਨ ਤੋਂ ਠੰਢਾ ਸ਼ਰਬਤ ਲਿਆਉਣ ਲਈ ਚਲਾ ਗਿਆ। ਸਵਾਣੀ ਨੇ ਬਚਪਨ ਵਿਚ ਖੇਡੇ ਆਪਣੇ ਇਕ ਅਸਫ਼ਲ ਨਾਟਕ ਦੀ ਗੱਲ ਸੁਣਾਈ ਤੇ 'ਕੱਲ੍ਹ ਤੋਂ ਫੇਰ ਰਿਹਰਸਲ ਸ਼ੁਰੂ ਹੋ ਜਾਏਗੀ' ਕਹਿ ਕੇ ਉਸ ਨੇ ਦਿਲਾਸਾ ਦਿੱਤਾ। ਉਹ ਸੱਜਣ ਠੰਢਾ ਸ਼ਰਬਤ ਲੈ ਕੇ ਵਾਪਸ ਆ ਗਿਆ। ਉਨ੍ਹਾਂ ਨੇ ਹਿਰਨ ਨੂੰ ਕੌਲੀ ਵਿੱਚ ਤੇ ਬਾਕੀਆਂ ਨੂੰ ਗਲਾਸਾਂ ਵਿੱਚ ਪਾ ਕੇ ਪੀਣ ਲਈ ਸ਼ਰਬਤ ਦਿੱਤਾ। ਹੁਣ ਤੱਕ ਅਨੰਗ ਬੁਰੀ ਤਰ੍ਹਾਂ ਥੱਕ ਚੁੱਕਾ ਸੀ ਤੇ ਪੀਣ ਵੇਲੇ ਉਨ੍ਹਾਂ ਵੱਲ ਵੇਖ ਰਿਹਾ ਸੀ। ਉਸ ਸੱਜਣ ਨੇ ਆਪਣੇ ਹਿਰਨ ਦੇ ਸ਼ਾਂਤ ਸੁਭਾਅ ਬਾਰੇ ਕੁੱਝ ਕਿਹਾ : ਸਵਾਣੀ ਨੂੰ ਆਪਣੇ ਕੁੱਤੇ ਦੇ ਮਰਨ ਦੀ ਗੱਲ ਯਾਦ ਆ ਗਈ ਤੇ

ਮੁੰਡੇ ਨੇ ਜਾ ਕੇ ਹਿਰਨ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। ਜਹਾਜ਼ ਦਾ ਵਕਤ ਹੋ ਰਿਹਾ ਸੀ। ਇਸ ਲਈ ਅਨੰਗ ਨੇ ਗਲਾਸ ਰੱਖ ਕੇ ਉੱਠਣ ਦੀ ਕੀਤੀ।

ਸਵਾਣੀ ਬੋਲੀ, “ਤੁਸੀਂ ਖਾਣਾ ਖਾ ਕੇ ਜਾਓ।” ਉਸ ਦੇ ਪਤੀ ਨੇ ਕਿਹਾ, “ਕਿਉਂ ਨਹੀਂ !” ਅਤੇ ਮੁੰਡਾ ਅਨੰਗ ਦੇ ਜਵਾਬ ਦੀ ਉਡੀਕ ਵਿਚ ਹਿਰਨ ਨੂੰ ਛੱਡ ਕੇ ਉਸ ਵੱਲ ਵੇਖਣ ਲੱਗ ਪਿਆ। ਅਨੰਗ ਨੇ ਫੇਰ ਉਨ੍ਹਾਂ ਸਾਰਿਆਂ ਦਿਆਂ ਮੂੰਹਾਂ ਵੱਲ ਵੇਖਿਆ। ਪਰਿਵਾਰਿਕ ਅਨੰਦ ਦੀਆਂ ਬਿਜਲੀਲਹਿਰਾਂ ਦਾ ਮਾਇਆਵੀ ਪ੍ਰਵਾਹ, ਜੋ ਇਸ ਕਮਰੇ ਦੀਆਂ ਚਾਰਾਂ ਕੰਧਾਂ ਨਾਲ ਟਕਰਾ ਕੇ ਮਨੁੱਖਾਂ ਸਮੇਤ ਕੁਰਸੀ, ਮੇਜ਼ ਤੇ ਹਿਰਨ ਨੂੰ ਛੂਹਦਾ ਸਾਰੇ ਕਮਰੇ ਵਿਚ ਫੈਲ ਚੁੱਕਾ ਸੀ, ਉਸ ਦੇ ਸਰੀਰ ਨੂੰ ਵੀ ਛੂਹ ਗਿਆ ਸੀ। ਇਸ ਵੇਲੇ ਅਨੰਗ, ਮਾਨਸੀ, ਨਿਰਦੇਸ਼ਕ, ਮਾਇਆਵੀ ਹਿਰਨ, ਏਅਰ ਕੰਡੀਸ਼ੰਡ ਦਫ਼ਤਰ, ਬੈਲੈਂਸ ਸ਼ੀਟ, ਟੋਨੀ, ਆਦਿ ਸਭ ਨੂੰ ਭੁੱਲ ਗਿਆ। ਉਹ ਕੁਰਸੀ ਤੇ ਹੋਰ ਵੀ ਅਰਾਮ ਨਾਲ ਨਿੱਸਲ ਹੁੰਦਿਆਂ ਬੋਲਿਆ, “ਅੱਛਾ, ਮੈਂ ਰੋਟੀ ਖਾ ਈ ਲੈਨਾਂ....".

*****

# ਜੀਵਨ-ਮੁਕਤੀ

ਜਿਸ ਦਿਨ ਸੁਧੀਰ ਖਾਣਾ ਖਾਧੇ ਬਿਨਾਂ ਦਫ਼ਤਰ ਚਲਾ ਗਿਆ, ਉਸ ਦਿਨ ਤੋਂ ਸੱਸ-ਸਹੁਰਾ ਇਸ ਨਤੀਜੇ ਉੱਤੇ ਪਹੁੰਚੇ ਕਿ ਹੁਣ ਅਨੁਸੂਈਆ ਨੂੰ ਜੀਉਂਦੇ ਰਹਿਣ ਦਾ ਕੋਈ ਹੱਕ ਨਹੀਂ ਹੈ। ਚਾਹ ਪੀਂਦਿਆਂ ਉਨ੍ਹਾਂ ਨੇ ਅਨੁਸੂਈਆ ਨੂੰ ਮਾਰਨ ਦਾ ਪ੍ਰੋਗ੍ਰਾਮ ਬਣਾ ਲਿਆ। ਉਨ੍ਹਾਂ ਦੋਨਾਂ ਦੇ ਵਿਚਾਰਾਂ ਵਿਚ ਮੱਤਭੇਦ ਇਹ ਸੀ ਕਿ ਸੱਸ ਜ਼ਹਿਰ ਦੇ ਕੇ ਮਾਰਨਾ ਚਾਹੁੰਦੀ ਸੀ ਤੇ ਸਹੁਰਾ ਮਿੱਟੀ ਦੇ ਤੇਲ ਨਾਲ ਸਾੜ ਦੇਣ ਨੂੰ ਜ਼ਿਆਦਾ ਠੀਕ ਸਮਝਦਾ ਸੀ। ਇਸ ਸਾਜ਼ਿਸ਼ ਵਿਚ ਆਪਣੀ ਕੁੜੀ ਨੂੰ ਸ਼ਾਮਿਲ ਕਰਨ ਜਾਂ ਨਾ ਕਰਨ ਇਸ ਬਾਰੇ ਵੀ ਉਨ੍ਹਾਂ ਦੋਹਾਂ ਦੇ ਵਿਚਾਰ ਨਹੀਂ ਸਨ ਮਿਲਦੇ।

ਸਹੁਰਾ ਜੋ ਛੋਟਾ ਸਰਕਾਰੀ ਨੌਕਰ ਸੀ, ਹੁਣ ਰਿਟਾਇਰ ਹੋ ਕੇ ਪੂਰੀ ਤਰ੍ਹਾਂ ਆਲਸ-ਭਰਿਆ ਜੀਵਨ ਬਿਤਾ ਰਿਹਾ ਸੀ ਤੇ ਵੱਧ ਕਮਾਈ ਦੇ ਵੱਖ-ਵੱਖ ਤਰੀਕਿਆਂ ਬਾਰੇ ਸੋਚਦਾ ਰਹਿੰਦਾ ਸੀ। ਸਾਰੀ ਉਮਰ ਦਫ਼ਤਰ ਦੇ ਕਾਇਦੇ-ਕਾਨੂੰਨ ਮੁਤਾਬਕ ਚੱਲਦੇ ਰਹਿਣ ਕਾਰਨ ਉਸ ਦਾ ਗਿਆਨ ਕਾਫ਼ੀ ਸੀਮਿਤ ਸੀ ਤੇ ਆਪਣੇ ਰਿਸ਼ਤੇਦਾਰਾਂ ਦੇ ਆਰਥਿਕ ਲਾਭ ਦਾ ਕੋਈ ਹੋਰ ਆਧਾਰ ਲੱਭਣ ਵਿਚ ਕਾਮਯਾਬ ਨਹੀਂ ਸੀ ਹੋਇਆ। ਨੌਕਰੀ ਦੇ ਦਿਨਾਂ ਵਿਚ ਉਹ ਬਹੁਤ ਇਮਾਨਦਾਰ ਸੀ ਤੇ ਰਿਸ਼ਵਤ ਨਹੀਂ ਸੀ ਲੈਂਦਾ। ਪਰ ਸੁਧੀਰ ਦੇ ਵਿਆਹ ਵੇਲੇ ਅਨੁਸੂਈਆ ਦੇ ਪਿਉ ਕੋਲੋਂ ਰੱਜ ਕੇ ਲੈਣ ਵਿੱਚ ਕੋਈ ਘਾਟ ਨਹੀਂ ਸੀ ਪੈਣ ਦਿੱਤੀ।

ਭਾਵੇਂ ਅਨੁਸੂਇਆ ਨੌਕਰੀ ਕਰਦੀ ਸੀ ਤੇ ਘਰ ਚਲਾਉਣ ਵਿਚ ਪਿਉ ਦਾ ਹੱਥ ਵਟਾਉਂਦੀ ਸੀ, ਫੇਰ ਵੀ ਪਿਉ ਆਪਣੀ ਵਧਦੀ, ਉਮਰ ਕਰਕੇ ਉਸ ਦਾ ਵਿਆਹ ਕਰਕੇ ਉਸ ਨੂੰ ਵਿਦਾ ਕਰਨ ਬਾਰੇ ਹਰ ਵੇਲੇ ਸੋਚਦਾ ਰਹਿੰਦਾ ਸੀ। ਇਕ ਗ਼ੈਰ ਜਾਤੀ ਦਾ ਮੁੰਡਾ ਅਨੁਸੂਇਆ ਨੂੰ ਮਿਲਣ ਕਦੀ-ਕਦੀ ਆਇਆ ਕਰਦਾ ਸੀ। ਇਹ ਗੱਲ ਉਸ ਦੇ ਪਿਤਾ ਨੂੰ ਪਸੰਦ ਨਹੀਂ ਸੀ। ਇਸ ਲਈ ਲਾੜੇ ਦੀ ਤਲਾਸ਼ ਵਿਚ ਕਈ ਔਖੇ ਰਾਹਾਂ ਤੋਂ ਹੁੰਦਾ ਹੋਇਆ ਅਨੁਸੂਇਆ ਦਾ ਪਿਤਾ ਅਖ਼ੀਰ ਸੁਧੀਰ ਦੇ ਪਿਤਾ ਕੋਲ ਪਹੁੰਚ ਗਿਆ ਸੀ। ਉਸ ਦੀ ਮੁੱਢਲੀ ਗੱਲ-ਬਾਤ ਬਹੁਤ ਤਸੱਲੀਬਖ਼ਸ਼ ਸੀ, ਪਰ ਬਾਅਦ ਵਿਚ ਸੁਧੀਰ ਦਾ ਪਿਤਾ ਕੋਈ ਨਾ ਕੋਈ ਨਵੀਂ ਮੰਗ ਪੇਸ਼ ਕਰਦਾ ਹੀ ਰਹਿੰਦਾ ਸੀ। ਇਹ ਅਨੁਸੂਇਆ ਦੇ ਪਿਤਾ ਦੀ ਆਰਥਿਕ

ਹਾਲਤ ਦੀ ਬਹੁਤ ਔਖੀ ਪਰੀਖਿਆ ਸੀ, ਪਰ ਜਿਸ ਦਿਨ ਸਕੂਟਰ ਦੀ ਗੱਲ ਆਈ ਤਾਂ ਅਨੁਸੂਇਆ ਦਾ ਪਿਉ ਸਮਝ ਗਿਆ ਕਿ ਹੁਣ ਉਹ ਹਾਰ ਗਿਆ ਹੈ।

ਉਸ ਨੇ ਆਪਣੇ ਵੱਡੇ ਮੁੰਡੇ ਨੂੰ ਯਾਦ ਕੀਤਾ ਜੋ ਵਪਾਰ ਕਰਦਾ ਸੀ ਤੇ ਵਿਆਹ ਤੋਂ ਬਾਅਦ ਉਸੇ ਸ਼ਹਿਰ ਵਿੱਚ ਕਿਤੇ ਵੱਖਰਾ ਰਹਿੰਦਾ ਸੀ। ਕਾਫ਼ੀ ਸੋਚ ਵਿਚਾਰ ਪਿੱਛੋਂ ਉਹ ਉਸ ਦੇਕੋਲ ਗਿਆ ਤੇ ਮੁੰਡੇ ਵਾਲਿਆਂ ਦੀ ਇਸ ਮੰਗ ਬਾਰੇ ਦੱਸਿਆ। ਉਹ ਸੋਚ ਰਿਹਾ ਸੀ ਕਿ ਪੁੱਤ ਆਪੇ ਹੀ ਭੈਣ ਦੇ ਵਿਆਹ ਨੇ ਜ਼ੋਰ ਸ਼ੋਰ ਨਾਲ ਕਰਵਾਉਣ ਵਿਚ ਮਦਦ ਕਰੇਗਾ। ਪਰ ਸਾਰੀ ਗੱਲ ਸੁਣਨ ਦੇ ਬਾਅਦ ਉਸ ਨੇ ਦਾਜ ਦੇ ਵਿਰੋਧ ਵਿਚ ਇਕ ਲੰਮਾ ਸਾਰਾ ਭਾਸ਼ਣ ਝਾੜ ਦਿੱਤਾ ਤੇ ਸਲਾਹ ਦਿੱਤੀ ਕਿ ਭਾਵੇਂ ਕੜੀ ਕੁਆਰੀ ਰਹਿ ਜਾਏ ਪਰ ਇਸ ਤਰਾਂ ਦੀ ਮੰਗ ਪੂਰੀ ਕਰਨੀ ਬਿਲਕੁਲ ਠੀਕ ਨਹੀਂ।

ਉਦਾਸ ਜਿਹਾ ਹੋ ਕੇ ਅਨੁਸੂਇਆ ਦਾ ਪਿਤਾ ਵਾਪਸ ਆਉਂਦਿਆਂ ਰਸਤੇ ਵਿਚ ਸੋਚ ਰਿਹਾ ਸੀ ਕਿ ਇਸ ਰਿਸ਼ਤੇ ਨੂੰ ਭੁੱਲ ਕੇ ਕਿਤੇ ਹੋਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਰ ਬਦਕਿਸਮਤੀ ਨਾਲ ਘਰ ਪਹੁੰਚਦਿਆਂ ਹੀ ਅਨੁਸੂਇਆ ਦੇ ਪਿਉ ਨੇ ਉਸੇ ਮੁੰਡੇ ਨੂੰ ਘਰੋਂ ਬਾਹਰ ਨਿਕਲਦਿਆਂ ਵੇਖਿਆ। ਜਿਸ ਨੂੰ ਉਹ ਗ਼ੈਰ-ਜ਼ਾਤੀ ਦਾ ਮੰਨਦਾ ਸੀ। ਘਰ ਦੀਆਂ ਅਨੇਕ ਆਰਥਿਕ ਜ਼ਿੰਮੇਵਾਰਿਆਂ ਸੰਭਾਲਣ ਵਾਲੀ ਕੜੀ ਨੂੰ ਝਿੜਕਣ ਦਾ ਮੌਕਾ ਨਾ ਪਾ ਕੇ ਅਨੁਸੂਇਆ ਦੇ ਪਿਉ ਨੇ ਫੇਰ ਵਿਆਹ ਬਾਰੇ ਸੋਚਿਆ ਤੇ ਉਸੇ ਵੇਲੇ ਸੁਧੀਰ ਦੇ ਘਰ ਵੱਲ ਤੁਰ ਪਿਆ। ਉਸ ਨੇ ਸੁਧੀਰ ਦੇ ਪਿਤਾ ਨੂੰ ਸਕੂਟਰ ਬਾਰੇ ਇਹ ਕਿਹਾ, “ਮੇਰੇ ਲੜਕੇ ਦਾ ਏਨਾ ਵੱਡਾ ਵਪਾਰ ਹੈ, ਕੀ ਮੈਂ ਇਕ ਸਕੂਟਰ ਵੀ ਨਹੀਂ ਦੇ ਸਕਦਾ ?”

ਏਸ ਤਰ੍ਹਾਂ ਸ਼ਾਦੀ ਪੱਕੀ ਹੋ ਗਈ। ਮੇਲ ਨਾ ਖਾਣ ਵਾਲੀਆਂ ਕੁੰਡਲੀਆਂ ਇਕਦਮ ਮਿਲ ਗਈਆਂ ਤੇ ਕੁੱਝ ਹੀ ਦਿਨਾਂ ਵਿੱਚ ਵਿਆਹ ਦੀ ਤਰੀਕ ਪੱਕੀ ਹੋ ਗਈ। ਅਨੁਸੂਈਆ ਦੀ ਪਾਸ ਬੁੱਕ ਵਿੱਚੋਂ ਰੁਪਿਆ ਕਢਾ ਕੇ ਵਿਆਹ ਦਾ ਸਮਾਨ ਖ਼ਰੀਦ ਲਿਆ ਗਿਆ। ਵਿਆਹ ਵਾਲੇ ਦਿਨ ਦਹੇਜ ਦਾ ਸਾਰਾ ਸਾਮਾਨ ਦਿਖਾਉਣ ਲਈ ਇੱਕ ਥਾਂ ਉੱਤੇ ਸਜਾ ਕੇ ਰੱਖ ਦਿੱਤਾ ਗਿਆ। ਸਾਮਾਨ ਦੇਖ ਕੇ ਲੋਕਾਂ ਨੇ ਆਪਣੀ-ਆਪਣੀ ਰਾਏ ਦੱਸੀ। ਸਕੂਟਰ ਏਨੀ ਜਲਦੀ ਨਹੀਂ ਮਿਲ ਸਕਿਆ, ਇਹੀ ਬਹਾਨਾ ਬਣਾ ਕੇ ਅਨੁਸੂਇਆ ਦੇ ਪਿਉ ਨੇ ਦਹੇਜ ਨਾਲ ਸਕੂਟਰ ਨਾ ਦਿੱਤਾ। ਪਰ ਇਕ ਚਿੱਟ ਉੱਤੇ ਸਕੂਟਰ ਤੇ ਉਸ ਦੀ ਕੀਮਤ ਲਿਖ ਕੇ ਸਟੇਨਲੈਸ ਸਟੀਲ ਦੇ ਭਾਂਡਿਆਂ ਤੇ ਗਹਿਣਿਆਂ ਦੇ ਵਿਚਕਾਰ ਜਗ੍ਹਾ ਬਣਾ ਕੇ ਰੱਖ ਦਿੱਤੀ। ਅਨੁਸੂਇਆ ਦਾ ਪਿਉ ਵੀ ਆਪਣੇ ਪੁੱਤਰ ਦੀ ਤਰ੍ਹਾਂ ਦਹੇਜ-ਵਿਰੋਧੀ ਸੀ ਤੇ ਵਿਆਹ ਤੋਂ ਬਾਅਦ ਸਕੂਟਰ ਦੇਣ ਦਾ ਖ਼ਿਆਲ ਵੀ ਉਸ ਨੇ ਦਿਲ ਵਿਚ ਨਹੀਂ ਸੀ ਰੱਖਿਆ ਹੋਇਆ।

ਕਾਗ਼ਜ਼ ਦੇ ਟੁਕੜੇ ਰਾਹੀਂ ਮੁੰਡੇ ਵਾਲਿਆਂ ਨੂੰ ਟਕਰਾਉਣ ਵਿਚ ਕਾਮਯਾਬ ਹੋਣ ਉੱਤੇ ਉਹ ਖੁਸ਼ ਸੀ। ਉਹ ਕਾਗਜ਼ ਹੀ ਮੁੰਡੇ ਵਾਲਿਆਂ ਦੇ ਅਸੰਤੋਸ਼ ਤੇ ਬਾਕੀ ਮਹਿਮਾਨਾਂ ਦੇ ਮਨੋਰੰਜਨ ਦਾ ਕਾਰਨ ਬਣਿਆ ਹੋਇਆ ਸੀ।

ਉਸ ਦੇ ਪਿਓ ਨੂੰ ਇਸ ਗੱਲ ਦੀ ਉਮੀਦ ਨਹੀਂ ਸੀ ਕਿ ਅਨੁਸੂਇਆ ਏਨੀ ਜਲਦੀ ਵਿਆਹ ਲਈ ਤਿਆਰ ਹੋ ਜਾਏਗੀ। ਉਸ ਨੂੰ ਸ਼ੱਕ ਸੀ ਕਿ ਵਿਆਹ ਵੇਲੇ ਅਨੁਸੂਇਆ ਦਾ ਦੋਸਤ ਕੋਈ ਨਾ ਕੋਈ ਅੜਚਨ ਪਾਏਗਾ। ਪਰ ਅਨੁਸੂਇਆ ਸਮਝਦਾਰ ਸੀ ਤੇ ਆਪਣਾ ਭਲਾ-ਬੁਰਾ ਸਮਝਦੀ ਸੀ। ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਸੀ ਕਿ ਉਮਰ ਵਧਣ ਦੇ ਨਾਲ ਉਹ ਇਸ ਘਰ ਵਿਚ ਇਕ ਬੇਕਾਰ ਚੀਜ਼ ਹੋ ਗਈ ਹੈ। ਇਸ ਘਰ ਵਿਚ ਹੋਰ ਰਹਿਣਾ, ਉਸ ਦੇ ਮਾਂ-ਬਾਪ ਉੱਤੇ ਬੋਝ ਹੀ ਹੈ, ਇਸ ਘਰ ਵਿੱਚੋਂ ਨਿਕਲ ਕੇ ਉਹ ਉਨ੍ਹਾਂ ਦਾ ਬੋਝ ਹਲਕਾ ਕਰਨਾ ਚਾਹੁੰਦੀ ਸੀ। ਅਨੁਸੂਇਆ ਨੂੰ ਇਹ ਵੀ ਪਤਾ ਸੀ ਕਿ ਉਸ ਦਾ ਦੋਸਤ, ਜੋ ਉਸ ਨੂੰ ਦਰਜਨਾਂ ਪ੍ਰੇਮ-ਪੱਤਰਲਿਖਦਾ ਤੇ ਗੱਲ-ਗੱਲ ਵਿਚ ਰੋਮੀਓ-ਜੂਲੀਅਟ, ਆਦਿ ਦੇ ਅਮਰ-ਪਿਆਰ ਦੇ ਉਦਾਹਰਨ ਦੇਂਦਾ ਹੈ, ਅਸਲ ਵਿਚ ਉਹ ਕਮਜ਼ੋਰ, ਡਰਪੋਕ ਤੇ ਚੰਚਲ ਕਿਸਮ ਦਾ ਆਦਮੀ ਹੈ। ਏਨੇ ਦਿਨਾਂ ਦੀ ਵਾਕਫ਼ੀਅਤ ਦੇ ਬਾਵਜੂਦ ਵੀ ਉਸ ਨੇ ਕਦੀ ਵਿਆਹ ਬਾਰੇ ਗੱਲ ਨਹੀਂ ਸੀ ਕੀਤੀ, ਪਰ ਜਦੋਂ ਅਨੁਸੂਇਆ ਨੇ ਆਪਣੇ ਵਿਆਹ ਦੀ ਤਰੀਕ ਪੱਕੀ ਹੋਣ ਬਾਰੇ ਦੱਸਿਆ ਤਾਂ ਉਹ ਆਦਮੀ ਸ਼ਾਂਤ ਮਹਿਸੂਸ ਹੁੰਦਾ ਦਿਸ ਰਿਹਾ ਸੀ।

ਵਿਆਹ ਪੱਕਾ ਹੋਣ ਤੋਂ ਬਾਅਦ ਅਨੁਸੂਇਆ ਨੇ ਦਫ਼ਤਰ ਤੋਂ ਛੁੱਟੀ ਲੈ ਲਈ ਸੀ, ਸਾਰੇ ਪ੍ਰੇਮ-ਪੱਤਰ ਸਾੜ ਦਿੱਤੇ ਸਨ ਤੇ ਆਪਣੇ ਦੋਸਤ ਨੂੰ ਮਿਲਣ ਤੋਂ ਰੋਕ ਦਿੱਤਾ ਸੀ। ਜਦੋਂ ਸੁਧੀਰ ਉਸ ਨੂੰ ਮਿਲਣ ਆਇਆ ਤਾਂ ਬਹੁਤ ਹੀ ਤਰੀਕੇ ਨਾਲ ਆਪਣੇ ਆਪ ਨੂੰ ਸਵਾਰ ਕੇ ਅਨੁਸੂਇਆ ਨੇ ਉਸ ਨੂੰ ਚਾਹ ਦਿੱਤੀ ਤੇ ਸਿਰ ਉੱਤੇ ਪੱਲਾ ਰੱਖ ਕੇ ਉਸ ਦੇ ਮਾਂ-ਪਿਓ ਦੇ ਹਰ ਸਵਾਲ ਦਾ ਬੜੇ ਸੁਚੱਜੇ ਤੇ ਨਿਮਰਤਾ ਵਾਲੇ ਢੰਗ ਨਾਲ ਜਵਾਬ ਦਿੱਤਾ। ਸੁਧੀਰ ਦੀ ਸ਼ਕਲ ਤੇ ਉਸ ਦੀ ਸ਼ਖ਼ਸੀਅਤ ਨੂੰ ਵੇਖ ਕੇ ਅਨੁਸੂਇਆ ਦੇ ਮਨ ਵਿਚ ਪਰੇਸ਼ਾਨੀ ਨਹੀਂ ਸੀ, ਕਿਉਂਕਿ ਆਪਣੀ ਵਧਦੀ ਉਮਰ ਦੇ ਕਾਰਨ ਉਸ ਨੇ ਆਪਣੇ ਇਸ ਸੰਬੰਧ ਨੂੰ ਪੂਰੀ ਤਰ੍ਹਾਂ ਮੰਨ ਲਿਆ ਸੀ। ਵਿਆਹ ਦੀਆਂ ਸਾਰੀਆਂ ਰਸਮਾਂ ਅਨੁਸੂਇਆ ਨੇ ਸਰਲਤਾ ਨਾਲ ਨਿਭਾਅ ਲਈਆਂ ਸਨ ਤੇ ਵਿਆਹ ਤੋਂ ਬਾਅਦ ਸੁਧੀਰ ਦੇ ਘਰ ਜਾ ਕੇ ਉਸ ਦੇ ਪਰਿਵਾਰ ਵਾਲਿਆਂ ਨੂੰ ਆਪਣਾ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗ ਗਈ ਸੀ।

ਵਿਆਹ ਦੇ ਬਾਅਦ ਕੁਝ ਦਿਨ ਬਹੁਤ ਚੰਗੀ ਤਰ੍ਹਾਂ ਬੀਤੇ। ਸੱਸ-ਸਹੁਰਾ ਅਨੁਸੂਇਆ ਦੇ ਪ੍ਰਤਿ ਉਦਾਰ ਲਗਦੇ ਸਨ ਤੇ ਸੁਧੀਰ ਦੀ ਭੈਣ, ਜਿਸ ਨੇ ਹੁਣੇ ਹੀ ਕਾਲਜ ਦੀ ਪੜ੍ਹਾਈ ਸ਼ੁਰੂ ਕੀਤੀ ਸੀ, ਅਨੁਸੂਇਆ ਨੂੰ ਆਪਣੀ ਸਹੇਲੀ ਬਣਾਉਣ ਦੀ ਕੋਸ਼ਿਸ਼ ਕਰਦੀ ਸੀ। ਅਨੁਸੂਇਆ ਨੇ ਬਿਨਾਂ ਕਿਸੇ ਝਿਜਕ ਦੇ ਆਪਣੇ ਪਤੀ ਦੀ ਸ਼ਖ਼ਸੀਅਤ, ਵਿਹਾਰ, ਆਰਥਿਕ ਤੇ ਪਰਿਵਾਰਿਕ ਹਾਲਾਤ ਨੂੰ ਆਪਣਾ ਲਿਆ ਸੀ, ਏਥੋਂ ਤੱਕ ਕਿ ਸੁਧੀਰ ਨਾਲ ਸਰੀਰਕ ਸੰਬੰਧਾਂ ਨੂੰ ਵੀ ਉਸ ਨੇ ਇਕ ਕਰਤੱਵ ਸਮਝ ਕੇ ਮੰਨ ਲਿਆ ਸੀ। ਉਸ ਨੇ ਦਫ਼ਤਰ ਤੋਂ ਲੰਮੀ ਛੁੱਟੀ ਲੈ ਲਈ ਸੀ, ਇਸ ਲਈ ਘਰ ਦੀ ਦੇਖ ਭਾਲ ਕਰਨ ਲਈ ਉਸ ਕੋਲ ਕਾਫੀ ਸਮਾਂ ਹੁੰਦਾ ਸੀ। ਕੁੱਝ ਹੀ ਦਿਨਾਂ ਵਿਚ ਇਸ ਮੱਧ-ਵਰਗੀ ਪਰਿਵਾਰ ਦੀਆਂ ਸਾਰੀਆਂ ਜ਼ਿੰਮੇਵਾਰਿਆਂ ਉਸ ਨੇ ਸੰਭਾਲ ਲਈਆਂ ਸਨ। ਅਨੁਸੂਇਆ ਨੂੰ ਪੂਰਾ ਯਕੀਨ ਸੀ ਕਿ ਮੈਂ ਆਪਣੀਆਂ ਜ਼ਿੰਮੇਵਾਰੀਆਂ ਚੰਗੀ ਤਰ੍ਹਾਂ ਨਿਭਾ ਲਵਾਂਗੀ।

ਛੁੱਟੀਆਂ ਖ਼ਤਮ ਹੋਣ ਉੱਤੇ ਸੁਧੀਰ ਦਫ਼ਤਰ ਜਾਣ ਲੱਗ ਪਿਆ ਤੇ ਉਸ ਦੀ ਨਨਾਣ ਦਾ ਕਾਲਜ ਵੀ ਖੁੱਲ੍ਹ ਗਿਆ। ਓਦੋਂ ਅਨੁਸੂਇਆ ਨੂੰ ਆਪਣੀਆਂ ਜ਼ਿੰਮੇਵਾਰੀਆਂ ਦੀਆਂ ਮੁਸ਼ਕਲਾਂ ਬਾਰੇ ਪਤਾ ਲੱਗਾ। ਅਨੁਸੂਇਆ ਦੀ ਸੱਸ ਜਿਸ ਨੇ ਹੁਣ ਤੱਕ ਘਰ ਦਾ ਸਾਰਾ ਕੰਮ ਸੰਭਾਲਿਆ ਹੋਇਆ ਸੀ, ਹੁਣ ਆਪਣੇ ਆਪ ਨੂੰ ਪੂਰੀ ਤਰ੍ਹਾਂ ਰਿਟਾਇਰ ਕਰਨ ਤੋਂ ਬਾਅਦ ਅਨੁਸੂਇਆ ਦੀ ਹਰ ਹਰਕਤ ਉੱਤੇ ਚੰਗੀ ਤਰ੍ਹਾਂ ਨਜ਼ਰ ਰੱਖਣ ਲਗ ਪਈ। ਉਹ ਅਨੁਸੂਇਆ ਦੇ ਹਰ ਕੰਮ ਵਿਚ ਨੁਕਸ ਕੱਢਣ ਲੱਗੀ ਤੇ ਉਸ ਦੀ ਬੇਇੱਜ਼ਤੀ ਕਰਨ ਤੋਂ ਵੀ ਨਾ ਹਿਚਕਿਚਾਉਂਦੀ। ਪਰ ਅਨੁਸੂਇਆ ਵਿਚ ਸਹਿਣ-ਸ਼ਕਤੀ ਬਹੁਤ ਸੀ। ਉਸ ਨੇ ਇਸ ਅਨਪੜ੍ਹ, ਨੀਚ ਤੇ ਝਗੜਾਲੂ ਔਰਤ ਦੇ ਸਾਰੇ ਜ਼ੁਲਮ ਚੁੱਪ ਕਰ ਕੇ ਸਹਿ ਲਏ। ਏਥੋਂ ਤੱਕ ਕਿ ਉਸ ਨੇ ਇਸ ਬਾਰੇ ਆਪਣੇ ਪਤੀ ਕੋਲ ਵੀ ਸ਼ਿਕਾਇਤ ਕਰਨੀ ਠੀਕ ਨਾ ਸਮਝੀ।

ਜ਼ਿਆਦਾ ਮੁਸ਼ਕਲ ਓਦੋਂ ਖੜ੍ਹੀ ਹੋਈ ਜਦੋਂ ਉਸ ਦੀਆਂ ਛੁੱਟੀਆਂ ਖ਼ਤਮ ਹੋ ਗਈਆਂ ਤੇ ਉਸ ਨੂੰ ਦਫ਼ਤਰ ਜਾਣਾ ਪੈ ਗਿਆ। ਉਸ ਨੂੰ ਉਮੀਦ ਸੀ ਕਿ ਸੱਸ ਘਰ ਦੇ ਕੰਮ ਵਿਚ ਥੋੜ੍ਹੀ ਬਹੁਤ ਮਦਦ ਤਾਂ ਕਰੇਗੀ ਹੀ, ਪਰ ਸੱਸ ਤਾਂ ਹੁਣ ਅਚਾਨਕ ਪੂਰੀ ਤਰ੍ਹਾਂ ਧਾਰਮਿਕ ਹੋ ਚੁੱਕੀ ਸੀ ਤੇ ਸਵੇਰ ਦਾ ਸਾਰਾ ਵਕਤ ਪੂਜਾ-ਪਾਠ ਵਿੱਚ ਹੀ ਬਿਤਾਉਣ ਲੱਗ ਪਈ ਸੀ। ਪੂਜਾ ਕਰਨ ਦੇ ਨਾਲ-ਨਾਲ ਉਹ ਅਨੁਸੂਇਆ ਦੇ ਕੰਮ ਉੱਤੇ ਵੀ ਪੂਰੀ ਨਜ਼ਰ ਰੱਖਦੀ ਸੀ; ਅਤੇ ਜਿਵੇਂ ਹੀ ਅਨੁਸੂਇਆ ਦਫ਼ਤਰ ਜਾਣ ਲਗਦੀ ਉਹ ਚਾਹ ਪੀਣ ਦੀ

ਇੱਛਾ ਪ੍ਰਗਟ ਕਰਦੀ। ਉਹ ਬਹੁਤ ਹੀ ਨਰਮ ਸੁਰ ਵਿਚ ਚਾਹ ਮੰਗਦੀ। ਅਨੁਸੂਇਆ ਆਪਣੀ ਬਾਂਹ ਤੇ ਬੰਨ੍ਹੀ ਹੋਈ ਘੜੀ ਤੋਂ ਵਕਤ ਵੇਖਦੀ, ਆਪਣੇ ਮਨ ਵਿਚ ਗੁੱਸਾ ਨਾ ਕਰਨ ਦਾ ਫ਼ੈਸਲਾ ਕਰਦੀ ਤੇ ਰਸੋਈ ਵਿਚ ਚਾਹ ਬਣਾਉਣ ਲਈ ਚਲੀ ਜਾਂਦੀ। ਸੱਸ ਨੂੰ ਚਾਹ ਦੇਂਦਿਆਂ ਅਨੁਸੂਇਆ ਚੰਗੀ ਤਰ੍ਹਾਂ ਜਾਣਦੀ ਸੀ ਕਿ ਸੱਸ ਉਸ ਦੀ ਤਕਲੀਫ਼ ਤੇ ਘਬਰਾਹਟ ਵੇਖ ਕੇ ਮਨ ਹੀ ਮਨ ਵਿਚ ਖੁਸ਼ ਹੋ ਰਹੀ ਹੈ। ਬਸ ਨਿਕਲ ਜਾਣ ਕਰਕੇ ਅਨੁਸੂਇਆ ਨੂੰ ਰਿਕਸ਼ੇ ਵਿਚ ਜਾਣਾ ਪੈਂਦਾ ਸੀ। ਦਫ਼ਤਰ ਦੇਰ ਨਾਲ ਪਹੁੰਚਣ ਉੱਤੇ ਉਸ ਨੂੰ ਬਹੁਤ ਕੁਝ ਸੁਣਨਾ ਪੈਂਦਾ, ਪਰ ਅਨੁਸੂਇਆ ਆਪਣਾ ਮਨ ਮਜ਼ਬੂਤ ਕਰ ਕੇ ਸਭ ਕੁਝ ਸਹਿ ਲੈਂਦੀ।

ਵਿਆਹ ਤੋਂ ਬਾਅਦ ਅਨੁਸੂਇਆ ਦਾ ਪਿਓ ਉਸ ਨੂੰ ਵੇਖਣ ਲਈ ਕਦੀ-ਕਦੀ ਆਉਂਦਾ ਹੁੰਦਾ ਸੀ। ਅਨੁਸੂਇਆ ਨੇ ਸੋਚਿਆ ਕਿ ਇੱਕੋਂ ਹੀ ਸ਼ਹਿਰ ਵਿਚ ਰਹਿਣ ਕਰਕੇ ਉਸ ਦਾ ਪੇਕਿਆਂ ਨਾਲ ਨੇੜੇ ਦਾ ਸੰਬੰਧ ਬਣਿਆ ਰਹੇਗਾ, ਪਰ ਉਸ ਦਾ ਪਿਓ ਜਦੋਂ ਵੀ ਆਉਂਦਾ, ਉਸ ਨਾਲ ਇਕ ਅੱਧੀ ਗੱਲ ਕਰ ਕੇ ਉਸ ਦੇ ਸਹੁਰੇ ਨਾਲ ਗੱਲਾਂ ਵਿੱਚ ਮਸਤ ਹੋ ਜਾਂਦਾ ਸੀ। ਉਸ ਨੂੰ ਪਤਾ ਹੀ ਨਹੀਂ ਸੀ ਲਗਦਾ ਕਿ ਕਦੋਂ ਉਸ ਦਾ ਪਿਓ ਤੁਰ ਜਾਂਦਾ ਸੀ। ਅਨੁਸੂਇਆ ਦਾ ਭਰਾ ਸਿਰਫ਼ ਇੱਕ ਵਾਰੀ ਦੋ ਮਿੰਟ ਲਈ ਉਸ ਨੂੰ ਮਿਲਣ ਆਇਆ ਸੀ। ਸੁਧੀਰ ਦਾ ਮਕਾਨ ਭੀੜੀ ਗਲੀ ਵਿਚ ਸੀ ਤੇ ਇਸ ਲਈ ਕਾਰ ਮਕਾਨ ਤੋਂ ਕਾਫ਼ੀ ਦੂਰ ਬਾਹਰ ਖੜ੍ਹੀ ਕਰ ਕੇ ਆਉਣਾ ਪੈਂਦਾ ਸੀ ਤੇ ਇਹੋ ਜਿਹੀ ਹਿੰਮਤ ਭਰਾ ਦੇ ਮਨ ਵਿਚ ਹੈ ਨਹੀਂ ਸੀ। ਉਸ ਨੇ ਸਿਰਫ਼ ਇਕ ਵਾਰੀ ਅਨੁਸੂਇਆ ਦਾ ਹਾਲ ਪੁੱਛਣ ਤੋਂ ਬਾਅਦ ਉਸ ਦੇ ਸਹੁਰੇ ਨੂੰ ਨਮਸਕਾਰ ਕਰ ਕੇ ਆਪਣਾ ਫ਼ਰਜ਼ ਖ਼ਤਮ ਕਰ ਲਿਆ ਸੀ ਤੇ ਦੂਜੀ ਵਾਰ ਏਥੇ ਆਉਣ ਦੀ ਲੋੜ ਨਹੀਂ ਸੀ ਸਮਝੀ। ਇਕ ਦਿਨ ਜਦੋਂ ਉਸ ਦੀ ਸੱਸ ਕਿਸੇ ਕਾਰਨ ਉਸ ਨੂੰ ਝਿੜਕ ਰਹੀ ਸੀ, ਤਾਂ ਉਸ ਵੇਲੇ ਉਸ ਦਾ ਪਿਓ ਓਥੇ ਹੀ ਸੀ। ਬਾਹਰੋਂ ਉਸ ਨੇ ਸੁਣਿਆ ਤੇ ਇਸ ਹਾਲਤ ਵਿਚ ਅੰਦਰ ਆ ਕੇ ਗੱਲ ਨੂੰ ਵਧਾਉਣਾ ਠੀਕ ਨਾ ਸਮਝਿਆ, ਸੋ ਚੁੱਪ-ਚਾਪ ਬਾਹਰੋਂ ਹੀ ਵਾਪਸ ਚਲਾ ਗਿਆ। ਅਨੁਸੂਇਆ ਨੇ ਮਹਿਸੂਸ ਕੀਤਾ ਕਿ ਉਸ ਦਿਨ ਤੋਂ ਬਾਅਦ ਉਨ੍ਹਾਂ ਦਾ ਆਉਣਾ ਕਾਫ਼ੀ ਘੱਟ ਹੋ ਗਿਆ ਸੀ।

ਆਪਣੀ ਸੌਖ ਜਾਂ ਔਖ ਨੂੰ ਲੈ ਕੇ ਅਨੁਸੂਇਆ ਨੇ ਕਦੀ ਵੀ ਸੁਧੀਰ ਨਾਲ ਗੱਲ ਨਹੀਂ ਸੀ ਕੀਤੀ ਤੇ ਨਾ ਹੀ ਕੋਈ ਸ਼ਿਕਾਇਤ ਲਾਈ ਸੀ। ਸੁਧੀਰ ਵੀ ਉਸੇ ਵਾਂਗ ਕਿਸੇ ਦਫ਼ਤਰ ਵਿਚ ਮਮੂਲੀ ਨੌਕਰੀ ਕਰਦਾ ਸੀ। ਉਹ ਆਪਣੀ ਆਰਥਿਕ ਜ਼ਿੰਮੇਵਾਰੀ ਪ੍ਰਤਿ ਕਾਫ਼ੀ ਧਿਆਨ ਰੱਖਦਾਸੀ ਅਤੇ ਆਪਣੇ ਮਾਂ-ਬਾਪ ਤੇ ਭੈਣ ਦੇ ਚੰਗੇ ਰਹਿਣ-ਸਹਿਣ ਲਈ

ਕੋਸ਼ਿਸ਼ ਕਰਦਾ ਰਹਿੰਦਾ ਸੀ। ਅਨੁਸੂਇਆ ਦੀ ਤਨਖ਼ਾਹ ਨਾਲ ਕਾਫ਼ੀ ਮਦਦ ਮਿਲਦੀ ਸੀ। ਸੁਧੀਰ ਇਸ ਗੱਲ ਨੂੰ ਦਿਲੋਂ ਮਹਿਸੂਸ ਕਰਦਾ ਸੀ ਤੇ ਉਸ ਨੂੰ ਇੱਜ਼ਤ ਦੀ ਨਜ਼ਰ ਨਾਲ ਵੇਖਦਾ ਸੀ। ਪਰ ਉਹ ਕਾਫ਼ੀ ਨਰਮ ਤੇ ਸਾਊ ਤਬੀਅਤ ਦਾ ਮਾਲਕ ਸੀ ਤੇ ਮਾਂ-ਪਿਓ ਦਾ ਆਗਿਆਕਾਰੀ ਪੁੱਤਰ ਸੀ। ਘਰ ਵਿੱਚ ਜੇ ਕਿਸੇ ਤਰ੍ਹਾਂ ਦੀ ਰੁੱਸ-ਰੁਸਾਈ ਹੁੰਦੀ ਤਾਂ ਇਸ ਵਿਚ ਦਿਮਾਗ ਨਾ ਖਪਾ ਕੇ ਉਹ ਚੁੱਪ-ਚਾਪ ਘਰੋਂ ਨਿਕਲ ਜਾਂਦਾ ਤੇ ਦੇਰ ਤੱਕ ਮੁੜਦਾ। ਅਨੁਸੂਇਆ ਤੇ ਆਪਣੀ ਮਾਂ ਦੇ ਵਿਚਕਾਰ ਦਿਸ ਰਹੇ ਤਣਾਉ ਬਾਰੇ ਉਹ ਜਾਣਦਾ ਸੀ। ਉਹ ਇਹ ਗੱਲ ਵੀ ਜਾਣਦਾ ਸੀ ਕਿ ਇਸ ਵਿੱਚ ਅਨੁਸੂਇਆ ਦਾ ਕੋਈ ਕਸੂਰ ਨਹੀਂ ਸੀ, ਫੇਰ ਵੀ ਉਹ ਆਪਣੇ ਆਪ ਨੂੰ ਦੂਰ ਹੀ ਰੱਖਦਾ ਸੀ।

ਅਨੁਸੂਈਆ ਦਾ ਪਿਓ ਹੁਣ ਤੱਕ ਸਕੂਟਰ ਦੀ ਗੱਲ ਭੁੱਲ ਚੁੱਕਾ ਸੀ ਪਰ ਉਸ ਦਾ ਸਹੁਰਾ ਇਹ ਫ਼ੈਸਲਾ ਨਹੀਂ ਕਰ ਸਕਿਆ ਸੀ ਕਿ ਗੱਲ ਕਿਵੇਂ ਦੁਬਾਰਾ ਸ਼ੁਰੂ ਕੀਤੀ ਜਾਏ। ਇਕ ਦਿਨ ਸੱਸ ਨੂੰ ਬੇਵਕਤ ਚਾਹ ਦੇਣ ਕਰ ਕੇ ਉਸ ਦੀ ਬੱਸ ਚਲੀ ਗਈ ਤਾਂ ਘਰ ਦੇ ਬਾਹਰ ਰਿਕਸ਼ਾ ਦੀ ਉਡੀਕ ਵੇਲੇ ਉਸ ਦੇ ਸਹੁਰੇ ਨੇ ਕਿਹਾ, "ਹੁਣ ਸਕੂਟਰ ਦਾ ਇੰਤਜ਼ਾਮ ਕਰੋ। ਦਫ਼ਤਰ ਜਾਣ ਵੇਲੇ ਸੁਧੀਰ ਤੈਨੂੰ ਦਫ਼ਤਰ ਛੱਡ ਜਾਇਆ ਕਰੇਗਾ।" ਸੁਧੀਰ ਦਾ ਦਫ਼ਤਰ ਉਸ ਦੇ ਦਫ਼ਤਰ ਤੋਂ ਅਲੱਗ ਦਿਸ਼ਾ ਵੱਲ ਸੀ, ਇਸ ਲਈ ਇਹ ਗੱਲ ਕਰਨ ਦੀ ਬਿਲਕੁਲ ਗੁੰਜਾਇਸ਼ ਹੀ ਨਹੀਂ ਸੀ ਕਿ ਸੁਧੀਰ ਉਸ ਨੂੰ ਦਫ਼ਤਰ ਛੱਡ ਆਇਆ ਕਰੇਗਾ। ਫੇਰ ਵੀ ਉਸ ਨੇ ਸਹੁਰੇ ਦੀ ਗੱਲ ਸੁਣ ਕੇ ਉਂਜ ਹੀ ਹਾਮੀ ਭਰ ਦਿੱਤੀ ਤੇ ਓਥੋਂ ਲੰਘਦੇ ਇਕ ਰਿਕਸ਼ੇ ਨੂੰ ਅਵਾਜ਼ ਦਿੱਤੀ। ਸਹੁਰੇ ਨੇ ਗੱਲ ਦੁਬਾਰਾ ਸ਼ੁਰੂ ਕੀਤੀ ਤੇ ਕਿਹਾ, “ਕਾਫ਼ੀ ਦਿਨ ਹੋਏ, ਤੇਰੇ ਪਿਤਾ ਜੀ ਨਹੀਂ ਆਏ। ਮੇਰੇ ਵਿਚ ਤਾਂ ਅੱਜਕਲ੍ਹ ਏਨੀ ਦੂਰ ਜਾਣ ਦੀ ਹਿੰਮਤ ਨਹੀਂ ਹੈ। ਉਨ੍ਹਾਂ ਨੂੰ ਏਥੇ ਆਉਣ ਲਈ ਇਕ ਚਿੱਠੀ ਲਿਖ ਦੇਈਂ। "ਅਨੁਸੂਇਆ ਨੇ 'ਹਾਂ' ਕਿਹਾ ਤੇ ਦਫ਼ਤਰ ਪਹੁੰਚ ਕੇ ਇਕ ਆਗਿਆਕਾਰੀ ਨੂੰਹ ਦੀ ਤਰ੍ਹਾਂ ਚਿੱਠੀ ਲਿਖ ਦਿੱਤੀ।

ਚਿੱਠੀ ਮਿਲਦਿਆਂ ਹੀ ਪਿਉ ਸਮਝ ਗਿਆ ਕਿ ਇਹ ਕੋਈ ਆਮ ਬੁਲਾਵਾ ਨਹੀਂ ਸਗੋਂ ਸਕੂਟਰ ਦਾ ਤਕਾਜ਼ਾ ਹੈ। ਹੁਣ ਉਸ ਨੇ ਸੁਧੀਰ ਦੇ ਘਰ ਜਾਣਾ ਬਿਲਕੁਲ ਬੰਦ ਕਰ ਦਿੱਤਾ। ਪਰ ਸਹੁਰਾ ਵੀ ਹਾਰ ਮੰਨਣ ਵਾਲਾ ਨਹੀਂ ਸੀ। ਉਹ ਆਪਣੀ ਸ਼ਾਨ ਤੇ ਇੱਜ਼ਤ ਦੀ ਪਰਵਾਹ ਨਾ ਕਰਦਿਆਂ, ਇਕ ਦਿਨ ਅਨੁਸੂਇਆ ਦੇ ਪਿਉ ਦੇ ਘਰ ਸਵੇਰੇ-ਸਵੇਰੇ ਹੀ ਪਹੁੰਚ ਗਿਆ। ਅਨੁਸੂਇਆ ਦੇ ਪਿਓ ਨੇ "ਤੁਸੀਂ ਕਿਉਂ ਕਸ਼ਟ ਕੀਤਾ" ਆਦਿ ਇੱਜ਼ਤ ਤੇ ਦਿਖਾਵੇ ਵਾਲੀਆਂ ਗੱਲਾਂ ਕਰ ਕੇ ਚਾਹ ਪਿਆਈ ਤੇ ਦੇਸ਼ ਦੇ ਹਾਲਾਤ ਬਾਰੇ ਤੇ ਹੋਰ ਗੱਲਾਂ

ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਕਾਫ਼ੀ ਦੇਰ ਏਧਰ-ਓਧਰ ਦੀਆਂ ਗੱਪਾਂ ਕਰਕੇ ਸਕੂਟਰ ਦੀ ਗੱਲ ਸ਼ੁਰੂ ਨਾ ਹੋ ਸਕੀ। ਉਹ ਘਰ ਵਾਪਸ ਆ ਕੇ ਪਛਤਾਉਣ ਲੱਗਾ, ਤੇ ਜਦੋਂ ਘਰਵਾਲੀ ਨੇ ਪੁੱਛਿਆ, "ਸਕੂਟਰ ਦੀ ਗੱਲ ਹੋਈ ਕਿ ਨਹੀਂ, ਤਾਂ ਝੂਠੀ 'ਹਾਂ' ਕਹਿ ਦਿੱਤੀ।

ਕਈ ਵਾਰ ਕਹਿਣ ਦੇ ਬਾਵਜੂਦ ਜਦੋਂ ਅਨੁਸੂਇਆ ਦਾ ਪਿਓ ਨਾ ਆਇਆ ਤਾਂ ਲਾਚਾਰ ਹੋ ਕੇ ਫੇਰ ਸਹੁਰੇ ਨੂੰ ਉਸ ਦੇ ਘਰ ਜਾਣਾ ਪਿਆ। ਇਸ ਵਾਰੀ ਖੂਬ ਤਿਆਰ ਹੋ ਕੇ ਗਿਆ ਸੀ। ਇਸ ਤੋਂ ਪਹਿਲਾਂ ਕਿ ਅਨੁਸੂਇਆ ਦਾ ਪਿਓ ਉਸ ਨੂੰ ਦੇਸ ਦੀ ਪਾਲਿਟਿਕਸ ਵਿਚ ਉਲਝਾਏ,ਉਸ ਨੇ ਸਕੂਟਰ ਦੀ ਗੱਲ ਛੇੜ ਦਿੱਤੀ। ਪਿਉ ਨੇ ਸਹੁਰੇ ਦੀ ਗੱਲ ਦਾ ਸਿੱਧਾ ਜਵਾਬ ਨਾ ਦੇ ਕੇ ਭੂਮਿਕਾ ਬੰਨ੍ਹਦਿਆਂ ਦੱਸਿਆ ਕਿ ਸਕੂਟਰ ਲੈਣ ਲਈ ਕਿਵੇਂ ਅੱਠ ਸਾਲ ਲੱਗ ਜਾਂਦੇ ਨੇ ਤੇ ਬਲੈਕ ਵਿਚ ਲੈਣ ਲਈ ਕਿਵੇਂ ਸੱਤ ਹਜ਼ਾਰ ਹੋਰ ਲੱਗ ਜਾਂਦੇ ਨੇ, ਨਾਲ ਹੀ ਦੇਸ਼ ਦੀ ਆਰਥਿਕ ਹਾਲਤ ਬਾਰੇ ਵੀ ਇਸ਼ਾਰਾ ਕੀਤਾ। ਉਸ ਦੇ ਮੁਤਾਬਕ ਦੇਸ਼ ਦੀਆਂ ਇਨ੍ਹਾਂ ਸਾਰੀਆਂ ਹਾਲਤਾਂ ਲਈ ਪੂੰਜੀਵਾਦੀ ਰਾਜਨੀਤੀ ਹੀ ਜ਼ਿੰਮੇਵਾਰੀ ਸੀ। ਪਰ ਸਹੁਰਾ ਘਰੋਂ ਚੱਲਣ ਵੇਲੇ ਹੀ ਇਨ੍ਹਾਂ ਸਾਰੀਆਂ ਗੱਲਾਂ ਵਿੱਚ ਨਾ ਆਉਣ ਦਾ ਮਨ ਬਣਾ ਕੇ ਆਇਆ ਸੀ, ਤੇ ਇਸ ਲਈ ਉਸ ਨੇ ਬਿਨਾਂ ਕਿਸੇ ਝਾਕੇ ਦੇ ਕਿਹਾ, "ਦੇਸ਼ ਦੀ ਰਾਜਨੀਤੀ ਕਿਸੇ ਪਾਸੇ ਵੀ ਜਾਏ, ਸਾਨੂੰ ਸਕੂਟਰ ਚਾਹੀਦੈ। ਏਨੇ ਦਿਨ ਹੋ ਗਏ, ਹੋਰ ਕਿੰਨੀ ਦੇਰ ਧੋਖਾ ਦੇਂਦੇ ਰਹੋਗੇ......?

ਅਨੁਸੂਈਆ ਦੇ ਪਿਓ ਨੇ ਇਸ ਗੱਲ ਨੂੰ ਮੁਕਾਉਣ ਦਾ ਫੈਸਲਾ ਕਰ ਲਿਆ ਤੇ ਕਿਹਾ, "ਕੌਣ ਕਿਸ ਨੂੰ ਧੋਖਾ ਦੇ ਰਿਹੈ ? ਕਿਹੜਾ ਸਕੂਟਰ ?" ਸਹੁਰੇ ਨੇ ਆਪਣੀ ਜੇਬ ਵਿੱਚੋਂ ਉਸ ਦੇ ਹੱਥ ਦੀ ਲਿਖੀ ਹੋਈ ਚਿੱਟ ਕੱਢੀ। ਪਿਓ ਨੇ ਚਿੱਟ ਹੱਥ ਵਿੱਚ ਲੈਂਦਿਆਂ ਕਿਹਾ, " ਮੈਂ ਕਿਹਾ ਸੀ ਕਿ ਸਕੂਟਰ ਦੇਣ ਦੀ ਹਿੰਮਤ ਮੇਰੇ ਵਿੱਚ ਹੈ। ਪਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਮੇਰੇ ਘਰ ਆ ਕੇ ਮੈਨੂੰ ਧਮਕੀ ਦੇ ਕੇ ਸਕੂਟਰ ਵਸੂਲੋਗੇ......।

ਸਹੁਰੇ ਨੇ ਕਿਹਾ, "ਅਸੀਂ ਤੁਹਾਨੂੰ ਸ਼ਰੀਫ਼ ਇਨਸਾਨ ਸਮਝ ਕੇ ਤੁਹਾਡੀਆਂ ਗੱਲਾਂ ਦਾ ਯਕੀਨ ਕਰ ਕੇ ਵਿਆਹ ਕਰ ਦਿੱਤਾ ਸੀ, ਨਹੀਂ ਤਾਂ......" ਇਸ ਵਾਰੀ ਅਨੁਸੂਇਆ ਦੇ ਪਿਤਾ ਨੇ ਤੈਸ਼ ਵਿਚ ਆ ਕੇ ਕਿਹਾ, "ਕਿਸ ਨੂੰ ਆਪਣੀ ਸ਼ਰਾਫ਼ਤ ਵਿਖਾ ਰਹੇ ਹੋ ?" ਇਹ ਕਹਿ ਕੇ ਕਾਗਜ਼ ਦੇ ਟੁਕੜੇ ਨੂੰ ਫਾੜ ਦਿੱਤਾ ਤੇ ਸਹੁਰੇ ਦੇ ਉੱਤੇ ਸੁੱਟਦਿਆਂ ਬੋਲਿਆ, "ਇਹ

ਲਓ, ਆਪਣਾ ਸਕੂਟਰ !" ਸਹੁਰਾ ਕੁੱਝ ਕਹੇ ਬਿਨਾਂ, ਗੁੱਸੇ ਤੇ ਅਪਮਾਨ ਨਾਲ ਭਰਿਆ ਹੋਇਆ, ਉਥੋਂ ਉੱਠ ਕੇ ਆਪਣੇ ਘਰ ਚਲਾ ਗਿਆ ਤੇ ਪਿਓ ਨੇ ਸਮਝਿਆ ਕਿ ਸਕੂਟਰ ਵਾਲਾ ਕਿੱਸਾ ਹੁਣ ਏਥੇ ਹੀ ਖ਼ਤਮ ਹੋ ਗਿਆ।

ਘਰਵਾਲੀ ਨੂੰ ਝੂਠੀਆਂ ਗੱਲਾਂ ਕਹੇ ਜਾਂ ਆਪਣੀ ਬੇਇੱਜ਼ਤੀ ਦੀ ਹੂ-ਬ-ਹੂ ਗੱਲ ਦੱਸੇ, ਇਸ ਬਾਰੇ ਸੋਚਣ ਤੋਂ ਬਾਅਦ ਸਹੁਰੇ ਨੇ ਇਹੀ ਠੀਕ ਸਮਝਿਆ ਕਿ ਸਾਰਾ ਕੁੱਝ ਸੱਚ-ਸੱਚ ਦੱਸ ਦੇਵੇ। ਉਸ ਦੀ ਗੱਲ ਸੁਣ ਕੇ ਸੱਸ ਨੇ ਉਸ ਨੂੰ ਨਾਮਰਦ ਕਿਹਾ ਤੇ ਹੋਰ ਕਈ ਤਰ੍ਹਾਂ ਦੀਆਂ ਗਾਲ੍ਹਾਂ ਦਿੱਤੀਆਂ ਤੇ ਫੇਰ ਦੋਨੋਂ ਬੈਠ ਕੇ ਅਗਲੀ ਯੋਜਨਾ ਬਾਰੇ ਸੋਚਣ ਲੱਗ ਪਏ। ਇਸ ਪੱਕੀ ਯੋਜਨਾ ਅਨੁਸਾਰ ਅਨੁਸੂਇਆ ਨੂੰ ਕੁਝ ਦਿਨ ਆਪਣੇ ਪੇਕੇ ਘਰ ਘੁੰਮ ਆਉਣ ਲਈ ਕਿਹਾ। ਚੰਗੀ ਤਰ੍ਹਾਂ ਨਾ ਸਮਝਣ ਦੇ ਬਾਵਜੂਦ ਵੀ ਅਨੁਸੂਇਆ ਜਾਣਦੀ ਸੀ ਕਿ ਇਸ ਗੱਲ ਦੇ ਪਿੱਛੇ ਕੋਈ ਭੇਤ ਜ਼ਰੂਰ ਹੈ। ਉਸ ਨੇ ਸੁਧੀਰ ਨੂੰ ਇਹ ਗੱਲ ਦੱਸੀ ਤੇ ਪੇਕੇ ਘਰ ਜਾਣ ਦੇ ਦਿਨ ਬਾਰੇ ਪੁੱਛਿਆ। ਸੁਧੀਰ ਨੂੰ ਆਪਣੇ ਮਾਂ-ਪਿਓ ਦੇ ਸਕੂਟਰ ਵਾਲੇ ਜੰਤਰ ਬਾਰੇ ਕੁੱਝ-ਕੁੱਝ ਪਤਾ ਸੀ, ਇਸ ਲਈ ਉਸ ਨੇ ਅਨੁਸੂਇਆ ਨੂੰ ਉਸੇ ਦਿਨ ਸ਼ਾਮੀਂ ਤੁਰ ਜਾਣ ਦੀ ਸਲਾਹ ਦਿੱਤੀ।

ਜਦੋਂ ਅਨੁਸੂਇਆ ਆਪਣੇ ਪਿਓ ਦੇ ਘਰ ਪਹੁੰਚ ਕੇ ਰਿਕਸ਼ਾ ਤੋਂ ਉੱਤਰੀ ਤਾਂ ਉਸ ਦਾ ਪਿਓ ਸਭ ਕੁਝ ਸਮਝ ਗਿਆ ਤੇ ਉਸ ਨੂੰ ਬਿਨਾਂ ਕੁਝ ਪੁੱਛੇ, ਸਹੁਰਿਆਂ ਤੋਂ ਤੁਰ ਆਉਣ ਉੱਤੇ ਝਿੜਕਾਂ ਦੇਣ ਲਗ ਪਿਆ। ਰਿਕਸ਼ੇ ਵਾਲੇ ਨੂੰ ਪੈਸੇ ਦੇ ਕੇ ਅਨੁਸੂਇਆ ਨੇ ਚੁੱਪ-ਚਾਪ ਝਿੜਕਾਂਸਹਿ ਲਈਆਂ ਤੇ ਅੰਦਰ ਮਾਂ ਕੋਲ ਰਸੋਈ ਵਿਚ ਚਲੀ ਗਈ। ਉਸ ਦਾ ਖ਼ਿਆਲ ਸੀ ਕਿ ਉਹ ਕੁੱਝ ਹੌਸਲਾ ਵਧਾਉਣ ਵਾਲੀ ਗੱਲ ਕਰੇਗੀ। ਪਰ ਮਾਂ ਉਸ ਨੂੰ ਵੇਖਦਿਆਂ ਹੀ ਅੱਗ ਦੀ ਨਾਲ ਬਣ ਗਈ ਤੇ ਕਿਹਾ ਕਿ ਇਸ ਇਕ ਬੇਵਕੂਫ਼ੀ ਕਰ ਕੇ ਉਸ ਨੂੰ ਸਾਰੀ ਜ਼ਿੰਦਗੀ ਦੁੱਖਾਂ ਵਿਚ ਬਿਤਾਉਣੀ ਪਏਗੀ। ਹੁਣ ਅਨੁਸੂਇਆ ਸਮਝ ਗਈ ਕਿ ਪਿਤਾ ਦੇ ਘਰ ਆਉਣ ਨਾਲ ਦਾਜ ਦੇ ਸਕੂਟਰ ਦਾ ਸਿੱਧਾ ਸੰਬੰਧ ਹੈ, ਜਿਸ ਕਰਕੇ ਉਸ ਦੇ ਮਾਂ-ਪਿਓ, ਉਸ ਨਾਲ ਨਰਾਜ਼ ਹੋ ਰਹੇ ਸਨ।

ਅਗਲੇ ਦਿਨ ਐਤਵਾਰ ਸੀ। ਆਪਣਾ ਮਨ ਠੀਕ ਕਰਨ ਲਈ ਅਨੁਸੂਇਆ ਸੋਮਵਾਰ ਦਫ਼ਤਰ ਚਲੀ ਗਈ। ਲੰਚ ਵੇਲੇ ਉਸ ਨੇ ਫ਼ੋਨ ਕਰਕੇ ਸੁਧੀਰ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਫ਼ੋਨ ਚੁੱਕਿਆ, ਉਹ ਸੁਧੀਰ ਨੂੰ ਬੁਲਾਉਣ ਦਾ ਕਸ਼ਟ ਕਰਨ ਲਈ ਤਿਆਰ ਨਹੀਂ ਸੀ। ਦੁਬਾਰਾ ਫ਼ੋਨ ਕੀਤਾ ਪਰ ਨੰਬਰ ਨਾ ਮਿਲਿਆ ਤੇ ਖਾਣੇ ਦੀ ਛੁੱਟੀ

ਦਾ ਵਕਤ ਵੀ ਖ਼ਤਮ ਹੋ ਗਿਆ। ਸ਼ਾਮੀਂ ਦਫ਼ਤਰ ਦੀ ਛੁੱਟੀ ਦੇ ਬਾਅਦ ਸੁਧੀਰ ਦਾ ਫ਼ੋਨ ਤੇ ਮਿਲਣ ਦੀ ਕੋਈ ਉਮੀਦ ਨਹੀਂ ਸੀ ਤੇ ਅਨੁਸੂਇਆ ਨੂੰ ਬੱਸ ਫੜਨ ਦੀ ਕਾਹਲ ਵੀ ਸੀ ਕਿਉਂਕਿ ਏਸ ਬੱਸ ਦੇ ਨਿਕਲ ਜਾਣ ਬਾਅਦ ਅਗਲੀ ਬੱਸ ਲਈ ਇਕ ਘੰਟਾ ਹੋਰ ਉਡੀਕਣਾ ਪੈਣਾ ਸੀ। ਜਦੋਂ ਤੱਕ ਦਫ਼ਤਰ ਵਿਚ ਰਹਿੰਦੀ, ਉਸ ਦਾ ਮਨ ਠੀਕ ਰਹਿੰਦਾ, ਪਰ ਘਰ ਪਹੁੰਚਦਿਆਂ ਹੀ ਕਈ ਤਰ੍ਹਾਂ ਦੇ ਫ਼ਿਕਰਾਂ ਨਾਲ ਘਿਰ ਜਾਂਦੀ ਸੀ। ਦਫ਼ਤਰ ਉਸ ਲਈ ਸ਼ਰਨ-ਆਸ਼ਰਮ ਸੀ, ਜਿੱਥੇ ਕੰਮ ਵਿਚ ਉਲਝ ਕੇ ਉਹ ਆਪਣੇ ਆਪ ਨੂੰ ਬਾਕੀ ਫ਼ਿਕਰਾਂ ਤੋਂ ਮੁਕਤ ਕਰ ਲੈਂਦੀ ਸੀ। ਪਰ ਅਗਲੇ ਦਿਨ ਜਦੋਂ ਉਹ ਦਫ਼ਤਰ ਪਹੁੰਚੀ ਤਾਂ ਉਸ ਨੂੰ ਪਤਾ ਲੱਗਿਆ ਕਿ ਉਸ ਦੀਆਂ ਘਰੇਲੂ ਘਟਨਾਵਾਂ ਦਾ ਪੂਰਾ ਬਿਉਰਾ ਦਫ਼ਤਰ ਤੱਕ ਪਹੁੰਚ ਚੁੱਕਿਆ ਹੈ। ਉਸ ਦੀ ਸਹੇਲੀ ਨੇ ਕਿਹਾ, "ਸੁਣਿਐ, ਤੂੰ ਆਪਣੇ ਸੱਸ-ਸਹੁਰੇ ਨਾਲ ਝਗੜਾ ਕਰ ਕੇ ਆਪਣੇ ਪੇਕੇ ਘਰ ਦੌੜ ਗਈ ਏਂ ?" ਉਸ ਦੇ ਬਾਅਦ ਉਸ ਨੂੰ ਦਫ਼ਤਰ ਵੀ ਪਰਾਇਆ ਜਿਹਾ ਲੱਗਣ ਲਗ ਪਿਆ। ਫ਼ਾਈਲ ਵਿੱਚ ਗ਼ਲਤੀਆਂ ਹੋ ਜਾਣ ਕਾਰਨ ਵੱਡੇ ਬਾਬੂ ਦੀਆਂ ਝਿੜਕਾਂ ਖਾਣੀਆਂ ਪੈਂਦੀਆਂ ਤੇ ਉਸ ਦਿਨ ਵੱਡੇ ਬਾਬੂ ਦੇ ਕਮਰੇ ਵਿੱਚ ਜਾ ਕੇ ਸੁਧੀਰ ਨੂੰ ਫ਼ੋਨ ਕਰਨ ਦੀ ਹਿੰਮਤ ਵੀ ਨਾ ਹੋਈ। ਉਸ ਨੂੰ ਲੱਗਦਾ ਕਿ ਉਸ ਦੀ ਪਿੱਠ ਪਿੱਛੇ ਸਾਰੇ ਦਫ਼ਤਰ ਵਾਲੇ ਉਸ ਦੀਆਂ ਗੱਲਾਂ ਕਰਦੇ ਸਨ ਤੇ ਉਸ ਦੇ ਚਾਲ-ਚਲਣ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਤੇ ਨਾਪਸੰਦ ਕਰਦੇ ਸਨ। ਉਸ ਦਾ ਉਹ ਪੁਰਾਣਾ ਦੋਸਤ ਜੋ ਵਿਆਹ ਤੋਂ ਪਹਿਲਾਂ ਉਸ ਦੇ ਅੱਗੇ-ਪਿੱਛੇ ਮੰਡਰਾਉਂਦਾ ਰਹਿੰਦਾ ਸੀ ਤੇ ਜਿਸ ਨੂੰ ਅਨੁਸੂਇਆ ਨੇ ਕਦੀ ਹੱਲਾ-ਸ਼ੇਰੀ ਨਹੀਂ ਸੀ ਦਿੱਤੀ, ਅੱਜਕਲ੍ਹ ਕਿਤੇ ਦਿਖਾਈ ਨਹੀਂ ਸੀ ਦੇ ਰਿਹਾ। ਇਕ ਦਿਨ ਹਿੰਮਤ ਕਰਕੇ, ਦੂਜੀ ਮੰਜ਼ਿਲ ਉੱਤੇ, ਜਿੱਥੇ ਉਹ ਬੈਠਦਾ ਸੀ, ਅਨੁਸੂਇਆ ਗਈ। ਉਸ ਨੂੰ ਵੇਖਦਿਆਂ ਹੀ ਦੋਸਤ ਨੇ ਕਿਹਾ, "ਤੂੰ ਚੱਲ, ਮੈਂ ਆਉਨਾ......." ਇਹ ਕਹਿ ਕੇ ਵੀ ਉਹ ਨਹੀਂ ਮਿਲਿਆ।

ਅਗਲੇ ਐਤਵਾਰ ਅਨੁਸੂਇਆ ਦਾ ਪਿਓ ਉਸ ਨੂੰ ਨਾਲ ਲੈ ਕੇ ਸਹੁਰੇ ਛੱਡਣ ਗਿਆ। ਘਰ ਦੇ ਦਰਵਾਜ਼ੇ ਬੰਦ ਸਨ। ਦਰਵਾਜ਼ਾ ਥੋੜ੍ਹਾ ਖੁੱਲ੍ਹਾ ਰੱਖ ਕੇ ਸਹੁਰਾ ਬਾਹਰ ਨਿਕਲਿਆ ਤੇ ਪਹਿਰੇਦਾਰ ਦੀ ਤਰ੍ਹਾਂ ਦਰਵਾਜ਼ੇ ਵਿਚ ਖੜ੍ਹਾ ਹੋ ਗਿਆ। ਪਿਤਾ ਨੇ ਅਨੁਸੂਇਆ ਨੂੰ ਕਿਹਾ, "ਤੂੰ ਅੰਦਰ ਜਾਹ, ਅਸੀਂ ਬਾਹਰ ਖੜ੍ਹੇ ਹੋ ਕੇ ਕੁਝ ਗੱਲਾਂ ਕਰਾਂਗੇ।"......ਸਹੁਰੇ ਨੇ ਬਾਹਰੋਂ ਦਰਵਾਜ਼ਾਪੂਰੀ ਤਰ੍ਹਾਂ ਬੰਦ ਕਰ ਲਿਆ ਤੇ ਕਿਹਾ, " ਤੂੰ

ਆਪਣੇ ਘਰ ਮੇਰੀ ਜੋ ਬੇਇੱਜ਼ਤੀ ਕੀਤੀ ਸੀ, ਪਹਿਲਾਂ ਉਸ ਗੱਲ ਦਾ ਫ਼ੈਸਲਾ ਹੋ ਜਾਏ, ਫੇਰ ਹੀ ਵਹੁਟੀ ਦੇ ਅੰਦਰ ਜਾਣ ਨਾ ਜਾਣ ਬਾਰੇ ਗੱਲ ਕੀਤੀ ਜਾਏਗੀ।"..... ਸਹੁਰੇ ਨੇ ਚੀਕ ਕੇ ਉੱਚੀ ਅਵਾਜ਼ ਵਿੱਚ ਇਹ ਗੱਲ ਕੀਤੀ ਸੀ, ਜਿਸ ਕਰਕੇ ਗੁਆਂਢੀ ਓਥੇ ਇਕੱਠੇ ਹੋ ਗਏ। ਭਾਵੇਂ ਉਹ ਲੋਕ ਸਾਰੀਆਂ ਗੱਲਾਂ ਤੋਂ ਨਾਵਾਕਿਫ਼ ਸਨ। ਫੇਰ ਵੀ ਉਨ੍ਹਾਂ ਨੇ ਸਹੁਰੇ ਦਾ ਪੱਖ ਲਿਆ। ਉਨ੍ਹਾਂ ਵਿੱਚੋਂ ਇਕ ਨੇ ਕਿਹਾ, "ਕੁਝ ਵੀ ਹੋਏ, ਆਖ਼ਰ ਹੈ ਤਾਂ ਮੁੰਡੇ ਦਾ ਪਿਓ ਹੀ ਨਾ। ਸਾਡੇ ਮੁਹੱਲੇ ਵਿਚ ਇਹ ਕੁੱਝ ਨਹੀਂ ਹੋਵੇਗਾ। ਕੁੜੀ ਵਾਲੇ ਆ ਹੈ ਸਾਡੇ ਮੁਹੱਲੇ ਦਾ ਅਪਮਾਨ ਕਰ ਜਾਣ, ਇਹ ਅਸੀਂ ਨਹੀਂ ਸਹਿ ਸਕਦੇ।" ਉਨ੍ਹਾਂ ਵੱਲ ਵੇਖ ਕੇ ਅਨੁਸੂਇਆ ਦੇ ਪਿਓ ਨੇ ਕਿਹਾ, "ਤੁਸੀਂ ਲੋਕ ਪਹਿਲਾਂ ਸਾਰੀ ਗੱਲ ਤਾਂ ਸਮਝ ਲਓ।" ਇਸ ਵਾਰੀ ਇਕ ਆਦਮੀ ਨੇ ਵਿਗੜਦਿਆਂ ਹੋਇਆਂ ਕਿਹਾ, "ਹੋਰ ਕੀ ਸਮਝੀਏ? ਸਿੱਧੀ ਤਰ੍ਹਾਂ ਚਲੇ ਜਾਓ ਏਥੋਂ!"

ਏਸ ਦੌਰਾਨ ਹੋਰ ਵੀ ਬਥੇਰੇ ਲੋਕ ਇਕੱਠੇ ਹੋ ਗਏ। ਆਸ-ਪਾਸ ਦੇ ਮਕਾਨਾਂ ਦੀਆਂ ਖਿੜਕੀਆਂ ਵਿੱਚੋਂ ਜ਼ਨਾਨੀਆਂ ਇਹ ਮਨੋਰੰਜਕ ਨਜ਼ਾਰਾ ਬੜੇ ਧਿਆਨ ਨਾਲ ਵੇਖ ਰਹੀਆਂ ਸਨ। ਗੱਲ ਜ਼ਿਆਦਾ ਨਾ ਵਧਾਉਂਦਿਆਂ ਅਨੁਸੂਇਆ ਦੇ ਪਿਉ ਨੇ ਕਿਹਾ, "ਠੀਕ ਹੈ। ਕਚਹਿਰੀ ਵਿਚ ਇਸ ਗੱਲ ਦਾ ਨਬੇੜਾ ਹੋ ਜਾਏਗਾ!" ਏਨਾ ਕਹਿ ਕੇ ਲੰਮੇ-ਲੰਮੇ ਕਦਮ ਪੁੱਟਦਾ ਉਹ ਗਲੀ ਦੀ ਨੁੱਕਰ ਵੱਲ ਚਲ ਪਿਆ। ਅਨੁਸੂਇਆ ਨੇ ਪਲ-ਭਰ ਲਈ ਆਪਣੇ ਸਹੁਰੇ ਵੱਲ ਵੇਖਿਆ ਤੇ ਫੇਰ ਆਪਣਾ ਅਟੈਚੀ ਚੁੱਕ ਕੇ ਪਿਓ ਦੇ ਪਿੱਛੇ-ਪਿੱਛੇ ਚੱਲ ਪਈ। ਕਚਹਿਰੀ ਦੀ ਗੱਲ ਸੁਣ ਕੇ ਲੋਕੀ ਕਾਫ਼ੀ ਉਤੇਜਿਤ ਹੋ ਗਏ ਸਨ। ਗਲੀ ਦੇ ਮੋੜ ਉੱਤੇ ਪਾਨ ਦੀ ਦੁਕਾਨ ਕੋਲ ਰਿਕਸ਼ਾ ਮਿਲ ਗਿਆ। ਪਿਓ ਨਾਲ ਰਿਕਸ਼ਾ ਵਿਚ ਬੈਠ ਕੇ ਅਨੁਸੂਇਆ ਵਾਪਸ ਘਰ ਆ ਗਈ।

ਇਸ ਘਟਨਾ ਦੀ ਖ਼ਬਰ ਜਲਦੀ ਹੀ ਦਫ਼ਤਰ ਤੱਕ ਪਹੁੰਚ ਗਈ। ਦਫ਼ਤਰ ਦੇ ਕੰਮ ਵਿਚ ਗ਼ਲਤੀ ਹੋਣ ਕਰਕੇ ਇਕ ਵਾਰੀ ਵੱਡੇ ਬਾਬੂ ਨੇ ਕਿਹਾ—"ਘਰ ਵਿਚ ਲੜਾਈ-ਝਗੜਾ ਜੋ ਵੀ ਹੁੰਦਾ ਰਹੇ, ਦਫ਼ਤਰ ਦਾ ਕੰਮ ਠੀਕ ਤਰੀਕੇ ਨਾਲ ਕਰਨਾ ਪਏਗਾ। ਘਰ ਦੀ ਗੱਲ ਘਰ ਵਿੱਚ, ਤੇ ਦਫ਼ਤਰ ਦਾ ਕੰਮ ਦਫ਼ਤਰ ਵਿੱਚ!" ਉਸ ਦੀ ਜ਼ਾਤੀ ਜ਼ਿੰਦਗੀ ਬਾਰੇ ਕੁੱਝ ਕਹਿਣ ਦੀ ਹਿੰਮਤ ਅਜੇ ਤੱਕ ਕਿਸੇ ਨੂੰ ਨਹੀਂ ਸੀ ਹੋਈ, ਪਰ ਅੱਜ ਵੱਡੇ ਬਾਬੂ ਦੀ ਇਹ ਗੱਲ ਸੁਣ ਕੇ ਉਹ ਦੜ ਵੱਟ ਗਈ। ਏਥੋਂ ਤੱਕ ਕਿ ਦਫ਼ਤਰ ਦਾ ਇਕ ਗੁੰਡਾ, ਜੋ ਹਰ ਵੇਲੇ ਉਸ ਦੇ ਪਿੱਛੇ ਲੱਗਾ ਰਹਿੰਦਾ ਸੀ, ਪਰ ਉਸ ਨਾਲ ਗੱਲ ਕਰਨ ਦੀ ਹਿੰਮਤ ਨਹੀਂ ਸੀ ਕਰਦਾ,

ਅੱਜ ਅਨੁਸੂਇਆ ਦੀ ਮੇਜ਼ ਕੋਲ ਆ ਕੇ, ਉਸ ਦੇ ਮੂੰਹ ਦੇ ਨੇੜੇ ਆਪਣਾ ਮੂੰਹ ਕਰ ਕੇ ਬੋਲਿਆ, "ਕੋਈ ਮੁਸ਼ਕਲ ਹੋਏ ਤਾਂ ਮੈਨੂੰ ਦੱਸੀਂ। ਤੂੰ ਭਾਵੇਂ ਮੈਨੂੰ ਨਹੀਂ ਗੋਲਦੀ, ਪਰ ਮੈਂ ਤਾਂ ਤੇਰਾ ਆਪਣਾ ਹਾਂ।" ਅਨੁਸੂਇਆ ਨੇ ਇਹ ਘਟੀਆ ਗੱਲ ਨੂੰ ਚੁੱਪ ਕਰ ਕੇ ਸਹਿ ਲਿਆ। ਕੁਝ ਦਿਨਾਂ ਬਾਅਦ ਅਨੁਸੂਇਆ ਦੇ ਪਿਓ ਨੇ ਸੱਚੀ ਹੀ ਵਕੀਲ ਤੋਂ ਨੋਟਿਸ ਤਿਆਰ ਕਰਵਾ ਲਿਆ ਤੇ ਉਸ ਦੇ ਦਸਖ਼ਤ ਕਰਾਉਣ ਲਈ ਪਹੁੰਚ ਗਿਆ। ਅਨੁਸੂਇਆ ਪਹਿਲਾਂ ਤਾਂ ਦਸਖ਼ਤ ਕਰਨ ਤੋਂ ਹਿਚਕਿਚਾਈ, ਪਰ ਪਿਓ ਦੇ ਮੂੰਹ ਦੇ ਭਾਵ ਫੜ ਕੇ ਬਿਨਾਂ ਕਾਗਜ਼ ਪੜ੍ਹੇ ਦਸਖ਼ਤ ਕਰ ਦਿੱਤੇ। ਦਫ਼ਤਰ ਪਹੁੰਚ ਕੇ ਉਸ ਦਿਨ ਉਸ ਨੇ ਸੁਧੀਰ ਨੂੰ ਇਕ ਲੰਮੀ ਚਿੱਠੀ ਲਿਖੀ ਤੇ ਬੇਨਤੀ ਕੀਤੀ ਕਿ ਤੁਸੀਂ ਆ ਕੇ ਮੈਨੂੰ ਲੈ ਜਾਓ। ਫੇਰ ਕਈ ਵਾਰੀ ਫ਼ੋਨਕਰਨ ਦੇ ਬਾਅਦ ਸੁਧੀਰ ਇੱਕ ਦਿਨ ਫ਼ੋਨ ਉੱਤੇ ਮਿਲਿਆ ਤਾਂ ਉਸ ਨੇ ਸਿਰਫ਼ ਏਨਾ ਕਹਿ ਕੇ ਰਿਸੀਵਰ ਰੱਖ ਦਿੱਤਾ, “ਹਾਂ, ਮੈਂ ਆਵਾਂਗਾ...”।

ਅਗਲੇ ਐਤਵਾਰ ਨੂੰ ਆਪ ਨਾ ਜਾ ਕੇ, ਅਨੁਸੂਇਆ ਦੇ ਪਿਓ ਨੇ ਉਸ ਨੂੰ ਸਹੁਰੇ ਇਕੱਲੀ-ਭੇਜ ਦਿੱਤਾ। ਹੱਥ ਵਿਚ ਅਟੈਚੀ-ਕੇਸ ਲੈ ਕੇ ਜਦੋਂ ਅਨੁਸੂਇਆ ਸਹੁਰੇ ਦੇ ਮਕਾਨ ਅੱਗੇ ਰਿਕਸ਼ਾ ਤੋਂ ਉਤਰੀ, ਤਾਂ ਆਸ-ਪਾਸ ਦੇ ਗੁਆਂਢੀ ਉਸ ਨੂੰ ਘੇਰ ਕੇ ਖੜ੍ਹੇ ਹੋ ਗਏ। ਇਸ ਵਾਰੀ ਕੁਝ ਔਰਤਾਂ ਵੀ ਘਰੋਂ ਨਿਕਲ ਕੇ ਬਾਹਰ ਆ ਗਈਆਂ। ਕਿਸੇ ਗਵਾਂਢੀ ਨੇ ਕਿਹਾ, "ਹੁਣ ਇਹ ਗੱਲ ਸਿਰਫ਼ ਦੋ ਟੱਬਰਾਂ ਦੀ ਨਹੀਂ ਰਹੀ। ਤੇਰੇ ਪਿਤਾ ਨੇ ਸਾਡੇ ਸਾਰੇ ਮੁਹੱਲੇ ਦਾ ਅਪਮਾਨ ਕੀਤੈ। ਹੁਣ ਤਾਂ ਉਨ੍ਹਾਂ ਦੇ ਏਥੇ ਆਉਣ ਨਾਲ ਹੀ ਏਸ ਗੱਲ ਦਾ ਨਿਪਟਾਰਾ ਹੋਏਗਾ..."। ਔਰਤਾਂ ਆਪਸ ਵਿੱਚ ਹੱਸ ਪਈਆਂ ਤੇ ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਟਿੱਪਣੀ ਕੀਤੀ, “ਇਹ ਜ਼ਮਾਨਾ ਕਿਸ ਪਾਸੇ ਜਾ ਰਿਹੈ?" ਸੂਟਕੇਸ ਲਟਕਾਉਂਦੀ ਅਨੁਸੂਇਆ ਗਲੀ ਦੀ ਨੁੱਕਰ ਤੱਕ ਗਈ। ਅਨੁਸੂਇਆ ਘਰੋਂ ਭੱਜ ਕੇ ਜਾ ਚੁੱਕੀ ਹੈ, ਇਸ ਬਾਰੇ ਗਲੀ ਦੀ ਨੁੱਕਰ ਦੇ ਦੁਕਾਨਦਾਰ ਨੂੰ ਵੀ ਪਤਾ ਸੀ, ਕਿਉਂਕਿ ਇਸ ਵਾਰੀ ਵਾਪਸ ਆਉਂਦੀ ਨੂੰ ਵੇਖ ਕੇ ਉਹ ਜ਼ੋਰ ਦੀ ਹੱਸਣ ਲੱਗ ਪਿਆ ਸੀ ਤੇ ਉਸ ਦੇ ਸੁਣਨ ਜਾਂ ਨਾ ਸੁਣਨ ਦੀ ਪਰਵਾਹ ਕੀਤੇ ਬਿਨਾਂ ਬੋਲਿਆ ਸੀ, “ਹੁਣ ਤਾਂ ਆਣ ਜਾਣ ਦਾ ਸਿਲਸਿਲਾ ਏਸੇ ਤਰ੍ਹਾਂ ਚਲਦਾ ਰਹੇਗਾ।" ਜੋ ਰਿਕਸ਼ਾ ਵਾਲਾ ਉਸ ਨੂੰ ਏਥੇ ਤੱਕ ਲਿਆਇਆ ਸੀ, ਉਹ ਵੀ ਨਫ਼ਰਤ ਭਰੀ ਨਜ਼ਰ ਨਾਲ

ਵੇਖ ਰਿਹਾ ਸੀ ਤੇ ਅਨੁਸੂਇਆ ਦੇ ਰਿਕਸ਼ਾ ਵਿੱਚ ਬੈਠਦਿਆਂ ਹੀ, ਉਸ ਨੇ ਜ਼ਮੀਨ ਉੱਤੇ ਥੁੱਕ ਦਿੱਤਾ ਸੀ।

ਅਨੁਸੂਇਆ ਸਮਝ ਗਈ ਕਿ ਪਤੀ ਦਾ ਘਰ ਛੱਡ ਕੇ ਆਉਣ ਕਾਰਨ, ਉਹ ਸਭ ਦੀਆਂ ਨਜ਼ਰਾਂ ਵਿਚ ਚਰਿਤਰਹੀਣ ਬਣ ਗਈ ਹੈ। ਘਰ ਪਹੁੰਚਦਿਆਂ ਹੀ ਪਿਓ ਦੀਆਂ ਝਿੜਕਾਂ ਖਾਣੀਆਂ ਪਈਆਂ। ਉਸ ਨੇ ਸੁਧੀਰ ਨੂੰ ਇੱਕ ਹੋਰ ਨਿਮਰਤਾ-ਭਰਿਆ ਖ਼ਤ ਲਿਖਿਆ। ਉਸ ਦਿਨ ਦਫ਼ਤਰ ਦੇ ਕੰਮ ਵਿਚ ਉਸ ਦਾ ਦਿਲ ਨਾ ਲੱਗਿਆ। ਉਸ ਦੀ ਦਫ਼ਤਰ ਦੀ ਸਹੇਲੀ ਨੇ ਉਸ ਨੂੰ ਕਾਫ਼ੀ ਸਮਝਾਇਆ ਤੇ ਘੁੰਮਾਉਣ ਲਈ ਬਾਹਰ ਲੈ ਗਈ। ਬਾਹਰ ਆ ਕੇ ਅਨੁਸੂਇਆ ਪਹਿਲੀ ਵਾਰ ਜ਼ਾਰ ਜ਼ਾਰ ਰੋਈ ਤੇ ਫੇਰ ਅੱਖਾਂ ਪੂੰਝ ਕੇ ਟੇਬਲ ਉੱਤੇ ਵਾਪਸ ਆ ਬੈਠੀ। ਉਸ ਨੇ ਖੁੱਲ੍ਹੀ ਫ਼ਾਈਲ ਨੂੰ ਬੰਦ ਕਰ ਦਿੱਤਾ ਤੇ ਪਤਾ ਨਹੀਂ ਕੀ ਸੋਚ ਕੇ ਪਹਿਲੀ ਮੰਜ਼ਿਲ ਉੱਤੇ ਬੈਠੇ ਆਪਣੇ ਪੁਰਾਣੇ ਦੋਸਤ ਕੋਲ ਚਲੀ ਗਈ। ਉਹ ਅਨੁਸੂਇਆ ਨੂੰ ਵੇਖਦਿਆਂ ਹੀ ਉੱਠ ਕੇ ਬਾਹਰ ਆ ਗਿਆ ਤੇ ਬੋਲਿਆ, “ਏਥੇ ਕਿੰਨੇ ਵੱਡੇ ਲੋਕ ਬੈਠੇ ਹੋਏ ਨੇ, ਤੈਨੂੰ ਦਿਸਦਾ ਨਹੀਂ? ਏਥੇ ਕੀ ਕਰਨ ਆਈ ਏਂ ?” ਅਨੁਸੂਇਆ ਨੇ ਕਿਹਾ, “ਮੈਨੂੰ ਤੇਰੇ ਨਾਲ ਜ਼ਰੂਰੀ ਕੰਮ ਹੈ, ਦਫ਼ਤਰ ਦੇ ਬਾਅਦ ਮੈਨੂੰ ਜ਼ਰੂਰ ਮਿਲੀਂ ਤੈਨੂੰ ਮੇਰੀ ਸੌਂਹ।"

ਦਫ਼ਤਰ ਖ਼ਤਮ ਹੋਣ ਤੋਂ ਬਾਅਦ ਅਨੁਸੂਇਆ ਸਿੱਧੀ ਬਸ ਸਟਾਪ ਉੱਤੇ ਜਾ ਖੜ੍ਹੀ ਹੋਈ। ਕਾਫ਼ੀ ਦੇਰ ਬਾਅਦ ਉਸ ਦਾ ਉਹ ਦੋਸਤ ਆਇਆ ਤੇ ਬਿਨਾਂ ਕਿਸੇ ਭੂਮਿਕਾ ਦੇ ਸਿੱਧਾ ਹੀ ਪੁੱਛਿਆ, “ਹਾਂ, ਕੀ ਕਹਿਣਾ ਚਾਹੁੰਦੀ ਸੈਂ, ਦੱਸ।" ਅਨੁਸੂਇਆ ਨੇ ਕਿਹਾ, "ਮੈਂ ਇਸ ਵੇਲੇ ਬੜੀ ਮੁਸੀਬਤ ਵਿੱਚ ਹਾਂ। ਜੇ ਤੂੰ ਮੇਰੀ ਮਦਦ ਨਾ ਕੀਤੀ ਤਾਂ ਮੈਂ ਮਰ ਜਾਵਾਂਗੀ। ਤੇਰੇ ਬਗ਼ੈਰ ਮੇਰਾ ਹੋਰ ਕੋਈ ਨਹੀਂ!” ਉਹ ਦੋਸਤ ਨੇ ਆਪਣੇ ਮੂੰਹ ਉੱਤੇ ਬਣਾਉਟੀ ਮੁਸਕਰਾਹਟ ਲਿਆ ਕੇ ਕਿਹਾ,“ਵਿਆਹ ਵੇਲੇ ਤਾਂ ਤੈਨੂੰ ਮੇਰੀ ਯਾਦ ਨਹੀਂ ਸੀ ਆਈ।" ਅਨੁਸੂਇਆ ਇਸ ਗੱਲ ਨੂੰ ਲੈ ਕੇ ਜ਼ਿਆਦਾ ਬਹਿਸ ਕਰਨ ਦੀ ਹਾਲਤ ਵਿਚ ਨਹੀਂ ਸੀ। ਉਸ ਨੇ ਕਿਹਾ, “ਗੁਜ਼ਰ ਗਈਆਂ ਗੱਲਾਂ ਨੂੰ ਭੁੱਲ ਜਾ। ਘੱਟੋ-ਘੱਟ ਇਸ ਔਖੇ ਵਕਤ ਤਾਂ ਮੇਰੀ ਮਦਦ ਕਰ! ਦੋਸਤ ਨੇ ਕਿਹਾ, "ਠੀਕ ਹੈ, ਜੋ ਕਹਿਣਾ ਚਾਹੁੰਦੀ ਹੈਂ, ਦੱਸ।" ਅਨੁਸੂਇਆ ਨੇ ਕਿਹਾ, “ਤੂੰ ਕਿਸੇ ਵੀ ਤਰ੍ਹਾਂ ਮੇਰੇ ਘਰਵਾਲੇ ਨੂੰ ਮੇਰੇ ਕੋਲ ਲੈ ਆ...।” ਉਸ ਦਾ ਦੋਸਤ, ਜੋ ਅਨੁਸੂਇਆ ਦੇ ਮੂੰਹ ਤੋਂ ਫੇਰ ਪਿਆਰ ਦੇ ਸ਼ਬਦ ਸੁਣਨ ਦੀ ਉਡੀਕ ਵਿੱਚ ਸੀ, ਇਹ ਸੁਣ ਕੇ ਕਾਫ਼ੀ ਨਿਰਾਸ਼ ਹੋ ਗਿਆ ਤੇ "ਅੱਛਾ ਠੀਕ ਹੈ" ਕਹਿ ਕੇ ਉਥੋਂ ਚਲਾ ਗਿਆ।

ਕੁਝ ਦਿਨਾਂ ਬਾਅਦ ਮੁਕੱਦਮੇ ਬਾਰੇ ਗੱਲ ਕਰਨ ਲਈ ਉਸ ਦੇ ਵਕੀਲ ਨੇ ਬੁਲਾਇਆ। ਵਕੀਲ ਦੇ ਕਮਰੇ ਵਿਚ ਬੈਠ ਕੇ ਅਨੁਸੂਇਆ ਨੇ ਆਪਣੇ ਦਸਖ਼ਤ ਕੀਤੇ ਹੋਏ ਕਾਗਜ਼ ਨੂੰ ਪਹਿਲੀ ਵਾਰੀ ਪੜ੍ਹਿਆ। ਉਹ ਕਾਗਜ਼ ਦੀ ਹਰ ਸਤਰ ਝੂਠੀ ਸੀ। ਉਸ ਵਿਚ ਕੁਝ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਜ਼ਿਕਰ ਸੀ, ਜੋ ਨਾ ਸਿਰਫ਼ ਝੂਠੀਆਂ ਸਨ ਬਲਕਿ ਅਨੁਸੂਇਆ ਦੀ ਕਲਪਨਾ ਤੋਂ ਵੀ ਪਰ੍ਹੇ ਦੀਆਂ ਸੀ। ਵਕੀਲ ਨੇ ਕਿਹਾ—"ਮੁਕੱਦਮੇ ਵਾਲੇ ਦਿਨ ਤੈਨੂੰ ਸਹੁੰ ਖਾ ਕੇ ਇਹ ਸਾਰੀਆਂ ਗੱਲਾਂ ਦੱਸਣੀਆਂ ਪੈਣਗੀਆਂ।" ਮਸ਼ੀਨ ਦੀ ਤਰ੍ਹਾਂ ਅਨੁਸੂਇਆ ਨੇ ਸਿਰ ਝੁਕਾ ਕੇ ਹਾਮੀ ਭਰੀ। ਇਸ ਵਾਰੀ ਵਕੀਲ ਆਪਣੀ ਕੁਰਸੀ ਤੋਂ ਉੱਠ ਕੇ ਅਨੁਸੂਇਆ ਦੇ ਪਿੱਛੇ ਆ ਕੇ ਖੜ੍ਹਾ ਹੋ ਗਿਆ ਤੇ ਦਰਖ਼ਾਸਤ ਨੂੰ ਉਲਟ ਕੇ ਉਹ ਲਾਈਨ ਵਿਖਾਈ ਜਿੱਥੇ ਸੁਧੀਰ ਦੇ ਮਰਦ ਹੋਣ ਬਾਰੇ ਸ਼ੱਕ ਪ੍ਰਗਟ ਕੀਤਾ ਹੋਇਆ ਸੀ। ਅਨੁਸੂਇਆ ਨੇ ਉਸ ਨੂੰ ਦੁਬਾਰਾ ਪੜ੍ਹਿਆ ਤੇ ਵਕੀਲ ਦੇ ਮੂੰਹ ਵੱਲ ਵੇਖਣ ਲਗ ਪਈ। ਇਸ ਵਾਰੀ ਵਕੀਲ ਉਸ ਦੇ ਹੋਰ ਨੇੜੇ ਆ ਗਿਆ ਤੇ ਅਨੁਸੂਇਆ ਦੇ ਮੋਢੇ ਉੱਤੇ ਹੱਥ ਦਾ ਭਾਰ ਪਾ ਕੇ ਹੋਲੀ ਜਿਹੀ ਬੋਲਿਆ, "ਕਹਿ ਸਕੇਂਗੀ ਨਾ ?" ਅਨੁਸੂਇਆ ਨੇ ਇਸ ਅਸ਼ਲੀਲ ਹਰਕਤ ਨੂੰ ਵੀ ਸਹਿ ਲਿਆ ਤੇ ਹਾਮੀ ਭਰ ਕੇ ਉੱਥੋਂ ਉੱਠ ਕੇ ਆ ਗਈ।

ਅਨੁਸੂਇਆ ਦੀ ਖੁਸ਼ਨਸੀਬੀ ਸੀ ਕਿ ਉਸ ਨੂੰ ਕਚਹਿਰੀ ਨਹੀਂ ਸੀ ਜਾਣਾ ਪਿਆ, ਕਿਉਂਕਿ ਹੁਣ ਉਸ ਦਾ ਪਿਓ ਇਸ ਮੁਕੱਦਮੇ ਦੀ ਨਿਰਾਰਥਕਤਾ ਸਮਝ ਚੁੱਕਾ ਸੀ। ਵਕੀਲ ਵੀ ਜ਼ਿਆਦਾ ਪੈਸੇ ਲੈਣ ਲਗ ਪਿਆ ਸੀ। ਅਨੁਸੂਇਆ ਦਾ ਪਿਓ ਕਿਸੇ ਹੋਰ ਵਕੀਲ ਨੂੰ ਮਿਲ ਕੇ ਇਹ ਸਮਝ ਚੁੱਕਾ ਸੀ ਕਿ ਇਸ ਕੇਸ ਦਾ ਕੋਈ ਫ਼ਾਇਦਾ ਨਹੀਂ ਹੋਣਾ। ਇਸ ਲਈ ਉਹ ਆਪਣੀ ਇੱਜ਼ਤ ਦੇ ਸਵਾਲ ਨੂੰ ਲਾਂਭੇ ਰੱਖ ਕੇ ਮੁੜ ਸਕੂਟਰ ਬਾਰੇ ਸੋਚਣ ਲੱਗ ਪਿਆ ਸੀ। ਇੱਕ ਦਿਨ ਸਵੇਰੇ ਸਵੇਰੇ ਆਪਣੇ ਵੱਡੇ ਪੁੱਤਰ ਕੋਲ ਗਿਆ। ਅੱਧੀ ਗੱਲ ਸੁਣ ਕੇ ਹੀ ਪੁੱਤਰ ਬੋਲਿਆ, "ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਦਹੇਜ ਦੇ ਚੱਕਰ ਵਿੱਚ ਨਾ ਪਓ।"..... ਪਿਤਾ ਨੇ ਕਿਹਾ, "ਸਕੂਟਰ ਦੀ ਗੱਲ ਤਾਂ ਭਾਵੇਂ ਛੱਡ ਦੇ, ਪਰ ਤੂੰ ਜਾ ਕੇ ਉਸ ਦੇ ਸਹੁਰੇ ਨੂੰ ਸਮਝਾ ਤਾਂ ਦੇ...।" ਬੇਟੇ ਨੇ ਕਿਹਾ, "ਨਹੀਂ, ਇਸ ਦਾ ਕੋਈ ਫ਼ਾਇਦਾ ਨਹੀਂ ਹੈ, ਮੇਰਾ ਖ਼ਿਆਲ ਹੈ ਕਿ ਤੁਸੀਂ ਸਕੂਟਰ ਦੇ ਹੀ ਦਿਓ ...।" ਏਨਾ ਕਹਿ ਕੇ ਉਹ ਅੰਦਰ ਚਲਾ ਗਿਆ ਤੇ ਸਕੂਟਰ ਦੇ ਪੈਸੇ ਲਿਆ ਕੇ ਪਿਓ ਦੇ ਹੱਥ ਉੱਤੇ ਰੱਖ ਦਿੱਤੇ।

ਜਿਸ ਦਿਨ ਸਕੂਟਰ ਖ਼ਰੀਦ ਕੇ ਲਿਆਂਦਾ ਗਿਆ, ਸਭ ਨੇ ਸੋਚਿਆ ਕਿ ਚਲੋ ਝਗੜਾ ਮੁੱਕਿਆ ਤੇ ਅਨੁਸੂਇਆ ਦੇ ਚਿਹਰੇ ਉੱਤੇ ਕਈ ਦਿਨਾਂ ਬਾਅਦ ਕੁਝ ਰੌਣਕ ਆਈ।

ਪਹਿਲਾਂਕਿਸੇ ਦੇ ਹੱਥ ਸਕੂਟਰ ਉੱਥੇ ਭਿਜਵਾ ਦਿੱਤਾ ਗਿਆ ਤੇ ਉਸ ਦੇ ਅਗਲੇ ਦਿਨ ਹੀ ਅਨੁਸੂਇਆ ਨੂੰ ਨਾਲ ਲੈ ਕੇ ਪਿਉ ਉਸ ਦੇ ਸਹੁਰੇ ਘਰ ਪਹੁੰਚ ਗਿਆ। ਅਨੁਸੂਇਆ ਨੇ ਜ਼ਮੀਨ ਉੱਤੇ ਸਿਰ ਟੇਕ ਕੇ ਸਹੁਰੇ ਨੂੰ ਪ੍ਰਣਾਮ ਕੀਤਾ। ਸਹੁਰੇ ਨੇ ਉਸ ਦੇ ਪਿਓ ਨੂੰ ਚਾਹ ਪੀਣ ਲਈ ਕਿਹਾ। ਅਨੁਸੂਇਆ ਨੇ ਜਾਂਦਿਆਂ ਰਸੋਈ ਸੰਭਾਲ ਲਈ, ਇੰਜ ਲਗਦਾ ਸੀ ਜਿਵੇਂ ਵਿਚ ਕੋਈ ਰੁਕਾਵਟ ਪਈ ਹੀ ਨਾ ਹੋਵੇ। ਏਥੋਂ ਤੱਕ ਕਿ ਰਾਤ ਨੂੰ ਘਰ ਆਉਣ ਤੋਂ ਬਾਅਦ ਖਾ ਪੀ ਕੇ ਸੌਣ ਵੇਲੇ ਸੁਧੀਰ ਨੇ ਅਨੁਸੂਇਆ ਨਾਲ ਇਨ੍ਹਾਂ ਦਿਨਾਂ ਬਾਰੇ ਕੋਈ ਗੱਲ ਹੀ ਨਾ ਕੀਤੀ। ਬਸ ਏਨਾ ਹੀ ਕਿਹਾ—"ਅੱਜ ਮੇਰੀ ਤਬੀਅਤ ਕੁਝ ਠੀਕ ਨਹੀਂ ਲਗ ਰਹੀ, ਜ਼ਰਾ ਹੱਥ ਪੈਰ ਘੁੱਟ ਦੇ...।"

ਅਨੁਸੂਇਆ ਨੇ ਸਮਝਿਆ ਕਿ ਸਭ ਕੁਝ ਪਹਿਲਾਂ ਦੀ ਤਰ੍ਹਾਂ ਹੋ ਜਾਏਗਾ; ਪਰ ਇਸ ਤਰ੍ਹਾਂ ਹੋਇਆ ਨਾ। ਉਸ ਦੇ ਸੱਸ-ਸਹੁਰਾ ਅਜੇ ਵੀ ਉਸ ਨਾਲ ਨਰਾਜ਼ ਸਨ। ਅਨੁਸੂਇਆ ਦੀ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਉਸ ਨਾਲ ਚੰਗੀ ਤਰ੍ਹਾਂ ਗੱਲ ਨਹੀਂ ਸਨ ਕਰਦੇ। ਪਰ ਘਰ ਛੱਡ ਕੇ ਜਾਣ ਬਾਰੇ ਉਸ ਦੀ ਸੱਸ ਉਸ ਨੂੰ ਕਦੀ-ਕਦੀ ਲੁਕਵੇਂ ਤਾਹਨੇ ਦੇਂਦੀ ਰਹਿੰਦੀ। ਘਰ ਵਿਚ ਉਸ ਦਾ ਇੱਕੋ ਹੀ ਸਾਥ ਸੀ-ਸੁਧੀਰ ਦੀ ਭੈਣ ਦਾ। ਪਰ ਉਹ ਵੀ ਆਪਣੀ ਪੜ੍ਹਾਈ ਤੇ ਯਾਰੀਆਂ-ਦੋਸਤੀਆਂ ਵਿਚ ਏਨੀ ਮਸਤ ਸੀ ਕਿ ਅਨੁਸੂਇਆ ਲਈ ਉਹ ਬਹੁਤ ਹੀ ਘੱਟ ਵਕਤ ਕੱਢ ਸਕਦੀ ਸੀ। ਇਕ ਦਿਨ ਉਸ ਦੀ ਪੜ੍ਹਾਈ ਦੀ ਕਿਤਾਬ ਵਿਚ ਅਨੁਸੂਇਆ ਨੇ ਕਿਸੇ ਦਾ ਪ੍ਰੇਮ-ਪੱਤਰ ਵੇਖ ਲਿਆ। ਇਸ ਬਾਰੇ ਉਸ ਨਾਲ ਗੱਲ ਕਰੇ ਜਾਂ ਘਰ ਵਾਲਿਆਂ ਨੂੰ ਦੱਸ ਦੇਵੇ ਅਨੁਸੂਇਆ ਇਸ ਬਾਰੇ ਸੋਚਦੀ ਰਹੀ। ਅੰਤ ਵਿਚ ਉਸ ਨੇ ਸੁਧੀਰ ਨੂੰ ਇਹ ਗੱਲ ਦੱਸ ਦਿੱਤੀ। ਸੁਧੀਰ ਨੇ ਆਪਣੀ ਭੈਣ ਨੂੰ ਬਹੁਤ ਝਿੜਕਿਆ ਤੇ ਉਸ ਦਿਨ ਤੋਂ ਉਸ ਦੀ ਇੱਕ ਮਾਤਰ ਸਾਥਣ ਵੀ ਉਸ ਦੀ ਦੁਸ਼ਮਣ ਬਣ ਗਈ। ਹੁਣ ਉਹ ਅਨੁਸੂਇਆ ਦੀਆਂ ਗਲਤੀਆਂ ਹੀ ਲੱਭਦੀ ਰਹਿੰਦੀ ਤੇ ਮਾਂ-ਪਿਓ ਕੋਲ ਉਸ ਦੀਆਂ ਸ਼ਿਕਾਇਤਾਂ ਵੀ ਕਰਨ ਲੱਗ ਪਈ ਸੀ। ਸੱਸ-ਸਹੁਰੇ ਨੂੰ ਖ਼ੁਸ਼ ਰੱਖਣ ਲਈ ਅਨੁਸੂਇਆ ਨੇ ਆਪਣੇ ਮਾਂ-ਪਿਓ ਨਾਲ ਰਿਸ਼ਤਾ ਤੋੜ ਲਿਆ ਤੇ ਹੁਣ ਉਹ ਸਾਰੇ ਸੰਸਾਰ ਵਿਚ ਇਕੱਲੀ ਹੀ ਰਹਿ ਗਈ ਸੀ।

ਇਸ ਤਰ੍ਹਾਂ, ਅਨੁਸੂਇਆ ਨੇ ਸੰਕਟਪੂਰਨ ਦਫ਼ਤਰ ਤੇ ਦੁਸ਼ਮਣ ਸਹੁਰਿਆਂ ਵਾਲੀ ਜ਼ਿੰਦਗੀ ਅਪਣਾ ਲਈ ਸੀ। ਆਪਣੀ ਸੱਸ ਦਾ ਬੁਰਾ ਵਿਹਾਰ, ਸਹੁਰੇ ਦੀ ਕਠੋਰਤਾ, ਪਤੀ ਦੀ ਨਿਰਬਲਤਾ ਤੇ ਨਨਾਣ ਦੀ ਦੁਸ਼ਮਣੀ-ਸਭ ਕੁੱਝ ਨਾਲ ਸਮਝੌਤਾ ਕਰ ਲਿਆ ਸੀ ਤੇ ਜ਼ਿੰਦਗੀ ਦੇ ਬੀਤਦੇ ਦਿਨਾਂ ਨੂੰ ਮਾਯੂਸੀ ਨਾਲ ਗਿਣਨ ਲਗ ਪਈ ਸੀ। ਇਸ ਹਾਲਤ ਵਿੱਚੋਂ

ਉਸ ਨੂੰ ਉਸ ਦਿਨ ਰਾਹਤ ਮਿਲੀ ਜਿਸ ਦਿਨ ਉਸ ਨੂੰ ਪਤਾ ਲੱਗਾ ਕਿ ਉਹ ਮਾਂ ਬਣਨ ਵਾਲੀ ਹੈ। ਖ਼ੁਸ਼ ਹੋ ਕੇ ਇਹ ਗੱਲ ਉਸ ਨੇ ਸੁਧੀਰ ਨੂੰ ਦੱਸੀ। ਸੁਧੀਰ ਬਾਹਰ ਜਾਣ ਲਈ ਤਿਆਰ ਹੋ ਚੁੱਕਾ ਸੀ; ਅਨੁਸੂਇਆ ਦੀ ਗੱਲ ਸੁਣ ਕੇ ਉਸ ਦੇ ਮੂੰਹ ਵਿੱਚੋਂ—"ਓਹ" ਦੇ ਬਿਨਾਂ ਹੋਰ ਕੁਝ ਨਾ ਨਿਕਲਿਆ। ਕੁਝ ਵੀ ਹੋਏ, ਆਪਣੇ ਸ਼ਰੀਰਕ ਰੋਗ, ਵਕਤ-ਬੇਵਕਤ ਹਸਪਤਾਲ ਜਾਣ ਦੀ ਔਖ, ਦਫ਼ਤਰ ਤੋਂ ਛੁੱਟੀ ਮਨਜ਼ੂਰ ਕਰਵਾਉਣ ਦੀ ਪਰੇਸ਼ਾਨੀ, ਆਦਿ ਦੇ ਵਿੱਚ ਅਨੁਸੂਇਆ ਆਪਣੇ ਆਪ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰਦੀ ਅਤੇ ਆਉਣ ਵਾਲੀ ਔਲਾਦ ਦੀ ਉਡੀਕ ਵਿੱਚ ਆਪਣੇ ਦੁੱਖ-ਭਰੇ ਦਿਨ ਗਿਣਨੇ ਛੱਡ ਦਿੱਤੇ। ਇਸ ਤਰ੍ਹਾਂ ਦੀ ਹਾਲਤ ਵਿੱਚ ਉਸ ਦੀ ਸੱਸ ਉਸ ਨੂੰ ਕੁੱਝ ਦਿਆਲੂ ਦਿੱਸਣ ਲਗ ਪਈ।ਪਰ ਅਨੁਸੂਇਆ ਦੀ ਬਦਨਸੀਬੀ ਸੀ ਕਿ ਉਸ ਨੂੰ ਮੁੰਡਾ ਨਾ ਹੋਇਆ ਤੇ ਕੁੜੀ ਪੈਦਾ ਹੋਈ। ਹਸਪਤਾਲ ਵਿੱਚ ਸਾਰੀ ਰਾਤ ਉਸ ਦੀ ਦੇਖ-ਭਾਲ ਕਰਨ ਵਾਲੀ ਉਸ ਦੀ ਸੱਸ, ਸਵੇਤ ਸਾਰ ਮੂੰਹ ਫੇਰ ਕੇ ਘਰ ਚਲੀ ਗਈ। ਸਧੀਰ ਨੇ ਜੋ ਮੁੰਡੇ ਜਾਂ ਕੁੜੀ ਕੋਈ ਫ਼ਰਕ ਨਹੀਂ ਸੀ ਸਮਝਦਾ, ਮਾਂ ਦੀ ਨਾਪਸੰਦ ਨੂੰ ਸ਼ਹਿ ਦੇਂਦਿਆਂ ਕਿਹਾ, "ਅਖੀਰ ਕੜੀ ਹੀ ਜੰਮਣੀ ਸੀ ?" ਕੋਲ ਪਈ ਕੁੜੀ ਨੂੰ ਵੇਖ ਕੇ ਅਨੁਸੂਇਆ ਸਮਝ ਨਾ ਸਕੀ ਕਿ ਉਹ ਖ਼ੁਸ਼ ਹੋਏ ਜਾਂ ਦੁਖ਼ੀ। ਜਦੋਂ ਸਾਰੇ ਚਲੇ ਗਏ ਤਾਂ ਉਹ ਬਹੁਤ ਰੋਈ।

ਘਰ ਆ ਕੇ ਵੀ ਉਸ ਦੇ ਦੁੱਖਾਂ ਦਾ ਅੰਤ ਨਾ ਹੋਇਆ। ਉਸ ਦੀ ਬੱਚੀ ਹਰ ਵੇਲੇ ਬੀਮਾਰ ਰਹਿਣ ਲਗ ਪਈ। ਛੁੱਟੀਆਂ ਖ਼ਤਮ ਕਰ ਕੇ ਦੋ ਦਿਨ ਦਫ਼ਤਰ ਜਾਣ ਤੋਂ ਬਾਅਦ ਉਸ ਨੂੰ ਫੇਰ ਛੁੱਟੀ ਲੈਣੀ ਪਈ। ਇਸ ਵਾਰੀ ਉਹ ਅੱਧੀ ਤਨਖ਼ਾਹ ਵਾਲੀ ਛੁੱਟੀ ਉੱਤੇ ਸੀ, ਏਸ ਲਈ ਘਰ ਦੀ ਕਮਾਈ ਵਿਚ ਕੁੱਝ ਰੁਕਾਵਟ ਪੈ ਗਈ। ਅਖ਼ੀਰ ਉੱਤੇ ਉਹੀ ਬੱਚੀ ਉਸ ਦੀ ਸਭ ਤੋਂ ਵੱਡੀ ਦੁਸ਼ਮਣ ਸਾਬਤ ਹੋਈ। ਉਹ ਕੁੜੀ ਦਿਨ-ਰਾਤ ਰੋਂਦੀ ਹੀ ਰਹਿੰਦੀ ਸੀ, ਜਿਸ ਕਰਕੇ ਕੋਈ ਵੀ ਘਰ ਵਿੱਚ ਚੰਗੀ ਤਰ੍ਹਾਂ ਸੌਂ ਨਹੀਂ ਸੀ ਸਕਦਾ ਤੇ ਇਸ ਲਈ ਸਾਰੇ ਅਨੁਸੂਇਆ ਨੂੰ ਹੀ ਦੋਸ਼ੀ ਮੰਨਦੇ ਸਨ।

ਬੱਚੀ ਪੈਦਾ ਹੋਣ ਤੋਂ ਬਾਅਦ ਅਨੁਸੂਇਆ ਦੀ ਤਬੀਅਤ ਵੀ ਖ਼ਰਾਬ ਰਹਿਣ ਲਗ ਪਈ ਸੀ। ਸਾਰੀ ਰਾਤ ਜਾਗਣ ਕਰਕੇ ਤੇ ਸਾਰਾ ਦਿਨ ਕੰਮ ਕਰਨ ਕਰਕੇ, ਉਹ ਕਈ ਕਈ ਵਾਰ ਬੀਮਾਰ ਹੋ ਜਾਂਦੀ। ਫੇਰ ਵੀ ਉਹ ਕੁੱਝ ਦਿਨਾਂ ਲਈ ਦਫ਼ਤਰ ਗਈ। ਦਫ਼ਤਰ ਤੋਂ ਵਾਪਸੀ ਵੇਲੇ ਸੱਸ ਉਲਾਂਭਿਆਂ ਦਾ ਚਿੱਠਾ ਤਿਆਰ ਰੱਖੀ ਬੈਠੀ ਹੁੰਦੀ। ਨਨਾਣ ਨੂੰ ਸਾਰਾ ਦਿਨ ਬੱਚੀ ਸੰਭਾਲਣੀ ਪੈਂਦੀ ਸੀ, ਇਸ ਲਈ ਉਹ ਵੀ ਅਨੁਸੂਇਆ ਨਾਲ ਨਰਾਜ਼ ਰਹਿੰਦੀ

ਸੀ। ਅਨੁਸੂਇਆ ਨੇ ਹੋਰ ਛੁੱਟੀਆਂ ਲੈ ਲਈਆਂ। ਇਹ ਛੁੱਟੀਆਂ ਬਿਨਾਂ ਤਨਖ਼ਾਹ ਤੇ ਸਨ, ਇਸ ਕਰਕੇ ਇਹ ਘਰ ਵਿਚ ਝਗੜੇ ਦਾ ਕਾਰਣ ਬਣ ਚੁੱਕੀ ਸੀ। ਹਰ ਵਕਤ ਘਰ ਵਿਚ ਬੈਠੇ ਰਹਿਣ ਕਰਕੇ ਅਨੁਸੂਇਆ ਨੂੰ ਅਜੀਬ ਜਿਹੀ ਉਦਾਸੀ ਨੇ ਘੇਰ ਲਿਆ ਸੀ। ਹੁਣ ਜਦੋਂ ਉਹ ਖੜ੍ਹੀ ਹੁੰਦੀ ਤਾਂ ਹੱਥ-ਪੈਰ ਕੰਬਣ ਲੱਗ ਪੈਂਦੇ, ਉਸ ਨੂੰ ਬਹੁਤ ਕਮਜ਼ੋਰੀ ਲਗਣ ਲੱਗ ਪੈਂਦੀ ਤੇ ਜਦੋਂ ਕੋਈ ਉਸ ਨੂੰ ਬੁਲਾਉਂਦਾ ਤਾਂ ਉਹ ਡਰ ਨਾਲ ਘਬਰਾ ਜਾਂਦੀ। ਸਿਰਫ਼ ਜਦੋਂ ਤੱਕ ਬੱਚੀ ਕੋਲ ਰਹਿੰਦੀ, ਉਹ ਠੀਕ ਰਹਿੰਦੀ। ਜਦੋਂ ਬੱਚੀ ਮੁਸਕਰਾਉਂਦੀ ਤਾਂ ਉਹ ਸਾਰਾ ਦੁੱਖ ਭੁੱਲ ਕੇ ਖ਼ੁਸ਼ ਹੋ ਜਾਂਦੀ ਤੇ ਬੱਚੀ ਨੂੰ ਬੇਤਹਾਸ਼ਾ ਚੁੰਮਣ ਲਗ ਪੈਂਦੀ।

ਛੇ ਮਹੀਨੇ ਪੂਰੇ ਵੀ ਨਹੀਂ ਸਨ ਹੋਏ ਕਿ ਬੱਚੀ ਮਰ ਗਈ ਤੇ ਅਨੁਸੂਇਆ ਦੀ ਹਾਲਤ ਪਾਗਲਾਂ ਵਰਗੀ ਹੋ ਗਈ। ਜਦੋਂ ਸੱਸ-ਸਹੁਰੇ ਨੇ ਕਿਹਾ ਕਿ ਕੁਝ ਦਿਨ ਪੇਕੇ ਹੋ ਆ, ਤਾਂ ਉਸ ਨੇ ਨਾਂਹ ਕਰ ਦਿੱਤੀ। ਉਹ ਜ਼ਿਆਦਾਤਰ ਇੱਕ ਹੀ ਜਗ੍ਹਾ ਉੱਤੇ ਬੈਠੀ ਰਹਿੰਦੀ ਤੇ ਲਗਾਤਾਰ ਇੱਕੋ ਪਾਸੇ ਵੇਖਦੀ ਰਹਿੰਦੀ। ਉਹ ਆਪਣੀ ਬੱਚੀ ਨੂੰ ਯਾਦ ਕਰ ਕੇ ਕਦੀ ਹੱਸਦੀ ਤੇ ਕਦੀ ਰੋਣ ਲੱਗ ਪੈਂਦੀ। ਉਸ ਦਾ ਸਹੁਰਾ ਉਸ ਨੂੰ ਨੌਕਰੀ ਉੱਤੇ ਹਾਜ਼ਰ ਹੋਣ ਲਈ ਕਹਿਣਾ ਚਾਹੁੰਦਾ ਸੀ, ਪਰ ਉਸ ਦੀ ਹਾਲਤ ਵੇਖ ਕੇ ਚੁੱਪ ਹੀ ਰਹਿੰਦਾ। ਅਨੁਸੂਇਆ ਕਿਸੇ ਮਸ਼ੀਨ ਜਿਹੀ ਵਾਂਗ ਘਰ ਦਾ ਕੰਮ ਕਰਦੀ, ਪਰ ਹੁਣ ਉਹ ਬਹੁਤ ਸਾਰੀਆਂ ਗੱਲਾਂ ਭੁੱਲ ਜਾਂਦੀ ਸੀ ਤੇ ਸਾਰੀਆਂ ਗੱਲਾਂ ਸਮਝਣਵਿਚ ਵੀ ਸਫਲ ਨਹੀਂ ਸੀ ਹੁੰਦੀ। ਨਨਾਣ ਨੇ ਉਸ ਨਾਲ ਗੱਲ ਕਰਨੀ ਬੰਦ ਹੀ ਕਰ ਦਿੱਤੀ ਸੀ ਤੇ ਜਦੋਂ ਤੱਕ ਹੁੰਦਾ ਸੁਧੀਰ ਵੀ ਉਸ ਤੋਂ ਦੂਰ ਹੀ ਰਹਿੰਦਾ ਸੀ।

ਜਿਸ ਦਿਨ ਅਨੁਸੂਇਆ ਰਸੋਈ ਵਿਚ ਬੈਠੀ ਚੁੱਲ੍ਹੇ ਵੱਲ ਟਕਟਕੀ ਬੰਨ੍ਹੀ ਵੇਖ ਰਹੀ ਸੀ ਤਾਂ ਸਬਜ਼ੀ ਸੜ ਗਈ, ਸੱਸ ਦੌੜਦੀ ਆਈ ਤੇ ਅਨੁਸੂਇਆ ਨੂੰ ਧੱਕਾ ਮਾਰ ਕੇ ਰਸੋਈ ਵਿੱਚੋਂ ਕੱਢ ਦਿੱਤਾ। ਇਸ ਘਟਨਾ ਤੋਂ ਬਾਅਦ ਸੱਸ ਨੂੰ ਅਨੁਸੂਇਆ ਉੱਤੇ ਹੱਥ ਚੁੱਕਣ ਉੱਤੇ ਕੋਈ ਝਿਜਕ ਨਹੀਂ ਸੀ ਰਹੀ। ਸਹੁਰਾ ਵੀ ਪਿੱਛੇ ਨਾ ਰਿਹਾ। ਉਹ ਵੀ ਕਦੀ-ਕਦੀ ਅਨੁਸੂਇਆ ਦਾ ਗਾਲ੍ਹ-ਮੰਦੇ ਨਾਲ ਬੁਰਾ ਹਾਲ ਕਰ ਦੇਂਦਾ ਸੀ। ਗਾਲ੍ਹਾਂ ਤੇ ਮਾਰ ਖਾ ਕੇ ਅਨੁਸੂਇਆ ਡਰ ਨਾਲ ਕੰਬਣ ਲਗ ਜਾਂਦੀ ਤੇ ਹਰ ਕੰਮ ਵਿਚ ਗ਼ਲਤੀ ਕਰਦੀ, ਜੋ ਫੇਰ ਗਾਲ੍ਹਾਂ ਤੇ ਮਾਰ ਦਾ ਕਾਰਨ ਬਣਦੀ। ਹੁਣ ਅਨੁਸੂਇਆ ਸੁਧੀਰ ਵੱਲ ਵੀ ਨਹੀਂ ਸੀ ਵੇਖਦੀ ਤੇ ਉਸ ਤੋਂ ਦੂਰ ਹੀ ਰਹਿਣ ਦੀ ਕੋਸ਼ਿਸ਼ ਕਰਦੀ।

ਉਸ ਨਾਲ ਦਫ਼ਤਰ ਜਾਣ ਵੇਲੇ ਸੁਧੀਰ ਖਾਣਾ ਖਾਣ ਬੈਠਾ ਤਾਂ ਅਨੁਸੂਇਆ ਨੇ ਕਿਹਾ, “ਅਜੇ ਰਸੋਈ ਵਿੱਚ ਕੁੱਝ ਦੇਰ ਹੈ।” ਸੁਧੀਰ ਨਰਾਜ਼ ਹੋ ਕੇ ਬੋਲਿਆ, “ਮੇਰੇ ਦਫ਼ਤਰ ਦਾ ਵਕਤ ਹੋ ਗਿਐ, ਮੈਂ ਹੁਣ ਹੋਰ ਨਹੀਂ ਉਡੀਕ ਸਕਦਾ।" ਇਹ ਕਹਿ ਕੇ ਉਹ ਉੱਠ ਗਿਆ। ਸੱਸ ਨੇ ਅਨੁਸੂਇਆ ਨੂੰ ਬਹੁਤ ਫਿਟਕਾਰਿਆ ਤੇ ਇਸ ਘਟਨਾ ਤੋਂ ਬਾਅਦ ਹੀ ਸੱਸ-ਸਹੁਰੇ ਨੇ ਮਿਲ ਕੇ ਇਹ ਤੈ ਕੀਤਾ ਕਿ ਮਿੱਟੀ ਦਾ ਤੇਲ ਛਿੜਕ ਕੇ ਅਨੁਸੂਇਆ ਨੂੰ ਸਾੜ ਕੇ ਆਤਮਹੱਤਿਆ ਦਾ ਜਾਮਾ ਪੁਆ ਦਿੱਤਾ ਜਾਏ।

ਤਬੀਅਤ ਖ਼ਰਾਬ ਹੋਣ ਕਰ ਕੇ ਜਿਸ ਦਿਨ ਸਵੇਰੇ ਅਨੁਸੂਇਆ ਬਿਸਤਰੇ ਤੋਂ ਠੀਕ ਵਕਤ ਉੱਤੇ ਨਾ ਉੱਠੀ, ਉਸ ਦਿਨ ਨੂੰ ਸੱਸ-ਸਹੁਰੇ ਨੇ, ਸੋਚੇ ਹੋਏ ਕੰਮ ਵਾਸਤੇ ਠੀਕ ਸਮਝ ਲਿਆ। ਸੱਸ ਉਸ ਕੋਲ ਆਈ ਤੇ ਕਪਟ ਭਰੇ ਸਨੇਹ ਨਾਲ ਉਸ ਦਾ ਹਾਲ ਪੁੱਛਿਆ। ਉਸ ਦਿਨ ਰਸੋਈ ਦਾ ਕੰਮ ਸੱਸ ਨੇ ਕੀਤਾ। ਮੁੰਡਾ ਦਫ਼ਤਰ ਚਲਾ ਗਿਆ ਤੇ ਕੁੜੀ ਦੇ ਕਾਲਜ ਜਾਣ ਤੋਂ ਬਾਅਦ ਸੌਸ ਨੇ ਅਨੁਸੂਇਆ ਨੂੰ ਬਿਸਤਰੇ ਤੋਂ ਉਠਾ ਕੇ ਖਾਣਾ ਖਾਣ ਲਈ ਕਿਹਾ। ਥੱਕੀ ਟੁੱਟੀ ਅਨੁਸੂਇਆ ਖਾਣਾ ਖਾਣ ਲਈ ਆ ਕੇ ਬੈਠੀ, ਪਰ ਖਾਣਾ ਖਾ ਨਾ ਸਕੀ। ਉਸ ਦੇ ਖਾਣੇ ਵਿਚ ਮਿਲੀ ਨੀਂਦ ਦੀ ਦੁਆਈ ਬੇਕਾਰ ਜਾਂਦੀ ਵੇਖ ਕੇ ਸੱਸ ਪਰੇਸ਼ਾਨ ਹੋ ਗਈ। ਅਨੁਸੂਇਆ ਨੂੰ ਬਿਸਤਰੇ ਉੱਤੇ ਲਿਟਾ ਕੇ ਨੀਂਦਰ ਦੀ ਦੁਆਈ ਲਿਆਈ ਤੇ ਬੜੇ ਪਿਆਰ ਨਾਲ ਅਨੁਸੂਇਆ ਨੂੰ ਖਵਾ ਗਈ। ਦਵਾਈ ਖਾ ਕੇ ਅਨੁਸੂਇਆ ਨੇ ਪਾਣੀ ਪੀਤਾ ਤੇ ਲੇਟੀ-ਲੇਟੀ ਆਪਣੇ ਬਾਰੇ ਸੋਚਣ ਲੱਗ ਪਈ।

ਨੀਂਦਰ ਨਾਲ ਉਸ ਦੀਆਂ ਅੱਖਾਂ ਬੰਦ ਹੋਣ ਲੱਗ ਪਈਆਂ ਸਨ, ਪਰ ਆਪਣੇ ਆਪ ਨੂੰ ਨੀਂਦਰ ਤੋਂ ਜ਼ਬਰਦਸਤੀ ਦੂਰ ਰੱਖ ਕੇ ਉਹ ਆਪਣੇ ਸਾਰੇ ਜਾਣੂ ਚਿਹਰਿਆਂ ਨੂੰ ਯਾਦ ਕਰਨ ਲਗ ਪਈ-ਮਾਂ, ਪਿਓ, ਭਰਾ, ਵੱਡਾ ਬਾਬੂ, ਪਾਨਵਾਲਾ, ਰਿਕਸ਼ਾ ਵਾਲਾ, ਸਾਰੇ ਉਸ ਦੀਆਂ ਅੱਖਾਂ ਅੱਗੇ ਆਉਣ ਲੱਗ ਪਏ। ਸੱਸ ਉਸ ਦੇ ਕਮਰੇ ਵਿਚ ਦੋ ਕਨਸਤਰ ਮਿੱਟੀ ਦਾ ਤੇਲ ਰੱਖ ਗਈ। ਅਨੁਸੂਇਆ ਨੇ ਸੁਧੀਰ ਤੇ ਆਪਣੇ ਦਫ਼ਤਰ ਦੇ ਉਸ ਦੋਸਤ ਨੂੰ ਯਾਦ ਕੀਤਾ। ਸੱਸ ਨੇ ਉਸ। ਕਮਰੇ ਵਿੱਚੋਂ ਸਾਰੀਆਂ ਕੀਮਤੀ ਚੀਜ਼ਾਂ ਕੱਢ ਲਈਆਂ। ਇਸ ਵਾਰੀ ਅਨੁਸੂਇਆ ਨੇ ਆਪਣੀ ਮਰੀ ਹੋਈ ਬੱਚੀ ਨੂੰ ਯਾਦ ਕੀਤਾ ਤੇ ਇੱਕ ਅਜੀਬ ਜਿਹੇ ਹਾਸੇ ਨਾਲ ਉਸ ਦਾ ਚਿਹਰਾ ਚਮਕੇਉੱਠਿਆ। ਹੁਣ ਉਸ ਦੇ ਉੱਤੇ ਚਾਦਰ ਪਾ ਕੇ ਸੱਸ, ਸਹਰੇ ਨੂੰ ਬਲਾਉਣ ਲਈ ਬਾਹਰ ਚਲੀ ਗਈ।

ਅਨੁਸੂਇਆ ਬਿਸਤਰੇ ਤੋਂ ਉੱਠੀ। ਇਸ ਵੇਲੇ ਉਸ ਦੇ ਸ਼ਰੀਰ ਦੀ ਸਾਰੀ ਥਕਾਵਟ ਦੇ ਕਮਜ਼ੋਰੀ ਦੂਰ ਹੋ ਚੁੱਕੀ ਸੀ। ਉਸ ਦੇ ਚਿਹਰੇ ਉੱਤੇ ਬਹੁਤ ਖ਼ੁਸ਼ੀ ਸੀ। ਉਹ ਪੱਕੇ ਪੈਰ ਰੱਖਦੀ ਕਮ ਦੇ ਦਰਵਾਜ਼ੇ ਤੱਕ ਗਈ ਤੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਸ਼ੀਸ਼ੇ ਦੇ ਕੋਲ ਜਾ ਕੇ ਸਿਰ ਦੇ ਵਾਲ ਠੀਕ ਕੀਤੇ ਤੇ ਆਪਣੇ ਮੂੰਹ ਵੱਲ ਵੇਖਿਆ। ਇਸ ਵੇਲੇ ਉਸ ਦੀਆਂ ਅੱਖਾਂ ਵਿਚ ਫੈਸਲੇ ਦੀ ਅਜੀਬ ਜਿਹੀ ਗਹਿਰਾਈ ਸੀ। ਉਥੋਂ ਪਰ੍ਹੇ ਜਾ ਕੇ ਆਪਣੇ ਬਿਸਤਰੇ ਉੱਤੇ ਸਾਰਾ ਮਿੱਟੀ ਦਾ ਤੇਲ ਡੋਲ੍ਹ ਦਿੱਤਾ। ਉਸ ਦੇ ਬਾਅਦ ਬੜੇ ਪੱਕੇ ਤੇ ਸਥਿਰ ਹੱਥਾਂ ਨਾਲ ਉਸ ਨੇ ਆਪਣੀ ਸਾੜ੍ਹੀ ਦੇ ਪੱਲੂ ਦੀ ਨੁੱਕਰ ਖੋਲ੍ਹ ਕੇ ਮਾਚਿਸ ਕੱਢੀ। ਮਾਚਸ ਬਾਲਣ ਵੇਲੇ ਉਸ ਦੀਆਂ ਦ੍ਰਿੜ੍ਹ ਉਂਗਲੀਆਂ ਵਿਚ ਉੱਕਾ ਕੋਈ ਕਾਂਬਾ ਨਹੀਂ ਸੀ।

*****

# ਘਰ

ਕੁਝ ਦੇਰ ਲੱਭਣ ਤੋਂ ਬਾਅਦ, ਸਦਾਨੰਦ ਨੇ ਉਹ ਥਾਂ ਲੱਭ ਹੀ ਲਈ, ਜਿੱਥੇ ਛਾਂ ਵਿੱਚ ਖੜ੍ਹੇ ਹੋ ਕੇ ਠੇਕੇਦਾਰ ਨਾਲ ਗੱਲਾਂ ਕਰਦਿਆਂ ਉਹ ਸੀਮੈਂਟ ਵਿੱਚ ਰੇਤਾ ਮਿਲਾ ਰਹੇ ਮਜ਼ਦੂਰਾਂ ਉੱਤੇ ਵੀ ਨਜ਼ਰ ਰੱਖ ਸਕਦਾ ਸੀ।

ਘਰ ਬਣਵਾਉਣ ਦਾ ਇਹ ਉਸ ਦਾ ਪਹਿਲਾ ਤਜਰਬਾ ਸੀ ਅਤੇ ਇਸ ਬਾਰੇ ਉਸ ਨੇ ਕਈ ਜਾਣੇ-ਪਛਾਣੇ ਤੇ ਅਣਜਾਣੇ ਲੋਕਾਂ ਦੀ ਰਾਏ ਲਈ ਸੀ। ਕਾਫੀ ਸੋਚ-ਵਿਚਾਰ ਦੇ ਬਾਅਦ ਉਹ ਇਸ ਨਤੀਜੇ ਉੱਤੇ ਪਹੁੰਚਿਆ ਸੀ ਕਿ ਮਜ਼ਬੂਤ ਘਰ ਬਣਾਉਣ ਲਈ ਸੀਮੈਂਟ ਤੇ ਰੇਤੇ ਦੀ -ਮਾਤਰਾ ਹੀ ਸਭ ਤੋਂ ਜ਼ਰੂਰੀ ਹੁੰਦੀ ਹੈ। ਇਸ ਲਈ ਉਹ ਰੋਜ਼ ਸਵੇਰੇ ਜਾ ਕੇ ਸੀਮੈਂਟ ਵਿਚ ਰੇਤ ਮਿਲਾਉਣ ਵਾਲੇ ਕੰਮ ਦੇ ਸਿਰ ਉੱਤੇ ਖੜ੍ਹਾ ਹੁੰਦਾ ਸੀ। ਪਰ ਉਸ ਦਿਨ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਰੇਤ ਵਿਚ ਸੀਮੈਂਟ ਮਿਲਾਈ ਜਾ ਚੁੱਕੀ ਸੀ ਤੇ ਇਹ ਗੱਲ ਉਸ ਨੂੰ ਠੀਕ ਨਹੀਂ ਸੀ ਲੱਗੀ। ਉਸ ਨੇ ਆਪਣੀ ਹਥੇਲੀ ਉੱਤੇ ਰੇਤ ਵਿਚ ਮਿਲੀ ਥੋੜ੍ਹੀ ਜਿਹੀ ਸੀਮੈਂਟ ਰੱਖ ਕੇ ਉਸਨੂੰ ਏਧਰ-ਓਧਰ ਹਿਲਾ-ਜੁਲਾ ਕੇ ਵੇਖਿਆ ਤੇ ਆਪਣੀ ਅਵਾਜ਼ ਵਿਚ ਤਜਰਬੇਕਾਰਾਂ ਵਾਲੀ ਗੰਭੀਰਤਾ ਭਰਦਿਆਂ ਠੇਕੇਦਾਰ ਨੂੰ ਕਿਹਾ, "ਮਿਲਾਵਟ ਦੀ ਮਾਤਰਾ ਤਾਂ ਠੀਕ ਨਹੀਂ ਲਗ ਰਹੀ।”

ਸਦਾਨੰਦ ਦੀ ਮਕਾਨ ਬਣਵਾਉਣ ਦੀ ਥੋੜ੍ਹੀ ਜਾਣਕਾਰੀ ਬਾਰੇ ਠੇਕੇਦਾਰ ਨੂੰ ਪੂਰਾ ਪਤਾ ਸੀ, ਪਰ ਉਹ ਇਹ ਗੱਲ ਉਸ ਦੇ ਅੱਗੇ ਜ਼ਾਹਰ ਨਹੀਂ ਸੀ ਕਰਨਾ ਚਾਹੁੰਦਾ। ਉਸ ਨੇ ਵੀ ਥੋੜ੍ਹਾ-ਜਿਹਾ ਸੀਮੈਂਟ ਹਥੇਲੀ ਉੱਤੇ ਰੱਖ ਕੇ ਉਸ ਨੂੰ ਪਰਖਣ ਦਾ ਭੁਲੇਵਾ ਦਿੱਤਾ ਤੇ ਬੋਲਿਆ, "ਤੁਸੀਂ ਠੀਕ ਕਹਿੰਦੇ ਜੇ। ਮੈਂ ਥੋੜ੍ਹਾ-ਜਿਹਾ ਉਸ ਪਾਸੇ ਚਲਾ ਗਿਆ ਸੀ, ਇਹਨਾਂ ਨੇ ਮਿਲਾਉਣ ਵਿਚ ਗਲਤੀ ਕਰ ਦਿੱਤੀ ਲਗਦੀ ਹੈ।” ਫੇਰ ਉਹ ਮਜ਼ਦੂਰਾਂ ਨੂੰ ਜ਼ੋਰ-ਜ਼ੋਰ ਦੀ ਡਾਂਟਣ ਲਗ ਪਿਆ ਤੇ ਕਿਹਾ, “ਇਸ ਵਿਚ ਹੋਰ ਸੀਮੈਂਟ ਮਿਲਾਓ।" ਮਜ਼ਦੂਰ ਵੀ ਇਹੋ ਜਿਹੇ ਨਾਟਕ ਤੋਂ ਜਾਣੂ ਸਨ। ਉਨ੍ਹਾਂ ਨੇ ਹੋਰ ਸੀਮੈਂਟ ਮਿਲਾ ਦਿੱਤੀ। ਉਨ੍ਹਾਂ ਵਿੱਚੋਂ ਇਕ ਨੇ ਆ ਕੇ ਸਦਾਨੰਦ ਦੀ ਹਥੇਲੀ ਤੇ ਥੋੜ੍ਹਾ ਜਿਹਾ ਮਸਾਲਾ ਰੱਖਿਆ ਤੇ ਸਦਾਨੰਦ ਨੇ ਉਸ ਨੂੰ ਬਹੁਤ ਹੀ ਗੰਭੀਰਤਾ ਨਾਲ ਦੇਖਿਆ ਤੇ ਕਿਹਾ "ਠੀਕ ਹੈ।”

ਅੱਜ ਛੁੱਟੀ ਹੋਣ ਕਰਕੇ ਸਦਾਨੰਦ ਸਵੇਰੇ ਹੀ ਘਰ ਤੋਂ ਖਾ ਪੀ ਕੇ ਨਿਕਲਿਆ ਸੀ। ਉਸ ਦਾ ਇਰਾਦਾ ਸੀ ਕਿ ਉਹ ਅੱਜ ਸਾਰਾ ਦਿਨ ਕੰਮ ਦੇ ਸਿਰ ਉੱਤੇ ਬੈਠੇ। ਕੰਮ ਕੋਲ ਬੈਠਣ ਲਈ ਕੋਈ ਠੀਕ ਥਾਂ ਨਹੀਂ ਸੀ। ਘਰ ਤੋਂ ਇਕ ਕੁਰਸੀ ਲਿਆ ਕੇ ਓਥੇ ਰੱਖਣ ਬਾਰੇ ਕਾਫੀ ਦਿਨਾਂ ਤੋਂਸੋਚਣ ਦੇ ਬਾਵਜੂਦ ਉਹ ਕੁਰਸੀ ਲਿਆਉਣੀ ਭੁੱਲ ਜਾਂਦਾ ਰਿਹਾ ਸੀ। ਇਸ ਲਈ ਉਸ ਨੇ ਕੰਮ ਕੋਲ ਇੱਟਾਂ ਦੀਆਂ ਦੋ ਬਹੀਆਂ ਉੱਤੇ ਇੱਕ ਲੱਕੜ ਦਾ ਫੱਟਾ ਟਿਕਾ ਕੇ ਬੈਠਣ ਦੀ ਥਾਂ ਬਣਾ ਲਈ ਸੀ। ਸੂਰਜ ਦੀ ਚਾਲ ਨਾਲ ਛਾਂ ਦੇ ਖਿਸਕਣ ਤੇ ਰੇਟ-ਸੀਮੇਂਟ ਦੇ ਕੰਮ ਦੀ ਥਾਂ ਦੇ ਬਦਲ ਜਾਣ ਦੇ ਕਾਰਨ ਇਸ ਕੰਮ-ਚਲਾਊ-ਕੁਰਸੀ ਨੂੰ ਹਿਲਾ ਨਾ ਸਕਣ ਉੱਤੇ ਉਹ ਦੁਖੀ ਸੀ। ਅੱਜ ਇਹ ਲੱਕੜ ਦੇ ਫੱਟੇ ਉੱਤੇ ਬੈਠਿਆ ਧੁੱਪ ਦੇ ਨਾਲ ਨਾਲ ਆਪਣੀ ਛਤਰੀ ਦਾ ਕੋਣ ਠੀਕ ਕਰਦਿਆਂ ਉਸ ਨੇ ਫੈਸਲਾ ਕੀਤਾ ਕਿ ਕੱਲ੍ਹ ਹਰ ਹਾਲਤ ਵਿਚ ਉਹ ਘਰੋਂ ਕੁਰਸੀ ਲੈ ਕੇ ਆਏਗਾ।

ਇਸ ਤਰ੍ਹਾਂ ਉਸ ਨੂੰ ਸੁਭੱਦਰਾ ਦੀ ਗੱਲ ਚੇਤੇ ਆਈ ਜੋ ਅਸਲ ਅਰਥਾਂ ਵਿਚ ਉਸ ਦੀ ਘਰਵਾਲੀ ਸੀ। ਸੁਭੱਦਰਾ ਨੂੰ ਘਰ ਦੀ ਹਰ ਚੀਜ਼ ਠੀਕ ਥਾਂ ਉੱਤੇ ਟਿਕਾਉਣ ਦਾ ਸ਼ੌਕ ਸੀ ਤੇ -ਸਦਾਨੰਦ ਜੋ ਇੰਨੇ ਦਿਨਾਂ ਤੱਕ ਘਰ ਤੋਂ ਕੁਰਸੀ ਨਹੀਂ ਸੀ ਲਿਆ ਸਕਿਆ, ਇਸ ਦੀ ਜ਼ਿੰਮੇਵਾਰ ਵੀਸੁਭੱਦਰਾ ਹੀ ਸੀ। ਵਿਚਕਾਰਲੇ ਕਮਰੇ ਵਿਚ ਰੱਖੀ ਹੋਈ ਕੁਰਸੀ ਨੂੰ ਓਥੋਂ ਹਿਲਾਉਣ ਲਈ ਸੁੱਭਦਰਾ ਦੀ ਇਜਾਜ਼ਤ ਚਾਹੀਦੀ ਸੀ ਅਤੇ ਸਦਾਨੰਦ ਉਸ ਨਾਲ ਇਹ ਗੱਲ ਕਰ ਨਹੀਂ ਸੀ ਸਕਿਆ। ਸੁਭੱਦਰਾ ਲਈ ਘਰ ਸੀ ਉਸ ਦੀ ਸਰਕਾਰੀ ਕੁਆਟਰ ਦੀ ਚਾਰਦੀਵਾਰੀ ਵਿੱਚ ਰੱਖੀ ਹੋਈ ਮੰਜੀ, ਮੇਜ਼, ਕੁਰਸੀ, ਥਾਲੀ, ਭਾਂਡੇ, ਟਰੰਕ, ਬਾਲਟੀ ਵਰਗੀਆਂ ਚੀਜ਼ਾਂ ਦਾ ਇਕੱਠ ਸੁਭੱਦਰਾ ਦਾ ਸਾਰਾ ਸਮਾਂ ਇੰਨ੍ਹਾਂ ਜ਼ਰੂਰੀ ਤੇ ਗੈਰ-ਜ਼ਰੂਰੀ ਵਸਤਾਂ ਦੀ ਦੇਖਭਾਲ ਕਰਨ ਵਿੱਚ ਹੀ ਬੀਤ ਜਾਂਦਾ ਸੀ। ਉਹ ਸਾਰੀਆਂ ਚੀਜ਼ਾਂ ਵਾਰੀ ਵਾਰੀ ਠੀਕ ਥਾਂ ਉੱਤੇ ਟਿਕਾਉਂਦੀ ਸੀ ਤੇ ਚਾਹੁੰਦੀ ਸੀ ਕਿ ਹਰ ਚੀਜ਼ ਝਾੜੀ-ਪੂੰਝੀ ਤੇ ਲਿਸ਼ਕਦੀ ਦਿਸੇ। ਇਸ ਲਈ ਉਹ ਸਾਰਾ ਦਿਨ ਘਰ ਸਾਫ਼ ਰੱਖਣ ਤੇ ਆਪਣੇ ਹੱਥ ਧੋਈ ਰੱਖਣ ਵਿਚ ਹੀ ਲੱਗੀ ਰਹਿੰਦੀ ਸੀ। ਆਪਣਾ ਘਰ ਬਣਾਉਣ ਦੀ ਯੋਜਨਾ ਪਿੱਛੇ ਅਸਲੀ ਪ੍ਰੇਰਣਾ ਸੁਭੱਦਰਾ ਦੀ ਸੀ। ਸਰਕਾਰੀ ਨੌਕਰੀ ਵਿਚ ਸਦਾਨੰਦ ਦੀ 'ਕਈ ਵਾਰੀ ਬਦਲੀ ਵੀ ਹੁੰਦੀ ਸੀ ਜਿਸ ਕਰਕੇ ਸੁਭੱਦਰਾ ਨੂੰ ਘਰ ਬਦਲਣਾ ਪੈਂਦਾ ਸੀ। ਇਹ ਸੁਭੱਦਰਾ ਲਈ ਇਕ ਬੇਜ਼ਰੂਰੀ ਮੁਸੀਬਤ ਹੁੰਦੀ ਸੀ। ਭਾਵੇਂ ਨਵੇਂ ਘਰ ਵਿਚ ਕੁਝ ਦਿਨ ਰਹਿਣ ਤੋਂ ਬਾਅਦ ਹਰ ਚੀਜ਼ ਲਈ ਇਕ ਖ਼ਾਸ ਤੇ ਠੀਕ ਥਾਂ ਲੱਭ ਲੈਂਦੀ, ਪਰ ਉਸ ਦਾ ਜੀਅ ਕਰਦਾ ਸੀ, ਉਸ ਦਾ

ਆਪਣਾ ਘਰ ਹੋਵੇ, ਜਿੱਥੇ ਹਰ ਚੀਜ਼ ਦੀ ਇਕ ਪੱਕੀ ਥਾਂ ਹੋਵੇਗੀ। ਇਸ ਲਈ ਉਹ ਨਿੱਤ ਸਦਾਨੰਦ ਨੂੰ ਥਾਂ ਖ਼ਰੀਦ ਕੇ ਘਰ ਬਣਾਉਣ ਲਈ ਉਤਸ਼ਾਹ ਦੇਂਦੀ ਰਹਿੰਦੀ ਸੀ।

ਸਦਾਨੰਦ ਨੂੰ ਆਪ ਇਸ ਦੀ ਕੋਈ ਖ਼ਾਸ ਖਿੱਚ ਨਹੀਂ ਸੀ। ਉਸ ਨੇ ਸੋਚਿਆ ਹੋਇਆ ਸੀ ਕਿ ਨੌਕਰੀ ਦੇ ਪੁੱਗਣ ਪਿੱਛੋਂ ਉਹ ਆਪਣੇ ਪਿੰਡ ਜਾ ਕੇ ਆਪਣੀ ਥੋੜ੍ਹੀ ਜਿਹੀ ਜ਼ਮੀਨ ਵਿਚ ਵਾਹੀ ਕਰਕੇ ਜੀਵਨ ਬਿਤਾ ਦੇਵੇਗਾ। ਪਰ ਇਹ ਬਹੁਤ ਪਹਿਲਾਂ ਦੀ ਸੋਚ ਸੀ। ਉਸ ਤੋਂ ਬਾਅਦ ਉਸ ਨੇ ਵਿਆਹ ਕੀਤਾ, ਉਸ ਦੇ ਘਰ ਇੱਕ ਮੁੰਡਾ ਹੋਇਆ, ਉਸ ਨੂੰ ਸਕੂਲ-ਕਾਲਜ ਵਿਚ ਪੜ੍ਹਾਉਣਾ ਪਿਆ ਅਤੇ ਇਸੇ ਦੌਰਾਨ ਖੇਤੀ ਦੇ ਕਾਨੂੰਨਾਂ ਵਿਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਹੋ ਜਾਣ ਕਾਰਣ ਉਸ ਦੀ ਪਿੰਡ ਦੀ ਜ਼ਮੀਨ ਉੱਤੇ ਉਸ ਦੇ ਅਧਿਕਾਰ ਬਾਰੇ ਕਈ ਤਰ੍ਹਾਂ ਦੇ ਸ਼ੱਕ ਪੈਦਾ ਹੋ ਗਏ ਸਨ। ਇਸ ਲਈ ਉਸ ਨੇ ਸੁਭੱਦਰਾ ਦੀ ਸਲਾਹ ਝੱਟ ਮੰਨ ਲਈ ਸੀ ਤੇ ਘਰ ਬਣਵਾਉਣ ਲਈ ਜ਼ਮੀਨ ਲੱਭਣ ਲਗ ਪਿਆ ਸੀ।

ਉਸ ਦੇ ਦਫ਼ਤਰ ਦੇ ਕਈ ਸਾਥੀ ਆਪਣੀਆਂ ਕੁੜੀਆਂ ਨਾਲ ਮੁੰਡਾ ਲੱਭਣ ਦੀਆਂਮੁਸ਼ਕਲਾਂ ਬਾਰੇ ਆ ਕੇ ਉਸ ਨੂੰ ਦੱਸਿਆ ਕਰਦੇ ਸਨ। ਸਦਾਨੰਦ ਨੂੰ ਲੱਗਿਆ ਕਿ ਜ਼ਮੀਨ ਲੱਭਣੀ ਵੀ ਉਹੋ ਜਿਹਾ ਹੀ ਔਖਾ ਕੰਮ ਹੈ। ਵਰ ਲੱਭਣ ਲਈ ਜਿਸ ਤਰ੍ਹਾਂ ਯਾਰ-ਲੋਕ ਆ ਕੇ ਸੂਚਨਾ ਦੇਂਦੇ ਸਨ, ਓਸੇ ਤਰ੍ਹਾਂ ਉਸ ਦੀ ਜਾਣ-ਪਛਾਣ ਵਾਲੇ ਲੋਕ ਗੁਪਤ ਸੂਚਨਾ ਦੇਂਦੇ ਸਨ ਕਿ - ਕਿੱਥੇ ਕਿੱਥੇ ਜ਼ਮੀਨ ਵਿਕਾਊ ਹੈ। ਆਮ ਤੌਰ ਉੱਤੇ ਇਹੀ ਹੁੰਦਾ ਕਿ ਜਦੋਂ ਤੱਕ ਜ਼ਮੀਨ ਦੇ ਮਾਲਕ ਕੋਲ ਪਹੁੰਚਦਾ, ਪਾਤਰ ਵਿਆਹ ਕਿਤੇ ਹੋਰ ਤੈ ਹੋ ਚੁੱਕਾ ਹੁੰਦਾ, ਮਤਲਬ ਇਹੀ ਕਿ ਜ਼ਮੀਨ ਦਾ ਸੌਦਾ ਕਿਸੇ ਹੋਰ ਨਾਲ ਹੋ ਚੁੱਕਾ ਹੁੰਦਾ ਸੀ ਜਾਂ ਫੇਰ ਦਾਜ ਦੀ ਰਕਮ ਸਦਾਨੰਦ ਦੀ ਪਹੁੰਚ ਤੋਂ ਬਾਹਰ ਦੀ ਹੁੰਦੀ ਸੀ। ਪਰ ਸਦਾਨੰਦ ਮਿਹਨਤੀ ਤੇ ਲਗਨ ਵਾਲਾ ਬੰਦਾ ਸੀ। ਉਹ ਕੁੱਝ ਹੀ ਦਿਨਾਂ ਵਿੱਚ ਸਰਕਾਰੀ ਬੇਸਰਕਾਰੀ ਜ਼ਬਰਦਸਤੀ ਦਖ਼ਲ ਵਾਲੀਆਂ ਤੇ ਲਾਵਾਰਿਸ ਜ਼ਮੀਨਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਿਆ। ਹਰ ਰੋਜ਼ ਦਫ਼ਤਰ ਦੇ ਬਾਅਦ ਉਹ ਜ਼ਮੀਨ ਖ਼ਰੀਦਣ ਦੇ ਆਹਰ ਵਿੱਚ ਜੁੱਟ ਜਾਂਦਾ ਅਤੇ ਅਖ਼ੀਰ ਵਿਚ ਉਹ ਆਪਣੀ ਮਿਹਨਤ ਤੇ ਕੋਸ਼ਿਸ਼ ਵਿੱਚ ਸਫ਼ਲ ਹੋ ਹੀ ਗਿਆ। ਉਸ ਦਿਨ ਸ਼ਾਮ ਨੂੰ ਇਕ ਬਜ਼ੁਰਗ ਮੁਸਲਮਾਨ ਨੂੰ ਜ਼ਮੀਨ ਦਾ ਬਿਆਨਾ ਦੇ ਕੇ ਸੁਭੱਦਰਾ ਨੂੰ ਇਹ ਖ਼ਬਰ ਆ ਸੁਣਾਈ ਤੇ ਚੈਨ ਦਾ ਸਾਹ ਲਿਆ।

ਜ਼ਮੀਨ ਦੇ ਲਈ ਪੈਸੇ ਇਕੱਠੇ ਕਰਨੇ ਅਗਲਾ ਕੰਮ ਸੀ ਜੋ ਬਹੁਤ ਔਖਾ ਸੀ। ਮਕਾਨ ਬਣਾਉਣ ਵਾਸਤੇ ਉਧਾਰੇ ਪੈਸੇ ਲੈਣ ਲਈ ਆਪਣੇ ਪ੍ਰਾਰਥਨਾ-ਪੱਤਰ ਨੂੰ ਅੱਗੇ ਵਧਾਉਣ ਤੇ ਅਫ਼ਸਰਾਂ ਦੇ ਹਸਤਾਖਰ ਕਰਵਾਉਣ ਵਿਚ ਉਹ ਸਫ਼ਲ ਹੋ ਗਿਆ ਅਤੇ

ਜ਼ਮੀਨ ਦੇ ਮਾਲਕ ਨੂੰ ਬਾਕੀ ਰੁਪਿਆ ਤਾਰ ਕੇ ਜ਼ਮੀਨ ਦੀ ਰਜਿਸਟਰੀ ਦਾ ਕੰਮ ਵੀ ਸਿਰੇ ਚਾੜ੍ਹ ਲਿਆ। ਪਰ ਏਨੇ ਕੰਮ ਨਾਲ ਨਾ ਸਦਾਨੰਦ ਦੀ ਚਿੰਤਾ ਮੁੱਕੀ, ਨਾ ਮਿਹਨਤ। ਘਰ ਬਣਾਉਣ ਨਾਲ ਸੰਬੰਧਿਤ ਕਾਇਦੇ-ਕਾਨੂੰਨ ਦੀ ਵੈਦਿਕ ਰੀਤੀ ਦੇ ਯਗ ਦੇ ਨਿਯਮਾਂ ਨਾਲੋਂ ਕਿਸੀ ਤਰ੍ਹਾਂ ਘੱਟ ਨਹੀਂ ਸੀ। ਉਸ ਨੇ ਆਪਣੇ ਇੰਜੀਨੀਅਰ ਮਿੱਤਰ ਕੋਲ ਦੋ ਵਾਰੀ-ਵਾਰੀ ਜਾ ਕੇ ਤੇ ਕਈ ਤਰ੍ਹਾਂ ਦੀ ਖੁਸ਼ਾਮਦਾਂ ਕਰ ਕੇ ਪਹਿਲਾਂ ਘਰ ਦਾ ਨਕਸ਼ਾ ਬਣਵਾਇਆ। ਇਹ ਕਾਫੀ ਲੰਮਾ ਕੰਮ ਸੀ ਕਿਉਂਕਿ ਘਰ ਦੇ ਨਕਸ਼ੇ ਉੱਤੇ ਉਹ ਸੁਭੱਦਰਾ ਦੀ ਰਜ਼ਾਮੰਦੀ ਚਾਹੁੰਦਾ ਸੀ। ਸੁਭੱਦਰਾ ਤੇ ਇੰਜੀਨੀਅਰ ਦਾ ਆਪਸ ਵਿਚ ਸਿੱਧਾ ਮੇਲ ਨਹੀਂ ਸੀ ਹੁੰਦਾ। ਇਸ ਲਈ ਸੁਭੱਦਰਾ ਦੀ ਰਾਏ ਉੱਤੇ ਇੰਜੀਨੀਅਰ ਦੀ ਵਿਆਖਿਆ ਤੇ ਸੁਧਾਈ, ਆਦਿ ਦੇ ਕਾਰਨ ਸਦਾਨੰਦ ਨੂੰ ਵਾਰ ਵਾਰ ਏਧਰੋਂ-ਓਧਰੋਂ ਤੇ ਓਧਰੋਂ-ਏਧਰ ਆਉਣਾ-ਜਾਣਾ ਪੈਂਦਾ ਸੀ। ਪੂਜਾ ਵਾਲੇ ਕਮਰੇ ਦੀ ਲੰਬਾਈ-ਚੌੜਾਈ, ਨਹਾਉਣ ਵਾਲੇ ਕਮਰੇ ਦੀ ਖਿੜਕੀ ਦੀ ਉੱਚਾਈ, ਰਸੋਈ ਤੇ ਬੈਠਕ ਦੇ ਆਪਸੀ ਫ਼ਾਸਲੇ ਬਾਰੇ ਸੁਭੱਦਰਾ ਦੀ ਨਿਸ਼ਚਿਤ ਰਾਏ ਸੀ ਅਤੇ ਉਸ ਨੂੰ ਨਕਸ਼ੇ ਵਿਚ ਦਰਸਾਉਣਾ ਇੰਜੀਨੀਅਰ ਦੀ ਅਕਲ ਲਈ ਇਕ ਬੜਾ ਇਮਤਿਹਾਨ ਸੀ।

ਜਿਸ ਦਿਨ ਇੰਜੀਨੀਅਰ ਕੋਲੋਂ ਨਕਸ਼ੇ ਦੀਆਂ ਦਸ ਕਾਪੀਆਂ ਲੈ ਕੇ ਸਦਾਨੰਦ ਘਰ ਆਇਆ, ਉਸ ਦੇ ਚਿਹਰੇ ਉੱਤੇ ਇੱਕ ਓਲੰਪਿਕ ਜੇਤੂ ਵਾਲੀ ਖ਼ੁਸ਼ੀ ਸੀ। ਨਕਸ਼ਾ ਹੱਥ ਵਿਚ ਲੈ ਕੇ ਸੁਭੱਦਰਾ ਦੇ ਉਹ ਕੁੱਝ ਦੇਰ ਲਗਾਤਾਰ ਵੇਖਦੇ ਰਹੇ। ਨਕਸ਼ਾ ਸੁਭੱਦਰਾ ਦੀ ਮਰਜ਼ੀ ਮੁਤਾਬਕ ਬਿਲਕੁਲ ਨਹੀਂ ਸੀ। ਘਰ ਦੀ ਐਲੀਵੇਸ਼ਨ ਨੂੰ ਇੰਜੀਨੀਅਰ ਨੇ ਰੁੱਖਾਂ-ਬੂਟਿਆਂ ਤੇ ਬਦੇਸ਼ੀ ਗੱਡੀਆਦਿ ਨਾਲ ਸਜਾ ਕੇ ਬੜਾ ਦਿਲਕਸ਼ ਬਣਾਇਆ ਹੋਇਆ ਸੀ। ਸਦਾਨੰਦ ਨੂੰ ਇਹ ਬਹੁਤ ਹੀ ਸੁੰਦਰ ਲੱਗ ਰਿਹਾ ਸੀ ਪਰ ਉਸ ਘਰ ਦੇ ਚਿੱਤਰ ਅੱਗੇ ਸਿਰਫ ਇਕ ਤੀਵੀਂ ਤੇ ਇਕ ਮਰਦ ਵਿਖਾਇਆ ਹੋਇਆ ਸੀ ਤੇ ਉਨ੍ਹਾਂ ਦੇ ਪੁੱਤਰ ਰੰਮੂੰ ਦੀ ਮੂਰਤ ਨਾ ਹੋਣ ਕਰਕੇ ਸੁਭੱਦਰਾ ਬਹੁਤ ਔਖੀ ਸੀ। ਓਦੋਂ ਅੱਗੇ ਤਾਂ ਸੁਭੱਦਰਾ ਨਕਸ਼ੇ ਦੇ ਕਮਰਿਆਂ ਵਿਚ ਕਿਹੜੀ ਸ਼ੈ ਕਿੱਥੇ ਰੱਖੀ ਜਾਏਗੀ ਤੇ ਕਿਸ ਕੰਧ ਵਿਚ ਕਿਸ ਥਾਂ ਕਿੰਨੀਆਂ ਵੱਡੀਆਂ ਕਿੱਲਾਂ ਲੱਗਣਗੀਆਂ, ਆਦਿ ਵਰਗੇ ਨੁਕਤਿਆਂ ਬਾਰੇ ਹੀ ਸੋਚਦੀ ਰਹੀ ਸੀ। ਜਦ ਸੁਭੱਦਰਾ ਨੇ ਪਾਣੀ ਦੇ ਨਲਕੇ ਫੇਰ ਗਿਣਨੇ ਸ਼ੁਰੂ ਕੀਤੇ ਤਾਂ ਸਦਾਨੰਦ ਓਥੋਂ ਉੱਠੇ ਗਿਆ ਸੀ।

ਸਦਾਨੰਦ ਜਿਸ ਪਟੜੇ ਉੱਤੇ ਬੈਠਦਾ ਸੀ, ਉਹ ਤਕਲੀਫ਼ ਦੇ ਰਿਹਾ ਸੀ, ਇਸ ਲਈ ਉਹ ਕੰਮ ਦੇਖਣ ਦੇ ਬਹਾਨੇ ਖੜ੍ਹਾ ਹੋ ਕੇ ਏਧਰ-ਓਧਰ ਘੁੰਮਣ ਲੱਗ ਪਿਆ। ਛਤਰੀ ਨੂੰ ਖੱਬੇ ਹੱਥ ਤੋਂ ਸੱਜੇ ਵੱਲ ਤੇ ਸੱਜੇ ਹੱਥ ਤੋਂ ਖੱਬੇ ਵੱਲ ਬਦਲਣ ਬਾਅਦ ਅਖ਼ੀਰ ਛਤਰੀ ਬੰਦ

ਕਰਕੇ ਪਾਸੇ ਧਰ ਦਿੱਤੀ ਤੇ ਆਪ ਕੁੱਝ ਦੇਰ ਧੁੱਪ ਵਿਚ ਹੀ ਖੜ੍ਹਾ ਰਿਹਾ। ਉਸ ਨੇ ਆਪਣੀ ਕਲਾਈ ਉੱਤੇ ਬੰਨ੍ਹੀ ਘੜੀ ਵੇਖੀ, ਦਿਨ ਅਜੇ ਕਾਫ਼ੀ ਪਿਆ ਸੀ। ਉਸ ਨੇ ਫੇਰ ਛਤਰੀ ਖੋਲ੍ਹ ਲਈ ਤੇ ਪਟੜੇ ਕੋਲ ਆ ਕੇ ਉਸ ਤੇ ਆਰਾਮ ਨਾਲ ਬੈਠਣ ਦੀ ਕੋਸ਼ਿਸ਼ ਕਰਨ ਲੱਗਾ। ਠੇਕੇਦਾਰ ਸਦਾਨੰਦ ਦੇ ਮਨ ਦੀ ਹਾਲਤ ਚੰਗੀ ਤਰ੍ਹਾਂ ਸਮਝਦਾ ਸੀ ਤੇ ਉਸ ਦੀ ਨਬਜ਼ ਪਛਾਣਦਾ ਸੀ। ਉਹ ਸਮਝ ਚੁੱਕਾ ਸੀ ਕਿ ਸਦਾਨੰਦ ਦੀ ਉਸ ਦਿਨ ਦੀ ਹਿੰਮਤ ਤੇ ਉਤਸ਼ਾਹ ਮੁੱਕ ਚੁੱਕੇ ਹਨ। ਇਸ ਨੂੰ ਠੀਕ ਵਕਤ ਸਮਝ ਕੇ ਕਿਤੋਂ ਚਾਹ ਮੰਗਵਾ ਕੇ ਸਦਾਨੰਦ ਨੂੰ ਪੀਣ ਲਈ ਦਿੱਤੀ।

ਚਾਹ ਪੀਂਦਿਆਂ ਸਦਾਨੰਦ ਨੇ ਮਨ ਹੀ ਮਨ ਵਿਚ ਠੇਕੇਦਾਰ ਨੂੰ ਇਕ ਸੱਚਾ ਤੇ ਈਮਾਨਦਾਰ ਬੰਦਾ ਹੋਣ ਦਾ ਸਰਟੀਫ਼ਿਕੇਟ ਦਿੱਤਾ ਤੇ ਖ਼ਾਲੀ ਕਪ ਹੇਠਾਂ ਰੱਖਦਿਆਂ ਆਪਣੇ ਆਪ ਨੂੰ ਕੁਝ ਤਾਜ਼ਾ-ਤਾਜ਼ਾ ਮਹਿਸੂਸ ਕਰਨ ਲੱਗਾ। ਹੁਣ ਉਸ ਨੇ ਘਰ ਦੀ ਗੱਲ ਯਾਦ ਕਰਨ ਦੀ ਕੋਸ਼ਿਸ਼ ਕੀਤੀ। ਬੇਸ਼ੱਕ ਸੁਭੱਦਰਾ ਘਰ ਦੇ ਹਾਲਾਤ ਤੋਂ ਲਾਪਰਵਾਹ ਨਹੀਂ ਸੀ। ਸੁਭੱਦਰਾ ਆਪਣਾ ਸਾਰਾ ਵਕਤ ਘਰ ਚਲਾਉਣ, ਪੂਜਾ ਕਰਨ ਅਤੇ ਘਰ ਨੂੰ ਤੇ ਆਪਣੇ ਆਪ ਨੂੰ ਸਾਫ਼-ਸੁਥਰਾ ਰੱਖਣ ਵਿਚ ਹੀ ਬਿਤਾ ਦੇਂਦੀ ਸੀ। ਇਸ ਤੋਂ ਇਲਾਵਾ ਸੁਭੱਦਰਾ ਆਪਣੇ ਪਤੀ ਦੀ ਬੜੀ ਸਖ਼ਤ ਅਲੋਚਕ ਵੀ ਸੀ ਉਹ ਜੋ ਵੀ ਕੰਮ ਕਰਦਾ, ਸੁਭੱਦਰਾ ਨੂੰ ਉਸ ਵਿਚ ਨੁਕਸ ਹੀ ਨੁਕਸ ਦਿਖਾਈ ਦਿੰਦੇ ਸਨ। ਇਸ ਲਈ ਸਦਾਨੰਦ ਨੂੰ ਹਰ ਵੇਲੇ ਸੁਭੱਦਰਾ ਦੇ ਉਪਦੇਸ਼ ਹੀ ਸੁਣਨੇ ਪੈਂਦੇ ਸਨ। ਸਦਾਨੰਦ ਸਵੇਰੇ ਉੱਠ ਕੇ ਆਪਣੀ ਚਾਹ ਬਣਾਉਂਦਾ। ਜੇ ਸੁਭੱਦਰਾ ਦੀ ਨੀਂਦਰ ਅਚਾਨਕ ਖੁੱਲ੍ਹ ਜਾਂਦੀ ਤਾਂ ਉਹ ਸਦਾਨੰਦ ਨੂੰ ਬਹੁਤੀ ਖੰਡ ਪਾਉਣ ਬਾਰੇ ਡਾਕਟਰ ਦਾ ਉਪਦੇਸ਼ ਯਾਦ ਕਰਵਾਉਂਦੀ। ਇਸੇ ਤਰ੍ਹਾਂ ਸਾਰਾ ਦਿਨ ਨਹਾਉਣ ਦੇ ਪਾਣੀ ਦੀ ਮਾਤਰਾ, ਪਾਈ ਹੋਈ ਕਮੀਜ਼ ਦੇ ਰੰਗ ਦਾ ਮੇਲ ਜਾਂ ਅਣਮੇਲ, ਉਸ ਦਿਨ ਆਫ਼ਿਸ ਜਾਣ ਵੇਲੇ ਛਤਰੀ ਨਾਲ ਲਿਜਾਣ ਦੇ ਲੋੜ ਦੇ ਮਸਲੇ ਨੂੰ ਲੈ ਕੇ ਸੁਭੱਦਰਾ ਕੋਲੋਂ ਛੰਦ ਸੁਣਨੇ ਪੈਂਦੇ ਸਨ। ਇਹ ਸਭ ਕੁਝ ਸੁਣਨ ਤੋਂ ਬਾਅਦ ਅਣਸੁਣਿਆ ਕਰਨ ਦੀ ਕੋਸ਼ਿਸ਼ ਕਰਕੇ ਵੀ, ਉਹ ਕਾਮਯਾਬ ਨਹੀਂ ਸੀ ਹੁੰਦਾ ਅਤੇ ਇਸੇ ਕਰਕੇ, ਆਮ ਤੌਰ ਉੱਤੇ, ਸਦਾਨੰਦ ਸਿਰਫ਼ ਪਰਿਵਾਰਿਕ ਜੀਵਨ ਤੋਂ ਹੀ ਨਹੀਂ, ਸਗੋਂ ਸਾਰੇ ਜੀਵਨ ਤੋਂ ਹੀ ਬੇਮੁੱਖ ਹੋ ਜਾਂਦਾ ਸੀ।ਘਰ ਉਸ ਦੇ ਜੀਵਨ ਦੇ ਹਰ ਕੰਮ ਦੀ ਤਰ੍ਹਾਂ ਇਹ ਕਲਪਿਤ ਘਰ ਵੀ ਸੁਭੱਦਰਾ ਦੀ ਇੱਛਾ ਉੱਤੇ ਪੂਰਾ ਨਹੀਂ ਸੀ ਉਤਰਦਾ। ਇਹ ਵੱਖਰੇ ਧਰਮ ਦੇ ਬੰਦੇ ਕੋਲੋਂ ਜ਼ਮੀਨ ਖਰੀਦਣ ਉੱਤੇ ਉਸ ਨੂੰ ਧਾਰਮਿਕ ਇਤਰਾਜ਼ ਸੀ। ਇਸੇ ਤਰ੍ਹਾਂ ਜ਼ਮੀਨ ਦੀ ਲੰਬਾਈ-ਚੌੜਾਈ

ਬਾਰੇ ਵੀ ਉਸ ਦੀ ਸੁਹਜਮਈ ਬਿਰਤੀ ਸੰਤੁਸ਼ਟ ਨਹੀਂ ਸੀ। ਇਸ ਲਈ ਕੋਈ ਹੋਰ ਜ਼ਮੀਨ ਖ਼ਰੀਦਣ ਬਾਰੇ ਸਦਾਨੰਦ ਨੂੰ ਕਹਿੰਦੀ ਰਹਿੰਦੀ ਸੀ। ਪਰ ਜਦੋਂ ਸਦਾਨੰਦ ਨੇ ਉਸੇ ਜ਼ਮੀਨ ਉੱਤੇ ਘਰ ਬਣਾਉਣ ਲਈ ਨਕਸ਼ਾ ਬਣਵਾਉਣ ਦੀ ਤਿਆਰੀ ਕਰ ਲਈ, ਤਾਂ ਸੁਭੱਦਰਾ ਨੇ ਸੋਚਿਆ ਕਿ ਸਦਾਨੰਦ ਤਾਂ ਨਿਕੰਮਾ ਬੰਦਾ ਹੈ ਤੇ ਉਸ ਦੀ ਕੋਈ ਗੱਲ ਵੀ ਮੰਨਣ ਦੀ ਕੋਸਿਸ਼ ਨਹੀਂ ਕਰਦਾ, ਸੋ ਉਸ ਨੇ ਇਸੇ ਗੱਲ ਨੂੰ ਸਦਾਨੰਦ ਨਾਲ ਤੂੰ-ਤੂੰ, ਮੈਂ-ਮੈਂ ਦਾ ਬਹਾਨਾ ਬਣਾ ਲਿਆ। ਘਰ ਬਣਾਉਣ ਦੇ ਉੱਦਮ ਪਿੱਛੇ ਸਦਾਨੰਦ ਨੂੰ ਕਈ ਦਫ਼ਤਰਾਂ ਦੇ ਗੇੜੇ ਮਾਰਨੇ ਪੈਂਦੇ ਸਨ ਤੇ ਉਨ੍ਹਾਂ ਨਾਲ ਝਗੜਾ ਵੀ ਮੁੱਲ ਲੈਣਾ ਪੈਂਦਾ ਸੀ। ਇਸ ਦੇ ਨਾਲ ਹੀ ਘਰ ਵਾਲੇ ਯੁੱਧ ਦਾ ਸਾਹਮਣਾ ਵੱਖਰਾ ਕਰਨਾ ਪੈਂਦਾ ਸੀ। ਇਸ ਘਰੇਲੂ ਯੁੱਧ ਵਿਚ ਸਦਾਨੰਦ ਨੂੰ ਹਮੇਸ਼ਾਂ ਹਾਰ ਵੀ ਮੰਨਣੀ ਪੈਂਦੀ ਸੀ ਕਿਉਂਕਿ ਸੁਭੱਦਰਾ ਕਿਸੇ ਅਜਿਹੇ ਹਥਿਆਰ ਦੀ ਵਰਤੋਂ ਕਰਦੀ ਸੀ ਜਿਸ ਦੇ ਸਾਹਮਣੇ ਸਦਾਨੰਦ ਨੂੰ ਚੁਪ ਧਾਰਨੀ ਪੈਂਦੀ ਸੀ। ਸੁਭੱਦਰਾ ਅਕਸਰ ਕਹਿ ਦੇਂਦੀ, "ਮੈਂ ਉਸ ਘਰ ਵਿਚ ਨਹੀਂ ਰਹਿਣਾ" ਤੇ ਇਹ ਗੱਲ ਸਦਾਨੰਦ ਲਈ ਅਖ਼ੀਰਲੀ ਗੱਲ ਹੁੰਦੀ ਸੀ। ਏਸ ਲਈ ਵਿਚਾਰਾ ਸਦਾਨੰਦ ਚੁੱਪ ਹੋ ਜਾਂਦਾ ਸੀ।

ਸਦਾਨੰਦ ਦੀ ਜ਼ਿੰਦਗੀ ਵਿਚ ਦੂਜਾ ਦੁੱਖ ਸੀ ਰੰਮੂੰ। ਉਮਰ ਵਧਣ ਦੇ ਨਾਲ-ਨਾਲ ਸਦਾਨੰਦ ਦਾ ਪੁੱਤਰ ਰੰਮੂੰ ਵੀ ਆਪਣੇ ਪਿਓ ਤੋਂ ਬਹੁਤ ਦੂਰ ਹੋ ਗਿਆ ਸੀ ਤੇ ਬਿਲਕੁਲ ਬਿਗਾਨਾ ਹੋ ਗਿਆ ਸੀ। ਰੰਮੂੰ ਸਦਾਨੰਦ ਦੀ ਇੱਕੋ-ਇੱਕ ਔਲਾਦ ਹੋਣ ਕਾਰਨ ਪਿਓ ਵੱਲੋਂ ਪਿਆਰ ਦੀ ਕੋਈ ਘਾਟ ਨਹੀਂ ਸੀ ਰਹਿ ਗਈ। ਕਾਲਜ ਵਿਚ ਪੜ੍ਹਦਿਆਂ ਹੀ ਰੰਮੂੰ ਨੇ ਮਨ ਵਿਚ ਆਪਣਾ ਇਕ ਅਲੱਗ ਘਰ ਬਣਾ ਲਿਆ ਸੀ ਜਿਸ ਵਿਚ ਉਸ ਦੇ ਮਾਤਾ-ਪਿਤਾ, ਸਦਾਨੰਦ ਤੇ ਸੁਭੱਦਰਾ ਲਈ, ਕੋਈ ਥਾਂ ਨਹੀਂ ਸੀ। ਕਾਲਜ ਵਿਚ ਪੜ੍ਹਦਿਆਂ ਰੰਮੂੰ ਕਿਸੇ ਰਾਜਨੀਤਿਕ ਸੰਸਥਾ ਨਾਲ ਜੁੜ ਗਿਆ ਸੀ, ਤੇ ਇਹ ਗੱਲ ਉਸ ਦੇ ਪਿਤਾ ਸਦਾਨੰਦ ਨੂੰ ਬਿਲਕੁਲ ਪਸੰਦ ਨਹੀਂ ਸੀ। ਸੋ ਰੰਮੂੰ ਨੇ ਆਪਣੇ ਪਿਤਾ ਨਾਲੋਂ ਸਾਰੇ ਸੰਬੰਧ ਤੋੜ ਲਏ ਸਨ। ਇਸ ਤੋਂ ਬਾਅਦ ਉਹ ਧਰਮ ਪਰਾਇਣ ਹੋ ਗਿਆ ਤੇ ਤਰ੍ਹਾਂ-ਤਰ੍ਹਾਂ ਦੇ ਸੰਤਾਂ-ਸਾਧੂਆਂ ਦੇ ਕੋਲ ਜਾ ਕੇ ਵਕਤ ਨਸ਼ਟ ਕਰਨ ਲਗ ਪਿਆ। ਰੰਮੂੰ ਦੀ ਰਾਜਨੀਤੀ ਵਾਂਗ, ਸਦਾਨੰਦ ਨੂੰ ਉਸ ਦੀ ਧਰਮ-ਪਰਾਇਣਤਾ ਵੀ ਬਿਲਕੁਲ ਪਸੰਦ ਨਹੀਂ ਸੀ। ਹੁਣ ਰੰਮੂੰ ਨੌਕਰੀ ਕਰਨ ਲਗ ਪਿਆ ਸੀ ਪਰ ਇਸ ਨੌਕਰੀ ਤੋਂ ਉਸ ਨੂੰ ਕਿੰਨੀ ਕੁ ਆਮਦਨ ਹੁੰਦੀ ਸੀ, ਇਸ ਬਾਰੇ ਉਹ ਕਦੀ ਕਿਸੇ ਨਾਲ ਗੱਲ ਨਹੀਂ ਸੀ ਕਰਦਾ। ਉਹ ਮਹੀਨੇ ਦੇ ਪਹਿਲੇ ਹਫ਼ਤੇ ਵਿਚ ਕੁੱਝ ਪੈਸੇ

ਸੁਭੱਦਰਾ ਨੂੰ ਦੇ ਦਿੰਦਾ, ਜਿਵੇਂ ਘਰ ਵਿਚ ਉਹ ਪਰਾਹੁਣਾ ਹੋਵੇ ਤੇ ਜਾਂ ਫੇਰ ਪੇਇੰਗ ਗੈਸਟ ਹੋਵੇ। ਕਈ ਸਾਲ ਪਹਿਲਾਂ ਹੀ ਸਦਾਨੰਦ ਤੇ ਸੁਭੱਦਰਾ ਰੰਮੂੰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਵਿਚ ਅਸਫਲ ਰਹੇ ਸਨ ਤੇ ਹੁਣ ਉਨ੍ਹਾਂ ਨੇ ਇਹ ਕੋਸ਼ਿਸ਼ ਕਰਨੀ ਹੀ ਛੱਡ ਦਿੱਤੀ ਸੀ। ਉਨ੍ਹਾਂ ਨੂੰ ਹੁਣ ਇਹ ਡਰ ਸੀ ਕਿ ਜੇ ਰੰਮੂੰ ਨੂੰ ਇਸ ਬਾਰੇ ਜ਼ਿਆਦਾ ਜ਼ੋਰ ਪਾਇਆ ਤਾਂ ਉਹ ਕਿਤੇ ਘਰ ਛੱਡ ਕੇ ਹੀ ਨਾ ਨਿਕਲ ਜਾਏ।

ਸਦਾਨੰਦ ਚਾਹੁੰਦਾ ਸੀ ਕਿ ਰੰਮੂੰ ਉਸ ਦੀ ਘਰ ਬਣਾਉਣ ਵਾਲੀ ਯੋਜਨਾ ਵਿਚ ਦਿਲ ਲਾ ਕੇ ਉਸ ਦੀ ਮਦਦ ਕਰੇ, ਪਰ ਉਹ ਇਸ ਤੋਂ ਕੋਹਾਂ ਦੂਰ ਰਹਿੰਦਾ ਸੀ। ਕਾਫ਼ੀ ਹਿੰਮਤ ਕਰ ਕੇਸਦਾਨੰਦ ਇਕ ਵਾਰੀ ਰੰਮੂੰ ਨੂੰ ਨਕਸ਼ਾ ਦਿਖਾਉਣ ਵਿਚ ਕਾਮਯਾਬ ਹੋ ਗਿਆ, ਪਰ ਰੰਮੂੰ ਨੇ ਨਕਸ਼ੇ ਵੱਲ ਕੋਈ ਧਿਆਨ ਨਾ ਦਿੱਤਾ ਤੇ ਦੇਖਣ ਤੋਂ ਬਾਅਦ ਸਿਰਫ "ਹੂੰ" ਕਹਿ ਕੇ ਉੱਠ ਗਿਆ। ਘਰ ਦੇ ਇਸ ਨਕਸ਼ੇ ਵਿਚ ਸਦਾਨੰਦ ਨੇ ਰੰਮੂ ਲਈ ਇਕ ਅਲੱਗ ਕਮਰਾ ਰੱਖਿਆ ਸੀ। ਆਪਣੇ ਕਮਰਿਆਂ ਤੋਂ ਉਸ ਕਮਰੇ ਵੱਲ ਖਿੜਕੀ, ਦਰਵਾਜੇ ਤੇ ਬਰਾਂਡੇ ਤੋਂ ਸੰਪਰਕ ਬਣਦਾ ਸੀ, ਪਰ ਸਦਾਨੰਦ ਜਾਣਦਾ ਸੀ ਕਿ ਜੇ ਕਦੀ ਰੰਮੂੰ ਉਨ੍ਹਾਂ ਨਾਲ ਰਹਿਣ ਲਈ ਤਿਆਰ ਹੋ ਗਿਆ ਤਾਂ ਵੀ ਉਹ ਖਿੜਕੀਆਂ ਤੇ ਦਰਵਾਜ਼ੇ ਬੰਦ ਕਰ ਕੇ ਆਪਣੇ ਆਪ ਨੂੰ ਉਨ੍ਹਾਂ ਤੋਂ ਅਲੱਗ ਕਰ ਲਵੇਗਾ। ਰੰਮੂੰ ਨੇ ਵਿਆਹ ਤੋਂ ਸਾਫ਼ ਨਾਂਹ ਕਰ ਦਿੱਤੀ ਸੀ ਅਤੇ ਘਰ ਵਸਾਉਣ ਦੀ ਉਸ ਦੀ ਕੋਈ ਯੋਜਨਾ ਨਹੀਂ ਸੀ। ਕਈ ਵਾਰੀ ਰੰਮੂੰ ਕਿਸੇ ਆਸ਼ਰਮ ਵਿਚ ਵੀ ਕੁਝ ਵਕਤ ਬਿਤਾ ਕੇ ਆਉਂਦਾ ਸੀ। ਕਈ ਵਾਰੀ ਸਦਾਨੰਦ ਨੂੰ ਡਰ ਲਗਦਾ ਸੀ ਕਿ ਕਿਤੇ ਰੰਮੂੰ ਘਰ ਛੱਡ ਕੇ ਹੀ ਨਾ ਚਲਿਆ ਜਾਏ ਕਿਉਂਕਿ ਰੰਮੂੰ ਦੇ ਮਨ ਵਿਚ ਇਕ ਫ਼ਕੀਰੀ ਨਸ਼ਾ ਸੀ।

ਲਕੜੀ ਦੇ ਫੱਟੇ ਦੇ ਬੇਢੰਗੇ ਆਸਣ ਉੱਤੇ ਬੈਠਿਆਂ ਛੁੱਟੀ ਵਾਲੇ ਦਿਨ ਦੀ ਸਿਖਰ ਦੁਪਹਿਰ ਨੂੰ ਘਰ ਦੀ ਹਾਲਤ ਬਾਰੇ ਸੋਚਦੇ ਸੋਚਦੇ ਸਦਾਨੰਦ ਦਾ ਗੱਚ ਭਰ ਗਿਆ। ਉਸ ਨੂੰ ਮਿਹਨਤ ਦੇ ਕਸ਼ਟ ਨਾਲ ਬਣ ਰਿਹਾ ਇਹ ਘਰ ਇਕ ਤਮਾਸ਼ਾ ਜਿਹਾ ਹੀ ਲਗ ਰਿਹਾ ਸੀ। ਉਸ ਨੂੰ ਨੌਕਰੀ ਤੋਂ ਰਿਟਾਇਰ ਹੋਣ ਲਈ ਕੁੱਝ ਹੀ ਸਾਲ ਰਹਿ ਗਏ ਸਨ ਅਤੇ ਉਸ ਦੇ ਬਾਅਦ ਜ਼ਿੰਦਗੀ ਦੀ ਆਸ ਹੋਰ ਇਕ-ਦੋ ਦਸ਼ਕ ਹੋਵੇਗੀ। ਉਸ ਦੇ ਮਨ ਵਿਚ ਕਈ ਸੁਆਲ ਉੱਠਦੇ ਰਹਿੰਦੇ। ਕਿਸੇ ਲਈ ਹੈ 'ਇਹ ਪੱਕੀ ਨੀਂਹ ਤੇ ਠੀਕ ਮਾਤਰਾ ਵਿੱਚ ਰੇਤ ਤੇ ਸੀਮੈਂਟ ਨਾਲ ਚਿਣੀਆਂ ਕੰਧਾਂ ਨਾਲ ਬਣਿਆ ਘਰ ? ਕਿਸ ਦੇ ਲਈ ਹਨ ਦਰਵਾਜ਼ੇ, ਖਿੜਕੀਆਂ, ਤਾਕ, ਕੁਰਸੀਆਂ ਰੱਖਣ ਦੀਆਂ ਥਾਵਾਂ ਅਤੇ ਇੰਨੇ ਸਾਰੇ ਨਲਕੇ? ਇਸ ਘਰ ਦੀ ਕਿਸੇ ਵੀ

ਇੱਟ ਨਾਲ ਸਹਿਯੋਗ ਨਾ ਕਰਨ ਵਾਲੀ ਆਪਣੀ ਪਤਨੀ ਲਈ ਜਾਂ ਆਸ਼ਰਮਾਂ ਵਿਚ ਆਪਣੇ ਪੈਰ ਰੱਖਣ ਵਾਲੇ ਆਪਣੇ ਨਾਲਾਇਕ ਮੁੰਡੇ ਲਈ ? ਕੀ ਲਾਭ ਜਾਂ ਹਾਨੀ ਹੈ ਜੇ ਸਾਰੀਆਂ ਕੰਧਾਂ ਅੱਠਾਂ-ਦਸਾਂ ਵਰ੍ਹਿਆਂ ਦੇ ਵਿਚ ਢੱਠ ਜਾਣ ? ਕਿਸ ਪ੍ਰਾਪਤੀ ਦੀ ਆਸ ਵਿਚ ਸਵੇਰੇ ਸ਼ਾਮ, ਵਕਤ-ਬੇਵਕਤ ਛੁੱਟੀ ਦੇ ਦਿਨਾਂ ਵਿਚ ਸਿਖਰ ਦੁਪਹਿਰ ਨੂੰ ਘਰ ਦੀ ਲੰਮੀ ਉਮਰ ਲਈ ਉਸ ਦੀ ਇਹ ਮਿਹਨਤ ਕਿਸ ਕੰਮ ਹੈ ? ਇਨਸਾਨ ਨੂੰ ਕਿੰਨੀ ਕੁ ਜ਼ਮੀਨ ਚਾਹੀਦੀ ਹੈ?

ਜਦੋਂ ਸਦਾਨੰਦ ਛਤਰੀ ਬੰਦ ਕਰਕੇ ਉੱਠਿਆ, ਧੁੱਪ ਘਟ ਗਈ ਸੀ। ਉਹ ਉਸ ਪੱਥਰ ਕੋਲ ਗਿਆ ਜਿਥੇ ਮਿਸਤਰੀ ਕੰਮ ਕਰ ਰਿਹਾ ਸੀ ਅਤੇ ਬੇਦਿਲ ਜਿਹਾ ਹੋ ਕੇ ਆਪਣੀ ਮੁੱਠੀ ਵਿਚ ਥੋੜ੍ਹਾ ਜਿਹਾ ਰੇਤ ਮਿਲਿਆ ਸੀਮੈਂਟ ਚੁੱਕ ਲਿਆ। ਉਸ ਨੇ ਮੁੱਠੀ ਕੁੱਝ ਢਿੱਲੀ ਕੀਤੀ ਤੇ ਵਕਤ ਦੀ ਸਾਰੀ ਰੇਤ ਹੌਲੀ-ਹੌਲੀ ਉਸ ਦੀ ਮੁੱਠੀ ਵਿੱਚੋਂ ਕਿਰਨ ਲਗ ਪਈ। ਉਸ ਨੇ ਠੰਢਾ ਸਾਹ ਲੈ ਕੇ ਘਰ ਵਾਪਸ ਜਾਣ ਲਈ ਪੈਰ ਚੁੱਕਿਆ ਹੀ ਸੀ ਕਿ ਠੇਕੇਦਾਰ ਉਸ ਦੇ ਅੱਗੇ ਆ ਕੇ ਖੜ੍ਹਾ ਹੋ ਗਿਆ। ਠੇਕੇਦਾਰ ਵੱਲ ਕੁਝ ਚਿਰ ਵੇਖਦੇ ਰਹਿਣ ਤੋਂ ਬਾਅਦ ਸਦਾਨੰਦ ਨੇ ਕਿਹਾ, "ਮੈਂ ਕੱਲ੍ਹ ਠੀਕ ਸਾਢੇ ਅੱਠ ਵਜੇ ਆ ਜਾਵਾਂਗਾ। ਰੇਤ ਤੇ ਸੀਮੈਂਟ ਦੀ ਮਾਤਰਾ ਠੀਕ ਰਹਿਣੀ ਚਾਹੀਦੀ।

****

# ਨਾਤਾ

ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਲੰਡਨ ਵਿਚ ਏਨੀ ਕੜਾਕੇਦਾਰ ਠੰਢ ਪੈਂਦੀ ਹੈ ਤਾਂ ਕਦੀ ਵੀ ਵਲੈਤ ਨਾ ਆਉਂਦਾ ਅਤੇ ਬੀ.ਬੀ.ਸੀ. ਕੋਲੋਂ ਟਿਕਟ ਦੇ ਪੈਸੇ ਹੀ ਲੈ ਲੈਂਦਾ। ਮੈਂ ਸੋਚਦਾ ਸੀ ਕਿ ਵਲੈਤ ਦੀ ਠੰਢ ਸਾਡੇ ਦੇਸ਼ ਦੀ ਵੱਧ ਤੋਂ ਵੱਧ ਠੰਢ ਨਾਲੋਂ ਥੋੜ੍ਹੀ ਬਹੁਤ ਹੀ ਜ਼ਿਆਦਾ ਹੋਵੇਗੀ। ਪਰ ਇਹ ਠੰਢ ਤਾਂ ਬਿਲਕੁਲ ਹੀ ਅਲਗ ਤਰ੍ਹਾਂ ਦੀ ਸੀ ਤੇ ਸਿਰਫ ਸਰੀਰ ਦਾ ਖੂਨ-ਮਾਸ ਹੀ ਨਹੀਂ ਬਲਕੀ ਹੱਡੀਆਂ ਨੂੰ ਵੀ ਚੀਰ ਕੇ ਆਤਮਾ ਦੇ ਧੁਰ ਅੰਦਰ ਤੀਕ ਵੜ ਜਾਂਦੀ ਸੀ। ਘੁੰਮਣ-ਫਿਰਨ ਦੀ ਗੱਲ ਤਾਂ ਕਿਤੇ ਰਹੀ, ਮੇਰਾਂ ਤਾਂ ਠੰਢ ਕਰਕੇ ਘਰੋਂ ਬਾਹਰ ਪੈਰ ਧਰਨ ਨੂੰ ਵੀ ਜੀ ਨਹੀਂ ਸੀ ਕਰਦਾ। ਮੈਂ ਤਾਂ ਇਹੀ ਸੋਚਦਾ ਰਹਿੰਦਾ ਸਾਂ ਕਿ ਇਹ ਦਸ ਦਿਨ ਛੇਤੀ ਕਿਵੇਂ ਗੁਜ਼ਰਨ ਤੇ ਮੈਂ ਫੇਰ ਆਪੇ ਪਿੰਡ ਜਾ ਪਹੁੰਚਾਂ। ਬੋਬੀ ਤਾਂ ਏਥੋਂ ਤੱਕ ਡਰਾ ਰਿਹਾ ਸੀ ਕਿ ਕੁਝ ਦਿਨਾਂ ਪਿੱਛੋਂ ਇਸ ਨਾਲੋਂ ਵੀ ਵੱਧ ਠੰਢ ਉਤਰ ਆਵੇਗੀ। ਇਸ ਲਈ ਮੈਨੂੰ ਬਹੁਤ ਘਬਰਾਹਟ ਸੀ।

ਲੰਡਨ ਦੇ ਹੀਥਰੋ ਏਅਰਪੋਰਟ ਤੇ ਪੈਰ ਰਖਦਿਆਂ ਹੀ ਮੈਂ ਠੰਢ ਤੋਂ ਘਬਰਾ ਗਿਆ ਸਾਂ। ਵਿਦੇਸ਼ ਯਾਤਰਾ ਦਾ ਇਹ ਮੇਰਾ ਪਹਿਲਾ ਅਨੁਭਵ ਸੀ। ਹਵਾਈ ਜਹਾਜ਼ ਵਿੱਚ ਵੜਨ ਵੇਲੇ ਤਾਂ ਮੇਰੇ ਦਿਲ ਵਿੱਚ ਖ਼ੁਸ਼ੀ ਤੇ ਉਤਸ਼ਾਹ ਸੀ, ਪਰ ਲਗਾਤਾਰ ਦਸ ਘੰਟੇ ਇਸ ਵਿਚ ਖੜ੍ਹੇ ਰਹਿਣ ਕਰਕੇ ਮੇਰਾ ਸਾਰਾ ਚਾਉ ਮੱਠਾ ਪੈ ਗਿਆ ਸੀ। ਉਪਰੰਤ ਬ੍ਰਿਟਿਸ਼ ਇੰਮੀਗ੍ਰੇਸ਼ਨ ਦੇ ਰੁੱਖ ਅਨੁਭਵ ਦੇ ਬਾਅਦ ਮੈਂ ਏਅਰਪੋਰਟ ਦੇ ਬਾਹਰ ਆ ਕੇ ਖੁੱਲ੍ਹੀ ਹਵਾ ਵਿਚ ਖੜ੍ਹਾ ਹੋਇਆ ਹੀ ਸਾਂ ਕਿ ਵਲੈਤ ਦੀ ਠੰਢ ਨੇ ਇਕਦਮ ਮੇਰੇ ਉੱਤੇ ਧਾਵਾ ਬੋਲ ਦਿੱਤਾ। ਬੌਬੀ, ਜਿਸ ਦੇ ਸੱਦੇ ਉੱਤੇ ਮੈਂ ਏਥੇ ਆਇਆ ਸਾਂ, ਬਾਹਰ ਖੜ੍ਹਾ ਮੇਰੀ ਉਡੀਕ ਕਰ ਰਿਹਾ ਸੀ। ਪਰ ਇਸ ਵੇਲੇ ਉਸ ਨਾਲ ਮੇਰੀ ਮਿਲਣੀ ਖੁਸ਼ੀ ਦੀ ਨਹੀਂ ਸਗੋਂ ਤਸੱਲੀ ਦੀ ਸੂਚਕ ਸੀ।

ਬੌਬੀ ਦੇ ਕਹਿਣ ਉੱਤੇ ਮੈਂ ਸਿਰਫ ਇਕ ਦੋ ਵਾਰੀ ਹੀ ਘੁੰਮਣ ਫਿਰਨ ਲਈ ਬਾਹਰ ਨਿਕਲਿਆ ਸਾਂ। ਉਸ ਦੇ ਬਾਅਦ ਮੌਸਮ ਦੇਖ ਕੇ ਮਕਾਨ ਵਿਚ ਹੀ ਬੰਦ ਰਹਿੰਦਾ ਅਤੇ ਖਿੜਕੀਆਂ ਵਿੱਚੋਂ ਹੀ ਲੋਕਾਂ ਦੀ ਆਵਾਜਾਈ ਵੇਖ ਕੇ ਵਲੈਤ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਪਰ ਸਵੇਰੇ ਦਸ ਵਜੇ ਦੇ ਪਿੱਛੋਂ ਸੜਕ ਉੱਤੇ ਲੋਕਾਂ ਦੀ ਆਵਾਜਾਈ ਘੱਟ ਹੋ ਜਾਂਦੀ ਸੀ ਅਤੇ ਉਸ ਦੇ ਬਾਅਦ ਮੈਂ ਇਹ ਫੈਸਲਾ ਨਹੀਂ ਸਾਂ ਕਰ ਸਕਦਾ ਕਿ ਮੈਂ ਇਕੱਲਾ ਬੈਠਾ ਕੀ ਕਰਾਂ। ਕਮਰੇ ਵਿਚ ਰੱਖੇ ਹੋਏ ਰੇਡੀਓ, ਟੈਲੀਵਿਜ਼ਨ, ਵਾਸ਼ਿੰਗ ਮਸ਼ੀਨ ਵਰਗੀਆਂ ਮਸ਼ੀਨਾਂ ਨੂੰ

ਬੜੇ ਧਿਆਨ ਨਾਲ ਦੇਖਦਾ ਤੇ ਫੇਰ ਖਾਣਾ ਬਣਾਉਣ ਵਿਚ ਰੁਝ ਜਾਂਦਾ। ਸਵੇਰੇ ਨਾਸ਼ਤੇ ਦੇ ਨਾਮ ਤੇ ਬੌਬੀ ਜਿਹੜੀਆਂ ਚੀਜ਼ਾਂ ਬਣਾਉਂਦਾ ਸੀ, ਉਸ ਨਾਲ ਮੇਰੀ ਸੰਤੁਸ਼ਟੀ ਨਹੀਂ ਸੀ ਹੁੰਦੀ, ਇਸ ਲਈਅਲਮਾਰੀ ਵਿੱਚੋਂ ਦਾਲ, ਚਾਵਲ ਤੇ ਮਸਾਲੇ ਕੱਢ ਕੇ ਦਾਲ ਤੇ ਚਾਵਲ ਬਣਾਉਂਦਾ, ਹਾਲਾਂਕਿ ' ਮੈਨੂੰ ਖਾਣਾ ਪਕਾਉਣ ਦਾ ਵੱਲ ਨਹੀਂ ਸੀ ਆਉਂਦਾ ਅਤੇ ਸਬਜ਼ੀ ਵਿਚ ਲੂਣ ਘੱਟ-ਵੱਧ ਹੈ ਜਾਂਦਾ ਸੀ, ਫੇਰ ਵੀ ਇਹ ਖਾਣਾ ਮੈਨੂੰ ਬੌਬੀ ਦੇ ਖਾਣੇ ਨਾਲੋਂ ਚੰਗਾ ਲਗਦਾ ਸੀ।

ਬੌਬੀ ਹਰ ਰੋਜ਼ ਤਕਰੀਬਨ ਸਾਢੇ ਪੰਜ ਵਜੇ ਘਰ ਆਉਂਦਾ। ਉਹ ਸੋਚਦਾ ਕਿ ਮੈਂ ਸਾਰਾ ਦਿਨ ਘਰ ਵਿਚ ਇਕੱਲਾ ਬੈਠਾ-ਬੈਠਾ ਬੋਰ ਹੋ ਜਾਂਦਾ ਹੋਵਾਂਗਾ, ਇਸ ਲਈ ਉਹ ਬਾਹਰ ਕਿਤੇ ਨਹੀਂ ਸੀ ਜਾਂਦਾ ਤੇ ਨਿਤ ਸ਼ਾਮੀਂ ਮੇਰੇ ਨਾਲ ਗੱਲਾਂ ਕਰ ਕੇ ਅਤੇ ਮੇਰਾ ਹਾਲ ਪੁੱਛ-ਪੁਛਾਉਣ ਵਿਚ ਹੀ ਵਕਤ ਬਿਤਾ ਦੇਂਦਾ। ਉਸ ਦੀ ਗੱਲਬਾਤ, ਆਮ ਤੌਰ ਉੱਤੇ, ਉਸ ਦੇ ਮਕਾਨ ਦੁਆਲੇ ਹੀ ਭਾਉਂਦੀ ਸੀ। ਇਸ ਮਕਾਨ ਵਿਚ ਉਹ ਪਿਛਲੇ ਛਿਆਂ ਮਹੀਨਿਆਂ ਤੋਂ ਕਿਰਾਏ ਉੱਤੇ ਰਹਿੰਦਾ ਆ ਰਿਹਾ ਸੀ ਤੇ ਜਿਸ ਨੂੰ ਤਿੰਨ ਮਹੀਨਿਆਂ ਦੇ ਵਿੱਚ ਹੀ ਖ਼ਾਲੀ ਕਰਨਾ ਪੈਣਾ ਸੀ। ਇਸ ਤੋਂ ਪਹਿਲਾਂ ਉਹ ਕਿਸੇ ਭੀੜ-ਭਾੜ ਵਾਲੇ ਇਲਾਕੇ ਵਿਚ ਇਕ ਛੋਟੇ ਜਿਹੇ ਮਕਾਨ ਵਿਚ ਰਹਿੰਦਾ ਸੀ। ਹੁਣ ਵਾਲਾ ਮਕਾਨ ਵੱਡਾ ਹੀ ਨਹੀਂ ਸੀ, ਇਕ ਛੋਟੀ ਜਿਹੀ ਨਹਿਰ ਦੇ ਕੰਢੇ ਉੱਤੇ ਬਣਿਆ ਹੋਇਆ ਸੀ ਅਤੇ ਨਹਿਰ ਤੇ ਮਕਾਨ ਦੇ ਵਿਚਕਾਰ ਇਕ ਛੋਟਾ ਜਿਹਾ ਲਾਨ ਵੀ ਸੀ। ਬੌਬੀ ਉਸ ਲਾਨ ਵਿਚ ਹੀ ਬੈਠਾ ਰਹਿੰਦਾ ਸੀ। ਇਸ ਮਕਾਨ ਵਿਚ ਉਸ ਲਈ ਇੱਕ ਹੋਰ ਖਿੱਚ ਵਾਲੀ ਚੀਜ਼ ਸੀ ਪਿਆਨੋ, ਜਿਸ ਨੂੰ ਮਕਾਨ ਮਾਲਕ ਨੇ ਮਕਾਨ ਦੇ ਨਾਲ ਹੀ ਕਿਰਾਏ ਉੱਤੇ ਦੇ ਦਿੱਤਾ ਸੀ। ਬੌਬੀ ਹਰ ਰੋਜ਼ ਸਵੇਰੇ ਤੇ ਸ਼ਾਮੀ ਪਿਆਨੋ ਜ਼ਰੂਰ ਵਜਾਉਂਦਾ ਤੇ ਵਜਾਉਣ ਵੇਲੇ ਬੜਾ ਖੁਸ਼ ਰਹਿੰਦਾ।

ਬੌਬੀ ਲਾਰਕਿਨ ਦੇ ਨਾਲ ਮੇਰੀ ਵਾਕਫੀਅਤ ਓਦੋਂ ਹੋਈ ਜਦੋਂ ਬੀ.ਬੀ.ਸੀ. ਦਾ ਇੱਕ ਦਲ ਸਾਡੇ ਪਿੰਡ ਫਿਲਮ ਬਣਾਉਣ ਲਈ ਗਿਆ ਸੀ। ਬੌਬੀ ਇਸ ਯੂਨਿਟ ਦਾ ਕੈਮਰਾ ਮੈਨ ਸੀ। ਮੈਂ ਵੀ ਉਨ੍ਹਾਂ ਲੋਕਾਂ ਨਾਲ ਜੁੜ ਗਿਆ ਕਿਉਂਕਿ ਇਨ੍ਹਾਂ ਲੋਕਾਂ ਨੂੰ ਇੱਕ ਡਾਕਟਰ ਦੀ ਲੋੜ ਸੀ ਤੇ ਮੈਂ ਆਪਣੇ ਪਿੰਡ ਦਾ ਇੱਕੋ ਇਕ ਡਾਕਟਰ ਸਾਂ। ਫਿਲਮ ਬਣਾਉਣ ਲਈ ਇਹ ਲੋਕ ਕਈ ਦਿਨਾਂ ਤੱਕ ਸਾਡੇ ਪਿੰਡ ਵਿਚ ਠਹਿਰੇ ਸਨ ਅਤੇ ਇਸੇ ਦੌਰਾਨ ਬੌਬੀ ਨਾਲ ਮੇਰੀ ਦੋਸਤੀ ਬਣ ਗਈ। ਬੌਬੀ ਆਪਣੇ ਦਲ ਨਾਲੋਂ ਅਲੱਗ ਸੁਭਾਅ ਦਾ ਬੰਦਾ ਸੀ ਤੇ ਬਹੁਤ ਹੀ ਘੱਟ ਸਮੇਂ ਵਿਚ ਪਿੰਡ ਦੇ ਲੋਕਾਂ ਨਾਲ ਘੁਲ-ਮਿਲ ਗਿਆ ਸੀ। ਸਾਡੇ ਪਿੰਡ ਦੇ ਸਾਰੇ ਬੁੱਢੇ

ਤੇ ਜੁਆਨ ਬੌਬੀ ਉੱਤੇ ਆਪਣੇ ਅੰਗ੍ਰੇਜ਼ੀ ਗਿਆਨ ਦੀ ਪਰਖ ਕਰਦੇ ਤੇ ਬੌਬੀ ਵੀ ਬੜੇ ਉਤਸ਼ਾਹ ਨਾਲ ਉਨ੍ਹਾਂ ਨੂੰ ਸਹਿਯੋਗ ਦੇਂਦਾ ਸੀ।

ਜਿਸ ਦਿਨ ਬੀ.ਬੀ.ਸੀ. ਦਾ ਦਲ ਸਾਡੇ ਪਿੰਡ ਪਹੁੰਚਿਆ ਸੀ, ਓਸੇ ਦਿਨ ਤੋਂ ਪਿੰਡ ਦੇ ਲੋਕ ਦੋ ਹਿੱਸਿਆਂ ਵਿਚ ਵੰਡੇ ਗਏ ਸਨ। ਇਕ ਹਿੱਸਾ ਉਨ੍ਹਾਂ ਦਾ ਪੱਖੀ ਸੀ ਤੇ ਦੂਜਾ ਧੜਾ ਕਹਿੰਦਾ ਸੀ ਕਿ ਫ਼ਿਲਮ ਬਣਾਉਣ ਦਾ ਤਾਂ ਇਕ ਪੰਜ ਹੀ ਹੈ, ਅਸਲ ਵਿੱਚ ਇਹ ਲੋਕ ਗੁਪਤਚਰ ਸਨ, ਇਨ੍ਹਾਂ ਦਾ ਅਸਲੀ ਮਕਸਦ ਹੈ ਪਿੰਡ ਦੇ ਬਾਹਰ ਨਦੀ ਤੇ ਬਣੇ ਬੰਨ੍ਹ ਦੀ ਫੋਟੋ ਖਿੱਚਣੀ। ਸਮਰਥਕ ਲੋਕ ਕਿਹਾ ਕਰਦੇ ਸਨ ਕਿ ਬੀ.ਬੀ.ਸੀ. ਵਾਲੇ, ਭਾਰਤ ਦੇ ਗ੍ਰਹਿ ਮੰਤਰੀ ਤੋਂ ਆਗਿਆ ਲੈ ਕੇ ਆਏ ਹਨ ਤੇ ਇਸ ਛੋਟੇ ਜਿਹੇ ਬੰਨ੍ਹ ਦੀ ਫੋਟੋ ਖਿੱਚ ਲੈਣ ਨਾਲ ਦੁਸ਼ਮਣਾਂ ਦਾ ਕਿਹੜਾ ਮਕਸਦ ਹੱਲ ਹੋ ਜਾਵੇਗਾ? ਦੋਹਾਂ ਦਲਾਂ ਵਿਚ ਇਸ ਤਰ੍ਹਾਂ ਦੀਆਂ ਬਹਿਸਾਂ ਚਲਦੀਆਂਨਾਤਾ ਰਹੀਆਂ ਤੇ ਪਿੰਡ ਵਿੱਚੋਂ ਬੀ.ਬੀ.ਸੀ. ਦੀ ਟੋਲੀ ਦੇ ਚਲੇ ਜਾਣ ਦੇ ਬਾਅਦ ਵੀ ਇਹ ਬਹਿਸ ਦਾ ਅੰਤ ਨਹੀਂ ਸੀ ਹੋਇਆ।

ਜਿਹੜਾ ਬੰਦਾ ਕਿਸੇ ਵੀ ਝਮੇਲੇ ਵਿਚ ਨਹੀਂ ਸੀ ਪੈਂਦਾ ਪਰ ਫ਼ਿਲਮੀ ਦਲ ਦਾ ਪਿੰਡ ਵਿਚ ਰਹਿਣ ਤੱਕ ਉਨ੍ਹਾਂ ਦੇ ਆਸ-ਪਾਸ ਚੱਕਰ ਕੱਢਦਾ ਰਿਹਾ ਸੀ, ਉਹ ਸੀ ਧੂਨਾ ਮਾਮਾ। ਭਾਵੇਂ ਰਿਸ਼ਤੇ ਵਿਚ ਧੂਨਾ ਮੇਰਾ ਮਾਮਾ ਸੀ, ਪਰ ਉਮਰ ਵਿਚ ਉਹ ਮੇਰੇ ਕੋਲੋਂ ਸਿਰਫ਼ ਤਿੰਨ ਸਾਲ ਹੀ ਵੱਡਾ ਸੀ। ਬਚਪਨ ਵਿਚ ਉਹ ਪਿੰਡ ਦੇ ਸਕੂਲ ਵਿਚ ਮੇਰੇ ਕੋਲੋਂ ਸਿਰਫ਼ ਇਕ-ਦੋ ਕਲਾਸਾਂ ਹੀ ਅੱਗੇ ਹੁੰਦਾ ਸੀ। ਪਰ ਹਰ ਵਾਰੀ ਫ਼ੇਲ੍ਹ ਹੋਣ ਕਾਰਨ ਮੇਰਾ ਜਮਾਤੀ ਬਣ ਗਿਆ ਸੀ। ਫੇਰ ਕੁਝ ਦਿਨਾਂ ਬਾਅਦ ਉਸ ਨੇ ਪੜ੍ਹਾਈ ਛੱਡ ਦਿੱਤੀ ਤੇ ਪਿੰਡ ਵਾਲਿਆਂ ਦੇ ਏਧਰ-ਓਧਰ ਦੇ ਛੋਟੇ-ਮੋਟੇ ਕੰਮ ਕਰਨ ਲਗ ਪਿਆ ਸੀ। ਸਾਰੇ ਇਹ ਜਾਣਦੇ ਸਨ ਕਿ ਉਹ ਕਮਜ਼ੋਰ ਦਿਮਾਗ਼ ਦਾ ਬੰਦਾ ਹੈ। ਕਿਸੇ ਦੇ ਵੀ ਭਲੇ-ਬੁਰੇ ਵਿਚ ਨਾ ਪੈਣ ਕਾਰਨ ਸਾਰੇ ਉਸ ਉੱਤੇ ਭਰੋਸੇ ਕਰਦੇ ਸਨ। ਧੂਨੇ ਮਾਮੇ ਦਾ ਸਭ ਤੋਂ ਵੱਡਾ ਗੁਣ ਇਹ ਸੀ ਕਿ ਉਹ ਹਮੇਸਾਂ ਖ਼ੁਸ਼ ਰਹਿੰਦਾ ਸੀ। ਉਸ ਨੂੰ ਦੁਖੀ ਹੁੰਦਿਆਂ ਕਦੀ ਕਿਸੇ ਨੇ ਨਹੀਂ ਸੀ ਵੇਖਿਆ। ਉਸ ਦੇ ਇੱਕ ਪੈਰ ਦੇ ਕੱਟੇ ਜਾਣ ਕਾਰਨ ਹੁਣ ਉਹ ਜ਼ਿਆਦਾ ਦੌੜ-ਭੱਜ ਵਾਲਾ ਕੰਮ ਨਹੀਂ ਸੀ ਕਰ ਸਕਦਾ। ਪਰ ਪਿੰਡ ਤੇ ਪਿੰਡ ਦੀਆਂ ਗਾਵਾਂ, ਬੈਲਾਂ ਤੇ ਬੱਚਿਆਂ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਉਸ ਨੇ ਆਪ ਹੀ ਆਪਣੇ ਉੱਤੇ ਲੈ ਲਈ ਸੀ ਅਤੇ ਏਸੇ ਕੰਮ ਵਿਚ ਸਾਰਾ ਦਿਨ ਲੱਗਿਆ ਰਹਿੰਦਾ ਸੀ।

ਧੂਨੇ ਮਾਮੇ ਦੇ ਪੈਰ ਨੂੰ ਕਟੀਜਿਆਂ ਬਹੁਤ ਦਿਨ ਹੋ ਗਏ ਹਨ। ਉਸ ਵਕਤ ਮੈਂ ਮੈਡੀਕਲ ਕਾਲਜ ਪੜ੍ਹਦਾ ਸਾਂ। ਇਕ ਦਿਨ ਆਪਣੇ ਪ੍ਰੋਫ਼ੈਸਰ ਦੇ ਨਾਲ ਹਸਪਤਾਲ ਦੇ ਸਰਜਰੀ ਵਾਰਡ ਵਿਚ ਘੁੰਮ ਰਿਹਾ ਸਾਂ। ਕਿਸੇ ਨੇ ਮੇਰਾ ਨਾਂ ਲੈ ਕੇ ਅਵਾਜ਼ ਦਿੱਤੀ। ਮੈਂ ਮੁੜ ਕੇ ਵਾਰਡ ਦੇ ਹਰ ਮੰਜੇ ਵੱਲ ਨਜ਼ਰ ਦੁੜਾਈ ਪਰ ਸਾਰੇ ਰੋਗੀਆਂ ਵਿੱਚੋਂ ਮੈਂ ਕਿਸੇ ਇਕ ਨੂੰ ਵੀ ਨਹੀਂ ਸਾਂ ਪਛਾਣਦਾ। ਉਸ ਵੇਲੇ ਇਕ ਰੋਗੀ ਜਿਸ ਨੇ ਸਿਰ ਤੱਕ ਕੰਬਲ ਉੱਤੇ ਲਿਆ ਹੋਇਆ ਸੀ। ਕੰਬਲ ਸਿਰ ਤੋਂ ਥੋੜ੍ਹਾ ਹਟਾ ਕੇ ਇਸ਼ਾਰੇ ਨਾਲ ਬੁਲਾਉਣ ਲੱਗਾ। ਮੈਂ ਉਸ ਦੇ ਨੇੜੇ ਗਿਆ। ਮੇਰੇ ਪਹੁੰਚਦੇ ਹੀ ਉਸ ਨੇ ਫੇਰ ਸਿਰ ਢੱਕ ਲਿਆ। ਮੈਂ ਕੰਬਲ ਚੁੱਕ ਕੇ ਦੇਖਿਆ ਤਾਂ ਪਤਾ ਲੱਗਾ ਕਿ ਇਹ ਕੋਈ ਹੋਰ ਨਹੀਂ ਧੂਨਾ ਮਾਮਾ ਹੀ ਸੀ। ਉਸ ਨੇ ਮੇਰੇ ਵੱਲ ਵੇਖਿਆ ਤੇ ਕਿਹਾ, “ਵੇਖਿਆ, ਕਿਵੇਂ ਬਣਾਇਆ ਤੈਨੂੰ!” ਧੂਨੇ ਮਾਮੇ ਦਾ ਇਕ ਪੈਰ ਗੋਡੇ ਕੋਲੋਂ ਕੱਟਿਆ ਹੋਇਆ ਸੀ। ਉਸ ਨੇ ਮੈਨੂੰ ਅਫ਼ਸੋਸ ਕਰਨ ਦਾ ਮੌਕਾ ਵੀ ਨਾ ਦਿੱਤਾ ਤੇ ਪਹਿਲਾਂ ਹੀ ਬੋਲਿਆ, "ਜੇ ਮੈਂ ਜਾਣਦਾ ਹੁੰਦਾ ਕਿ ਗੱਡੀ ਏਨੀ ਤੇਜ਼ ਰਫ਼ਤਾਰ ਨਾਲ ਆ ਰਹੀ ਹੈ ਤਾਂ ਮੈਂ ਛਾਲ ਨਾ ਮਾਰਦਾ। ਪਰ ਉਹ ਸਾਲਾ ਟੀ.ਟੀ. ਮੇਰੇ ਮਗਰ ਹੀ ਪੈ ਗਿਆ ਸੀ ਹੱਥ ਧੋ ਕੇ, ਮੈਨੂੰ ਜੇ ਫੜ ਲੈਂਦਾ ਤਾਂ ਜ਼ਰੂਰ ਜੇਲ੍ਹ ਭੇਜ ਦੇਂਦਾ। ਸ਼ੁਕਰ ਤਾਂ ਇਹ ਹੈ ਕਿ ਮੇਰਾ ਸੱਜਾ ਪੈਰ ਬਚ ਗਿਆ।"

ਧੂਨੇ ਮਾਮੇ ਦੀ ਕੱਟੀ ਹੋਈ ਲੱਤ ਵੇਖ ਕੇ ਮੈਨੂੰ ਬਹੁਤ ਅਫ਼ਸੋਸ ਹੋਇਆ। ਚੰਗਾ-ਭਲਾ, ਨੌਂ-ਬਰ-ਨੌਂ, ਤੰਦਰੁਸਤ ਆਦਮੀ ਨਕਾਰਾ ਹੋ ਗਿਆ ਸੀ। ਜੇ ਬਿਨਾਂ ਟਿਕਟ ਫੜਿਆ ਵੀ ਜਾਂਦਾ ਤਾਂ ਕੀ ਸੀ, ਪਰ ਚੱਲਦੀ ਗੱਡੀ ਤੋਂ ਛਾਲ ਮਾਰਨ ਦੀ ਕੀ ਲੋੜ ਸੀ? ਏਧਰ, ਧੂਨੇ ਮਾਮੇ ਨੂੰ ਨਾ ਤਾਂ ਕੋਈ ਫ਼ਿਕਰ ਸੀ ਤੇ ਨਾਂ ਹੀ ਅਫ਼ਸੋਸ ਸੀ। ਮੈਨੂੰ ਕਹਿਣ ਲੱਗਾ, "ਪਿੰਡ ਜਾ ਕੇ ਕਿਸੇ ਨੂੰ ਨਾਦੱਸੀ। ਮੇਰਾ ਜ਼ਖਮ ਸੁੱਕ ਚੱਲਿਐ। ਇਕ ਦੋ ਦਿਨਾਂ ਵਿਚ ਈ ਠੀਕ ਹੋ ਜਾਵਾਂਗਾ। ਮੈਂ ਸੁਣਿਐ ਏਥੇ ਹਸਪਤਾਲ ਵਾਲੇ ਰਬੜ ਦਾ ਪੈਰ ਲਾ ਦੇਣਗੇ। "ਮੇਰੇ ਕੁੱਝ ਬੋਲਣ ਤੋਂ ਪਹਿਲਾਂ ਹੀ ਫੇਰ ਬੋਲਿਆ, "ਨਾ ਬਈ, ਮੈਂ ਰਬੜ ਦਾ ਪੈਰ ਨਹੀਓਂ ਲੁਆਉਣਾ। ਤੂੰ ਮੈਨੂੰ ਇਕ ਚੰਗੀ ਜਿਹੀ ਲਾਠੀ ਲਿਆ ਦੇਈਂ। ਉਹੀ ਠੀਕ ਰਹੇਗੀ।" ਫੇਰ ਕਹਿਣ ਲੱਗਾ ਕਿ ਤੂੰ ਉਸ ਜਾਨੂਘੰਟੀਆ ਨੂੰ ਤਾਂ ਦੇਖਿਆ ਈ ਹੋਇਐ ਜੋ ਆਪਣੇ ਪਿੰਡ ਭੀਖ ਮੰਗਣ ਆਉਂਦਾ ਹੁੰਦੈ ? ਆਪਣੀ ਟੁੱਟੀ ਲੱਤ ਲੈ ਕੇ ਕਿਵੇਂ ਉਚਕ-ਉਚਕ ਕੇ ਤੁਰਦੈ? ਉਸ ਦੇ ਨਾਲ ਕੋਈ ਵੀ ਬੰਦਾ ਭੱਜ ਨਹੀਂ ਸਕਦਾ।

ਧੂਨਾ ਮਾਮਾ ਏਸ ਤਰ੍ਹਾਂ ਆਪਣੇ ਪਿੰਡ ਵਾਪਸ ਆਇਆ ਜਿਵੇਂ ਕੁੱਝ ਹੋਇਆ ਹੀ ਨਹੀਂ ਹੁੰਦਾ। ਕੁਝ ਦਿਨਾਂ ਦੇ ਵਿੱਚ ਹੀ ਆਪਣੀ ਲਾਠੀ ਦੇ ਸਹਾਰੇ ਪਿੰਡ ਵਿਚ ਘੁੰਮਣ ਲਗ ਪਿਆ ਤੇ ਆਪਣੇ ਕੰਮ ਵਿੱਚ ਰੁੱਝ ਗਿਆ। ਜਦ ਤੋਂ ਫ਼ਿਲਮ ਵਾਲੇ ਲੋਕ ਪਿੰਡ ਵਿੱਚ ਆਏ ਹਨ ਉਸੇ ਦਿਨ ਤੋਂ ਧੂਨਾ ਮਾਮਾ ਉਨ੍ਹਾਂ ਦੇ ਪਿੱਛੇ ਲੱਗ ਗਿਆ ਸੀ। ਉਨ੍ਹਾਂ ਨੇ ਮਾਮੇ ਨੂੰ ਕੋਈ ਖ਼ਾਸ ਕੰਮ ਨਹੀਂ ਸੀ ਦਿੱਤਾ ਹੋਇਆ ਪਰ ਉਹ ਆਪਣੀ ਮਰਜ਼ੀ ਨਾਲ ਹੀ ਉਨ੍ਹਾਂ ਦੇ ਛੋਟੇ-ਮੋਟੇ ਕੰਮ ਕਰ ਦੇਂਦਾ ਸੀ। ਏਨੇ ਸਾਰੇ ਲੋਕਾਂ ਵਿੱਚੋਂ ਸਭ ਤੋਂ ਵੱਧ ਦੋਸਤੀ ਉਸ ਦੀ ਬੌਬੀ ਲਾਰਕਿਨ ਨਾਲ ਹੋਈ ਸੀ। ਬੌਬੀ ਪਿੰਡ ਦੇ ਲੋਕਾਂ ਨਾਲ ਸਭ ਤੋਂ ਵੱਧ ਘੁਲ-ਮਿਲ ਗਿਆ ਸੀ। ਇਕ ਦਿਨ ਧੂਨੈ ਮਾਮੇ ਨੇ ਬੌਬੀ ਨੂੰ 'ਬ੍ਰਦਰ... ਬ੍ਰਦਰ' ਕਹਿ ਕੇ ਬੁਲਾਇਆ ਤਾਂ ਬੌਬੀ ਨੇ ਕਿਹਾ, "ਨੋ ਬ੍ਰਦਰ। ਬੌਬੀ, ਓਨਲੀ ਬੌਬੀ।" ਧੂਨੇ ਨੇ ਵੀ ਆਪਣਾ ਨਾਂ ਉਸ ਨੂੰ ਦੱਸਿਆ। ਪਰ ਬੌਬੀ ਦੀ ਜ਼ਬਾਨ ਤੇ ਧੂਨਾ ਲਫ਼ਜ਼ ਨਹੀਂ ਚੜ੍ਹਿਆ ਤੇ ਡਯੂਨ, ਡਯੂਨਾ ਕਹਿਣ ਤੋਂ ਬਾਅਦ, ਮੇਰੀ ਇਜ਼ਾਜਤ ਲੈ ਕੇ, ਮੈਨੂੰ ਸਿਰਫ ਮਾਮਾ ਹੀ ਕਹਿਣਾ ਸ਼ੁਰੂ ਕਰ ਦਿੱਤਾ।

ਯੂਨਿਟ ਦੇ ਲੋਕ ਕਦੀ-ਕਦੀ ਮੇਰੇ ਕੋਲੋਂ ਦਵਾਈ ਲੈਣ ਆਉਂਦੇ ਹੁੰਦੇ ਸਨ ਪਰ ਮੈਂ ਉਨ੍ਹਾਂ ਦੀ ਸ਼ੂਟਿੰਗ ਦੇਖਣ ਰੋਜ਼ ਜ਼ਾਇਆ ਕਰਦਾ ਸਾਂ। ਇਹ ਸ਼ੂਟਿੰਗ ਦਾ ਕੰਮ ਬਹੁਤ ਹੀ ਥਕਾ ਦੇਣ ਵਾਲਾ ਹੁੰਦਾ ਸੀ। ਫ਼ੋਟੋ ਤੋਂ ਇਕ ਦੋ ਮਿੰਟ ਬਾਅਦ ਘੰਟਿਆਂ ਲਈ ਤਿਆਰ ਕਰਨ ਦੀ ਜ਼ਰੂਰਤ ਪੈਂਦੀ ਸੀ। ਜਦੋਂ ਤਕ ਡਾਇਰੈਕਟਰ ਸਾਰਿਆਂ ਨੂੰ ਠੀਕ-ਠਾਕ ਕਰ ਕੇ ਸਮਝਾ ਕੇ ਸਾਰੀਆਂ ਤਿਆਰੀਆਂ ਕਰਦਾ ਸੀ, ਓਨੀ ਦੇਰ ਬੌਬੀ ਵਿਹਲਾ ਹੀ ਬੈਠਾ ਰਹਿੰਦਾ ਤੇ ਉਡੀਕਦਾ ਰਹਿੰਦਾ। ਜਦੋਂ ਬੌਬੀ ਵਿਹਲਾ ਹੁੰਦਾ ਸੀ ਤਾਂ ਓਦੋਂ ਉਹ ਪਿੰਡ ਵਿੱਚ ਜਾ ਕੇ ਵੱਖ ਵੱਖ ਕੁਦਰਤੀ ਨਜ਼ਾਰਿਆਂ ਦੀਆਂ ਤਸਵੀਰਾਂ ਲਿਆ ਕਰਦਾ ਸੀ ਜਾਂ ਫੇਰ ਪਿੰਡ ਦੇ ਬਾਹਰ ਬੋਹੜ ਦੇ ਥੱਲੇ ਬੈਠ ਕੇ ਡਾਇਰੈਕਟਰ ਦੇ ਬੁਲਾਵੇ ਦੀ ਉਡੀਕ ਕਰਿਆ ਕਰਦਾ ਸੀ। ਧੂਨਾ ਮਾਮਾ ਆਪਣਾ ਸਾਰਾ ਕੰਮ ਵਿੱਚੇ ਛੱਡ-ਛੱਡਾ ਕੇ ਬੌਬੀ ਕੋਲ ਆ ਕੇ ਬੈਠ ਜਾਂਦਾ ਜਾਂ ਫੇਰ ਬੌਬੀ ਦੇ ਮਗਰ-ਮਗਰ ਜਾ ਕੇ ਉਸ ਨੂੰ ਸਮਝਾਉਂਦਾ ਰਹਿੰਦਾ ਜਾਂ ਸਲਾਹ ਦਿੰਦਾ ਰਹਿੰਦਾ ਕਿ ਕਿਹੜੇ ਕਿਹੜੇ ਨਜ਼ਾਰੇ ਚੰਗੇ ਹਨ ਜਿਨ੍ਹਾਂ ਦੀਆਂ ਫੋਟੋਆਂ ਖਿਚਣੀਆਂ ਚਾਹੀਦੀਆਂ ਹਨ। ਧੁਨੀ ਮਾਮਾ ਕਦੀ ਆਪਣੀ ਗੱਲ ਇਸ਼ਾਰੇ ਨਾਲ ਤੇ ਕਦੀ ਮਿੱਸੀ ਅੰਗ੍ਰਜ਼ੀ ਭਾਸ਼ਾ ਵਿਚ ਸਮਝਾਉਂਦਾ ਪਿੰਡ ਦੇ ਅਵਾਰਾ ਕੁੱਤਿਆਂ, ਗ੍ਰਾਮ ਦੇਵਤੇ ਦੇ ਮੰਦਰ ਦੇ ਸਾਹਮਣੇ ਪਏ ਹੋਏ ਟੁੱਟੇ ਘੋੜੇ ਤੇ ਦਰਖ਼ਤਾਂ ਆਦਿ ਦੀਆਂ ਫੋਟੋਆਂ ਖਿੱਚਣ ਤੋਂ ਬਾਅਦ, ਉਹ ਫੇਰ ਦਰਖਤ ਦੇ ਹੇਠਾਂ ਹੀ ਬੈਠ ਜਾਂਦੇ। ਭਾਸ਼ਾ ਦੀ ਰੁਕਾਵਟ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਕਦੀ ਵੀ ਇਹ ਪ੍ਰਤੀਤ

ਨਹੀਂ ਸੀ ਹੋਇਆ ਕਿ ਉਹ ਇਕ ਦੂਜੇ ਨੂੰ ਆਪਣੀ ਗੱਲ ਨਹੀਂ ਸਮਝਾਸਕਦੇ। ਧੂਨਾ ਮਾਮਾ ਬੌਬੀ ਦੇ ਕੈਮਰੇ ਦੇ ਵੱਖ-ਵੱਖ ਹਿੱਸਿਆਂ ਤੇ ਪੁਰਜ਼ਿਆਂ ਬਾਰੇ ਪੁੱਛਦਾ ਰਹਿੰਦਾ ਤੇ ਬੌਬੀ ਵੀ ਬੜੇ ਸ਼ੌਕ ਨਾਲ ਹਰ ਸਵਾਲ ਦਾ ਜਵਾਬ ਦੇਂਦਾ ਰਹਿੰਦਾ ਸੀ। ਧੂਨਾ ਕੁੱਝ ਨਾ ਕੁੱਝ ਸਮਝ ਜਾਂਦਾ ਸੀ ਕਿਉਂਕਿ ਬੌਬੀ ਦੀਆਂ ਗੱਲਾਂ ਸੁਣ ਕੇ ਉਹ ਕਦੀ ਤਾਂ ਹੱਸ ਪੈਂਦਾ ਸੀ ਤੇ ਕਦੀ ਗੰਭੀਰ ਹੋ ਜਾਂਦਾ ਸੀ ਅਤੇ ਕਦੀ ਹੈਰਾਨ ਵੀ ਹੋ ਜਾਇਆ ਕਰਦਾ ਸੀ।

ਬੌਬੀ ਤੇ ਧੂਨਾ ਮਾਮਾ ਨੂੰ ਇਕ ਦੂਜੇ ਦੀਆਂ ਗੱਲਾਂ ਸਮਝਾਉਣ ਦਾ ਕੰਮ ਮੈਨੂੰ ਅਕਸਰ ਕਰਨਾ ਪੈਂਦਾ ਸੀ। ਬੌਬੀ ਨੂੰ ਮਾਮੇ ਦੇ ਪਹਿਰਾਵੇ ਬਾਰੇ ਦੱਸਣਾ ਪੈਂਦਾ ਸੀ—ਅੰਗੋਛਾ ਕੀ ਹੁੰਦਾ ਹੈ ਤੇ ਸਾਫ਼ਾ ਕੀ ਹੁੰਦਾ ਹੈ? ਪਰ ਇਨ੍ਹਾਂ ਦੋਹਾਂ ਚੀਜ਼ਾਂ ਦਾ ਉਚਾਰਨ ਬੌਬੀ, ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ, ਠੀਕ ਤਰ੍ਹਾਂ ਨਹੀਂ ਸੀ ਕਰ ਸਕਦਾ। ਤੇ ਅਖ਼ੀਰ ਉੱਤੇ ਹਾਰ ਮੰਨ ਲੈਂਦਾ। ਇਕ ਦਿਨ ਬੌਬੀ ਨੇ ਮੈਨੂੰ ਧੂਨਾ ਮਾਮਾ ਦੇ ਐਕਸੀਡੈਂਟ ਬਾਰੇ ਪੁੱਛਿਆ। ਮੈਂ ਉਸ ਨੂੰ ਸਾਰੀ ਗੱਲ ਸੁਣਾਈ ਤੇ ਨਾਲ ਇਹ ਵੀ ਦੱਸਿਆ ਕਿ ਮਾਮੇ ਨੇ ਨਕਲੀ ਪੈਰ ਲੁਆਉਣਾ ਹੈ। ਧੂਨਾ ਮਾਮਾ ਜੋ ਅਜੇ ਤੱਕ ਚੁੱਪ-ਚਾਪ ਸਾਰੀਆਂ ਗੱਲਾਂ ਬੜੇ ਚਾਅ ਨਾਲ ਸੁਣ ਰਿਹਾ ਸੀ, ਬੜੇ ਜ਼ੋਰ ਨਾਲ ਸਿਰ ਹਿਲਾ ਕੇ ਕਹਿਣ ਲੱਗ ਪਿਆ, "ਨੋ ਉਡਲੈੱਗ; ਨੋ ਰਬਰ ਲੈੱਗ।" ਕਦੀ-ਕਦੀ ਮਾਮਾ ਪਿੰਡ ਵਿੱਚੋਂ ਭੁੱਜੇ ਹੋਏ ਦਾਣੇ ਜਾਂ ਚਿੜਵੇ ਬੌਬੀ ਲਈ ਲੈ ਆਉਂਦਾ ਤੇ ਦੋਵੇਂ ਰਲ ਕੇ ਅਰਾਮ ਨਾਲ ਬੈਠ ਕੇ ਖਾਂਦੇ। ਧੂਨਾ ਮਾਮਾ ਬੌਬੀ ਨੂੰ ਸਮਝਾਉਂਦਾ ਕਿ ਸਾਫ਼ਾ ਕਿਸ ਨੂੰ ਕਹਿੰਦੇ ਨੇ ਤੇ ਇਸ ਨੂੰ ਕਿਵੇਂ ਬੰਨ੍ਹਿਆ ਜਾਂਦਾ ਹੈ। ਬੌਬੀ ਬਹੁਤ ਧਿਆਨ ਨਾਲ ਗੱਲ ਸੁਣਦਾ ਤੇ ਸਿੱਖਣ ਦੀ ਕੋਸ਼ਿਸ਼ ਕਰਦਾ। ਕਦੀ ਕਦੀ ਉਹ ਦੋਨੋਂ ਕਿਸੇ ਰੁੱਖ ਦੇ ਥੱਲੇ ਬੈਠ ਕੇ ਲੂਡੋ ਵੀ ਖੇਡਦੇ ਸਨ।

ਧੂਨਾ ਮਾਮਾ ਬੌਬੀ ਦੀ ਹਰ ਚੀਜ਼ ਨੂੰ ਜਾਣਨ ਤੇ ਸਮਝਣ ਦੀ ਕੋਸਿਸ਼ ਕਰਦਾ ਸੀ। ਇਹ ਉਸ ਦੀ ਆਦਤ ਸੀ। ਕਈ ਵਾਰੀ ਤਾਂ ਬੌਬੀ ਦੀ ਆਗਿਆ ਤੋਂ ਬਿਨਾਂ ਹੀ ਉਸ ਦੇ ਥੈਲੇ ਦੀਆਂ ਚੀਜਾਂ ਕੱਢ ਕੇ ਬੜੇ ਧਿਆਨ ਨਾਲ ਦੇਖਦਾ ਤੇ ਸਮਝਦਾ, ਭਾਵੇਂ ਉਹ ਇਨ੍ਹਾਂ ਕੈਮਰੇ ਦੇ ਪੁਰਜ਼ਿਆਂ ਬਾਰੇ ਕੁੱਝ ਵੀ ਨਹੀਂ ਜਾਣਦਾ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਵਿਚੋਂ ਉਹ ਇਕ ਹੀ ਚੀਜ਼ ਨੂੰ ਜਾਣਦਾ ਸੀ ਜਿਸ ਨੂੰ 'ਲੈਵਲ' ਕਹਿੰਦੇ ਨੇ ਤੇ ਜਿਸ ਦੀ ਮਦਦ ਨਾਲ ਕੈਮਰੇ ਨੂੰ ਇਕਸਾਰ ਰੱਖਿਆ ਜਾ ਸਕਦਾ ਹੈ। ਧੂਨਾ ਮਾਮਾ ਚੰਗੀ ਤਰ੍ਹਾਂ ਜਾਣ ਗਿਆ ਸੀ ਕਿ ਇਹ ਕਿਸ ਲਈ ਵਰਤਿਆ ਜਾਂਦਾ ਹੈ। ਉਹ ਉਹੀ ਚੀਜ਼ ਸੀ ਜੋ ਕਿ ਪੱਕਾ ਮਕਾਨ ਬਣਾਉਣ ਵੇਲੇ ਰਾਜ ਤੇ ਮਿਸਤਰੀ ਵਰਤਦੇ ਸਨ। ਇਹ ਲੈਵਲ ਮਿਸਤਰੀਆਂ ਵਾਲੇ ਲੈਵਲ ਦਾ ਹੀ ਇਕ ਨਵਾਂ

ਰੂਪ ਸੀ। ਉਸ ਨੂੰ ਫੜ ਕੇ ਧੂਨਾ ਮਾਮਾ ਕਾਫੀ ਦੇਰ ਆਪਣੇ ਹੱਥ ਉੱਤੇ ਰੱਖ ਕੇ ਵੇਖਦਾ ਰਹਿੰਦਾ। ਕਦੀ ਕਦੀ ਧੂਨਾ ਮਾਮਾ ਆਪਣੀ ਪਗੜੀ ਲਾਹ ਕੇ ਬੌਬੀ ਦੀ ਟੋਪੀ ਪਾ ਕੇ ਬੈਠ ਜਾਂਦਾ ਸੀ ਤੇ ਕਦੀ ਉਸ ਦਾ ਦਸਤਾਨਾ ਪਾ ਕੇ ਤੇ ਆਪਣੀ ਸੋਟੀ ਫੜ ਕੇ ਇਹ ਪਤਾ ਲਾਉਣ ਲਈ ਤੁਰਦਾ ਕਿ ਜ਼ਿਆਦਾ ਅਰਾਮ ਕਿਵੇਂ ਮਿਲਦਾ ਹੈ। ਯੂਨਿਟ ਦੇ ਹੋਰ ਲੋਕਾਂ ਦੀਆਂ ਚੀਜ਼ਾਂ ਛੇੜਿਆਂ ਉਹ ਨਰਾਜ਼ ਹੋ ਜਾਇਆ ਕਰਦੇ ਸਨ। ਪਰ ਬੌਬੀ ਧੂਨਾ ਮਾਮਾ ਦਾ ਇਸ ਛੇੜ-ਛਾੜ ਦਾ ਬੁਰਾ ਨਹੀਂ ਸੀ ਮਨਾਉਂਦਾ ਤੇ ਖ਼ੁਸ਼ੀ ਨਾਲ ਸਵੀਕਾਰ ਕਰ ਲੈਂਦਾ ਸੀ। ਅਕਸਰ ਮਾਮੇ ਕੋਲੋਂ ਕੈਮਰਾ ਹੇਠਾਂ ਵੀ ਡਿਗ ਪੈਂਦਾ ਤੇ ਸਾਰੇ ਪੁਰਜ਼ੇ ਖਿੱਲਰ ਜਾਂਦੇ ਪਰ ਬੌਬੀ ਜ਼ਰਾ ਵੀ ਪਰੇਸ਼ਾਨ ਨਹੀਂ ਸੀ ਹੁੰਦਾ।

ਬੀ.ਬੀ.ਸੀ. ਵਾਲੇ ਸਾਡੇ ਪਿੰਡ ਵਿਚ ਪੰਦਰਾਂ ਦਿਨ ਰਹੇ। ਇਨ੍ਹਾਂ ਦੇ ਕਾਰਨ ਲੋਕਾਂ ਵਿੱਚ ਆਪਸੀ ਵੈਰ-ਵਿਰੋਧ ਵੱਧ ਗਿਆ, ਕਿਉਂਕਿ ਕਈ ਲੋਕਾਂ ਨੇ ਯੂਨਿਟ ਦੇ ਕੰਮ ਕਰ ਕੇ ਲੱਖਾਂ ਰੁਪਏ ਕਮਾ ਲਏ ਸਨ। ਇਸੇ ਕਰਕੇ ਕਈਆਂ ਦੇ ਮਨ ਵਿਚ ਈਰਖਾ ਪੈਦਾ ਹੋ ਗਈ ਸੀ। ਇਕ ਦਿਨ ਤਾਂ ਹੱਦ ਹੀ ਹੋ ਗਈ। ਸ਼ੂਟਿੰਗ ਚੱਲ ਰਹੀ ਸੀ ਇਕ ਗਾਂ ਜੋ ਕੰਢੇ ਕੰਢੇ ਜਾ ਰਹੀ ਸੀ, ਤਿਲਕ ਕੇ ਡਿਗ ਪਈ, ਜਿਸ ਨਾਲ ਉਸ ਦੀ ਟੰਗ ਟੁੱਟ ਗਈ। ਪਿੰਡ ਵਾਲੇ ਤਾਂ ਪਹਿਲਾਂ ਹੀ ਖਿਝੇ ਬੈਠੇ ਸਨ, ਉਨ੍ਹਾਂ ਨੇ ਪੁਲਿਸ ਬੁਲਾ ਲਿਆਂਦੀ। ਕਾਫੀ ਰੌਲਾ ਪੈ ਗਿਆ, ਬੀ.ਬੀ.ਸੀ. ਵਾਲਿਆਂ ਨੇ ਪੁਲਿਸ ਨੂੰ ਕਲੈਕਟਰ ਦੀ ਚਿੱਠੀ ਦਿਖਾ ਕੇ ਥੋੜ੍ਹਾ ਰੋਹਬ ਪਾ ਲਿਆ। ਇਸ ਸਾਰੇ ਰੌਲੇ-ਰੱਪੇ ਵੇਲੇ ਬੋਬੀ ਤੇ ਧੂਨਾ ਮਾਮਾ, ਮਸਤ ਹੋ ਕੇ, ਸਾਰੀ ਦੁਨੀਆਂ ਤੋਂ ਬੇਖ਼ਬਰ ਬੋਹੜ ਦੇ ਥੱਲੇ ਬੈਠ ਕੇ ਲੂਡੋ ਖੇਡਦੇ ਰਹੇ। ਜਿਸ ਦਿਨ ਯੂਨਿਟ ਵਾਲੇ ਪਿੰਡ ਤੋਂ ਜਾਣ ਲੱਗੇ, ਉਸ ਦਿਨ ਪਿੰਡ ਦੇ ਬਾਕੀ ਬੰਦੇ ਤਾਂ ਪਿੰਡ ਦੇ ਬਾਹਰ ਹੀ ਰੁਕ ਗਏ ਪਰ ਧੂਨਾ ਮਾਮਾ ਉਨ੍ਹਾਂ ਦੀ ਗੱਡੀ ਵਿੱਚ ਬੈਠ ਕੇ, ਬਹੁਤ ਦੂਰ ਤੱਕ, ਨਾਲ ਗਿਆ।

ਉਸ ਦਿਨ ਬੌਬੀ ਆਪਣੇ ਦਫ਼ਤਰ ਤੋਂ ਜਲਦੀ ਹੀ ਘਰ ਆ ਗਿਆ ਸੀ। ਮੈਂ ਉਸ ਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ ਕਿਉਂਕਿ ਮੈਂ ਇਕੱਲੇ ਬੈਠ ਕੇ ਅੱਕ ਗਿਆ ਸਾਂ। ਇਹ ਪਤਾ ਲੱਗਣ ਉੱਤੇ ਕਿ ਬੌਬੀ ਨੇ ਕੁੱਝ ਦਿਨਾਂ ਦੀ ਛੁੱਟੀ ਲੈ ਲਈ ਹੈ, ਮੈਂ ਬਹੁਤ ਖ਼ੁਸ਼ ਹੋਇਆ। ਛੁੱਟੀ ਲੈਣ ਦਾ ਮਕਸਦ ਇਹ ਸੀ ਕਿ ਕਿਰਾਏ ਦੇ ਮਕਾਨ ਵਿਚ ਰਹਿਣ ਦੇ ਜਿਹੜੇ ਥੋੜ੍ਹੇ ਜਿਹੇ ਦਿਨ ਬਾਕੀ ਸਨ, ਉਨ੍ਹਾਂ ਵਿੱਚ ਨਹਿਰ ਦੇ ਕੰਢੇ ਖੁੱਲ੍ਹੇ ਮਕਾਨ ਦੇ ਲਾਅਨ ਵਿਚ ਬੈਠ ਕੇ ਰੱਜ ਕੇ ਪਿਆਨੋ ਵਜਾਏ। ਇੰਜ ਲਗਦਾ ਸੀ ਕਿ ਉਸ ਦੀ ਜ਼ਿੰਦਗੀ ਦਾ ਸਭ ਤੋਂ ਜ਼ਰੂਰੀ ਤੇ ਮਹੱਤਵਪੂਰਨ ਕੰਮ ਇਹੀ ਸੀ ਜਿਸ ਨੂੰ ਕਰ ਕੇ ਉਸ ਦਾ ਜੀਵਨ ਸਫਲ ਹੋ ਜਾਏਗਾ। ਬੌਬੀ

ਨੇ ਮੇਰੇ ਨਾਲ ਥੋੜ੍ਹੀ ਬਹੁਤ ਗੱਲ ਕੀਤੀ ਤੇ ਆਪਣੀ ਸਭ ਤੋਂ ਪੁਰਾਣੀ ਸੰਗੀਤ ਦੀ ਕਿਤਾਬ ਕੱਢ ਕੇ ਪਿਆਨੋ ਵਜਾਉਣ ਲਗ ਪਿਆ। ਹਾਲਾਂਕਿ ਇਹ ਸੰਗੀਤ ਮੇਰੀ ਸਮਝ ਤੋਂ ਬਾਹਰ ਸੀ ਫੇਰ ਵੀ ਬੌਬੀ ਦੀ ਖ਼ੁਸ਼ੀ ਤੇ ਉਤਸ਼ਾਹ ਨੂੰ ਦੇਖ ਕੇ ਮੈਂ ਵੀ ਖ਼ੁਸ਼ ਹੋ ਰਿਹਾ ਸਾਂ।

ਮੈਂ ਸੋਚਿਆ ਸੀ ਕਿ ਲੰਡਨ ਪਹੁੰਚਦਿਆਂ ਹੀ ਬੌਬੀ ਮੇਰੇ ਕੋਲੋਂ ਮਾਮੇ ਬਾਰੇ ਬਹੁਤ ਕੁੱਝ ਪੁੱਛੇਗਾ। ਇਸ ਲਈ ਮੈਂ ਆਪੇ ਹੀ ਧੂਨੇ ਮਾਮੇ ਦੀ ਗੱਲ ਸ਼ੁਰੂ ਕਰ ਦਿੱਤੀ, ਪਰ ਉਸ ਨੇ ਕੁੱਝ ਖ਼ਾਸ ਦਿਲਚਸਪੀ ਨਾ ਵਿਖਾਈ। ਮੈਂ ਸੋਚਿਆ ਸ਼ਾਇਦ ਸਾਡੇ ਪਿੰਡ ਵਿਚ ਰਹਿੰਦਿਆਂ ਜਿਨ੍ਹਾਂ ਨਾਲ ਸੰਪਰਕ ਹੋਇਆ ਸੀ, ਉਹ ਸਿਰਫ਼ ਇਕ ਸਮਾਜਿਕ ਚੀਜ਼ ਸੀ। ਦੋਹਾਂ ਵਿਚ ਕੋਈ ਸਮਾਨਤਾ ਨਹੀਂ ਸੀ। ਫੇਰ ਮੈਨੂੰ ਲੱਗਿਆ ਜਿਵੇਂ ਮਾਮੇ ਤੇ ਬੌਬੀ ਵਿਚ ਇਕ ਸਾਂਝਾ ਗੁਣ ਹੈ, ਪਰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਗੁਣ ਕਿਹੜਾ ਹੈ।

ਅਖ਼ੀਰ ਉੱਤੇ ਮੇਰਾ ਲੰਡਨ ਛੱਡਣ ਦਾ ਵਕਤ ਆ ਹੀ ਗਿਆ। ਬੌਬੀ ਛੁੱਟੀ ਉੱਤੇ ਸੀ, ਇਸ ਲਈ ਉਸ ਨੇ ਆਪ ਹੀ ਮੈਨੂੰ ਏਅਰਪੋਰਟ ਉੱਤੇ ਛੱਡਣ ਦਾ ਫ਼ੈਸਲਾ ਕੀਤਾ। ਮੇਰੀ ਫਲਾਈਟ ਸਵੇਰੇ ਦਸ ਵਜੇ ਦੀ ਸੀ, ਸੋ ਮੈਂ ਰਾਤੀਂ ਹੀ ਸਾਰਾ ਸਾਮਾਨ ਤਿਆਰ ਕਰ ਕੇ ਜਲਦੀ ਹੀ ਸੌਣ ਦੀ ਕੋਸ਼ਿਸ਼ ਕੀਤੀ, ਪਰ ਠੀਕ ਤਰ੍ਹਾਂ ਨੀਂਦਰ ਨਹੀਂ ਆਈ। ਮੈਂ ਸੋਚਿਆ ਸੀ ਕਿ ਸਵੇਰੇ ਜਲਦੀ ਹੀ। ਉੱਠ ਕੇ ਤਿਆਰ ਹੋ ਜਾਵਾਂਗਾ। ਪਰ ਸਵੇਰੇ ਮੇਰੀ ਅੱਖ ਲੱਗ ਗਈ ਤੇ ਸਵੇਰੇ ਸੱਤ ਵਜੇ ਜਾਗ ਆਈ। ਕੋਰੇ ਦੇ ਕਾਰਨ ਬਾਹਰ ਕੁਝ ਹਨੇਰਾ ਸੀ। ਮੈਂ ਦਰਵਾਜ਼ਾ ਖੋਲ੍ਹ ਕੇ ਬਾਹਰੋਂ ਦੁੱਧ ਦੀ ਬੋਤਲਚੁੱਕ ਲਿਆਇਆ ਤੇ ਆਪਣੇ ਲਈ ਚਾਹ ਬਣਾਈ। ਓਸੇ ਵੇਲੇ ਨਾਲ ਦੇ ਕਮਰੇ ਵਿੱਚੋਂ ਪਿਆਨੋ ਦੀ ਅਵਾਜ਼ ਆਈ। ਮੈਂ ਇਹ ਅਵਾਜ਼ ਸੁਣ ਕੇ ਹੈਰਾਨ ਹੋ ਗਿਆ ਕਿਉਂਕਿ ਬੌਬੀ ਨੂੰ ਕਾਫ਼ੀ ਦੇਰ ਨਾਲ ਉੱਠਣ ਦੀ ਆਦਤ ਸੀ। ਮੈਂ ਇਕ ਕੱਪ ਚਾਹ ਹੋਰ ਬਣਾਈ ਤੇ ਬੌਬੀ ਦੇ ਕਮਰੇ ਵਿੱਚ ਚਲਾ ਗਿਆ।

ਕਮਰੇ ਦੀ ਬੱਤੀ ਬੰਦ ਸੀ ਤੇ ਨਾ ਹੀ ਬਾਹਰੋਂ ਸਵੇਰ ਦੀ ਰੋਸ਼ਨੀ ਆ ਰਹੀ ਸੀ। ਇਸ ਹਲਕੀ ਜਿਹੀ ਲੋਅ ਵਿਚ ਬੌਬੀ ਸਟੂਲ ਉੱਤੇ ਬੈਠ ਕੇ ਮਸਤ ਹੋ ਕੇ ਪਿਆਨੋ ਵਜਾ ਰਿਹਾ ਸੀ। ਉਸ ਨੇ ਤੇੜ ਲੂੰਗੀ ਤੇ ਸਿਰ ਉੱਤੇ ਪੱਗ ਲਪੇਟੀ ਹੋਈ ਸੀ। ਹਾਲਾਂਕਿ ਬੌਬੀ ਆਪਣੀ ਪੁਰਾਣੀ ਸੰਗੀਤ ਦੀ ਕਿਤਾਬ ਵਿੱਚੋਂ ਕੋਈ ਬਦੇਸੀ ਧੁਨ ਵਜਾ ਰਿਹਾ ਸੀ ਪਰ ਮੈਨੂੰ ਲੱਗਿਆ ਕਿ ਜਿਵੇਂ ਬੌਬੀ ਧੂਨੇ ਮਾਮੇ ਨੂੰ ਸਮਰਪਿਤ ਕਰਨ ਲਈ ਅਜ਼ਾਦ ਸੰਗੀਤ ਵਜਾ ਰਿਹਾ ਹੈ।

ਥੋੜ੍ਹੀ ਦੇਰ ਬਾਅਦ ਉਸ ਨੇ ਸੰਗੀਤ ਬੰਦ ਕਰ ਦਿੱਤਾ ਤੇ ਮੇਰੇ ਕੋਲੋਂ ਚਾਹ ਦਾ ਕਪ ਲੈ ਲਿਆ। ਮੈਨੂੰ ਤਿਆਰ ਹੋਇਆ ਵੇਖ ਕੇ ਉਸ ਨੇ ਕੰਧ ਉੱਤੇ ਲੱਗੀ ਘੜੀ ਤੋਂ ਵਕਤ ਵੇਖਿਆ ਤੇ ਕਿਹਾ, “ਅਜੇ ਵਕਤ ਹੈ।" ਫੇਰ ਚਾਹ ਪੀਣ ਲੱਗ ਪਿਆ ਤੇ ਬੋਲਿਆ, “ਤੁਹਾਡੇ ਪਿੰਡ ਦੀ ਸਵੇਰ ਇਸ ਵਕਤ ਬਹੁਤ ਹੀ ਸੁਹਾਵਣੀ ਹੁੰਦੀ ਹੈ।"

ਮੈਂ ਆਪਣੇ ਪਿੰਡ ਵਾਪਸ ਜਾਣ ਨੂੰ ਬੇਤਾਬ ਸਾਂ। ਬੌਬੀ ਦੀਆਂ ਗੱਲਾਂ ਨੇ ਮੇਰੀ ਬੇਤਾਬੀ ਹੋਰ ਵਧਾ ਦਿੱਤੀ। ਇਸ ਵੇਲੇ ਸਾਡੇ ਪਿੰਡ ਦੀ ਸਵੇਰ ਵਾਕਈ ਬਹੁਤ ਸੋਹਣੀ ਹੁੰਦੀ ਸੀ। ਪਿੰਡ ਦੀਆਂ ਗਲੀਆਂ ਵਿਚ ਧੁੱਪ ਫੈਲੀ ਹੋਵੇਗੀ। ਮੰਦਰ ਦੇ ਕੋਲ ਸਭ ਸੁੰਨਸਾਨ ਹੋ ਚੁੱਕਾ ਹੋਵੇਗਾ। ਨਦੀ ਦੇ ਕੰਢੇ ਗਾਈਆਂ ਘਾਹ ਚਰ ਰਹੀਆਂ ਹੋਣਗੀਆਂ। ਧੁੱਪ ਚੜ੍ਹਨ ਨਾਲ ਪਿੰਡ ਦੇ ਬਾਹਰ ਬੋਹੜ ਦੀ ਸੁੰਦਰ ਛਾਂ ਫੈਲ ਚੁੱਕੀ ਹੋਵੇਗੀ। ਉਸ ਰੁੱਖ ਦੇ ਥੱਲੇ ਧੂਨਾ ਮਾਮਾ ਇਕੱਲਾ ਹੀ ਬੈਠਾ ਹੋਵੇਗਾ।ਉਸ ਦੇ ਸਿਰ ਉੱਤੇ ਟੋਪੀ ਤੇ ਹੱਥ ਵਿੱਚ ਦਸਤਾਨੇ ਪਾਏ ਹੋਣਗੇ ਅਤੇ ਉਹ ਦੂਰ ਅਕਾਸ਼ ਵੱਲ ਵੇਖ ਕੇ ਪਤਾ ਨਹੀਂ ਆਪਣੇ ਮਨ ਵਿਚ ਕੀ-ਕੀ ਸੋਚ ਰਿਹਾ ਹੋਵੇਗਾ।

*******

# ਦੀਪ

ਮੰਤਰੀ ਜੀ ਦੀ ਕਾਰ ਜਦੋਂ ਹਾਈਵੇ ਨੂੰ ਛੱਡ ਕੇ ਪਿੰਡ ਦੀ ਕੱਚੀ ਸੜਕ ਉੱਤੇ ਪੈਣ ਲੱਗੀ ਤਾਂ ਸੀਮਾਚਲ ਨੇ ਵੇਖਿਆ ਕਿ ਪਿਛਲੇ ਸੱਤ ਦਿਨਾਂ ਵਿਚ ਕਈ ਕੁੱਝ ਬਦਲ ਚੁੱਕਿਆ ਸੀ। ਸੱਤ ਦਿਨ ਪਹਿਲਾਂ ਏਥੇ ਸੜਕ ਵਰਗੀ ਕੋਈ ਚੀਜ਼ ਨਹੀਂ ਸੀ। ਹਰ ਪਾਸੇ ਪਾਣੀ ਹੀ ਪਾਣੀ ਸੀ। ਬੇੜੀ ਰਾਹੀਂ ਇਸ ਪਿੰਡ ਵਿਚ ਪਹੁੰਚਣ ਲਈ ਉਨ੍ਹਾਂ ਨੂੰ ਚਾਰ ਘੰਟੇ ਤਾਂ ਜ਼ਰੂਰ ਹੀ ਲੱਗ ਜਾਂਦੇ ਸਨ। ਓਦੋਂ ਅਜੇ ਮੀਂਹ ਵੀ ਚੰਗੀ ਤਰ੍ਹਾਂ ਬੰਦ ਨਹੀਂ ਸਨ ਹੋਏ ਤੇ ਦਿਨ ਵੇਲੇ ਹੀ ਆਕਾਸ਼ ਬੱਦਲਾਂ ਵਿਚ ਲੁਕ ਜਾਣ ਕਾਰਨ ਹਨੇਰਾ ਜਿਹਾ ਲਗਦਾ ਸੀ। ਕਿਣ-ਮਿਣ ਜਾਰੀ ਸੀ। ਅਥਾਹ ਪਾਣੀ ਵਿਚ ਘਿਰੇ ਪਿੰਡਾਂ ਦੇ ਕਈ ਟਾਪੂਆਂ ਨੂੰ ਲੰਘ ਕੇ ਜਦੋਂ ਲੋਕੀ ਇਸ ਪਿੰਡ ਵਿਚ ਪਹੁੰਚੇ ਤਾਂ ਮੀਂਹ ਬੰਦ ਹੋ ਚੁੱਕਾ ਸੀ ਤੇ ਥੋੜ੍ਹੀ-ਥੋੜ੍ਹੀ ਧੁੱਪ ਚੜ੍ਹ ਗਈ ਸੀ। ਪਿੰਡ ਦਾ ਨਾਮੋ-ਨਿਸ਼ਾਨ ਵੀ ਨਜ਼ਰ ਨਹੀਂ ਸੀ ਆ ਰਿਹਾ। ਸਾਰੇ ਪਾਸੇ ਪਾਣੀ ਹੀ ਪਾਣੀ ਸੀ ਤੇ ਉਸ ਦੇ ਵਿੱਚ-ਵਿਚਾਲੇ ਥੋੜ੍ਹੀ ਜਿਹੀ ਜ਼ਮੀਨ ਬਚੀ ਹੋਈ ਦਿੱਸ ਰਹੀ ਸੀ। ਇਕ ਵੱਡੇ ਰੁੱਖ ਦੇ ਆਲੇ ਦੁਆਲੇ ਪਿੰਡ ਦੇ ਤਕਰੀਬਨ ਡੇਢ ਸੌ ਲੋਕੀ ਬੈਠੇ ਹੋਏ ਸਨ। ਦੋ ਦਿਨ ਪਹਿਲਾਂ ਪਿੰਡ ਰੁੜ੍ਹ ਗਿਆ ਸੀ ਤੇ ਲੋਕਾਂ ਨੇ ਆ ਕੇ ਇਸ ਟਾਪੂ ਦਾ ਸਹਾਰਾ ਲਿਆ ਸੀ।

ਪਿਛਲੀ ਵਾਰੀ ਪਿੰਡ ਵਾਲਿਆਂ ਦੀ ਮਦਦ ਲਈ, ਰਾਹਤ-ਦਲ ਦੇ ਨਾਲ, ਸੀਮਾਚਲ ਵੀ ਗਿਆ ਸੀ। ਉਸ ਪਿੰਡ ਬਾਰੇ ਉਸ ਨੂੰ ਥੋੜ੍ਹੀ ਬਹੁਤ ਵਾਕਫ਼ੀਅਤ ਸੀ ਕਿਉਂਕਿ ਸਾਲ ਕੁ ਪਹਿਲਾਂ ਉਸ ਨੇ ਜਿਸ ਪਿੰਡ ਦੀ ਗਰੀਬੀ ਦੀ ਸੀਮਾ-ਰੇਖਾ ਬਾਰੇ ਲਿਖਿਆ ਸੀ, ਉਹ ਇਹੀ ਸੀ। ਸੀਮਾਚਲ ਸ਼ਹਿਰ ਦੇ ਮੱਧਵਰਗੀ ਪਰਿਵਾਰ ਵਿੱਚ ਪਲਿਆ ਤੇ ਵੱਡਾ ਹੋਇਆ ਸੀ ਅਤੇ ਪਿੰਡ ਬਾਰੇ ਬਹੁਤ ਕੁੱਝ ਨਹੀਂ ਸੀ ਜਾਣਦਾ। ਇਸ ਪਿੰਡ ਵਿਚ ਆ ਕੇ ਉਸ ਨੇ ਪਹਿਲੀ ਵਾਰੀ ਪਿੰਡ ਦੇ ਦਰਸ਼ਨ ਕੀਤੇ ਸਨ ਤੇ ਅੱਤ ਦੀ ਗ਼ਰੀਬੀ ਨੂੰ ਏਨੀ ਨੇੜਿਓਂ ਹੋ ਕੇ ਵੇਖਿਆ ਸੀ। ਗਰੀਬੀ ਜ਼ਿੰਦਗੀ ਵਿਚ ਏਨੀ ਕਠੋਰ ਵੀ ਹੋ ਸਕਦੀ ਹੈ, ਜਿਸ ਦਾ ਅਹਿਸਾਸ ਉਸ ਨੂੰ ਇਹ ਪਿੰਡ ਦੇਖਣ ਤੋਂ ਬਾਅਦ ਹੀ ਹੋਇਆ ਸੀ। ਲੋਕ ਗਰੀਬ ਹੀਨਹੀਂ ਸਨ, ਮਾਨਵਤਾ ਦੀ ਸੀਮਾ ਤੋਂ ਵੀ ਥੱਲੇ ਪਹੁੰਚੇ ਹੋਏ ਸਨ ਕਿਉਂਕਿ ਅਜਿਹੇ ਦਲਿੱਦਰੀ ਤੇ ਅਣਹੋਂਦ ਵਾਲੇ ਹਾਲਾਤ ਵਿਚ ਕਿਸੇ ਮਨੁੱਖ ਦਾ ਸਨਮਾਨ ਨਾਲ ਜਿਊਣਾ ਬਹੁਤ ਹੀ ਔਖਾ ਸੀ। ਇਸ ਪਿੰਡ ਦੇ ਸਾਰੇ ਮਕਾਨ ਕੱਖਾਂ ਕਾਨਿਆਂ ਤੇ ਮਿੱਟੀ ਨਾਲ ਬਣੀਆਂ ਝੁੱਗੀਆਂ ਸਨ ਅਤੇ ਇਨਾਂ

ਦੇ ਅੰਦਰ ਮਿੱਟੀ ਦੇ ਮਟਕਿਆਂ ਤੋਂ ਬਗ਼ੈਰ ਹੋਰ ਕੁਝ ਵੀ ਨਹੀਂ ਸੀ। ਲੋਕਾਂ ਕੋਲ ਜ਼ਮੀਨ-ਜਾਈਦਾਦ ਬਿਲਕੁਲ ਨਹੀਂ ਸੀ। ਉਹ ਲੋਕ ਸਿਰਫ਼ ਦਿਹਾੜੀਦਾਰ ਮਜ਼ਦੂਰ ਸਨ ਅਤੇ ਜਦੋਂ ਕੰਮ ਨਹੀਂ ਸੀ ਮਿਲਦਾ ਤਾਂ ਜੰਗਲ ਵਿਚ ਜਾ ਕੇ ਕੰਦਮੂਲ ਲੱਭਦੇ ਸਨ ਤੇ ਕੁੱਝ ਨਾ ਮਿਲਣ ਦੀ ਸੂਰਤ ਵਿਚ ਭੁੱਖੇ ਹੀ ਪੈ ਰਹਿੰਦੇ ਸਨ।

ਸੀਮਾਚਲ ਨੇ ਆਪਣੇ ਅਖ਼ਬਾਰ ਵਿਚ ਇਸ ਪਿੰਡ ਬਾਰੇ ਇੱਕ ਦਿਲ ਹਿਲਾ ਦੇਣ ਵਾਲੀ ਕਹਾਣੀ ਲਿਖੀ ਸੀ। ਜਦੋਂ ਉਸ ਨੂੰ ਇਸ ਪਿੰਡ ਵਿਚ ਹੜ੍ਹ ਆਉਣ ਬਾਰੇ ਪਤਾ ਲੱਗਾ ਤਾਂ ਉਹ ਸਰਕਾਰੀ ਅਫ਼ਸਰਾਂ ਦੇ ਸਹਿਯੋਗ ਨਾਲ ਰਾਹਤ-ਦਲ, ਖਾਣ ਪੀਣ ਦਾ ਸਾਮਾਨ ਤੇ ਦਵਾਈਆਂ ਪੁਚਾਉਣ ਵਿਚ ਕਾਮਯਾਬ ਹੋਇਆ ਸੀ। ਜਦੋਂ ਇਹ ਸਭ ਕੁਝ ਲੈ ਕੇ ਪਿੰਡ ਦੇ ਕੋਲ ਪਹੁੰਚੇ ਤਾਂ ਬੇੜੀ ਨੂੰ ਪਾਣੀ ਵਿਚ ਆਪਣੇ ਕੋਲ ਆਉਂਦਿਆਂ ਦੇਖ ਕੇ ਲੋਕਾਂ ਨੇ ਖ਼ੁਸ਼ੀ ਨਾਲ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ। ਸੀਮਾਚਲ ਨੂੰ ਦੇਖ ਕੇ ਲੋਕੀ ਹੋਰ ਵੀ ਖ਼ੁਸ਼ ਹੋ ਗਏ, ਹਾਲਾਂਕਿ ਉਹ ਦੋ ਦਿਨਾਂ ਦੇ ਭੁੱਖੇ-ਪਿਆਸੇ ਸਨ। ਸੀਮਾਚਲ ਨੂੰ ਲੋਕਾਂ ਵਿਚ ਬੇਸਹਾਰੇਪਣ ਦਾ ਉਹ ਭਾਵ ਨਹੀਂ ਸੀ ਦਿੱਸ ਰਿਹਾ ਜੋ ਉਸ ਨੇ ਸਾਲ ਪਹਿਲਾਂ ਇਨ੍ਹਾਂ ਦੇ ਚਿਹਰਿਆਂ ਉੱਤੇ ਵੇਖਿਆ ਸੀ। ਇੰਜ ਲਗਦਾ ਸੀ ਜਿਵੇਂ ਉਹ ਲੋਕ ਇਸ ਹਾਲਤ ਲਈ ਪਹਿਲਾਂ ਤੋਂ ਹੀ ਤਿਆਰ ਸਨ ਤੇ ਭੁੱਖੇ ਰਹਿਣ ਦੇ ਆਦੀ ਹੋ ਚੁੱਕੇ ਸਨ ਤੇ ਜਾਂ ਫੇਰ ਉਨ੍ਹਾਂ ਦੇ ਹਾਲਾਤ ਨੇ ਉਨ੍ਹਾਂ ਨੂੰ ਇਕ ਅਲੱਗ ਕਿਸਮ ਦੇ ਇਨਸਾਨ ਬਣਾ ਦਿੱਤਾ ਸੀ ਤੇ ਹਾਲਤ ਨਾਲ ਮੁਕਾਬਲਾ ਕਰਨ ਲਈ ਉਹ ਪਹਿਲਾਂ ਤੋਂ ਹੀ ਤਿਆਰ ਸਨ।

ਖਾਣ ਦੀਆਂ ਚੀਜ਼ਾਂ ਦੀ ਵੰਡ ਹੋਣ ਤੋਂ ਬਾਅਦ ਜਦ ਸ਼ੋਰ ਘੱਟ ਗਿਆ ਤਾਂ ਲੋਕਾਂ ਨੇ ਪਿੰਡ ਦੇ ਰੁੜ੍ਹ ਜਾਣ ਦੀ ਕਹਾਣੀ ਸੁਣਾਈ। ਉਨ੍ਹਾਂ ਕੋਲ ਜੋ ਵੀ ਥੋੜ੍ਹੀਆਂ ਬਹੁਤ ਚੀਜ਼ਾਂ ਸਨ, ਉਹ ਨਾਲ ਲੈ ਕੇ ਆਪ ਤਾਂ ਕਿਸੇ ਉੱਚੀ ਥਾਂ ਉੱਤੇ ਜਾ ਬੈਠੇ ਸਨ, ਪਰ ਆਪਣੀਆਂ ਝੁੱਗੀਆਂ ਨੂੰ ਨਹੀਂ ਸਨ ਬਚਾ ਸਕੇ। ਉਹ ਸਾਰੀਆਂ ਪਾਣੀ ਵਿਚ ਰੁੜ੍ਹ ਗਈਆਂ ਸਨ। ਹੋਰ ਕੋਈ ਖ਼ਾਸ ਨੁਕਸਾਨ ਨਹੀਂ ਸੀ ਹੋਇਆ, ਸਿਰਫ਼ ਇਕ ਬੁੱਢਾ ਕਾਫ਼ੀ ਤੇਜ਼ ਬੁਖ਼ਾਰ ਵਿਚ, ਮਰਨ ਕਿਨਾਰੇ ਪਿਆ ਸੀ। ਸੀਮਾਚਲ ਇਹ ਗੱਲ ਸੁਣ ਕੇ ਬੁੱਢੇ ਨੂੰ ਵੇਖਣ ਲਈ ਚਲਾ ਗਿਆ। ਉਹ ਬੁੱਢਾ ਆਦਮੀ ਕਾਫ਼ੀ ਗੰਭੀਰ ਹਾਲਤ ਵਿਚ ਸੀ ਤੇ ਆਖ਼ਰੀ ਸਾਹ ਗਿਣ ਰਿਹਾ ਸੀ। ਸੀਮਾਚਲ ਉਸ ਬੁੱਢੇ ਦੀ ਕੋਈ ਮਦਦ ਨਹੀਂ ਕਰ ਸਕਦਾ ਸੀ। ਉਸ ਬੁੱਢੇ ਦੇ ਘਰ ਦੇ ਸਾਰੇ ਜੀਅ ਵੰਡਿਆ ਹੋਇਆ ਖਾਣਾ ਖਾ ਕੇ ਉਸ ਬੁੱਢੇ ਦੇ ਆਸ-ਪਾਸ ਘੇਰਾ ਪਾਈ ਬੈਠੇ ਉਸ ਦੇ ਮਰਨ ਦੀ ਉਡੀਕ ਕਰ ਰਹੇ ਸਨ।

ਉਸੇ ਵੇਲੇ ਇੱਕ ਰੁੱਖ ਦੇ ਕੋਲੋਂ ਬੱਚਿਆਂ ਦਾ ਰੌਲਾ ਸੁਣਾਈ ਦਿੱਤਾ। ਇੰਨੇ ਔਖੇ ਹਾਲਾਤ ਵਿਚ ਵੀ ਬੱਚੇ ਮਸਤ ਹੋ ਕੇ ਖੇਡ ਰਹੇ ਸਨ। ਉਨ੍ਹਾਂ ਦਾ ਖੇਡਣ ਦਾ ਉਤਸ਼ਾਹ ਘੱਟ ਨਹੀਂ ਸੀ ਹੋਇਆ। ਰੁੱਖ ਦੇ ਉੱਤੇ ਇਕ ਮੁੰਡਾ ਚੜ੍ਹਿਆ ਹੋਇਆ ਸੀ ਉਸ ਨੂੰ ਵੇਖ ਕੇ ਹੇਠਾਂ ਖੜ੍ਹੇ ਹੋਏ ਬੱਚੇ ਰੌਲਾ ਪਾ ਰਹੇ ਸਨ। ਰੁੱਖ ਦੇ ਉੱਤੇ ਇੱਕ ਬਿੱਲੀ ਚੜ੍ਹੀ ਹੋਈ ਸੀ ਤੇ ਉਸ ਦੇ ਮਗਰ ਹੀ ਇਕ ਮੁੰਡਾ ਉਸ ਨੂੰ ਫੜਨ ਲਈ ਚੜ੍ਹ ਗਿਆ ਸੀ। ਜਦੋਂ ਮੁੰਡਾ ਬਿੱਲੀ ਦੇ ਨਜ਼ਦੀਕ ਪਹੁੰਚਦਾ ਤਾਂ ਬਿੱਲੀ ਹੋਰ ਉੱਪਰ ਚੜ੍ਹ ਜਾਂਦੀ। ਇਸ ਤਮਾਸ਼ੇ ਨੂੰ ਵੇਖ-ਵੇਖ ਕੇ ਬਾਕੀ ਦੇ ਹੇਠਾਂ ਖੜ੍ਹੇ ਹੋਏ ਲੜਕੇ ਸ਼ੋਰ ਮਚਾ ਰਹੇ ਸਨ। ਇਨ੍ਹਾਂ ਦੇ ਸ਼ੋਰ ਨੂੰ ਸੁਣ ਕੇ ਪਿੰਡ ਦੇ ਹੋਰ ਕਾਫ਼ੀ ਸਾਰੇ ਬੰਦੇ ਵੀ ਏਥੇ ਆ ਕੇ ਖੜ੍ਹੇ ਹੋ ਗਏ ਸਨ ਤੇ ਤਮਾਸ਼ਾ ਵੇਖਣ ਲੱਗ ਪਏ ਸਨ। ਏਥੋਂ ਤੱਕ ਕਿ ਬਿਮਾਰ ਬੁੱਢੇ ਦੇ ਰਿਸ਼ਤੇਦਾਰ ਵੀ ਉਸ ਨੂੰ ਇਕੱਲਾ ਛੱਡ ਕੇ ਇੱਥੇ ਆ ਕੇ ਖੜ੍ਹੇ ਹੋ ਗਏ ਤੇ ਇਹ ਨਜ਼ਾਰਾ ਵੇਖਣ ਲੱਗ ਪਏ ਸਨ। ਅਖ਼ੀਰਲੀ ਟਾਹਣੀ ਉੱਤੇ ਪਹੁੰਚ ਕੇ ਉਸ ਮੁੰਡੇ ਨੇ ਬਿੱਲੀ ਨੂੰ ਫੜ ਲਿਆ ਤੇ ਉੱਚੀ ਸਾਰੀ ਬੋਲਿਆ, "ਮੈਂ ਬਿੱਲੀ ਨੂੰ ਹੇਠਾਂ ਸੁੱਟ ਰਿਹਾ ਹਾਂ। "ਸੀਮਾਚਲ ਨੇ ਕਿਹਾ," ਏਨੀ ਉਚਾਈ ਤੋਂ ਡਿਗ ਕੇ ਬਿੱਲੀ ਮਰ ਜਾਏਗੀ।" ਪਰ ਕੋਲ ਹੀ ਖੜ੍ਹਾ ਇਕ ਆਦਮੀ ਮੁਸਕਰਾਇਆ ਤੇ ਕਿਹਾ," ਬਿੱਲੀ ਏਨੀ ਛੇਤੀ ਨਹੀਂ ਮਰਿਆ ਕਰਦੀ। ਜਿਸ ਪਾਸੇ ਮਰਜ਼ੀ ਉਸ ਨੂੰ ਪਏ ਸੁੱਟੋ, ਉਹ ਹਮੇਸ਼ਾਂ ਪੈਰਾਂ ਭਾਰ ਹੀ ਡਿੱਗਦੀ ਹੈ, ਸੋ ਬਚ ਜਾਂਦੀ ਹੈ।"

ਉਸ ਮੁੰਡੇ ਨੇ ਬਿੱਲੀ ਨੂੰ ਪਰੇ ਜ਼ੋਰ ਨਾਲ ਥੱਲੇ ਸੁੱਟਿਆ, ਬਿੱਲੀ ਅਰਾਮ ਨਾਲ ਹੇਠਾਂ ਡਿੱਗ ਕੇ ਉੱਠੀ, ਆਪਣਾ ਸਰੀਰ ਝਾੜ ਕੇ ਆਪਣੀ ਪੂਛਲ ਚੱਟਣ ਲੱਗ ਪਈ। ਫੇਰ ਲੋਕਾਂ ਨੇ ਬਿੱਲੀ ਨੂੰ ਕੁੱਝ ਖਾਣ ਲਈ ਦਿੱਤਾ। ਦੋ ਕੁ ਮਿੰਟ ਬਾਅਦ ਸਾਰੇ ਸੀਮਾਚਲ ਨੂੰ ਘੇਰ ਕੇ ਖੜੇ ਹੋ ਗਏ। ਉਹ ਚਾਹੁੰਦੇ ਸਨ ਕਿ ਸੀਮਾਚਲ ਮੰਤਰੀ ਨੂੰ ਨਾਲ ਲੈ ਕੇ ਪਿੰਡ ਆਏ। ਚੰਗੇ ਹਾਲਾਤ ਵਿਚ ਤਾਂ ਮੰਤਰੀ ਲੋਕ ਪਿੰਡਾਂ ਵਿਚ ਆਉਂਦੇ ਨਹੀਂ, ਘੱਟੋ-ਘੱਟ ਇਨ੍ਹਾਂ ਦਿਨਾਂ ਵਿਚ ਤਾਂ ਪਿੰਡ ਦੀ ਹਾਲਤ ਵੇਖ ਜਾਣ।

ਜਿਹੜੇ ਬੰਦੇ ਖਾਣ ਦਾ ਸਾਮਾਨ ਲੈ ਕੇ ਆਏ ਸਨ ਉਹ ਖਾਣ ਦੀ ਸਮੱਗਰੀ ਇਸ ਪਿੰਡ ਵਿਚ ਛੱਡ ਕੇ ਆਪਣੀ ਬੇੜੀ ਉੱਤੇ ਬੈਠ ਕੇ ਦੂਜੇ ਪਿੰਡ ਨੂੰ ਖਾਣ ਦਾ ਸਾਮਾਨ ਪਹੁੰਚਾਉਣ ਲਈ ਚੱਲ ਪਏ। ਜਦੋਂ ਉਹ ਲੋਕ ਹੜ੍ਹ-ਪੀੜਿਤ ਇਲਾਕੇ ਤੋਂ ਵਾਪਸ ਆਏ ਤਾਂ ਸ਼ਾਮ ਹੋ ਚੁੱਕੀ ਸੀ ਤੇ ਮੀਂਹ ਫੇਰ ਸ਼ੁਰੂ ਹੋ ਗਿਆ ਸੀ। ਸੀਮਾਚਲ ਆਪਣੇ ਅਖ਼ਬਾਰ ਦੇ ਦਫ਼ਤਰ ਆਇਆ ਤੇ ਆਪਣੀ ਰਿਪੋਰਟ ਲਿਖਣ ਲਗ ਪਿਆ। ਹੜ੍ਹ ਦੇ ਸਾਰੇ ਹਾਲਾਤ

ਲਿਖਣ ਤੋਂ ਬਾਅਦ ਉਸ ਨੇ ਲਿਖਿਆ ਕਿ ਇਸ ਡੇਢ ਸੌ ਬੰਦਿਆਂ ਦੀ ਆਬਾਦੀ ਵਾਲੇ ਪਿੰਡ ਵਿਚ ਇਕ ਬੁੱਢਾ ਆਦਮੀ ਬੁਖ਼ਾਰ ਕਾਰਨ ਮਰ ਗਿਆ।

ਉਸ ਦੇ ਬਾਅਦ ਸੀਮਾਚਲ ਪਿੰਡ ਵਾਲਿਆਂ ਨਾਲ ਕੀਤੇ ਹੋਏ ਵਾਇਦੇ ਨੂੰ ਯਾਦ ਕਰ ਕੇ ਮੰਤਰੀ ਨੂੰ ਲੱਭਣ ਚੱਲ ਪਿਆ। ਇਹ ਕੰਮ ਬਹੁਤ ਹੀ ਔਖਾ ਸੀ। ਮੰਤਰੀ ਜੀ ਨੂੰ ਲੱਭਣ ਲਈ ਸੀਮਾਚਲ, ਪਾਰਟੀ ਦੇ ਦਫ਼ਤਰ, ਕਾਨਫ਼ਰੰਸ ਵਾਲੇ ਕਮਰੇ ਤੇ ਆਮ ਸਭਾ ਵਾਲੇ ਕਮਰੇ ਵੱਲ ਗਿਆ ਤੇ ਅਖ਼ੀਰ ਮੰਤਰੀ ਜੀ ਨੂੰ ਲੱਭ ਹੀ ਲਿਆ। ਉਹ ਦੌਰੇ ਤੋਂ ਵਾਪਸ ਆਏ ਹੀ ਸਨ ਤੇ ਥੱਕੇ ਹੋਏ ਸਨ। ਉਹ ਚੋਣ-ਖੇਤਰ ਵਿਚ ਕਿਵੇਂ ਰਾਹਤ ਸਮੱਗਰੀ ਵੰਡੀ ਜਾਏ, ਇਸ ਉੱਤੇ ਵਿਚਾਰ ਕਰ ਰਹੇ ਸਨ। ਸੀਮਾਚਲ ਨੇ ਪਿੰਡ ਦੇ ਸਾਰੇ ਹਾਲਾਤ ਮੰਤਰੀ ਜੀ ਨੂੰ ਦੱਸੇ ਕਿ ਕਿਵੇਂ ਲੋਕੀ ਦੋ ਦਿਨ ਭੁੱਖੇ ਰਹੇ ਤੇ ਕਿਵੇਂ ਖਾਣ ਦਾ ਸਾਮਾਨ ਉਨ੍ਹਾਂ ਨੂੰ ਪਹੁੰਚਾਇਆ ਗਿਆ। ਕਿਉਂਕਿ ਇਹ ਇਲਾਕਾ ਮੰਤਰੀ ਜੀ ਦਾ ਚੋਣ-ਇਲਾਕਾ ਨਹੀਂ ਸੀ, ਇਸ ਲਈ ਉਨ੍ਹਾਂ ਨੇ ਖ਼ਾਸ ਦਿਲਚਸਪੀ ਨਾ ਵਿਖਾਈ। ਵੈਸੇ ਵੀ ਮੰਤਰੀ ਜੀ ਕਈ ਹੜ੍ਹਾਂ ਵਾਲੇ ਇਲਾਕਿਆਂ ਵਿੱਚ ਘੁੰਮ ਚੁੱਕੇ ਸਨ। ਇਸ ਪਿੰਡ ਦਾ ਰਾਹ ਸਿੱਧਾ ਨਹੀਂ ਸੀ ਤੇ ਓਥੇ ਪਹੁੰਚਣਾ ਸੌਖਾ ਨਹੀਂ ਸੀ, ਸੋ ਮੰਤਰੀ ਜੀ ਨੇ ਕੋਈ ਖ਼ਾਸ ਹਾਮੀ ਨਾ ਭਰੀ। ਇਸ ਲਈ ਸੀਮਾਚਲ ਨੇ ਆਪਣਾ ਇਕ ਖ਼ਾਸ ਪੈਂਤੜਾ ਵਰਤਿਆ ਤੇ ਕਿਹਾ, "ਉਸ ਦਿਨ ਤੁਸੀਂ ਜੋ ਮੇਰੇ ਨਾਲ ਗੱਲ ਕਰ ਰਹੇ ਸੀ ........।"

ਮੰਤਰੀ ਜੀ ਨੂੰ ਸੀਮਾਚਲ ਦੇ ਅਖ਼ਬਾਰ ਨਾਲ ਆਪਣੇ ਸੰਬੰਧ ਤੇ ਵਾਇਦੇ ਦੀ ਯਾਦ ਆਈ। ਫੇਰ ਉਹ ਬੋਲੇ, “ਮੈਂ ਤਾਂ ਪਹਿਲਾਂ ਹੀ ਕਈ ਪਿੰਡ ਗਾਹ ਕੇ ਆਇਆਂ, ਹੁਣ ਹੋਰ ਕੀ ਕਰਾਂ ?" ਸੀਮਾਚਲ ਨੇ ਕਿਹਾ, “ਹੁਣ ਤੁਸੀਂ ਸਭ ਤੋਂ ਗਰੀਬ ਪਿੰਡ ਦੇਖੋਗੇ ਜਿੱਥੇ ਲੋਕੀ ਅਜੇ ਤੱਕ ਭੁੱਖੇ ਪਿਆਸੇ ਨੇ। ਤੁਸੀਂ ਕਹਿੰਦੇ ਹੋ ਕਿ ਹੜ੍ਹ ਨਾਲ ਕਿਸੇ ਦੀ ਜਾਨ ਨਹੀਂ ਗਈ। ਇਸ ਪਿੰਡ ਵਿਚ ਘੱਟ ਤੋਂ ਘੱਟ ਇਕ ਆਦਮੀ ਤਾਂ ਮਰਿਆ ਹੀ ਹੈ।" ਇਹ ਸੁਣ ਕੇ ਮੰਤਰੀ ਜੀ ਨੇ ਇਸ ਪਿੰਡ ਵਿਚ ਜਾਣਾ ਮੰਨ ਲਿਆ ਤੇ ਆਪਣੇ ਦੋਰ ਹੀ ਲਿਸਟ ਵਿਚ ਇਹ ਪੋਗਾਮ ਵੀ ਸ਼ਾਮਲ ਕਰ ਲਿਆ।

ਪਰ ਮੰਤਰੀ ਜੀ ਦਾ ਜਾਣ ਦਾ ਪ੍ਰੋਗਰਾਮ ਬਣਿਆ ਸੱਤ ਦਿਨਾਂ ਬਾਅਦ। ਓਦੋਂ ਮੀਂਹ ਪੂਰੀ ਤਰ੍ਹਾਂ ਬੰਦ ਹੋ ਚੁੱਕਾ ਸੀ: ਪਾਣੀ ਵੀ ਤਕਰੀਬਨ ਸਾਰਾ ਹੀ ਸੁੱਕ ਚੁੱਕਾ ਸੀ ਤੇ ਧੁੱਪ ਏਨੀ ਤਿੱਖੀ ਸੀ ਕਿ ਕਾਲ ਪੈਣ ਦਾ ਡਰ ਪੈਦਾ ਹੋਣ ਲਗ ਪਿਆ ਸੀ। ਜਿਹੜਾ ਰਸਤਾ ਪਾਣੀ ਨਾਲ ਭਰਿਆ ਹੋਇਆ ਸੀ ਉਹ ਹੁਣ ਬਿਲਕੁਲ ਸੁੱਕ ਚੁੱਕਾ ਸੀ ਅਤੇ ਜੀਪ ਉਸ

ਰਸਤੇ ਉੱਤੇ ਅਸਾਨੀ ਨਾਲ ਜਾ ਸਕਦੀ ਸੀ। ਸੜਕ ਦੇ ਦੋਵੇਂ ਪਾਸੇ ਵੇਖ ਕੇ ਇਹ ਨਹੀਂ ਸੀ ਲੱਗਦਾ ਕਿ ਕੁੱਝ ਦਿਨ ਪਹਿਲਾਂ ਏਥੇ ਪਾਣੀ ਹੀ ਪਾਣੀ ਹੁੰਦਾ ਸੀ। ਹਾਂ, ਸੜਕ ਤੇ ਪੁਲ ਨੂੰ ਟੁੱਟਿਆਂ ਵੇਖ ਕੇ ਜ਼ਰੂਰ ਲੱਗਦਾ ਸੀ ਕਿ ਹੜ੍ਹ ਆ ਚੁੱਕਾ ਹੈ।

ਪਿੰਡ ਵਿਚ ਰੀਲੀਫ਼ ਦੇ ਚਾਵਲ ਲੈਣ ਲਈ ਲੋਕਾਂ ਦੀ ਬੜੀ ਭੀੜ ਸੀ ਜਿਸ ਨੂੰ ਵੇਖ ਕੇ ਲੱਗਦਾ ਸੀ ਕਿ ਇਸ ਪਿੰਡ ਵਿਚ ਹੜ੍ਹ ਆ ਚੁੱਕਾ ਹੈ। ਪਿੰਡ ਦੇ ਬੁੱਢੇ ਤੇ ਜਵਾਨ ਇਸੇ ਉਡੀਕ ਵਿਚ ਰਹਿੰਦੇ ਸਨ ਕਿ ਕਦੋਂ ਖਾਣ ਵਾਲਾ ਸਾਮਾਨ ਆਏ ਤੇ ਉਹ ਲੈ ਕੇ ਆਪਣੇ ਪੇਟ ਭਰਨ। ਮੰਤਰੀ ਜੀ ਆਪਣੇ ਰਾਹ ਵਿਚ ਆਏ ਜਿੰਨੇ ਵੀ ਪਿੰਡਾਂ ਵਿਚ ਗਏ, ਉਨ੍ਹਾਂ ਵਿਚ ਭੀੜ ਅੰਤਾਂ ਦੀ ਹੁੰਦੀ ਸੀ ਅਤੇ ਹਰ ਥਾਂ ਰਾਹਤ ਦੀ ਸਮੱਗਰੀ ਠੀਕ ਨਾ ਹੋਣ ਕਾਰਨ ਲੋਕੀ ਸ਼ਿਕਾਇਤਾਂ ਕਰਦੇ ਮਿਲਦੇ ਸਨ। ਭਾਵੇਂ ਲੋਕਾਂ ਦੀ ਮੱਦਦ ਕਰਨ ਲਈ ਮਿੱਟੀ ਪਾਉਣ ਦਾ ਤੇ ਸੜਕਾਂ ਠੀਕ ਕਰਨ ਦਾ ਕੰਮ ਚਾਲੂ ਸੀ ਪਰ ਪਿੰਡ ਦਾ ਕੋਈ ਵੀ ਜਵਾਨ ਤੇ ਤੰਦਰੁਸਤ ਬੰਦਾ ਇਸ ਕੰਮ ਵਿਚ ਹੱਥ ਨਹੀਂ ਸੀ ਵਟਾ ਰਿਹਾ, ਬਲਕਿ ਸੜਕ ਦੇ ਕੰਢੇ ਚਾਵਲਾਂ ਤੇ ਰਾਹਤ ਦੇ ਹੋਰ ਸਾਮਾਨ ਦੀ ਉਡੀਕ ਵਿੱਚ ਬਣੀਆਂ ਪੰਗਤਾਂ ਵਿਚ ਬੈਠੇ ਸਨ। ਇਹ ਨਜ਼ਾਰਾ ਵੇਖ ਕੇ ਸ਼ਰਮ ਆਉਂਦੀ ਸੀ।

ਖ਼ੁਰਾਕ ਦਾ ਸਾਮਾਨ ਸਾਰੇ ਪਿੰਡਾਂ ਵਿਚ ਪਹੁੰਚਣ ਤੋਂ ਪਹਿਲਾਂ ਖ਼ਤਮ ਹੋ ਗਿਆ ਸੀ। ਮੰਤਰੀ ਜੀ ਨੇ, ਜੋ ਸੀਮਾਚਲ ਨਾਲ ਗੱਲਾਂ ਕਰ ਰਹੇ ਸਨ, ਪੁੱਛਿਆ, "ਕੀ ਹੁਣ ਅਸੀਂ ਪਿੰਡ ਵਿਚ ਖ਼ਾਲੀ ਹੱਥ ਜਾਵਾਂਗੇ ? "ਸੀਮਾਚਲ ਨੇ ਮੰਤਰੀ ਜੀ ਦੀ ਗੱਲ ਸੁਣੀ ਤੇ ਕਿਹਾ," ਮੈਂ ਪਿੰਡ ਦੇ ਲੋਕਾਂ ਨਾਲ ਵਾਅਦਾ ਕਰ ਕੇ ਆਇਆ ਹਾਂ ਕਿ ਤੁਹਾਨੂੰ ਲੈ ਕੇ ਆਵਾਂਗਾ। ਸੋ ਭਾਵੇਂ ਥੋੜ੍ਹੀ ਦੇਰ ਲਈ ਹੀ ਸਹੀ ਚੱਲਾਂਗੇ ਜ਼ਰੂਰ। "ਫੇਰ ਉਹ ਪਿੰਡ ਵੱਲ ਚੱਲ ਪਏ। ਸੀਮਾਚਲ ਜੀਪ ਵਿਚ ਬੈਠਿਆਂ-ਬੈਠਿਆਂ ਸੋਚਣ ਲਗ ਪਿਆ ਕਿ ਉਹ ਮੰਤਰੀ ਜੀ ਨੂੰ ਪਿੰਡ ਵਿਚ ਕਿਉਂ ਲੈ ਕੇ ਜਾ ਰਿਹਾ ਹੈ ? ਕੀ ਸਿਰਫ਼ ਪਿੰਡ ਦੇ ਲੋਕਾਂ ਨੂੰ ਇਹ ਦੱਸਣ ਲਈ ਕਿ ਮੈਂ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ ? ਕੀ ਇਸ ਤਰ੍ਹਾਂ ਜਾਣ ਨਾਲ ਪਿੰਡ ਦੇ ਲੋਕਾਂ ਦਾ ਕੁੱਝ ਸੌਰ ਸਕੇਗਾ ? ਸੀਮਾਚਲ ਮਨ ਹੀ ਮਨ ਵਿਚ ਆਪਣੇ ਆਪ ਨੂੰ ਅਪਰਾਧੀ ਸਮਝਿਆ ਸੀ। ਜਦੋਂ ਉਹ ਪਿੰਡ ਵਿਚ ਪਹਿਲੀ ਵਾਰੀ ਗਿਆ ਸੀ। ਓਦੋਂ ਪਿੰਡ ਜਾ ਕੇ, ਲੋਕਾਂ ਨਾਲ ਗੱਲਾਂ ਕਰਕੇ ਤੇ ਘਰ ਆ ਕੇ ਜਦੋਂ ਰਿਪੋਰਟ ਲਿਖਣ ਲੱਗਾ ਤਾਂ ਉਸ ਨੂੰ ਆਪਣੇ ਆਪ ਵਿਚ ਹੀ ਸ਼ਰਮ ਮਹਿਸੂਸ ਹੋਈ ਜਿਵੇਂ ਇਸ ਸਾਰੀ ਹਾਲਤ ਦਾ ਜ਼ਿੰਮੇਵਾਰ ਉਹ ਆਪ ਹੋਵੇ।

ਜਦੋਂ ਸੀਮਾਚਲ ਤੇ ਮੰਤਰੀ ਜੀ ਦੀ ਜੀਪ ਪਿੰਡ ਕੋਲ ਜਾ ਕੇ ਰੁਕੀ ਤਾਂ ਸੀਮਾਚਲ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਪਿੰਡ ਦੀ ਹਾਲਤ ਬਿਲਕਲ ਠੀਕ ਸੀ। ਲੱਗਦਾ ਹੀ ਨਹੀਂ ਸੀ ਕਿ ਏਥੇ ਕੁਝ ਦਿਨ ਪਹਿਲਾਂ ਹੜ੍ਹ ਆਉਣ ਕਾਰਣ ਸਭ ਕੁੱਝ ਰੁੜ੍ਹ ਗਿਆ ਸੀ। ਪਿੰਡ ਦੀ ਹਾਲਤ ਬਿਲਕੁਲ ਉਹੋ ਜਿਹੀ ਸੀ ਜਿਹੋ ਜਿਹੀ ਕਿ ਦੋ ਸਾਲ ਪਹਿਲਾਂ ਹੁੰਦੀ ਸੀ -- ਜਦੋਂ ਸੀਮਾਚਲ ਪਹਿਲੀ ਵਾਰ ਏਥੇ ਆਇਆ ਸੀ। ਦੋ ਲਾਈਨਾਂ ਵਿਚ ਟੁੱਟੀਆਂ ਫੁੱਟੀਆਂ ਝੁੱਗੀਆਂ ਤੇ ਵਿੱਚ ਵਿਚਾਲੇ ਖੇਡਦਾ ਇਕ ਨੰਗ-ਧੜੰਗ ਬੱਚਾ ਤੇ ਇਕ ਅਵਾਰਾ ਕੁੱਤਾ। ਮੰਤਰੀ ਜੀ ਨੇ ਸਭ ਨੂੰ ਵੇਖ ਕੇ ਕਿਹਾ, "ਸੀਮਾਚਲ, ਏਥੇ ਤਾਂ ਸਭ ਕੁਝ ਠੀਕ-ਠਾਕ ਦਿੱਸ ਰਿਹਾ ਹੈ। ਕੋਈ ਨੁਕਸਾਨ ਹੋਇਆ ਨਹੀਂ ਲੱਗਦਾ। ਹੋਰ ਪਿੰਡਾਂ ਵਿਚ ਤਾਂ ਬੜਾ ਨੁਕਸਾਨ ਹੋਇਆ ਹੈ।" ਸੀਮਾਚਲ ਚੁੱਪ ਰਿਹਾ ਕਿਉਂਕਿ ਉਸ ਨੂੰ ਮੰਤਰੀ ਜੀ ਦੀ ਕਹੀ ਗੱਲ ਠੀਕ ਲੱਗ ਰਹੀ ਸੀ। ਮੰਤਰੀ ਜੀ ਨੂੰ ਉਹ ਕਿਵੇਂ ਸਮਝਾਉਂਦਾ ਕਿ ਏਸ ਪਿੰਡ ਦੇ ਲੋਕਾਂ ਕੋਲ ਨੁਕਸਾਨ ਹੋ ਜਾਣ ਵਾਲਾ ਉੱਕਾ ਕੋਈ ਸਾਮਾਨ ਹੈ ਹੀ ਨਹੀਂ ਸੀ।

ਜੀਪ ਨੂੰ ਵੇਖਦਿਆਂ ਹੀ ਪਿੰਡ ਵਾਲੇ ਲੋਕੀ ਖ਼ੁਸ਼ੀ ਨਾਲ ਰੌਲਾ ਪਾਉਂਦੇ ਹੋਏ ਜੀਪ ਦੇ ਦੁਆਲੇ ਆ ਖੜੇ ਹੋਏ। ਮੰਤਰੀ ਜੀ ਨੂੰ ਸ਼ਿਕਾਇਤ ਕਰਨ ਲਈ ਉਨ੍ਹਾਂ ਲੋਕਾਂ ਕੋਲ ਹੁਣ ਕੋਈ ਗੱਲ ਨਹੀਂ ਸੀ। ਮੰਤਰੀ ਜੀ ਦੀ ਜੀਪ ਹੀ ਲੋਕਾਂ ਨੂੰ ਮਨੋਰੰਜਨ ਤੇ ਖ਼ੁਸ਼ੀ ਦੀ ਗੱਲ ਲੱਗ ਰਹੀ ਸੀ ਮੰਤਰੀ ਨੇ ਖਾਣ ਦੀਆਂ ਚੀਜ਼ਾਂ ਪੁਚਾਉਣ ਲਈ ਲੋਕਾਂ ਨਾਲ ਵਾਇਦਾ ਕੀਤਾ ਤਾਂ ਲੋਕੀ ਖ਼ੁਸ਼ ਗਏ। ਇਸ ਤੋਂ ਪਿੱਛੋਂ ਕਿਸੇ ਨੇ ਵੀ ਮੰਤਰੀ ਜੀ ਨੂੰ ਕੁੱਝ ਵੀ ਨਹੀਂ ਸੀ ਕਹਿਣਾ, ਪਰ ਸੀਮਾਚਲ ਨੇ ਮੰਤਰੀ ਜੀ ਨੂੰ ਕਿਹਾ, "ਜਿਹੜਾ ਬਜ਼ੁਰਗ ਆਦਮੀ ਮਰ ਚੁੱਕਾ ਹੈ, ਉਸ ਦੇ ਘਰ ਵਾਲਿਆਂ ਨੂੰ ਜਾ ਵਾਰਸਾਂ ਨੂੰ ਕੁੱਝ ਨਾ ਕੁੱਝ ਮੱਦਦ ਜ਼ਰੂਰ ਦਿੱਤੀ ਜਾਵੇ।" ਸੀਮਾਚਲ ਦੀ ਗੱਲ ਸੁਣਦਿਆਂ ਹੀ ਮੰਤਰੀ ਜੀ ਨੇ ਮੱਦਦ ਕਰਨ ਦਾ ਐਲਾਨ ਕਰ ਦਿੱਤਾ ਤਾਂ ਪਿੰਡ ਵਾਲੇ ਲੋਕ ਮੁਸਕਰਾਉਣ ਲੱਗ ਪਏ ਕਿਉਂਕਿ ਉਹ ਬੁੱਢਾ ਮਰਿਆ ਨਹੀਂ ਸੀ। ਜੀਪ ਦੇ ਕੋਲ ਉਹ ਨਹੀਂ ਸੀ ਆਇਆ ਪਰ ਆਪਣੀ ਝੁੱਗੀ ਦੇ ਬਾਹਰ ਬੈਠਾ ਸਾਰੀਆਂ ਗੱਲਾਂ ਸੁਣ ਰਿਹਾ ਸੀ।

ਪਿੰਡ ਤੋਂ ਜਾਣ ਲਈ ਉਹ ਲੋਕ ਜੀਪ ਵਿਚ ਬੈਠ ਗਏ। ਉਨ੍ਹਾਂ ਨੂੰ ਇਹ ਸਾਰੀ ਯਾਤਰਾ ਬੇਮਤਲਬ ਲੱਗ ਰਹੀ ਸੀ। ਇਨ੍ਹਾਂ ਦੇ ਜਾਣ ਨਾਲ ਪਿੰਡ ਦੇ ਲੋਕਾਂ ਨੂੰ ਕੀ ਮਿਲਿਆ ਸੀ ? ਸੀਮਾਚਲ ਨੂੰ ਇਸ ਯਾਤਰਾ ਦਾ ਇਹ ਫ਼ਾਇਦਾ ਹੋਇਆ ਕਿ ਉਸ ਨੇ ਜਾ ਕੇ ਇਸ ਪਿੰਡ ਬਾਰੇ ਅਖ਼ਬਾਰ ਵਿਚ ਲਿਖਣ ਦਾ ਮਨ ਬਣਾ ਲਿਆ, ਪਰ ਲੋਕੀ ਜਿਸ ਤਰ੍ਹਾਂ ਦੀ ਦੁਰਦਸ਼ਾ-ਭਰੀ ਕਹਾਣੀ ਪੜ੍ਹਨਾ ਚਾਹੁੰਦੇ ਸਨ, ਇਸ ਪਿੰਡ ਦੀ ਹਾਲਤ ਉਸ ਤਰ੍ਹਾਂ ਦੀ ਨਹੀਂ

ਸੀ। ਸ਼ਾਮ ਦੇ ਨਿਰਜਿੰਦ ਚਾਨਣ ਵਿਚ ਇਹ ਪਿੰਡ ਸਭ ਤੋਂ ਅਲੱਗ, ਇਕ ਟਾਪੂ ਵਾਂਗ ਮੁਰਝਾਇਆ ਹੋਇਆ ਤੇ ਮਲਿਨ ਜਿਹਾ ਦਿੱਸ ਰਿਹਾ ਸੀ। ਸਾਲ ਤੋਂ ਪਹਿਲਾਂ ਉਸ ਨੇ ਇਸ ਪਿੰਡ ਨੂੰ ਜਿਸ ਤਰ੍ਹਾਂ ਵੇਖਿਆ ਸੀ, ਹੁਣ ਵੀ ਬਿਲਕੁਲ ਉਸੇ ਤਰ੍ਹਾਂ ਦਾ ਦਿੱਸ ਰਿਹਾ ਸੀ। ਇਸ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਸੀ ਆਈ। ਇਸ ਪੁਰਾਣੇ ਪਿੰਡ ਦੇ ਸਾਰੇ ਘਰ ਉਸੇ ਤਰ੍ਹਾਂ ਹੀ ਟੁੱਟੇ-ਫੁੱਟੇ, ਉਸੇ ਤਰ੍ਹਾਂ ਹੀ ਭੁੱਖਣ-ਭਾਣੇ। ਏਥੋਂ ਤੱਕ ਕਿ ਉਨ੍ਹਾਂ ਦੀਆਂ ਆਸ਼ਾਵਾਂ-ਨਿਰਾਸ਼ਾਵਾਂ ਵਿਚ ਵੀ ਕੋਈ ਫ਼ਰਕ ਨਹੀਂ ਸੀ ਲੱਗ ਰਿਹਾ। ਏਥੋਂ ਤਕ ਕਿ ਜਿਸ ਬੁੱਢੇ ਦੇ ਕਾਰਨ ਥੋੜਾ ਬਹੁਤ ਤਰਸ ਲੋਕਾਂ ਦੇ ਮਨ ਵਿਚ ਪੈਦਾ ਹੋ ਸਕਦਾ ਸੀ, ਉਹ ਬੁੱਢਾ ਵੀ ਮਰਿਆ ਨਹੀਂ ਸੀ। ਮੰਤਰੀ ਜੀ ਦੇ ਨਾਲ-ਨਾਲ ਸੀਮਾਚਲ ਨੂੰ ਵੀ ਬਹੁਤ ਨਿਰਾਸ਼ਾ ਹੋਈ। ਜੀਪ ਵਿਚ ਬੈਠਿਆਂ ਮੰਤਰੀ ਜੀ ਨੇ ਸੀਮਾਚਲ ਨੂੰ ਕਿਹਾ, “ਕਿਉਂ ਬਈ ਹੁਣ ਤਾਂ ਖ਼ੁਸ਼ ਹੈਂ ਨਾ ? ਕੱਲ੍ਹ ਏਸ ਪਿੰਡ ਵਿਚ ਥੋੜਾ ਬਹੁਤ ਰੀਲੀਫ਼ ਭੇਜ ਦਿਆਂਗੇ।”

ਜੀਪ ਵਿਚ ਬੈਠੇ ਹੋਏ ਸੀਮਾਚਲ ਨੇ ਪਿੱਛੇ ਵੱਲ ਵੇਖਿਆ। ਬੁੱਢਾ ਅਜੇ ਵੀ ਜੀਉਂਦਾ ਹੈ। ਸਵਾਧੀਨਤਾ ਤੇ ਪੰਜ-ਸਾਲਾ ਯੋਜਨਾਵਾਂ ਨਾਲ ਇਸ ਪਿੰਡ ਨੂੰ ਕੋਈ ਫਾਇਦਾ ਨਹੀਂ ਸੀ ਪਹੁੰਚਾਇਆ। ਲਾਪਰਵਾਹੀ ਜਾਂ ਹੜ੍ਹ ਤੋਂ ਪਿੰਡ ਵਿਚ ਨਸ਼ਟ ਹੋਣ ਵਾਲਾ ਕੁੱਝ ਨਹੀਂ ਹੈ। ਸੀਮਾਚਲ ਨੇ ਆਪਣੇ ਆਪ ਨੂੰ ਥੋੜੀ ਜਿਹੀ ਤਸੱਲੀ ਦਿੱਤੀ ਤੇ ਜੀਪ ਦੇ ਮੋੜ ਕੱਟਣ ਤੋਂ ਪਹਿਲਾਂ ਪਿੰਡ ਵੱਲ ਆਖ਼ਰੀ ਵਾਰੀ ਵੇਖਿਆ। ਸਭ ਕੁੱਝ ਪਹਿਲਾਂ ਵਾਂਗ ਹੀ ਤੇ ਬੁੱਢਾ ਪੁਰਾਣਾ ਤੇ ਗਰੀਬ ਹੈ ਪਰ ਜੀਉਣ ਦੀ ਨਾ ਦੱਬਣ ਵਾਲੀ ਇੱਛਾ ਲੈ ਕੇ ਜੀਵੀ ਜਾ ਰਿਹਾ ਹੈ; ਬਦਲਿਆ ਕੁੱਝ ਵੀ ਨਹੀਂ ਇਸ ਖ਼ਬਰੇ ਕਿੰਨੇ ਪੁਰਾਣੇ ਪਿੰਡ ਦਾ ਤੇ ਏਥੋਂ ਦੇ ਲੋਕਾਂ ਦਾ।

****

# ਰੁਝੇਵੇਂ ਦਿਹਾੜੀ ਦੇ

ਸੁਮਿੱਤਰਾ ਨੇ ਜਾਗ ਕੇ ਆਕੜ ਭੰਨੀ, ਸੌਣ ਵਾਲੇ ਕਮਰੇ ਦੇ ਚੁਪਾਸੀਂ ਨਜ਼ਰ ਦੁੜਾਈ ਤੇ ਮਨ ਵਿਚ ਕਿਹਾ, "ਨਹੀਂ, ਅੱਜ ਵੀ ਕੁੱਛ ਚੰਗਾ ਨਹੀਂ ਲੱਗ ਰਿਹਾ," ਹਾਲਾਂਕਿ ਕਮਰੇ ਦੀਆਂ ਸਾਰੀਆਂ ਚੀਜ਼ਾਂ ਸਲੀਕੇ ਨਾਲ ਸਜੀਆਂ ਹੋਈਆਂ ਸਨ। ਸੁਮਿੱਤਰਾ ਨੂੰ ਲੱਗਾ ਜਿਵੇਂ ਉਸ ਦੇ ਮਨ ਦਾ ਸੱਖਣਾਪਨ ਇਸ ਕਮਰੇ ਦੇ ਕਣ-ਕਣ ਵਿਚ ਸਮਾ ਗਿਆ ਹੈ। ਏਥੋਂ ਤੱਕ ਕਿ ਜੇ ਉਹ ਖਿੜਕੀ ਖੋਲ੍ਹ ਦੇਵੇ ਤਾਂ ਉਸ ਦਾ ਇਹ ਸੱਖਣਾਪਨ, ਜਿੱਥੋਂ ਤਕ ਉਸ ਦੀ ਨਿਗਾਹ ਜਾਏਗੀ-ਰਸਤਾ, ਮਕਾਨ, ਰੁੱਖ ਗੱਲ ਕੀ ਸਾਰੇ ਆਸਮਾਨ ਨੂੰ ਵੀ ਕੱਜ ਲਏਗਾ।

ਸੁਮਿੱਤਰਾ ਦੇ ਘਰ ਸਭ ਕੁੱਝ ਮੌਜੂਦ ਸੀ। ਪਲੰਘ ਦੇ ਨਾਲ ਜੁੜੇ ਸਾਈਡ ਟੇਬਲ ਉੱਤੇ ਨੌਕਰ ਚਾਹ ਰੱਖ ਗਿਆ ਸੀ। ਕੋਲ ਹੀ ਸਵੇਰ ਦਾ ਅਖ਼ਬਾਰ ਪਿਆ ਸੀ। ਨਾਲ ਦੇ ਕਮਰੇ ਵਿੱਚ ਉਸ ਦਾ ਪਤੀ ਬੈਠਾ ਕੰਮ ਕਰ ਰਿਹਾ ਸੀ। ਟੀਨਾ ਸਕੂਲ ਜਾ ਚੁੱਕੀ ਸੀ। ਰਸੋਈ ਵਿਚ ਨਾਸ਼ਤਾ ਬਣਨ ਦੀ ਆਵਾਜ਼ ਆ ਰਹੀ ਸੀ। ਸਾਰਾ ਕੁੱਝ ਸਮੇਂ ਤੇ ਨਿਯਮ ਅਨੁਸਾਰ ਚੱਲ ਰਿਹਾ ਸੀ। ਸੁਮਿੱਤਰਾ ਬਾਥਰੂਮ ਵਿੱਚ ਚਲੀ ਗਈ। ਹਰ ਚੀਜ਼ ਸਾਫ਼ ਸੁਥਰੀ ਆਪਣੀ ਠੀਕ ਥਾਂ ਰੱਖੀ ਹੋਈ ਲਿਸ਼ਕ ਰਹੀ ਸੀ। ਸੁਮਿੱਤਰਾ ਨੇ ਸੋਚਿਆ, ਕਿੰਨਾ ਚੰਗਾ ਹੁੰਦਾ ਜੇ ਉਹ ਆਪਣੇ ਮਨ ਨੂੰ ਵੀ ਇਸ ਵਿਆਪਕ ਜ਼ਾਬਤੇ ਦੇ ਅਧੀਨ ਸਾਂਭ ਸਕਦੀ।

ਲੰਮਾ ਸਾਹ ਲੈ ਕੇ ਉਸ ਨੇ ਆਪਣੇ ਉੱਤੇ ਪਾਣੀ ਪਾਇਆ, ਜਿਵੇਂ ਸਾਬਣ ਨਾਲ ਪਿੰਡਾ ਰਗੜ-ਰਗੜ ਕੇ ਉਹ ਆਪਣੀ ਸਾਰੀ ਥਕਾਵਟ, ਖਿੱਝ ਤੇ ਉਦਾਸੀ ਧੋ ਕੇ ਪੂੰਝ ਕੇ ਭਜਾ ਦੇਏਗੀ।

ਸ਼ੀਸ਼ੇ ਅੱਗੇ ਖੜੇ ਹੋ ਕੇ ਸੁਮਿੱਤਰਾ ਨੂੰ ਲੱਗਾ ਕਿ ਇਹ ਸੰਭਵ ਨਹੀਂ ਹੈ। ਉਸ ਦਾ ਚਿਹਰਾ ਬੁੱਝਿਆ-ਬੁੱਝਿਆ ਲੱਗ ਰਿਹਾ ਹੈ। ਅੱਖਾਂ ਵਿਚ ਕੋਈ ਭਾਵ ਜਾਂ ਚਮਕ ਨਹੀਂ ਹੈ। ਬੁੱਲਾਂ ਉੱਤੇ ਕੋਈ ਰੰਗ ਨਹੀਂ ਹੈ, ਅੱਖਾਂ ਥੱਲੇ ਕਾਲੇ ਘੇਰੇ ਪੈ ਚੁੱਕੇ ਹਨ। ਸਭ ਕੁੱਝ ਫਿੱਕਾ ਫਿੱਕਾ ਨਿਰਜਿੰਦ, ਰੰਗਹੀਨ ਤੇ ਬੇਰੌਣਕ ਲੱਗ ਰਿਹਾ ਸੀ— ਰਾਤ ਦੇ ਲਾਹੇ ਹੋਏ ਕੱਪੜਿਆਂ ਦੀ ਤਰ੍ਹਾਂ ਕਾਫ਼ੀ ਕੋਸ਼ਿਸ਼ ਕਰਨ ਤੋਂ ਪਿੱਛੋਂ ਉਹ ਆਪਣੇ ਕੱਪੜੇ ਪਾਉਣ ਲੱਗੀ। ਡ੍ਰੈਸਿੰਗ ਟੇਬਲ

ਉੱਤੇ ਰੱਖੇ ਸ਼ਿੰਗਾਰ ਦੇ ਸਾਮਾਨ ਨੇ ਉਸ ਦੇ ਚਿਹਰੇ ਉੱਤੇ ਕੁੱਝ ਰੰਗ ਭਰ ਦਿੱਤਾ, ਪਰ ਉਸ ਦੇ ਅੰਦਰਲੀ ਉਦਾਸੀ ਉਂਝ ਦੀ ਉਂਝ ਸੀ। ਬਲਕਿ ਸਵੇਰੇ ਜਾਗ ਕੇ ਨਹਾ ਧੋ ਕੇ ਤਿਆਰ ਹੋਣਾ ਉਸ ਨੂੰ ਫ਼ਜ਼ੂਲ ਲੱਗਾ। ਉਹ ਜ਼ਬਰਦਸਤੀ ਉੱਠ ਕੇ ਖੜੀ ਹੋ ਗਈ ਤੇ ਨਵੇਂ ਦਿਨ ਦਾ ਸਾਹਮਣਾ ਕਰਨ ਲਈ ਤੁਰ ਪਈ।

ਸੁਮਿੱਤਰਾ ਦੇ ਆਉਣ ਦੀ ਆਵਾਜ਼ ਸੁਣ ਕੇ ਉਸ ਦੇ ਪਤੀ ਨੇ ਕਾਗਜ਼ ਤੋਂ ਨਿਗਾਹ ਚੁੱਕੀ ਤੇ ਉਸ ਵੱਲ ਵੇਖਿਆ। ਸੁਮਿੱਤਰਾ ਨੇ ਸੋਚਿਆ ਉਸ ਦਾ ਚਿਹਰਾ ਵੇਖ ਕੇ ਉਸ ਦਾ ਪਤੀ ਉਸ ਦੇ ਦਿਲ ਦੀ ਗੱਲ ਬੁੱਝ ਲਏਗਾ ਤੇ ਹਮਦਰਦੀ ਨਾਲ ਪੁੱਛੇਗਾ, "ਕੀ ਤਬੀਅਤ ਠੀਕ ਨਹੀਂ ? ਪਰ ਉਹ ਆਪਣੀ ਕਮਜ਼ੋਰੀ ਉਸ ਤੋਂ ਲੁਕਾ ਕੇ ਕਹੇਗੀ, ਨਹੀਂ, ਠੀਕ ਹੈ। ਪਰ ਅਜਿਹਾ ਹੋਇਆ ਕੁੱਝ ਨਾ।" ਇਸ ਦੇ ਪਤੀ ਨੇ ਕਿਹਾ, "ਤੂੰ ਕੁੱਝ ਖਰੀਦਣ ਦੀ ਗੱਲ ਕਰ ਰਹੀ ਸੀ ਨਾ, ਅੱਜ ਅਖ਼ਬਾਰ ਵਿਚ ਆਇਆ ਹੈ ਕਿ ਸੱਤ ਦਿਨ ਦੀ ਸੇਲ ਲੱਗੀ ਹੈ। ਵੀਹ ਪਰਸੈਂਟ ਡਿਸਕਾਊਂਟ"।

ਸੁਮਿੱਤਰਾ ਨਿਰਾਸ਼ ਹੋ ਗਈ ਤੇ ਪਤੀ ਨਾਲ ਕਿਸੇ ਬਹਾਨੇ ਝਗੜਾ ਕਰਨ ਦੇ ਮੂਡ ਨਾਲ ਬੋਲੀ, "ਮੈਂ ਤੁਹਾਨੂੰ ਜਿਹੜੀ ਦਵਾਈ ਲਿਆਉਣ ਲਈ ਕਿਹਾ ਸੀ, ਉਹ ਲੈ ਆਏ" ? ਉਸ ਦੇ ਮੰਦ ਭਾਗਾਂ ਨੂੰ ਦਵਾਈ ਉਸ ਦੇ ਪਤੀ ਨੇ ਲਿਆਂਦੀ ਹੋਈ ਸੀ। ਉਸ ਨੇ ਦਵਾਈ ਸੁਮਿੱਤਰਾ ਨੂੰ ਫੜਾਈ ਤੇ ਕਿਹਾ, "ਇਹ ਤਾਂ ਕੱਲ੍ਹ ਹੀ ਲੈ ਆਇਆ ਸਾਂ, ਦੇਣੀ ਭੁੱਲ ਗਿਆ"। ਸੁਮਿੱਤਰਾ ਨੇ ਦਵਾਈ ਦੀ ਸ਼ੀਸ਼ੀ ਘੁਮਾ ਫਿਰਾ ਕੇ ਵੇਖੀ। ਦਵਾਈ ਠੀਕ ਹੈ, ਸੀਲ ਬੰਦ ਹੈ। ਐਕਸਪਾਇਰੀ ਦੀ ਤਰੀਕ ਵੀ ਹਾਲੇ ਬਹੁਤ ਦੂਰ ਹੈ। ਕੁਝ ਵੀ ਗੜਬੜ ਨਹੀਂ ਹੈ ਜਿਸ ਕਰ ਕੇ ਉਹ ਕੋਈ ਝਗੜੇ ਵਾਲੀ ਗੱਲ ਸ਼ੁਰੂ ਕਰੇ।

ਨਿਰਾਸ਼ ਹੋ ਕੇ ਉਹ ਰਸੋਈ ਵੱਲ ਚਲੀ ਗਈ। ਓਥੇ ਉਹ ਨੌਕਰ ਦੀਆਂ ਸਾਰੀਆਂ ਲਾਪਰਵਾਹੀਆਂ ਤੇ ਵਿਹਲੇ ਬਹਿ ਰਹਿਣ ਦੀ ਆਦਤ ਨੂੰ ਲੈ ਕੇ ਆਪਣਾ ਗੁੱਸਾ ਤੇ ਖਿੱਝ ਕੱਢ ਸਕਦੀ ਸੀ। ਪਰ ਪਤੀ ਨਾਲ ਗੱਲਾਂ ਕਰਨ ਤੋਂ ਬਾਅਦ ਉਸ ਨੂੰ ਥਕਾਵਟ ਮਹਿਸੂਸ ਹੋਣ ਲੱਗ ਪਈ ਤੇ ਹੁਣ ਉਸ ਦਾ ਮਨ ਵਾਦ-ਵਿਵਾਦ ਜਾਂ ਗੱਲ-ਬਾਤ ਕਰਨ ਦੀ ਹਾਲਤ ਵਿਚ ਨਹੀਂ ਸੀ, ਬਲਕਿ ਉਸ ਦੇ ਮਨ ਵਿੱਚੋਂ ਫੁਰਨਾ ਲੰਘਿਆ ਕਿ ਜੋ ਨੁਕਸਾਨ ਹੁੰਦਾ ਹੈ ਪਿਆ ਹੋਵੇ। ਕੱਪ, ਪਲੇਟ ਟੁੱਟਦੀਆਂ ਨੇ ਤਾਂ ਪਈਆਂ ਟੁੱਟਣ। ਚਾਹ ਠੰਢੀ ਹੁੰਦੀ ਹੈ ਤਾਂ ਪਈ ਹੋਵੇ। ਜੋ ਵੀ ਜਿਵੇਂ ਚਾਹੇ ਪਿਆ ਕਰੇ। ਮੈਂ ਹੁਣ ਕਿਸੇ ਨੂੰ ਕੁੱਝ ਨਹੀਂ ਕਹਿਣਾ।

ਹੁਣ ਨਾਸ਼ਤੇ ਦੀ ਮੇਜ਼ ਉੱਤੇ ਬੈਠੇ ਸੁਮਿੱਤਰਾ ਤੇ ਉਸ ਦੇ ਪਤੀ ਨਾਸ਼ਤਾ ਕਰ ਰਹੇ ਸਨ। ਟੋਸਟ ਠੀਕ ਸੁਨਹਿਰੀ ਰੰਗ ਦਾ ਸੀ ਅਤੇ ਠੀਕ ਗਰਮ ਸੀ। ਆਮਲੇਟ ਵਿਚ ਪੂਰਾ ਲੂਣ ਸੀ, ਚਾਹ ਗਰਮ ਸੀ। ਪਤੀ ਚੰਗੇ ਮੂਡ ਵਿਚ ਸੀ। ਸਿਰਫ ਸੁਮਿੱਤਰਾ ਆਪਣੇ ਮਨ ਨੂੰ ਕਾਬੂ ਨਹੀਂ ਰੱਖ ਸਕੀ ਸੀ। ਪਤੀ ਨੇ ਕਿਹਾ, "ਏਸ ਮਹੀਨੇ ਅਸੀਂ ਸਾਰੇ ਲੋਕਾਂ ਨੂੰ ਖਾਣੇ ਉੱਤੇ ਬੁਲਾਉਣਾ ਹੈ"।

ਸੁਮਿੱਤਰਾ ਨੇ ਸੋਚਿਆ, ਮੈਂ ਚੀਕ ਕੇ ਕਹਾਂ, ਮੈਨੂੰ ਹੁਣ ਇਹ ਪਾਰਟੀਆਂ-ਵਾਰਟੀਆਂ ਅੱਛੀਆਂ ਨਹੀਂ ਲੱਗਦੀਆਂ। ਉਹੋ ਲੋਕ, ਉਹੋ ਜਿਹੀ ਮਿਣੀ-ਤੁਲੀ ਤੇ ਸਤਰਕ ਗੱਲਬਾਤ, ਉਹੀ ਸੋਹਣੇ ਕੱਪੜੇ ਤੇ ਆਧੁਨਿਕ ਪਹਿਰਾਵਾ। ਕੁੱਝ ਝੂਠੀ ਗੱਲਬਾਤ, ਨਸ਼ੇ ਦੀ ਹਾਲਤ ਵਿਚ ਮੌਕਾ ਤਾੜ ਕੇ ਇੱਕ ਦੂਜੇ ਵਿਚ ਭਿੱਜਣਾ ਤੇ ਕੁੱਝ ਪਲਾਂ ਲਈ ਵਾਇਦੇ ਕਰਨੇ। ਸੁਮਿੱਤਰਾ ਨੂੰ ਫੇਰ ਯਾਦ ਆਇਆ ਕਿ ਉਸ ਦਾ ਵਕਤ ਨਹੀਂ ਲੰਘ ਰਿਹਾ। ਹੱਥ ਦੀ ਘੜੀ ਵਿਚ ਬਹੁਤ ਹੀ ਹੌਲੀ ਚਲ ਰਹੀਆਂ ਸੂਈਆਂ; ਖਾਲੀਪਨ ਵਿਚ ਬਿਤਾਏ ਕੁੱਝ ਘੰਟੇ, ਮਿੰਟ ਤੇ ਸਕਿੰਟ, ਨਾਸ਼ਤੇ ਤੋਂ ਦੁਪਹਿਰ ਦੇ ਖਾਣੇ ਤੇ ਦੁਪਹਿਰ ਦੇ ਖਾਣੇ ਤੋਂ ਰਾਤ ਦੇ ਖਾਣੇ ਤੱਕ ਵਿਚਕਾਰ ਇੱਕ ਸਾਲ ਦੀ ਵਿੱਥ। ਉਸ ਨੂੰ ਹੋਰ ਭੁੱਖ ਨਹੀਂ ਸੀ। ਉਸ ਨੂੰ ਪਤਾ ਸੀ ਕਿ ਮੈਂ ਹੋਰ ਨਹੀਂ ਖਾ ਸਕਦੀ। ਫੇਰ ਵੀ ਉਸ ਨੇ ਚਾਕੂ ਨਾਲ ਆਮਲੇਟ ਦੇ ਛੋਟੇ-ਛੋਟੇ ਪੀਸ ਕੀਤੇ ਅਤੇ ਕਿਹਾ, "ਏਸ ਹਫ਼ਤੇ ਨਹੀਂ, ਅਗਲੇ ਹਫ਼ਤੇ। ਇਸੇ ਦਰਮਿਆਨ ਇੱਕ ਹੋਰ ਪਿਕਚਰ ਦੇਖਾਂਗੇ"।

ਦਸ ਵਜੇ ਪਤੀ ਦਫ਼ਤਰ ਚਲਾ ਗਿਆ। ਪੰਜ ਮਿੰਟ ਬਾਅਦ ਡਾਕੀਏ ਨੇ ਘੰਟੀ ਵਜਾਈ। ਬਿਜਲੀ ਦੇ ਬਿੱਲ ਦਾ ਨੋਟਿਸ ਸੀ। ਹੋਰ ਕੋਈ ਵੀ ਚਿੱਠੀ ਲੈ ਕੇ ਨਹੀਂ ਆਉਂਦਾ, ਡਾਕੀਆ। ਸੁਮਿੱਤਰਾ ਨੂੰ ਯਾਦ ਆਇਆ, ਕਾਲਜ ਵਿਚ ਪੜ੍ਹਦਿਆਂ, ਮੈਂ ਆਪਣੇ ਦੇਸ਼-ਵਿਦੇਸ਼ ਦੇ ਸਾਰੇ ਕਲਮੀ ਦੋਸਤਾਂ ਨੂੰ ਕਿਵੇਂ ਚਿੱਠੀਆਂ ਲਿਖਿਆ ਕਰਦੀ ਸਾਂ ਤੇ ਹਰ ਰੋਜ਼ ਡਾਕ ਵਿਚ ਰੰਗ-ਬਰੰਗੇ ਲਿਫ਼ਾਫਿਆਂ ਵਿਚ ਮੇਰੀਆਂ ਢੇਰ ਸਾਰੀਆਂ ਚਿੱਠੀਆਂ ਆਇਆ ਕਰਦੀਆਂ ਸਨ। ਅੱਜ-ਕੱਲ੍ਹ ਡਾਕ ਵਿਚ ਸਿਰਫ ਸਰਕਾਰੀ ਟੈਲੀਫੋਨ ਬਿੱਲ, ਘੱਟ ਕੀਮਤ ਤੇ ਸਾੜ੍ਹੀਆਂ ਦੇ ਇਸ਼ਤਿਹਾਰ ਤੇ ਸੱਦੇ-ਪੱਤਰ ਹੀ ਆਉਂਦੇ ਹਨ। ਬਿਜਲੀ ਦੇ ਬਿੱਲ ਦਾ ਲਿਫ਼ਾਫਾ ਖੋਲ੍ਹੇ ਬਿਨਾਂ ਉਸ ਨੇ ਉਂਝ ਹੀ ਮੇਜ਼ ਉੱਤੇ ਰੱਖ ਦਿੱਤਾ ਅਤੇ ਕੁੱਝ ਦਿਨ ਪਹਿਲਾਂ ਅੱਧੀ ਪੜ੍ਹ ਕੇ ਰੱਖੀ ਕਿਤਾਬ ਲੱਭਣ ਲੱਗ ਪਈ।

ਟੈਲੀਫ਼ੋਨ ਦੀ ਘੰਟੀ ਵੱਜੀ। ਰਿਸੀਵਰ ਚੁੱਕ ਕੇ ਕੁੱਝ ਕਹਿਣ ਤੋਂ ਪਹਿਲਾਂ ਹੀ ਦੂਜੇ ਪਾਸਿਓਂ ਮਿਸਿਜ਼ ਸ਼ਰਮਾ ਦੀ ਆਵਾਜ਼ ਸੁਣਾਈ ਦਿੱਤੀ, “ਤੈਨੂੰ ਪਤੈ, ਪੰਜ ਵਾਰੀ ਨੰਬਰ ਮਿਲਾਉਣ ਤੋਂ ਪਿੱਛੋਂ ਤੁਹਾਡਾ ਫ਼ੋਨ ਮਿਲਿਐ। ਅੱਜ-ਕੱਲ੍ਹ ਟੈਲੀਫ਼ੋਨ ਸਰਵਿਸ ਦਾ ਕਿੰਨਾ ਬੁਰਾ ਹਾਲ ਹੈ ?" ਸੁਮਿੱਤਰਾ ਨੇ ਕਿਹਾ, "ਸਾਡਾ ਫ਼ੋਨ ਕਈ ਦਿਨਾਂ ਤੋਂ ਖ਼ਰਾਬ ਸੀ"। ਮਿਸਿਜ਼ ਸ਼ਰਮਾ ਨੇ ਕਿਹਾ, "ਸਿਰਫ਼ ਫ਼ੋਨ ਹੀ ਨਹੀਂ, ਸਾਡੇ ਤਾਂ ਬਿਜਲੀ ਵੀ ਬੰਦ ਹੈ। ਕੱਲ੍ਹ ਰਾਤੀਂ ਵੀ ਬੰਦ ਰਹੀ, ਕਾਫੀ ਦੇਰ ਤੱਕ, ਟੀ.ਵੀ. ਦਾ ਚੰਗਾ ਪ੍ਰੋਗਰਾਮ ਮਿਸ ਕੀਤਾ, ਅਸੀਂ"। ਸੁਮਿੱਤਰਾ ਨੇ ਕਿਹਾ, "ਅਖ਼ਬਾਰ ਵਿਚ ਆਇਆ ਸੀ ਕਿ ਕਿਸ ਵੇਲੇ ਕਿਸ ਇਲਾਕੇ ਵਿੱਚ ਲੋਡ ਸ਼ੈਡਿੰਗ ਹੋਵੇਗੀ"। ਮਿਸਿਜ਼ ਸ਼ਰਮਾ ਬੋਲੀ, “ਅੱਛਾ ? ਪਰ ਏਨੀ ਬਰੀਕੀ ਨਾਲ ਕੌਣ ਪੜ੍ਹਦੈ ਅਖ਼ਬਾਰ” ? ਸੁਮਿੱਤਰਾ ਨੇ ਸੋਚਿਆ, ਸਵੇਰ ਦੇ ਅਖ਼ਬਾਰ ਵਿਚ ਅੱਜ ਪਾਣੀ ਦੀ ਸਪਲਾਈ ਬੰਦ ਹੋਣ ਬਾਰੇ ਛਪੀ ਗੱਲ ਦੱਸੇਗੀ, ਪਰ ਮਿਸਿਜ਼ ਸ਼ਰਮਾ ਉਸ ਨੂੰ ਬੋਲਣ ਦਾ ਮੌਕਾ ਨਹੀਂ ਸੀ ਦੇ ਰਹੀ ਤੇ ਆਪ ਹੀ ਬੋਲੀ ਜਾ ਰਹੀ ਸੀ, "ਉਸ ਕਤਲ ਕੇਸ ਦੇ ਬਾਰੇ ਏਨੇ ਵਿਸਤਾਰ ਨਾਲ ਛਪ ਰਿਹੈ ਕਿ ਸਿਰਫ਼ ਉਹੀ ਖ਼ਬਰ ਪੜ੍ਹਦਿਆਂ-ਪੜ੍ਹਦਿਆਂ ਵਕਤ ਬੀਤ ਜਾਂਦੈ"।

ਸੁਮਿੱਤਰਾ ਨੇ ਸੋਚਿਆ, ਕੀ ਜ਼ਰੂਰਤ ਹੈ ਇਸ ਔਰਤ ਨਾਲ ਜ਼ਬਰਦਸਤੀ ਕਿਸੇ ਕਤਲ ਕੇਸ ਬਾਰੇ ਗੱਲਬਾਤ ਕਰਨ ਦੀ। ਪਰ ਉਸ ਨੇ ਕਿਹਾ, "ਇੱਕ ਹੋਰ ਅਖ਼ਬਾਰ ਵਿਚ ਕਿਤੇ ਛਪਿਆ ਸੀ ਕਿ ਉਸ ਲੜਕੀ ਦੇ ਪਰਿਵਾਰ ਦੇ ਲੋਕਾਂ ਦਾ ਵੀ ਕਿਵੇਂ ਇਸ ਹੱਤਿਆ ਨਾਲ ਸੰਬੰਧ ਹੈ"। ਅੱਗੇ ਮਿਸਿਜ਼ ਸ਼ਰਮਾ ਬੋਲੀ, "ਸੱਚੀਂ ? ਕੋਈ ਪਿਆਰ-ਪਿਊਰ ਦਾ ਚੱਕਰ ਸੀ ? ਸੁਮਿੱਤਰਾ ਨੇ ਸੋਚਿਆ, ਟੈਲੀਫ਼ੋਨ ਬੰਦ ਕਰਕੇ ਇਸ ਬਿਨਾਂ ਵਜ੍ਹਾ ਮਗਰ ਪਈ ਔਰਤ ਦੇ ਉਤਾਵਲੇਪਨ ਨੂੰ ਹੋਰ ਉਤਸ਼ਾਹ ਨਹੀਂ ਦੇਵੇਗੀ। ਮੈਨੂੰ ਕੀ, ਉਸ ਕੁੜੀ ਦਾ ਆਪਣੇ ਗਵਾਂਢੀ ਨਾਲ ਪਿਆਰ ਸੀ ਕਿ ਨਹੀਂ ? ਸੁਮਿੱਤਰਾ ਕੰਧ ਉੱਤੇ ਲੱਗੀ ਘੜੀ ਵੱਲ ਦੇਖਦਿਆਂ ਬੋਲੀ, “ਪੁਲਿਸ ਨੇ ਸਾਰੀਆਂ ਚਿੱਠੀਆਂ ਜ਼ਬਤ ਕਰ ਲਈਆਂ ਨੇ " ਉਸ ਦੀ ਗੱਲ ਨੂੰ ਟੋਕਦਿਆਂ ਮਿਸਿਜ਼ ਸ਼ਰਮਾ ਨੇ ਕਿਹਾ, “ਬਾਹਰ ਕੋਈ ਘੰਟੀ ਵਜਾ ਰਿਹੈ। ਮੈਂ ਰੱਖਦੀ ਹਾਂ। ਥੋੜੀ ਦੇਰ ਪਿੱਛੋਂ ਫੇਰ ਫ਼ੋਨ ਕਰਾਂਗੀ"।

ਸੁਮਿੱਤਰਾ ਨੂੰ ਪਹਿਲਾਂ ਹੀ ਫ਼ੋਨ ਕੱਟ ਦੇਣਾ ਚਾਹੀਦਾ ਸੀ। ਰਿਸੀਵਰ ਹੇਠਾਂ ਰੱਖ ਕੇ ਉਸ ਨੇ ਫ਼ੈਸਲਾ ਕੀਤਾ ਕਿ ਹੁਣ ਜਦੋਂ ਵੀ ਮਿਸਿਜ਼ ਸ਼ਰਮਾ ਗੱਲ ਕਰ ਰਹੀ ਹੋਵੇਗੀ ਤਾਂ ਉਹ ਰਿਸੀਵਰ ਹੇਠਾਂ ਰੱਖ ਦੇਵੇਗੀ। ਇਹ ਫ਼ੈਸਲਾ ਕਰ ਕੇ ਉਹ ਉੱਥੇ ਹੀ ਬੈਠ ਗਏ ਤੇ ਟੈਲੀਫ਼ੋਨ ਦੀ ਘੰਟੀ ਦੀ ਉਡੀਕ ਕਰਨ ਲੱਗ ਪਈ। ਪਰ ਉਸ ਨੂੰ ਉਡੀਕਣ ਵਿਚ ਹਾਰਨਾ ਪਿਆ। ਮਿਸਿਜ਼ ਸ਼ਰਮਾ ਨੇ ਫੇਰ ਟੈਲੀਫ਼ੋਨ ਨਾ ਕੀਤਾ।

ਟੈਲੀਫ਼ੋਨ ਡਾਇਰੈਕਟਰੀ ਵਿੱਚੋਂ ਅਭਿਜੀਤ ਦਾ ਨੰਬਰ ਲੱਭ ਕੇ ਸੁਮਿੱਤਰਾ ਨੇ ਉਸ ਨੂੰ ਟੈਲੀਫ਼ੋਨ ਕੀਤਾ। ਟੈਲੀਫ਼ੋਨ ਦੋ ਵਾਰੀ ਐਂਗੇਜਡ ਮਿਲਿਆ। ਕਿਤੇ ਨੰਬਰ ਗਲਤ ਨਾ ਹੋਵੇ ਇਹ ਸੋਚ ਕੇ ਉਸ ਨੇ ਡਾਇਰੈਕਟਰੀ ਵਿਚ ਦੁਬਾਰਾ ਨੰਬਰ ਦੇਖਿਆ। ਇਸ ਵਾਰੀ ਦੂਜੇ ਪਾਸਿਓਂ ਕਿਸੇ ਲੜਕੀ ਦੀ ਆਵਾਜ਼ ਆਈ। "ਅਭਿਜੀਤ ਨਾਲ ਕੌਣ ਗੱਲ ਕਰਨੀ ਚਾਹੁੰਦਾ ਹੈ" ? ਸੁਮਿੱਤਰਾ ਨੇ ਖਿੱਝ ਕੇ ਕਿਹਾ, “ਮਿਸਿਜ਼ ਸ਼ਰਮਾ"। ਲਾਈਨ ਫੇਰ ਚੁੱਪ ਹੋ ਗਈ। ਉਸ ਲੜਕੀ ਨੇ ਅਭਿਜੀਤ ਨਾਲ ਗੱਲ ਕਰ ਕੇ ਸੁਮਿੱਤਰਾ ਤੋਂ ਉਸ ਦਾ ਪਤਾ ਪੁੱਛਿਆ। ਇਸ ਵਾਰੀ ਸੁਮਿੱਤਰਾ ਨੇ ਆਪਣਾ ਠੀਕ ਪਤਾ ਦਿੱਤਾ ਅਤੇ ਅਭਿਜੀਤ ਦੇ ਲਾਈਨ ਉੱਤੇ ਆਉਂਦਿਆਂ ਹੀ ਬੋਲੀ, "ਏਸ ਕੁੜੀ ਨੂੰ ਕਹਿ ਦੇ ਕਿ ਤੈਨੂੰ ਲਾਈਨ ਦੇਣ ਤੋਂ ਪਹਿਲਾਂ ਅੱਧੇ ਘੰਟੇ ਤਕ ਸੁਆਲ ਜਵਾਬ ਨਾ ਕਰਿਆ ਕਰੇ”।

ਉਸ ਦੀ ਇਸ ਗੱਲ ਵੱਲ ਉਚੇਚਾ ਧਿਆਨ ਨਾ ਦੇਂਦਿਆਂ ਅਭਿਜੀਤ ਨੇ ਕਿਹਾ, "ਮੈਂ ਇਸ ਵੇਲੇ ਜ਼ਰਾ ਰੁੱਝਿਆ ਹੋਇਆਂ। ਕੀ, ਕੋਈ ਖਾਸ ਗੱਲ ਸੀ"। ਸੁਮਿੱਤਰਾ ਨੇ ਕਿਹਾ, "ਮੇਰੇ ਲਈ ਹੀ ਤੇਰੇ ਸਾਰੇ ਰੁਝੇਵੇਂ ਹਨ। ਅਜਿਹਾ ਕਿਹੜਾ ਜ਼ਰੂਰੀ ਕੰਮ ਕਰ ਰਹੇ ਓ ਇਸ ਵੇਲੇ" ? ਜੱਕੋ-ਤੱਕੋ ਵਿਚ ਅਭਿਜੀਤ ਨੇ ਕਿਹਾ, "ਫੇਰ ਦੱਸਾਂਗਾ। ਜਾਂ ਫੇਰ ਤੁਸੀਂ ਟੈਲੀਫ਼ੋਨ ਦੇ ਕੋਲ ਰਹਿਓ, ਮੈਂ ਪੰਜਾਂ ਮਿੰਟਾਂ ਪਿੱਛੋਂ ਤੁਹਾਨੂੰ ਫ਼ੋਨ ਕਰਾਂਗਾ”।

“ਨਹੀਂ, ਮੈਂ ਬਾਹਰੋਂ ਫ਼ੋਨ ਕਰ ਰਹੀ ਹਾਂ, ਉਡੀਕ ਨਹੀਂ ਸਕਦੀ। ਤੂੰ ਮੈਨੂੰ ਤੁਰੰਤ ਆ ਕੇ ਮਿਲ"।

"ਕਿੱਥੇ” ? ਅਭਿਜੀਤ ਨੇ ਕਿਹਾ।

"ਕੌਫ਼ੀ ਕਾਰਨਰ ਵਿਚ। ਇਸ ਵੇਲੇ ਦੱਸ ਪੈਂਤੀ ਹੋਏ ਨੇ। ਠੀਕ ਯਾਰਾਂ ਵਜੇ ਪਹੁੰਚ ਜਾਣਾ"।

“ਦੇਖੋ, ਏਸ ਵੇਲੇ ਕੁੱਝ ਔਖ ਹੋਵੇਗੀ.......”

"ਮੈਂ ਔਖ-ਸੌਖ ਨਹੀਂ ਜਾਣਦੀ। ਮੈਂ ਕੌਫ਼ੀ ਕਾਰਨਰ ਜਾ ਰਹੀ ਆਂ "।

"ਠੀਕ ਐ, ਜ਼ਰਾ ਰੁਕੀਂ," ਅਭਿਜੀਤ ਨੇ ਕਿਹਾ। ਲਗਦੈ ਉਸ ਨੇ ਆਪਣੇ ਸਾਹਮਣੇ ਬੈਠੇ ਲੋਕਾਂ ਨੂੰ ਤੋਰ ਦਿੱਤਾ ਹੋਵੇਗਾ ਤੇ ਇਕੱਲੇ ਹੁੰਦਿਆਂ ਹੀ ਬੋਲਿਆ, "ਕੀ ਹੋਇਐ ? ਏਨੇ ਦਿਨਾਂ ਤੱਕ ਕੋਈ ਖ਼ਬਰ ਨਹੀਂ, ਅੱਜ ਅਚਾਨਕ ਆਉਣ ਲਈ ਕਿਉਂ ਕਹਿ ਰਹੀ ਐਂ" ?

"ਮੈਂ ਟੈਲੀਫ਼ੋਨ ਵਿਚ ਏਨੇ ਜਵਾਬ ਨਹੀਂ ਦੇ ਸਕਦੀ। ਤੂੰ ਨਹੀਂ ਆਉਣਾ ਤਾਂ ਨਾ ਆਈਂ। ਤੇਰੀ ਮਰਜ਼ੀ। ਮੈਂ ਤੈਨੂੰ ਮਜਬੂਰ ਤਾਂ ਨਹੀਂ ਕਰ ਰਹੀ"।

"ਅੱਛਾ, ਕੌਫ਼ੀ ਕਾਰਨਰ ਦੀ ਥਾਂ ਤੇ ਸਟੇਸ਼ਨ ਦੇ ਕੋਲ ਵਾਲੇ ਰੇਸਤਰਾਂ ਵਿਚ ਆਵਾਂ ਤਾਂ ਠੀਕ ਰਹੇਗਾ" ?

"ਮੈਂ ਓਥੇ ਕੋਈ ਰੇਸਤਰਾਂ ਨਹੀਂ ਦੇਖਿਆ ਹੋਇਆ"।

"ਹਾਲੇ ਉਸ ਦਿਨ ਗਏ ਤਾਂ ਸੀ ਸ਼ਾਮ ਨੂੰ। ਬਿਲਕੁਲ ਸਟੇਸ਼ਨ ਦੇ ਸਾਹਮਣੇ। ਤੂੰ ਉੱਥੇ ਪਹੁੰਚ"।

"ਮੈਨੂੰ ਉੱਥੋਂ ਦਾ ਰਸਤਾ ਨਹੀਂ ਪਤਾ। ਮੈਂ ਕੌਫ਼ੀ ਕਾਰਨਰ ਜਾ ਰਹੀ ਹਾਂ। ਤੇਰੀ ਮਰਜ਼ੀ ਹੋਏ ਤਾਂ ਆ ਜਾਈਂ"। ਏਨਾ ਕਹਿ ਕੇ ਸੁਮਿੱਤਰਾ ਨੇ ਜ਼ੋਰ ਦੀ ਰਿਸੀਵਰ ਰੱਖ ਦਿੱਤਾ।

ਉਹ ਟੈਲੀਫ਼ੋਨ ਕੋਲੋਂ ਉੱਠੀ ਤੇ ਸਾੜ੍ਹੀ ਬਦਲਣ ਚਲੀ ਗਈ। ਉਸ ਨੂੰ ਕੋਈ ਰੁਝੇਵਾਂ ਨਹੀਂ ਸੀ। ਉਸ ਨੇ ਨੌਕਰ ਨੂੰ ਚਾਹ ਬਣਾਉਣ ਲਈ ਕਿਹਾ। ਚਾਹ ਪੀ ਕੇ ਜਦੋਂ ਉਹ ਕੌਫ਼ੀ ਕਾਰਨਰ ਪਹੁੰਚੀ, ਗਿਆਰਾਂ ਚਾਲ੍ਹੀ ਹੋ ਗਏ ਸੀ। ਅਭਿਜੀਤ ਇੱਕ ਨੁੱਕਰੇ ਬੈਠਾ ਚਾਹ ਪੀ ਰਿਹਾ ਸੀ ਅਤੇ ਖਿੱਝਦਾ ਹੋਇਆ ਆਪਣੀ ਘੜੀ ਦੇਖ ਰਿਹਾ ਸੀ। ਸੁਮਿੱਤਰਾ ਦੇ ਕੋਲ ਪਹੁੰਚਦਿਆਂ ਹੀ ਬੋਲਿਆ, "ਮੈਂ ਘੰਟੇ ਦਾ ਏਥੇ ਬੈਠਾਂ"।

ਸੁਮਿੱਤਰਾ ਨੇ ਬਹਿੰਦੇ ਹੋਏ ਕਿਹਾ, "ਮੇਰੇ ਕੋਲ ਗੱਡੀ ਤਾਂ ਹੈ ਨਹੀਂ ਕਿ ਪੰਜਾਂ ਮਿੰਟਾਂ ਵਿਚ ਪਹੁੰਚ ਜਾਂਦੀ ? ਟੈਕਸੀ ਲੱਭਣ ਵਿਚ ਦੇਰ ਹੋ ਗਈ"।

ਅਭਿਜੀਤ ਨੇ ਕਿਹਾ, "ਕੀ ਲਏਂਗੀ, ਚਾਹ ਜਾਂ ਕੌਫ਼ੀ ? ਮੈਂ ਸਾਢੇ ਬਾਰਾਂ ਤਕ ਆਫ਼ਿਸ ਵਾਪਿਸ ਪਹੁੰਚਣੈ"।

ਸੁਮਿੱਤਰਾ ਬੋਲੀ, "ਫੇਰ ਤੂੰ ਜਾਹ। ਮੈਂ ਆਪਣਾ ਆਰਡਰ ਆਪੇ ਦੇ ਲਵਾਂਗੀ"। ਸੁਮਿੱਤਰਾ ਸੜਕ ਵੱਲ ਮੂੰਹ ਕਰ ਕੇ ਬੈਠ ਗਈ ਤੇ ਬੈਗ ਵਿੱਚੋਂ ਕਾਲਾ ਚਸ਼ਮਾ ਕੱਢ ਕੇ ਫੇਰ

ਲਾ ਲਿਆ। ਅਭਿਜੀਤ ਨੇ ਮੇਜ਼ ਉੱਪਰ ਉਸ ਦੇ ਹੱਥ ਉੱਤੇ ਹੱਥ ਰੱਖ ਕੇ ਕਿਹਾ, “ਅੱਛਾ ਬਾਬਾ, ਤੂੰ ਜਦੋਂ ਤਕ ਕਹੇਂਗੀ, ਬੈਠਾਂਗਾ। ਹੁਣ ਦੱਸ ਕੀ ਲਏਂਗੀ” ?

ਸੁਮਿੱਤਰਾ ਨੇ ਅੱਖਾਂ ਤੋਂ ਐਨਕ ਲਾਹੀ ਤੇ ਕਿਹਾ, “ਚੱਲ ਤੂੰ ਸਟੇਸ਼ਨ ਵਾਲੇ ਜਿਸ ਰੇਸਤਰਾਂ ਦੀ ਗੱਲ ਕਰ ਰਿਹਾ ਸੀ, ਓਥੇ ਹੀ ਚੱਲੀਏ” ?

“ਉਹ ਤਾਂ ਏਥੋਂ ਬਹੁਤ ਦੂਰ ਐ। ਪਹਿਲਾਂ ਈ ਓਥੇ ਗਏ ਹੁੰਦੇ ਤਾਂ ਠੀਕ ਸੀ। ਅੱਜ ਏਥੇ ਹੀ ਬਹਿੰਦੇ ਆਂ"।

“ਨਹੀਂ, ਉਹੀ ਥਾਂ ਠੀਕ ਐ"। ਸੁਮਿੱਤਰਾ ਨੇ ਕਿਹਾ, "ਤੇਰੇ ਕੋਲ ਤਾਂ ਗੱਡੀ ਹੈ, ਚੱਲ” ?

"ਦੇਖ, ਅੱਜ ....." ਏਨਾ ਕਹਿ ਕੇ ਅਭਿਜੀਤ ਚੁੱਪ ਰਿਹਾ, ਕਿਉਂਕਿ ਸੁਮਿੱਤਰਾ ਫੇਰ ਕਾਲਾ ਚਸ਼ਮਾ ਲਾ ਕੇ ਬਾਹਰ ਵੱਲ ਦੇਖਦੀ ਪਈ ਸੀ।

ਆਪਣੀ ਕੌਫ਼ੀ ਦਾ ਬਿੱਲ ਦੇ ਕੇ ਅਭਿਜੀਤ ਸੁਮਿੱਤਰਾ ਨਾਲ ਬਾਹਰ ਆ ਗਿਆ। ਗੱਡੀ ਵਿੱਚ ਬੈਠ ਕੇ ਸਟੇਸ਼ਨ ਵੱਲ ਜਾਂਦਿਆਂ ਅਭਿਜੀਤ ਨੇ ਪੁੱਛਿਆ, “ਅੱਜ ਅਚਾਨਕ ਤੈਨੂੰ ਗ਼ਰੀਬਾਂ ਦੀ ਯਾਦ ਕਿਵੇਂ ਆਈ” ?

ਉਸ ਦੀ ਗੱਲ ਦਾ ਸਿੱਧਾ ਜਵਾਬ ਨਾ ਦੇਂਦਿਆਂ ਸੁਮਿੱਤਰਾ ਬੁਝਾਰਤਾਂ ਪਾਉਣ ਲੱਗ ਪਈ, "ਮੈਂ ਤੇਰੇ ਵਰਗੀ ਨਹੀਂ ਆਂ"। ਇਸ ਜਵਾਬ ਦਾ ਕੋਈ ਮਤਲਬ ਨਹੀਂ ਸੀ, ਇਸ ਲਈ ਬਿਨਾਂ ਇਸ ਗੱਲ ਨੂੰ ਵਧਾਏ ਅਭਿਜੀਤ ਬੋਲਿਆ, "ਕੀ ਕੋਈ ਖ਼ਾਸ ਗੱਲ ਸੀ? ਸੁਮਿੱਤਰਾ ਨੇ ਕਿਹਾ, "ਅਸੀਂ ਏਨੇ ਦਿਨਾਂ ਦੇ ਪਿੱਛੋਂ ਮਿਲੇ ਆਂ, ਕੀ ਇਹ ਖ਼ਾਸ ਗੱਲ ਨਹੀਂ" ?

ਹੁਣ ਅਭਿਜੀਤ ਚੁੱਪ ਕਰਕੇ ਗੱਡੀ ਚਲਾਉਣ ਲੱਗਾ। ਸਟੇਸ਼ਨ ਕੋਲ ਰੇਸ਼ਤਰਾਂ ਵਿਚ ਪਹੁੰਚ ਕੇ ਉਸ ਨੇ ਨੁੱਕਰ ਵਾਲੀ ਮੇਜ਼ ਲੱਭੀ, ਪਰ ਮੇਜ਼ ਖ਼ਾਲੀ ਨਹੀਂ ਸੀ। ਜਿਹੜਾ ਮੇਜ਼ ਖਾਲੀ ਸੀ, ਉਸ ਉੱਤੇ ਸੁਮਿੱਤਰਾ ਨੂੰ ਬਿਠਾ ਕੇ ਅਭਿਜੀਤ ਨੇ ਕਿਹਾ, "ਤੂੰ ਇੱਕ ਮਿੰਟ ਬੈਠ, ਮੈਂ ਜ਼ਰਾ ਦਫ਼ਤਰ ਫ਼ੋਨ ਕਰ ਕੇ ਆਇਆ"।

ਜਦੋਂ ਅਭਿਜੀਤ ਮੁੜਿਆ ਸੁਮਿੱਤਰਾ ਉਦਾਸ ਬੈਠੀ ਸੀ। ਉਸ ਦਾ ਹੱਥ ਆਪਣੇ ਹੱਥ ਵਿਚ ਜ਼ੋਰ ਦੀ ਦਬਾਉਂਦਿਆਂ ਉਸ ਨੇ ਕਿਹਾ, “ਕੀ ਹੋਇਐ ਤੈਨੂੰ" ? ਸੁਮਿੱਤਰਾ ਨੇ

ਅਭਿਜੀਤ ਦੀਆਂ ਅੱਖਾਂ ਵਿਚ ਦੇਖਿਆ, ਉਸ ਦਾ ਹੱਥ ਆਪਣੀ ਮੁੱਠੀ ਵਿਚ ਜ਼ੋਰ ਦੀ ਦਬਾਉਂਦਿਆਂ ਬੋਲੀ, "ਮੈਨੂੰ ਕੁੱਝ ਵੀ ਚੰਗਾ ਨਹੀਂ ਲਗ ਰਿਹਾ"।

"ਕੀ ਤੇਰੀ ਤਬੀਅਤ ਤਾਂ ਠੀਕ ਐ" ?

"ਤੂੰ ਕੁੱਝ ਨਹੀਂ ਸਮਝੇਂਗਾ"। ਸੁਮਿੱਤਰਾ ਨੇ ਖਿੱਝ ਕੇ ਕਿਹਾ। ਫੇਰ ਥੋੜੀ ਦੇਰ ਬਾਅਦ ਉਸ ਨੇ ਪੁੱਛਿਆ, "ਤੂੰ ਆਫ਼ਿਸ ਤੋਂ ਕਿੰਨੀ ਦੇਰ ਦੀ ਛੁੱਟੀ ਲੈ ਲਈ ਐ ? ਲੰਚ ਕਰਨੈ ਤਾਂ ਆਡਰ ਦੇ ਦੇ। ਮੈਨੂੰ ਭੁੱਖ ਨਹੀਂ"।

"ਕੌਫ਼ੀ ਪੀਏਂਗੀ ਜਾਂ ਚਾਹ" ?

"ਨਹੀਂ, ਮੈਂ ਕੁੱਝ ਨਹੀਂ ਪੀਣਾ"।

"ਫੇਰ ਅਸੀਂ ਏਨੀ ਦੂਰ ਆਏ ਹੀ ਕਿਉਂ"?

"ਤੈਨੂੰ ਉੱਥੇ ਕੌਫ਼ੀ ਕਾਰਨਰ ਵਿਚ ਡਰ ਲੱਗ ਰਿਹਾ ਸੀ ਨਾ, ਇਸੇ ਲਈ। ਕਿਤੇ ਕੋਈ ਦੇਖ ਨਾ ਲਵੇ ਤੈਨੂੰ ਓਥੇ, ਏਸ ਕਰਕੇ"।

ਵੇਟਰ ਨੇ ਆ ਕੇ ਉਨ੍ਹਾਂ ਨੂੰ ਮੀਨੂ ਕਾਰਡ ਦਿੱਤਾ। ਉਸ ਦਾ ਵਰਕਾ ਉਲਟਾ ਕੇ ਸੁਮਿੱਤਰਾ ਨੇ ਪੁੱਛਿਆ, ਦੱਸ ਤੂੰ ਕਿੰਨੀ ਦੇਰ ਤੱਕ ਠਹਿਰ ਸਕਦਾ ਹੈਂ ? ਮੈਂ ਉਸੇ ਮੁਤਾਬਿਕ ਆਰਡਰ ਦਿਆਂਗੀ"। ਦੁਬਾਰਾ ਕਿਸੇ ਬਹਿਸ ਵਿਚ ਪੈਣ ਤੋਂ ਬਚਣ ਲਈ ਅਭਿਜੀਤ ਨੇ ਕਿਹਾ, "ਹੁਣ ਮੈਂ ਆਫ਼ਿਸ ਨਹੀਂ ਜਾਣਾ"। ਸੁਮਿੱਤਰਾ ਨੇ ਵੇਟਰ ਨੂੰ ਕਿਹਾ, "ਦੋ ਆਈਸਕਰੀਮ। ਵੇਟਰ ਦੇ ਚਲੇ ਜਾਣ ਤੋਂ ਬਾਅਦ ਅਭਿਜੀਤ ਨੇ ਕਿਹਾ, "ਇਸ ਵੇਲੇ ਆਈਸਕਰੀਮ" ? ਸੁਮਿੱਤਰਾ ਬੋਲੀ, "ਜਦੋਂ ਮੈਂ ਆਰਡਰ ਦਿੱਤਾ ਸੀ ਓਦੋਂ ਕਿਉਂ ਨਹੀਂ ਬੋਲੇ ? ਜੇ ਨਹੀਂ ਖਾਣਾ ਚਾਹੁੰਦੇ ਤਾਂ ਮੈਂ ਵੇਟਰ ਨੂੰ ਬੁਲਾ ਕੇ ਆਰਡਰ ਕੈਂਸਲ ਕਰ ਦੇਂਦੀਆਂ"। ਅਭਿਜੀਤ ਨੇ ਕਿਹਾ, "ਰਹਿਣ ਦੇ"।

ਦੋਨੋਂ ਚੁੱਪ ਬੈਠੇ ਰਹੇ। ਅਭਿਜੀਤ ਨੂੰ ਪਤਾ ਸੀ ਕਿ ਇਸ ਵੇਲੇ ਉਹ ਜੋ ਵੀ ਕਹੇਗਾ, ਸੁਮਿੱਤਰਾ ਉਸ ਦਾ ਅਜ਼ੀਬ ਮਤਲਬ ਕੱਢ ਕੇ ਕੋਈ ਨਵਾਂ ਬਖੇੜਾ ਖੜਾ ਕਰ ਦੇਵੇਗੀ। ਆਈਸਕਰੀਮ ਦੇ ਆਉਣ ਉੱਤੇ ਅਭਿਜੀਤ ਨੇ ਖਾਣੀ ਸ਼ੁਰੂ ਕਰ ਦਿੱਤੀ, ਪਰ ਸੁਮਿੱਤਰਾ ਨੇ ਉਸ ਨੂੰ ਛੇੜਿਆ ਨਹੀਂ ਅਤੇ ਪਲੇਟ ਵਿਚ ਹੀ ਪਿਘਲਣ ਦਿੱਤੀ। ਅਭਿਜੀਤ ਨੇ ਜਦੋਂ, "ਕੀ

ਤੂੰ ਨਹੀਂ ਖਾਏਂਗੀ", ਪੁੱਛਿਆ, ਤਾਂ ਉਸ ਦੀ ਖ਼ਾਲੀ ਪਲੇਟ ਦੇਖ ਕੇ ਸੁਮਿੱਤਰਾ ਨੇ ਸਵਾਲ ਕੀਤਾ, "ਤੇਰੇ ਲਈ ਕੁੱਝ ਹੋਰ ਆਰਡਰ ਕਰਾਂ" ?

ਥੋੜੀ ਦੇਰ ਚੁੱਪ ਬਹਿਣ ਤੋਂ ਬਾਅਦ ਅਭਿਜੀਤ ਨੇ ਘੜੀ ਦੇਖੀ। ਸੁਮਿੱਤਰਾ ਨੇ ਕਿਹਾ, "ਲਗਦੈ, ਤੇਰੇ ਆਫ਼ਿਸ ਜਾਣ ਦਾ ਵਕਤ ਹੋ ਗਿਐ" ? ਅਭਿਜੀਤ ਬੋਲਿਆ, "ਨਹੀਂ, ਮੈਂ ਹੁਣ ਆਫ਼ਿਸ ਨਹੀਂ ਜਾਣਾ। ਹੁਣ ਦੱਸ ਕੀ ਗੱਲ ਐ" ?

ਸੁਮਿੱਤਰਾ ਉਸ ਉੱਤੇ ਗੁੱਸਾ ਕੱਢਦਿਆਂ ਬੋਲੀ, "ਕੋਈ ਗੱਲ ਨਹੀਂ। ਕੋਈ ਗੱਲ ਹੋਵੇ ਨਾ ਹੋਵੇ ਤੈਨੂੰ ਕੀ ਫ਼ਰਕ ਪੈਂਦੈ ? ਤੂੰ ਕਦੇ ਕੋਈ ਮੇਰੀ ਖ਼ਬਰ ਲਈ ਐ ? ਅੱਜ ਤੇਰਾ ਮੂਡ ਠੀਕ ਨਹੀਂ। ਤੈਨੂੰ ਅੱਜ ਏਥੇ ਆਉਣ ਲਈ ਮਜਬੂਰ ਨਹੀਂ ਕਰਨਾ ਚਾਹੀਦਾ ਸੀ। ਚੱਲ ਹੁਣ ਚੱਲੀਏ। ਅਭਿਜੀਤ ਦੀ ਸਲਾਹ ਨਾ ਮੰਨਦਿਆਂ ਸੁਮਿੱਤਰਾ ਨੇ ਵੇਟਰ ਨੂੰ ਬਿੱਲ ਲਿਆਉਣ ਲਈ ਕਿਹਾ ਤੇ ਜ਼ਿੱਦ ਕਰ ਕੇ ਖ਼ੁਦ ਪੈਸੇ ਦੇ ਦਿੱਤੇ। ਬਾਹਰ ਆ ਕੇ ਅਭਿਜੀਤ ਨੇ ਕਿਹਾ, "ਦੱਸ, ਤੂੰ ਕਿੱਥੇ ਜਾਏਂਗੀ ? ਮੈਂ ਛੱਡ ਦਿਆਂਗਾ"। ਸੁਮਿੱਤਰਾ ਨੇ ਕਿਹਾ, "ਨਹੀਂ ਮੈਂ ਟੈਕਸੀ ਲੈ ਲਵਾਂਗੀ। ਤੂੰ ਜਾਹ ਦਫ਼ਤਰ। ਬੜੇ ਜ਼ਰੂਰੀ ਕੰਮ ਹੋਣਗੇ ਤੈਨੂੰ"।

ਅਭਿਜੀਤ ਨੇ ਅਖ਼ੀਰਲੀ ਵਾਰੀ ਮਿੰਨਤ ਨਾਲ ਕਿਹਾ, "ਦੇਖ ਸੁਮਿੱਤਰਾ, ਕੁੱਝ ਦਿਨਾਂ ਲਈ ਮੈਂ ਦੌਰੇ ਉੱਤੇ ਜਾ ਰਿਹਾਂ। ਜੋ ਕਹਿਣਾ ਈ ਹੁਣ ਕਹਿ ਲੈ"। ਸੁਮਿੱਤਰਾ ਨੇ ਉਸ ਦੀ ਗੱਲ ਅਣਸੁਣੀ ਕਰ ਕੇ ਟੈਕਸੀ ਬੁਲਾਈ ਅਤੇ ਟੈਕਸੀ ਵਿਚ ਬੈਠਦਿਆਂ ਬੋਲੀ, "ਜਦੋਂ ਤੇਰੇ ਕੋਲ ਮੇਰੇ ਨਾਲ ਗੱਲ ਕਰਨ ਦੀ ਇੱਛਾ ਅਤੇ ਵਕਤ ਹੋਵੇ, ਮੈਨੂੰ ਫ਼ੋਨ ਕਰ ਦੇਈਂ"।

ਟੀਨਾ ਦੋ ਵਜੇ ਘਰ ਆਈ। ਸੁਮਿੱਤਰਾ, ਚਿਹਰੇ ਉੱਤੇ ਥੋੜੀ ਜਿਹੀ ਮੁਸਕਰਾਹਟ ਲਿਆ ਕੇ, ਉਸ ਤੋਂ ਸਕੂਲ ਦੀਆਂ ਗੱਲਾਂ ਪੁੱਛਣ ਲੱਗੀ। ਟੀਨਾ ਨੇ ਵਿਸਤਾਰ ਨਾਲ ਗੱਲ ਕਰਨੀ ਸ਼ੁਰੂ ਕੀਤੀ ਤਾਂ ਸੁਮਿੱਤਰਾ ਨੇ ਕਿਹਾ, "ਅੱਛਾ, ਅੱਛਾ। ਬਾਕੀ ਗੱਲਾਂ ਰੋਟੀ ਖਾਣ ਤੋਂ ਪਿੱਛੋਂ ਸੁਣਾਂਗੀ"। ਸੁਮਿੱਤਰਾ ਨੇ ਟੀਨਾ ਨੂੰ ਆਪਣੇ ਨਾਲ ਖਵਾਇਆ ਤੇ ਖਾਣੇ ਤੋਂ ਪਿੱਛੋਂ ਸੌਣ ਵਾਲੇ ਕਮਰੇ ਵਿਚ ਚਲੀ ਗਈ। ਉਸ ਦੇ ਪਿੱਛੇ-ਪਿੱਛੇ ਟੀਨਾ ਵੀ ਪਹੁੰਚ ਗਈ ਤੇ ਆਪਣੀ ਕਿਤਾਬ ਲੈ ਕੇ ਖੜੀ ਹੋ ਗਈ। ਉਹ ਬੋਲੀ, "ਮੈਨੂੰ ਇਹ ਕਹਾਣੀ ਸੁਣਾਓ"। ਸੁਮਿੱਤਰਾ ਨੇ ਝੁੰਜਲਾ ਕੇ ਕਿਹਾ, "ਹਾਲੇ ਮੇਰੀ ਤਬੀਅਤ ਠੀਕ ਨਹੀਂ। ਸੌਂ ਕੇ ਉੱਠਾਂਗੀ ਫੇਰ ਸੁਣਾਵਾਂਗੀ"। ਮਾਂ ਦੀ ਗੱਲ ਸੁਣ ਕੇ ਆਗਿਆਕਾਰੀ ਬਣਦਿਆਂ ਟੀਨਾ ਵਾਪਸ ਜਾਣ ਲੱਗੀ। ਕਿੰਨੀ ਅਜੀਬ

ਲੜਕੀ ਹੈ, ਸੁਮਿੱਤਰਾ ਨੇ ਸੋਚਿਆ, ਸਾਰੀਆਂ ਗੱਲਾਂ ਕਿੰਨੀ ਜਲਦੀ ਮੰਨ ਜਾਂਦੀ ਹੈ। ਜ਼ਿੱਦ ਕਰ ਕੇ ਕਹਿ ਤੇ ਸਕਦੀ ਸੀ, ਨਹੀਂ, ਮੈਂ ਕਹਾਣੀ ਹੁਣੇ ਸੁਣਾਂਗੀ, ਇਸੇ ਵੇਲੇ।

ਸੁਮਿੱਤਰਾ ਨੇ ਟੀਨਾ ਨੂੰ ਪਿੱਛੋਂ ਅਵਾਜ਼ ਦੇ ਕੇ ਬੁਲਾਇਆ, "ਚੱਲ ਆ ਜਾ। ਮੈਂ ਤੈਨੂੰ ਹੁਣੇ ਸੁਣਾ ਦੇਂਦੀ ਆਂ ਕਹਾਣੀ"। ਟੀਨਾ ਦੇ ਆਉਂਦਿਆਂ ਹੀ ਸੁਮਿੱਤਰਾ ਨੇ ਉਸ ਦੀ ਸਕੂਲ ਯੂਨੀਫ਼ਾਰਮ ਲਾਹ ਕੇ ਉਸ ਨੂੰ ਦੂਜੇ ਕੱਪੜੇ ਪਾ ਦਿੱਤੇ ਤੇ ਬਿਸਤਰੇ ਉੱਤੇ ਲੇਟਿਆਂ ਲੇਟਿਆਂ ਕਿਤਾਬ ਵਿੱਚੋਂ ਕਹਾਣੀ ਪੜ੍ਹ ਕੇ ਉਸ ਨੂੰ ਸੁਣਾਉਣ ਲੱਗੀ। ਟੀਨਾ ਥੱਕੀ ਹੋਈ ਸੀ, ਇਸ ਲਈ ਅੱਧੀ ਕਹਾਣੀ ਤੋਂ ਬਾਅਦ ਸੌਣ ਲੱਗ ਪਈ। ਉਸ ਨੂੰ ਜਗਾ ਕੇ ਸੁਮਿੱਤਰਾ ਨੇ ਕਿਹਾ, “ਚੱਲ ਜਾਹ, ਜਾ ਕੇ ਆਪਣੇ ਬਿਸਤਰੇ ਵਿਚ ਸੌਂ ਜਾਹ”।

ਸੁਮਿੱਤਰਾ ਉਹੀ ਕਿਤਾਬ ਲੱਭਣ ਲੱਗ ਪਈ ਜਿਹੜੀ ਕੁੱਝ ਦਿਨ ਪਹਿਲਾਂ ਉਸ ਨੇ ਅੱਧੀ ਪੜ੍ਹ ਕੇ ਕਿਤੇ ਰੱਖੀ ਸੀ। ਪਰ ਕਿਤਾਬ ਨਹੀਂ ਮਿਲੀ। ਉਸ ਨੇ ਖਿੜਕੀ ਅੱਗੇ ਪਰਦੇ ਕਰ ਦਿੱਤੇ ਤੇ ਬਿਸਤਰੇ ਉੱਤੇ ਅੱਖਾਂ ਮੀਟ ਕੇ ਲੇਟਦਿਆਂ ਆਪਣੇ ਉੱਪਰ ਖਿੱਝਣਾ ਸ਼ੁਰੂ ਕਰ ਦਿੱਤਾ, ਪਤਾ ਨਹੀਂ ਕਿੱਥੇ ਰੱਖ ਬੈਠੀ ਆਂ, ਕਿਤਾਬ ? ਨੇੜੇ ਦੀ ਮੰਜੀ ਉੱਤੇ ਸੁੱਤੀ ਪਈ ਟੀਨਾ ਦੇ ਲੰਮੇ-ਲੰਮੇ ਸਾਹ ਸੁਣਦਿਆਂ ਸੁਮਿੱਤਰਾ ਆਪ ਕਦੋਂ ਸੌਂ ਗਈ, ਇਸ ਦਾ ਤਾਂ ਉਸ ਨੂੰ ਪਤਾ ਈ ਨਾ ਲੱਗਾ।

ਜਦੋਂ ਉਸ ਦੀ ਅੱਖ ਖੁੱਲ੍ਹੀ, ਕਮਰੇ ਵਿਚ ਹਨੇਰਾ ਸੀ। ਸੁਮਿੱਤਰਾ ਨੇ ਉਠ ਕੇ ਖਿੜਕੀ ਦੇ ਪਰਦੇ ਪਰ੍ਹਾਂ ਕੀਤੇ ਤੇ ਬਾਹਰ ਵੇਖਿਆ। ਸਿਆਲ ਦਾ ਧੁੰਦਲਾ ਅਕਾਸ਼ ਬੜਾ ਮੁਰਝਾਇਆ ਹੋਇਆ ਤੇ ਮੈਲਾ ਮੈਲਾ ਲੱਗ ਰਿਹਾ ਸੀ। ਸੁਮਿੱਤਰਾ ਨੇ ਬਾਹਰੋਂ ਨਜ਼ਰਾਂ ਹਟਾ ਕੇ ਕਮਰੇ ਦੇ ਅੰਦਰ ਵੇਖਿਆ। ਟੀਨਾ ਜਾਗ ਕੇ ਜਾ ਚੁੱਕੀ ਸੀ ਤੇ ਕਮਰਾ ਸੁੰਨਸਾਨ ਸੀ। ਸੁਮਿੱਤਰਾ ਨੂੰ ਲੱਗਾ ਜਿਵੇਂ ਕਿਸੇ ਉਦਾਸ ਨਿਰਾਸਤਾ ਦੀ ਤਹਿ ਹੌਲੀ ਹੌਲੀ ਉਸ ਦੇ ਕਮਰੇ ਦੀ ਹਰ ਚੀਜ਼ ਉੱਤੇ ਜੰਮਦੀ ਜਾ ਰਹੀ ਹੈ। ਲੰਮਾ ਸਾਹ ਲੈ ਕੇ ਸੁਮਿੱਤਰਾ ਨੇ ਆਪਣੇ ਮਨ ਵਿਚ ਕਿਹਾ "ਨਹੀਂ, ਕੁੱਝ ਵੀ ਚੰਗਾ ਨਹੀਂ ਲੱਗ ਰਿਹਾ”।

******

# ਪਛਾਣ

ਸ੍ਰੀਮਤੀ ਉਰਮਿਲਾ, ਬੜੀ ਪੜ੍ਹੀ-ਲਿਖੀ, ਬੁੱਧੀਮਾਨ ਤੇ ਮਿਹਨਤੀ ਸੀ, ਪਰ ਇਨ੍ਹਾਂ ਸਾਰੇ ਗੁਣਾਂ ਦੇ ਬਾਵਜੂਦ ਉਸ ਨੂੰ ਕੋਈ ਚੰਗੀ ਨੌਕਰੀ ਨਹੀਂ ਸੀ ਮਿਲ ਸਕੀ। ਐਸ.ਏ.ਐਮ. ਫਿਲ ਕਰਨ ਤੋਂ ਬਾਅਦ ਕੋਈ ਹੋਰ ਕੰਮ ਨਾ ਮਿਲਣ ਕਰਕੇ ਉਹ ਪੀ.ਐਚ.ਡੀ. ਦੀ ਤਿਆਰੀ ਕਰ ਰਹੀ ਸੀ ਅਤੇ ਨਾਲੋ-ਨਾਲ ਨੌਕਰੀ ਵੀ ਲੱਭ ਰਹੀ ਸੀ। ਔਰਤਾਂ ਦੀ ਸੁਤੰਤਰਤਾ, ਸਮਾਨਤਾ ਤੇ ਵਿਮੈਨਜ਼ ਲਿਬ ਵਿੱਚ ਉਸ ਦਾ ਵਿਸ਼ਵਾਸ ਸੀ। ਉਸ ਨੇ ਫ਼ੈਸਲਾ ਕੀਤਾ ਹੋਇਆ ਸੀ ਕਿ ਆਪਣੀ ਕਾਬਲੀਅਤ ਦੇ ਸਿਰ ਉੱਤੇ ਹੀ ਨੌਕਰੀ ਵਿਚ ਮਰਦਾਂ ਦੇ ਬਰਾਬਰ ਰਹੇਗੀ। ਭਾਵੇਂ ਉਸ ਦੇ ਘਰ ਵਿਚ ਉਸ ਉੱਤੇ ਕੋਈ ਬੰਦਸ਼ ਨਹੀਂ ਸੀ, ਫੇਰ ਵੀ ਉਸ ਦੇ ਘਰ ਵਾਲੇ ਉਸ ਦਾ ਵਿਆਹ ਕਰ ਕੇ ਖ਼ੁਸ਼ ਹੁੰਦੇ, ਪਰ ਉਹ ਆਪਣੇ ਸੁਤੰਤਰ ਜੀਵਨ ਬਿਤਾਉਣ ਦੇ ਇਰਾਦੇ ਉੱਤੇ ਪੱਕੀ ਸੀ।

ਆਪਣੀਆਂ ਭਾਵੀ ਯੋਜਨਾਵਾਂ ਵਿੱਚੋਂ ਉਰਮਿਲਾ ਨੇ ਜਿਸ ਵਿਸ਼ੇ ਉੱਤੇ ਕੋਈ ਧਿਆਨ ਨਹੀਂ ਸੀ ਦਿੱਤਾ, ਉਹ ਸੀ ਸਮਾਜਿਕ ਵਿਵਸਥਾ। ਕਾਲਿਜ ਦੇ ਆਡੀਟੋਰੀਅਮ ਵਿਚ ਭਾਸ਼ਣ ਦੇਣ ਵੇਲੇ ਸਾਰੀਆਂ ਸਮੱਸਿਆਵਾਂ ਸਿੱਧ-ਪੱਧਰੀਆਂ ਤੇ ਸਰਲ ਦਿੱਸਦੀਆਂ ਸਨ। ਜਿਸ ਮਾਮਲੇ ਦੇ ਵੀ ਦੋ ਪੱਖ ਹੁੰਦੇ ਹਨ, ਉਨ੍ਹਾਂ ਵਿੱਚੋਂ ਸਿੱਧਾ ਰਾਹ ਚੁਣਨਾ ਉਰਮਿਲਾ ਲਈ ਉੱਕਾ ਔਖਾ ਨਹੀਂ ਸੀ ਹੁੰਦਾ। ਪਰ ਵਿਮੈਨ ਕਾਲਿਜ ਵੀ ਚਾਰ-ਦੀਵਾਰੀ, ਲੇਡੀਜ਼ ਸਪੈਸ਼ਲ ਬੱਸ ਅਤੇ ਨਾਲ ਪੜ੍ਹਨ ਵਾਲੀਆਂ ਸਹੇਲੀਆਂ ਤੋਂ ਬਾਹਰ ਦੀ ਦੁਨੀਆ ਤੋਂ ਉਰਮਿਲਾ ਪੂਰੀ ਤਰ੍ਹਾਂ ਅਨਜਾਣ ਸੀ। ਇਸ ਨਵੀਂ ਦੁਨੀਆ ਨਾਲ ਉਰਮਿਲਾ ਦੀ ਪਛਾਣ ਓਦੋਂ ਹੋਈ ਜਦੋਂ ਉਹ ਨੌਕਰੀ ਦੀ ਭਾਲ ਵਿਚ ਘਰੋਂ ਬਾਹਰ ਨਿਕਲੀ।

ਆਮ ਬੱਸਾਂ ਉਸ ਦੇ ਕਾਲਜ ਜਾਣ ਵਾਲੀ ਲੇਡੀਜ਼ ਬੱਸ ਵਰਗੀਆਂ ਬਿਲਕੁਲ ਨਹੀਂ ਸਨ। ਲੋਕਾਂ ਨੂੰ ਬੱਸਾਂ ਉੱਤੇ ਚੜ੍ਹਨ ਲਈ ਕੁਸ਼ਤੀ ਕਰਨੀ ਪੈਂਦੀ ਸੀ ਅਤੇ ਇਨ੍ਹਾਂ ਬੱਸਾਂ ਦੇ ਮੁਸਾਫ਼ਰਾਂ ਤੇ ਕਰਮਚਾਰੀਆਂ ਦਾ ਵਤੀਰਾ ਸਦਾਚਾਰ ਤੋਂ ਪਰੇਡਾ ਸੀ। ਬੱਸਾਂ ਵਿਚ ਕੁੜੀਆਂ ਨਾਲ ਅਸ਼ਲੀਲ ਛੇੜਖ਼ਾਨੀ ਬਾਰੇ ਉਰਮਿਲਾ ਨੇ ਅਖ਼ਬਾਰਾਂ ਵਿਚ ਪੜ੍ਹਿਆ ਹੋਇਆ

ਸੀ, ਪਰ ਹੁਣ ਉਹ ਆਪ ਆਪਣੇ ਸਰੀਰ ਉੱਤੇ ਇਹ ਸਾਰੇ ਅਨੁਭਵ ਹੰਢਾ ਰਹੀ ਸੀ। ਬੱਸ ਵਿਚ ਚੜ੍ਹਨ ਵੇਲੇ ਜਾਂ ਅੰਦਰਲੇ ਭੀੜ-ਭੜੱਕੇ ਵਿਚ ਕੋਈ ਉਸ ਦੀ ਛਾਤੀ ਨੂੰ ਹੱਥ ਲਾ ਦਿੰਦਾ। ਪਹਿਲੀ ਵਾਰੀ ਉਰਮਿਲਾ ਨਾਲ ਇਹ ਦੁਰਘਟਨਾ ਵਾਪਰੀ ਤਾ ਇਹ ਉਸ ਨੂੰ ਬੇਅੰਤ ਘਿਨੌਣੀ ਤੇ ਅਪਮਾਨਜਨਕ ਲੱਗੀ ਸੀ। ਉਹ ਹੈਰਾਨ ਵੀ ਬੜੀ ਹੋਈ ਸੀ। ਪਲਰ ਭਰ ਲਈ ਉਸ ਨੇ ਖ਼ਿਆਲ ਕੀਤਾ ਸੀ ਕਿ ਅਜਿਹੇ ਬਦਮਾਸ਼ ਦੇ ਮੂੰਹ ਉੱਤੇ ਥੱਪੜ ਜੜ ਦਿਆਂ, ਪਰ ਕੁੱਝ ਸੋਚਣ ਦੇ ਬਾਅਦ ਉਸ ਨੇ ਫ਼ੈਸਲਾ ਕੀਤਾ ਕਿ ਅਜਿਹੇ ਘਟੀਆ ਦਰਜੇ ਦੇ ਹੋਛੇ ਗੁੰਡੇ ਲਈ ਮੈਂ ਆਪਣਾ ਵਕਤ ਬਰਬਾਦ ਕਰਕੇ ਕੋਈ ਨਾਟਕੀ ਮਾਹੌਲ ਪੈਦਾ ਨਹੀਂ ਕਰਨਾ। ਕੁੱਝ ਦਿਨਾਂ ਦੇ ਅੰਦਰ ਹੀ ਬੱਸਾਂ ਵਿਚ ਆਵਾਜਾਈ ਦੇ ਤਜਰਬੇ ਪਿੱਛੋਂ ਉਸ ਨੂੰ ਗਿਆਨ ਹੋ ਗਿਆ ਕਿ ਔਰਤਾਂ ਲਈ ਬੱਸ ਵਿਚ ਸਫਰ ਕਰਨਾ ਹੈ ਤਾਂ ਇਹ ਕੌੜੇ ਘੁੱਟ ਭਰਨੇ ਹੀ ਪੈਣਗੇ ਕਿਉਂਕਿ ਕੁੱਝ ਲੋਕ ਅਜਿਹੇ ਹੁੰਦੇ ਹਨ ਕਿ ਜਦ ਵੀ ਉਨ੍ਹਾਂ ਨੂੰ ਮੌਕਾ ਮਿਲ ਜਾਏ ਉਹ ਔਰਤਾਂ ਦੀਆਂ ਛਾਤੀਆਂ, ਪੱਟਾਂ ਜਾਂ ਪਿੰਡਿਆਂ ਨਾਲ ਛੇੜਖ਼ਾਨੀ ਜ਼ਰੂਰ ਕਰਦੇ ਹਨ। ਇਹੋ ਜਿਹੇ ਮੌਕਿਆਂ ਉੱਤੇ ਉਰਮਿਲਾ ਹੈਰਾਨੀ, ਖਿੱਝ ਜਾ ਹੱਤਕ ਮਹਿਸੂਸ ਕਰਨ ਦੀ ਥਾਂ ਮਨ ਹੀ ਮਨ, ਉਸ ਬੰਦੇ ਨੂੰ 'ਬਾਸਟਰਡ' ਕਹਿ ਲੈਂਦੀ।

ਇਹ ਅਸ਼ਲੀਲ ਵਰਤਾਰਾ ਸਿਰਫ਼ ਬੱਸਾਂ ਤਕ ਹੀ ਸੀਮਿਤ ਨਹੀਂ ਸੀ। ਰਸਤਾ ਹੋਵੇ, ਅੱਡਾ ਹੋਵੇ, ਜਾਂ ਹੱਟੀ, ਬਜ਼ਾਰ, ਦਫ਼ਤਰ, ਹੋਟਲ ਜਾਂ ਰੇਲਵੇ ਸਟੇਸ਼ਨ ਹੋਵੇ, ਇਹੋ ਜਿਹੇ ਮੁਰਗੇ ਹਰ ਥਾਂ ਮੌਜੂਦ ਸਨ। ਇਉਂ ਲੱਗਦਾ ਸੀ ਕਿ ਔਰਤ ਲਈ ਇਸ ਦੇਸ਼ ਵਿੱਚ ਕਿਤੇ ਵੀ ਆਉਣ-ਜਾਣ ਸੰਭਵ ਨਹੀਂ। ਨਤੀਜੇ ਵਜੋਂ, ਉਰਮਿਲਾ ਇਹ ਮੰਨ ਕੇ ਤੁਰ ਰਹੀ ਸੀ ਕਿ ਰਸਤੇ ਵਿਚ ਤੁਰਦਿਆਂ, ਗੰਦੀ ਨਾਲੀ ਦੇ ਰੋਮੀਓ ਬੇਸ਼ਰਮ ਹਰਕਤਾਂ ਕਰਨਗੇ; ਦੁਕਾਨਾਂ ਉੱਤੇ ਲੋਕ ਬਿਨਾਂ ਵਜ੍ਹਾ ਨਾਲ ਲੱਗਣ ਦੀ ਕੋਸ਼ਿਸ਼ ਕਰਨਗੇ ਅਤੇ ਜੁਆਨ ਗੁਵਾਂਢੀ ਭਲੇ ਲੋਕ ਮਜ਼ਾਕ ਉਡਾਉਣ ਨੂੰ ਆਪਣਾ ਹੱਕ ਸਮਝਣਗੇ। ਪਰ ਉਰਮਿਲਾ ਹਾਰ ਮੰਨਣ ਨੂੰ ਤਿਆਰ ਨਹੀਂ ਸੀ। ਉਸ ਨੇ ਮਨ ਹੀ ਮਨ ਵਿਚ ਫ਼ੈਸਲਾ ਕੀਤਾ ਹੋਇਆ ਸੀ ਕਿ ਮੈਂ ਆਪਣੇ ਨਿਸਚੇ ਤੋਂ ਕਦੇ ਵੀ ਡੋਲਾਂਗੀ ਨਹੀਂ, ਇਸ ਮਰਦ-ਪ੍ਰਧਾਨ ਸਮਾਜ ਵਿਚ ਆਪਣੀ ਥਾਂ ਬਣਾ ਕੇ ਹੀ ਰਹਾਂਗੀ।

ਉਸ ਨੇ ਨੌਕਰੀ ਲਈ ਕਿਸੇ ਦੀ ਮੱਦਦ ਨਾ ਲਈ ਸਗੋਂ ਅਖ਼ਬਾਰਾਂ ਵਿੱਚੋਂ ਇਸ਼ਤਿਹਾਰ ਪੜ੍ਹ-ਪੜ੍ਹ ਕੇ ਆਪੇ ਵੱਖ-ਵੱਖ ਥਾਵਾਂ ਉੱਤੇ ਚਿੱਠੀਆਂ ਭੇਜਦੀ ਰਹੀ। ਨੌਕਰੀ

ਲਈ ਉਸ ਦਾ ਪਹਿਲਾ ਇੰਟਰਵਿਊ ਹੋਇਆ ਕਿਸੀ ਐਕਸਪੋਰਟ ਹਾਊਸ ਵਿਚ। ਇੰਟਰਵਿਊ ਦੀ ਥਾਂ ਸੀ ਜਾਂ ਕੰਪਨੀ ਦੇ ਡਾਇਰੈਕਟਰ ਦਾ ਨਿੱਜੀ ਮਕਾਨ, ਉਸ ਦੇ ਬਾਹਰਲੇ ਕਮਰੇ ਵਿਚ ਉਸ ਵਰਗੀਆਂ ਹੋਰ ਕਈ ਕੁੜੀਆਂ ਆਪਣੀ ਵਾਰੀ ਦੀ ਉਡੀਕ ਵਿਚ ਬੈਠੀਆਂ ਸਨ। ਬੁਲਾਵੇ ਉੱਤੇ ਜਦੋਂ ਉਹ ਅੰਦਰ ਗਈ ਤਾਂ ਉਸ ਨੇ ਵੇਖਿਆ, ਕਮਰਾ ਇੱਕ ਸੋਹਣਾ ਡਰਾਇੰਗ-ਰੂਮ ਸੀ, ਜਿਸ ਵਿਚ ਪਏ ਸੋਫ਼ੇ ਉੱਤੇ ਤਿੰਨ ਸੱਜਣ ਬੈਠੇ ਸਨ, ਜਿਨ੍ਹਾਂ ਦੀਆਂ ਸ਼ਕਲਾਂ ਹਿੰਦੀ ਫ਼ਿਲਮਾਂ ਦੇ ਖਲਨਾਇਕਾਂ ਨਾਲ ਕਾਫ਼ੀ ਮਿਲਦੀਆਂ ਸਨ। ਸੀਨ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਅੱਗੇ ਸ਼ਰਾਬ ਦੀ ਬੋਤਲ, ਗਿਲਾਸ ਅਤੇ ਸੋਫਾ ਪਿਆ ਸੀ ਅਤੇ ਉਹ ਲੋਕ ਹੱਥ ਵਿਚ ਗਿਲਾਸ ਲੈ ਕੇ ਆਪਸ ਵਿਚ ਕਿਸੇ ਰੋਚਕ ਨੁਕਤੇ ਉੱਤੇ ਗੱਲ-ਬਾਤ ਕਰਨ ਵਿਚ ਮਗਨ ਸਨ। ਉਰਮਿਲਾ ਦੇ ਬਹਿੰਦਿਆਂ ਹੀ ਉਸ ਦਲ ਦਾ ਮੁਖੀ ਉਸ ਵੱਲ ਗਿਲਾਸ ਵਧਾਉਂਦਿਆਂ ਬੋਲਿਆ, “ਪਲੀਜ਼....”

ਉਰਮਿਲਾ ਅਜਿਹੀ ਸਥਿਤੀ ਉਤਪੰਨ ਹੋਣ ਉੱਤੇ ਥੋੜਾ ਘਬਰਾਈ। ਨਾਲ ਵਾਲੇ ਕਮਰੇ ਵਿਚ ਕੁਝ ਹੋਰ ਲੜਕੀਆਂ ਨਾ ਬੈਠੀਆਂ ਹੁੰਦੀਆਂ ਤਾਂ ਸ਼ਾਇਦ ਉਹ ਡਰ ਜਾਂਦੀ। ਖੈਰ, ਹੁਣ ਉਸ ਨੇ ਫੈਸਲਾ ਕਰ ਲਿਆ ਕਿ ਉਹ ਇਸ ਕੰਪਨੀ ਵਿਚ ਨੌਕਰੀ ਨਹੀਂ ਕਰੇਗੀ। ਫੇਰ ਵੀ ਉਹ ਆਪਣਾ ਇੰਟਰਵਿਊ ਛੇਤੀ ਮੁਕਾਉਣਾ ਚਾਹੁੰਦੀ ਸੀ। ਉਸ ਨੇ ਕਿਹਾ, "ਜੀ, ਖ਼ਿਮਾ ਕਰਨਾ, ਮੈਂ ਪੀਂਦੀ ਨਹੀਂ”।

ਮੁਖੀ ਬੋਲਿਆ, "ਦੇਖ ਉਰਮਿਲਾ ਦੇਵੀ ਸਾਡਾ ਐਕਸਪੋਰਟ ਦਾ ਬਿਜ਼ਨੈੱਸ ਹੈ। ਕਦੇ ਕਦਾਈਂ ਸਾਡੇ ਬਦੇਸ਼ੀ ਗਾਹਕ ਆਉਂਦੇ ਨੇ। ਇਸ ਤੋਂ ਇਲਾਵਾ ਸਰਕਾਰੀ ਅਫ਼ਸਰਾਂ ਨਾਲ ਵੀ ਸਾਡਾ ਅਕਸਰ ਵਾਹ ਪੈਂਦਾ ਰਹਿੰਦਾ ਹੈ। ਉਨਾਂ ਨੂੰ ਵੀ ਤਾਂ ਐਂਟਰਟੇਨ ਕਰਨਾ ਪਵੇਗਾ। ਅਸੀਂ ਜਿਸ ਪੋਸਟ ਲਈ ਇਸ਼ਤਿਹਾਰ ਦਿੱਤਾ ਸੀ, ਉਸ ਦਾ ਵੱਡਾ ਕੰਮ ਹੈ ਪ੍ਰਾਹੁਣਿਆਂ ਦੀ ਉਚੇਰੀ ਖਾਤਰਦਾਰੀ......"।

ਉਰਮਿਲਾ ਨੇ ਕਿਹਾ, "ਧੰਨਵਾਦ। ਮੈਂ ਇਹ ਕੰਮ ਨਹੀਂ ਕਰ ਸਕਦੀ”। ਮੁਖੀ ਬੋਲਿਆ "ਸੋਚ ਲਓ ਤਨਖ਼ਾਹ ਮਾਕੂਲ ਹੈ। ਇਸ ਤੋਂ ਇਲਾਵਾ ....”।

ਉਰਮਿਲਾ ਬੋਲੀ, ''ਜੀ ਨਹੀਂ, ਮੈਨੂੰ ਨਹੀਂ ਚਾਹੀਦੀ ਇਹ ਨੌਕਰੀ"। ਮੁਖੀ ਗਿਲਾਸ ਵਿਚ ਸ਼ਰਾਬ ਪਾਉਂਦੇ ਹੋਏ ਬੋਲਿਆ, "ਜਿਵੇਂ ਤੇਰੀ ਮਰਜ਼ੀ। ਕੀ ਚਾਹ ਜਾਂ ਕੌਫ਼ੀ ਪੀਏਂਗੀ ?" ਉਰਮਿਲਾ ਨੇ ਕਿਹਾ, "ਜੀ ਨਹੀਂ, ਧੰਨਵਾਦ"।

ਕਮਰੇ ਤੋਂ ਬਾਹਰ ਆ ਕੇ ਉਹ ਹੋਰ ਲੜਕੀਆਂ ਦੇ ਕੋਲ ਥੋੜੀ ਦੇਰ ਲਈ ਬੈਠ ਗਈ। ਉਸ ਨੂੰ ਪਤਾ ਸੀ ਕਿ ਕਿਸੇ ਨਾ ਕਿਸੇ ਨੂੰ ਨੌਕਰੀ ਦੀ ਲੋੜ ਉਸ ਤੋਂ ਕਿਤੇ ਵੱਧ ਹੋਵੇਗੀ ਅਤੇ ਕਿਸੇ ਨਾ ਕਿਸੇ ਨੂੰ ਇਹ ਨੌਕਰੀ ਮਿਲ ਵੀ ਜਾਵੇਗੀ। ਉਰਮਿਲਾ ਨੇ ਫੇਰ ਸੋਚਿਆ, ਸ਼ਾਇਦ ਉਹ ਬੰਦਾ ਠੀਕ ਨਹੀਂ ਕਹਿ ਰਿਹਾ ਸੀ, ਨੌਕਰੀ ਬਾਰੇ। ਐਕਸਪੋਰਟ ਦੇ ਧੰਦੇ ਵਿਚ ਲੋਕਾਂ ਨੂੰ ਹਰ ਹਾਲਤ ਵਿਚ ਐਨਟਰਟੇਨ ਕਰਨਾ ਪੈਂਦਾ ਹੋਵੇਗਾ ਤੇ ਹੋਸਟੈਸਾਂ ਦੀ ਲੋੜ ਹੁੰਦੀ ਹੋਵੇਗੀ। ਉਰਮਿਲਾ ਨੇ ਇਸ ਕੰਮ ਲਈ ਉਨ੍ਹਾਂ ਤਿੰਨਾਂ ਬੰਦਿਆਂ ਦੇ ਵਿਚ ਬੈਠ ਕੇ ਕਿਸੇ ਕੁੜੀ ਨੂੰ ਚੁਣਨ ਦੀ ਕਲਪਨਾ ਕੀਤੀ ਅਤੇ ਉੱਥੋਂ ਬਾਹਰ ਨਿਕਲਦਿਆਂ ਨੁੱਕਰ ਵਿਚ ਬੈਠੀ ਲਾਲ ਸਵੈਟਰ ਵਾਲੀ ਸੋਹਣੀ ਕੁੜੀ ਨੂੰ ਇਸ ਨੌਕਰੀ ਲਈ ਯੋਗ ਮੰਨ ਲਿਆ।

ਇਹ ਉਰਮਿਲਾ ਦਾ ਪਹਿਲਾ ਪਾਠ ਸੀ। ਇਸ ਤੋਂ ਉਸ ਨੇ ਏਨੀ ਗੱਲ ਸਿੱਖ ਲਈ ਕਿ ਐਕਸਪੋਰਟ ਹਾਊਸ ਵਰਗੇ ਸ਼ੱਕੀ ਦਫ਼ਤਰਾਂ ਵਿੱਚ ਕਦੇ ਵੀ ਅਰਜ਼ੀ ਨਹੀਂ ਭੇਜਣੀ ਸਿਰਫ਼ ਸਰਕਾਰੀ ਜਾਂ ਅੱਧ-ਸਰਕਾਰੀ ਦਫ਼ਤਰਾਂ ਵਿਚ ਹੀ ਕੋਸ਼ਿਸ਼ ਕਰਨੀ ਹੈ। ਇਸ ਲਈ ਉਸ ਨੂੰ ਸਰਕਾਰੀ ਰੋਜ਼ਗਾਰ ਦਫ਼ਤਰ ਵਿਚ ਆਪਣਾ ਨਾਮ ਦਰਜ ਕਰਵਾਉਣਾ ਪਿਆ ਤੇ ਤਰ੍ਹਾਂ-ਤਰ੍ਹਾਂ ਦੇ ਇਮਤਿਹਾਨ ਦੇਣੇ ਪਏ। ਇਹ ਇਮਤਿਹਾਨ ਦੇਣ ਲਈ ਉਸ ਨੇ ਆਪਣੀ ਪੀ-ਐਚ. ਡੀ. ਦਾ ਕੰਮ ਵੱਡ ਦਿੱਤਾ ਤੇ ਸਾਰਾ ਸਮਾਂ ਨੌਕਰੀ ਲੱਭਣ ਵੱਲ ਲਾਉਣਾ ਸ਼ੁਰੂ ਕਰ ਦਿੱਤਾ।

ਇੰਜ ਤਕਰੀਬਨ ਇੱਕ ਸਾਲ ਬੀਤ ਗਿਆ, ਪਰ ਉਸ ਨੂੰ ਕੋਈ ਨੌਕਰੀ ਨਾ ਲੱਭੀ। ਉਸ ਨੇ ਫੇਰ ਛੋਟੇ-ਛੋਟੇ ਦਫ਼ਤਰਾਂ ਵਿਚ ਅਰਜ਼ੀਆਂ ਭੇਜੀਆਂ ਅਤੇ ਕਈ ਇੰਟਰਵਿਊ ਦਿੱਤੇ। ਕਈਆਂ ਇੰਟਰਵਿਊਆਂ ਵਿਚ, ਉਸ ਨੇ ਬੜੇ ਅੱਛੇ ਜੁਆਬ ਦਿੱਤੇ ਸਨ, ਪਰ ਉਸ ਦਾ ਕੁੜੀ ਹੋਣਾ ਹੀ ਅੜਿੱਕਾ ਬਣ ਜਾਂਦਾ ਸੀ। ਉਸ ਨੂੰ ਕਈ ਤਰ੍ਹਾਂ ਦੇ ਸਵਾਲ ਪੁੱਛੇ ਜਾਂਦੇ। ਇਸ ਨੌਕਰੀ ਵਿਚ ਕਾਫੀ ਟੂਰ ਕਰਨਾ ਪਵੇਗਾ। ਤੂੰ ਜਾ ਸਕੇਂਗੀ ਨਾ ? ਅਸੀਂ ਤੁਹਾਡੀ ਟ੍ਰੇਨਿੰਗ ਵਿਚ ਕਾਫ਼ੀ ਪੈਸਾ ਖ਼ਰਚ ਕਰਾਂਗੇ। ਤੂੰ ਸ਼ਾਦੀ ਤੋਂ ਬਾਅਦ ਨੌਕਰੀ ਛੱਡ ਤਾਂ ਨਹੀਂ ਦੇਵੇਂਗੀ। ਇਸ ਕੰਮ ਵਿਚ ਫੀਲਡ ਵਿਚ ਜਾ ਕੇ ਕਈ ਘੰਟੇ ਖੜੇ ਰਹਿ ਕੇ ਕੰਮ ਦੀ ਨਿਗਰਾਨੀ ਕਰਨੀ ਪਵੇਗੀ ਕਰ ਸਕੇਂਗੀ ? ਉਰਮਿਲਾ ਦਾ ਜੀ ਕਰਦਾ, ਕਹਿ ਦਿਆਂ, ਆਹੋ ਮੈਂ ਕਰ ਸਕਦੀ ਹਾਂ

ਇਹ ਕੰਮ ਤੇ ਬਾਹਰ ਬੈਠੇ ਇੰਟਰਵਿਊ ਦੇਣ ਆਏ ਅੱਧਮੋਏ ਜਵਾਨਾਂ ਤੋਂ ਕਈ ਗੁਣਾ ਵਧ ਕਰਾਂਗੀ। ਮੈਂ ਸ਼ਾਦੀ ਨਹੀਂ ਕਰਾਂਗੀ, ਨੌਕਰੀ ਕਰਾਂਗੀ, ਟੂਰ ਤੇ ਜਾਵਾਂਗੀ ਅਤੇ ਧੁੱਪ ਵਿਚ ਖੜੀ ਹੋ ਕੇ ਇਕੱਲੀ ਵੀਹਾਂ ਮਰਦਾਂ ਦੀ ਨਿਗਰਾਨੀ ਕਰਾਂਗੀ। ਮੈਨੂੰ ਕੰਮ ਦੇ ਕੇ ਵੇਖੋ ਤਾਂ ਸਹੀ।

ਪਰ ਉਸ ਨੂੰ ਨੌਕਰੀ ਕਿਸੇ ਨਾ ਦਿੱਤੀ। ਉਸ ਨੇ ਖਿੱਝ ਕੇ ਸ਼ਾਰਟਹੈਂਡ ਅਤੇ ਟਾਈਪਿੰਗ ਦਾ ਕੋਰਸ ਪੂਰਾ ਕੀਤਾ। ਕਲਾਸ ਵਿਚ ਟਾਈਪਰਾਈਟਰ ਦੇ ਅੱਗੇ ਬੈਠ ਕੇ ਕੰਮ ਸਿੱਖਦਿਆਂ, ਕੋਲ ਬੈਠੇ ਨੌਜਵਾਨਾਂ ਨੂੰ ਦੇਖ ਕੇ ਆਪਣੇ ਵਿਚ ਕੋਈ ਕਮੀ ਮਹਿਸੂਸ ਨਹੀਂ ਕਰਦੀ ਸੀ। ਪਰ ਉਸ ਨਾਲ ਦੋਸਤੀ ਪੈਦਾ ਕਰਨ ਦੇ ਇੱਛੁਕ ਮੁੰਡਿਆਂ ਨੂੰ ਉਹ ਖਿੱਝ ਕੇ ਜਾਂ ਗੁੱਸੇ ਨਾਲ ਨਹੀਂ ਸੀ ਬੋਲਦੀ ਬਲਕਿ ਹਮਦਰਦੀ ਕਰਦੀ ਸੀ।

ਭਾਵੇਂ ਉਸ ਨੂੰ ਨੌਕਰੀ ਨਹੀਂ ਮਿਲ ਸਕੀ ਸੀ, ਪਰ ਇਨ੍ਹਾਂ ਸਾਲਾਂ ਵਿਚ ਉਰਮਿਲਾ ਫੇਰ ਤਜਰਬਿਆਂ ਵਿੱਚੋਂ ਲੰਘੀ, ਜਿਸ ਕਰ ਕੇ ਉਸ ਨੇ ਦੁਨੀਆ ਨੂੰ ਇਕ ਨਵੇਂ ਵਿਹਾਰਿਕ ਤਰੀਕੇ ਨਾਲ ਵੇਖਣਾ ਸ਼ੁਰੂ ਕਰ ਦਿੱਤਾ। ਏਸ ਨਵੇਂ ਨਜ਼ਰੀਏ ਵਿਚ ਵਿਦਰੋਹ ਦੇ ਭਾਵ ਜਾਂ ਕਾਲਜ ਦੇ ਦਿਨਾਂ ਵਾਲੇ ਗ਼ੈਰ ਜ਼ਰੂਰੀ ਘਮੰਡ ਵਾਲੇ ਭਾਵ ਨਹੀਂ ਸਨ। ਹੁਣ ਉਹ ਸੜਕ ਉੱਤੇ ਖੜੇ ਰੋਮਿਓ ਦੀ ਅਸ਼ਲੀਲ ਬਕਵਾਸ ਨੂੰ ਅਣਸੁਣਿਆ ਕਰ ਦਿੰਦੀ ਤੇ ਬੱਸ ਦੀ ਭੀੜ ਵਿਚ ਉਸ ਦੇ ਸਰੀਰ ਨੂੰ ਚੂੰਢੀ ਵੱਢਣ ਵਾਲੇ ਉੱਤੇ ਖਿੱਝਣ ਦੀ ਥਾਂ ਉਨ੍ਹਾਂ ਲੋਕਾਂ ਨੂੰ ਸਿਰਫ ਗੁੱਸੇ ਨਾਲ ਵੇਖ ਕੇ ਓਥੋਂ ਪਰ੍ਹਾਂ ਹੋ ਜਾਂਦੀ। ਇੰਟਰਵਿਊ ਵਿੱਚ ਜੇ ਕੋਈ ਜ਼ਾਤੀ ਸੁਆਲ ਪੁੱਛ ਲੈਂਦਾ ਤਾਂ ਉਹ ਚੌਂਕਦੀ ਨਹੀਂ ਸੀ। ਕਈ ਵਾਰੀ ਉਸ ਨੂੰ ਪੁੱਛਿਆ ਜਾਂਦਾ ਕਿ ਸ਼ਾਦੀ ਬਾਰੇ ਉਹ ਕੀ ਸੋਚਦੀ ਹੈ ? ਉਰਮਿਲਾ ਸ਼ਾਂਤੀ ਨਾਲ ਜਵਾਬ ਦਿੰਦੀ, 'ਮੈਂ ਫ਼ੈਸਲਾ ਕੀਤਾ ਹੈ ਕਿ ਸ਼ਾਦੀ ਨਹੀਂ ਕਰਾਂਗੀ'।

ਉਰਮਿਲਾ ਦਾ ਇਹ ਜਵਾਬ ਰਸਮੀ ਹੁੰਦਾ ਸੀ, ਸੱਚਾ ਨਹੀਂ। ਉਹ ਕਾਫੀ ਦੇਰ ਤੋਂ ਉਦਿਆਨ ਨੂੰ ਪਿਆਰ ਕਰਦੀ ਸੀ ਤੇ ਉਸ ਨਾਲ ਵਿਆਹ ਕਰਨ ਦਾ ਪੱਕਾ ਇਰਾਦਾ ਕਰੀ ਬੈਠੀ ਸੀ। ਪਰ ਜਦੋਂ ਵਿੱਚੋਂ-ਵਿੱਚੋਂ ਉਦਿਆਨ ਉਸ ਨੂੰ ਵਿਆਹ ਬਾਰੇ ਪੁੱਛਦਾ ਤਾਂ ਉਹ ਟਾਲ ਜਾਂਦੀ ਅਤੇ ਕਹਿੰਦੀ, ਪਹਿਲਾਂ ਮੇਰੀ ਨੌਕਰੀ ਲੱਗ ਜਾਏ। ਉਹ ਉਦਿਆਨ ਦੇ ਬਰਾਬਰ ਹੋਣਾ ਚਾਹੁੰਦੀ ਸੀ ਤੇ ਵਿਆਹ ਤੋਂ ਬਾਅਦ ਉਸ ਉੱਤੇ ਬੋਝ ਨਹੀਂ ਸੀ ਬਣਨਾ ਚਾਹੁੰਦੀ। ਉਦਿਆਨ ਨੇੜੇ ਦੇ ਸ਼ਹਿਰ ਵਿਚ ਹੀ ਨੌਕਰੀ ਕਰਦਾ ਸੀ ਤੇ ਓਥੇ ਹੀ ਰਹਿੰਦਾ ਸੀ। ਉਹ ਦੋਵੇਂ ਇੱਕ ਦੂਜੇ ਨੂੰ ਨਾਮ ਨਾਲ ਖ਼ਤ ਲਿਖਦੇ ਤੇ ਕਦੇ-ਕਦੇ ਉਦਿਆਨ ਉਨ੍ਹਾਂ ਨੂੰ ਮਿਲਣ ਵੀ

ਆਉਂਦਾ ਸੀ। ਨੌਕਰੀ ਲੱਭਣ ਦੇ ਨਾਲ-ਨਾਲ ਉਦਿਆਨ ਦੇ ਖ਼ਤ ਦੀ ਉਡੀਕ ਕਰਨੀ ਉਰਮਿਲਾ ਦੇ ਰੋਜ਼ਾਨਾ ਕੰਮ-ਕਾਰ ਵਿਚ ਸ਼ਾਮਿਲ ਸੀ। ਉਹ ਆਪਣੇ ਰੋਜ਼ਾਨਾ ਦਿਲਚਸਪ ਅਨੁਭਵ ਉਦਿਆਨ ਨੂੰ ਵਿਸਤਾਰ ਨਾਲ ਲਿਖਦੀ। ਉਦਿਆਨ ਕਦੇ-ਕਦੇ ਬਹੁਤ ਪਰੇਸ਼ਾਨ ਹੋ ਕੇ ਲਿਖਦਾ, "ਬਸ ਬਹੁਤ ਹੋ ਗਿਆ ਤੇਰਾ ਨੌਕਰੀ ਲੱਭਣਾ। ਹੁਣ ਸਾਰਾ ਕੁੱਝ ਛੱਡ ਕੇ ਇੱਥੇ ਆ ਜਾ"। ਉਰਮਿਲਾ ਜਵਾਬ ਦੇਂਦੀ, "ਨਹੀਂ, ਪਹਿਲਾਂ ਮੈਂ ਕੁੱਝ ਦਿਨ ਨੌਕਰੀ ਕਰ ਲਵਾਂ ਫੇਰ ਮੈਂ ਭਾਵੇਂ ਤੇਰੇ ਕੋਲ ਹੀ ਆ ਜਾਵਾਂ"।

ਨੌਕਰੀ ਨਾ ਮਿਲਣ ਕਰਕੇ ਉਰਮਿਲਾ ਨਿਰਾਸ਼ ਹੋ ਜਾਂਦੀ ਤੇ ਸੋਚਦੀ ਕਿ ਉਹ ਸਭ ਕੋਸ਼ਿਸ਼ਾਂ ਛੱਡ ਛਡਾ ਕੇ ਉਦਿਆਨ ਕੋਲ ਚਲੀ ਜਾਏ। ਕੌਣ ਸਹਿੰਦਾ ਰਹੇ ਵਾਰ ਵਾਰ। ਇੰਟਰਵਿਊਆਂ ਦੀ ਅਸਫਲਤਾ, ਰਾਹ ਵਿਚ ਆਉਂਦੇ ਜਾਂਦੇ ਹੀ ਟੀਕਾ-ਟਿੱਪਣੀ ਤੇ ਝੱਲਦਾ ਰਹੇ ਲੜਕੀ ਹੋਣ ਦਾ ਤ੍ਰਿਸਕਾਰ! ਜਿਸ ਦਿਨ ਦਫ਼ਤਰ ਅੱਗੇ ਚਾਰ-ਪੰਜ ਘੰਟੇ ਬਹਿਣ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਉਸ ਨੂੰ ਤਾਂ ਇੰਟਰਵਿਊ ਉੱਤੇ ਬੁਲਾਇਆ ਹੀ ਨਹੀਂ ਗਿਆ ਤਾਂ ਉਸ ਦਾ ਮਨ ਉਦਾਸ ਹੋ ਗਿਆ ਤੇ ਘਰ ਪਹੁੰਚ ਕੇ ਉਸ ਨੇ ਉਦਿਆਨ ਨੂੰ ਇਕ ਲੰਮੀ ਚਿੱਠੀ ਲਿਖੀ। ਪਰ ਥੋੜੇ ਚਿਰ ਪਿੱਛੋਂ ਮਨ ਟਿਕਿਆ ਤਾਂ ਉਸ ਨੇ ਚਿੱਠੀ ਪਾੜ੍ਹ ਦਿੱਤੀ ਤੇ ਫ਼ੈਸਲਾ ਕੀਤਾ ਕਿ ਆਪਣੀ ਜ਼ਿੰਦਗੀ ਨੂੰ ਇੰਜ ਉਦੇਸ਼-ਰਹਿਤ ਹੋਣ ਕਰਕੇ ਖਿੱਲਰਣ ਨਹੀਂ ਦੇਵੇਗੀ।

ਸੁਭਾਗ-ਵੱਸ, ਉਰਮਿਲਾ ਦੇ ਕੰਮ-ਕਾਰ ਵਿਚ ਉਸ ਦੇ ਘਰ ਦੇ ਕੋਈ ਅੜਿੱਕਾ ਨਹੀਂ ਸਨ ਪਾਉਂਦੇ। ਉਹਦੇ ਘਰ ਵਾਲਿਆਂ ਨੂੰ ਉਦਿਆਨ ਨਾਲ ਉਸ ਦੇ ਸੰਬੰਧ ਬਾਰੇ ਪਤਾ ਸੀ। ਉਦਿਆਨ ਵਿੱਚੋਂ ਵਿੱਚੋਂ ਆ ਕੇ ਉਰਮਿਲਾ ਨੂੰ ਮਿਲ ਵੀ ਜਾਂਦਾ ਸੀ ਤੇ ਉਰਮਿਲਾ ਨੇ ਇਹ ਗੱਲ ਕਿਸੇ ਤੋਂ ਲੁਕਾ ਕੇ ਨਹੀਂ ਸੀ ਰੱਖੀ ਹੋਈ। ਐਤਕੀਂ ਉਦਿਆਨ ਛੁੱਟੀਆਂ ਵਿਚ ਉਰਮਿਲਾ ਨੂੰ ਮਿਲਿਆ ਤਾਂ ਉਸ ਨੇ ਕਿਹਾ, "ਹੁਣ ਮੈਂ ਇਕੱਲਾ ਨਹੀਂ ਰਹਿ ਸਕਦਾ, ਤੂੰ ਮੇਰੇ ਕੋਲ ਆ ਜਾਹ"। ਉਰਮਿਲਾ ਨੇ ਮੁਸਕਰਾ ਕੇ ਕਿਹਾ, "ਚਲੋ ਠੀਕ ਹੈ, ਮੈਂ ਤੇਰੇ ਕੋਲ ਆ ਜਾਵਾਂਗੀ ਤੇ ਰਵਾਂਗੀ। ਪਰ ਅਸੀਂ ਸ਼ਾਦੀ ਉਦੋਂ ਹੀ ਕਰਾਂਗੇ ਜਦੋਂ ਮੈਨੂੰ ਨੌਕਰੀ ਮਿਲੇਗੀ। ਉਦਿਆਨ ਨੇ ਕਿਹਾ, "ਕੌਣ ਰੋਕਦਾ ਹੈ ਤੈਨੂੰ ਸ਼ਾਦੀ ਕਰਨ ਤੋਂ ? ਤੂੰ ਕਾਲਜ ਦੇ ਦਿਨਾਂ ਦੀ ਡਿਬੇਟਿੰਗ ਸੋਸਾਇਟੀ ਵਾਲੀ ਗੱਲ ਕਰ ਰਹੀ ਹੈਂ। ਤੈਨੂੰ ਪਤਾ ਹੀ ਹੈ ਕਿ ਤੈਨੂੰ ਨੌਕਰੀ ਲੈਣ ਲਈ ਕਿੰਨੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ ਤੇ ਜੇ ਤੈਨੂੰ ਨੌਕਰੀ ਮਿਲ ਵੀ ਗਈ ਤਾਂ ਕੀ ਪਤਾ ਕਿੱਥੇ ਮਿਲੇਗੀ ? ਉਦੋਂ ਇਕੱਠੇ ਕਿਵੇਂ ਰਵਾਂਗੇ" ? ਉਸ ਦੇ ਸਾਰੇ ਸ਼ਿਕਵਿਆਂ

ਨੂੰ ਆਪਣੇ ਹਾਸੇ ਨਾਲ ਉਡਾਉਂਦਿਆਂ ਤੇ ਉਸ ਦਾ ਹੱਥ ਆਪਣੇ ਹੱਥ ਵਿਚ ਫੜਦਿਆਂ ਉਰਮਿਲਾ ਬੋਲੀ" ਤੂੰ ਦੇਖੀਂ ਸਭ ਠੀਕ ਹੋ ਜਾਏਗਾ। ਬਸ ਮਾੜਾ ਜਿਹਾ ਸਬਰ ਕਰ"।

ਅਖ਼ੀਰ ਵਿਚ ਉਰਮਿਲਾ ਦੀ ਸਾਧਨਾ ਪੂਰੀ ਹੋਈ ਤੇ ਉਸ ਨੂੰ ਇੱਕ ਚੰਗੀ ਨੌਕਰੀ ਮਿਲ ਗਈ। ਇੱਕ ਸਰਕਾਰੀ ਦਫ਼ਤਰ ਵਿਚ ਸੋਧ ਦਾ ਕੰਮ। ਨੌਕਰੀ ਜੁਆਇਨ ਕਰ ਕੇ ਵਾਪਸੀ ਉੱਤੇ ਰਸਤੇ ਵਿਚ ਪੈਂਦੇ ਡਾਕਖ਼ਾਨੇ ਵਿਚ ਜਾ ਕੇ, ਉਦਿਆਨ ਨੂੰ ਇੱਕ ਛੋਟੀ ਜਿਹੀ ਚਿੱਠੀ ਲਿਖੀ, "ਹੁਣ ਸਾਡੀ ਉਡੀਕ ਮੁੱਕ ਗਈ ਹੈ" ਪਹਿਲੇ ਦਿਨ ਆਫ਼ਿਸ ਦੇ ਸਾਰੇ ਕਾਗਜ਼ਾਂ ਉੱਤੇ ਦਸਤਖ਼ਤ ਕਰਨ ਤੋਂ ਬਾਅਦ, ਉਸ ਨੇ ਵੱਡੇ ਬਾਬੂ ਨੂੰ ਮਿਲ ਕੇ ਆਪਣੇ ਬੈਠਣ ਦੀ ਥਾਂ ਤੈਅ ਕੀਤੀ। ਮੇਜ਼ ਉੱਤੇ ਇਕੱਠੀਆਂ ਕੀਤੀਆਂ ਪਈਆਂ ਫ਼ਾਈਲਾਂ ਇੱਕ ਇੱਕ ਕਰ ਕੇ ਵੇਖੀਆਂ ਤੇ ਚਾਰੇ ਪਾਸੇ ਬੈਠੇ ਅਫ਼ਸਰਾਂ ਵੱਲ ਵੱਖ ਕੇ ਉਨ੍ਹਾਂ ਬਾਰੇ ਅਨੁਮਾਨ ਲਾਏ ਸ਼ਾਮ ਨੂੰ ਵੱਡੇ ਬਾਬੂ ਨੇ ਉਸ ਨੂੰ ਆ ਕੇ ਕਿਹਾ," ਤੁਸੀਂ ਜਾ ਕੇ ਡਾਇਰੈਕਟਰ ਸਾਹਿਬ ਨੂੰ ਮਿਲ ਆਓ"।

ਡਾਇਰੈਕਟਰ ਸਾਹਿਬ ਇਸ ਦਫ਼ਤਰ ਦੇ ਸਭ ਤੋਂ ਵੱਡੇ ਅਧਿਕਾਰੀ ਸਨ। ਉਰਮਿਲਾ ਆਪਣਾ ਪੈੱਨ ਬੰਦ ਕਰ ਕੇ ਖੜੀ ਹੋ ਗਈ। ਵੱਡੇ ਬਾਬੂ ਉਸ ਨੂੰ ਡਾਇਰੈਕਟਰ ਦੇ ਕਮਰੇ ਤੱਕ ਨਾਲ ਲੈ ਗਏ ਤੇ ਦਰਵਾਜ਼ੇ ਦੇ ਬਾਹਰ ਹੀ ਖੜੇ ਹੋ ਕੇ ਕਹਿਣ ਲੱਗੇ, "ਡਾਇਰੈਕਟਰ ਸਾਹਿਬ ਬਹੁਤ ਅੱਛੇ ਬੰਦੇ ਨੇ ਪਰ ਕੰਮ ਲੈਣ ਵਿਚ ਬਹੁਤ ਸਖ਼ਤ ਨੇ"। ਉਰਮਿਲਾ ਨੇ ਸੋਚਿਆ, ਚਲੋਂ ਠੀਕ ਹੈ। ਜਦੋਂ ਉਹ ਅੰਦਰ ਗਈ ਡਾਇਰੈਕਟਰ ਸਾਹਿਬ ਕੰਮ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਬੈਠੋ। ਉਰਮਿਲਾ ਨੇ ਉਸ ਸ਼ਰੀਫ਼ ਆਦਮੀ ਦੇ ਮੂੰਹ ਵਲ ਵੇਖਿਆ ਤੇ ਸੋਚਿਆ, ਇਸ ਵਰਗੇ ਅਨੇਕ ਅਫ਼ਸਰਾਂ ਦੇ ਸਾਹਮਣੇ ਕਈ ਇੰਟਰਵਿਊ ਦੇ ਚੁੱਕਣ ਤੋਂ ਬਾਅਦ ਉਹ ਅਜਿਹੇ ਲੋਕਾਂ ਤੋਂ ਜਾਣੂੰ ਸੀ। ਡਾਇਰੈਕਟਰ ਸਾਹਿਬ ਦਾ ਚਿਹਰਾ ਵੇਖ ਕੇ ਉਰਮਿਲਾ ਨੇ ਉਸ ਦੇ ਚਰਿੱਤਰ ਬਾਰੇ ਰਾਏ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਅੱਛੇ ਈ ਨੇ, ਪਰ ਕੰਮ ਦੇ ਮਾਮਲੇ ਵਿਚ ਕੁੱਝ ਰੁੱਖੇ ਤੇ ਕਠੋਰ ਹੋ ਸਕਦੇ ਨੇ। ਫਾਈਲ ਤੋਂ ਸਿਰ ਚੁੱਕ ਕੇ ਉਹ ਸ਼ਰੀਫ਼ ਆਦਮੀ ਬੋਲਿਆ, "ਤੂੰ ਸ਼ਾਇਦ ਅੱਜ ਹੀ ਜੁਆਇਨ ਕੀਤੈ; ਤੈਨੂੰ ਏਥੇ ਕੰਮ ਬਹੁਤ ਕਰਨਾ ਪਏਗਾ ਕਾਲਜ ਵਿਚ ਤੂੰ ਕੀ ਪੜਿਆ ਸੀ "?" ਇਕਨਾਮਿਕਸ ਵਿਚ ਐਮ. ਏ. ਤੇ ਐਮ. ਫਿਲ. ਕਰਨ ਤੋਂ ਬਾਅਦ ਪੀ-ਐਚ. ਡੀ. ਕਰ ਰਹੀ ਸੀ" ਉਰਮਿਲਾ ਨੇ ਕਿਹਾ।

"ਸਟੈਟਿਸਟਿਕਸ” ? "ਹਾਂ ਜੀ, ਬੀ.ਏ. ਵਿੱਚ ਵੀ ਤੇ ਐਮ.ਏ. ਵਿੱਚ ਵੀ"। "ਬਹੁਤ ਅੱਛਾ” ਉਨ੍ਹਾਂ ਨੇ ਆਪਣੀ ਰਾਇ ਦਿੱਤੀ, “ਪੜ੍ਹਾਈ ਤੇਰੇ ਕੰਮ ਆਏਗੀ”।

ਇਸ ਤੋਂ ਬਾਅਦ ਡਾਇਰੈਕਟਰ ਨੇ ਉਸ ਨੂੰ ਹੋਰ ਕੁੱਝ ਨਹੀਂ ਪੁੱਛਿਆ। ਕੁੱਝ ਪਲ ਇੰਜ ਹੀ ਚੁੱਪ ਵਿਚ ਲੰਘ ਗਏ। ਉਨ੍ਹਾਂ ਨੇ ਉਸ ਨੂੰ ਜਾਣ ਲਈ ਵੀ ਨਹੀਂ ਸੀ ਕਿਹਾ। ਉਰਮਿਲਾ ਨੇ ਸਿਰ ਚੁੱਕ ਕੇ ਵੇਖਿਆ ਤਾਂ ਉਹ ਉਸ ਨੂੰ ਘੂਰਦੇ ਪਏ ਹਨ ਤੇ ਨਜ਼ਰਾਂ ਵਿਚ ਜਿਵੇਂ ਖ਼ਾਲੀਪਨ ਸੀ ਤੇ ਉਸ ਵੱਲ ਇੱਕ ਟਕ ਘੂਰ ਰਹੇ ਸਨ। ਕੁੱਝ ਝੇਂਪ ਕੇ ਉਰਮਿਲਾ ਉੱਠ ਖੜੀ ਹੋਈ ਤੇ ਬੋਲੀ, “ਮੈਂ ਚਲਦੀ ਹਾਂ”। ਉਸ ਨੇ ਬਾਹਰ ਜਾਣ ਲਈ ਪੈਰ ਵਧਾਇਆ ਹੀ ਸੀ ਕਿ ਉਸ ਅਫ਼ਸਰ ਦੀ ਅਵਾਜ਼ ਆਈ, "ਗੱਲ ਸੁਣ"। ਉਰਮਿਲਾ ਨੇ ਉਸ ਵੱਲ ਮੁੜ ਕੇ ਵੇਖਿਆ। ਉਸ ਵੱਲ ਵੇਖਦਿਆਂ ਜ਼ਰਾ ਝਿਜਕ ਕੇ ਉਸ ਨੇ ਕਿਹਾ, "ਤੂੰ ਅੱਜ ਸ਼ਾਮ ਫ੍ਰੀ ਹੈਂ” ?

"ਓ ਨੋ”, ਉਰਮਿਲਾ ਨੇ ਦਿਲ ਵਿਚ ਸੋਚਿਆ। ਫੇਰ ਉਹੀ ਮਰਦ-ਪ੍ਰਧਾਨ ਮਾਨਸਿਕਤਾ। ਉਸ ਨੂੰ ਹੀਣ ਤੇ ਵਿਅਕਤਿਤਵ ਤੋਂ ਵਾਂਝਾ ਬਣਾਉਣ ਵਾਲਾ ਸੱਦਾ। ਇਹ ਸਾਬਤ ਕਰਨ ਦੀ ਕੋਸ਼ਿਸ਼ ਕਿ ਉਹ ਇਕ ਬੇਸਹਾਰਾ ਔਰਤ ਹੈ। ਨਹੀਂ; ਇਸ ਗੱਲ ਨੂੰ ਇੱਥੇ ਹੀ ਮੁਕਾ ਦੇਣਾ ਚਾਹੀਦਾ ਹੈ, ਸਦਾ ਸਦਾ ਲਈ ਤੇ ਰੱਤੀ ਭਰ ਵੀ ਥਿੜਕੇ ਬਿਨਾਂ ਉਰਮਿਲਾ ਨੇ ਉਸ ਸੱਜਣ ਦੀਆਂ ਅੱਖਾਂ ਵਿਚ ਸਿੱਧਾ ਵੇਖ ਕੇ ਕਿਹਾ, "ਨਹੀਂ ਜੀ, ਮੈਂ ਅੱਜ ਸ਼ਾਮ ਫ੍ਰੀ ਨਹੀਂ ਹਾਂ ਤੇ ਵੈਸੇ ਵੀ ਮੈਂ ਸ਼ਾਮ ਨੂੰ ਕਿਸੇ ਦਾ ਵੀ ਸੱਦਾ ਸਵੀਕਾਰ ਕਰ ਕੇ ਕਿਤੇ ਬਾਹਰ ਨਹੀਂ ਜਾਂਦੀ”। ਉਸ ਦੀ ਆਵਾਜ਼ ਬਿਲਕੁਲ ਦ੍ਰਿੜ੍ਹ ਅਤੇ ਨਿਸ਼ਚਿਤ ਸੀ। ਕੁਰਸੀ ਵਿਚ ਬੈਠੇ ਸੱਜਣ ਦਾ ਚਿਹਰਾ ਪੀਲਾ ਪੈ ਗਿਆ। ਬੌਂਦਲ ਕੇ ਉਸ ਨੇ ਆਪਣਾ ਸਿਰ ਫੇਰ ਫਾਈਲ ਉੱਤੇ ਝੁਕਾਅ ਲਿਆ। ਜਿੱਤ ਦੀ ਖੁਸ਼ੀ ਅਤੇ ਘੁਮੰਡ ਜਿਹੇ ਨਾਲ ਕਮਰੇ ਤੋਂ ਬਾਹਰ ਆਉਂਦਿਆਂ ਉਰਮਿਲਾ ਨੇ ਆਪਣੇ ਦਿਲ ਵਿਚ ਕਿਹਾ, "ਬਾਸਟਰਡ”। ਡਾਇਰੈਕਟਰ ਦੇ ਕਮਰੇ ਤੋਂ ਬਾਹਰ ਆਪਣੀ ਮੇਜ਼ ਤੱਕ ਪਹੁੰਚਦਿਆਂ ਹੀ ਉਸ ਨੇ ਸੋਚਿਆ ਕਿ ਮੈਂ ਸਰਕਾਰੀ ਨੌਕਰੀ ਕਰਦੀ ਹਾਂ, ਕਿਸੇ ਇਕ ਜਣੇ ਦੀ ਨੌਕਰੀ ਨਹੀਂ ਕਰਦੀ। ਮੈਂ ਆਪਣੇ ਆਪ ਨੂੰ ਅਪਮਾਨਿਤ ਨਹੀਂ ਹੋਣ ਦਿਆਂਗੀ ਬਲਕਿ ਚੰਗਾ ਕੰਮ ਕਰ ਕੇ ਇਹ ਸਾਬਤ ਕਰਾਂਗੀ ਕਿ ਮੈਂ ਦੂਜਿਆਂ ਤੋਂ ਵੱਧ ਭਾਵੇਂ ਹੋਵਾਂ, ਘੱਟ ਨਹੀਂ ਹਾਂ। ਆਪਣੀ ਮੇਜ਼ ਉੱਤੇ ਆ ਕੇ ਉਸ ਨੇ ਸੁੱਖ ਦਾ ਸਾਹ ਲਿਆ ਤੇ ਆਪਣਾ ਕੰਮ ਸਮਝਣ ਦੀ ਕੋਸ਼ਿਸ਼ ਕਰਨ ਲੱਗ ਪਈ।

ਬੱਸ ਉੱਤੇ ਘਰ ਆਉਂਦਿਆਂ ਉਸ ਨੇ ਦਫ਼ਤਰ ਤੋਂ ਮਿਲਿਆ ਆਪਣਾ ਆਈਡੈਂਟਟਿਟੀ ਕਾਰਡ ਵੇਖਿਆ। ਹੁਣ ਉਸ ਦੀ ਇੱਕ ਅੱਲਗ ਪਛਾਣ ਸੀ। ਉਹ ਸਿਰਫ਼ ਕਿਸੇ ਦੀ ਬੇਟੀ ਜਾਂ ਪ੍ਰੇਮਿਕਾ ਨਹੀਂ ਸੀ। ਉਹ ਇਕ ਸਰਕਾਰੀ ਦਫ਼ਤਰ ਦੀ ਰੀਸਰਚ ਅਫ਼ਸਰ ਵੀ ਸੀ। ਹੁਣ ਉਹ ਆਪਣੇ ਆਪ ਤੇ ਨਿਰਭਰ ਸੀ। ਨਿੱਕੇ ਜਿਹੇ ਕਾਗਜ਼ ਨੇ ਉਸ ਵਿਚ ਅਥਾਹ ਸ਼ਕਤੀ ਤੇ ਤ੍ਰਿਪਤੀ ਕਰ ਦਿੱਤੀ ਸੀ। ਏਥੋਂ ਤਕ ਕਿ ਡਾਇਰੈਕਟਰ ਦੀ ਉਸ ਗ਼ਲਤੀ ਨੂੰ ਵੀ ਦਿਲੋਂ ਮੁਆਫ ਕਰ ਦਿੱਤਾ ਸੀ। ਉਸ ਨੇ ਸੋਚਿਆ ਕਿ ਆਪਣੀ ਹੋਂਦ ਨੂੰ ਉਹ ਕਦੇ ਵੀ ਨਹੀਂ ਗਵਾਏਗੀ ਨਾ ਸੁਰੱਖਿਆ ਲਈ ਤੇ ਨਾ ਸੁਤੰਤਰਤਾ ਲਈ, ਏਥੋਂ ਤੱਕ ਪਿਆਰ ਲਈ ਵੀ ਨਹੀਂ। ਘਰ ਪਹੁੰਚ ਕੇ ਉਸ ਨੇ ਉਦਿਆਨ ਨੂੰ ਇਕ ਲੰਮੀ ਚਿੱਠੀ ਲਿਖੀ ਤੇ ਅਖ਼ੀਰ ਵਿਚ ਲਿਖਿਆ, "ਜਦੋਂ ਇਸ ਵਾਰੀ ਤੂੰ ਆਏਂਗਾ ਤਾਂ ਆਪਣੇ ਦੋਸਤ ਦੇ ਘਰ ਠਹਿਰਣ ਦੀ ਥਾਂ ਕਿਸੇ ਹੋਟਲ ਵਿਚ ਨਹਿਰੀਂ। ਮੈਂ ਤੈਨੂੰ ਉੱਥੇ ਆ ਕੇ ਮਿਲਾਂਗੀ"।

ਦੂਜੇ ਦਿਨ ਉਹ ਆਪਣੇ ਕੰਮ ਵਿਚ ਜੁੱਟ ਗਈ ਅਤੇ ਕੁੱਝ ਦਿਨਾਂ ਵਿਚ ਹੀ ਉਸ ਨੂੰ ਪਤਾ ਲੱਗ ਗਿਆ ਕਿ ਆਪਣੇ ਕੰਮ ਵਿਚ ਮੈਂ ਕਿਸੇ ਤੋਂ ਵੀ ਘੱਟ ਨਹੀਂ ਹਾਂ। ਇਸ ਗੱਲ ਨੇ ਉਸ ਵਿਚ ਇਕ ਨਵਾਂ ਆਤਮ ਵਿਸ਼ਵਾਸ ਪੈਦਾ ਕਰ ਦਿੱਤਾ। ਉਸ ਨੇ ਉਦਿਆਨ ਨੂੰ ਚਿੱਠੀ ਲਿਖੀ, "ਮੈਂ ਆਪਣੀ ਨੌਕਰੀ ਤੋਂ ਬਹੁਤ ਖੁਸ਼ ਹਾਂ। ਜਦੋਂ ਆਏਂਗਾ ਤਾਂ ਦਫ਼ਤਰ ਦੀਆਂ ਮਜ਼ੇਦਾਰ ਗੱਲਾਂ ਸੁਣਾਵਾਂਗੀ"। ਮਹੀਨੇ ਬਾਅਦ ਜਦੋਂ ਉਦਿਆਨ ਉਸ ਨੂੰ ਮਿਲਿਆ ਤਾਂ ਉਰਮਿਲਾ ਇਕ ਲੰਮੀ ਸਾਰੀ ਸਟੇਟਮੈਂਟ ਤਿਆਰ ਕਰਨ ਵਿਚ ਬਹੁਤ ਰੁੱਝੀ ਹੋਈ ਸੀ। ਉਦਿਆਨ ਨੂੰ ਨੇੜੇ ਦੀ ਕੁਰਸੀ ਉੱਤੇ ਬਿਠਾ ਕੇ ਉਰਮਿਲਾ ਨੇ ਕਿਹਾ, “ਬਸ ਜ਼ਰਾ ਕੁ ਉਡੀਕ ਡਾਇਰੈਕਟਰ ਨੂੰ ਫਾਈਲ ਭਿਜਵਾ ਕੇ ਹੁਣੇ ਬਾਹਰ ਚਲਦੇ ਹਾਂ"। ਜਦੋਂ ਦੋਵੇਂ ਬਾਹਰ ਨਿਕਲੇ, ਉਰਮਿਲਾ ਨੇ ਕਿਹਾ, “ਤੈਨੂੰ ਮੇਰਾ ਦਫ਼ਤਰ ਕਿਹੋ ਜਿਹਾ ਲੱਗਾ” ? ਦਫ਼ਤਰ ਦੇ ਜਿਸ ਕਮਰੇ ਵਿਚ ਉਰਮਿਲਾ ਬੈਠਦੀ ਸੀ, ਉੱਥੇ ਹੋਰ ਕੋਈ ਲੜਕੀ ਨਹੀਂ ਸੀ। ਏਨੇ ਮਰਦਾਂ ਵਿਚ ਉਰਮਿਲਾ ਦਾ ਬੈਠਣਾ ਉਦਿਆਨ ਨੂੰ ਚੰਗਾ ਨਾ ਲੱਗਾ। ਫੇਰ ਵੀ ਉਸ ਨੇ ਕਿਹਾ, “ਅੱਛਾ ਹੈ”।

ਉਰਮਿਲਾ ਨੇ ਕਿਹਾ, “ਮੈਂ ਤੈਨੂੰ ਕਿਹਾ ਸੀ ਕਿ ਹੋਟਲ ਵਿਚ ਠਹਿਰੀਂ, ਤੂੰ ਫੇਰ ਉਸੇ ਦੋਸਤ ਦੇ ਘਰ ਰੁਕ ਗਿਆ”? ਉਦਿਆਨ ਨੇ ਕਿਹਾ, "ਮੈਂ ਏਨੇ ਰੁਪਏ ਕਿਉਂ ਖ਼ਰਚ ਕਰਦਾ"? ਉਰਮਿਲਾ ਬੋਲੀ, "ਤੂੰ ਭੁੱਲ ਰਿਹਾ ਹੈਂ ਹੁਣ ਅਸੀਂ ਦੋਵੇਂ ਕਮਾਉਂਦੇ ਹਾਂ। ਹੁਣ ਤੂੰ ਹੀ

ਦੱਸ ਅਸੀਂ ਕਿੱਥੇ ਮਿਲਾਂਗੇ " ?" ਕਿਉਂ? ਜਿੱਥੇ ਪਹਿਲੇ ਮਿਲਦੇ ਸਾਂ"। ਉਦਿਆਨ ਨੇ ਕਿਹਾ "ਤੂੰ ਕੁੱਝ ਨਹੀਂ ਸਮਝੇਂਗਾ, "ਉਰਮਿਲਾ ਨੇ ਕਿਹਾ," ਮੈਂ ਤੈਨੂੰ ਹੋਰ ਤਰੀਕੇ ਨਾਲ ਮਿਲਣਾ ਚਾਹੁੰਦੀ ਸੀ। ਚਲੋ, ਚਾਹ ਪੀਵੀਏ"।

ਚਾਹ ਪੀਂਦਿਆਂ ਉਰਮਿਲਾ ਨੇ ਉਦਿਆਨ ਨੂੰ ਆਪਣੇ ਦਫ਼ਤਰ ਬਾਰੇ ਦੱਸਿਆ। ਉਦਿਆਨ ਨੇ ਪੁੱਛਿਆ, "ਤੇਰਾ ਬੌਸ ਕਿਹੋ ਜਿਹਾ ਹੈ ?" ਉਰਮਿਲਾ ਨੇ ਕਿਹਾ, "ਚੰਗਾ ਆਦਮੀ ਹੈ"। ਏਨਾ ਦੱਸ ਕੇ ਉਸ ਨੇ ਉਦਿਆਨ ਨੂੰ ਆਪਣੇ ਪਹਿਲੇ ਦਿਨ ਦਾ ਵਾਕਿਆ ਵੀ ਦੱਸਿਆ। ਸੁਣ ਕੇ ਉਦਿਆਨ ਨੇ ਕਿਹਾ, "ਸਾਲਾ" ਅਤੇ ਨਾਰਾਜ਼ਗੀ ਪ੍ਰਗਟਾਉਂਦਿਆਂ ਉਰਮਿਲਾ ਨੂੰ ਕਿਹਾ "ਤੂੰ ਇਸ ਆਦਮੀ ਨੂੰ ਚੰਗਾ ਕਿਵੇਂ ਕਹਿ ਰਹੀ ਹੈਂ ?" ਉਰਮਿਲਾ ਬੋਲੀ, "ਉਸੇ ਦਿਨ ਜੋ ਕਿਹਾ ਸੋ ਕਿਹਾ, ਉਸ ਤੋਂ ਬਾਅਦ ਉਹ ਮੇਰੇ ਨਾਲ ਬੜੀ ਇੱਜ਼ਤ ਨਾਲ ਪੇਸ਼ ਆਉਂਦਾ ਹੈ। ਉਹ ਮੇਰੇ ਕੰਮ ਨਾਲ ਸੰਤੁਸ਼ਟ ਹੈ। ਆਫ਼ਿਸ ਵਿਚ ਸਾਰੇ ਉਸ ਨੂੰ ਪਸੰਦ ਕਰਦੇ ਨੇ"। ਇਹ ਸੁਣ ਕੇ ਉਦਿਆਨ ਕੁੱਝ ਥਿੜਕ ਗਿਆ ਤੇ ਉਰਮਿਲਾ ਦੀਆਂ ਗੱਲਾਂ ਦਾ ਸੰਖੇਪ ਜਵਾਬ ਦੇਣ ਪਿਆ। ਕੁੱਝ ਦੇਰ ਬਾਅਦ ਉਦਿਆਨ ਨੇ ਪੁੱਛਿਆ, "ਕੀ ਤੂੰ ਫ਼ਾਈਲਾਂ ਸਿੱਧੀਆ ਡਾਇਰੈਕਟਰ ਨੂੰ ਭੇਜਦੀ ਹੈ ?" "ਸ਼ੁਰੂ ਵਿਚ ਤਾਂ ਕਿਸੇ ਹੋਰ ਅਫ਼ਸਰ ਦੇ ਰਾਹੀਂ ਫ਼ਾਈਲਾਂ ਜਾਂਦੀਆਂ ਸਨ, ਪਰ ਮੇਰਾ ਚੰਗਾ ਕੰਮ ਵੇਖ ਕੇ ਡਾਇਰੈਕਟਰ ਨੇ ਸਿੱਧੀਆਂ ਫ਼ਾਈਲਾਂ ਭੇਜਣ ਦਾ ਆਰਡਰ ਕਰ ਦਿੱਤਾ"। ਉਰਮਿਲਾ ਨੇ ਤਾਂ ਬੜੇ ਮਾਣ ਨਾਲ ਇਹ ਗੱਲ ਦੱਸੀ, ਪਰ ਉਦਿਆਨ ਨੇ ਸਿਰਫ਼ ਹੁੰਗਾਰਾ ਹੀ ਭਰਿਆ।

ਪਹਿਲਾਂ ਤਾਂ ਸ਼ਾਮ ਨੂੰ ਦੋਵੇਂ ਪਾਰਕ ਵਿਚ ਜਾ ਕੇ ਬੈਠਦੇ ਹੁੰਦੇ ਸਨ ਤੇ ਹਨੇਰਾ ਹੋ ਜਾਣ ਉੱਤੇ ਵੀ ਉਦਿਆਨ ਉਸ ਨੂੰ ਹੋਰ ਬੈਠਣ ਲਈ ਮਜ਼ਬੂਰ ਕਰਦਾ ਹੁੰਦਾ ਸੀ। ਪਾਰਕ ਦੇ ਹਨੇਰੇ ਵਿਚ ਉਦਿਆਨ ਉਸ ਨੂੰ ਛੂਹਣ ਦੀ ਕੋਸ਼ਿਸ਼ ਕਰਦਾ ਤੇ ਉਸ ਨੂੰ ਸ਼ਾਂਤ ਕਰਨ ਲਈ ਉਰਮਿਲਾ ਨੂੰ ਕਾਫ਼ੀ ਔਖਾ ਹੋਣਾ ਪੈਂਦਾ ਸੀ। ਪਰ ਅੱਜ ਸ਼ਾਮੀਂ ਚਾਹ ਪੀਣ ਤੋਂ ਬਾਅਦ ਉਦਿਆਨ ਕੰਮ ਦਾ ਬਹਾਨਾ ਬਣਾ ਕੇ ਖਿਸਕਣ ਲਈ ਤਿਆਰ ਹੋ ਗਿਆ। ਉਰਮਿਲਾ ਬੋਲੀ, "ਚਲੋ, ਥੋੜੀ ਦੇਰ ਲਈ ਹੀ ਸਹੀ, ਚੱਲ ਕੇ ਪਾਰਕ ਵਿਚ ਬੈਠੀਏ"। ਪਾਰਕ ਵਿਚ ਜਾਣੀ-ਪਛਾਣੀ ਥਾਂ ਉੱਤੇ ਬੈਠ ਕੇ ਫੇਰ ਇੱਕ-ਮਿੱਕ ਹੋ ਗਏ। ਉਦਿਆਨ ਨੇ ਕਿਹਾ, "ਵੇਖ ਉਰਮਿਲਾ, ਹੁਣ ਹੋਰ ਦੇਰ ਨਾ ਕਰ, ਆਪਾਂ ਵਿਆਹ ਜਲਦੀ ਕਰ ਲਈਏ"। ਉਰਮਿਲਾ

ਬੋਲੀ, "ਏਨੀ ਕਾਹਲ ਵੀ ਕਾਹਦੀ ਹੈ ? ਮੈਂ ਹੁਣੇ ਤਾਂ ਨੌਕਰੀ ਸ਼ੁਰੂ ਕੀਤੀ ਹੈ। ਕੁੱਝ ਦਿਨ ਲੰਘ ਜਾਣ ਦਿਓ"। ਉਦਿਆਨ ਨੇ ਕੁੱਝ ਖਿੱਝ ਕੇ ਕਿਹਾ, "ਮੈਂ ਹੋਰ ਨਹੀਂ ਉਡੀਕ ਸਕਦਾ"। ਉਰਮਿਲਾ ਨੇ ਵਿਅੰਗ ਨਾਲ ਕਿਹਾ, "ਤਾਂ ਫੇਰ ਜਾ ਕੇ ਕਿਸੇ ਹੋਰ ਨਾਲ ਫੇਰੇ ਲੈ ਲੈ"।

ਉਦਿਆਨ ਗੰਭੀਰ ਹੋ ਕੇ ਪਰ੍ਹਾਂ ਜਾ ਕੇ ਬੈਠ ਗਿਆ ਤੇ ਉਰਮਿਲਾ ਦੇ ਲੱਖ ਮਨਾਉਣ ਉੱਤੇ ਵੀ ਉਸ ਨਾਲ ਖੁਸ਼ ਹੋ ਕੇ ਨਾ ਬੋਲਿਆ। ਹਨੇਰਾ ਪੈ ਜਾਣ ਦੇ ਬਾਅਦ ਵੀ ਉਹ ਉਰਮਿਲਾ ਤੋਂ ਪਰ੍ਹੇ ਬੈਠਾ ਰਿਹਾ। ਤੈਨੂੰ ਕੀ ਹੋ ਗਿਆ ਹੈ ? ਕਹਿ ਕੇ ਉਰਮਿਲਾ ਆਪੇ ਹੀ ਉਸ ਦੇ ਨੇੜੇ ਹੋ ਕੇ ਬੈਠ ਗਈ ਤੇ ਉਸ ਨੂੰ ਛੇੜਨ ਦੀ ਕੋਸ਼ਿਸ਼ ਕਰਨ ਲੱਗੀ। ਫੇਰ ਵੀ ਉਹ ਨਾ ਪਿਘਲਿਆ ਤਾਂ ਉਰਮਿਲਾ ਨੇ ਕਿਹਾ, "ਚੱਲ ਤੂੰ ਹੁਣ ਵੀ ਕਿਸੇ ਹੋਟਲ ਵਿਚ ਕਮਰਾ ਲੈ ਲੈ, ਇਕਾਂਤ ਵਿਚ ਬੈਠ ਕੇ ਗੱਲਾਂ ਕਰਾਂਗੇ"। ਉਦਿਆਨ ਬੋਲਿਆ, "ਏਥੇ ਵੀ ਤਾਂ ਇਕਾਂਤ ਹੀ ਹੈ"। ਉਸ ਨੂੰ ਚਿੜਾਉਣ ਲਈ ਉਰਮਿਲਾ ਨੇ ਕਿਹਾ, "ਹਰ ਗੱਲ ਲਈ ਨਹੀਂ"।

ਪਾਰਕ ਤੋਂ ਨਿਕਲਦਿਆਂ ਉਦਿਆਨ ਨੇ ਪੁੱਛਿਆ, "ਕੱਲ੍ਹ ਕਿੱਥੇ ਮਿਲੇਂਗੀ ? ਮੈਂ ਸ਼ਾਮੀਂ ਚਲਾ ਜਾਵਾਂਗਾਂ"। ਉਰਮਿਲਾ ਨੇ ਕਿਹਾ, "ਤੂੰ ਖਾਣੇ ਲਈ ਸਾਡੇ ਦਫ਼ਤਰ ਆ ਜਾਈਂ"। ਉਦਿਆਨ ਨੇ ਕਿਹਾ, "ਮੈਂ ਖਾਣੇ ਲਈ ਤੇਰੇ ਦਫ਼ਤਰ ਨਹੀਂ ਆ ਸਕਦਾ, ਤੂੰ ਛੁੱਟੀ ਹੀ ਲੈ ਲਈਂ। ਇਹੀ ਠੀਕ ਹੋਵੇਗਾ। ਉਰਮਿਲਾ ਨੇ ਕਿਹਾ, "ਮੈਂ ਹੁਣੇ ਤਾਂ ਨੌਕਰੀ ਜੁਆਇਨ ਕੀਤੀ ਹੈ। ਛੁੱਟੀ ਕਿਵੇਂ ਲਵਾਂ? ਬਲਕਿ ਤੂੰ ਕਿਉਂ ਨਹੀਂ ਇਕ ਦਿਨ ਦੀ ਹੋਰ ਛੁੱਟੀ ਲੈ ਲੈਂਦਾ" ? ਉਦਿਆਨ ਬੋਲਿਆ, "ਆਫ਼ਿਸ ਵਿਚ ਮੈਨੂੰ ਵੀ ਜ਼ਰੂਰੀ ਕੰਮ ਹੈ। ਸਾਡੇ ਅਫ਼ਸਰ, ਤੇਰੇ ਡਾਇਰੈਕਟਰ ਦੀ ਤਰ੍ਹਾਂ, ਏਨੇ ਚੰਗੇ ਨਹੀਂ ਹਨ। ਬੜੇ ਸਖ਼ਤ ਮਿਜ਼ਾਜ਼ ਹਨ"। ਆਖ਼ਿਰ ਉਰਮਿਲਾ ਨੇ ਅਗਲੇ ਦਿਨ ਉਸ ਨੂੰ ਆਪਣੇ ਦਫ਼ਤਰ ਵਿਚ ਬੁਲਾਉਣ ਲਈ ਮਨਾ ਹੀ ਲਿਆ।

ਅਗਲੇ ਦਿਨ ਥੋੜੀ ਦੇਰ ਲਈ ਉਸ ਨੂੰ ਮਿਲ ਕੇ ਉਦਿਆਨ ਚਲਾ ਗਿਆ। ਦਫ਼ਤਰ ਦੇ ਕੰਮ ਵਿਚ ਮੁੜ ਕੇ ਰੁੱਝਦਿਆਂ ਉਰਮਿਲਾ ਨੇ ਸੋਚਿਆ, ਉਦਿਆਨ ਬੜਾ ਅਜੀਬ ਆਦਮੀ ਹੈ। ਬਿਨਾ ਵਜ੍ਹਾ ਹੀ ਨਾਰਾਜ਼ ਹੋ ਰਿਹਾ ਹੈ। ਚਲੋ, ਚਿੱਠੀ ਵਿੱਚ ਸਾਰੀਆਂ ਗੱਲਾਂ ਸਮਝਾ ਦਿਆਂਗੀ। ਪਰ ਕਈ ਦਿਨ ਉਰਮਿਲਾ ਉਸ ਨੂੰ ਚਿੱਠੀ ਨਾ ਲਿਖ ਸਕੀ, ਕਿਉਂਕਿ

ਇਸੇ ਦੌਰਾਨ ਦਫ਼ਤਰ ਦਾ ਕਾਫ਼ੀ ਕੰਮ ਉਸ ਨੂੰ ਘਰ ਲਿਆਉਣਾ ਪਿਆ। ਜਦੋਂ ਉਸ ਨੂੰ ਉਦਿਆਨ ਨੂੰ ਖ਼ਤ ਲਿਖਣ ਦਾ ਮੌਕਾ ਮਿਲਿਆ, ਉਸ ਕੋਲ ਵਕਤ ਬੜਾ ਘੱਟ ਸੀ ਇਸ ਲਈ ਉਸ ਨੇ ਸੰਖੇਪ ਚਿੱਠੀ ਲਿਖੀ ਤੇ ਜਿੰਨੀਆਂ ਗੱਲਾਂ ਲਿਖਣ ਲਈ ਉਸ ਨੇ ਸੋਚਿਆ ਸੀ, ਉਨ੍ਹਾਂ ਵਿੱਚੋਂ ਕੁੱਝ ਵੀ ਨਾ ਲਿਖ ਸਕੀ।

ਹੁਣ ਦਫ਼ਤਰ ਵਿਚ ਉਰਮਿਲਾ ਦਾ ਕੰਮ ਵਧਣ ਲੱਗ ਪਿਆ। ਸਰਕਾਰੀ ਦਫ਼ਤਰਾਂ ਦਾ ਇਕ ਆਮ ਨਿਯਮ ਹੈ ਕਿ ਜਿਹੜਾ ਬੰਦਾ ਕੰਮ ਚੰਗਾ ਕਰਦਾ ਹੈ, ਉਸ ਉੱਤੇ ਕੰਮ ਦੀ ਵੱਡੀ ਤੋਂ ਵੱਡੀ ਛੱਟ ਲੱਦ ਦਿੱਤੀ ਜਾਂਦੀ ਹੈ। ਉਰਮਿਲਾ ਵੀ ਇਸੇ ਨਿਯਮ ਦਾ ਸ਼ਿਕਾਰ ਬਣ ਗਈ। ਉਸ ਨੂੰ ਇਸ ਗੱਲ ਦਾ ਕੋਈ ਅਫਸੋਸ ਨਹੀਂ ਸੀ। ਉਹ ਸਗੋਂ ਕੰਮ ਵਿਚ ਆਪਣੀ ਨਿਪੁਣਤਾ ਸਾਬਤ ਕਰਨ ਦੇ ਮੌਕੇ ਲੱਭ ਰਹੀ ਸੀ। ਹੁਣ ਜਦੋਂ ਕਿਸੇ ਗੰਭੀਰ ਜਾਂ ਜਟਿੱਲ ਵਿਸ਼ੇ ਉੱਤੇ ਵਿਚਾਰ-ਵਟਾਂਦਰਾ ਕਰਨਾ ਹੁੰਦਾ ਹੈ ਤਾਂ ਡਾਇਰੈਕਟਰ ਉਸ ਨੂੰ ਹੀ ਬੁਲਾਉਂਦਾ ਤੇ ਉਸ ਦੀ ਹੀ ਰਾਏ ਲਈ ਜਾਂਦੀ। ਹੁਣ ਉਸ ਨੂੰ ਡਾਇਰੈਕਟਰ ਦਾ ਵਿਹਾਰ ਜਾਂ ਗੱਲਬਾਤ ਦਾ ਤਰੀਕਾ ਬੁਰਾ ਨਹੀਂ ਸੀ ਲੱਗਦਾ। ਉਹ ਉਸ ਨਾਲ ਆਫ਼ਿਸ ਦੇ ਬਾਕੀ ਕਰਮਚਾਰੀਆਂ ਵਾਂਗ ਹੀ ਵਰਤਾਉ ਕਰਦੇ ਸਨ ਅਤੇ ਔਰਤ ਹੋਣ ਕਰ ਕੇ ਉਸ ਨੂੰ ਕੋਈ ਉਚੇਚਾ ਨਫ਼ਾ ਜਾਂ ਨੁਕਸਾਨ ਨਹੀਂ ਸੀ। ਆਫ਼ਿਸ ਵਿਚ ਬਾਕੀਆਂ ਨਾਲ ਵੀ ਉਸ ਦੇ ਸੰਬੰਧ ਸੁਖਾਵੇਂ ਸਨ। ਸ਼ੁਰੂ ਸ਼ੁਰੂ ਵਿਚ ਜਿਨ੍ਹਾਂ ਲੋਕਾਂ ਨੇ ਉਸ ਨਾਲ ਰੋਮਾਂਚਿਤ ਹੋਣ ਦੀ ਕੋਸ਼ਿਸ਼ ਕੀਤੀ ਸੀ ਉਹ ਵੀ ਉਸ ਨੂੰ ਪਛਾਣ ਕੇ ਪਰ੍ਹੇ ਹੋ ਗਏ ਸਨ। ਉਹ ਆਫ਼ਿਸ ਦੇ ਸਾਰੇ ਬੰਦਿਆਂ ਨਾਲੋਂ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਸੀ ਤੇ ਉਹ ਵੀ ਸਾਰੇ ਹੁਣ ਉਸ ਨੂੰ ਸਿਰਫ਼ ਔਰਤ ਦੇ ਰੂਪ ਵਿਚ ਨਹੀਂ ਸਨ ਵੇਖਦੇ।

ਦਫ਼ਤਰ ਦੇ ਕੰਮ ਤੋਂ ਇਲਾਵਾ ਉਹ ਦਫ਼ਤਰ ਵਿਚ ਹੀ ਛੋਟੀਆਂ ਪੋਸਟਾਂ ਉੱਤੇ ਲੱਗੀਆਂ ਔਰਤਾਂ ਦਾ ਵੀ ਧਿਆਨ ਰੱਖਦੀ ਸੀ। ਗੱਲ-ਬਾਤ ਕਰਨ ਤੋਂ ਬਾਅਦ ਉਸ ਨੂੰ ਪਤਾ ਲੱਗ ਗਿਆ ਕਿ ਉਹ ਔਰਤਾਂ ਜਿੱਥੇ ਹਨ ਉੱਥੇ ਹੀ ਕਿਸਮਤ ਦੇ ਆਸਰੇ ਖੁਸ਼ ਸਨ। ਉਨ੍ਹਾਂ ਵਿਚ ਆਪਣੇ ਜਾਂ ਆਪਣੇ ਕੰਮ ਬਾਰੇ ਅਭਿਮਾਨ ਨਹੀਂ ਸੀ ਤੇ ਔਰਤ ਹੋਣ ਕਰਕੇ ਦੂਜੇ ਦਰਜੇ ਦੀ ਨਾਗਰਿਕਤਾ ਨੂੰ ਪੂਰੀ ਤਰ੍ਹਾਂ ਮੰਨੀ ਬੈਠੀਆਂ ਸਨ। ਉਨ੍ਹਾਂ ਵਿੱਚੋਂ ਕੋਈ ਕੋਈ ਆਪਣੇ ਕੰਮ ਲਈ ਦਇਆ ਦੀ ਭੀਖ ਮੰਗਦੀ ਤੇ ਆਪਣੇ ਔਰਤ ਹੋਣ ਦਾ ਫ਼ਾਇਦਾ ਉਠਾ ਕੇ ਕੰਮ ਤੋਂ ਬੱਚਣ ਦੀ ਕੋਸ਼ਿਸ਼ ਕਰਦੀ। ਉਰਮਿਲਾ ਨੂੰ ਉਨ੍ਹਾਂ ਵਿਚ ਕੋਈ ਵੀ ਗੱਲ ਆਪਣੇ ਉੱਤੇ ਅਭਿਮਾਨ ਵਾਲੀ ਨਹੀਂ ਸੀ ਦਿਸੀ। ਅੰਤ ਵਿਚ ਉਰਮਿਲਾ ਨੇ ਉਨ੍ਹਾਂ ਦੀ ਹਿਮਾਇਤ ਜਾਂ ਮੱਦਦ ਕਰਨ ਤੋਂ ਆਪਣੇ ਆਪ ਨੂੰ ਪਰ੍ਹਾਂ ਕਰ ਲਿਆ।

ਆਪਣੀ ਨੌਕਰੀ ਦੇ ਮੁਤੱਲਕ ਸਭ ਤੋਂ ਵੱਧ ਉਸ ਨੂੰ ਉਦਿਆਨ ਦੀ ਮੁਸ਼ਕਲ ਸੀ। ਉਦਿਆਨ ਉਸ ਨੂੰ ਬਾਰ ਬਾਰ ਕਹਿੰਦਾ ਕਿ ਉਹ ਨੌਕਰੀ ਛੱਡ ਕੇ ਆਪਣਾ ਘਰ ਵਸਾਏ। ਉਰਮਿਲਾ ਉਸ ਨੂੰ ਸਮਝਾਉਂਦੀ, "ਵੇਖ ਮਸਾਂ-ਮਸਾਂ ਤਾਂ ਨੌਕਰੀ ਮਿਲੀ ਹੈ। ਇਸ ਨੂੰ ਇਕ ਦਮ ਛੱਡ ਦੇਣਾ ਕਿਵੇਂ ਵਾਜਬ ਹੋਵੇਗਾ ?” ਉਦਿਆਨ ਕਦੇ ਕਦੇ ਉਸ ਨੂੰ ਕਹਿੰਦਾ, “ਸ਼ਾਇਦ ਤੇਰੀ ਵਿਆਹ ਦੀ ਇੱਛਾ ਹੀ ਨਹੀਂ ਹੈ ? ਮੈਨੂੰ ਠੀਕ ਦੱਸ ਦੇ ਕਦੋਂ ਸ਼ਾਦੀ ਕਰੇਂਗੀ।" ਉਰਮਿਲਾ ਕਹਿੰਦੀ, “ਇਨੀ ਬੇਸਬਰੀ ਕਿਉਂ ਹੈ ? ਆ ਕੇ ਕਦੇ ਕਦੇ ਹੋਟਲ ਵਿਚ ਰਿਹਾ ਕਰ ਜਾਂ ਲੰਮੀ ਛੁੱਟੀ ਲੈ ਲੈ ਕਿਤੇ ਚਲੇ ਚੱਲਦੇ ਹਾਂ। ਤਿੰਨਾਂ ਮਹੀਨਿਆਂ ਪਿੱਛੋਂ ਮੈਨੂੰ ਲੀਵ ਟ੍ਰੈਵਲ ਕਨਸੈਸ਼ਨ ਮਿਲ ਜਾਏਗਾ।

ਕਦੇ-ਕਦੇ ਉਰਮਿਲਾ ਆਪਣੇ ਦਫ਼ਤਰ ਦੀ ਗੱਲ ਦੱਸਦੀ, “ਪਤੈ, ਮੇਰੇ ਡਾਇਰੈਕਟਰ ਕਹਿ ਰਹੇ ਸਨ ਕਿ ਇਸ ਵਾਰੀ ਫ਼ੀਲਡ ਵਰਕ ਲਈ ਤੈਨੂੰ ਦੌਰੇ ਉੱਤੇ ਭੇਜਾਂਗੇ। ਮੈਂ ਪਹਿਲਾਂ ਤੇਰੇ ਸ਼ਹਿਰ ਦਾ ਪ੍ਰੋਗਰਾਮ ਬਣਾਵਾਂਗੀ। ਉਦਿਆਨ ਨੇ ਕਿਹਾ, "ਤੂੰ ਇਕੱਲੀ ਕਿਵੇਂ ਜਾਏਂਗੀ ਦੌਰੇ ਉੱਤੇ ?” ਉਰਮਿਲਾ ਨੇ ਕਿਹਾ, “ਤੂੰ ਪਰੇਸ਼ਾਨ ਨਾ ਹੋ ਮੈਂ ਸਾਰਾ ਪ੍ਰਬੰਧ ਕਰ ਲਵਾਂਗੀ, ਤੈਨੂੰ ਕਿਸੇ ਚਿੰਤਾ ਦੀ ਲੋੜ ਨਹੀਂ ਹੈ।” ਉਰਮਿਲਾ ਨੇ ਇੱਕ ਦਿਨ ਕਿਹਾ, "ਇਸ ਸਾਲ ਦੇ ਕੈਰੈਕਟਰ ਰੋਲ ਵਿਚ ਮੇਰੇ ਬਾਰੇ ਸਭ ਤੋਂ ਚੰਗੀ ਰਾਇ ਦਿੱਤੀ ਗਈ ਹੈ।” ਉਦਿਆਨ ਨੇ ਪੁੱਛਿਆ, “ਕਿਉਂ।” ਉਰਮਿਲਾ ਜਿਸ ਨੂੰ ਆਪਣੇ ਕੰਮ ਤੇ ਮਾਣ ਸੀ, ਬੋਲੀ, “ਕਿਉਂ ਦਾ ਕੀ ਮਤਲਬ ? ਦਫ਼ਤਰ ਵਿਚ ਮੈਂ ਸਾਰਿਆਂ ਤੋਂ ਚੰਗਾ ਕੰਮ ਕਰਦੀ ਹਾਂ ਏਸ ਲਈ। "ਉਦਿਆਨ ਨੇ ਕਿਹਾ, "ਸਰਿਆਂ ਦਫ਼ਤਰਾਂ ਵਿਚ ਲੜਕੀਆਂ ਬਾਰੇ ਅਜਿਹੀ ਹੀ ਰਾਇ ਹੁੰਦੀ ਹੈ।” ਉਰਮਿਲਾ ਬੋਲੀ, “ਤੈਨੂੰ ਕੁੱਝ ਵੀ ਨਹੀਂ ਪਤਾ। ਸਾਡੇ ਦਫ਼ਤਰ ਵਿਚ ਸਾਰੀਆਂ ਲੇਡੀ ਅਸਿਸਟੈਂਟਾਂ ਦੀਆਂ ਸੀ. ਆਰਾਂ ਖ਼ਰਾਬ ਹਨ। ਉਨ੍ਹਾਂ ਨੂੰ ਕੋਈ ਵੀ ਆਪਣੇ ਸੈਕਸ਼ਨ ਵਿਚ ਲੈਣ ਨੂੰ ਤਿਆਰ ਨਹੀਂ ਹੁੰਦਾ।"

ਹੁਣ ਉਰਮਿਲਾ ਦਫ਼ਤਰ ਦੇ ਕੰਮਾਂ ਵਿਚ ਹੋਰ ਵੀ ਵਧੇਰੇ ਮਗਨ ਰਹਿਣ ਲੱਗ ਪਈ। ਉਹ ਛੋਟੀਆਂ ਛੋਟੀਆਂ ਉਲਝਣਾਂ ਨੂੰ ਵਧੇਰੇ ਮਹੱਤਵ ਨਹੀਂ ਦਿੰਦੀ ਸੀ। ਏਧਰ ਉਧਰ ਦੀਆਂ ਫ਼ਜ਼ੂਲ ਗੱਲਾਂ ਨੂੰ ਉਹ ਅਣਸੁਣਿਆ ਕਰ ਦੇਂਦੀ। ਕਿਉਂਕਿ ਉਹ ਬਹੁਤ ਘਟੀਆ ਸਨ, ਇਸ ਲਈ ਉਨ੍ਹਾਂ ਉੱਤੇ ਵਕਤ ਖ਼ਰਾਬ ਕਰਨਾ ਉਸ ਨੂੰ ਚੰਗਾ ਨਹੀਂ ਸੀ ਲੱਗਦਾ। ਉਹ

ਦਫ਼ਤਰ ਦਿਆਂ ਕੰਮਾਂ ਵਿਚ ਦਿਲੋ-ਜਾਨ ਨਾਲ ਲੱਗੀ ਰਹਿੰਦੀ ਅਤੇ ਡਾਇਰੈਕਟਰ ਦੇ ਨਾਲ ਬਹਿਸ ਕਰਨ ਤੋਂ ਨਹੀਂ ਸੀ ਝਿਜਕਦੀ। ਡਾਇਰੈਕਟਰ ਵੀ ਉਸ ਦੇ ਕੰਮ ਨੂੰ ਸਲਾਹੁੰਦਾ ਤੇ ਗ਼ਲਤੀ ਹੋਣ ਉੱਤੇ ਡਾਂਟਣ ਤੋਂ ਸੰਕੋਚ ਨਾ ਕਰਦਾ। ਉਸ ਨਾਲ ਉਰਮਿਲਾ ਦੇ ਸੰਬੰਧ ਇੱਕ ਚੰਗੇ ਉੱਚ ਅਧਿਕਾਰੀ ਅਤੇ ਉਨ੍ਹਾਂ ਦੇ ਅਧੀਨ ਨਜ਼ਦੀਕੀ ਕਰਮਚਾਰੀ ਵਰਗੇ ਸਨ ਡਾਇਰੈਕਟਰ ਸਾਹਿਬ, ਕੰਮ ਵਿਚ ਨਿਪੁਣ ਤੇ ਮਿੱਠ-ਬੋਲੜੇ, ਸੱਚੇ ਬੰਦੇ ਸਨ ਤੇ ਉਰਮਿਲਾ ਦੇ ਦਿਲ ਵਿਚ ਉਨ੍ਹਾਂ ਪ੍ਰਤੀ ਆਦਰ ਸੀ। ਜਦੋਂ ਉਨ੍ਹਾਂ ਦੇ ਦਫ਼ਤਰ ਵਿਚ ਇਕ ਵੱਧ ਤਨਖ਼ਾਹ ਵਾਲੀ ਉੱਚੀ ਪਦਵੀ ਵਾਲੀ ਸੀਟ ਖ਼ਾਲੀ ਹੋਈ ਤਾਂ ਡਾਇਰੈਕਟਰ ਨੇ ਉਰਮਿਲਾ ਨੂੰ ਕਿਹਾ ਤੂੰ ਅਰਜ਼ੀ ਦੇ ਕਿਉਂਕਿ ਤੇਰੇ ਵਿਚ ਉਸ ਪਦਵੀ ਲਈ ਸਾਰੀਆਂ ਯੋਗਤਾਵਾਂ ਮੌਜੂਦ ਹਨ।

ਉਰਮਿਲਾ ਨੇ ਜਦੋਂ ਉਦਿਆਨ ਨੂੰ ਆਪਣੀ ਅਰਜ਼ੀ ਦੇਣ ਬਾਰੇ ਦੱਸਿਆ ਤਾਂ ਉਦਿਆਨ ਨੇ ਪੁੱਛਿਆ, “ਕਿੰਨੀ ਤਨਖ਼ਾਹ ਮਿਲੇਗੀ ?" ਉਦਿਆਨ ਨੂੰ ਤਨਖ਼ਾਹ ਦੱਸਣ ਤੋਂ ਪਿੱਛੋਂ ਉਰਮਿਲਾ ਨੇ ਕਿਹਾ, “ਏਨੇ ਦਿਨ ਹੋ ਗਏ ਨੇ ਮੈਂ ਤੇਰੇ ਕੋਲੋਂ ਬਿਲਕੁਲ ਨਹੀਂ ਪੁੱਛਿਆ ਕਿ ਤੂੰ ਕਿੰਨੀਂ ਤਨਖ਼ਾਹ ਲੈਂਦਾ ਹੈ। ਤੈਨੂੰ ਕਿੰਨੀ ਤਨਖ਼ਾਹ ਮਿਲਦੀ ਹੈ ?”

ਉਦਿਆਨ ਬੋਲਿਆ, “ਤੂੰ ਜਿਸ ਪਦ ਵਿਚ ਅਰਜ਼ੀ ਦਿੱਤੀ ਹੈ, ਉਸ ਤੋਂ ਬਹੁਤ ਘੱਟ ਤਨਖ਼ਾਹ ਮੈਨੂੰ ਮਿਲਦੀ ਹੈ।" ਥੋੜੀ ਦੇਰ ਰੁੱਕ ਕੇ ਬੋਲਿਆ, "ਕੀ ਤੂੰ ਮੇਰੀ ਤਨਖ਼ਾਹ ਕਰ ਕੇ ਮੇਰੇ ਨਾਲ ਵਿਆਹ ਕਰਨ ਲਈ ਤਿਆਰ ਨਹੀਂ ਹੋ ਰਹੀ ?”

“ਤੂੰ ਇਹ ਕਿਵੇਂ ਸੋਚ ਲਿਆ?” ਉਰਮਿਲਾ ਬੋਲੀ, “ਮੈਨੂੰ ਤੇ ਪਤਾ ਹੀ ਨਹੀਂ ਤੂੰ ਤਨਖ਼ਾਹ ਲੈਂਦਾ ਕਿੰਨੀ ਹੈ ? ਠੀਕ ਹੈ, ਇਸੇ ਸਾਲ ਆਪਾਂ ਵਿਆਹ ਕਰ ਲਵਾਂਗੇ।”

"ਜੇ ਤੈਨੂੰ ਉਹ ਨਵੀਂ ਨੌਕਰੀ ਮਿਲ ਗਈ ਤਾਂ ?"

“ਕੀ ਫ਼ਰਕ ਪੈਂਦਾ ਹੈ, ਨੌਕਰੀ ਮਿਲੇ ਨਾ ਮਿਲੇ ?” '

ਉਦਿਆਨ ਚੁੱਪ ਕਰ ਰਿਹਾ, ਪਰ ਉਰਮਿਲਾ ਨੂੰ ਲੱਗਾ ਕਿ ਉਹ ਚਾਹੁੰਦਾ ਹੈ ਕਿ ਉਰਮਿਲਾ ਉਹ ਵੱਡੀ ਨੌਕਰੀ ਨਾ ਕਰੇ। ਉਸ ਨੇ ਕਿਹਾ, "ਕਿਉਂ ਤੈਨੂੰ ਇਹ ਨਹੀਂ ਲੱਗਦਾ ਕਿ ਵੱਡੀ ਨੌਕਰੀ ਮਿਲਣ ਨਾਲ ਸਾਨੂੰ ਸਹੂਲਤ ਹੋ ਜਾਵੇਗੀ ?"

ਉਦਿਆਨ ਬੋਲਿਆ, “ਮੈਨੂੰ ਨਹੀਂ ਪਤਾ। ਪਰ ਮੈਂ ਵੇਖ ਰਿਹਾ ਹਾਂ ਜਦੋਂ ਦੀ ਤੂੰ ਨੌਕਰੀ ਕਰਨ ਲੱਗੀ ਹੈਂ, ਕੁੱਝ ਬਦਲ ਜਿਹੀ ਗਈ ਹੈਂ।”

"ਇਹ ਤੇ ਸੁਭਾਵਿਕ ਹੈ,” ਉਰਮਿਲਾ ਨੇ ਕਿਹਾ, "ਹੁਣ ਮੇਰੀ ਇਕ ਵੱਖਰੀ ਪਛਾਣ ਹੈ। ਹੁਣ ਮੈਂ ਕਿਸੇ ਦੇ ਸਹਾਰੇ ਉੱਤੇ ਨਿਰਭਰ ਨਹੀਂ ਹਾਂ।”

“ਕੀ ਤੂੰ ਸੋਚਦੀ ਹੈਂ ਕਿ ਸ਼ਾਦੀ ਤੋਂ ਪਿੱਛੋਂ ਤੂੰ ਆਪਣੀ ਪਛਾਣ ਗਵਾ ਲਵੇਂਗੀ ?”

"ਨਹੀਂ, ਪਰ ਨੌਕਰੀ ਛੱਡ ਕੇ, ਮੁੜ ਕਿਸੇ ਉੱਤੇ ਨਿਰਭਰ ਹੋ ਜਾਵਾਂਗੀ।"

"ਵਿਆਹ ਤੋਂ ਪਿੱਛੋਂ ਜੇ ਨੌਕਰੀ ਛੱਡਣੀ ਪਵੇ ?”

ਉਰਮਿਲਾ ਨੇ ਕਿਹਾ, “ਮੈਂ ਨੌਕਰੀ ਨਹੀਂ ਛੱਡਾਂਗੀ। ਚਾਹੇ ਕੁੱਝ ਵੀ ਹੋਵੇ।”

ਉਦਿਆਨ ਕੁੱਝ ਦੇਰ ਤਕ ਗੰਭੀਰ ਹੋ ਕੇ ਬੈਠਾ ਰਿਹਾ। ਫੇਰ ਕੁੱਝ ਕਹੇ ਬਿਨਾਂ ਚਲਾ ਗਿਆ। ਉਰਮਿਲਾ ਨੇ ਸੋਚਿਆ, "ਨਹੀਂ ਮੈਂ ਆਪਣੀ ਹੋਂਦ ਨਹੀਂ ਗਵਾਵਾਂਗੀ।"

ਉਸ ਨਵੇਂ ਪਦ ਲਈ ਅਰਜ਼ੀ ਦੇਣ ਵਾਲੇ ਦਿਨ ਤੋਂ ਹੀ ਉਰਮਿਲਾ ਲਈ ਕਈ ਮੁਸ਼ਕਲਾਂ ਖੜੀਆਂ ਹੋਣ ਲੱਗ ਪਈਆਂ। ਉਸ ਪਦ ਲਈ ਉਸ ਦੇ ਦਫ਼ਤਰ ਦੇ ਹੀ ਹੋਰ ਵੀ ਕਈ ਉਮੀਦਵਾਰ ਸਨ ਤੇ ਉਨ੍ਹਾਂ ਨੂੰ ਪਤਾ ਸੀ ਕਿ ਉਰਮਿਲਾ ਦੀ ਯੋਗਤਾ ਉਨ੍ਹਾਂ ਤੋਂ ਵਧੇਰੇ ਹੈ। ਇਸ ਬਾਰੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ, ਜਿਵੇਂ ਅਸੀਂ ਅਰਜ਼ੀ ਜ਼ਰੂਰ ਦਿੱਤੀ ਹੈ, ਪਰ ਨੌਕਰੀ ਤਾਂ ਤੁਹਾਨੂੰ ਹੀ ਮਿਲੇਗੀ। ਅੱਜ-ਕੱਲ੍ਹ ਔਰਤਾਂ ਨੂੰ ਹਰ ਥਾਂ ਉੱਤੇ ਪਹਿਲਾ ਅਧਿਕਾਰ ਮਿਲਦਾ ਹੈ। ਜਾਂ ਡਾਇਰੈਕਟਰ ਸਾਹਿਬ ਤੁਹਾਨੂੰ ਏਨਾ ਚਾਹੁੰਦੇ ਹਨ ਕਿ ਉਹ ਇਹ ਪਦ ਤੁਹਾਨੂੰ ਹੀ ਦਿਵਾਉਣਗੇ। ਇਨ੍ਹਾਂ ਸਾਰੀਆਂ ਗੱਲਾਂ ਵਿਚ ਜੋ ਮੂਲ ਵਿਅੰਗ ਸੀ ਉਹ ਇਹ ਕਿ ਜੇ ਉਸ ਨੂੰ ਨੌਕਰੀ ਮਿਲ ਜਾਂਦੀ ਹੈ ਤਾਂ ਉਹ ਔਰਤ ਹੋਣ ਕਰਕੇ ਹੀ। ਫੇਰ ਕੁੱਝ ਲੋਕਾਂ ਨੇ ਉਸ ਨੂੰ ਪਰੇਸ਼ਾਨ ਕਰਨਾ ਵੀ ਸ਼ੁਰੂ ਕਰ ਦਿੱਤਾ। ਉਸ ਦੇ ਬਾਰੇ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਉਡਾਉਣ ਲੱਗ ਪਏ। ਉਸ ਦੇ ਵਿਰੁੱਧ ਡਾਇਰੈਕਟਰ ਦੇ ਕੰਨ ਭਰਨ ਲੱਗ ਪਏ। ਉਰਮਿਲਾ ਸਮਝ ਗਈ ਕਿ ਔਰਤ ਜਦੋਂ ਤਕ ਨਿਉਂ ਕੇ ਰਹੇਗੀ ਉਦੋਂ ਤਕ ਠੀਕ ਹੈ ਪਰ ਜਦੋਂ ਉਹ ਆਦਮੀ ਨਾਲ ਬਰਾਬਰੀ ਕਰਨ ਲਗ ਪਏ ਜਾਂ ਉੱਪਰ ਉੱਠਣ ਲੱਗੇ ਤਾਂ ਕੋਈ ਵੀ ਇਹ ਗੱਲ ਨਹੀਂ ਸਹਿੰਦਾ।

ਇਹ ਸਾਰਾ ਕੁਝ ਵੇਖ ਕੇ ਉਰਮਿਲਾ ਖਿੱਝ ਗਈ, ਪਰ ਨਿਰਉਤਸਾਹਿਤ ਨਹੀਂ ਹੋਈ। ਉਹ ਇਸ ਪੁਰਸ਼-ਪ੍ਰਧਾਨ ਦੁਨੀਆਂ ਤੋਂ ਹੋਰ ਕੀ ਉਮੀਦ ਕਰ ਸਕਦੀ ਸੀ ? ਹਾਂ, ਉਹ

ਕਦੇ-ਕਦੇ ਉਦਿਆਨ ਦੇ ਸਲੂਕ ਤੋਂ ਪਰੇਸ਼ਾਨ ਹੋ ਜਾਂਦੀ। ਪਰ ਆਪਣੀ ਪੁਰਾਣੀ ਦੋਸਤੀ ਨੂੰ ਯਾਦ ਕਰ ਕੇ ਉਹ ਸੰਭਲ ਜਾਂਦੀ। ਫੇਰ ਸੋਚਦੀ ਕਿ ਇਸ ਵਾਰੀ ਉਦਿਆਨ ਨਾਲ ਮੁਲਾਕਾਤ ਹੋਏਗੀ ਤਾਂ ਸਾਰਾ ਕੁੱਝ ਸਮਝਾ ਦੇਵੇਗੀ। ਪਰ ਉਰਮਿਲਾ ਇਸ ਗੱਲ ਲਈ ਦ੍ਰਿੜ੍ਹ ਸੀ ਕਿ ਚਾਹੇ ਕੁੱਝ ਵੀ ਹੋ ਜਾਏ ਉਹ ਆਪਣੀ ਸੁਤੰਤਰ ਪਛਾਣ ਹੱਥੋਂ ਨਹੀਂ ਗਵਾਏਗੀ।

ਪਰ ਉਹ ਖ਼ਾਲੀ ਪਦਵੀ ਉਰਮਿਲਾ ਨੂੰ ਨਾ ਮਿਲੀ। ਡਾਇਰੈਕਟਰ ਨੇ ਉਸ ਨੂੰ ਬੁਲਾ ਕੇ ਬਹੁਤ ਅਫ਼ਸੋਸ ਕੀਤਾ ਤੇ ਕਿਹਾ, "ਇਹੋ ਜਿਹੀ ਪਦਵੀ ਲਈ ਬੰਦਾ ਰੱਖਣ ਵੇਲੇ ਕਈ ਤਰ੍ਹਾਂ ਦੇ ਦਬਾਅ ਆ ਪੈਂਦੇ ਨੇ। ਤੂੰ ਘਬਰਾਈਂ ਨਾ। ਪਦਵੀਆਂ ਹੋਰ ਬਥੇਰੀਆਂ।" ਦਫ਼ਤਰ ਦੇ ਸਹਿ-ਕਰਮੀਆਂ ਨੇ ਉਸ ਨਾਲ ਫੇਰ ਚੰਗਾ ਸਲੂਕ ਕਰਨਾ ਸ਼ੁਰੂ ਕਰ ਦਿੱਤਾ। ਪਰ ਉਰਮਿਲਾ ਦੇ ਦਿਲ ਵਿਚ ਇਕ ਅਫ਼ਸੋਸ ਬੈਠ ਗਿਆ। ਜਦੋਂ ਉਸ ਨੇ ਨੌਕਰੀ ਨਾ ਮਿਲਣ ਦੀ ਗੱਲ ਉਦਿਆਨ ਨੂੰ ਦੱਸੀ; ਉਸ ਨੂੰ ਲੱਗਾ ਜਿਵੇਂ ਉਦਿਆਨ ਇਹ ਗੱਲ ਸੁਣ ਕੇ ਖ਼ੁਸ਼ ਹੋਇਆ ਹੋਵੇ। ਇਹ ਗੱਲ ਵੀ ਉਰਮਿਲਾ ਨੂੰ ਚੰਗੀ ਨਾ ਲੱਗੀ। ਉਸ ਨੇ ਘਰ ਬੈਠ ਕੇ ਕਾਫ਼ੀ ਸੋਚਿਆ। ਕੀ ਮੈਂ ਨੌਕਰੀ ਛੱਡ ਕੇ, ਵਿਆਹ ਕਰਾ ਕੇ, ਬੱਚੇ ਪੈਦਾ ਕਰਾਂ ਤੇ ਘਰੇਲੂ ਔਰਤ ਬਣ ਜਾਵਾਂ ? ਜਾਂ ਫੇਰ ਤੋਂ ਨਵੀਂ ਨੌਕਰੀ ਲਈ ਕੋਸ਼ਿਸ਼ ਕਰਾਂ ? ਕੀ ਉਦਿਆਨ ਉਸ ਨੂੰ ਸੱਚੀ ਮੁੱਚੀ ਚਾਹੁੰਦਾ ਹੈ ? ਜੇ ਚਾਹੁੰਦਾ ਹੈ ਤਾਂ ਉਹ ਮੇਰੀ ਇੱਛਾ, ਮੇਰੀ ਮਰਜ਼ੀ, ਮੇਰੇ ਉਦੇਸ਼ ਤੇ ਮੇਰੀ ਉੱਚੇ ਉੱਠਣ ਦੀ ਚਾਹ ਤੋਂ ਬੇਮੁਖ ਕਿਉਂ ਹੈ ? ਉਹ ਕਿਸ ਨੂੰ ਦੱਸੇ ਇਹ ਸਾਰੀ ਵਿਥਿਆ ? ਮਾਂ-ਪਿਉਂ ? ਜਾਂ ਆਪਣੇ ਦਫ਼ਤਰ ਦੇ ਸ਼ੁਭਚਿੰਤਕ ਡਾਇਰੈਕਟਰ ਨੂੰ ?

ਏਸ ਬਾਰੇ ਉਹ ਜਿੰਨਾ ਸੋਚਦੀ, ਓਨਾ ਹੀ ਉਹ ਵੱਧ ਉਦਾਸ ਹੁੰਦੀ। ਛੋਟੀਆਂ ਛੋਟੀਆਂ ਗੱਲਾਂ ਉਸ ਨੂੰ ਫੇਰ ਪਰੇਸ਼ਾਨ ਕਰਨ ਲੱਗ ਪਈਆਂ। ਬੱਸ ਵਿਚ ਕੋਈ ਉਸ ਨਾਲ ਛੂਹ ਜਾਂਦੀ ਤਾਂ ਉਹ ਖਿੱਝ ਜਾਂਦੀ ਅਤੇ ਸੜਕ ਦੇ ਕਿਨਾਰੇ ਅਸ਼ਲੀਲ ਹਰਕਤਾਂ ਕਰਨ ਵਾਲੇ ਲੋਕਾਂ ਨੂੰ ਮੁੜ ਕੇ ਵੇਖਦੀ। ਦਫ਼ਤਰ ਵਿਚ ਕਿਸੇ ਨਾਲ ਸਿੱਧੇ ਮੂੰਹ ਗੱਲ ਨਹੀਂ ਸੀ ਕਰਦੀ ਤੇ ਲੰਚ ਦੇ ਪਿੱਛੋਂ ਕੋਈ ਸਹਿਕਰਮੀ ਉਸ ਨੂੰ ਚਾਹ ਪੀਣ ਲਈ ਬੁਲਾਉਂਦਾ ਤਾਂ ਸਾਫ਼ ਹੀ ਨਾਂਹ ਕਰ ਦੇਂਦੀ। ਉਸ ਦੀ ਬਦਨਸੀਬੀ ਸੀ ਕਿ ਇਸ ਦੌਰਾਨ ਕਾਫ਼ੀ ਦਿਨਾਂ ਤੋਂ ਉਦਿਆਨ ਦਾ ਕੋਈ ਖ਼ਤ ਨਹੀਂ ਸੀ ਆਇਆ। ਇਸ ਨਾਲ ਉਹ ਹੋਰ ਵੀ ਉਦਾਸ ਹੋ ਗਈ ਸੀ। ਹੁਣ ਉਹ ਡਾਇਰੈਕਟਰ ਨਾਲ ਵੀ ਠੀਕ ਤਰ੍ਹਾਂ ਗੱਲ ਨਹੀਂ ਸੀ ਕਰਦੀ ਜਦੋਂ ਉਹ ਉਸ ਨੂੰ ਆਦਰ ਨਾਲ ਕੁੱਝ ਕਹਿੰਦਾ ਤਾਂ ਵੀ ਉਹ ਉੱਖੜੇ ਜਵਾਬ ਦੇਂਦੀ। ਕਿਸੇ ਉਦਾਸੇ ਪਲ ਵਿਚ ਉਸ ਨੇ

ਦਫ਼ਤਰ ਬੈਠਿਆਂ ਆਪਣਾ ਤਿਆਗ-ਪੱਤਰ ਲਿਖਿਆ ਤੇ ਫੇਰ ਉਦਿਆਨ ਨੂੰ ਲਿਖਿਆ ਕਿ ਮੈਂ ਨੌਕਰੀ ਛੱਡ ਦੇਵਾਂਗੀ ਤੇ ਜਿਸ ਦਿਨ ਤੂੰ ਕਹੇਂਗਾ ਵਿਆਹ ਕਰ ਲਵਾਂਗੀ।

ਦੋਵੇਂ ਪੱਤਰ ਲਿਖਣ ਪਿੱਛੋਂ ਉਸ ਨੂੰ ਕਾਫ਼ੀ ਤਸੱਲੀ ਹੋਈ, ਜਿਵੇਂ ਉਸ ਦੀ ਲੰਮੀ ਚੱਲ ਰਹੀ ਲੜਾਈ ਮੁੱਕ ਗਈ ਹੋਵੇ। ਉਹ ਦੋਵੇਂ ਪੱਤਰ ਹੱਥ ਵਿਚ ਲੈ ਕੇ ਖੜੀ ਹੋ ਗਈ, ਚਾਰੇ ਪਾਸੇ ਵੇਖਿਆ ਤੇ ਬਿਨਾਂ ਕਿਸੇ ਵੱਲ ਧਿਆਨ ਦਿੱਤਿਆਂ ਬੋਲੀ, “ਬਾਸਰਟਰਡਸ।” ਇਸ ਤੋਂ ਪਿੱਛੋਂ ਉਹ ਡਾਇਰੈਕਟਰ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਗਈ। ਉਸ ਵੇਲੇ ਵੇਖ ਕੇ ਉਹ ਬੋਲਿਆ, ਬੈਠੋ, ਬੱਸ ਇੱਕ ਮਿੰਟ, ਜ਼ਰਾ ਇਹ ਫਾਈਲ ਨਿਪਟਾ ਲਵਾਂ।" ਸਾਹਮਣੇ ਕੁਰਸੀ ਉੱਤੇ ਬੈਠੀ ਉਰਮਿਲ ਆਪਣੇ ਬਾਰੇ ਸੋਚਣ ਲੱਗ ਪਈ। ਬਥੇਰੀ ਹੋ ਗਈ ਹੁਣ ਹੋਰ ਬੱਸ। ਉਹ ਪੁਰਾਣੀਆਂ ਗੱਲਾਂ ਚੇਤੇ ਕਰਨ ਲੱਗ ਪਈ ਕਾਲਜ ਤੇ ਬੇਬਾਕ ਦਿਨ, ਰਸਤੇ ਦੇ ਕੌੜੇ ਅਨੁਭਵ, ਇੰਟਰਵਿਊ ਦੇ ਅਨਿਸਚਿਤ ਪਲ, ਸਾਥੀਆਂ ਦੀ ਈਰਖਾ, ਉਦਿਆਨ ਦੀ ਬੇਸਬਰੀ, ਆਪਣੇ ਆਪੇ ਦੀ ਸੁਤੰਤਰ ਪਛਾਣ। ਨਹੀਂ ਉਹ ਆਪਣੀ ਜ਼ਿੰਦਗੀ ਉਦੇਸ਼ਹੀਨ ਬਣ ਕੇ ਇੰਜ ਨਹੀਂ ਟੁੱਟਣ ਦੇਵੇਗੀ। ਉਹ ਆਪਣੇ ਟੀਚੇ ਨੂੰ ਆਪਣੀ ਮੁੱਠੀ ਵਿਚ ਬੰਦ ਰੱਖੇਗੀ। ਉਹ ਆਪਣੀ ਜ਼ਿੰਦਗੀ ਨਾਲ ਕਿਸੇ ਨੂੰ ਖੇਡਣ ਨਹੀਂ ਦੇਵੇਗੀ, ਉਹ ਜਿਵੇਂ ਚਾਹੇਗੀ ਆਪਣੀ ਜ਼ਿੰਦਗੀ ਬਿਤਾਏਗੀ।

ਡਾਇਰੈਕਟਰ ਨੇ ਫ਼ਾਈਲ ਬੰਦ ਕਰਕੇ ਸਿਰ ਉੱਪਰ ਚੁੱਕਿਆ ਤੇ ਉਰਮਿਲਾ ਵੱਲ ਵੇਖ ਕੇ ਬੋਲਿਆ, "ਹਾਂ...."

ਉਰਮਿਲਾ ਨੇ ਉਸ ਦਾ ਚਿੰਤਾਤੁਰ ਚਿਹਰਾ ਹਮਦਰਦੀ ਨਾਲ ਵੇਖਿਆ ਤਾਂ ਉਸ ਨੂੰ ਹਾਸਾ ਆ ਗਿਆ। ਕੁੱਝ ਦੇਰ ਚੁੱਪ ਰਹਿ ਕੇ ਉਸ ਦੀਆਂ ਅੱਖਾਂ ਵਿਚ ਸਿੱਧਾ ਵੇਖਦਿਆਂ ਸਥਿਰ ਅਵਾਜ਼ ਵਿਚ ਪੁੱਛਿਆ, “ਤੁਸੀਂ ਅੱਜ ਸ਼ਾਮੀਂ ਫ੍ਰੀ ਹੋ ?

******

# ਐਸ਼ਵਰਜ

ਅੱਜਕਲ ਮਾਸਟਰ ਜੀ ਨੇ ਆਪਣੇ ਪੁੱਤਰ ਨਾਲ ਸਿੱਧੀ ਗੱਲ ਕਰਨੀ ਛੱਡੀ ਹੋਈ ਸੀ, ਇਸ ਲਈ ਉਨ੍ਹਾਂ ਨੇ ਆਪਣੀ ਪਤਨੀ ਨੂੰ ਪੁੱਛਿਆ, "ਉਹ ਕਲੰਕੀ ਹੁਣ ਤੱਕ ਜਾਗਿਐ ਕਿ ਨਹੀਂ ? ਭਾਵੇਂ ਜਾਗ ਚੁੱਕਿਆ ਸੀ ਪਰ ਬਿਸਤਰੇ ਉੱਤੇ ਪਿਆ ਪਲਸੇਟੇ ਮਾਰ ਰਿਹਾ ਸੀ। ਉਸ ਨੇ ਆਪਣੇ ਪਿਤਾ ਦੀ ਗੱਲ ਦਾ ਮੂੰਹ-ਤੋੜ ਜਵਾਬ ਦੇਣਾ ਚਾਹਿਆ, ਪਰ ਚੁੱਪ ਰਿਹਾ। ਮਾਸਟਰ ਜੀ ਦੀ ਪਤਨੀ ਬੋਲੀ, "ਸਵੇਰੇ ਸਵੇਰੇ ਕਿਉਂ ਉਸ ਦੇ ਪਿੱਛੇ ਪੈ ਗਏ ਓ ? ਅੱਜ ਉਸ ਨੇ ਨਵੀਂ ਨੋਕਰੀ ਉੱਤੇ ਜਾ ਕੇ ਲੱਗਣੈਂ। ਵਿਚਾਰੇ ਨੂੰ ਠੰਢੇ ਦਿਮਾਗ਼ ਨਾਲ ਜਾਣ ਦਿਓ | ਸਗੋਂ ਉਸ ਦੇ ਨਮਿੱਤ ਕੁੱਝ ਪੂਜਾ-ਪਾਠ ਕਰ ਛੱਡਣਾ ਸੀ।"

ਹਾਲੇ ਸਵੇਰ ਦੇ ਅੱਠ ਹੀ ਵੱਜੇ ਸਨ ਪਰ ਬੇਟੇ ਨੂੰ ਸੁਣਾ ਕੇ ਮਾਸਟਰ ਜੀ ਨੇ ਕਿਹਾ, "ਸਵੇਰ ਦੇ 10 ਵੱਜ ਗਏ ਨੇ, ਵਕਤ ਸਿਰ ਦਫ਼ਤਰ ਨਹੀਂ ਪਹੁੰਚਿਆ ਤਾਂ ਨੌਕਰੀ ਉੱਤੇ ਕੌਣ ਰੱਖੇਗਾ ? ਸਾਲੇ ਦਸਾਂ ਬੰਦਿਆਂ ਦੀਆਂ ਲੇਲ੍ਹੜੀਆਂ ਕੱਢੀਆਂ ਤਾਂ ਕਿਤੇ ਜਾ ਕੇ ਇਹ ਨੌਕਰੀ ਮਿਲੀ, ਪਰ ਦੇਖੋ ਲਾਟ ਸਾਹਿਬ ਦਸ ਵਜੇ ਤਕ ਸੁੱਤੇ ਪਏ ਨੇ।" ਮਾਸਟਰ ਜੀ ਦੀ ਪਤਨੀ ਫੇਰ ਬੋਲੀ, "ਠੀਕ ਐ ਪਰ ਹੁਣ ਆਪਣਾ ਮੂੰਹ ਬੰਦ ਈ ਰੱਖੋ। ਮੈਂ ਉਸ ਨੂੰ ਜਗ੍ਹਾ ਦੇਨੀ ਆਂ। ਤੁਸੀਂ ਜਾ ਕੇ ਪੂਜਾ ਕਰ ਲਓ। ਆਖ਼ਰ ਨੌਕਰੀ ਦਾ ਪਹਿਲਾ ਦਿਨ ਜੁ ਹੋਇਆ।"

ਪਰ ਮਾਸਟਰ ਜੀ ਦਾ ਗੁੱਸਾ ਠੰਢਾ ਨਾ ਹੋਇਆ। ਬੋਲੇ, “ਵੇਖੀਏ, ਨੌਕਰੀ ਕਿੰਨੇ ਦਿਨ ਰਹਿੰਦੀ ਹੈ। ਨੌਕਰੀ ਕੋਈ ਘਰ ਬੈਠ ਕੇ ਰੋਟੀਆਂ ਪਾੜਨ ਦਾ ਨਾਂ ਨਹੀਂ ਹੈ। ਸਰਕਾਰੀ ਮਾਮਲਾ ਹੈ ਇਹ ਨੌਕਰੀ ਹੱਥੋਂ ਨਿਕਲ ਗਈ ਤਾਂ ਜ਼ਿੰਦਗੀ ਭਰ ਹੋਰ ਨੌਕਰੀ ਨਹੀਂ ਮਿਲਣੀ।” ਰਸੋਈ ਵਿਚ ਜਾਂਦਿਆਂ ਮਾਸਟਰ ਜੀ ਦੀ ਪਤਨੀ ਨੇ ਕਿਹਾ, “ਕੀ ਜ਼ਿੰਦਗੀ ਭਰ ਇਹੀ ਨੌਕਰੀ ਕਰਦਾ ਰਹੇਗਾ ? ਅੱਗੇ ਜਾ ਕੇ ਕੋਈ ਦੂਜੀ ਨੌਕਰੀ ਵੀ ਤਾਂ ਮਿਲੇਗੀ ਹੀ।’

ਇਹ ਗੱਲ ਸੁਣ ਕੇ ਮਾਸਟਰ ਜੀ ਗੁੱਸੇ ਵਿਚ ਭੜਕ ਉੱਠੇ। ਕਿਹਾ, "ਏਨੀ ਕਾਬਲੀਅਤ ਨਾਲ ਹੋਰ ਉਸ ਨੂੰ ਕਲੈਕਟਰ ਦੀ ਨੌਕਰੀ ਮਿਲੇਗੀ ? ਦੋ ਵਾਰੀਆਂ ਵਿਚ ਉਸ

ਨੇ ਮੈਟਰਿਕ ਕੀਤੀ ਐ ਤੇ ਇੰਟਰਮੀਡੀਏਟ ਕਰ ਹੀ ਨਹੀਂ ਸਕਿਆ। ਹੋਰ ਉਸ ਨੂੰ ਕਿਹੜੀ ਨੌਕਰੀ ਮਿਲੇਗੀ ? ਇਸੇ ਨੌਕਰੀ ਨੂੰ ਸੰਭਾਲ ਲਏ ਤਾਂ ਵੀ ਬੜੀ ਵੱਡੀ ਗੱਲ ਹੋਵੇਗੀ।" ਇਹ ਕਹਿ ਕੇ ਬਰਾਂਡੇ ਦੀ ਇਕ ਨੁੱਕਰ ਵਿਚ ਟੰਗੇ ਕੈਲੈਂਡਰ ਵੱਲ ਵੇਖਦਿਆਂ ਮਾਸਟਰ ਜੀ, ਪੂਜਾ ਕਰਨ ਚਲੇ ਗਏ। ਪਰ ਅੱਜ ਉਨ੍ਹਾਂ ਦਾ ਮਨ ਪੂਜਾ ਵਿਚ ਨਹੀਂ ਸੀ ਲੱਗ ਰਿਹਾ। ਅੱਖਾਂ ਬੰਦ ਕਰ ਕੇ ਬੈਠ-ਬੈਠੇ ਨਿਤਯਾਨੰਦ ਦੇ ਬਚਪਨ ਬਾਰੇ ਸੋਚਣ ਲੱਗ ਪਏ। ਉਦੋਂ ਤੱਕ ਉਨਾਂ ਦੇ ਹੋਰ ਕੋਈ ਬੱਚਾ ਨਹੀਂ ਸੀ। ਪਤਨੀ ਉਸ ਵੇਲੇ ਸੁੰਦਰ ਤੇ ਸਿਹਤਮੰਦ ਸੀ ਅਤੇ ਗੱਲ ਗੱਲ ਉੱਤੇ ਚਿੜਦੀ ਨਹੀਂ ਸੀ। ਮਾਸਟਰ ਜੀ ਨੂੰ ਵੇਲਾ ਅਸੀਮ ਸੁੱਖ-ਸ਼ਾਂਤੀ ਤੇ ਆਰਾਮ ਵਾਲਾ ਲੱਗਦਾ ਸੀ। ਭਾਵੇਂ ਸਕੂਲ ਦੀ ਤਨਖ਼ਾਹ ਘੱਟ ਸੀ, ਪਰ ਮਹਿੰਗਾਈ ਘੱਟ ਸੀ ਤੇ ਪਰਿਵਾਰ ਵੀ ਛੋਟਾ ਸੀ।

ਹੁਣ ਮਾਸਟਰ ਜੀ ਨੂੰ ਬੀਤੇ ਦਿਨਾਂ ਦੀਆਂ ਗੱਲਾਂ ਯਾਦ ਆਉਣ ਲੱਗੀਆਂ। ਜਿਸ ਦਿਨ ਨਿਤਯਾਨੰਦ ਪਹਿਲੇ ਦਿਨ ਸਕੂਲ ਗਿਆ ਤਾਂ ਕਿੰਨਾ ਰੋਂਦਾ ਸੀ। ਬਚਪਨ ਵਿਚ ਪੜ੍ਹਾਈ ਵਿਚ ਕਿੰਨਾ ਤੇਜ਼ ਹੁੰਦਾ ਸੀ। ਨਿਤਯਾਨੰਦ ਸਾਰਾ ਵਕਤ ਉਨ੍ਹਾਂ ਨਾਲ ਹੀ ਰਹਿੰਦਾ ਸੀ। ਹਰ ਵੇਲੇ ਉਨ੍ਹਾਂ ਦੇ ਪਿੱਛੇ ਲੱਗਾ ਰਹਿੰਦਾ ਅਤੇ ਸਕੂਲ ਦੀ ਪੜ੍ਹਾਈ ਬਾਰੇ ਪੁੱਛਾਂ ਪੁੱਛਦਾ ਤੇ ਉਨ੍ਹਾਂ ਦੀ ਸਕੂਲੋਂ ਪਰਤਣ ਦੀ ਉਡੀਕ ਕਰਦਾ। ਉਨ੍ਹਾਂ ਨਾਲ ਬਜ਼ਾਰ ਜਾਂਦਾ ਅਤੇ ਸਕੂਲੋਂ ਆ ਕੇ ਆਪਣੇ ਦੋਸਤਾਂ ਦੀਆਂ ਗੱਲਾਂ ਸੁਣਾਉਂਦਾ।

ਵੱਡੀ ਕਲਾਸ ਦੇ ਦੋਸਤਾਂ ਦੀ ਸੰਗਤ ਨੇ ਉਸ ਨੂੰ ਬਰਬਾਦ ਕਰ ਦਿੱਤਾ ਸੀ। ਮਾਸਟਰ ਜੀ ਨੇ ਸੋਚਿਆ। ਪਰਿਵਾਰ ਵਿਚ ਚਾਰ ਲੜਕੇ ਲੜਕੀਆਂ ਦਾ ਹੋਰ ਵਾਧਾ ਹੋ ਗਿਆ। ਮਹਿੰਗਾਈ ਕਰਕੇ ਗੁਜ਼ਾਰਾ ਔਖਾ ਹੁੰਦਾ ਗਿਆ। ਫੇਰ ਉਨ੍ਹਾਂ ਨੂੰ ਗੁੱਸਾ ਆਉਣਾ ਸ਼ੁਰੂ ਹੋ ਗਿਆ। ਉਨ੍ਹਾਂ ਦੀ ਪਤਨੀ ਜੋ ਹਮੇਸ਼ਾ ਚੁੱਪ ਰਹਿੰਦੀ ਸੀ, ਹਰ ਗੱਲ ਦਾ ਜਵਾਬ ਦੇਣ ਲੱਗ ਪਈ। ਨਿਤਯਾਨੰਦ ਦੀਆਂ ਆਦਤਾਂ ਵਿਗੜਨ ਲੱਗ ਪਈਆਂ। ਭੈੜੀ ਸੰਗਤ ਵਿਚ ਪੈਣ ਕਰਕੇ ਉਹ ਦੇਰ ਨਾਲ ਘਰ ਆਉਣ ਲੱਗਾ। ਕਦੇ ਕਦੇ ਸਕੂਲ ਜਾਣ ਦੀ ਥਾਂ ਤੇ ਬਾਹਰ ਹੀ ਘੁੰਮਦਾ ਰਹਿੰਦਾ ਤੇ ਅਖ਼ੀਰ -ਮੈਟਰਿਕ ਵਿਚ ਫ਼ੇਲ ਹੋ ਗਿਆ।

ਨਿਤਯਾਨੰਦ ਨੂੰ ਮੈਟਰਿਕ ਵਿੱਚੋਂ ਫੇਲ੍ਹ ਹੋ ਜਾਣ ਦਾ ਕੋਈ ਅਫ਼ਸੋਸ ਨਹੀਂ ਸੀ। ਮਾਸਟਰ ਜੀ ਨੇ ਗੁੱਸੇ ਵਿਚ ਉਸ ਨੂੰ ਬੁਲਾ ਕੇ ਫ਼ੇਲ੍ਹ ਹੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਹੋਰ ਕੀ ਹੋਣਾ ਸੀ ? ਮੇਰੇ ਕੋਲ ਤੇ ਕਿਤਾਬਾਂ ਹੀ ਨਹੀਂ ਸਨ ਪੜ੍ਹਨ ਲਈ।" ਇਹ ਸੁਣ ਕੇ ਮਾਸਟਰ ਜੀ ਦਾ ਗੁੱਸਾ ਸਾਰੇ ਹੱਦ ਬੰਨ੍ਹੇ ਪਾਰ ਕਰ ਗਿਆ। ਬੋਲੇ, "ਕਿਹੜੀਆਂ

ਕਿਤਾਬਾਂ ? ਮੈਨੂੰ ਕਦੇ ਕਿਹਾ ਸੀ ਤੂੰ?” ਨਿਤਯਾਨੰਦ ਨੇ ਕਿਹਾ, "ਹਰ ਮਹੀਨੇ ਸਕੂਲ ਦੀ ਫ਼ੀਸ ਲੈਣ ਵੇਲੇ ਤਾਂ ਕਈ ਗੱਲਾਂ ਸੁਣਨੀਆਂ ਪੈਂਦੀਆਂ ਸਨ। ਇੱਕ ਨਵੀਂ ਕਮੀਜ਼ ਤਾਂ ਲੈ ਕੇ ਦੇ ਨਹੀਂ ਸਕੇ ਤੇ ਕਿਤਾਬਾਂ ਕਿੱਥੋਂ ਖ਼ਰੀਦ ਦੇਂਦੇ ?" ਪੰਡਿਤ ਜੀ ਨੇ ਕਿਹਾ, "ਮੈਂ ਕਿਤਾਬਾਂ ਲੈਣ ਤੋਂ ਕਦੇ ਵੀ ਨਹੀਂ ਰੋਕਿਆ। ਕੀ ਤੁਹਾਨੂੰ ਕੱਪੜੇ ਲੈ ਕੇ ਨਹੀਂ ਦੇਂਦੇ ? ਸਾਰਿਆਂ ਨੂੰ ਜੋ ਕੁੱਝ ਮਿਲਦੇ ਤੈਨੂੰ ਉਸ ਤੋਂ ਘੱਟ ਮਿਲਦੇ ?” ਨਿਤਯਾਨੰਦ ਨੇ ਕਿਹਾ, "ਜੇ ਸੰਭਾਲ ਨਹੀਂ ਸਕਦੇ ਤਾਂ ਏਨਾ ਵੱਡਾ ਪਰਿਵਾਰ ਕਿਉਂ ਬਣਾਇਆ ?"

ਇਸ ਗੱਲ ਨੇ ਮਾਸਟਰ ਜੀ ਉਤੇ ਬੜਾ ਬੁਰਾ ਅਸਰ ਪਾਇਆ ਤੇ ਉਸ ਦਿਨ ਤੋਂ ਹੀ ਬੇਟੇ ਨਾਲ ਹੌਲੀ-ਹੌਲੀ ਗੱਲ-ਬਾਤ ਬੰਦ ਹੁੰਦੀ ਗਈ ਤੇ ਉਹ ਜੋ ਵੀ ਉਸ ਨੂੰ ਕਹਿਣਾ ਚਾਹੁੰਦੇ ਆਪਣੀ ਪਤਨੀ ਰਾਹੀਂ ਹੀ ਕਹਿੰਦੇ। ਭਾਵੇਂ ਦੁਬਾਰਾ ਇਮਤਿਹਾਨ ਦੇ ਕੇ ਨਿਤਯਾਨੰਦ ਪਾਸ ਹੋ ਗਿਆ ਸੀ ਪਰ ਉਸ ਦਾ ਮਨ ਪੜ੍ਹਾਈ ਵਿਚ ਨਹੀਂ ਸੀ ਲੱਗਦਾ। ਕਾਲਜ ਜਾਣ ਦੀ ਥਾਂ ਸਾਰਾ ਦਿਨ ਇੱਧਰ ਓਧਰ ਘੁੰਮਦਾ ਫਿਰਦਾ ਅਤੇ ਸ਼ਾਮੀਂ ਦੇਰ ਨਾਲ ਘਰ ਪਰਤਦਾ। ਮਾਂ ਨੂੰ ਕਹਿੰਦਾ ਕਿ ਉਹ ਨੌਕਰੀ ਲੱਭਣ ਜਾਂਦਾ ਸੀ। ਵਿਚ ਵਿਚ ਜਦੋਂ ਵੀ ਉਸ ਨੂੰ ਕੋਈ ਛੋਟਾ ਮੋਟਾ ਕੰਮ ਮਿਲਦਾ, ਉਸ ਦੇ ਪੈਸਿਆਂ ਨਾਲ ਉਹ ਸਿਗਰਟਾਂ ਤੇ ਕੱਪੜੇ ਖਰੀਦ ਲੈਂਦਾ ਸੀ। ਮਾਸਟਰ ਜੀ ਨੂੰ ਡਰ ਸੀ ਕਿ ਉਸ ਕਰਕੇ ਕਿਤੇ ਉਨ੍ਹਾਂ ਦੇ ਬਾਕੀ ਦੋਵੇਂ ਮੰਡੇ ਵੀ ਵਿਗੜ ਨਾ ਜਾਣ।

ਇਕ ਦਿਨ ਰੋਟੀ ਖਾਂਦਿਆਂ ਮਾਸਟਰ ਜੀ ਨੇ ਆਪਣੀ ਪਤਨੀ ਨੂੰ ਕਿਹਾ, “ਆਪਣੇ ਲਾਡਲੇ ਨੂੰ ਕਹਿ ਕਿ ਜੇ ਘਰ ਰਹਿਣਾ ਹੈ ਤਾਂ ਮੇਰੀ ਗੱਲ ਮੰਨ ਕੇ ਚੱਲੇ।" ਪਤਨੀ ਨੇ ਆਪਣੀ ਥਾਲੀ ਜ਼ੋਰ ਦੀ ਥੱਲੇ ਪਟਕਾਉਂਦਿਆਂ ਕਿਹਾ, "ਬਚਪਨ ਵਿਚ ਤੁਸੀਂ ਉਸ ਨੂੰ ਕਦੇ ਕੁੱਝ ਨਹੀਂ ਕਿਹਾ ਤੇ ਵਿਗਾੜ ਦਿੱਤਾ। ਹੁਣ ਕਹਿੰਦੇ ਓ ਲਾਡਲਾ ਤੇਰਾ ਹੈ। ਜੋ ਕੁੱਝ ਵੀ ਕਹਿਣਾ ਹੈ ਸਿੱਧੇ ਉਸੇ ਨੂੰ ਕਿਹਾ ਕਰੋ। ਮੈਂ ਦੂਤ ਦਾ ਕੰਮ ਹੋਰ ਨਹੀਂ ਕਰ ਸਕਦੀ। "ਉਸ ਦੀ ਗੱਲ ਅਣਸੁਣੀ ਕਰਦਿਆਂ ਮਾਸਟਰ ਜੀ ਨੇ ਕਿਹਾ, "ਉਸ ਦਾ ਖਾਣਾ-ਪੀਣਾ ਬੰਦ ਕਰ ਦੇ।” ਪਤਨੀ ਨੇ ਕਿਹਾ, “ਉਹ ਘਰ ਖਾਂਦਾ ਹੀ ਨਹੀਂ। ਪਤਾ ਨਹੀਂ ਕਿੱਥੇ ਖਾਂਦਾ ਹੈ ? ਚਾਰ ਦਿਨਾਂ ਤੋਂ ਤਾਂ ਘਰ ਸਿਰਫ਼ ਸੌਣ ਲਈ ਆਉਂਦੈ।” ਕਿੱਥੇ ਖਾਂਦੈ ? “ਮਾਸਟਰ ਜੀ ਨੇ ਘਬਰਾ ਕੇ ਪੁੱਛਿਆ, ਪਤਨੀ ਨੇ ਕਿਹਾ, “ਮੈਨੂੰ ਕੀ ਪਤੈ। ਉਸ ਨੂੰ ਪੁੱਛੋ।”

ਇਸ ਤਰ੍ਹਾਂ ਪਤਨੀ ਨਾਲ ਹਰ ਗੱਲ ਝਗੜੇ ਦਾ ਰੂਪ ਧਾਰਨ ਕਰਨ ਲੱਗ ਪਈ ਸੀ ਤੇ ਪਤਨੀ ਉਨ੍ਹਾਂ ਪਾਸੋਂ ਉੱਠ ਕੇ ਚਲੀ ਜਾਂਦੀ ਪਰ ਅੱਜ ਬੇਟਾ ਪਹਿਲੀ ਵਾਰੀ ਦਫ਼ਤਰ ਜਾ ਰਿਹਾ ਸੀ, ਇਸ ਕਰਕੇ ਪਤਨੀ ਨੇ ਬੜੇ ਔਖੇ ਹੋ ਕੇ ਆਪਣਾ ਮਨ ਠੀਕ ਕੀਤਾ। ਪੂਜਾ ਕਰਦਿਆਂ ਮਾਸਟਰ ਜੀ ਨੇ ਸੋਚਿਆ ਕਿ ਸਵੇਰੇ ਜੋ ਕੁੱਝ ਵੀ ਹੋਇਆ, ਹੋ ਗਿਆ, ਹੁਣ ਉਹ ਆਪਣਾ ਗੁੱਸਾ ਕਾਬੂ ਵਿਚ ਰੱਖਣਗੇ ਤਾਂ ਜੋ ਬੇਟਾ ਖੁਸ਼ੀ-ਖੁਸ਼ੀ ਦਫ਼ਤਰ ਜਾ ਸਕੇ। ਪੂਜਾ ਕਰ ਕੇ ਕੁੱਝ ਫੁੱਲ ਉਨ੍ਹਾਂ ਨੇ ਪਤਨੀ ਦੇ ਹੱਥ ਦਿੱਤੇ ਤੇ ਨਰਮੀ ਨਾਲ ਪੁੱਛਿਆ, "ਕੀ ਉਹ ਜਾਗ ਗਿਐ ?" ਇਸ ਵਾਰੀ ਪਤਨੀ ਨੇ ਕੁੱਝ ਗੁੱਸੇ ਨਾਲ ਨਾਸ਼ਤੇ ਦੀ ਪਲੇਟ ਉਨ੍ਹਾਂ ਦੇ ਹੱਥ ਫੜਾਉਂਦਿਆਂ ਬੋਲੀ, "ਤੁਸੀਂ ਆਪਣੀ ਟਿਊਸ਼ਨ ਪੜ੍ਹਾਉਣ ਜਾਓ। ਉਹ ਠੀਕ ਵਕਤ ਉੱਤੇ ਦਫ਼ਤਰ ਕਿਵੇਂ ਪਹੁੰਚੇਗਾ, ਇਹ ਮੇਰੇ ਤੇ ਛੱਡ ਦਿਓ।" ਨਾਸ਼ਤੇ ਵਾਲੀ ਪਲੇਟ ਵਾਪਸ ਕਰਦਿਆਂ ਉਨ੍ਹਾਂ ਨੇ ਕਿਹਾ, "ਨਹੀਂ, ਅੱਜ ਮੈਨੂੰ ਭੁੱਖ ਨਹੀਂ ਹੈ।"

ਉਸ ਵੇਲੇ ਬਾਹਰ ਮੋਟਰ ਸਾਈਕਲ ਤੋਂ ਉਤਰਦੇ ਹੋਏ ਕਿਸੇ ਨੇ ਨਿਤਯਾਨੰਦ ਨੂੰ ਅਵਾਜ਼ ਦਿੱਤੀ। ਨਿਤਯਾਨੰਦ ਫ਼ਟਾਫ਼ਟ ਛਾਲ ਮਾਰ ਕੇ ਉੱਠਿਆ ਤੇ ਬਾਹਰ ਚਲਾ ਗਿਆ। ਮਾਸਟਰ ਜੀ ਨੇ ਪਤਨੀ ਨੂੰ ਸੁਣਾ ਕੇ ਕਿਹਾ, "ਇਨ੍ਹਾਂ ਸਾਲਿਆਂ ਦੀ ਸੰਗਤ ਵਿਚ ਪੈ ਕੇ ਹੀ ਸਾਡਾ ਨਿਤਯਾਨੰਦ ਵਿਗੜ ਗਿਐ। "ਪਤਨੀ ਨੇ ਕਿਹਾ," ਅੱਛਾ ਤੁਸੀਂ ਜਾਓ। ਕੀ ਸੱਚੀਂ ਨਾਸ਼ਤਾ ਨਹੀਂ ਕਰੋਗੇ ?" ਇਸ ਗੱਲ ਦਾ ਜਵਾਬ ਮਾਸਟਰ ਜੀ ਨੇ ਕੋਈ ਨਾ ਦਿੱਤਾ ਪਰ ਕਿਹਾ, "ਨਿਤਯਾਨੰਦ ਨੂੰ ਧਿਆਨ ਨਾਲ ਕਹੀਂ ਦਫ਼ਤਰ ਜਾਣ ਵੇਲੇ ਆਪਣੇ ਸਾਰੇ ਸਰਟੀਫਿਕੇਟ ਆਪਣੇ ਨਾਲ ਲੈ ਜਾਏ। ਪਤਨੀ ਨੇ ਕਿਹਾ, "ਠੀਕ ਹੈ ਤੁਸੀਂ ਨਿਸਚਿੰਤ ਹੋ ਜਾਓ। ਪਰ ਕੁੱਝ ਦਿਨ ਬਾਅਦ ਸਾਹਿਬ ਨੂੰ ਕਹਿ ਕੇ ਉਸ ਨੂੰ ਕਿਸੇ ਚੰਗੀ ਨੌਕਰੀ ਤੇ ਲਵਾ ਦਿਓ। ਸਾਰੇ ਕਹਿੰਦੇ ਨੇ ਮਾਸਟਰ ਦਾ ਬੇਟਾ ਹੋ ਕੇ ਵੀ ਅਖੀਰ ਚਪੜਾਸੀ ਦੀ ਨੌਕਰੀ ਕੀਤੀ।

ਮਾਸਟਰ ਜੀ ਇਹ ਸੁਣ ਕੇ ਨਾਰਾਜ਼ ਨਹੀਂ ਹੋਏ। ਪਤਨੀ ਕੋਲ ਆ ਕੇ ਬੈਠ ਗਏ ਤੇ ਬੋਲੇ, "ਕੀ ਮੈਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੈ ? ਪਰ ਅਸੀਂ ਹੋਰ ਕਰ ਹੀ ਕੀ ਸਕਦੇ ਹਾਂ ? ਤੇ ਕੌਣ ਨੌਕਰੀ ਦੇਵੇਗਾ ? ਇਹ ਨੌਕਰੀ ਵੀ ਕਿੰਨੀ ਹੀ ਖੁਸ਼ਾਮਦ ਕਰਨ ਤੋਂ ਬਾਅਦ ਕਿੰਨੀ ਮੁਸ਼ਕਲ ਨਾਲ ਈ ਮਿਲੀ ਐ, ਉਸ ਦਾ ਤੈਨੂੰ ਪਤਾ ਈ ਐ। ਅੱਜਕੱਲ੍ਹ ਬੋਨਸ ਵੀ ਮਿਲੇਗਾ। ਕੁੱਲ ਮਿਲਾ ਕੇ ਮੇਰੇ ਜਿੰਨੀ ਤਨਖ਼ਾਹ ਲਏਗਾ। ਉਹ ਵੇਲਾ ਗਿਆ ਜਦੋਂ

ਚਪੜਾਸੀਆਂ ਨੂੰ ਸਾਹਿਬ ਦੇ ਘਰ ਕੰਮ ਕਰਨਾ ਪੈਂਦਾ ਸੀ। ਸਿਰਫ਼ ਦਫ਼ਤਰ ਦੇ ਕਾਗ਼ਜ਼ ਲਿਆਉਣ-ਲਿਜਾਣ ਦਾ ਕੰਮ ਹੈ। ਜੇ ਨਿਤਯਾਨੰਦ ਘਰ ਪੜ੍ਹ ਕੇ ਇੰਟਰਮੀਡੀਏਟ ਪਾਸ ਕਰ ਲਵੇ, ਤਾਂ ਉਸੇ ਦਫ਼ਤਰ ਵਿਚ ਕਲਰਕ ਦੀ ਨੌਕਰੀ ਵੀ ਮਿਲ ਸਕਦੀ ਐ। ਪਤਨੀ ਨੂੰ ਨਾਖ਼ੁਸ਼ ਦੇਖ ਕੇ ਮਾਸਟਰ ਜੀ ਨੇ ਕਿਹਾ, "ਕੁੱਝ ਦਿਨ ਕੰਮ ਕਰ ਲਵੇ ਫੇਰ ਮੈਂ ਸਾਹਿਬ ਨੂੰ ਕਹਾਂਗਾ। ਤੂੰ ਜ਼ਰਾ ਉਸ ਨੂੰ ਸਮਝਾ ਦੇਵੀ ਕਿ ਬਦਨਾਮ ਮੁੰਡਿਆਂ ਤੋਂ ਪਰ੍ਹੇ ਰਵ੍ਹੇ ਤੇ ਕੰਮ ਵਿਚ ਦਿਲ ਲਾਵੇ।"

ਮਾਸਟਰ ਜੀ ਸੋਚਦੇ ਸਨ ਕਿ ਘਰੋਂ ਨਿਕਲਦਿਆਂ ਨਿਤਯਾਨੰਦ ਨਾਲ ਕੁੱਝ ਗੱਲਾਂ ਕਰ ਲੈਣਗੇ। ਪਰ ਨਿਤਯਾਨੰਦ ਆਪਣੇ ਦੋਸਤ ਨਾਲ ਗੱਲਾਂ ਕਰਨ ਵਿਚ ਮਗਨ ਸੀ। ਮਾਸਟਰ ਜੀ ਗੁੱਸੇ ਨਾਲ ਭਰੇ ਹੋਏ ਬਾਹਰ ਨਿਕਲ ਗਏ। ਨਿਤਯਾਨੰਦ ਦੇ ਦੋਸਤ ਨੇ ਪੁੱਛਿਆ, "ਕੁੱਝ ਹੋਇਐ, ਅੱਜ ?" ਨਿਤਯਾਨੰਦ ਨੇ ਕਿਹਾ, "ਨਹੀਂ; ਕੁੱਝ ਨਹੀਂ। ਬੁੱਢਾ ਐਵੇਂ ਔਖਾ ਹੋਈ ਜਾਂਦੈ, ਤੂੰ ਉਸ ਵੱਲ ਨਾ ਵੇਖ," ਮਾਸਟਰ ਜੀ ਨੂੰ ਸੁਣਾ ਕੇ ਉਸ ਨੇ ਕਿਹਾ। ਗੁੱਸੇ ਉੱਤੇ ਕਾਬੂ ਪਾਉਣ ਦੀਆਂ ਹਜ਼ਾਰਾਂ ਸਹੁੰਆਂ ਦੇ ਬਾਵਜੂਦ ਮਾਸਟਰ ਜੀ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਹੋਰ ਕੋਈ ਵਕਤ ਹੁੰਦਾ ਤਾਂ ਉਸ ਨੂੰ ਕੁੱਝ ਕਹਿੰਦੇ ਪਰ ਅੱਜ ਜਬਰਦਸਤੀ ਅੱਗੇ ਜਾਂਦਿਆਂ ਮਨ ਵਿਚ ਬੋਲੇ ਸਾਲਾ, ਕੱਲ੍ਹ ਦਾ ਛੋਕਰਾ, ਲੱਗੇ ਪਿਉ ਦੇ ਅੱਗੇ ਬੋਲਣ। ਜੰਮਦਾ ਹੀ ਕਿਉਂ ਨਹੀਂ ਮਰ ਗਿਆ ? ਇੰਜ ਸਾੜ-ਸਾੜ ਕੇ ਮੈਨੂੰ ਮਾਰਨ ਲਈ ਬਚ ਗਿਐ।

ਜ਼ਿਮੀਂਦਾਰ ਦੇ ਮਕਾਨ ਵੱਲ ਤਿੱਖੀ ਤੋਰ ਤੁਰਦਿਆਂ ਮਾਸਟਰ ਜੀ ਫੇਰ ਪੁਰਾਣੀਆਂ ਯਾਦਾਂ ਵਿਚ ਗਵਾਚ ਗਏ। ਉਨ੍ਹਾਂ ਦਾ ਹੋਣਹਾਰ ਲੜਕਾ, ਉਨ੍ਹਾਂ ਦੀ ਕੁੱਲ ਨਾਸ਼ ਕਰਨ ਵਾਲਾ ਬਣ ਚੁੱਕੈ। ਪਹਿਲਾਂ ਤੇ ਸਭ ਠੀਕ-ਠਾਕ ਸੀ। ਉਸ ਤੋਂ ਬਾਅਦ ਹੋਰ ਏਨੇ ਬੱਚੇ ਪੈਦਾ ਹੋ ਗਏ ਨੇ ਕਿਤੇ ਏਸ ਕਰਕੇ ਤੇ ਨਹੀਂ ? ਹੋਰ ਦੋਵੇਂ ਲੜਕੇ ਤੇ ਸਿੱਧੇ-ਸਾਧੇ ਨੇ। ਵੱਡੇ ਹੋ ਕੇ ਦੋਵੇਂ ਕਿਤੇ ਨਿਤਯਾਨੰਦ ਵਰਗੇ ਹੀ ਨਾ ਬਣ ਜਾਣ। ਭਾਵੇਂ ਏਨਾ ਵੱਡਾ ਪਰਿਵਾਰ ਪਾਲਣ ਵਿਚ ਸਾਨੂੰ ਔਖਾ ਹੋਣਾ ਪੈਂਦੈ ਪਰ ਕੀ ਪਤਾ ਸੀ ਕਿ ਮਹਿੰਗਾਈ ਏਨੀ ਵਧ ਜਾਏਗੀ ? ਅੱਜਕੱਲ੍ਹ ਆਪਣੇ ਬੱਚਿਆਂ ਨੂੰ ਪੜ੍ਹਾਉਣ ਦਾ ਵਕਤ ਵੀ ਨਹੀਂ ਮਿਲਦਾ। ਸਾਰਾ ਵਕਤ ਟਿਊਸ਼ਨਾਂ ਵਿਚ ਲੰਘ ਜਾਂਦੈ। ਦੂਜਿਆਂ ਦੇ ਬੱਚਿਆਂ ਨੂੰ ਪੜ੍ਹਾਉਂਦਿਆਂ ਮਾਸਟਰ ਜੀ ਚਾਹੁਣ ਲੱਗ ਪੈਂਦੇ ਕਿ ਇੰਜ ਹੀ ਆਪਣੇ ਬੱਚਿਆਂ ਨੂੰ ਵੀ ਕੋਲ ਬਿਠਾ ਕੇ ਪੜ੍ਹਾਉਂਦੇ। ਪਰ ਇਹ ਕਿਵੇਂ ਸੰਭਵ ਸੀ ? ਘਰ ਵੀ ਤੇ ਚਲਾਉਣਾ ਹੁੰਦੈ।

ਮਾਸਟਰ ਜੀ ਨੇ ਜ਼ਿਮੀਦਾਰ ਸਾਹਿਬ ਦੇ ਮਕਾਨ ਵੱਲ ਵੇਖਿਆ। ਜ਼ਿਮੀਂਦਾਰੀ ਕਦੋਂ ਦੀ ਖ਼ਤਮ ਹੋ ਚੁੱਕੀ ਸੀ, ਪਰ ਜਿਮੀਂਦਾਰ ਵਿਚ ਕੋਈ ਫ਼ਰਕ ਨਹੀਂ ਸੀ ਪਿਆ। ਜ਼ਮੀਨ ਦੇ ਬਦਲੇ ਕਾਰਖ਼ਾਨੇ ਬਣ ਗਏ। ਮਹਿੰਗਾਈ ਦਾ ਉਨ੍ਹਾਂ ਨੂੰ ਕੀ ਫ਼ਰਕ ਪਿਆ ਹੈ ? ਮਾਸਟਰ ਜੀ ਸੋਚਦੇ ਕਿ ਇਨ੍ਹਾਂ ਦੇ ਚੱਜ-ਅਚਾਰ ਵਿਚ ਕੋਈ ਫ਼ਰਕ ਨਹੀਂ ਪਿਆ। ਜ਼ਿਮੀਂਦਾਰੀ ਖ਼ਤਮ ਹੋਣ ਤੋਂ ਬਾਅਦ ਵੀ ਸਭ ਲੋਕ ਉਨ੍ਹਾਂ ਨੂੰ ਹੁਣ ਵੀ ਜ਼ਿਮੀਂਦਾਰ ਸਾਹਿਬ ਹੀ ਕਹਿੰਦੇ ਹਨ। ਮਕਾਨ ਵਿਚ ਵੜਦਿਆਂ ਸਾਰ ਜ਼ਿਮੀਂਦਾਰ ਸਾਹਿਬ ਬਾਹਰ ਖੜੇ ਦਿੱਸੇ। ਮਾਸਟਰ ਨੂੰ ਨਮਸਕਾਰ ਕਰਕੇ ਬੋਲੇ, "ਲਾਲੂ ਤੁਹਾਡੀ ਉਡੀਕ ਕਰ ਰਿਹਾ ਹੈ।" ਇਸ ਗੱਲ ਵਿਚ ਕੁੱਝ ਵਿਅੰਗ ਵੀ ਸੀ ਕਿਉਂਕਿ ਮਾਸਟਰ ਜੀ ਕੁੱਝ ਲੇਟ ਸਨ। ਮਾਸਟਰ ਜੀ ਕੁੱਝ ਘਬਰਾ ਕੇ ਬੋਲੇ, "ਤੁਹਾਡੀ ਕਿਰਪਾ ਨਾਲ ਮੇਰਾ ਬੇਟਾ ਅੱਜ ਨੌਕਰੀ ਜੁਆਇਨ ਕਰਨ ਜਾ ਰਿਹਾ ਹੈ, ਕੁੱਝ ਦੇਰ ਹੋ ਗਈ।" ਨਹੀਂ ਕੋਈ ਗੱਲ ਨਹੀਂ।" ਕਹਿ ਕੇ ਸਾਹਿਬ ਨੇ ਨਿਮਰਤਾ ਨਾਲ ਪੁੱਛਿਆ, "ਕੀ ਨੌਕਰੀ ਮਿਲੀ ?" ਥੋੜਾ ਸੰਕੋਚ ਨਾਲ ਮਾਸਟਰ ਜੀ ਨੇ ਕਿਹਾ, "ਹਾਲੇ ਤੇ ਚਪੜਾਸੀ ਦੀ ਹੈ। ਸ਼ਾਇਦ ਤੁਸੀਂ ਭੁੱਲ ਗਏ, ਤੁਸੀਂ ਹੀ ਉਸ ਆਫ਼ੀਸਰ ਨੂੰ ਕਿਹਾ ਸੀ। "ਸਾਹਿਬ ਨੇ ਕਿਹਾ, "ਚਲੋ ਚੰਗਾ ਹੋਇਆ।"

ਲਾਲੂ ਆਇਆ। ਉਸ ਨੇ ਪੈਰਾਂ ਨੂੰ ਹੱਥ ਲਾ ਕੇ ਮਾਸਟਰ ਜੀ ਨੂੰ ਨਮਸਕਾਰ ਕੀਤੀ। ਉਸ ਨੇ ਪੜ੍ਹਨ ਵਾਲੇ ਕਮਰੇ ਵਿਚ ਮਾਸਟਰ ਜੀ ਲਈ ਨਾਸ਼ਤਾ ਰੱਖਿਆ ਹੋਇਆ ਸੀ। ਸਾਹਿਬ ਦੇ ਘਰੋਂ ਹਰ ਰੋਜ਼ ਏਨੇ ਚੰਗੇ ਪਕਵਾਨ ਇਕੱਲੇ ਖਾਂਦਿਆਂ ਮਾਸਟਰ ਜੀ ਨੂੰ ਅਜੀਬ ਲੱਗਦਾ। ਨਾਸ਼ਤੇ ਵਿਚ ਜਿਹੜੀਆਂ ਚੀਜਾਂ ਖਾਣ ਨੂੰ ਮਿਲਦੀਆਂ ਉਨ੍ਹਾਂ ਦੇ ਪੈਸੇ ਜਮ੍ਹਾਂ ਕਰ ਕੇ ਉਹ ਸੋਚਦੇ ਕਿ ਜੇ ਇਨ੍ਹਾਂ ਚੀਜ਼ਾਂ ਦੇ ਬਦਲੇ ਉਨ੍ਹਾਂ ਦੀ ਤਨਖ਼ਾਹ ਨੂੰ ਹੋਰ ਵਧਾ ਦਿੰਦੇ ਤਾਂ ਘਰ ਦੇ ਖ਼ਰਚ ਵਿਚ ਕੰਮ ਆਉਂਦੀ। ਕਦੇ ਸੋਚਦੇ ਕਿ ਜੇ ਇਹ ਖਾਣ ਵਾਲੀਆਂ ਚੀਜ਼ਾਂ ਘਰ ਲਿਜਾਣ ਦੇਂਦੇ ਤਾਂ ਬੱਚੇ ਕਿੰਨੀ ਖ਼ੁਸ਼ੀ ਨਾਲ ਖਾਂਦੇ। ਏਥੇ ਬੈਠ ਕੇ ਇਕੱਲੇ ਖਾਂਦਿਆਂ ਉਹ ਆਪਣੇ ਆਪ ਨੂੰ ਗੁਨਾਹਗਾਰ ਵਾਂਗ ਮਹਿਸੂਸ ਕਰਦੇ, ਅਤੇ ਇਸੇ ਕਰਕੇ ਉਹ ਇੱਥੇ ਰੋਜ਼ ਨਾਸ਼ਤਾ ਕਰਨ ਦੀ ਗੱਲ ਘਰ ਨਾ ਦੱਸਦੇ। ਕਦੇ ਕਦੇ ਉਹ ਸੋਚਦੇ ਕਿ ਦੋਵੇਂ ਰਸਗੁੱਲੇ ਆਪਣੇ ਬੈਗ ਵਿਚ ਲੁਕਾ ਕੇ ਆਪਣੀ ਛੋਟੀ ਲੜਕੀ ਨੂੰ ਜਾ ਦੇਣ।

ਲਾਲੂ ਉਨ੍ਹਾਂ ਦੀ ਉਡੀਕ ਕਰ ਰਿਹਾ ਸੀ ਕਿ ਨਾਸ਼ਤਾ ਮੁਕਾ ਲੈਣ, ਨਾਸ਼ਤਾ ਮੁੱਕਣ ਪਿੱਛੋਂ ਹੀ ਉਹ ਪੜ੍ਹਨ ਬੈਠੇਗਾ। ਪਰ ਅੱਜ ਉਨ੍ਹਾਂ ਦਾ ਨਾਸ਼ਤਾ ਕਰਨ ਨੂੰ ਦਿਲ ਨਹੀਂ ਕੀਤਾ।

ਲਾਲੂ ਨੇ ਪੁੱਛਿਆ, "ਗੁਰੂ ਜੀ, ਕੀ ਤੁਹਾਡੀ ਤਬੀਅਤ ਠੀਕ ਨਹੀਂ ? ਪਿਤਾ ਜੀ ਨੂੰ ਕਹਾਂ, ਡਾਕਟਰ ਨੂੰ ਬੁਲਾ ਦੇਣ ?" ਮਾਸਟਰ ਜੀ ਨੇ ਕਿਹਾ, "ਨਹੀਂ ਬੇਟੇ, ਠੀਕ ਹੋ ਜਾਏਗੀ।" ਲਾਲੂ ਨੇ ਕਿਹਾ, "ਤੁਸੀਂ ਜ਼ਰਾ ਬੈਠੋ। ਮੈਂ ਤੁਹਾਡੇ ਲਈ ਚਾਹ ਲੈ ਆਉਂਦਾ ਹਾਂ।" ਮਾਸਟਰ ਜੀ ਨੇ ਲਾਲੂ ਨੂੰ ਦੇਖਿਆ। ਸੁੰਦਰ, ਸਿਹਤਮੰਦ ਤੇ ਸਾਫ਼। ਕਿੰਨਾ ਹੋਣਹਾਰ ਲੜਕਾ ਹੈ। ਬੁੱਧੀ ਵੀ ਕਿੰਨੀ ਤੇਜ਼ ਹੈ। ਪੜ੍ਹਾਈ ਵਿਚ ਕਿੰਨੀ ਲਗਨ ਹੈ।

ਮਾਸਟਰ ਜੀ ਨੇ ਪੜ੍ਹਨ ਵਾਲੇ ਕਮਰੇ ਵਿਚ ਚਾਰੇ ਪਾਸੇ ਨਜ਼ਰ ਦੁੜਾਈ। ਇਹ ਸਿਰਫ਼ ਲਾਲੂ ਦਾ ਪੜ੍ਹਨ ਵਾਲਾ ਕਮਰਾ ਸੀ। ਉਸ ਦੇ ਪੜ੍ਹਦਿਆਂ ਉੱਥੇ ਹੋਰ ਕੋਈ ਨਹੀਂ ਸੀ ਆਉਂਦਾ। ਲਾਲੂ ਦੀ ਆਪਣੀ ਲਾਇਬਰੇਰੀ ਹੈ। ਕਈ ਤਰ੍ਹਾਂ ਦੀਆਂ ਕਿਤਾਬਾਂ ਹਨ। ਐਨਸਾਈਕਲੋਪੀਡੀਆ ਭਰੇ ਪਏ ਹਨ। ਦੂਜੇ ਪਾਸੇ ਖੇਡਣ ਵਾਲੀਆਂ ਚੀਜ਼ਾਂ ਹਨ। ਮਾਸਟਰ ਜੀ ਦਾ ਖ਼ਿਆਲ ਸੀ ਕਿ ਜ਼ਿਆਦਾ ਪੈਸਾ ਲੜਕਿਆਂ ਨੂੰ ਨਾਲਾਇਕ, ਆਵਾਰਾਗਰਦ ਅਤੇ ਮੂਰਖ ਬਣਾ ਦੇਂਦਾ ਹੈ। ਪਰ ਲਾਲੂ ਇਸ ਖ਼ਿਆਲ ਉੱਤੇ ਪੂਰਾ ਨਹੀਂ ਸੀ ਉਤਰਦਾ। ਉਹ ਹਮੇਸ਼ਾਂ ਉਨ੍ਹਾਂ ਦਾ ਪੂਰਾ ਆਦਰ ਕਰਦਾ ਸੀ। ਉਂਜ ਤਾਂ ਜ਼ਿਮੀਂਦਾਰ ਸਾਹਿਬ ਦਾ ਪੂਰਾ ਪਰਿਵਾਰ ਹੀ ਬੜੇ ਸ਼ਾਂਤ ਅਤੇ ਸੱਜਣ ਸੁਭਾ ਦਾ ਤੇ ਧਾਰਮਿਕ ਵਿਚਾਰਾਂ ਦਾ ਸੀ। ਭਾਵੇਂ ਲਾਲ ਅੰਗਰੇਜ਼ੀ ਸਕੂਲ ਵਿਚ ਪੜ੍ਹਦਾ ਸੀ, ਸਾਹਿਬ ਨੇ ਘਰ ਵਿਚ ਉਸ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਟਿਊਸ਼ਨ ਲਾ ਦਿੱਤੀ ਸੀ।

ਆਪਣੀ ਇੱਛਾ ਦੇ ਉਲਟ ਮਾਸਟਰ ਜੀ ਨੇ ਆਪਣੇ ਘਰ ਦੀ ਤੁਲਨਾ ਇਸ ਘਰ ਨਾਲ ਕੀਤੀ। ਦੋ ਕਮਰੇ, ਸੱਤ ਜਣੇ। ਸਾਰੇ ਬੱਚੇ ਇਕੱਠੇ ਬੈਠ ਕੇ ਚੀਖ਼ ਚੀਖ਼ ਕੇ ਪੜ੍ਹ ਰਹੇ ਹਨ। ਕਿਸ ਦੇ ਵੀ ਸਰੀਰ ਉੱਤੇ ਕੱਪੜੇ ਨਹੀਂ ਸਨ। ਸਾਰੇ ਘਰ ਵਿਚ ਚੀਜ਼ਾਂ ਖਿੱਲਰੀਆਂ ਪਈਆਂ ਹਨ। ਇੱਕ ਪਾਸੇ ਛੋਟੀ ਲੜਕੀ ਬੁਖ਼ਾਰ ਨਾਲ ਤੜਪ ਰਹੀ ਹੈ। ਛੋਟਾ ਲੜਕਾ ਪੜ੍ਹਦਿਆਂ-ਪੜ੍ਹਦਿਆਂ ਵਿੱਚੋਂ ਕੁੱਝ ਸਮਝਾਉਣ ਲਈ ਕਹਿੰਦਾ ਹੈ ਅਤੇ ਮਾਸਟਰ ਜੀ ਉਸ ਨੂੰ ਡਾਂਟ ਕੇ ਕਹਿੰਦੇ ਹਨ, "ਸਕੂਲੇ ਸੁਆਹ ਪੜ੍ਹਦਾ ਹੈ? ਸਮਝ ਨਹੀਂ ਆਉਂਦਾ ਤਾਂ ਸਕੂਲ ਜਾ ਕੇ ਮਾਸਟਰ ਤੋਂ ਪੁੱਛੀ।"

ਜਦੋਂ ਲਾਲੂ ਚਾਹ ਲੈ ਕੇ ਉਨ੍ਹਾਂ ਕੋਲ ਆਇਆ, ਤਾਂ ਮਾਸਟਰ ਜੀ ਆਪਣੇ ਖ਼ਿਆਲਾਂ ਵਿਚ ਮਸਤ ਸਨ। ਉਨ੍ਹਾਂ ਦਾ ਗੱਚ ਭਰ ਆਇਆ ਸੀ ਤੇ ਅੱਖਾਂ ਸਿੱਲ੍ਹੀਆਂ ਸਨ। ਉਹ ਕੁੱਝ ਵੀ ਨਹੀਂ ਸਨ ਖਾ ਸਕੇ। ਥੋੜ੍ਹੀ ਜਿਹੀ ਚਾਹ ਪੀ ਕੇ ਕੁੱਝ ਦੇਰ ਮੂੰਹ ਲਟਕਾ ਕੇ ਬੈਠੇ

ਰਹੇ। ਲਾਲੂ ਨੇ ਕਿਹਾ "ਅੱਜ ਤੁਹਾਡੀ ਤਬੀਅਤ ਠੀਕ ਨਹੀਂ ਹੈ। ਅੱਜ ਪੜ੍ਹਾਈ ਰਹਿਣ ਦਿਓ।" ਮਾਸਟਰ ਜੀ ਨੇ ਕਿਹਾ, "ਨਹੀਂ ਬੇਟੇ। ਅੱਜ ਮਨ ਉਦਾਸ ਹੈ। ਚਲੋ ਕਿਤਾਬ ਕੱਢੋ।"

ਥੋੜੀ ਦੇਰ ਪੜ੍ਹਾ ਕੇ ਮਾਸਟਰ ਜੀ ਉੱਥੇ ਆ ਗਏ। ਸੋਚਣ ਲੱਗੇ, ਨਿਤਯਾਨੰਦ ਠੀਕ ਵਕਤ ਉੱਤੇ ਘਰੋਂ ਗਿਆ ਕਿ ਨਹੀਂ, ਘਰੋਂ ਪਤਾ ਕਰਕੇ ਸਕੂਲ ਜਾਣਗੇ। ਘਰ ਜਾਂਦਿਆਂ ਰਾਹ ਵਿਚ ਸੋਚਣ ਲੱਗੇ, "ਕੀ ਪੈਸਾ ਜਾਇਦਾਦ ਹੀ ਸਭ ਕੁੱਝ ਹੈ। ਉਨ੍ਹਾਂ ਤੋਂ ਗਰੀਬ ਲੋਕ ਵੀ ਤਾਂ ਦੁਨੀਆਂ ਵਿਚ ਵੱਸਦੇ ਨੇ। ਸ਼ਾਸਤਰਾਂ ਵਿਚ ਵੀ ਤਾਂ ਪੈਸੇ ਤੇ ਜਾਇਦਾਦ ਦੇ ਔਗੁਣਾਂ ਬਾਰੇ ਢੇਰ ਸਾਰੀਆਂ ਗੱਲਾਂ ਕਹੀਆਂ ਗਈਆਂ ਨੇ। ਫੇਰ ਵੀ ਉਨ੍ਹਾਂ ਦੇ ਘਰ ਏਨੀ ਅਸ਼ਾਂਤੀ ਕਿਉਂ ਹੈ ? ਅਮੀਰ ਲੋਕ ਰੱਬ ਨੂੰ ਪ੍ਰਾਪਤ ਨਹੀਂ ਕਰ ਸਕਦੇ..... ਇਹ ਸੋਚਦਿਆਂ ਸੋਚਦਿਆਂ ਉਹ ਆਪਣੇ ਘਰ ਦੀਆਂ ਛੋਟੀਆਂ ਛੋਟੀਆਂ ਗੱਲਾਂ ਬਾਰੇ ਸੋਚਣ ਲੱਗ ਪਏ। ਕੁੱਝ ਵੀ ਹੋਵੇ, ਨਿਤਯਾਨੰਦ ਦੀ ਨੌਕਰੀ ਨਾਲ ਘਰ ਦੀਆਂ ਕਈ ਸਮੱਸਿਆਵਾਂ ਸੁਲਝਣ ਦੀ ਆਸ ਸੀ। ਚਪੜਾਸੀ ਦੀ ਨੋਕਰੀ ਹੈ ਤਾਂ ਕੀ ਹੋਇਆ ? ਪੈਸੇ ਤਾਂ ਘਰ ਆਉਣਗੇ ਹੀ। ਸਿਰਫ਼ ਚੰਗੀ ਤਰ੍ਹਾਂ ਨੌਕਰੀ ਕਰੇ। ਬਦਮਾਸ਼ ਦੋਸਤਾਂ ਦੀ ਸੰਗਤ ਛੱਡੇ। ਘਰ ਦੀ ਹਾਲਤ ਥੋੜੀ ਬਹੁਤ ਸੁਧਰ ਹੀ ਜਾਏਗੀ। ਮਾਸਟਰ ਜੀ ਨੇ ਫ਼ੈਸਲਾ ਕੀਤਾ ਅੱਜ ਨਿਤਯਾਨੰਦ ਦੀ ਨੌਕਰੀ ਦਾ ਪਹਿਲਾ ਦਿਨ ਹੈ ਆਪਣੇ ਮਨ ਨੂੰ ਸ਼ਾਂਤ ਰੱਖਣਗੇ। ਗੁੱਸੇ ਨਹੀਂ ਹੋਣਗੇ ਅਤੇ ਜੇ ਮੌਕਾ ਮਿਲਿਆ ਤਾਂ ਬੇਟੇ ਨਾਲ ਇੱਕ ਅੱਧ ਗੱਲ ਵੀ ਕਰਨਗੇ।

ਪਰ ਘਰ ਕੋਲ ਪਹੁੰਚਦਿਆਂ ਹੀ ਫੇਰ ਨਿਰਾਸਤਾ ਨੇ ਮਾਸਟਰ ਜੀ ਨੂੰ ਆ ਘੇਰਿਆ। ਏਥੇ ਹਰ ਚੀਜ਼ ਪੁਰਾਣੀ ਟੁੱਟੀ-ਫੁੱਟੀ, ਗੰਦੀ ਤੇ ਬੇਤਰਤੀਬ ਹੈ। ਹਰ ਚੀਜ਼ ਵਿਚ ਕੁੱਝ ਘਾਟ ਮਹਿਸੂਸ ਹੁੰਦੀ ਹੈ। ਮਾਸਟਰ ਜੀ ਘਰ ਪਹੁੰਚੇ ਹੀ ਸਨ ਕਿ ਪਤਨੀ ਬੋਲੀ, "ਨਿਤਯਾਨੰਦ ਚੰਗੀ ਤਰ੍ਹਾਂ ਦਫ਼ਤਰ ਚਲਾ ਗਿਆ ਸੀ।" ਮਾਸਟਰ ਜੀ ਨੇ ਕਿਹਾ, "ਉਹ ਮਰਿਆ-ਖਪਿਆ ਕਿ ਗਿਆ, ਮੈਨੂੰ ਦੱਸਣ ਦੀ ਲੋੜ ਨਹੀਂ।" ਪਰ ਅੱਜ ਪਤਨੀ ਨੂੰ ਗੁੱਸਾ ਨਹੀਂ ਆਇਆ। ਉਹ ਬੋਲੀ, "ਕੀ ਹੋਇਆ ਹੈ, ਤੁਹਾਨੂੰ ? ਤਬੀਅਤ ਤਾਂ ਠੀਕ ਹੈ ? ਮਾਸਟਰ ਜੀ ਨੇ ਖਿੱਝ ਕੇ ਕਿਹਾ, "ਤੂੰ ਏਥੋਂ ਦੂਰ ਹੋ ਜਾ। ਬਕ-ਬਕ ਕਰ ਕੇ ਮੇਰਾ ਸਿਰ ਨਾ ਖਾ।"

******

# ਬੰਧਨ

ਰਾਤੀਂ ਸਾਰੇ ਖਾਣਾ ਖਾ ਰਹੇ ਸਨ ਤਾਂ ਅਮਰੇਸ਼ ਬਾਬੂ ਨੇ ਗੱਲ ਸ਼ੁਰੂ ਕੀਤੀ। ਉਨ੍ਹਾਂ ਦੀ ਰਿਟਾਇਰਮੈਂਟ ਨੇੜੇ ਸੀ ਫੇਰ ਵੀ ਉਨਾਂ ਨੇ ਸਰਕਾਰੀ ਖ਼ਰਚ ਉੱਤੇ ਦੇਸ਼ ਦੀ ਸੈਰ ਇੱਕ ਵਾਰੀ ਵੀ ਨਹੀਂ ਸੀ ਕੀਤੀ। ਐਤਕੀਂ ਉਹ ਸਾਰਿਆਂ ਨੂੰ ਨਾਲ ਲੈ ਕੇ ਸੈਰ ਕਰਨ ਜ਼ਰੂਰ ਜਾਣਗੇ। ਇਹ ਸੋਚ ਕੇ ਉਨ੍ਹਾਂ ਨੇ ਆਪਣੀ ਪਤਨੀ ਨੂੰ ਕਿਹਾ, “ਇਸ ਵਾਰੀ ਹੁਣ ਕੋਈ ਬਹਾਨਾ ਨਾ ਬਣਾਈ ਬੇਟੀ, ਦੋਹਤਰੇ, ਦੋਹਤਰੀ ਦਾ ਮੋਹ ਛੱਡ ਕਸ਼ਮੀਰ ਚੱਲਣਾ ਪਊ। ਕੱਲ੍ਹ ਮੈਂ ਟਿਕਟ ਬਣਵਾ ਲਿਆਵਾਂਗਾ।" ਪਤਨੀ ਨੇ ਕਿਹਾ, "ਮੈਂ ਤੇ ਸਿਰਫ਼ ਇਕ ਵਾਰੀ ਮਨ੍ਹਾ ਕੀਤਾ ਸੀ, ਜਦੋਂ ਲਿੱਲੀ ਦੇ ਬੱਚਾ ਹੋਣ ਵਾਲਾ ਸੀ। ਹੋਰ ਕਦੋਂ ਮਨ੍ਹਾ ਕੀਤਾ ਸੀ ? ਇਕ ਵਾਰੀ ਤਾਂ ਤੂੰ ਆਪ ਹੀ ਬਗੀਚੇ ਦਾ ਬਹਾਨਾ ਬਣਾ ਕੇ ਟਾਲ ਦਿੱਤਾ ਸੀ।"

ਅਮਰੇਸ਼ ਬਾਬੂ ਨੂੰ ਬਗੀਚੇ ਦਾ ਸ਼ੌਕ ਸੀ। ਗੁਲਾਬ ਦੇ ਤਿੰਨ ਬੂਟਿਆਂ ਤੋਂ ਉਨ੍ਹਾਂ ਨੇ ਆਪਣਾ ਬਗੀਚਾ ਸ਼ੁਰੂ ਕੀਤਾ ਸੀ। ਅਤੇ ਹੁਣ ਉਸ ਵਿਚ ਤੇਤੀ ਤਰ੍ਹਾਂ ਦੇ ਗੁਲਾਬ ਦੇ ਬੂਟੇ ਲਾ ਚੁੱਕੇ ਸਨ। ਜਿਸ ਵਾਰੀ ਦਾ ਜ਼ਿਕਰ ਉਨ੍ਹਾਂ ਦੀ ਪਤਨੀ ਨੇ ਕੀਤਾ ਸੀ, ਉਸ ਵਾਰੀ ਅਮਰੇਸ਼ ਬਾਬੂ ਨੇ ਬੜੇ ਔਖੇ ਹੋ ਕੇ ਤਿੰਨ ਨਵੀਂ ਤਰ੍ਹਾਂ ਦੇ ਗੁਲਾਬ ਦੇ ਬੂਟੇ ਹਾਸਿਲ ਕੀਤੇ ਸਨ। ਬਦਕਿਸਮਤੀ ਨਾਲ ਇਹ ਬੂਟੇ ਉਦੋਂ ਮਿਲੇ ਜਦੋਂ ਬਾਹਰ ਘੁੰਮਣ ਜਾਣ ਲਈ ਸਿਰਫ਼ ਇਕ ਹਫ਼ਤਾ ਬਾਕੀ ਸੀ। ਬੂਟੇ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਬਗੀਚੇ ਵਿਚ ਸਿਰਫ਼ ਉਨ੍ਹਾਂ ਦੀ ਜਗ੍ਹਾ ਹੀ ਨਹੀਂ ਸੀ ਬਣਾਈ ਬਲਕਿ ਇਕ ਖ਼ਾਸ ਤਰ੍ਹਾਂ ਦੀ ਮਿੱਟੀ ਅਤੇ ਖਾਦ ਵੀ ਲਿਆਂਦੀ ਸੀ। ਇਸ ਤੋਂ ਇਲਾਵਾ ਕਿਤਾਬ ਵਿੱਚੋਂ ਤਿੰਨਾਂ ਬੂਟਿਆਂ ਦੇ ਵਿਗਿਆਨਿਕ ਨਾਵਾਂ ਤੋਂ ਛੁੱਟ ਉਨ੍ਹਾਂ ਦੀ ਦੇਖ-ਭਾਲ ਸੰਬੰਧੀ ਜ਼ਰੂਰੀ ਜਾਣਕਾਰੀ ਵੀ ਹਾਸਿਲ ਕਰ ਲਈ ਸੀ। ਮਿੱਟੀ ਵਿਚ ਇਸ ਲਈ ਦਫ਼ਤਰ ਵਿਚ ਬੈਠ ਕੇ ਅਮਰੇਸ਼ ਬਾਬੂ ਨੇ ਤਿੰਨਾਂ ਬੂਟਿਆਂ ਬਾਰੇ ਤਿੰਨ ਵੱਖਰੇ ਵੱਖਰੇ ਚਾਰਟ ਬਣਾਏ ਸਨ। ਇਹ ਚਾਰਟ ਸੰਪੂਰਨ ਸਨ ਤੇ ਉਨ੍ਹਾਂ ਵਿਚ ਬੂਟਿਆਂ ਦੀ ਦੇਖ-ਭਾਲ ਲਈ ਬੜੇ ਵੇਰਵੇ-ਭਰੇ ਨੁਕਤੇ ਬਣਾਉਣ ਤੋਂ ਬਾਅਦ ਉਹ ਨਿਸ਼ਚਿੰਤ ਹੋ ਗਏ ਕਿ ਜੇ ਉਹ ਘੁੰਮਣ ਚਲੇ ਗਏ ਤਾਂ ਉਨ੍ਹਾਂ ਦੇ ਪਿੱਛੋਂ ਬਾਅਦ ਵਿਚ ਕੋਈ ਵੀ ਉਨ੍ਹਾਂ ਦੇ ਗੁਲਾਬ ਦੇ ਬੂਟਿਆਂ ਦੀ ਦੇਖ-ਭਾਲ ਕਰ ਸਕੇਗਾ।

ਉਨ੍ਹਾਂ ਨੇ ਆਪਣੇ ਚਪੜਾਸੀ ਨੂੰ ਬੁਲਾ ਕੇ ਤਿੰਨੋ ਕਾਗਜ਼ ਦਿਖਾਏ ਅਤੇ ਬੂਟਿਆਂ ਬਾਰੇ ਬੜਾ ਖੋਲ੍ਹ ਕੇ ਦੱਸਿਆ। ਚਪੜਾਸੀ ਮੋਟੇ ਦਿਮਾਗ਼ ਦਾ ਹੋਣ ਕਰਕੇ ਕਾਗ਼ਜ਼-ਪੱਤਰ ਤੋਂ ਬਹੁਤ ਗੁਲਾਬ ਦੇ ਬੂਟਿਆਂ ਬਾਰੇ ਪੁੱਛਣਾ ਸ਼ੁਰੂ ਕੀਤਾ। ਚਪੜਾਸੀ ਫ਼ੇਲ੍ਹ ਹੋ ਗਿਆ। ਅਮਰੇਸ਼ ਬਾਬੂ ਨੇ ਫੇਰ ਘਬਰਾਉਂਦਾ ਸੀ। ਬੂਟਿਆਂ ਬਾਰੇ ਸਾਰੀਆਂ ਗੱਲਾਂ ਸਮਝਾਉਣ ਤੋਂ ਬਾਅਦ ਅਮਰੇਸ਼ ਬਾਬੂ ਨੇ ਫੇਰ ਵੀ ਹੌਂਸਲਾ ਨਹੀਂ ਹਾਰਿਆ ਤੇ ਉਸ ਨੂੰ ਅਗਲੇ ਦਿਨ ਆਪਣੇ ਘਰ ਬੁਲਾ ਲਿਆ ਤੇ ਬਗੀਚੇ  ਵਿੱਚ ਲਿਜਾ ਕੇ ਹਰੇਕ ਬੂਟੇ ਦੀ ਪਛਾਣ ਕਰਾਉਣ ਤੋਂ ਬਾਅਦ ਰਾਤੀਂ ਅੰਗਰੇਜ਼ੀ ਤੋਂ ਅਨੁਵਾਦ ਕੀਤਾ ਹੋਇਆ ਚਾਰਟ ਉਸ ਨੂੰ ਦੇ ਦਿੱਤਾ। ਇਉਂ ਲੱਗ ਰਿਹਾ ਸੀ ਜਿਵੇਂ ਚਪੜਾਸੀ ਸਾਰਾ ਕੁੱਝ ਚੰਗੀ ਤਰ੍ਹਾਂ ਸਮਝ ਗਿਆ ਹੋਵੇ। ਏਥੋਂ ਤਕ ਕਿ ਵੱਖ ਵੱਖ ਕਿਸਮਾਂ ਦੀਆਂ ਖਾਦਾਂ ਬਾਰੇ ਵੀ ਚੰਗੀ ਤਰ੍ਹਾਂ ਸਮਝ ਗਿਆ ਹੋਵੇ। ਅਮਰੇਸ਼ ਬਾਬੂ ਬੇਫ਼ਿਕਰ ਹੋ ਗਏ ਕਿ ਹੁਣ ਇਸ ਆਦਮੀ ਦੀ ਦੇਖ-ਭਾਲ ਵਿਚ ਬੂਟੇ ਠੀਕ ਰਹਿਣਗੇ। ਬਗੀਚੇ ਤੋਂ ਬਾਹਰ ਆਉਂਦਿਆਂ ਅਮਰੇਸ਼ ਬਾਬੂ ਨੇ ਆਖ਼ਰੀ ਵਾਰ ਚਪੜਾਸੀ ਤੋਂ ਪੁੱਛਿਆ, "ਇਹ ਪਹਿਲਾ ਬੂਟਾ ਕਿਸ ਦਾ ਹੈ ?" ਬਦਕਿਸਮਤੀ ਨਾਲ ਚਪੜਾਸੀ ਬੁਨਿਆਦੀ ਗੱਲ ਹੀ ਭੁੱਲ ਗਿਆ ਕਿ ਕਿਹੜੇ ਬੂਟੇ ਦਾ ਕਿਹੜਾ ਨੰਬਰ ਹੈ ਤੇ ਉਸ ਨੇ ਗ਼ਲਤ ਜਵਾਬ ਦੇ ਦਿੱਤਾ। ਅਮਰੇਸ਼ ਬਾਬੂ ਨੇ ਖਿੱਝ ਕੇ ਉਸ ਦੇ ਹੱਥ ਵਿੱਚੋਂ ਕਾਗ਼ਜ਼ ਖੋਂਹਦਿਆਂ ਕਿਹਾ, "ਅੰਨ੍ਹੇ ਅੱਗੇ ਰੋਣਾ ਤੇ ਅੱਖੀਆਂ ਦਾ ਖੋਣਾ।"

ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਉਨ੍ਹਾਂ ਨੇ ਇਹ ਕੰਮ ਆਪਣੇ ਗੁਆਂਢੀ ਸੁਸ਼ੀਲ ਬਾਬੂ ਨੂੰ ਦੇਣ ਬਾਰੇ ਸੋਚਿਆ। ਸੁਸ਼ੀਲ ਬਾਬੂ ਸ਼ਾਂਤ ਸੁਭਾ ਦੇ ਸਨ ਅਤੇ ਅਮਰੇਸ਼ ਬਾਬੂ ਦੀ ਕਾਫ਼ੀ ਇੱਜ਼ਤ ਕਰਦੇ ਸਨ। ਪਹਿਲਾਂ ਅਮਰੇਸ਼ ਬਾਬੂ ਨੇ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਦੀ ਰੁਚੀ ਬਨਸਪਤੀ-ਵਿਗਿਆਨ ਵੱਲ ਮੋੜਨ ਦੀ ਕੋਸ਼ਿਸ਼ ਕੀਤੀ। ਫੇਰ ਦੋ ਦਿਨ ਉਨ੍ਹਾਂ ਨੂੰ ਦੋ ਦੋ ਕਪ ਚਾਹ ਪਿਲਾਈ ਤੇ ਉਨ੍ਹਾਂ ਨੂੰ ਜੰਗਲਾਂ ਦੇ ਬਚਾਉ ਤੇ ਇਕਾਲੌਜੀ ਆਦਿ ਬਾਰੇ ਦੱਸਦੇ ਰਹੇ। ਸੁਣਦਿਆਂ ਸੁਣਦਿਆਂ ਅਖ਼ੀਰ ਵਿਚ ਸੁਸ਼ੀਲ ਬਾਬੂ ਦੇ ਧੀਰਜ ਦਾ ਬੰਨ੍ਹ ਵੀ ਟੁੱਟ ਗਿਆ। ਉਨ੍ਹਾਂ ਨੇ ਅਮਰੇਸ਼ ਬਾਬੂ ਨੂੰ ਕਿਹਾ, "ਤੁਹਾਡੇ ਚਲੇ ਜਾਣ ਤੋਂ ਬਾਅਦ ਤੁਹਾਡਾ ਬਗੀਚਾ ਹੀ ਤੇ ਦੇਖਣਾ ਹੈ। ਤੁਸੀਂ ਬੇਫ਼ਿਕਰ ਰਹੋ, ਮੈਂ ਸਵੇਰੇ ਜਾ ਕੇ ਪਾਣੀ ਪਾ ਦਿਆ ਕਰਾਂਗਾ। "ਅਮਰੇਸ਼ ਬਾਬੂ ਚੌਂਕ ਕੇ ਬੋਲੇ, "ਨਹੀਂ ; ਸਿਰਫ਼ ਪਾਣੀ ਪਾਉਣ ਦੀ ਗੱਲ ਨਹੀਂ ਹੈ, ਬੂਟੇ ਨੂੰ ਬੱਚੇ ਦੀ ਤਰ੍ਹਾਂ ਪਾਲਣਾ ਹੁੰਦਾ ਹੈ। ਜੇ ਕੱਲ੍ਹ ਸਵੇਰੇ ਤੁਸੀਂ ਥੋੜਾ ਵਕਤ ਕੱਢੋ, ਤਾਂ ਮੈਂ ਤੁਹਾਨੂੰ ਸਾਰਾ ਕੁੱਝ ਸਮਝਾ ਦਿਆਂਗਾ।' ਆਪਣੀ ਪਤਨੀ ਦੀ ਮਰਜ਼ੀ ਦੇ ਖ਼ਿਲਾਫ਼ ਸੁਸ਼ੀਲ ਬਾਬੂ ਨੇ ਦੂਜੇ ਦਿਨ

ਸਵੇਰੇ ਅਮਰੇਸ਼ ਬਾਬੂ ਦੇ ਬਗੀਚੇ ਵਿਚ ਪਹੁੰਚ ਕੇ ਪਹਿਲਾ ਪਾਠ ਸਿੱਖਿਆ। ਅਮਰੇਸ਼ ਬਾਬੂ ਨੇ ਉਨ੍ਹਾਂ ਨੂੰ ਬੂਟਿਆਂ ਲਈ ਬਣਾਈ ਸੂਚੀ ਦਿੱਤੀ ਅਤੇ ਉਸ ਵਿੱਚੋਂ ਲਿਟਰ ਕੱਟ ਕੇ ਕਿੰਨੇ ਗਿਲਾਸ ਪਾਣੀ ਪਾਉਣਾ ਹੈ ਲਿਖ ਦਿੱਤਾ, ਕਿਉਂਕਿ ਅਜਿਹਾ ਲੱਗਦਾ ਸੀ ਕਿ ਸੁਸ਼ੀਲ ਬਾਬੂ ਲਿਟਰ ਦਾ ਹਿਸਾਬ ਚੰਗੀ ਤਰ੍ਹਾਂ ਸਮਝ ਨਹੀਂ ਸਨ ਰਹੇ। ਉਸ ਦੇ ਬਾਅਦ ਇਹ ਫ਼ੈਸਲਾ ਹੋਇਆ ਕਿ ਅਗਲੇ ਦਿਨ ਸਵੇਰ ਤੋਂ ਹੀ ਸੁਸ਼ੀਲ ਬਾਬੂ ਬੂਟਿਆਂ ਦੀ ਦੇਖ-ਭਾਲ ਕਰਨਗੇ।

ਸੁਸ਼ੀਲ ਬਾਬੂ ਸਵੇਰੇ ਦੇਰ ਨਾਲ ਆਏ। ਬੜੀ ਬੇਸਬਰੀ ਨਾਲ ਉਨ੍ਹਾਂ ਦਾ ਇੰਤਜ਼ਾਰ ਕਰਦੇ ਹੋਏ ਅਮਰੇਸ਼ ਬਾਬੂ ਬਗੀਚੇ ਵਿਚ ਟਹਿਲਦੇ ਟਹਿਲਦੇ ਮੁੜ ਮੁੜ ਘੜੀ ਦੇਖ ਰਹੇ ਸਨ। ਸੁਸ਼ੀਲ ਬਾਬੂ ਦੇ ਪਹੁੰਚਦਿਆਂ ਹੀ ਖਿੱਝ ਕੇ ਬੋਲੇ, "ਸਵੇਰੇ ਸੱਤ ਵਜੇ ਪਹਿਲੇ ਬੂਟੇ ਨੂੰ ਚਾਰ ਗਿਲਾਸ ਪਾਣੀ ਪਾਉਣਾ ਸੀ। ਹੁਣ ਸੱਤ ਵੱਜ ਕੇ ਪੱਚੀ ਮਿੰਟ ਹੋ ਚੁੱਕੇ ਸਨ। "ਸੁਸ਼ੀਲ ਬਾਬੂ ਨੇ ਕਿਹਾ, "ਅਚਾਨਕ ਮੇਰੇ ਬੇਟੇ ਦੀ ਤਬੀਅਤ ਖ਼ਰਾਬ ਹੋ ਗਈ ਸੀ.....।" ਉਨ੍ਹਾਂ ਨੂੰ ਵਿੱਚੋਂ ਟੋਕਦੇ ਹੋਏ ਅਮਰੇਸ਼ ਬਾਬੂ ਨੇ ਕਿਹਾ, "ਚਲੋ ਸੂਚੀ ਲਿਆਓ, ਦੂਜੇ ਬੂਟੇ ਨੂੰ ਪਾਣੀ ਪਾਈਏ," ਅਮਰੇਸ਼ ਬਾਬੂ ਨੇ ਕਿਹਾ, "ਸੂਚੀ ਤਾਂ ਤੁਹਾਡੇ ਕੋਲ ਹੈ।" ਸੁਸ਼ੀਲ ਬਾਬੂ ਨੇ ਕਿਹਾ, " ਤਾਂ ਫੇਰ ਸੱਚੀ ਦਫ਼ਤਰ ਵਿਚ ਰਹਿ ਗਈ ਤੁਹਾਡੇ ਕੋਲ ਉਸ ਦੀ ਕੋਈ ਕਾਪੀ ਤਾਂ ਹੋਵੇਗੀ।" ਅਮਰੇਸ਼ ਬਾਬੂ ਨਾਰਾਜ਼ ਹੁੰਦੇ ਹੋਏ ਬੋਲੇ, "ਤੁਸੀਂ ਮੇਰੇ ਹੁੰਦਿਆਂ ਏਨੇ ਲਾਪਰਵਾਹ ਹੋ ਤਾਂ ਮੇਰੇ ਬਾਅਦ ਕੀ ਗਾਰੰਟੀ ਹੈ ਕਿ ਤੁਸੀਂ ਇਨ੍ਹਾਂ ਬੂਟਿਆਂ ਦੀ ਠੀਕ ਦੇਖ-ਭਾਲ ਕਰੋਗੇ ? "ਸੁਸ਼ੀਲ ਬਾਬੂ ਚੁੱਪ ਕਰਕੇ ਉਨ੍ਹਾਂ ਦੀਆਂ ਗੱਲਾਂ ਸੁਣ ਲੈਂਦੇ, ਪਰ ਠੀਕ ਉਸੇ ਵਕਤ ਉਨ੍ਹਾਂ ਦੀ ਪਤਨੀ ਬਾਹਰ ਨਿਕਲ ਆਈ। ਨਾ ਚਾਹੁੰਦੇ ਹੋਏ ਵੀ ਸੁਸ਼ੀਲ ਬਾਬੂ ਨੇ ਗੁੱਸਾ ਦਿਖਾਉਂਦਿਆਂ ਕਿਹਾ, "ਤਾਂ ਫੇਰ ਤੁਸੀਂ ਆਪਣੇ ਬੂਟਿਆਂ ਦੀ ਦੇਖ-ਭਾਲ ਆਪ ਕਰ ਲਓ। ਕਿਸੇ ਦੇ ਬੂਟਿਆਂ ਨੂੰ ਪਾਣੀ ਪਾਉਣ ਦਾ ਮੇਰੇ ਕੋਲ ਵਕਤ ਨਹੀਂ ਹੈ।"

ਇਸ ਤਰ੍ਹਾਂ ਉਸ ਨਾਲ ਗੁਲਾਬ ਦੇ ਬੂਟਿਆਂ ਕਰ ਕੇ ਅਮਰੇਸ਼ ਬਾਬੂ ਨੇ ਸਾਰੀਆਂ ਟਿਕਟਾਂ ਵਾਪਸ ਕਰ ਦਿੱਤੀਆਂ। ਉਸੇ ਪੁਰਾਣੀ ਗੱਲ ਨੂੰ ਦੁਹਰਾਉਂਦਿਆਂ ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਖਿਝਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਅਮਰੇਸ਼ ਬਾਬੂ ਬੋਲੇ, "ਨਹੀਂ; ਅਜਿਹੀ ਕੋਈ ਸਮੱਸਿਆ ਨਹੀਂ ਹੈ। ਹੁਣ ਸਾਰੇ ਬੂਟੇ ਵੱਡੇ ਹੋ ਗਏ ਹਨ। ਇਹ ਨਵਾਂ ਚਪੜਾਸੀ ਵੀ ਸਾਰਾ ਕੰਮ ਚੰਗੀ ਤਰ੍ਹਾਂ ਸਮਝ ਗਿਆ ਹੈ। ਮੈਨੂੰ ਕੋਈ ਪਰੇਸ਼ਾਨੀ ਨਹੀਂ ਹੈ, ਸੋਚਣਾ ਤਾਂ ਸਗੋਂ ਤੂੰ ਹੈ,

ਆਪਣੇ ਬੱਚਿਆਂ ਬਾਰੇ। ਹੁਣ ਲਿੱਲੀ ਦੇ ਤਾਂ ਹੋਰ ਬਾਲ-ਬੱਚਾ ਨਹੀਂ ਨਾ ਹੋਣਾ ? ਪਤਨੀ ਨੇ ਕਿਹਾ, "ਕਿਹੜਾ ਬਾਲ-ਬੱਚਾ ਜੀ ? ਤੁਹਾਨੂੰ ਤਾਂ ਗੁਲਾਬ ਦੇ ਬੂਟਿਆਂ ਤੋਂ ਛੁੱਟ ਹੋਰ ਕੋਈ ਚਿੰਤਾ ਹੈ ਵੀ ਸਹੀ ? ਲਿੱਲੀ ਦੇ ਛੋਟੇ ਲੜਕੇ ਦੀ ਤਬੀਅਤ ਖ਼ਰਾਬ ਹੈ, ਤੁਹਾਨੂੰ ਪਤਾ ਨਹੀਂ ?" ਅਮਰੇਸ਼ ਬਾਬੂ ਬੋਲੇ, "ਉਸ ਦੇ ਲੜਕੇ ਦੀ ਤਬੀਅਤ ਖ਼ਰਾਬ ਹੈ ਉਹ ਜਾਣੇ। ਤੂੰ ਇੰਨੀ ਪਰੇਸ਼ਾਨ ਕਿਉਂ ਹੈ ? ਪਤਨੀ ਨੇ ਕਿਹਾ, " ਹਾਂ, ਠੀਕ ਹੀ ਤੇ ਹੈ। ਮਰਨ ਤੱਕ ਉਨ੍ਹਾਂ ਦੀ ਚਿੰਤਾ ਕੌਣ ਕਰੇ ?"

ਅਮਰੇਸ਼ ਬਾਬੂ ਨੇ ਕਿਹਾ, "ਤਾਂ ਫੇਰ ਮੈਂ ਕੱਲ੍ਹ ਟਿਕਟਾਂ ਬਣਵਾ ਲਿਆਉਂਦਾ। ਅਗਲੇ ਮਹੀਨੇ ਦੀ ਪਹਿਲੀ ਤਰੀਕ ਤੋਂ ਇਕ ਮਹੀਨੇ ਦੀ ਛੁੱਟੀ ਲੈ ਲਵਾਂਗਾ। ਪਰ ਤੂੰ ਕੋਈ ਅੜਿੱਕਾ ਨਾ ਡਾਹ ਦੇਈਂ। ਠੀਕ ਹੈ ਨਾਂ ?" ਏਨਾ ਕਹਿ ਕੇ ਅਮਰੇਸ਼ ਬਾਬੂ ਨੇ ਬੱਚਿਆਂ ਵੱਲ ਦੇਖਿਆ। ਬੇਟੇ ਰੋਮੂ ਨੇ ਕਿਹਾ, "ਮੈਨੂੰ ਕੀ ਹੈ ਜਦੋਂ ਕਹੋਗੇ ਚੱਲ ਪਵਾਂਗਾ। "ਮਿੱਲੀ ਬੇਟੀ ਨੇ ਆਪਣੇ ਬਾਰੇ ਕੁੱਝ ਨਾ ਬੋਲਦਿਆਂ ਕਿਹਾ, "ਪਹਿਲਾਂ ਜਿੱਲੀ ਤੋਂ ਪੁੱਛ ਲਵੋ।"

ਭਾਵੇਂ ਸਾਰੇ ਜਣੇ ਖਾਣੇ ਵਾਲੇ ਕਮਰੇ ਵਿਚ ਬੈਠੇ ਖਾਣਾ ਖਾ ਰਹੇ ਸਨ, ਪਰ ਜਿੱਲੀ ਬਰਾਂਡੇ ਵਿਚ ਬੈਠੀ ਕੁੱਤੇ ਨਾਲ ਖਾਣਾ ਖਾ ਰਹੀ ਸੀ। ਆਪਣਾ ਨਾਮ ਸੁਣਦੇ ਹੀ ਬੋਲੀ, "ਟਾਮੀ ਲਈ ਟਿਕਟ ਲੈ ਰਹੇ ਹੋ ਕਿ ਨਹੀਂ ?" ਜਿੱਲ਼ੀ ਘਰ ਵਿੱਚ ਸਭ ਤੋਂ ਛੋਟੀ ਹੋਣ ਕਰ ਕੇ ਸਾਰਿਆਂ ਦੀ ਲਾਡਲੀ ਸੀ। ਪਰ ਉਸ ਦੇ ਇਸ ਪਿੱਲੇ ਨਾਲ ਪਿਆਰ ਨੂੰ ਕੋਈ ਨਹੀਂ ਸੀ ਸਮਝ ਰਿਹਾ। ਇਕ ਦਿਨ ਜਿੱਲੀ ਰਾਹ ਵਿੱਚੋਂ ਉਸ ਨੂੰ ਚੁੱਕ ਲਿਆਈ ਸੀ। ਜਿੱਲੀ ਪਿੱਲੇ ਨਾਲ ਹੀ ਖਾਂਦੀ-ਪੀਂਦੀ, ਉੱਠਦੀ-ਬੈਠਦੀ ਸੌਂਦੀ ਤੇ ਸਾਰਾ ਵਕਤ ਉਸੇ ਨਾਲ ਹੀ ਬਿਤਾਉਂਦੀ ਸੀ। ਜੇ ਕੋਈ ਪਿੱਲੇ ਨੂੰ ਕੁੱਝ ਕਹਿੰਦਾ ਤਾਂ ਰੁੱਸ ਜਾਂਦੀ ਸੀ। ਪਿੱਲਾ ਬਿਮਾਰ ਹੁੰਦਾ ਤਾਂ ਉਸ ਦੀ ਸੇਵਾ ਕਰਦੀ। ਪਿੱਲਾ ਅਕਸਰ ਬਿਮਾਰ ਹੀ ਰਹਿੰਦਾ ਸੀ। ਇੱਕ ਵਾਰੀ ਅਜਿਹੀ ਨੌਬਤ ਆਈ ਕਿ ਉਸ ਦੇ ਬਚਣ ਦੀ ਉਮੀਦ ਖ਼ਤਮ ਹੋ ਗਈ। ਜਿੱਲੀ ਉਸ ਨੂੰ ਡੰਗਰ-ਹਸਪਤਾਲ ਵਿਚ ਲੈ ਗਈ। ਉਸ ਨੂੰ ਦਵਾਈ ਨਾਲ ਫਰਕ ਨਾ ਪਿਆ ਤਾਂ ਮੰਦਰ ਵਿੱਚੋਂ ਚਰਨਾਮ੍ਰਿਤ ਲਿਆ ਕੇ ਪਿਆਇਆ। ਮਰਨਾਊ ਹਾਲਤ ਵਿਚ ਦੋ ਤਿੰਨ ਦਿਨ ਪਿੱਲੇ ਨੇ ਕਾਫ਼ੀ ਔਖ ਕੱਟੀ। ਉਨ੍ਹਾਂ ਦੇ ਘਰ ਆ ਕੇ ਕਿਸੇ ਨੇ ਪਿੱਲੇ ਨੂੰ ਮਾਰ ਦੇਣ ਦੀ ਸਲਾਹ ਦਿੱਤੀ ਤਾਂ ਜਿੱਲੀ ਫੁੱਟ ਫੁੱਟ ਕੇ ਰੋ ਪਈ। ਕਿਸਮਤ ਚੰਗੀ ਕਿ ਪਿੱਲਾ ਉਸ ਦਿਨ ਬਚ ਗਿਆ। ਪਿੱਲਾ ਅਕਸਰ ਈ ਕਦੇ

ਬਿਮਾਰ ਹੁੰਦਾ ਤੇ ਕਦੇ ਠੀਕ ਹੋ ਜਾਂਦਾ। ਜਦੋਂ ਬਿਮਾਰ ਹੁੰਦਾ ਤਾਂ ਉਸ ਦੇ ਸਾਰੇ ਵਾਲ ਝੜ ਜਾਂਦੇ ਤੇ ਬਦਸੂਰਤ ਦਿਖਾਈ ਦਿੰਦਾ। ਜਦੋਂ ਉਹ ਠੀਕ ਹੁੰਦਾ ਤਾਂ ਸਾਰੇ ਘਰ ਦੇ 'ਸਾਡਾ ਟਾਮੀ ; 'ਸਾਡਾ ਟਾਮੀ' ਕਹਿੰਦੇ ਫਿਰਦੇ, ਪਰ ਬਿਮਾਰ ਹੋਣ ਤੇ ਸਾਰੇ ਉਸ ਨੂੰ 'ਜਿੱਲੀ ਦਾ ਪਿੱਲਾ' ਕਹਿੰਦੇ।

ਜਿੱਲੀ ਬੋਲੀ, "ਮੈਂ ਪਤਾ ਕੀਤਾ ਹੈ ਕਿ ਅੱਧੀ ਟਿਕਟ ਵਿਚ ਕੁੱਤੇ ਨੂੰ ਵੀ ਗੱਡੀ ਵਿਚ ਲਿਜਾ ਸਕਦੇ ਹਾਂ। "ਉਹਦੀ ਗੱਲ ਸੁਣ ਕੇ ਸਾਰੇ ਹੱਸਣ ਲੱਗ ਪਏ। ਜਿੱਲੀ ਨੇ ਗੁੱਸੇ ਵਿਚ ਕਿਹਾ, "ਸਾਰੇ ਕਸ਼ਮੀਰ ਦੇਖਣਗੇ, ਟਾਮੀ ਨੇ ਕੀ ਕਸੂਰ ਕੀਤਾ ਹੈ ਕਿ ਉਹ ਨਾਲ ਨਹੀਂ ਜਾਏਗਾ ? "ਉਸ ਦੀ ਗੱਲ ਨੂੰ ਅਣਸੁਣਿਆ ਕਰਕੇ ਅਮਰੇਸ਼ ਬਾਬੂ ਬੋਲੇ, "ਤਾਂ ਫੇਰ ਅਗਲੇ ਮਹੀਨੇ ਦੀ ਪਹਿਲੀ ਤਰੀਕ ਨੂੰ ਟਿਕਟ ਲੈ ਆਉਂਦਾ ਹਾਂ। ਤੂੰ ਲਿੱਲੀ ਨੂੰ ਚਿੱਠੀ ਲਿਖ ਦੇ, ਤਾਂ ਜੋ ਉਸ ਵੇਲੇ ਤੇਰੇ ਲਈ ਕੋਈ ਅੜਿੱਕਾ ਨਾ ਬਣੇ।"

ਉਸ ਦਿਨ ਸ਼ਾਮ ਨੂੰ ਦਫ਼ਤਰ ਤੋਂ ਘਰ ਪਹੁੰਚ ਕੇ ਦਰਵਾਜ਼ਾ ਖੜਕਾਉਂਦਿਆਂ ਜੇਬ ਵਿੱਚੋਂ ਟਿਕਟ ਕੱਢ ਕੇ ਹੱਥ ਵਿਚ ਰੱਖ ਲਈਆਂ। ਜਿੱਲੀ ਨੇ ਦਰਵਾਜ਼ਾ ਖੋਲ੍ਹਿਆ। ਅਮਰੇਸ਼ ਬਾਬੂ ਨੇ ਕਿਹਾ, "ਕਿੱਥੇ ਗਏ ਸਾਰੇ ?"

ਜਿੱਲੀ ਨੇ ਕਿਹਾ, "ਮਾਂ ਡਾਕਟਰ ਕੋਲ ਗਈ ਹੈ।"

"ਕਿਉਂ ; ਉਸ ਨੂੰ ਕੀ ਹੋ ਗਿਆ?" ਅਮਰੇਸ਼ ਬਾਬੂ ਨੇ ਪੁੱਛਿਆ।

ਜਿੱਲੀ ਨੇ ਕਿਹਾ, "ਅੱਜ ਲਿੱਲੀ ਦੀਦੀ ਦੀ ਚਿੱਠੀ ਆਈ ਹੈ ਕਿ ਉਸ ਦਾ ਬੱਚਾ ਠੀਕ ਨਹੀਂ ਹੈ। ਉਸ ਚਿੱਠੀ ਨੂੰ ਲੈ ਕੇ ਮਾਂ ਡਾਕਟਰ ਕੋਲ ਕੁੱਝ ਪੁੱਛਣ ਗਈ ਹੈ।"

"ਭਲਾ ਚਿੱਠੀ ਤੋਂ ਡਾਕਟਰ ਕੀ ਸਮਝੇਗਾ ?"

ਜਿੱਲੀ ਨੇ ਕਿਹਾ, "ਕਿਉਂ ਨਹੀਂ ਸਮਝੇਗਾ ? ਉਸ ਵਾਰੀ ਟਾਮੀ ਦੀ ਤਬੀਅਤ ਬਾਰੇ ਆਪਣੇ ਡੰਗਰ-ਡਾਕਟਰ ਨੂੰ ਲਿਖਿਆ ਸੀ ਤੇ ਉਸ ਨੇ ਵੀ ਚਿੱਠੀ ਪੜ੍ਹ ਕੇ ਦਵਾਈ ਦਿੱਤੀ ਸੀ। "ਅਮਰੇਸ਼ ਬਾਬੂ ਖਿੱਝਦੇ ਹੋਏ ਬੋਲੇ," ਰੋਮੂ ਕਿੱਥੇ ਗਿਆ ?" ਜਿੱਲੀ ਨੇ ਕਿਹਾ, "ਉਹ ਆਪਣਾ ਟੇਪ ਰਿਕਾਰਡਰ ਠੀਕ ਕਰਵਾਉਣ ਗਿਆ।"

ਅਮਰੇਸ਼ ਬਾਬੂ ਹੱਥ ਵਿਚ ਪੰਜੇ ਟਿਕਟਾਂ ਫੜੀ ਉਨ੍ਹਾਂ ਨੂੰ ਸਾਂਭ ਕੇ ਰੱਖਣ ਲਈ ਥਾਂ ਲੱਭਣ ਲੱਗੇ। ਪਹਿਲਾਂ ਮੇਜ਼ਪੋਸ਼ ਦੇ ਥੱਲੇ ਰੱਖ ਦਿੱਤੀਆਂ। ਜਿੱਲੀ ਨੇ ਕਿਹਾ, “ਟਾਮੀ ਹਰ ਵੇਲੇ ਉਸ ਮੇਜ਼ਪੋਸ਼ ਨੂੰ ਖਿੱਚਦਾ ਰਹਿੰਦੈ। ਜੇ ਤੁਹਾਡੀਆਂ ਟਿਕਟਾਂ ਨੂੰ ਕੁੱਝ ਹੋ ਗਿਆ ਤਾਂ ਮੈਨੂੰ ਨਾ ਕਹਿਣਾ ਕੁੱਝ। “ਉਥੋਂ ਟਿਕਟਾਂ ਚੁੱਕ ਕੇ ਅਮਰੇਸ਼ ਬਾਬੂ ਰਸੋਈ ਦੀ ਖਿੜਕੀ ਵੱਲ ਗਏ। ਉਨ੍ਹਾਂ ਨੂੰ ਇਕਦਮ ਯਾਦ ਆਇਆ ਕਿ ਉਥੋਂ ਉਨ੍ਹਾਂ ਦੇ ਚਸ਼ਮੇ ਦੀ ਪਰਚੀ ਨੂੰ ਚੁੱਕ ਕੇ ਉਨ੍ਹਾਂ ਦੀ ਪਤਨੀ ਨੇ ਸਾੜ ਦਿੱਤਾ ਸੀ। ਉਥੋਂ ਪਿੱਛੇ ਹਟ ਕੇ ਉਹ ਏਧਰ-ਓਧਰ ਘੁੰਸਣ ਲੱਗੇ, ਤੇ ਫੇਰ ਰੋਮੂ ਦੇ ਕਮਰੇ ਵਿਚ ਆਏ। ਉਨ੍ਹਾਂ ਦੇ ਪਿੱਛੇ ਪਿੱਛੇ ਜਿੱਲੀ ਤੇ ਟਾਮੀ ਵੀ ਅੰਦਰ ਆ ਵੜੇ। ਪੂਰਾ ਕਮਰਾ ਰੋਮੂ ਦਾ ਸੀ ਅਤੇ ਉਸ ਕਮਰੇ ਵਿਚ ਰੋਮੂ ਦਾ ਰੇਡੀਓ, ਸਟੀਰੀਓ, ਆਦਿ ਸਜੇ ਪਏ ਸਨ। ਅਮਰੇਸ਼ ਬਾਬੂ ਰਿਕਾਰਡ ਪਲੇਅਰ ਚੁੱਕ ਕੇ ਉਸ ਦੇ ਥੱਲੇ ਟਿਕਟਾਂ ਰੱਖਦਿਆਂ ਬੋਲੇ, "ਏਥੇ ਤੇ ਨਹੀਂ ਪਹੁੰਚੇਗਾ ਟਾਮੀ ?" ਟਾਮੀ ਵਾਸਤੇ ਇਹ ਲਾ ਕੇ ਕਹੀ ਗੱਲ ਜਿੱਲੀ ਨੂੰ ਚੰਗੀ ਨਹੀਂ ਲੱਗੀ। ਉਸ ਨੇ ਪਿਤਾ ਜੀ ਨੂੰ ਮੋੜਵਾਂ ਉੱਤਰ ਦਿੱਤਾ, "ਤੁਸੀਂ ਵੀਰ ਦੀਆਂ ਚੀਜ਼ਾਂ ਨੂੰ ਹੱਥ ਕਿਉਂ ਲਾ ਰਹੇ ਓ ? ਜਦੋਂ ਉਹ ਆਉਣਗੇ ਤਾਂ ਮੈਂ ਕਹਾਂਗੀ ਕਿ ਤੁਸੀਂ ਉਨਾਂ ਦੇ ਕਮਰੇ ਵਿਚ ਵੜੇ ਸੀ।” ਬੜਾ ਹਿਚਕਿਚਾ ਕੇ ਅਮਰੇਸ਼ ਬਾਬੂ ਨੇ ਟਿਕਟਾਂ ਕੱਢ ਕੇ ਫੇਰ ਜੇਬ ਵਿਚ ਰੱਖ ਲਈਆਂ ਤੇ ਬਰਾਂਡੇ ਵਿਚ ਆ ਕੇ ਬੈਠ ਗਏ।

ਰੋਮੂ ਦੇ ਕਮਰੇ ਵੱਲ ਦੇਖ ਕੇ ਅਮਰੇਸ਼ ਬਾਬੂ ਨੇ ਲੰਬਾ ਸਾਹ ਲਿਆ। ਪੜ੍ਹਾਈ-ਲਿਖਾਈ ਦਾ ਨਾਮ ਨਹੀਂ ; ਜਦੋਂ ਦੇਖੋ ਗਾਣਾ-ਵਜਾਣਾ। ਜਿੱਥੇ ਕਿਤੇ ਵੀ ਕੋਈ ਸੰਗੀਤ ਦਾ ਪ੍ਰੋਗਰਾਮ ਹੁੰਦਾ ਹੈ, ਰੋਮੂ ਗਾਣਾ ਗਾ ਕੇ, ਵਾਜਾ-ਵਜਾ ਕੇ ਪੈਸੇ ਵੀ ਕਮਾਉਂਦਾ ਹੈ ਅਤੇ ਉਨ੍ਹਾਂ ਪੈਸਿਆਂ ਦੇ ਰਿਕਾਰਡ-ਕੈਸਟਾਂ ਵੀ ਖ਼ਰੀਦਦਾ ਹੈ। ਉਹ ਇਸੇ ਵਿਚ ਦਿਨ ਰਾਤ ਜੁਟਿਆ ਰਹਿੰਦਾ ਹੈ। ਹਰ ਰੋਜ਼ ਕਿਸੇ ਨਾ ਕਿਸੇ ਕੰਮ ਵਿਚ ਲੱਗਾ ਰਹਿੰਦਾ ਹੈ ਉਹ। ਟੇਪ-ਰਿਕਾਰਡਰ ਠੀਕ ਕਰਾਉਣ ਬਜ਼ਾਰ ਲੈ ਜਾਂਦਾ ਹੈ, ਜਾਂ ਫਿਰ ਕਾਰੀਗਰ ਨੂੰ ਘਰ ਬੁਲਾ ਕੇ ਆਪਣੀਆਂ ਚੀਜ਼ਾਂ ਠੀਕ ਕਰਵਾਉਂਦਾ ਹੈ। ਇਨ੍ਹਾਂ ਪੁਰਜ਼ਿਆਂ ਦੀ ਜ਼ਿੰਮੇਵਾਰੀ ਵੀ ਘੱਟ ਨਹੀਂ। ਉਨ੍ਹਾਂ ਦੀ ਜਿਹੜੀ ਪੁਰਾਣੀ ਗੱਡੀ ਸੀ, ਛੁੱਟੀ ਵਾਲੇ ਦਿਨ ਉਸ ਨਾਲ ਸਵੇਰੇ-ਸ਼ਾਮ ਜੁਟੇ ਰਹਿਣਾ ਪੈਂਦਾ ਸੀ | ਅੱਧਾ ਦਿਨ ਗੈਰੇਜ ਵਿਚ ਰਹਿਣਾ ਪੈਂਦਾ ਸੀ। ਪੈਸੇ ਤਾਂ ਜਿਹੜੇ ਲੱਗਦੇ ਸਨ ਸੋ ਤਾਂ ਲੱਗਣੇ ਹੀ ਸਨ। ਗੱਡੀ ਵਿਚ ਰੁੱਝੇ ਰਹਿਣ ਦੇ ਕਾਰਨ ਬਗੀਚੇ ਵਿਚ ਕੰਮ ਕਰਨ ਲਈ ਵਕਤ ਨਹੀਂ ਸੀ ਮਿਲਦਾ। ਪਰੇਸ਼ਾਨ ਹੋ ਕੇ ਅਖ਼ੀਰ ਉਨ੍ਹਾਂ ਨੇ ਗੱਡੀ ਵੇਚ ਦਿੱਤੀ। ਉਸੇ ਤਰ੍ਹਾਂ

ਰੋਮੂ ਵੀ ਆਪਣਾ ਸਾਰਾ ਵਕਤ ਸਾਜ਼ ਤੇ ਆਵਾਜ਼ ਦੇ ਕਲ-ਪੁਰਜ਼ਿਆਂ ਵਿਚ ਹੀ ਬਿਤਾ ਦੇਂਦਾ ਸੀ।

ਪਤਨੀ ਦੇ ਘਰ ਪਹੁੰਚਦਿਆਂ ਹੀ ਅਮਰੇਸ਼ ਬਾਬੂ ਨੇ ਕਿਹਾ, "ਅੱਜ ਮੈਂ ਟਿਕਟਾਂ ਬਣਵਾ ਲਿਆਇਆਂ।" ਉਨ੍ਹਾਂ ਦੀ ਗੱਲ ਅਣਸੁਣੀ ਕਰਦਿਆਂ ਪਤਨੀ ਨੇ ਕਿਹਾ, "ਅੱਜ ਲਿਲੀ ਦੀ ਚਿੱਠੀ ਆਈ ਐ।" ਅਮਰੇਸ਼ ਬਾਬੂ ਨੇ ਕਿਹਾ, "ਲੈ, ਇਨ੍ਹਾਂ ਟਿਕਟਾਂ ਨੂੰ ਕਿਤੇ ਚੰਗੀ ਥਾਂ ਸਾਂਭ ਕੇ ਰੱਖ ਦੇ। ਆਪਣੀਆਂ ਕੱਜੀਆਂ-ਢੱਕੀਆਂ ਗੱਲਾਂ ਨਿਸ਼ਾਨਾ ਖੁੰਝਾਉਂਦੀਆਂ ਵੇਖ ਕੇ ਇਸ ਵਾਰੀ ਪਤਨੀ ਨੇ ਸਿੱਧਾ ਹੀ ਕਹਿ ਦਿੱਤਾ, "ਲਿੱਲੀ ਦੇ ਬੱਚੇ ਦੀ ਤਬੀਅਤ ਖ਼ਰਾਬ ਐ।" ਅਮਰੇਸ਼ ਬਾਬੂ ਨੇ ਕਿਹਾ, "ਤੂੰ ਡਾਕਟਰ ਕੋਲ ਗਈ ਤਾਂ ਸੀ, ਕੀ ਦੱਸਿਆ ਉਹਨੇ ?" ਪਤਨੀ ਗੁੱਸੇ ਵਿਚ ਬੋਲੀ, "ਤੁਹਾਡਾ ਇਹ ਡਾਕਟਰ ਕਿਸੇ ਕੰਮ ਦਾ ਨਹੀਂ। ਤੁਹਾਡਾ ਦੋਸਤ ਹੈ, ਬਸ ਏਸੇ ਲਈ ਉਸ ਕੋਲ ਜਾਣਾ ਪੈਂਦੈ। ਤਿੰਨ ਦਿਨਾਂ ਤੋਂ ਬੱਚੇ ਨੂੰ ਬੁਖ਼ਾਰ ਐ। ਕਹਿੰਦੇ ਨੇ, ਘਬਰਾਣ ਦੀ ਲੋੜ ਨਹੀਂ। ਤੁਸੀਂ ਜ਼ਰਾ ਉਸ ਨੂੰ ਟੈਲੀਫ਼ੋਨ ਕਰੋ। ਪਤਨੀ ਦੇ ਹੱਥੋਂ ਚਿੱਠੀ ਫੜਦਿਆਂ ਅਮਰੇਸ਼ ਬਾਬੂ ਨੇ ਕਿਹਾ, "ਇਹ ਤੇ ਸੱਤ ਦਿਨ ਪਹਿਲਾਂ ਦੀ ਚਿੱਠੀ ਐ। ਹੁਣ ਤਕ ਉਹ ਠੀਕ ਵੀ ਹੋ ਚੁੱਕਾ ਹੋਵੇਗਾ। "ਪਤਨੀ ਬੋਲੀ, "ਤੁਹਾਨੂੰ ਕਿਵੇਂ ਪਤੈ ? ਤੁਸੀਂ ਕਦੇ ਬੇਟੀ ਦੀ ਖ਼ਬਰ-ਸਾਰ ਲਈ ਵੀ ਐ? ਕੱਲ੍ਹ ਹਰ ਹਾਲਤ ਵਿਚ ਉਸ ਨੂੰ ਫ਼ੋਨ ਕਰਿਓ।" ਅਮਰੇਸ਼ ਬਾਬੂ ਨੇ ਕਿਹਾ, "ਵੇਖੀਂ; ਟਿਕਟਾਂ ਚਿੱਠੀ ਦੇ ਨਾਲ ਨਾ ਰੱਖ ਬੈਠੀ : ਕਿਤੇ ਗੰਮ ਨਾ ਹੋ ਜਾਣ। ਪਤਾ ਈ ਨਾ, ਮੇਰੇ ਚਪੜਾਸੀ ਨੇ ਅਗਲੇ ਮਹੀਨੇ ਤੋਂ ਛੁੱਟੀ ਦੀ ਅਰਜ਼ੀ ਦਿੱਤੀ ਸੀ।" ਅਲਗਰਜ਼ੀ ਜਿਹੀ ਨਾਲ ਪਤਨੀ ਨੇ ਪੁੱਛਿਆ, "ਕਿਉਂ ?" ਅਮਰੇਸ਼ ਬਾਬੂ ਬੋਲੇ, "ਲੜਕੀ ਦੇ ਵਿਆਹ ਲਈ। ਮੈਂ ਨਾਂਹ ਕਰ ਦਿੱਤੀ।"

ਜਦੋਂ ਪਤਨੀ ਨੇ ਉਸ ਦੀ ਗੱਲ ਅਣਸੁਣੀ ਕਰਦਿਆਂ ਉਸ ਦੇ ਹੱਥੋਂ ਟਿਕਟਾਂ ਨਾ ਫੜੀਆਂ ਤਾਂ ਅਮਰੇਸ਼ ਬਾਬੂ ਅੰਦਰ ਹੀ ਅੰਦਰ ਰਿੱਝਦੇ ਚੁੱਪ ਬੈਠੇ ਰਹੇ। ਉਨ੍ਹਾਂ ਨੇ ਤੈਅ ਕੀਤਾ ਕਿ ਉਹ ਟਿਕਟਾਂ ਸਾਂਭ ਕੇ ਰੱਖਣ ਲਈ ਮਿੱਲੀ ਨੂੰ ਦੇਣਗੇ ਕਿਉਂਕਿ ਸਾਰੇ ਬੱਚਿਆਂ ਵਿੱਚੋਂ ਮਿੱਲੀ ਹੀ ਸ਼ਾਂਤ-ਸੁਭਾਅ ਧੀਰ, ਸਥਿਰ ਅਤੇ ਜ਼ਿੰਮੇਵਾਰ ਹੈ। ਉਹ ਮਿੱਲੀ ਬਾਰੇ ਪੱਛਣ ਵੀ ਵਾਲੇ ਸਨ ਕਿ ਮਿੱਲੀ ਆ ਪਹੁੰਚੀ। ਉਸ ਨੂੰ ਟਿਕਟਾਂ ਫੜਾਉਂਦਿਆਂ ਅਮਰੇਸ਼ ਬਾਬੂ ਨੇ ਕਿਹਾ,

"ਸੰਭਾਲ ਕੇ ਰੱਖੀਂ। ਜਾਣ ਤੋਂ ਇੱਕ-ਦੋ ਦਿਨ ਪਹਿਲਾਂ ਰੀਜ਼ਰਵੇਸ਼ਨ ਬਾਰੇ ਪਤਾ ਕਰਨਾ ਪਵੇਗਾ।" ਜਿੱਲੀ ਬੋਲੀ, "ਟਾਮੀ ਦੀ ਟਿਕਟ ਮੈਨੂੰ ਦੇ ਦੇ।" ਮਿੱਲੀ ਉਸ ਦੀ ਗੱਲ ਅਣਸੁਣੀ ਕਰਕੇ ਉਥੋਂ ਚੱਲ ਪਈ। ਜਿੱਲੀ ਉਸ ਦੇ ਪਿੱਛੇ-ਪਿੱਛੇ ਚੱਲ ਪਈ ਤੇ ਬੋਲੀ, "ਟਾਂਮੀ ਦੀ ਟਿਕਟ ਗਵਾਈ ਨਾ।" ਮਿੱਲੀ ਨੇ ਕਿਹਾ, "ਟਾਮੀ ਦੀ ਕਿਹੜੀ ਟਿਕਟ ?" ਜਿੱਲੀ ਨੇ ਕਿਹਾ, "ਅੱਧੀ ਟਿਕਟ।" ਮਿੱਲੀ ਨੇ ਦੱਸਿਆ, "ਅੱਧੀ ਟਿਕਟ ਤਾਂ 'ਤੇਰੀ ਐ।" ਜਿੱਲੀ ਉਦਾਸ ਹੋ ਗਈ। ਉਸ ਨੇ ਕਿਹਾ, "ਤਾਂ ਫੇਰ ਮੈਂ ਨਹੀਂ ਜਾਵਾਂਗੀ।" ਮਿੱਲ ਨੇ ਕਿਹਾ, "ਕੁੱਤੇ ਨੂੰ ਭਜਾ ਦੇ। ਜਿਹੜੇ ਰਾਹ ਉੱਤੇ ਚੱਲ ਕੇ ਆ ਗਿਆ ਸੀ, ਉਸੇ ਰਾਹ ਉੱਤੇ ਚਲਾ ਜਾਏਗਾ।" ਇਹ ਸੁਣ ਕੇ ਉਸ ਨੂੰ ਮਾਰਨ ਨੂੰ ਪਈ ਤੇ ਨਾਲੇ ਰੋਣ ਵੀ ਲੱਗ ਪਈ।

ਦੂਜੇ ਦਿਨ ਸ਼ਾਮੀਂ ਦਫ਼ਤਰੋਂ ਘਰ ਪਹੁੰਚ ਕੇ, ਅਮਰੇਸ਼ ਬਾਬੂ ਨੇ ਸਾਰਿਆਂ ਵੱਲ ਮੂੰਹ ਕਰ ਕੇ ਕਿਹਾ, "ਜਿਸ ਨੇ ਨਹੀਂ ਜਾਣਾ ਉਹ ਪਹਿਲਾਂ ਈ ਦੱਸ ਦੇਵੇ, ਦੇਰ ਨਾਲ ਟਿਕਟ ਵਾਪਸ ਕਰੀਏ ਤਾਂ ਪੈਸੇ ਕੱਟੇ ਜਾਂਦੇ ਨੇ। ਰੋਮੂ ਨੇ ਕਿਹਾ, "ਮੈਂ ਤੁਹਾਨੂੰ ਕੱਲ੍ਹ ਦੱਸਾਂਗਾ।" ਅਮਰੇਸ਼ ਬਾਬੂ ਬੋਲੇ, "ਤੇਰਾ ਕਾਲਜ ਤਾਂ ਬੰਦ ਐ।" ਰੋਮੂ ਨੇ ਕਿਹਾ, ਅਗਲੇ ਮਹੀਨੇ ਏਥੇ ਬੜਾ ਵੱਡਾ ਫ਼ੈਕਸ਼ਨ ਹੋਣ ਵਾਲੈ। ਤਾਰੀਖ਼ ਤੇ ਨਹੀਂ ਹੋਈ। ਮੇਰੀ ਟਿਕਟ ਮੈਨੂੰ ਦੇ ਦੇਣਾ। ਨਾ ਗਿਆ ਤਾਂ ਤੁਹਾਨੂੰ ਪੂਰੇ ਪੈਸੇ ਦੇ ਦਿਆਂਗਾ। "ਪਤਨੀ ਨੇ ਬਾਹਰੋਂ ਆਉਂਦਿਆਂ ਹੀ ਅਮਰੇਸ਼ ਬਾਬੂ ਨੂੰ ਕਿਹਾ, "ਤੇਰਾ ਜਾਣਾ ਤਾਂ ਪੱਕੈ ਕਿ ਅਜੇ ਨਹੀਂ ? "ਪਤਨੀ ਨੇ ਮੱਥੇ ਉੱਤੇ ਵੱਟ ਪਾ ਕੇ ਬੋਲੀ, "ਤੁਸੀਂ ਅੱਜ ਫ਼ੋਨ ਕੀਤਾ ਸੀ? ਬੱਚੇ ਦੀ ਤਬੀਅਤ ਦੀ ਕੋਈ ਚਿੰਤਾ ਨਹੀਂ, ਇਨ੍ਹਾਂ ਨੂੰ ਬਸ ਜਾਣ ਦੀ ਪਈ ਹੋਈ ਹੈ। ਵਾਪਸੀ ਉੱਤੇ ਟੈਲੀਫ਼ੋਨ ਵਾਲੀ ਗੱਲ ਭੁੱਲ ਕੇ, ਅਮਰੇਸ਼ ਬਾਬੂ ਸਿੱਧੇ ਨਰਸਰੀ ਚਲੇ ਗਏ ਸਨ। ਏਸ ਲਈ ਪਤਨੀ ਦੀ ਤਸੱਲੀ ਲਈ ਐਵੇਂ ਝੂਠ-ਮੂਠ ਕਹਿ ਦਿੱਤਾ, "ਕਾਫ਼ੀ ਕੋਸ਼ਿਸ਼ ਕਰਨ ਦੇ ਬਾਵਜੂਦ ਲਾਈਨ ਨਹੀਂ ਸੀ ਮਿਲੀ। ਕੱਲ੍ਹ ਸਵੇਰੇ ਫੇਰ ਵੇਖਾਂਗਾ।" ਪਤਨੀ ਬੋਲੀ, "ਬੱਚੇ ਦੀ ਤਬੀਅਤ ਦਾ ਪਤਾ ਲੱਗਣ ਤੋਂ ਬਾਅਦ ਈ ਮੇਰੇ ਕੋਲੋਂ ਜਾਣ ਬਾਰੇ ਪੁੱਛਿਓ।" ਜਿਵੇਂ ਆਪਣੇ ਆਪ ਨੂੰ ਦੱਸ ਰਿਹਾ ਹੋਵੇ, ਅਮਰੇਸ਼ ਬਾਬੂ ਨੇ ਕਿਹਾ, "ਉਹ ਚਪੜਾਸੀ ਵੀ ਛੁੱਟੀ ਲਈ ਪਿੱਛੇ ਪਿਆ ਹੋਇਐ। ਬੌਸ ਕੋਲ ਗਿਆ ਸੀ ਛੁੱਟੀ ਦੀ

ਅਰਜ਼ੀ ਲੈ ਕੇ ਕੱਲ੍ਹ ਈ ਸਵੇਰੇ ਉਸ ਦਾ ਵੀ ਫ਼ੈਸਲਾ ਹੋ ਜਾਣੈ।"। ਇਸ ਗੱਲ ਦੀ ਕੰਨੀ ਫੜ ਕੇ ਪਤਨੀ ਕੁੱਝ ਕਹਿਣ ਹੀ ਵਾਲੀ ਸੀ ਕਿ ਅਮਰੇਸ਼ ਬਾਬੂ ਬਗੀਚੇ ਵੱਲ ਚਲੇ ਗਏ।

ਜਿਉਂ ਜਿਉਂ ਜਾਣ ਦਾ ਦਿਨ ਨੇੜੇ ਆਉਂਦਾ ਗਿਆ, ਤਿਉਂ ਤਿਉਂ ਜਿੱਲੀ ਜ਼ਿਆਦਾ ਪਰੇਸ਼ਾਨ ਰਹਿਣ ਲਗ ਪਈ, ਕਿਉਂਕਿ ਉਹ ਸੈਰ ਕਰਨ ਜਾਣਾ ਚਾਹੁੰਦੀ ਸੀ, ਪਰ ਇਹ ਗੱਲ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਟਾਮੀ ਦਾ ਕੀ ਕਰੇ। ਇੱਕ ਦਿਨ ਗਾਣਾ ਸੁਣਨ ਦੇ ਬਹਾਨੇ ਉਹ ਰੋਮ ਦੇ ਕਮਰੇ ਵਿਚ ਗਈ ਤੇ ਬੋਲੀ, "ਏਸ ਸਾਲ ਦੀ ਥਾਂ ਜੇ ਅਗਲੇ ਸਾਲ ਕਸ਼ਮੀਰ ਜਾਈਏ ਤਾਂ ਕਿਵੇਂ ਰਹੇ? ਉਦੋਂ ਤਕ ਟਾਮੀ ਵੀ ਵੱਡਾ ਹੋ ਜਾਏਗਾ। ਕਿਤੇ ਵੀ ਰਹਿ ਜਾਏਗਾ।"ਰੋਮ ਨੇ ਕਿਹਾ, "ਕੌਣ ਕਿੱਥੇ ਜਾ ਰਿਹੈ? ਤੂੰ ਏਨੀ ਪਰੇਸ਼ਾਨ ਕਿਉਂ ਹੋ ਰਹੀ ਐਂ। ਭਲਾ ਉਸ ਨੂੰ ਛੱਡ ਕੇ ਮੈਂ ਕਿੱਥੇ ਜਾਵਾਂਗਾ? ਵੇਖੀਏ, ਅਖ਼ੀਰ ਵਿਚ ਪਿਤਾ ਜੀ ਵੀ ਨਿਕਲਦੇ ਨੇ ਕਿ ਨਹੀਂ।"

ਅਗਲੇ ਦਿਨ ਰਾਤ ਨੂੰ ਰੋਟੀ ਵੇਲੇ ਪਤਨੀ ਨੇ ਕਿਹਾ, "ਤੁਸੀਂ ਗਰਮੀਆਂ ਵਿਚ ਜਾਣ ਲਈ ਟਿਕਟਾਂ ਕਿਉਂ ਲਈਆਂ? "ਅਮਰੇਸ਼ ਬਾਬੂ ਬੋਲੇ, "ਕਿਉਂ ਹੁਣ ਤੈਨੂੰ ਕਾਹਦੀ ਪਰੇਸ਼ਾਨੀ ਐ?" ਪਤਨੀ ਨੇ ਕਿਹਾ; "ਗਰਮੀਆਂ ਵਿਚ ਲਿੱਲੀ ਨੂੰ ਛੁੱਟੀਆਂ ਹੁੰਦੀਆਂ ਨੇ। ਏਨੀ ਵਾਰੀ ਕਹਿਣ ਉੱਤੇ ਵੀ ਤੁਸੀਂ ਉਸ ਨੂੰ ਫ਼ੋਨ ਨਹੀਂ ਕੀਤਾ। ਮੈਂ ਉਸ ਨੂੰ ਫ਼ੋਨ ਕੀਤਾ ਸੀ। ਅਮਰੇਸ਼ ਬਾਬੂ ਨੇ ਪੁੱਛਿਆ, "ਤਾਂ ਕੀ ਤੂੰ ਲਿੱਲੀ ਕੋਲ ਜਾਏਂਗੀ? ਮੈਨੂੰ ਪਤਾ ਸੀ ਕਿ ਅਖ਼ੀਰ ਤੂੰ ਕਿਸੇ ਨਾ ਕਿਸੇ ਬਹਾਨੇ ਜਾਣਾ ਟਾਲ ਈ ਦਏਂਗੀ। " ਪਤਨੀ ਨੇ ਕਿਹਾ, "ਗਰਮੀਆਂ ਵਿਚ ਤੁਹਾਡੇ ਬੂਟਿਆਂ ਦੀ ਦੇਖ-ਭਾਲ ਕੌਣ ਕਰੇਗਾ? ਅਮਰੇਸ਼ ਬਾਬੂ ਨੇ ਕਿਹਾ, “ਮੇਰੇ ਚਪੜਾਸੀ ਦੀ ਛੁੱਟੀ ਮਨਜ਼ੂਰ ਹੋ ਗਈ ਐ। ਪਰ ਮੈਂ ਕਿਸੇ ਹੋਰ ਨਾਲ ਗੱਲ ਕਰ ਰਿਹਾਂ। ਉਸ ਦਾ ਆਪਣਾ ਬਗੀਚੈ। ਪਰ ਗਰਮੀਆਂ ਵਿਚ ਰੇਲ ਦਾ ਸਫ਼ਰ ਹੁੰਦਾ ਬੜਾ ਔਖੈ।

"ਲਿੱਲੀ ਕਹਿ ਰਹੀ ਸੀ ਜੇ ਅਸੀਂ ਛੁੱਟੀਆਂ ਵਿਚ ਕਿਤੇ ਨਾ ਗਏ ਤਾਂ ਉਹ ਏਥੇ ਆਏਗੀ। ਅਸੀਂ ਅਗਲੇ ਮਹੀਨੇ ਨਾ ਜਾ ਕੇ ਫੇਰ ਪੂਜਾ ਜਾਂ ਕਿਸੇ ਹੋਰ ਮੌਕੇ ਚੱਲੀਏ ਤਾਂ ਕੀ ਖ਼ਿਆਲ ਐ ?"

ਉਂਜ ਤਾਂ ਏਸ ਸਾਲ ਦਸੰਬਰ ਤੱਕ ਜਾ ਸਕਦੇ ਆਂ। ਪਰ ਟਿਕਟ ਬਣ ਚੁੱਕੇ ਨੇ.... " " ਕੱਟਣ ਦਿਓ ਜਿੰਨੇ ਪੈਸੇ ਕੱਟਦੇ ਨੇ। ਪਹਿਲਾਂ ਬੱਚੇ ਨੇ ਕਿ ਕਸ਼ਮੀਰ ਦੀ ਸੈਰ?" ਪਤਨੀ ਨੇ ਕਿਹਾ।

ਏਨੇ ਵਿਚ ਰੋਮੂ ਆ ਪਹੁੰਚਿਆ। ਅਮਰੇਸ਼ ਬਾਬੂ ਨੇ ਉਸ ਨੂੰ ਪੁੱਛਿਆ, "ਹੁਣ ਤੇਰੇ ਜਾਣ ਦਾ ਕੀ ਬਣਿਆ ? ਤੁਸੀਂ ਨਹੀਂ ਜਾਓਗੇ ਤਾਂ ਕੀ ਅਸੀਂ ਇਕੱਲੇ ਜਾਵਾਂਗੇ? ਸਭ ਦਾ ਜਾਣਾ ਬੰਦ ਹੋ ਜਾਏਗਾ। ਕੋਈ ਨਹੀਂ ਜਾਏਗਾ। "ਰੋਮੂ ਨੂੰ ਪਤਾ ਲੱਗ ਗਿਆ ਕਿ ਸਾਰੀ ਜ਼ਿੰਮੇਵਾਰੀ ਉਸ ਉੱਤੇ ਥੋਪੀ ਜਾ ਰਹੀ ਐ। ਉਸ ਨੇ ਕਿਹਾ, "ਮੈਂ ਤੇ ਤਿਆਰ ਆਂ। ਜਦੋਂ ਕਹੋਗੇ ਚੱਲ ਪਵਾਂਗਾ। "ਰੋਮੂ ਨੇ ਸਿਰ ਦੋਸ਼ ਥੱਪਣ ਵਿਚ ਅਸਫ਼ਲ ਹੋ ਜਾਣ ਕਰਕੇ ਅਮਰੇਸ਼ ਬਾਬੂ ਨੇ ਜਿੱਲੀ ਤੋਂ ਪੁੱਛਿਆ, "ਤੂੰ ਚੱਲੇਂਗੀ ਕਿ ਕੁੱਤੇ ਨਾਲ ਏਥੇ ਹੀ ਰਹੇਂਗੀ।" ਵਿਚਾਰੀ ਨੰਨ੍ਹੀ ਜਿੱਲੀ ਪਿਤਾ ਦੇ ਇਸ ਪੇਚੀਦਾ ਸੁਆਲ ਨੂੰ ਸਮਝ ਨਹੀਂ ਸਕੀ। ਉਹ ਬੋਲੀ, "ਟਾਮੀ ਨਹੀਂ ਜਾਏਗਾ ਤਾਂ ਮੈਂ ਵੀ ਨਹੀਂ ਜਾਵਾਂਗੀ।"

ਇਸ ਵਾਰੀ ਅਮਰੇਸ਼ ਬਾਬੂ ਤੇ ਉਨ੍ਹਾਂ ਦੀ ਪਤਨੀ ਦੀ ਰਾਇ ਮਿਲ ਗਈ। ਅਗਲੇ ਮਹੀਨੇ ਨਾ ਸਹੀ, ਪੂਜਾ ਦੀਆਂ ਛੁੱਟੀਆਂ ਵਿੱਚ ਵੇਖੀ ਜਾਏਗੀ। ਮਿਲੀ, ਮੈਨੂੰ ਟਿਕਟਾਂ ਦੇਈਂ, ਮੈਂ ਕੱਲ੍ਹ ਮੋੜ ਆਵਾਂਗਾ।"

ਸਾਰੀ ਗੱਲ ਬਾਤ ਦੌਰਾਨ ਮਿਲੀ ਚੁੱਪ ਕਰ ਕੇ ਬੈਠੀ ਸੀ। ਪਰ ਸੈਰ ਦੇ ਟਲ ਜਾਣ ਉੱਤੇ ਉਹ ਸਾਰਿਆਂ ਤੋਂ ਵੱਧ ਖ਼ੁਸ਼ ਸੀ। ਜੇ ਸਾਰੇ ਕਸ਼ਮੀਰ ਜਾਣ ਲਈ ਤਿਆਰ ਹੁੰਦੇ ਤਾਂ ਉਸ ਨੂੰ ਨਾ ਜਾਣ ਲਈ ਝੂਠਾ ਬਹਾਨਾ ਘੜਨਾ ਪੈਂਦਾ। ਹੁਣ ਉਸ ਨੂੰ ਝੂਠਾ ਬਹਾਨਾ ਬਣਾਉਣ ਤੋਂ ਛੁਟਕਾਰਾ ਮਿਲ ਗਿਆ ਸੀ ਸੱਤ ਦਿਨ ਪਹਿਲਾਂ ਉਸ ਨੇ ਸਮੰਤ ਨੂੰ ਚਿੱਠੀ ਲਿਖੀ ਸੀ, ਅਜੇ ਤੱਕ ਉਸ ਦਾ ਜਵਾਬ ਨਹੀਂ ਸੀ ਆਇਆ। ਸੁਮੰਤ ਦੀ ਚਿੱਠੀ ਆਉਣ ਤੋਂ ਪਹਿਲਾਂ ਭਲਾ ਉਹ ਘਰ ਛੱਡ ਕੇ ਕਿਵੇਂ ਜਾ ਸਕਦੀ ਸੀ ?

*******

# ਚਰਿੱਤਰ

ਦਿਨ ਦਾ ਸਾਰਾ ਕੰਮ ਮੁਕਾ ਕੇ ਪ੍ਰਮੋਦ ਉਸ ਦਿਨ ਸ਼ਾਮੀਂ ਸੱਤ ਵਜੇ ਆਪਣੇ ਹੋਟਲ ਪਰਤਿਆ। ਉਹ ਦਿਨ ਉਸ ਲਈ ਸਫਲ ਰਿਹਾ ਸੀ। ਉਸ ਨੇ ਆਪਮੀ ਕੰਪਨੀ ਲਈ ਕਈ ਦਫ਼ਤਰ ਫਿਰ ਫਿਰਾ ਕੇ ਢੇਰ ਸਾਰੀਆਂ ਮਸ਼ੀਨਾਂ ਦੇ ਆਰਡਰ ਇਕੱਠੇ ਕਰ ਲਏ ਸਨ। ਇਸ ਲਈ ਉਸ ਨੂੰ ਕਈ ਤਰ੍ਹਾਂ ਦੇ ਉਪਾਵਾਂ ਦੀ ਮੱਦਦ ਲੈਣੀ ਪਈ ਸੀ, ਜਿਵੇਂ ਰਿਸ਼ਵਤ, ਝੂਠ, ਖ਼ੁਸ਼ਾਮਦ, ਆਦਿ। ਕਿੰਨੇ ਸਾਲਾਂ ਦੇ ਤਜਰਬੇ ਨਾਲ ਹੁਣ ਉਸ ਨੂੰ ਪਤਾ ਲੱਗ ਗਿਆ ਸੀ ਕਿ ਵਪਾਰ ਵਿਚ ਸਭ ਤੋਂ ਉੱਤਮ ਉਪਾਅ ਹੈ ਵੱਢੀ; ਕਿਉਂਕਿ ਪੈਸੇ ਦੇ ਚੁੱਕਣ ਤੋਂ ਬਾਅਦ ਰਿਸ਼ਵਤ ਦੇਣ ਤੇ ਲੈਣ ਵਾਲੇ ਵਿਚਕਾਰ ਇੱਕ ਅਣਲਿਖਿਆ ਇਕਰਾਰਨਾਮਾ ਤਿਆਰ ਹੋ ਜਾਂਦਾ ਹੈ ਤੇ ਇਸ ਤੋਂ ਬਾਅਦ ਕੰਮ ਬੜੀ ਅਸਾਨੀ ਨਾਲ ਹੋ ਜਾਂਦਾ ਹੈ। ਦੂਜੀ ਤਰ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਕਾਫੀ ਵਕਤ ਬਰਬਾਦ ਕਰਨਾ ਪੈਂਦਾ ਹੈ ਤੇ ਕੰਮ ਪੂਰਾ ਹੋ ਜਾਣ ਦੀ ਪੂਰੀ ਆਸ ਵੀ ਨਹੀਂ ਹੁੰਦੀ।

ਕੁਰਸੀ ਤੇ ਬੈਠ ਕੇ ਉਸ ਨੇ ਆਪਣੇ ਸਾਰੇ ਦਿਨ ਦਾ ਹਿਸਾਬ-ਕਿਤਾਬ ਕੀਤਾ। ਉਸ ਨੇ ਜਿੰਨੇ ਖ਼ਰਚੇ ਦਾ ਅਨੁਮਾਨ ਲਾਇਆ ਸੀ, ਉਸ ਤੋਂ ਕਾਫ਼ੀ ਘੱਟ ਵਿਚ ਕੰਮ ਬਣ ਗਿਆ ਸੀ। ਉਸ ਨੇ ਇਹ ਫ਼ੈਸਲਾ ਕੀਤਾ ਕਿ ਬਾਕੀ ਬਚਦੇ ਪੈਸੇ ਉਹ ਆਪਣੀ ਕੰਪਨੀ ਨੂੰ ਨਹੀਂ ਮੋੜੇਗਾ ਬਲਕਿ ਆਪਣੇ ਕੋਲ ਰੱਖੇਗਾ। ਇਸ ਉਲਟ ਫੇਰ ਤੋਂ ਉਹ ਜ਼ਰਾ ਵੀ ਪਰੇਸ਼ਾਨ ਨਹੀਂ ਸੀ। ਉਸ ਨੂੰ ਜਿਹੜੀ ਗੱਲ ਪਰੇਸ਼ਾਨ ਕਰ ਰਹੀ ਸੀ, ਉਹ ਇਹ ਸੀ ਕਿ ਉਸ ਨੇ ਆਪਣੀ ਕੰਪਨੀ ਦੀ ਇਕ ਵਿਰੋਧੀ ਕੰਪਨੀ ਨਾਲ ਵੀ ਗੱਲਬਾਤ ਛੇੜੀ ਹੋਈ ਸੀ ਤੇ ਉਸ ਨੂੰ ਵੀ ਮੱਦਦ ਦਾ ਅਸਿੱਧਾ ਬਚਨ ਦੇ ਚੁੱਕਾ ਸੀ। ਇਹ ਨੁਕਤਾ ਸੀ ਜੋ ਇਸ ਵੇਲੇ ਉਸ ਦੇ ਦਿਮਾਗ ਵਿਚ ਖਟਕ ਰਿਹਾ ਸੀ।

ਉਸ ਨੇ ਚਾਹ ਪੀਦਿਆਂ ਮਨ ਬਣਾਇਆ ਕਿ ਮੈਂ ਹੁਣ ਇਸ ਮਸਲੇ ਬਾਰੇ ਆਪਣਾ ਦਿਮਾਗ ਹੋਰ ਨਹੀਂ ਲੜਾਉਣਾ। ਉਸ ਦਾ ਦਿਨ ਵਧੀਆ ਬੀਤਿਆ ਸੀ, ਸੋ ਉਸ ਨੇ ਇਸ ਸ਼ਹਿਰ ਵਿਚ ਆਪਣੀ ਆਖ਼ਰੀ ਸ਼ਾਮ ਵੀ ਵਧੀਆ ਤਰੀਕੇ ਨਾਲ ਬਿਤਾਉਣ ਦਾ ਫ਼ੈਸਲਾ ਕੀਤਾ। ਅਗਲੇ ਦਿਨ ਸਵੇਰੇ ਬਜ਼ਾਰ ਜਾ ਕੇ ਬੀਵੀ-ਬੱਚਿਆਂ ਲਈ ਉਨ੍ਹਾਂ ਦੀਆਂ ਮੰਗੀਆਂ ਚੀਜ਼ਾਂ ਖਰੀਦਣ ਤੋਂ ਬਾਅਦ ਉਸ ਨੇ ਦੁਪਹਿਰ ਦੀ ਗੱਡੀ ਵੀ ਫੜਨੀ ਸੀ। ਇਹ ਫੈਸਲਾ ਕਰ

ਕੇ ਉਸ ਨੇ ਆਪਣੀ ਟੈਲੀਫ਼ੋਨਾਂ ਵਾਲੀ ਛੋਟੀ-ਜਿਹੀ ਡਾਇਰੀ ਕੱਢੀ। ਉਸ ਉਸ ਵਿਚ ਮੰਤਰੀਆਂ, ਅਫਸਰਾਂ, ਪ੍ਰਭਾਵਸ਼ਾਲੀ ਲੋਕਾਂ ਦੇ ਨੰਬਰਾਂ ਦੇ ਨਾਲ ਹੀ ਇੱਕ ਵੱਖਰੇ ਵਰਕੇ ਉੱਤੇ ਕੁੱਝ ਰਹੱਸਮਈ ਨੰਬਰ ਵੀ ਸਨ, ਜਿਹੜੇ ਉਸ ਦੇ ਮਿੱਤਰਾਂ ਨੇ ਉਸ ਨੂੰ ਵੱਖ-ਵੱਖ ਮੌਕਿਆਂ ਉੱਤੇ ਦਿੱਤੇ ਸਨ। ਪ੍ਰਮੋਦ ਨੇ ਇਸ ਸੂਚੀ ਦਾ ਪਹਿਲਾ ਨੰਬਰ ਮਿਲਾਇਆ। ਦੂਜੇ ਪਾਸਿਓਂ ਕਿਸੇ ਸੱਜਨ ਦੀ ਆਵਾਜ਼ ਆਈ "ਕਿਸ ਨਾਲ ਗੱਲ ਕਰਨੀ ਹੈ" ? ਜਵਾਬ ਵਿਚ ਪ੍ਰਮੋਦ ਨੇ ਕਿਹਾ, "ਕਮਲਾ ਦੇਵੀ ਨਾਨਾ"। ਉਸ ਆਦਮੀ ਨੇ ਪੁੱਛਿਆ, "ਤੁਹਾਡਾ ਨਾਮ ਕੀ ਹੈ" ? ਪ੍ਰਮੋਦ ਬੋਲਿਆ, "ਵਿਨੋਦ ਸ਼ਰਮਾ"। "ਅੱਛਾ, ਜ਼ਰਾ ਰੁਕੋ"।

ਪ੍ਰਮੋਦ ਨੇ ਉਡੀਕਿਆ: ਪਰ ਦੋ ਮਿੰਟ ਤੱਕ ਕਿਸੀ ਦੀ ਅਵਾਜ਼ ਨਾ ਆਈ ਤਾਂ ਉਹ ਲਾਈਨ ਕੱਟਣ ਹੀ ਵਾਲਾ ਸੀ ਕਿ ਅਵਾਜ਼ ਆਈ, "ਨਹੀਂ ਏਥੇ ਕਮਲਾ ਦੇਵੀ ਨਾਂ ਦੀ ਕੋਈ ਨਹੀਂ ਹੈ"। ਉਹ ਕੁੱਝ ਹੋਰ ਕਹਿਣ ਹੀ ਲੱਗਾ ਸੀ ਕਿ ਦੂਜੇ ਪਾਸੇ ਦੇ ਆਦਮੀ ਨੇ ਲਾਈਨ ਕੱਟ ਦਿੱਤੀ। ਪ੍ਰਮੋਦ ਨੇ ਦਿਲ ਵਿਚ ਉਸ ਆਦਮੀ ਨੂੰ ਗੰਦੀ ਗਾਲ੍ਹ ਕੱਢੀ ਤੇ ਦੂਜੇ ਨੰਬਰ ਉੱਤੇ ਫ਼ੋਨ ਖੜਕਾਇਆ। ਉਸ ਨੰਬਰ ਤੋਂ ਕੋਈ ਜਵਾਬ ਨਹੀਂ ਮਿਲਿਆ।ਇਹ ਨੰਬਰ ਉਸ ਨੂੰ ਜਿਸ ਨੇ ਦਿੱਤਾ ਸੀ ਉਸ ਨੂੰ ਸਬਕ ਸਿਖਾਉਣ ਬਾਰੇ ਸੋਚਣ ਲਗ ਪਿਆ ਪਰ ਕਾਫ਼ੀ ਕੋਸ਼ਿਸ਼ ਕਰਨ ਉੱਤੇ ਵੀ ਉਹ ਯਾਦ ਨਾ ਕਰ ਸਕਿਆ ਕਿ ਉਹ ਕੌਣ ਸੀ। ਫੇਰ ਉਸ ਨੇ ਵਿਚਕਾਰਲੇ ਸਾਰੇ ਨੰਬਰ ਛੱਡ ਕੇ ਅਖੀਰਲਾ ਨੰਬਰ ਮਿਲਾਇਆ। ਕਿਸੇ ਤੀਵੀਂ ਨੇ ਰਿਸੀਵਰ ਚੁੱਕ ਕੇ ਆਪਣਾ ਨੰਬਰ ਬੋਲਿਆ ਤੇ ਪੁੱਛਿਆ, "ਤੁਸੀਂ ਕਿਸ ਨਾਲ ਗੱਲ ਕਰਨੀ ਹੈ" ? "ਬਿਮਲਾ ਦੇਵੀ ਨਾਲ" ਪ੍ਰਮੋਦ ਬੋਲਿਆ। ਓਧਰੋਂ ਜਵਾਬ ਮਿਲਿਆ, "ਬਿਮਲਾ ਦੇਵੀ ਅੱਜਕੱਲ੍ਹ ਇੱਥੇ ਨਹੀਂ ਰਹਿੰਦੀ"। ਪ੍ਰਮੋਦ ਨੇ ਸੋਚਿਆ, ਸ਼ਾਇਦ ਇਹ ਤੀਵੀਂ ਟੈਲੀਫ਼ੋਨ ਕੱਟ ਦੇਵੇਗੀ, ਪਰ ਟੈਲੀਫ਼ੋਨ ਨਾ ਕੱਟੇ ਜਾਣ ਉੱਤੇ ਬੋਲਿਆ, "ਮੈਨੂੰ ਤੁਹਾਡਾ ਨੰਬਰ ਮੇਰੇ ਇੱਕ ਦੋਸਤ ਨੇ ਦਿੱਤਾ ਸੀ"। "ਕਿਸ ਨੇ" ? ਉਸ ਤੀਵੀਂ ਨੇ ਪੁੱਛਿਆ। "ਸ਼ੰਕਰ, ਕਾਨਪੁਰ ਦੇ ਸ਼ੰਕਰ ਗੁਪਤਾ ਨੇ "। ਇੱਕ ਝੂਠਾ ਨਾਂ ਤੇ ਪਤਾ ਪ੍ਰਮੋਦ ਨੇ ਦੱਸਿਆ ਅੱਗੋਂ ਉਸ ਤੀਵੀਂ ਨੇ ਹਾਮੀ ਭਰੀ। ਪ੍ਰਮੋਦ ਸਮਝ ਗਿਆ ਕਿ ਸਭ ਠੀਕ ਹੈ ਤੇ ਬੋਲਿਆ, "ਮੈਂ ਸ਼ਾਮੀ ਤੁਹਾਡੇ ਕੋਲ ਆਉਣਾ ਚਾਹੁੰਦਾ"। ਉਹ ਔਰਤ ਬੋਲੀ, "ਕੀ ਕਿਹਾ; ਕਾਨਪੁਰ ਵਾਲੇ ਸ਼ੰਕਰ ਗੁਪਤਾ ਨਾ ? ਠੀਕ ਹੈ"। ਪ੍ਰਮੋਦ ਨੇ ਉਸ ਤੀਵੀਂ ਤੋਂ ਪੂਰਾ ਅਤਾ-ਪਤਾ ਲੈ ਲਿਆ ਤੇ ਸਾਢੇ ਅੱਠ ਵਜੇ ਦਾ ਵਕਤ ਦੇ ਦਿੱਤਾ।

ਨਹਾ-ਧੋ ਕੇ ਕਪੜੇ ਪਾਉਣ ਤੋਂ ਬਾਅਦ ਪ੍ਰਮੋਦ ਨੇ ਵਕਤ ਦੇਖਿਆ, ਅਜੇ ਉਸ ਕੋਲ ਕਾਫ਼ੀ ਸਮਾਂ ਸੀ। ਵਕਤ ਬਿਤਾਉਣ ਲਈ ਉਸ ਨੇ ਸੋਢਾ ਮੰਗਵਾਇਆ ਤੇ ਬੋਤਲ ਕੱਢ ਕੇ ਮੇਜ਼ ਉੱਤੇ ਰੱਖ ਲਈ। ਸੋਢਾ ਆਉਣ ਵਿਚ ਦੇਰ ਹੋ ਜਾਣ ਕਾਰਨ ਉਸ ਨੇ ਸੋਚਿਆ ਕਿ ਓਨੀ ਦੇਰ ਵਿਰੋਧੀ ਕੰਪਨੀ ਦੇ ਸੰਪਰਕ-ਸੱਜਣ ਨਾਲ ਹੀ ਕਿਉਂ ਨਾ ਗੱਪ-ਸ਼ੱਪ ਮਾਰ ਲਈ ਜਾਏ। ਉਸ ਨੇ ਉਸਦਾ ਟੈਲੀਫ਼ੋਨ ਘੁਮਾਇਆ; ਪਰ ਨੰਬਰ ਮਿਲਾਉਂਦਿਆਂ ਮਿਲਾਉਂਦਿਆਂ ਉਸ ਦੀ ਇੱਛਾ ਹੋਈ ਕਿ ਰਾਤੀਂ ਕੀ ਗੱਲ ਕਰਨੀ ਹੈ,ਜੋ ਕਰਨੀ ਹੈ, ਸਵੇਰੇ ਸਹੀ, ਪਰ ਏਨੇ ਵਿਚ ਦੂਜੇ ਪਾਸਿਓਂ ਘੰਟੀ ਵੱਜਣੀ ਸ਼ੁਰੂ ਹੋ ਗਈ। ਪ੍ਰਮੋਦ ਮਨ ਹੀ ਮਨ ਵਿਚ ਅਰਦਾਸ ਕਰਨ ਲੱਗਾ ਕਿ ਉਹ ਸੱਜਣ ਘਰ ਨਾ ਹੋਏ। ਬਦਕਿਸਮਤੀ ਨਾਲ ਉਸ ਸੱਜਣ ਨੇ ਹੀ ਰਿਸੀਵਰ ਚੁੱਕਿਆ।

"ਮੈਂ ਸੋਚ ਰਿਹਾ ਸੀ ਕਿ ਵਾਪਸ ਜਾਣ ਤੋਂ ਪਹਿਲਾਂ ਤੁਹਾਡੇ ਨਾਲ ਇੱਕ ਮੁਲਾਕਾਤ ਹੋ ਜਾਂਦੀ ਤਾਂ ਅੱਛਾ ਹੁੰਦਾ"। ਪ੍ਰਮੋਦ ਬੋਲਿਆ।

"ਮੈਂ ਵੀ ਇਹੀ ਚਾਹੁੰਦਾ ਸਾਂ। ਸਾਨੂੰ ਤੁਹਾਡੇ ਨਾਲ ਬਹੁਤ ਕੰਮ ਹੈ"।

ਏਨੇ ਵਿਚ ਉਸ ਦਾ ਸੋਢਾ ਆ ਗਿਆ। ਬਿਨਾਂ ਕੁੱਝ ਸੋਚੇ ਸਮਝੇ ਪ੍ਰਮੋਦ ਨੇ ਕਿਹਾ, ਜੇ ਤੁਸੀਂ ਮੇਰੇ ਨਾਲ ਇੱਕ ਡਰਿੰਕ ਉੱਤੇ ਆ ਜਾਂਦੇ ਤਾਂ ਕਿੰਨਾਂ ਚੰਗਾ ਹੁੰਦਾ। ਇਹ ਕਹਿਣ ਪਿੱਛੋਂ ਪ੍ਰਮੋਦ ਨੂੰ ਆਪਣੀ ਲਾਪਰਵਾਹੀ ਤੇ ਅਫਸੋਸ ਹੋਇਆ ਤੇ ਇਹ ਝਾਕ ਰੱਖੀ ਕਿ ਉਹ ਸੱਜਣ ਨਾਂਹ ਕਰ ਦੇਵੇ। ਪਰ ਉਸ ਨੇ ਤਾਂ ਇਕਦਮ ਹਾਂ ਕਰ ਦਿੱਤੀ।

ਹੁਣ ਸੰਭਲਦਿਆਂ ਹੋਇਆਂ ਪ੍ਰਮੋਦ ਬੋਲਿਆ, "ਠੀਕ ਹੈ। ਮੈਂ ਜ਼ਰਾ ਕਿਸੇ ਕੰਮ ਬਾਹਰ ਜਾ ਰਿਹਾਂ, ਨੌਂ ਸਾਢੇ ਨੌਂ ਤੱਕ ਮੁੜ ਆਵਾਂਗਾ।" ਤੁਸੀਂ ਓਦੋਂ ਆ ਜਾਣਾ"। ਏਨਾਂ ਕਹਿਣ ਤੋਂ ਪਿੱਛੋਂ ਪ੍ਰਮੋਦ ਨੂੰ ਲੱਗਾ ਕਿ ਉਹ ਸੱਜਣ ਉਸ ਦੀ ਗੱਲ ਮੰਨ ਲਵੇਗਾ, ਇਸ ਲਈ ਉਸ ਨੂੰ ਬੋਲਣ ਦਾ ਮੌਕਾ ਨਾ ਦੇਂਦਿਆਂ ਆਪਣੀ ਗੱਲ ਜਾਰੀ ਰੱਖੀ, "ਹੋ ਸਕਦੈ, ਤੁਹਾਨੂੰ ਦੇਰ ਹੋ ਜਾਏ, ਸੋ ਇੰਜ ਕਰਦੇ ਹਾਂ, ਅਗਲੇ ਹਫ਼ਤੇ ਮੈਂ ਫੇਰ ਆ ਰਿਹਾਂ। ਓਦੋਂ ਜ਼ਰੂਰ ਮਿਲਾਂਗੇ। ਪੂਰੀ ਸ਼ਾਮ ਦਾ ਪ੍ਰੋਗਰਾਮ ਬਣਾਵਾਂਗੇ"।

ਅੱਗੋਂ ਉਹ ਸੱਜਣ ਬੋਲਿਆ, "ਚੰਗੀ ਗੱਲ ਐ। ਉਸ ਦਿਨ ਸਵੇਰੇ ਤੁਹਾਡੇ ਨਾਲ ਜਿਹੜੀ ਗੱਲਬਾਤ ਹੋਈ ਸੀ, ਉਸ ਉੱਤੇ ਧਿਆਨ ਦੇਣਾ. ਤੁਹਾਡੀਆਂ ਜੋ ਵੀ ਸ਼ਰਤਾਂ ਹਨ, ਸਾਨੂੰ ਸਾਰੀਆਂ ਮਨਜ਼ੂਰ ਨੇ"।

ਪ੍ਰਮੋਦ ਨੇ ਕਿਹਾ, "ਜ਼ਰੂਰ, ਜ਼ਰੂਰ" ਤੇ ਫੇਰ ਟੈਲੀਫ਼ੋਨ ਕੱਟ ਦਿੱਤਾ। ਉਸ ਨੇ ਮਨ ਵਿਚ ਫ਼ੈਸਲਾ ਕੀਤਾ ਕਿ ਭਵਿੱਖ ਵਿਚ ਫੇਰ ਕਦੀ ਜਲਦਬਾਜ਼ੀ ਵਿੱਚ ਇੰਜ ਦੀਆਂ ਗੱਲਾਂ ਕਰਦਿਆਂ ਕਿਸੇ ਨੂੰ ਸੱਦਾ ਨਹੀਂ ਦੇਵੇਗਾ। ਉਸ ਸੱਜਣ ਨਾਲ ਉਸ ਨੂੰ ਕੰਮ ਸੀ। ਅਤੇ ਭਾਵੇਂ ਉਹ ਆਪਣੀ ਕੰਪਨੀ ਨਾਲ ਵਿਸ਼ਵਾਸਘਾਤ ਕਰ ਰਿਹਾ ਸੀ, ਪਰ ਉਹ ਜਾਣਦਾ ਸੀ ਕਿ ਇਹ ਸੌਦਾ ਉਸ ਲਈ ਬੜਾ ਲਾਭਦਾਇਕ ਹੋਵੇਗਾ।

ਖ਼ੈਰ,ਉਸ ਨੇ ਸਭ ਪਾਸਿਆਂ ਦੀ ਚਿੰਤਾ ਛੱਡ ਕੇ ਪੀਣ ਵਲ ਧਿਆਨ ਮੋੜਿਆ। ਪਰ ਉਸ ਸੱਜਣ ਨੇ ਉਸ ਦਿਨ ਸਵੇਰੇ ਉਸ ਨੂੰ ਜੋ ਲਾਲਚ ਤੇ ਕਪਟ-ਭਰਪੂਰ ਪੇਸ਼ਕਸ਼ ਕੀਤੀ ਸੀ, ਉਸ ਨੂੰ ਉਹ ਦਿਲ ਵਿੱਚੋਂ ਕੱਢ ਨਹੀਂ ਸੀ ਸਕਿਆ। ਇਸ ਪੇਸ਼ਕਸ਼ ਤੋਂ ਹਰ ਮਹੀਨੇ ਉਸ ਨੂੰ ਕਿੰਨੇ ਪੈਸੇ ਮਿਲਣਗੇ ਤੇ ਉਸ ਨੂੰ ਉਹ ਕਿਵੇਂ ਆਪਣੇ ਪਰਿਵਾਰ ਉੱਤੇ ਖ਼ਰਚੇਗਾ, ਇਸ ਬਾਰੇ ਉਹ ਮਨ ਵਿਚ ਹਿਸਾਬ ਲਾਉਣ ਲੱਗਾ। ਸ਼ਰਾਬ ਦੇ ਨਾਲ ਆਰਥਿਕ ਲਾਭ ਦੀਆਂ ਸੰਭਾਵਨਾਵਾਂ ਨੇ ਉਸ ਦੇ ਮਨ ਵਿਚ ਇਕ ਅਜੀਬ ਫੁਰਤੀ ਭਰ ਦਿੱਤੀ ਅਤੇ ਉਹ ਸ਼ਾਮ ਨੂੰ ਜਾਣ ਵਾਲੇ ਪਤੇ ਉੱਤੇ ਪਹੁੰਚਣ ਦੀ ਤਿਆਰੀ ਕਰਨ ਲੱਗ ਪਿਆ।

ਉਸ ਦੇ ਬ੍ਰੀਫ਼ਕੇਸ ਵਿਚ ਕਾਫ਼ੀ ਪੈਸੇ ਸਨ ਅਤੇ ਉਹ ਉਨ੍ਹਾਂ ਨੂੰ ਹੋਟਲ ਦੇ ਕਮਰੇ ਵਿੱਚ ਛੱਡ ਕੇ. ਜਾਣਾ ਨਹੀਂ ਸੀ ਚਾਹੁੰਦਾ। ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਜਿਸ ਜਗ੍ਹਾ ਉੱਤੇ ਉਹ ਜਾ ਰਿਹਾ ਸੀ, ਉਹ ਸੁਰੱਖਿਅਤ ਹੈ ਵੀ ਕਿ ਨਹੀਂ। ਅਖ਼ੀਰ ਉਸ ਨੇ ਸੋਚਿਆ, ਸਾਰੇ ਰੁਪਏ ਅੰਦਰਲੀ ਜੇਬ ਵਿਚ ਰੱਖ ਲਵੇਗਾ, ਪਰ ਏਨੀ ਰਕਮ ਲਈ ਜੇਬ ਵਿਚ ਥਾਂ ਨਹੀਂ ਸੀ। ਇਸ ਲਈ ਅਖ਼ੀਰ ਵਿਚ ਉਸ ਨੇ ਬ੍ਰੀਫ਼ਕੇਸ਼ ਆਪਣੇ ਨਾਲ ਹੀ ਲੈ ਜਾਣ ਦਾ ਫ਼ੈਸਲਾ ਕੀਤਾ ਅਤੇ ਉਸ ਵਿਚ ਅੱਧੀ ਬਚੀ ਬੋਤਲ ਵੀ ਨਾਲ ਰੱਖ ਲਈ। ਬ੍ਰੀਫ਼ਕੇਸ ਦਾ ਤਾਲਾ ਬੰਦ ਕਰ ਕੇ ਉਹ ਬਾਹਰ ਆ ਗਿਆ ਤੇ ਟੈਕਸੀ ਵਾਲੇ ਨੂੰ ਪਤੇ ਵਾਲੀ ਥਾਂ ਉੱਤੇ ਪਹੁੰਚਾਉਣ ਲਈ ਕਹਿ ਦਿੱਤਾ। ਉਹ ਪੂਰੇ ਸਾਢੇ ਅੱਠ ਵਜੇ ਪਹੁੰਚ ਗਿਆ ਤੇ ਏਨੇ ਸਖਤ ਰਲੇਵੇਂ ਦੇ ਬਾਵਜੂਦ, ਵਕਤ ਦੀ ਪਾਬੰਦੀ ਦਾ ਖ਼ਿਆਲ ਰੱਖ ਸਕਣ ਦੀ ਸਫਲਤਾ ਉੱਤੇ ਆਪਣੀ ਪ੍ਰਸੰਸਾ ਆਪ ਕਰਨ ਤੋਂ ਨਾ ਟਲ ਸਕਿਆ।

ਜਿੱਥੇ ਉਹ ਪਹੁੰਚਿਆ, ਓਥੇ ਘੁੱਪ ਹਨੇਰਾ ਸੀ ਜੋ ਪ੍ਰਮੋਦ ਨੂੰ ਕੁੱਝ ਅਜੀਬ ਜਿਹਾ ਲੱਗਾ। ਚਬੂਤਰੇ ਤੇ ਬੈਠਾ ਇੱਕ ਦੁਬਲਾ ਪਤਲਾ ਆਦਮੀ ਘਰ ਦੀ ਉਦਾਸੀ ਵਿਚ ਹੋਰ ਵਾਧਾ ਕਰ ਰਿਹਾ ਸੀ। ਉਸ ਨੂੰ ਆਉਂਦਾ ਵੇਖ ਕੇ ਉਸ ਆਦਮੀ ਨੇ ਕੁਰਸੀ ਤੋਂ ਉੱਠ ਕੇ ਉਸ

ਨੂੰ ਨਮਸਕਾਰ ਕੀਤੀ ਤੇ ਬੈਠਣ ਲਈ ਦੂਜੀ ਕੁਰਸੀ ਵੱਲ ਇਸ਼ਾਰਾ ਕੀਤਾ। ਪ੍ਰਮੋਦ ਦੇ ਬੈਠ ਜਾਣ ਤੋਂ ਬਾਅਦ ਉਸ ਨੇ ਕਿਹਾ, "ਤੁਹਾਨੂੰ ਜ਼ਰਾ ਉਡੀਕਣਾ ਪਵੇਗਾ, ਅੰਦਰ ਹੋਰ ਬੰਦੇ ਗਏ ਹੋਏ ਹਨ"। ਇਹ ਸੁਣ ਕੇ ਪ੍ਰਮੋਦ ਨੂੰ ਗੁੱਸਾ ਆ ਗਿਆ ਤੇ ਉਸ ਨੇ ਆਪਣੇ ਚਿਹਰੇ ਉੱਤੇ ਗੁੱਸਾ ਜ਼ਾਹਰ ਕਰਦਿਆਂ ਉਸ ਆਦਮੀ ਵੱਲ ਭੈੜੀ ਨਜ਼ਰ ਨਾਲ ਵੇਖਿਆ। ਉਹ ਬੰਦਾ ਬੜੇ ਸ਼ਾਂਤ ਸੁਭਾ ਦਾ ਸੀ। ਉਸ ਨੇ ਪ੍ਰਮੋਦ ਦੇ ਗੁੱਸੇ ਨੂੰ ਅਣਡਿੱਠ ਕਰ ਕੇ ਕਿਹਾ, "ਬਸ ਉਹ ਲੋਕ ਜਾਣ ਹੀ ਵਾਲੇ ਹਨ। ਕੀ ਤੁਹਾਡੇ ਲਈ ਚਾਹ ਮੰਗਾਵਾਂ"? ਪ੍ਰਮੋਦ ਨੇ ਕਿਹਾ, "ਨਹੀਂ"। ਉਸ ਆਦਮੀ ਨੇ ਇਕ ਵਾਰੀ ਫੇਰ ਉਸ ਵੱਲ ਦੋਸਤੀ ਦਾ ਹੱਥ ਵਧਾਉਂਦਿਆਂ ਸਵਾਲ ਕੀਤਾ, "ਤੁਸੀਂ ਪਹਿਲੇ ਵੀ ਕਦੀ ਏਥੇ ਆਏ ਹੋ" ?

"ਹਾਂ, ਪਰ ਕਾਫ਼ੀ ਪਹਿਲਾਂ"। ਪ੍ਰਮੋਦ ਨੇ ਕਿਹਾ।

"ਜੇ ਸਾਲ ਪਹਿਲਾਂ ਆਏ ਹੋਵੋਗੇ ਤਾਂ ਮੈਂ ਇੱਥੇ ਨਹੀਂ ਸਾਂ। ਮੈਂ ਪਿਛਲੀ ਮਾਰਚ ਵਿਚ ਏਥੇ ਆਇਆ ਸਾਂ।ਇਸ ਸ਼ਹਿਰ ਵਿਚ ਮੇਰੀ ਤਬੀਅਤ ਵੀ ਠੀਕ ਨਹੀਂ ਰਹਿੰਦੀ"।

ਪ੍ਰਮੋਦ ਨੇ ਉਸ ਨੂੰ ਹੋਰ ਅਪਣੱਤ ਜਤਾਉਣ ਦਾ ਮੌਕਾ ਨਾ ਦੇ ਕੇ ਝੁੰਜਲਾਹਟ ਵਿਚ ਬੋਲਿਆ, "ਕੀ ਗੱਲ ਹੈ ? ਹੋਰ ਕਿੰਨੀ ਉਡੀਕ ਕਰਨੀ ਪਵੇਗੀ"?

"ਬਸ ਨਿਕਲਣ ਹੀ ਵਾਲੇ ਨੇ। ਕੀ ਤੁਸੀਂ ਏਥੋਂ ਦੀ ਕਿਸੇ ਕੁੜੀ ਨੂੰ ਜਾਣਦੇ ਹੋ " ?

"ਕਾਫ਼ੀ ਪਹਿਲਾਂ ਆਇਆ ਸਾਂ ਨਾ; ਮੈਨੂੰ ਨਾਂ ਨਹੀਂ ਯਾਦ ਆ ਰਿਹਾ। ਰੁਪਏ ਪੈਸੇ ਕਿੰਨੇ ਕੀ......."

"ਤੁਸੀਂ ਅੰਦਰ ਜਾ ਕੇ ਲੜਕੀ ਨੂੰ ਹੀ ਦੇਣਾ। ਤੁਸੀਂ ਰਾਧਾ ਕੋਲ ਜਾਓ। ਬੜੇ ਚੰਗੇ ਸੁਭਾਅ ਦੀ ਹੈ। ਤੁਹਾਨੂੰ ਚੰਗੀ ਲੱਗੇਗੀ"।

ਏਨੇ ਵਿਚ ਦੋ ਸੱਜਣ ਅੰਦਰੋਂ ਨਿਕਲੇ ਤੇ ਬਿਨਾਂ ਏਧਰ-ਓਧਰ ਝਾਕਣ ਦੇ, ਸਿੱਧੇ ਬਾਹਰ ਵੱਲ ਚਲੇ ਗਏ। ਉਹ ਰੋਗੀ ਦਿਸਦਾ ਆਦਮੀ ਜ਼ੋਰ-ਜ਼ੋਰ ਦੀ ਖੰਘਣ ਲੱਗਾ ਤੇ ਪ੍ਰਮੋਦ ਨੂੰ ਉਡੀਕਣ ਲਈ ਕਹਿ ਕੇ ਅੰਦਰ ਚਲਾ ਗਿਆ। ਪ੍ਰਮੋਦ ਨੇ ਮਨ ਹੀ ਮਨ ਵਿਚ ਉਸ ਆਦਮੀ ਨੂੰ ਗਾਲ੍ਹ ਕੱਢੀ ਅਤੇ ਫ਼ੈਸਲਾ ਕੀਤਾ ਕਿ ਏਥੇ ਫੇਰ ਕਦੀ ਨਹੀਂ ਆਉਣਾ। ਉਹ ਉਸ ਆਦਮੀ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ; ਪਰ ਉਹ ਭਲਾ ਲੋਕ ਏਨੇ ਸ਼ਾਂਤ ਸੁਭਾਅ ਦਾ ਸੀ ਕਿ ਪ੍ਰਮੋਦ ਪਾਸੋਂ ਇਉਂ ਕਦੀ ਵੀ ਨਾ ਹੋ ਸਕਿਆ। ਉਹ ਕੁੱਝ ਦੇਰ ਬਾਅਦ ਬਾਹਰ ਆਇਆ ਤੇ ਪ੍ਰਮੋਦ ਨੂੰ ਅੰਦਰ ਲਿਜਾ ਕੇ ਇੱਕ ਕਮਰੇ ਦੇ ਦਰਵਾਜ਼ੇ ਵੱਲ ਇਸ਼ਾਰਾ ਕੀਤਾ।

ਪ੍ਰਮੋਦ ਇਸ ਗੱਲੋਂ ਬੜਾ ਖੁਸ਼ ਹੋਇਆ ਕਿ ਅੰਦਰ ਕਾਫ਼ੀ ਰੋਸ਼ਨੀ ਸੀ ਤੇ ਸਾਰੀਆਂ ਚੀਜ਼ਾਂ ਸਾਫ਼ ਸੁਥਰੀਆਂ ਸਨ। ਪਲੰਘ ਨਾਲ ਲੱਗ ਕੇ ਖੜੀ ਲੜਕੀ ਵੀ ਉਸ ਨੂੰ ਸੋਹਣੀ ਤੇ ਪੜ੍ਹੀ-ਲਿਖੀ ਲੱਗੀ। ਪਹਿਲਾਂ ਦੇ ਤਜਰਬਿਆਂ ਤੋਂ ਸਿੱਖਿਆ ਹੋਇਆ, ਉਸ ਨੇ ਕੋਲ ਵਾਲੀ ਮੇਜ਼ ਉੱਤੇ ਆਪਣਾ ਬ੍ਰੀਫਕੇਸ ਟਿਕਾ ਦਿੱਤਾ, ਆਪ ਜਾ ਕੇ ਪਲੰਘ ਤੇ ਬੈਠ ਗਿਆ ਤੇ ਪੈਰਾਂ ਤੋਂ ਜੁੱਤੀਆਂ ਲਾਹ ਦਿੱਤੀਆਂ। ਉਹ ਲੜਕੀ ਜਿਹੜੀ ਹੁਣ ਤਕ ਮੁਸਕਰਾ ਰਹੀ ਸੀ, ਉਸ ਕੋਲ ਆਈ ਤੇ ਜੁੱਤੀਆਂ ਖਿਸਕਾ ਕੇ ਪਰ੍ਹੇ ਇੱਕ ਪਾਸੇ ਰੱਖ ਦਿੱਤੀਆਂ। ਫੇਰ ਉਸ ਕੋਲ ਜਾ ਕੇ ਬੈਠ ਗਈ। ਪ੍ਰਮੋਦ ਨੇ ਪੁੱਛਿਆ, "ਤੇਰਾ ਨਾਮ ਕੀ ਹੈ" ?

"ਰਾਧਾ", ਕੁੜੀ ਬੋਲੀ।

"ਰਾਧਾ ਤੇਰਾ ਅਸਲੀ ਨਾਂ ਹੈ" ?

"ਨਹੀਂ; ਮੇਰਾ ਨਾ ਛਿਣਪ੍ਰਭਾ ਸੀ, ਪਰ ਏਨਾ ਵੱਡਾ ਨਾਂ ਲੈ ਕੇ ਕੋਈ ਬੁਲਾ ਨਹੀਂ ਸਕੇਗਾ, ਸੋ ਏਥੇ ਆ ਕੇ ਮੈਂ ਆਪਣਾ ਨਾਂ ਰਾਧਾ ਰੱਖ ਲਿਆ"।

"ਤੂੰ ਏਥੇ ਕਦੋਂ ਤੋਂ ਹੈ"?

"ਛੇ ਮਹੀਨੇ ਹੋ ਗਏ ਨੇ"।

ਸਭ ਝੂਠੇ ਨੇ, ਪ੍ਰਮੋਦ ਨੇ ਦਿਲ ਵਿਚ ਸੋਚਿਆ। ਰਾਧਾ ਝੂਠੀ ਹੈ, ਛਿਣਪ੍ਰਭਾ ਝੂਠੀ ਹੈ, ਛੇ ਮਹੀਨੇ ਦਾ ਵਕਫ਼ਾ ਵੀ ਝੂਠਾ ਹੈ। ਉਸ ਨੇ ਸੋਚਿਆ ਹੁਣ ਪੈਸਿਆਂ ਦੀ ਗੱਲ ਨਿਬੇੜ ਲੈਣੀ ਚਾਹੀਦੀ ਹੈ। ਜਦੋਂ ਲੜਕੀ ਨੇ ਉਸ ਦੇ ਅਨੁਸਾਰ ਤੋਂ ਵੀ ਘੱਟ ਪੈਸੇ ਮੰਗੇ ਤਾਂ ਪ੍ਰਮੋਦ ਨੇ ਸੋਚਿਆ ਜ਼ਰੂਰ ਕੋਈ ਚੱਕਰ ਹੈ। ਹੋਰ ਸਪਸ਼ਟ ਹੋਣ ਲਈ ਉਸਨੇ ਪੁੱਛਿਆ, "ਕੀ ਇਸ ਤੋਂ ਇਲਾਵਾ ਵੀ ਕਿਸੇ ਨੂੰ ਕੁੱਝ ਹੋਰ ਦੇਣਾ ਪਵੇਗਾ" ?

"ਇਹ ਤੇਰੀ ਮਰਜ਼ੀ ਹੈ— ਦੇਣਾ ਚਾਹੇਂ ਤਾਂ ਦੇ ਦੇਵੀਂ; ਨਹੀਂ ਤੇ ਨਾ ਸਹੀ"।

"ਪਹਿਲਾਂ ਪੈਸੇ ਦਿਆਂ ਕਿ ਬਾਅਦ ਵਿਚ"।

"ਜਦੋਂ ਵੀ ਦੇਵੇਂਗਾ, ਠੀਕ ਹੈ"।

ਪ੍ਰਮੋਦ ਨੂੰ ਯਾਦ ਆਇਆ ਕਿ ਉਸ ਦੇ ਸਾਰੇ ਪੈਸੇ ਬ੍ਰੀਫ਼ਕੇਸ ਵਿੱਚ ਹੀ ਹਨ। ਉਨ੍ਹਾਂ ਵਿੱਚੋਂ ਕੁੱਝ ਪੈਸੇ ਪਹਿਲੇ ਹੀ ਕੱਢ ਕੇ ਵੱਖਰੇ ਰੱਖ ਲਏ ਹੁੰਦੇ ਤਾਂ ਠੀਕ ਹੁੰਦਾ ਉਸ ਨੇ ਗੁੱਟ ਤੋਂ

ਘੜੀ ਲਾਹ ਕੇ ਮੇਜ਼ ਉੱਤੇ ਰੱਖਣ ਦੇ ਬਹਾਨੇ ਬ੍ਰੀਫਕੇਸ਼ ਦਾ ਤਾਲਾ ਦੇਖਿਆ, ਬੰਦ ਸੀ। ਥੋੜਾ ਜਿਹਾ ਮੌਕਾ ਮਿਲਦੇ ਹੀ ਉਹ ਉਸ ਵਿੱਚੋਂ ਕੁੱਝ ਪੈਸੇ ਕੱਢ ਲਏਗਾ।

ਹੁਣ ਪਲੰਘ ਉੱਤੇ ਬੈਠਿਆਂ ਰਾਧਾ ਨੂੰ ਬਾਹਾਂ ਵਿਚ ਕੱਸ ਕੇ ਉਸ ਨਾਲ ਪਿਆਰ ਕਰਦਿਆਂ ਪੁੱਛਿਆ, “ਏਥੇ ਪੀਣ ਨੂੰ ਕੁੱਝ ਮਿਲੇਗਾ"?

"ਮੰਗਵਾਉਣਾ ਪਵੇਗਾ। ਦੱਸੋ ਤੁਹਾਨੂੰ ਕੀ ਚਾਹੀਦੈ" ?

ਪ੍ਰਮੋਦ ਨੇ ਉਸ ਨੂੰ ਕਈ ਚੀਜ਼ਾਂ ਦੀ ਕੀਮਤ ਪੁੱਛੀ ਤੇ ਕਿਹਾ, "ਇਹ ਤਾਂ ਬਹੁਤ ਜ਼ਿਆਦਾ

"ਹਾਂ, ਇਹ ਤਾਂ ਹੈ। ਪਰ ਇਸ ਵੇਲੇ ਸਾਰੀਆਂ ਦੁਕਾਨਾਂ ਬੰਦ ਹੋ ਚੁਕੀਆਂ ਨੇ। ਚੋਰੀ-ਚੋਰੀ ਲਿਆਉਣੀ ਪਵੇਗੀ। ਇਸੇ ਲਈ ਏਨੀ ਮਹਿੰਗੀ ਹੈ"।

ਪ੍ਰਮੋਦ ਸੋਚ ਰਿਹਾ ਸੀ ਜੇ ਰਾਧਾ ਕੁੱਝ ਦੇਰ ਲਈ ਕਮਰੇ ਵਿੱਚੋਂ ਬਾਹਰ ਚਲੀ ਜਾਏ ਤਾਂ ਉਹ ਆਪਣੀ ਅੱਧੀ ਬੋਤਲ ਦੇ ਨਾਲ ਕੁੱਝ ਰੁਪਏ ਵੀ ਕੱਢ ਲਏਗਾ। ਉਸ ਕੁੜੀ ਨੂੰ ਵੀ ਪਿਆਉਣਾ ਪਏਗਾ। ਲੜਕੀ ਜਿੰਨੀ ਕੁ ਪੀਏਗੀ, ਉਸ ਦਾ ਮੁੱਲ, ਆਉਣ-ਜਾਣ ਦਾ ਟੈਕਸੀ ਦਾ ਕਿਰਾਇਆ, ਆਦਿ ਮਿਲਾ ਕੇ ਕੁੱਲ ਕਿੰਨਾ ਖਰਚ ਹੋ ਜਾਏਗਾ- ਪ੍ਰਮੋਦ ਨੇ ਹਿਸਾਬ ਲਾਇਆ। ਕੋਈ ਖ਼ਾਸ ਨਹੀਂ। ਤੇ ਫੇਰ, ਜੇ ਦੂਜੀ ਕੰਪਨੀ ਨਾਲ ਉਸ ਦਾ ਸਮਝੌਤਾ ਹੋ ਗਿਆ, ਤਾਂ ਅਜਿਹੇ ਖ਼ਰਚਿਆਂ ਦਾ ਉਸ ਨੂੰ ਕੋਈ ਫ਼ਰਕ ਨਹੀਂ ਪੈਣ ਲੱਗਾ।

ਪ੍ਰਮੋਦ ਬੋਲਿਆ, “ਇਸੇ ਲਈ ਮੈਂ ਬੋਤਲ ਨਾਲ ਲੈ ਕੇ ਆਇਆਂ"।

"ਕੀ ਸੋਢਾ ਮੰਗਵਾ ਦਿਆਂ " ? ਰਾਧਾ ਨੇ ਪੁੱਛਿਆ।

ਭਾਵੇਂ ਉਸ ਨੂੰ ਸੋਢੇ ਦੀ ਲੋੜ ਸੀ ਪਰ ਰਾਧਾ ਨੂੰ ਉਸ ਕਮਰੇ ਵਿੱਚੋਂ ਭੇਜਣ ਦੇ ਮਤਲਬ ਨਾਲ ਬੋਲਿਆ, "ਨਹੀਂ, ਥੋੜਾ ਗਰਮ ਪਾਣੀ ਚਾਹੀਦਾ ਸੀ”।

"ਥੋੜਾ ਠਹਿਰੋ, ਮੈਂ ਹੁਣੇ ਇੰਤਜ਼ਾਮ ਕਰ ਦੇਂਦੀ ਹਾਂ”।

ਰਾਧਾ ਦੇ ਬਾਹਰ ਜਾਂਦਿਆਂ ਹੀ ਪ੍ਰਮੋਦ ਨੇ ਆਪਣਾ ਬ੍ਰੀਫਕੇਸ ਖੋਲ੍ਹ ਕੇ ਉਸ ਵਿੱਚੋਂ ਬੋਤਲ ਕੱਢੀ ਅਤੇ ਸਾਵਧਾਨੀ ਨਾਲ ਨੋਟਾਂ ਦੀ ਦੱਥੀ ਵਿੱਚੋਂ ਰਾਤ ਭਰ ਲਈ ਚਾਹੀਦੇ ਪੈਸੇ ਵੱਖਰੇ ਕੱਢ ਕੇ ਜੇਬ ਵਿੱਚ ਰੱਖ ਲਏ। ਫੇਰ ਬ੍ਰੀਫਕੇਸ਼ ਬੰਦ ਕਰ ਕੇ ਉਸ ਦੀ ਚਾਬੀ ਪੈਂਟ ਦੀ

ਚੋਰ ਜੇਬ ਵਿੱਚ ਰੱਖ ਕੇ ਸੁੱਖ ਦਾ ਸਾਹ ਲਿਆ। ਇਹੋ ਜਿਹੀ ਥਾਂ ਉੱਤੇ ਕਿਸ ਵੇਲੇ ਕੀ ਹੋ ਜਾਵੇਗਾ, ਕਿਸ ਨੂੰ ਪਤਾ?

ਜਦੋਂ ਰਾਧਾ ਗਰਮ ਪਾਣੀ ਲੈ ਕੇ ਅੰਦਰ ਆਈ, ਉਸ ਦਾ ਇਮਤਿਹਾਨ ਲੈਣ ਦੇ ਖ਼ਿਆਲ ਨਾਲ ਪ੍ਰਮੋਦ ਨੇ ਉਸ ਨੂੰ ਛਿਣਪ੍ਰਭਾ ਕਹਿ ਕੇ ਬੁਲਾਇਆ। ਗਰਮ ਪਾਣੀ ਦਾ ਗਿਲਾਸ ਮੇਜ਼ ਉੱਤੇ ਰੱਖਦਿਆਂ ਉਹ ਚੌਂਕੀ ਤੇ ਉਸ ਵੱਲ ਵੇਖਦਿਆਂ ਖੜੀ ਹੋ ਗਈ। ਉਸ ਦੇ ਚਿਹਰੇ ਉੱਤੇ ਉਦਾਸੀ ਦੀ ਧੂੜ ਫਿਰ ਗਈ। ਭਰੇ ਹੋਏ ਗੱਚ ਨਾਲ ਉਹ ਬੋਲੀ, “ਦੇਖੋ, ਕਿੰਨੇ ਦਿਨਾਂ ਬਾਅਦ ਕਿਸੇ ਨੂੰ ਮੈਨੂੰ ਮੇਰੇ ਪੁਰਾਣੇ ਨਾਂ ਨਾਲ ਯਾਦ ਕੀਤੈ। ਮੈਨੂੰ ਬਹੁਤ ਚੰਗਾ ਲੱਗੈ। ਇੱਕ ਤਰ੍ਹਾਂ ਨਾਲ ਦੁੱਖ ਵੀ ਹੋਇਐ। ਤੁਸੀਂ ਮੈਨੂੰ ਹਮੇਸ਼ਾ ਇਸੇ ਨਾਂ ਨਾਲ ਬੁਲਾਉਣਾ। ਪ੍ਰਮੋਦ ਨੇ ਦਿਲ ਵਿਚ ਕਿਹਾ, “ਚੱਲ ਛੱਡ ਪਰ੍ਹਾਂ, ਆਪਣਾ ਇਹ ਦਿਖਾਵਟੀ ਪਿਆਰ"। ਜਿਵੇਂ ਕਿ ਮੈਂ ਰੋਜ਼ ਹੀ ਆਵਾਂਗਾ ਤੇਰੇ ਕੋਲ। ਬਸ ਅੱਜ ਦੀ ਰਾਤ ਤਾਂ ਬੀਤੇ। ਉਹ ਉੱਚੀ ਬੋਲਿਆ, “ਮੈਨੂੰ ਤੂੰ ਅੱਛੀ ਲੱਗ ਰਹੀ ਹੈ"।

ਰਾਧਾ ਨੇ ਉਸ ਦੇ ਹੱਥ ਵਿੱਚੋਂ ਬੋਤਲ ਲੈ ਕੇ ਗਿਲਾਸ ਵਿੱਚ ਪਾਉਣੀ ਸ਼ੁਰੂ ਕੀਤੀ ਤਾਂ ਪ੍ਰਮੋਦ ਨੇ ਸੋਚਿਆ, ਅੱਜ ਇਸ ਲੜਕੀ ਨੇ ਪੂਰੀ ਬੋਤਲ ਮੁਕਾ ਦੇਣੀ ਹੈ, ਪਰ ਜਦੋਂ ਰਾਧਾ ਨੇ ਦਾਰੂ ਇੱਕੋ ਗਿਲਾਸ ਵਿਚ ਪਾਇਆ ਤਾਂ ਪ੍ਰਮੋਦ ਨੇ ਉਸ ਨੂੰ ਉਸ ਦੇ ਗਿਲਾਸ ਬਾਰੇ ਪੁੱਛਿਆ। ਰਾਧਾ ਨੇ ਉੱਤਰ ਦਿੱਤਾ, ਮੈਂ ਪੀਂਦੀ ਨਹੀਂ। ਇਸ ਉੱਤੇ ਪ੍ਰਮੋਦ ਨੇ ਕਿਹਾ, "ਤੈਨੂੰ ਮੇਰੇ ਨਾਲ ਤਾਂ ਪੀਣੀ ਹੀ ਪਵੇਗੀ"। ਰਾਧਾਂ ਬੋਲੀ, "ਇੱਕ ਵਾਰੀ ਚਖੀ ਸੀ ਬਿਲਕਲ ਚੰਗੀ ਨਹੀਂ ਲੱਗੀ"। ਪ੍ਰਮੋਦ ਉਸਨੂੰ ਮਨਾਉਂਦਿਆਂ ਬੋਲਿਆ, "ਤੂੰ ਨਹੀਂ ਪੀਏਂਗੀ ਤਾਂ ਮੈਂ ਵੀ ਨਹੀਂ ਪੀਆਂਗਾ"। ਰਾਧਾ ਬੋਲੀ "ਅੱਛਾ ਚਲੋ, ਮੇਰੇ ਗਿਲਾਸ ਵਿਚ ਵੀ ਕੁੱਝ ਬੂੰਦਾਂ ਪਾ ਦਿਓ"। ਪ੍ਰਮੋਦ ਨੇ ਦਿਲ ਵਿਚ ਕਿਹਾ, "ਪੀਣ ਦੀ ਇੱਛਾ ਹੈ ਤਾਂ ਏਨੇ ਨਖਰੇ ਕਿਉਂ ਪਈ ਕਰਦੀ ਏਂ” ? ਪਰ ਰਾਧਾ ਨੇ ਇੱਕ ਵਾਰੀ ਬੁੱਲਾਂ ਨਾਲ ਗਿਲਾਸ ਛੁਆ ਕੇ ਰੱਖ ਦਿੱਤਾ ਤੇ ਪ੍ਰਮੋਦ ਦਾ ਗਿਲਾਸ ਖਾਲੀ ਹੋਣ ਉੱਤੇ ਆਪਣਾ ਪੂਰਾ ਗਿਲਾਸ ਪ੍ਰਮੋਦ ਦੇ ਖ਼ਾਲੀ ਗਿਲਾਸ ਵਿਚ ਉਲੱਟ ਦਿੱਤਾ।

ਪ੍ਰਮੋਦ ਬੋਲਿਆ, “ਮੈਂ ਰੁਪਏ ਹੁਣੇ ਦੇ ਦੇਂਦਾ ਹਾਂ”। ਰਾਧਾ ਬੋਲੀ, “ਇਨ੍ਹਾਂ ਲਈ ਏਨੇ ਪਰੇਸ਼ਾਨ ਕਿਉਂ ਹੋ ? ਨਿੱਠ ਕੇ ਬੈਠੋ। ਪਹਿਲਾਂ ਤੁਹਾਡਾ ਗਿਲਾਸ ਖ਼ਾਲੀ ਤਾਂ ਹੋ ਜਾਏ। ਕੀ

ਤੁਹਾਡੇ ਲਈ ਕੁਝ ਖਾਣ ਨੂੰ ਮੰਗਵਾ ਦਿਆਂ" ? ਪ੍ਰਮੋਦ ਨੇ ਸਮਝਿਆ, ਇਹ ਵੀ ਖ਼ਬਰੇ ਕੁੱਲ ਰੁਪਏ ਹਥਿਆਉਣ ਦੀ ਜੁਗਤ ਹੈ। ਉਸ ਨੇ ਕਿਹਾ, "ਨਹੀਂ ਮੈਨੂੰ ਕੁੱਝ ਨਹੀਂ ਚਾਹੀਦਾ"।

ਰਾਧਾ ਬੋਲੀ, "ਤੁਸੀਂ ਆਪਣਾ ਨਾਂ ਤਾਂ ਦੱਸਿਆ ਹੀ ਨਹੀਂ"? ਅਜਿਹੀ ਲੜਕੀ ਨੂੰ ਆਪਣਾ ਠੀਕ ਪਤਾ ਨਹੀਂ ਦੇਣਾ ਚਾਹੀਦਾ। ਉਹ 'ਵਿਨੋਦ ਸ਼ਰਮਾ' ਕਹਿਣ ਵਾਲਾ ਹੀ ਸੀ ਕਿ ਉਸ ਨੂੰ ਆਪਣੇ ਹੱਥ ਉੱਤੇ ਆਪਣੇ ਨਾਂ ਦੇ ਪਹਿਲੇ ਅੱਖਰ ਦੇ ਉੱਕਰੇ ਹੋਣ ਦਾ ਖ਼ਿਆਲ ਆਇਆ, ਹਾਲਾਂਕਿ ਰਾਧਾ ਲਈ ਉਸ ਅੱਖਰ ਦਾ ਵੇਖਣਾ ਸੰਭਵ ਨਹੀਂ ਸੀ। ਪ੍ਰਮੋਦ ਬੋਲਿਆ, "ਮੇਰਾ ਨਾਂ ਪ੍ਰਕਾਸ਼ ਹੈ"। "ਕੀ ਤੁਸੀਂ ਇਸੇ ਸ਼ਹਿਰ ਵਿਚ ਰਹਿੰਦੇ ਹੋ"? "ਨਹੀਂ; ਮੈਂ ਬਾਹਰੋਂ ਆਇਆ। ਕਦੇ-ਕਦਾਈਂ ਏਧਰ ਦਾ ਗੇੜਾ ਵੱਜ ਜਾਂਦੈ"।

ਫੇਰ ਪ੍ਰਮੋਦ ਨੇ ਆਪਣੀ ਕਮੀਜ਼ ਲਾਹੀ ਤੇ ਜੇਬ ਵਿੱਚੋਂ ਰੁਪਏ ਕੱਢੇ ਤੇ ਦੋ ਵਾਰੀ ਚੰਗੀ ਤਰ੍ਹਾਂ ਗਿਣਕੇ ਰਾਧਾ ਵੱਲ ਕਰ ਦਿੱਤੇ। ਰਾਧਾ ਨੇ ਰੁਪਏ ਲੈ ਕੇ ਉਂਜ ਹੀ ਮੇਜ਼ ਉਪਰ ਰੱਖ ਦਿੱਤੇ ਤੇ ਬੋਲੀ, "ਮੈਂ ਲਾਈਟ ਬੁਝਾ ਦੇਂਦੀ ਹਾਂ"। ਪ੍ਰਮੋਦ ਬੋਲਿਆ, "ਠੀਕ ਹੈ"।

ਪ੍ਰਮੋਦ ਨੇ ਕਮਰੇ ਦੇ ਹਨੇਰੇ ਵਿੱਚ ਅੱਖਾਂ ਖੋਲ੍ਹੀਆਂ। ਘੜੀ ਦੇਖੀ, ਸਾਢੇ ਯਾਰਾਂ ਵੱਜੇ ਸਨ। ਇੱਕ ਅਣਜਾਣਿਆ ਡਰ ਉਸ ਨੂੰ ਆ ਚੰਬੜਿਆ। ਉਸ ਨੂੰ ਲੱਗਿਆ, ਜਿਵੇਂ ਉਸ ਦਾ ਬ੍ਰੀਫਕੇਸ ਓਥੇ ਨਹੀਂ ਹੈ। ਪਰ ਹਨੇਰੇ ਵਿੱਚ ਵੇਖਣ ਦੀ ਆਦਤ ਹੋਣ ਕਰਕੇ ਉਸ ਨੇ ਵੇਖ ਲਿਆ ਕਿ ਬ੍ਰੀਫਕੇਸ਼ ਪਹਿਲੇ ਦੀ ਤਰ੍ਹਾਂ ਮੇਜ਼ ਉੱਤੇ ਹੀ ਪਿਆ ਹੈ। ਰਾਧਾ ਉਸ ਕੋਲ ਸੁੱਤੀ ਹੋਈ ਸੀ। ਉਸ ਨੂੰ ਉੱਠਦਿਆਂ ਵੇਖ ਕੇ ਰਾਧਾ ਨੇ ਲਾਈਟ ਜਗਾ ਦਿੱਤੀ। ਪ੍ਰਮੋਦ ਨੇ ਕੱਪੜੇ ਪਾ ਲਏ, ਬ੍ਰੀਫਕੇਸ ਖੋਲ੍ਹ ਕੇ ਦੇਖਿਆ, ਉਸ ਨੇ ਅੰਦਾਜ਼ਾ ਲਾਇਆ ਕਿ ਉਸ ਦੇ ਪੈਸੇ ਠੀਕ-ਠਾਕ ਹਨ। ਉਸ ਨੇ ਬਾਕੀ ਬਚੀ ਹੋਈ ਬੋਤਲ ਵੀ ਵਿੱਚੇ ਰੱਖ ਲਈ। ਪ੍ਰਮੋਦ ਉਸ ਕਮਰੇ ਵਿੱਚੋਂ ਬਾਹਰ ਨਿਕਲ ਰਿਹਾ ਸੀ ਤਾਂ ਰਾਧਾ ਨੇ ਉਨੀਂਦਰੇ ਵਿੱਚ ਉਸ ਵੱਲ ਦੇਖਦਿਆਂ ਕਿਹਾ, "ਤੁਸੀਂ ਫੇਰ ਆਉਣਾ"। ਪ੍ਰਮੋਦ ਨੇ ਉਸ ਦਾ ਮੋਢਾਦ ਬਾਉਂਦਿਆਂ ਕਿਹਾ, "ਆਵਾਂਗਾ ਛਿਣਪ੍ਰਭਾ"।

ਬਾਹਰ ਉਹੀ ਰੋਗੀ ਆਦਮੀ ਕੁਰਸੀ ਉੱਤੇ ਬੈਠਾ ਊਂਘ ਰਿਹਾ ਸੀ। ਪ੍ਰਮੋਦ ਨੂੰ ਦੇਖਦੇ ਹੀ ਤੁਰੰਤ ਉੱਠ ਕੇ ਖੜਾ ਹੋ ਗਿਆ ਅਤੇ ਬੋਲਿਆ, "ਕਿਉਂ ਸਭ ਠੀਕ ਸੀ ਨਾ ? ਮੈਂ ਕਿਹਾ ਸੀ 'ਨਾ ਰਾਧਾ ਅੱਛੀ ਲੜਕੀ ਹੈ" ? ਪ੍ਰਮੋਦ ਸਮਝ ਗਿਆ ਕਿ ਇਹ ਆਦਮੀ ਕੁੱਝ

ਪੈਸੇ ਮਾਠਣਾ ਚਾਹੁੰਦੈ। ਉਸ ਨੂੰ ਹੋਰ ਕੁੱਝ ਕਹਿਣ ਦਾ ਮੌਕਾ ਦਿੱਤੇ ਬਿਨਾਂ ਪ੍ਰਮੋਦ ਬੋਲਿਆ, "ਜਾਹ, ਇਕ ਟੈਕਸੀ ਲਿਆ ਦੇ"।

ਹੋਟਲ ਪਹੁੰਚ ਕੇ ਸਭ ਤੋਂ ਪਹਿਲਾਂ ਪ੍ਰਮੋਦ ਨੇ ਬ੍ਰੀਫ਼ਕੇਸ ਖੋਲ੍ਹ ਕੇ ਰੁਪਏ ਗਿਣੇ। ਰੁਪਏ ਪੂਰੇ ਸਨ। ਹੁਣ ਉਸ ਦੀ ਨੀਂਦਰ ਖੁੱਲ੍ਹ ਗਈ ਸੀ। ਉਸ ਨੇ ਆਪਣੀ ਕੰਪਨੀ ਲਈ ਉਸ ਦਿਨ ਦੇ ਕੰਮ ਦੀ ਰਿਪੋਰਟ ਤਿਆਰ ਕਰਨ ਦਾ ਫੈਸਲਾ ਕੀਤਾ। ਰਿਪੋਰਟ ਬਣਾਉਣ ਤੋਂ ਬਾਅਦ ਉਹ ਦੂਜੀ ਕੰਪਨੀ ਲਈ ਕਿਹੜੀਆਂ ਸ਼ਰਤਾਂ ਉੱਤੇ ਕੰਮ ਕਰੇਗਾ,ਉਸ ਦੀ ਇਕ ਮੋਟੀ ਜਿਹੀ ਰੂਪ-ਰੇਖਾ ਤਿਆਰ ਕਰ ਲਈ।

ਏਨੇ ਵਿਚ ਉਸ ਨੂੰ ਰਾਧਾ ਦੀ ਯਾਦ ਆਈ ਤੇ ਉਸ ਨੇ ਸੋਚਿਆ ਕਿ ਲੜਕੀ ਅੱਛੇ ਸੁਭਾਅ ਦੀ ਸੀ। ਪਰ ਫੇਰ ਉਸ ਨੇ ਆਪਣੀ ਗੱਲ ਦੀ ਸੋਧ ਕੀਤੀ-ਜਿਸ ਦਾ ਚਰਿੱਤਰ ਹੀ ਠੀਕ ਨਹੀਂ: ਭਲਾ ਉਸ ਦਾ ਸੁਭਾਅ ਕਿਵੇਂ ਠੀਕ ਹੋਵੇਗਾ।

*****

# ਕਰਫ਼ਿਊ

ਭਾਵੇਂ ਸ਼ਿਵਰਾਜ ਨੇ ਉਸ ਨੂੰ ਰਾਤੀਂ ਅੱਠ ਵਜੇ ਆਉਣ ਲਈ ਕਿਹਾ ਸੀ ਪਰ ਕਾਲੀਦਾਸ ਉਸ ਦੇ ਹੋਸਟਲ ਵਿਚ ਸਾਢੇ ਛੇ ਵਜੇ ਹੀ ਪਹੁੰਚ ਗਿਆ। ਐਨੀ ਜਲਦੀ ਆਉਣ ਦਾ ਬਹਾਨਾ ਇਹ ਸੀ ਕਿ ਰਾਤੀਂ ਆਉਣ ਵਿਚ ਉਸ ਨੂੰ ਬੜੀ ਔਖ ਹੋਣੀ ਸੀ ਪਰ ਉਸ ਦੇ ਜਲਦੀ ਆਉਣ ਦਾ ਕਾਰਨ ਵਾਕਈ ਇਹੀ ਸੀ ਕਿ ਉਸ ਕੋਲ ਕੋਈ ਕੰਮ ਨਹੀਂ ਸੀ ਤੇ ਉਹ ਸ਼ਿਵਰਾਜ ਨਾਲ ਗੱਲਾਂ ਕਰਨ ਲਈ ਹੋਰ ਸਮਾਂ ਕੱਢਣਾ ਚਾਹੁੰਦਾ ਸੀ ? ਜਦੋਂ ਉਹ ਓਥੇ ਪਹੁੰਚਿਆ, ਸ਼ਿਵਰਾਜ ਬੈਠਾ ਚਾਹ ਪੀ ਰਿਹਾ ਸੀ। ਚਾਹ ਲਈ ਪੁੱਛਿਆ ਤਾਂ ਕਾਲੀਦਾਸ ਨੇ ਦੱਸਿਆ, “ਸ਼ਾਮੀ ਪੰਜ ਵਜੇ ਤੋਂ ਬਾਅਦ ਮੈਂ ਚਾਹ ਨਹੀਂ ਪੀਂਦਾ”।

"ਤਾਂ ਫੇਰ ਤੈਨੂੰ ਉਡੀਕਣਾ ਪਵੇਗਾ, ਕਿਉਂ ਕਿ ਰਾਤ ਦਾ ਪ੍ਰਬੰਧ ਨੀਲਮ ਕਰੇਗੀ। ਹੁਣੇ ਹੀ ਨੀਲਮ ਬਾਥਰੂਮ ਵਿਚ ਗਈ ਹੈ; ਘੰਟੇ ਤੋਂ ਪਹਿਲਾਂ ਉਸ ਦੇ ਬਾਹਰ ਨਿਕਲਣ ਦੀ ਆਸ ਨਹੀਂ"।

"ਇਹ ਨੀਲਮ ਕੌਣ ਹੈ? ਉਹੀ ਐਕਟ੍ਰੈਸ ਤਾਂ ਨਹੀਂ,ਜਿਹੜੀ ਪਿਛਲੀ ਵਾਰੀ ਤੇਰੇ ਨਾਲ ਆਈ ਸੀ ਤੇ ਜਿਸ ਨਾਲ ਤੂੰ ਮੇਰੀ ਜਾਣ-ਪਛਾਣ ਵੀ ਕਰਵਾਈ ਸੀ” ?

"ਤਾਂ ਤੈਨੂੰ ਯਾਦ ਹੈ। ਉਸ ਦੀ ਨਵੀਂ ਪਿਕਚਰ ਵੇਖੀ ਹੈ ਤੂੰ ? ਹੁਣ ਤਾਂ ਇੱਕ ਫ਼ਿਲਮ ਦੇ ਅੱਠ ਲੱਖ ਰੁਪਏ ਲੈਂਦੀ ਹੈ। ਕੱਲ੍ਹ ਸ੍ਰੀਨਗਰ ਜਾ ਰਹੀ ਹੈ, ਸ਼ੂਟਿੰਗ ਲਈ। ਨੀਲਮ ਏਅਰ ਲਾਈਨਜ਼ ਵਿਚ ਕੰਮ ਕਰਦੀ ਹੈ। ਦੋ ਦਿਨ ਡਿਊਟੀ ਔਫ਼ ਸੀ। ਮੇਰੇ ਨਾਲ ਆ ਗਈ”।

ਫ਼ਿਲਮ ਦੀ ਗੱਲ ਉੱਤੇ ਕਾਲੀਦਾਸ ਨੂੰ ਕੁੱਝ ਚੇਤੇ ਆਇਆ। ਉਸ ਨੇ ਕਿਹਾ, "ਪਿਛਲੀ ਵਾਰੀ ਮੈਂ ਤੈਨੂੰ ਆਪਣੀ ਸਕ੍ਰਿਪਟ ਦਿੱਤੀ ਸੀ। ਕੀ ਬਣਿਆ, ਉਸ ਦਾ” ?

"ਜਿਸ ਨਾਲ ਮੈਨੂੰ ਬਹੁਤਾ ਪੈਸਾ ਮਿਲੇ”।

"ਠੀਕ ਹੈ। ਮੈਂ ਕੋਈ ਚੰਗਾ ਪ੍ਰੋਡਿਊਸਰ ਲੱਭ ਦਿਆਂਗਾ”।

ਕਾਲੀਦਾਸ ਨੇ ਆਪਣੀ ਘੜੀ ਵੇਖੀ। ਉਸ ਨੂੰ ਏਥੇ ਆਇਆਂ ਪੰਦਰਾਂ ਮਿੰਟ ਹੋ ਚੁੱਕੇ ਸਨ। ਨਹੀਂ,ਹੁਣ ਉਹ ਹੋਰ ਨਹੀਂ ਉਡੀਕ ਸਕਦਾ, ਉਸ ਨੇ ਮਨ ਹੀ ਮਨ ਵਿਚ ਫ਼ੈਸਲਾ ਲਿਆ।

ਸ਼ਿਵਰਾਜ ਨੂੰ ਕਹਿਣ ਲੱਗਾ, "ਮੈਂ ਹੁਣ ਹੋਰ ਨਹੀਂ ਠਹਿਰ ਸਕਦਾ"।

"ਜੇ ਤੂੰ ਕਹੇਂ ਤਾਂ ਕਿਸੇ ਹੋਰ ਨੂੰ ਸਕਰਿਪਟ ਦੇ ਦਿਆਂ। ਪਰ ਫੇਰ ਪਛਤਾਏਂਗਾ ਤੂੰ"।

"ਮੈਂ ਆਪਣੀ ਸਕਰਿਪਟ ਬਾਰੇ ਨਹੀਂ ਸਾਂ ਕਹਿ ਰਿਹਾ। ਚੱਲ ਹੁਣ ਵਿਸਕੀ ਕੱਢ"।

ਖਿੜਕੀ ਤੋਂ ਬਾਹਰ ਵੱਲ ਦੇਖਦਿਆਂ ਸ਼ਿਵਰਾਜ ਬੋਲਿਆ, "ਹਾਲੇ ਤਾਂ ਹਨੇਰਾ ਵੀ ਨਹੀਂ ਹੋਇਆ।

"ਓ ਭਾਈ,ਮੈਂ ਕਵੀ ਹਾਂ"। ਕਾਲੀਦਾਸ ਨੇ ਜਵਾਬ ਦਿੱਤਾ, "ਮੇਰੇ ਸੋਚਣ ਨਾਲ ਹੀ ਹਨੇਰਾ ਹੋ ਗਿਆ ਸਮਝੋ। ਮੇਰੇ ਰਾਤ ਕਹਿਣ 'ਤੇ ਸੂਰਜ ਡੁੱਬ ਜਾਏਗਾ"।

ਸ਼ਿਵਰਾਜ ਓਥੋਂ ਉੱਠ ਕੇ ਅੰਦਰ ਆ ਗਿਆ ਅਤੇ ਵਿਸਕੀ ਤੇ ਸੋਢੇ ਦੀ ਬੋਤਲ ਲਿਆ ਕੇ ਕਾਲੀਦਾਸ ਦੇ ਸਾਹਮਣੇ ਰੱਖ ਦਿੱਤੀ। ਕਾਲੀਦਾਸ ਨੇ ਦਿਲ ਖੋਲ੍ਹ ਕੇ ਵਿਸਕੀ ਗਿਲਾਸ ਵਿਚ ਪਾਈ, ਉਸ ਵਿਚ ਸੋਢਾ ਮਿਲਾਇਆ ਅਤੇ ਉਸ ਨੂੰ ਚੁੰਮ ਕੇ ਬੋਲਿਆ, "ਤੇਰੇ ਕੰਮ ਦੀ ਕਾਮਯਾਬੀ ਲਈ; ਪਰ ਹਾਲੋ ਮੈਂ ਹੁਣ ਤੱਕ ਇਹ ਨਹੀਂ ਸਮਝ ਸਕਿਆ ਕਿ ਤੂੰ ਐਤਕੀਂ ਕਿਸ ਕੰਮ ਆਇਆ ਹੈਂ" ?

"ਐਤਕੀਂ ਕੰਮ ਜ਼ਰਾ ਟੇਢਾ ਹੈ। ਦੁਹਾਂ-ਤਿੰਨਾਂ ਵਿਭਾਗਾਂ ਵਿਚ ਕੰਮ ਹੈ; ਕੋਈ ਨਾ, ਹੋ ਜਾਏਗਾ"।

ਕਾਲੀਦਾਸ ਨੇ ਗਟ-ਗਟ ਕੇ ਅੱਧਾ ਗਿਲਾਸ ਖ਼ਾਲੀ ਕਰ ਦਿੱਤਾ ਤੇ ਕਿਹਾ, "ਮੇਰੇ ਉਸ ਇਨਾਮ ਬਾਰੇ ਕੀ ਕੀਤੈ ਤੂੰ" ?

"ਮੈਨੂੰ ਯਾਦ ਹੈ। ਪਰ ਉਸ ਲਈ ਮੈਨੂੰ ਪੂਰੀ ਤਰ੍ਹਾਂ ਜੁੱਟਣਾ ਪਏਗਾ। ਸਭ ਤੋਂ ਪਹਿਲਾਂ ਇਹ ਪਤਾ ਲਾਉਣਾ ਪਏਗਾ ਕਿ ਜੱਜ ਕੌਣ-ਕੌਣ ਨੇ। ਜਿਹੜੇ ਉਦਯੋਗਪਤੀ ਇਨਾਮ ਦੇ ਰਹੇ ਨੇ, ਉਨ੍ਹਾਂ ਦਾ ਕੰਮ ਕਿਸ ਮੰਤਰੀ ਨਾਲ ਪੈਂਦਾ ਹੈ, ਵਗ਼ੈਰਾ-ਵਗ਼ੈਰਾ। ਪੂਰੇ ਵਰ੍ਹੇ ਦੀ ਯੋਜਨਾ ਹੈ, ਇਹ। ਜੇ ਅਗਲੇ ਸਾਲ ਇਨਾਮ ਮਿਲ ਜਾਏ,ਤਾਂ ਚੱਲੇਗਾ" ?

“ਚੱਲੇਗਾ, ਪਰ ਜੇ ਉਸ ਤੋਂ ਜ਼ਿਆਦਾ ਦੇਰ ਹੋਈ ਤਾਂ ਮੈਂ ਇਨਾਮ ਲੈਣ ਤੋਂ ਸਾਫ਼ ਇਨਕਾਰ ਕਰ ਦਿਆਂਗਾ, ਕਿਉਂ ਕਿ ਮੇਰੇ ਤੋਂ ਕਾਫ਼ੀ ਜੂਨੀਅਰ ਲੇਖਕ ਵੀ ਇਹ ਇਨਾਮ ਲੈ ਚੁੱਕੇ ਨੇਂ"? "

ਏਨੇ ਵਿਚ ਤਿਆਰ ਹੋ ਕੇ ਨੀਲਮ ਬਾਹਰ ਆ ਗਈ। ਸ਼ਿਵਰਾਜ ਨੇ ਕਿਹਾ, “ਸੁਣਦੀ ਏਂ ਨੀਲਮ, ਸਾਡੀ ਅਗਲੀ ਯੋਜਨਾ ਹੋਵੇਗੀ ਕਾਲੀਦਾਸ ਨੂੰ ਇਨਾਮ ਦਿਵਾਉਣਾ। ਪਰ ਕਾਲੀਦਾਸ, ਤੇਰੇ ਇਨਾਮ ਲੈਣ ਦਾ ਸਾਨੂੰ ਕੀ ਫਾਇਦਾ ਹੋਵੇਗਾ"?

“ਮੇਰੇ ਇਨਾਮ ਤੋਂ ਬਾਅਦ ਤੂੰ ਮੇਰੇ ਲਈ ਏਥੇ ਇਕ ਸਨਮਾਨ-ਸਮਾਰੋਹ ਕਰੀਂ। ਲੋਕ ਸਮਝਣਗੇ ਕਿ ਤੂੰ ਕਿਸੇ ਇਨਾਮੀ ਕਵੀਆਂ ਨੂੰ ਜਾਣਨ ਵਾਲੈਂ ਤੇ ਕਲਾ ਤੇ ਕਲਚਰ ਵਿਚ ਵੀ ਤੇਰੀ ਰੁਚੀ ਹੈ”।

"ਸੱਚ! ਗੱਲ ਤੇ ਤੂੰ ਠੀਕ ਕਹੀ ਹੈ। ਏਸ ਵਾਰੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਤੂੰ ਜ਼ਰਾ ਬੈਠ; ਮੈਂ ਮੂੰਹ ਹੱਥ ਧੋਕੇ ਆਇਆ"।

ਸ਼ਿਵਰਾਜ ਦੇ ਅੰਦਰ ਜਾਣ ਤੋਂ ਬਾਅਦ ਕਾਲੀਦਾਸ ਨੇ ਨੀਲਮ ਨੂੰ ਪੁੱਛਿਆ, “ਕੀ ਤੇਰੇ ਖ਼ਿਆਲ ਵਿਚ ਇਹ ਕੰਮ ਹੋ ਸਕਦੈ"?

“ਕਿੰਨਾ ਕੁ ਵੱਡਾ ਕੰਮ ਹੈ, ਇਹ, ਇਸ ਦਾ ਤਾਂ ਮੈਨੂੰ ਪਤਾ ਨਹੀਂ"। ਕੁਝ ਸੋਚ ਕੇ ਉਹ ਫੇਰ ਬੋਲੀ, "ਕੀ ਕਿਸੇ ਮੰਤਰੀ-ਮੰਡਲ ਨੂੰ ਭੰਗ ਕਰਾਉਣ ਤੋਂ ਵੀ ਔਖਾ ਹੈ ਇਹ ਕੰਮ"?

ਕਾਲੀਦਾਸ ਨੂੰ ਯਾਦ ਆਇਆ ਕਿ ਕੁੱਝ ਚਿਰ ਪਹਿਲਾਂ ਕਿਸੇ ਮੰਤਰੀ ਨਾਲ ਸ਼ਿਵਰਾਜ ਦੀ ਅਣਬਣ ਹੋ ਗਈ ਸੀ,ਜਿਸ ਕਰਕੇ ਪੂਰੇ ਦੇ ਪੂਰੇ ਮੰਤਰੀ-ਮੰਡਲ ਨੂੰ ਭੰਗ ਹੋਣਾ ਪਿਆ ਸੀ। ਉਹ ਕੁੱਝ ਕਹਿਣਾ ਚਾਹੁੰਦਾ ਸੀ ਪਰ ਏਨੇ ਵਿਚ ਹੱਥ ਵਿਚ ਤੌਲੀਆ ਫੜੀ ਸ਼ਿਵਰਾਜ ਅੰਦਰੋਂ ਬਾਹਰ ਨਿਕਲ ਆਇਆ ਤੇ ਬੋਲਿਆ, "ਨਾ ਬਾਬਾ ਨਾ, ਹੁਣ ਇੰਜ ਦਾ ਕੋਈ ਕੰਮ ਮੈਂ ਨਹੀਂ ਕਰਨਾ। ਪੈਸਾ ਤਾਂ ਖ਼ਰਚ ਹੋਇਆ ਸੀ, ਪਰ ਜਿੰਨੀ ਖੱਜਲ-ਖੁਆਰੀ ਹੋਈ,ਉਹ ਯਾਦ ਆਉਂਦੀ ਹੈ ਤਾਂ ਹੁਣ ਵੀ ਮੈਨੂੰ ਘਬਰਾਹਟ ਹੋਣ ਲੱਗ ਪੈਂਦੀ ਹੈ"। ਏਨਾ ਕਹਿ ਕੇ ਉਹ ਫੇਰ ਅੰਦਰ ਚਲਾ ਗਿਆ। ਕਾਲੀਦਾਸ ਨੇ ਆਪਣਾ ਗਿਲਾਸ ਸੰਭਾਲ ਲਿਆ। ਸਾਹਿਤਿਕ ਖੇਤਰ ਵਿਚ ਪ੍ਰਸਿੱਧੀ ਹਾਸਲ ਕਰਨ ਤੋਂ ਇਲਾਵਾ ਉਸ ਦੀ ਇਕ ਹੋਰ ਕਮਜ਼ੋਰੀ

ਸੀ ਤੇ ਉਹ ਸੀ ਪੀਣਾ। ਕੋਲ ਬੈਠੀ ਔਰਤ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਦੇ ਹੋਏ ਕਾਲੀਦਾਸ ਆਪਣੇ ਗਿਲਾਸ ਵਿਚ ਮਸਤ ਹੋ ਗਿਆ।

ਕੁੱਝ ਦੇਰ ਪਿੱਛੋਂ ਜਦੋਂ ਨੀਲਮ ਨੇ ਉਸ ਕੋਲੋਂ ਵਕਤ ਪੁੱਛਿਆ, ਤਾਂ ਉਸ ਨੇ ਘੜੀ ਦੇਖ ਕੇ ਉਸ ਨੂੰ ਵਕਤ ਦੱਸਿਆ। ਐਨੇ ਵਿਚ ਉਸ ਨੂੰ ਖ਼ਿਆਲ ਆਇਆ ਕਿ ਰਸਮੀ ਤੌਰ ਉੱਤੇ ਇਸ ਲੜਕੀ ਨੂੰ ਪੁੱਛ ਹੀ ਲੈਣਾ ਚਾਹੀਦਾ ਹੈ ਕਿ ਤੂੰ ਘੁੱਟ ਲਵੇਂਗੀ? ਨੀਲਮ ਨੇ ਪੀਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਾਲੀਦਾਸ ਤੋਂ ਪੁੱਛਿਆ, "ਅੱਜ ਸ਼ਹਿਰ ਦੀ ਹਾਲਤ ਕਿਹੋ ਜਿਹੀ ਹੈ" ?

"ਇਸ ਸ਼ਹਿਰ ਵਿਚ ਕਦੋਂ ਕੀ ਵਾਪਰਦਾ ਹੈ, ਇਸ ਦਾ ਪਤਾ ਲਾਉਣਾ ਬੜਾ ਔਖਾ ਹੈ। ਹਾਂ, ਕੱਲ੍ਹ ਦੇ ਅਖ਼ਬਾਰ ਤੋਂ ਇਹ ਪਤਾ ਲੱਗ ਜਾਏਗਾ ਕਿ ਮਰਨ ਵਾਲਿਆਂ ਦੀ ਜ਼ਖ਼ਮੀ ਲੋਕਾਂ ਦੀ ਗਿਣਤੀ ਕਿੰਨੀ ਸੀ"।

"ਤੁਹਾਨੂੰ ਕੋਈ ਪਰੇਸ਼ਾਨੀ ਤਾਂ ਨਹੀਂ ਹੋ ਰਹੀ ਦੰਗੇ-ਫ਼ਸਾਦਾਂ ਤੋਂ" ?

ਜਿਵੇਂ ਤੁਸੀਂ ਲੋਕ ਅਸਮਾਨ ਤੇ ਉੱਡਦੇ ਹੋ, ਅਸੀਂ ਲੋਕ ਵੀ ਉਂਜ ਹੀ ਇੱਕ ਤਰ੍ਹਾਂ ਦੇ ਸਮਾਜਿਕ ਅਸਮਾਨ ਉੱਤੇ ਉੱਡਦੇ ਰਹਿੰਦੇ ਹਾਂ। ਹੇਠਾਂ ਸੜਕ ਉੱਤੇ ਕੀ ਕੁੱਝ ਹੋ ਰਿਹਾ ਹੈ ਉਸ ਨਾਲ ਸਾਡਾ ਕੋਈ ਸਰੋਕਾਰ ਨਹੀਂ"। ਗੱਲ ਨੂੰ ਜ਼ਰਾ ਕਵਿਤਾਮਈ ਅੰਦਾਜ਼ ਵਿੱਚ ਕਾਲੀਦਾਸ ਨੇ ਕਿਹਾ।

ਏਨੇ ਵਿਚ ਬਾਹਰ ਦੀ ਘੰਟੀ ਵੱਜੀ। ਨੀਲਮ ਨੇ ਦਰਵਾਜ਼ਾ ਖੋਲ੍ਹਿਆ। ਅੰਦਰ ਦਾਖ਼ਲ ਹੋ ਕੇ ਉਸ ਬੰਦੇ ਨੇ ਆਪਣੀ ਜਾਣ-ਪਛਾਣ ਕਰਾਉਂਦਿਆਂ ਕਿਹਾ, "ਮੈਂ ਤ੍ਰਿਲੋਕਨਾਥ ਹਾਂ"।

"ਬੈਠੋ"। ਨੀਲਮ ਨੇ ਕਿਹਾ, "ਸ਼ਿਵਰਾਜ ਹੁਰੀਂ ਪੰਜ ਮਿੰਟ ਵਿਚ ਆ ਰਹੇ ਨੇ। ਤੁਸੀਂ ਸਿਹਤ ਵਿਭਾਗ ਦੇ ਸਕੱਤਰ ਹੋ ਨਾ"?

"ਨਹੀਂ, ਰਸਾਇਣ ਵਿਭਾਗ ਦੇ ਤੁਹਾਨੂੰ ਕਿਵੇਂ ਪਤਾ ਲੱਗਾ" ?

"ਸਵੇਰੇ ਮੈਂ ਹੀ ਸਾਰਿਆਂ ਨਾਲ ਸ਼ਿਵਰਾਜ ਦੀ ਗੱਲ ਕਰਵਾਈ ਸੀ। ਤੁਸੀਂ ਕੀ ਪੀਓਗੇ ?

ਆਪਣੀ ਘੜੀ ਦੇਖ ਕੇ ਥੋੜੀ ਦੇਰ ਲਈ ਤ੍ਰਿਲੋਕਨਾਥ ਨੇ ਕੁੱਝ ਸੋਚਿਆ, ਜਿਵੇਂ ਉਸ ਦਿਨ ਦੀ ਸ਼ਾਮ ਦਾ ਪਹਿਲਾ ਪਿਆਲਾ ਲੈਣ ਲਈ ਉਸ ਨੂੰ ਕਿਸੇ ਸ਼ੁੱਭ ਘੜੀ ਦੀ ਉਡੀਕ ਹੋਵੇ। ਉਸ ਨੇ ਕਿਹਾ, ਕੀ ਹੈ" ?

ਕਮਰੇ ਦੇ ਬੈਠਣ ਵਾਲੇ ਹਿੱਸੇ ਤੋਂ ਸੌਣ ਵਾਲੇ ਹਿੱਸੇ ਨੂੰ ਵੱਖ ਕਰਨ ਵਾਲੇ ਪਰਦੇ ਨੂੰ ਪਰ੍ਹਾਂ ਕਰਦਿਆਂ ਨੀਲਮ ਨੇ ਉਸ ਨੂੰ ਮੇਜ਼ ਉੱਤੇ ਸਜੀਆਂ ਬੋਤਲਾਂ ਦਿਖਾਈਆਂ। ਤ੍ਰਿਲੋਕਨਾਥ ਉੱਠ ਕੇ ਮੇਜ਼ ਕੋਲ ਗਿਆ ਤੇ ਇੱਕ-ਇੱਕ ਕਰ ਕੇ ਸਾਰੀਆਂ ਬੋਤਲਾਂ ਟੋਹਣ ਲੱਗਾ। ਸਾਰੀਆਂ ਬੋਤਲਾਂ ਬਦੇਸੀ ਤੇ ਕੀਮਤੀ ਸਨ। ਏਨੇ ਵਿਚ ਸ਼ਿਵਰਾਜ ਤੌਲੀਆ ਲਪੇਟ ਕੇ ਬਾਥਰੂਮ ਤੋਂ ਬਾਹਰ ਨਿਕਲਦਿਆਂ ਬੋਲਿਆ, "ਮਾਫ਼ ਕਰਨਾ, ਇਹੋ ਜਿਹੀ ਹਾਲਤ ਵਿਚ ਮੈਂ ਤੁਹਾਡੇ ਨਾਲ ਹੱਥ ਮਿਲਾ ਰਿਹਾਂ। ਤੁਹਾਡੇ ਲਈ ਇੱਕ ਡ੍ਰਿੰਕ ਬਣਾਉਣ ਤੋਂ ਬਾਅਦ ਮੈਂ ਕੱਪੜੇ ਪਾ ਲਵਾਂਗਾ। ਦੱਸੋ ਕੀ ਦਿਆਂ"? ਤ੍ਰਿਲੋਕਨਾਥ ਨੂੰ ਝਕਦਿਆਂ ਵੇਖ ਕੇ ਸ਼ਿਵਰਾਜ ਨੇ ਕਿਹਾ, "ਪਹਿਲਾਂ ਸਕਾਚ ਸ਼ੁਰੂ ਕਰੋ। ਖਾਣਾ ਆਉਣ ਉੱਤੇ ਮੈਂ ਤੁਹਾਨੂੰ ਬਹੁਤ ਅੱਛੀ ਵਾਈਨ ਪਿਆਵਾਂਗਾ"।

ਗਿਲਾਸ ਭਰ ਕੇ ਸ਼ਿਵਰਾਜ ਨੇ ਤ੍ਰਿਲੋਕਨਾਥ ਵੱਲ ਵਧਾਇਆ। ਤ੍ਰਿਲੋਕਨਾਥ ਹੁਰੀਂ ਆਪਣੀ ਥਾਂ ਉੱਤੇ ਆ ਕੇ ਬੈਠ ਗਏ।

ਨੀਲਮ ਬੋਲੀ, "ਮੁਆਫ਼ ਕਰਨਾ, ਮੈਂ ਪਰਿਚੈ ਕਰਵਾਉਣਾ ਭੁੱਲ ਗਈ ਸੀ। ਮਿਸਟਰ ਤ੍ਰਿਲੋਕਨਾਥ, ਸਕੱਤਰ। ਮਸ਼ਹੂਰ ਲੇਖਕ ਕਾਲੀਦਾਸ"। ਸਿੱਧੇ ਸਾਦੇ ਕੱਪੜੇ ਪਾਈ ਆਦਮੀ ਨੂੰ ਪਹਿਲਾਂ ਤ੍ਰਿਲੋਕਨਾਥ ਨੇ ਕੋਈ ਰਾਜਨੀਤਿਕ ਨੇਤਾ ਸਮਝਿਆ ਸੀ। ਹੁਣੇ ਲੇਖਕ ਦੇ ਰੂਪ ਵਿਚ ਉਸ ਦੀ ਜਾਣ-ਪਛਾਣ ਹੋਈ ਤਾਂ ਬੜੇ ਹੀ ਅਣਮੰਨੇ ਢੰਗ ਨਾਲ ਹੱਥ ਮਿਲਾਉਣ ਲਈ ਆਪਣਾ ਹੱਥ ਅੱਗੇ ਵਧਾਇਆ। ਕਾਲੀਦਾਸ ਅਜਿਹੀ ਪ੍ਰਤੀਕਿਰਿਆ ਤੋਂ ਪਹਿਲਾਂ ਹੀ ਵਾਕਫ਼ ਸੀ। ਤ੍ਰਿਲੋਕਨਾਥ ਦੇ ਅੱਗੇ ਵਧੇ ਹੋਏ ਹੱਥ ਨੂੰ ਅਣਗੌਲਿਆਂ ਕਰ ਕੇ ਉਸ ਨੇ ਨਮਸਕਾਰ ਕੀਤੀ। ਦੋ ਗਿਲਾਸ ਵਿਕਸੀ ਪੀਣ ਤੋਂ ਬਾਅਦ ਇਸ ਵੇਲੇ ਉਸ ਦਾ ਮਿਜ਼ਾਜ ਅੱਛਾ ਸੀ। ਉਸ ਨੇ ਕਿਹਾ, "ਪਰ ਮੇਘਦੂਤ ਨੇ ਲੇਖਕ ਦੀ ਤਰ੍ਹਾਂ ਨਹੀਂ, ਹਾਲਾਂਕਿ ਬਹੁਤ ਸਾਰੇ ਲੋਕ ਮੇਘਦੂਤ ਬਾਰੇ ਹੀ ਕੁੱਝ ਨਹੀਂ ਜਾਣਦੇ"। ਤ੍ਰਿਲੋਕਨਾਥ ਨੇ ਕਿਹਾ, "ਤੁਸੀਂ ਠੀਕ ਕਹਿ ਰਹੇ ਹੋ। ਮੈਂ ਤੁਹਾਡਾ ਨਾਂ ਹਾਲੇ ਤੱਕ ਸੁਣਿਆ ਹੀ ਨਹੀਂ ਸੀ"। ਕਾਲੀਦਾਸ ਤਾੜ ਗਿਆ ਕਿ ਹੁਣ ਲੜਾਈ ਸ਼ੁਰੂ ਹੋ ਚੁੱਕੀ ਹੈ। ਉਹ ਹਾਰਨ ਵਾਲਿਆਂ ਵਿੱਚੋਂ ਨਹੀਂ ਸੀ। ਪਰ ਵਕਤ ਦੀ ਨਜ਼ਾਕਤ ਸਮਝਦੇ ਹੋਏ ਉਹ ਕੁੱਝ ਦੇਰ ਚੁੱਪ ਰਿਹਾ। ਉਹ ਹੌਲੀ-ਹੌਲੀ ਪੀ ਕੇ ਗਿਲਾਸ ਖ਼ਾਲੀ ਕਰਨ ਤੋਂ ਪਿੱਛੋਂ ਬੋਲਿਆ, "ਕੀ ਦੱਸਿਐ ਤੁਸੀਂ ਆਪਣਾ ਨਾਂ ? ਤ੍ਰਿਅੰਬਕ

ਨਾਥ? ਰਮਾਇਣ ਮੰਤਰੀ ਦੇ ਪ੍ਰਾਈਵੇਟ ਸਕੱਤਰ" ? ਤ੍ਰਿਲੋਕਨਾਥ ਸਮਝ ਗਿਆ ਕਿ ਬੇਹੱਦ ਸਾਧਾਰਣ ਲੱਗ ਰਿਹਾ ਵਿਰੋਧੀ ਬੜਾ ਛਟਿਆ ਹੋਇਆ ਬੰਦਾ ਹੈ। ਉਸ ਨੂੰ ਲੱਗਾ ਕਿ ਬੈਠਕ ਵਿਚ ਆਪਣਾ ਪ੍ਰਮਾਣ ਜਮਾਉਣ ਦੀ ਲੜਾਈ ਵਿਚ ਉਹ ਹਾਰ ਗਿਆ ਹੈ। ਕਾਲੀਦਾਸ ਨਾਲ ਦੋਸਤੀ ਕਾਇਮ ਕਰਨ ਦੇ ਇਰਾਦੇ ਨਾਲ ਉਸ ਨੇ ਕਾਲੀਦਾਸ ਦਾ ਗਿਲਾਸ ਚੁੱਕਿਆ ਤੇ ਕਿਹਾ, "ਮੈਂ ਤੁਹਾਡਾ ਗਿਲਾਸ ਭਰ ਕੇ ਲਿਆਉਂਦਾ"। ਮੁਆਫ਼ ਕਰਨ ਵਾਲੀ ਆਵਾਜ਼ ਵਿਚ ਕਾਲੀਦਾਸ ਬੋਲਿਆ, "ਛੋਟਾ। ਸੋਢਾ। ਦੋ ਟੁਕੜੇ ਬਰਫ਼"।

ਏਨੇ ਨੂੰ ਕਪੜੇ ਪਾ ਕੇ ਸ਼ਿਵਰਾਜ ਬਾਹਰ ਆਇਆ ਤੇ ਆਪਣਾ ਗਿਲਾਸ ਭਰਨ ਲੱਗਾ। ਕਾਲੀਦਾਸ ਨੇ ਘੜੀ ਦੇਖ ਕੇ ਕਿਹਾ, "ਹੁਣ ਕੋਈ ਨਹੀਂ ਆਏਗਾ। ਅੱਠ ਵਜੇ ਤੋਂ ਕਰਫ਼ਿਊ ਲੱਗ ਗਿਆ ਹੋਵੇਗਾ। ਤਿਲੋਕਨਾਥ ਨੇ ਕਿਹਾ, "ਮਾਈ ਗਾਡ। ਮੈਂ ਤਾਂ ਬਿਲਕਲ ਭੁੱਲ ਹੀ ਗਿਆ ਸੀ। ਰਾਤ ਨੂੰ ਘਰ ਜਾਣ ਲਈ ਪਾਸ ਬਣਵਾਉਣਾ ਸੀ" ਸ਼ਿਵਰਾਜ ਨੇ ਕਿਹਾ, "ਪਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ। ਮੈਂ ਸਾਰਾ ਇੰਤਜ਼ਾਮ ਕਰ ਦਿਆਂਗਾ। ਉਸ ਨੇ ਨੀਲਮ ਨੂੰ ਪੁੱਛਿਆ," ਹੋਰ ਕੌਣ-ਕੌਣ ਆ ਰਹੇ ਨੇ" ?

"ਸਿਹਤ ਵਿਭਾਗ ਦੇ ਸਕੱਤਰ,
ਉਪ-ਮੰਤਰੀ ਤੇ ਰਾਮਮੂਰਤੀ"।
"ਕੌਣ ਰਾਮਮੂਰਤੀ" ? ਤ੍ਰਿਲੋਨਾਥ ਨੇ ਪੁੱਛਿਆ।

"ਉਹੀ ਵਿਰੋਧੀ ਦਲ ਦਾ ਨੇਤਾ। ਭਾਈ ਸਾਹਿਬ ਦੇ ਬੜੇ ਨਜ਼ਦੀਕੀ ਦੋਸਤ ਹਨ। ਤੁਸੀਂ ਉਨ੍ਹਾਂ ਨੂੰ ਜਾਣਦੇ ਹੋ ਨਾ? ਬੜੇ ਅੱਛੇ ਆਦਮੀ ਨੇ। ਜਾਣ-ਪਛਾਣ ਹੋਣੀ ਚਾਹੀਦੀ ਹੈ। ਕਦੇ ਤੁਹਾਡੇ ਕੰਮ ਆ ਸਕਦੇ ਨੇ"।

ਟੈਲੀਫ਼ੋਨ ਦੀ ਘੰਟੀ ਵੱਜੀ ਤੇ ਸ਼ਿਵਰਾਜ ਨੇ ਰਿਸੀਵਰ ਚੁੱਕ ਕੇ ਕੰਨ ਨਾਲ ਲਾਇਆ ਤੇ ਕੁੱਝ ਚਿਰ ਸੁਣਨ ਪਿੱਛੋਂ ਬੋਲਿਆ, "ਠੀਕ ਹੈ, ਠੀਕ ਹੈ। ਤੁਹਾਨੂੰ ਪਰੇਸ਼ਾਨ ਹੋਣ ਦੀ ਲੋੜ ਨਹੀਂ"। ਫੋਨ ਅਕਬਰ ਨਾਂ ਦੇ ਆਦਮੀ ਦਾ ਸੀ ਜੋ ਉਸੇ ਹੋਟਲ ਵਿਚ ਸ਼ਿਵਰਾਜ ਦੇ ਕਮਰੇ ਦੇ ਕੋਲ ਹੀ ਇੱਕ ਹੋਰ ਕਮਰੇ ਵਿਚ ਠਹਿਰਿਆ ਹੋਇਆ ਸੀ। ਸ਼ਿਵਰਾਜ ਏਥੇ ਉਸੇ ਦੇ ਕੰਮ ਆਇਆ ਸੀ। ਉਸੇ ਨੇ ਸ਼ਿਵਰਾਜ ਦੇ ਆਉਣ-ਜਾਣ ਤੇ ਰਹਿਣ, ਆਦਿ ਦਾ ਪ੍ਰਬੰਧ

ਕੀਤਾ ਸੀ। ਸ਼ਿਵਰਾਜ ਨੇ ਨੀਲਮ ਨੂੰ ਕਿਹਾ, "ਅੰਦਰ ਜਾ ਕੇ ਜ਼ਰਾ ਡ੍ਰਿੰਕ ਦੇਖ ਲੈ ਤੇ ਜੇ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਅਕਬਰ ਨੂੰ ਦੱਸ ਦੇਈਂ"।

ਆਪਣਾ ਆਪਣਾ ਗਿਲਾਸ ਭਰ ਕੇ ਸਾਰੇ ਜਣੇ ਫੇਰ ਆ ਕੇ ਬੈਠ ਗਏ। ਸ਼ਿਵਰਾਜ ਬੋਲਿਆ, "ਪਹਿਲਾਂ ਮੈਂ ਕੰਮ ਦੀ ਗੱਲ ਦੱਸ ਲਵਾਂ। ਮਾਮਲਾ ਇਹ ਹੈ ਕਿ ਮੇਰੇ ਇਕ ਦੋਸਤ ਇੱਕ ਤਰ੍ਹਾਂ ਦਾ ਕੈਮੀਕਲ ਬਣਾਉਂਦੇ ਸਨ। ਜਿਸ ਨੂੰ ਸਾਬਣ ਦੇ ਕਾਰਖ਼ਾਨੇ ਵਾਲੇ ਖ਼ਰੀਦਦੇ ਹੁੰਦੇ ਸਨ। ਇੱਕ ਦਿਨ ਅਚਾਨਕ ਸਿਹਤ ਵਿਭਾਗ ਵਾਲਿਆਂ ਨੇ ਕਿੰਤੂ ਕਰ ਦਿੱਤਾ ਕਿ ਇਹ ਕੈਮੀਕਲ ਤਾਂ ਸਰੀਰ ਲਈ ਹਾਨੀਕਾਰਕ ਹੈ। ਉਸੇ ਦਿਨ ਤੋਂ ਮੇਰੇ ਦੋਸਤ ਦਾ ਕਾਰਖ਼ਾਨਾ ਬੰਦ ਪਿਐ; ਡੇਢ ਸੋ ਲੋਕ ਬੇ-ਰੁਜ਼ਗਾਰ ਹੋ ਗਏ ਨੇ। ਮੇਰਾ ਦੋਸਤ ਅਮਰੀਕਾ, ਆਦਿ ਕਈ ਦੇਸਾਂ ਤੋਂ ਸਰਟੀਫੀਕੇਟ ਲਿਆਏ ਹਨ ਕਿ ਇਹ ਕੈਮੀਕਲ ਬਿਲਕੁਲ ਹਾਨੀਕਾਰਕ ਨਹੀਂ ਹੈ"।

"ਸਾਡੇ ਸਿਹਤ ਵਿਭਾਗ ਦੀ ਲੈਬੋਰੇਟਰੀ ਕੀ ਕਹਿੰਦੀ ਹੈ"? ਤ੍ਰਿਲੋਕਨਾਥ ਨੇ ਪੁੱਛਿਆ। "ਉਸ ਦਾ ਇੰਤਜ਼ਾਮ ਹੋ ਚੁੱਕਾ ਹੈ। ਉਸ ਦੀ ਰਪੋਟ ਛੇਤੀ ਆ ਜਾਏਗੀ। ਪਰ ਉਹ ਲੋਕ ਅਜਿਹੀ ਰਿਪੋਰਟ ਦੇ ਰਹੇ ਹਨ ਜਿਸ ਵਿਚ ਨਾ ਸੱਪ ਮਰੇਗਾ ਤੇ ਨਾਂ ਲਾਠੀ ਹੀ ਟੁੱਟੇਗੀ। ਏਸ ਲਈ ਸਰਕਾਰੀ ਪੱਧਰ ਉੱਤੇ ਹੀ ਏਸ ਦਾ ਕੋਈ ਫ਼ੈਸਲਾ ਹੋਏਗਾ।

"ਸਿਹਤ ਸਕੱਤਰ ਤੇ ਆ ਰਹੇ ਨੇ ਨਾ ? ਉਨ੍ਹਾਂ ਤੋਂ ਪੁੱਛ ਲਵਾਂਗੇ ਕਿ ਕੀ ਫੈਸਲਾ ਕਰ ਰਹੇ ਨੇ, ਏਸ ਰਿਪੋਰਟ ਬਾਰੇ"।

ਮੈਂ ਉਨਾਂ ਨਾਲ ਗੱਲ ਕੀਤੀ ਸੀ। ਉਹ ਵੀ ਰਾਜ਼ੀ ਨੇ"। ਸ਼ਿਵਰਾਜ ਨੇ ਕਿਹਾ, "ਪਰ ਉਹ ਦੂਜੇ ਪਾਸਿਓਂ ਹੁੰਗਾਰੇ ਦੀ ਉਡੀਕ ਵਿਚ ਨੇ। ਜੇ ਰਸਾਇਣ ਵਿਭਾਗ ਟਿੱਪਣੀ ਦੇ ਦੇਵੇ ਕਿ ਇਸ ਕਾਰਖਾਨੇ ਨੂੰ ਮੁੜ ਕੇ ਕਿਵੇਂ ਚਾਲੂ ਕੀਤਾ ਜਾ ਸਕਦੈ, ਤਾਂ ਸਿਹਤ ਵਿਭਾਗ ਲਈ ਫੈਸਲਾ ਕਰਨਾ ਸੌਖਾ ਹੋ ਜਾਵੇਗਾ"।

"ਇਹ ਲਿਖਣ ਵਿਚ ਸਾਨੂੰ ਕੀ ਔਖਾ ਹੈ? ਕੀ ਸਾਨੂੰ ਕੰਪਨੀ ਤੋਂ ਕੋਈ ਚਿੱਠੀ ਪਹੁੰਚ ਚੁੱਕੀ ਹੈ " ?

ਸ਼ਿਵਰਾਜ ਨੇ ਨੀਲਮ ਨੂੰ ਅੰਦਰੋਂ ਕੋਈ ਫ਼ਾਈਲ ਲਿਆਉਣ ਲਈ ਕਿਹਾ ਤੇ ਉਸ ਵਿੱਚੋਂ ਇੱਕ ਕਾਗ਼ਜ਼ ਕੱਢ ਕੇ ਤ੍ਰਿਲੋਕਨਾਥ ਨੂੰ ਦਿਖਾਇਆ। "ਠੀਕ ਹੈ," ਕਹਿ ਕੇ ਤ੍ਰਿਲੋਕਨਾਥ ਬੋਲਿਆ,

"ਕੀ ਮੈਂ ਇਹ ਕਾਗ਼ਜ਼ ਆਪਣੇ ਕੋਲ ਰੱਖ ਲਵਾਂ" ?

“ਨਹੀਂ, ਨਹੀਂ। ਨੋ ਬਿਜਨੈਸ ਓਵਰ ਡ੍ਰਿੰਕਸ। ਮੈਂ ਕੱਲ੍ਹ ਦਫ਼ਤਰ ਵਿਚ ਪੁਚਾ ਦਿਆਂਗਾ"।

ਨੀਲਮ ਨੂੰ ਫ਼ਾਈਲ ਮੋੜਦਿਆਂ ਉਸ ਨੇ ਕਿਹਾ, "ਹੁਣ ਜ਼ਰਾ ਦੂਜਿਆਂ ਨੂੰ ਫੋਨ ਕਰ ਕੇ ਪੁੱਛ ਲੈ, ਹੋਰ ਕਿੰਨੇ ਕੁ ਚਿਰ ਨੂੰ ਆ ਰਹੇ ਨੇਂ”?

ਤ੍ਰਿਲੋਕਨਾਥ ਨੇ ਕਿਹਾ, “ਤੁਸੀਂ ਤਾਂ ਰਾਜਨੀਤੀ ਬਾਰੇ ਏਨਾ ਕੁਝ ਜਾਣਦੇ ਹੋ, ਜ਼ਰਾ ਸਾਨੂੰ ਵੀ ਦੱਸੋ ਖਾਂ, ਇਹ ਦੰਗੇ-ਫਸਾਦ ਕਦੋਂ ਕੁ ਖ਼ਤਮ ਹੋਣਗੇ"।

ਸ਼ਿਵਰਾਜ ਨੇ ਗਿਲਾਸ ਵਿੱਚੋਂ ਇੱਕ ਘੁੱਟ ਭਰ ਕੇ ਤੇ ਥੋੜੀ ਦੇਰ ਸੋਚਣ ਤੋਂ ਪਿੱਛੋਂ ਕਿਹਾ, “ਦੇਖੋ ਸਭ ਕੁੱਛ ਸੰਭਵ ਹੈ। ਪਰ ਸਵਾਲ ਇਹ ਹੈ ਕਿ ਏਸ ਦੰਗੇ-ਫ਼ਸਾਦ ਦੇ ਬਾਰੇ ਅਸੀਂ ਲੋਕ ਕਿੰਨਾਂ ਕੁ ਸੋਚਦੇ ਹਾਂ ਜਾਂ ਇਨ੍ਹਾਂ ਨੂੰ ਕਿੰਨਾ ਕੁ ਵਕਤ ਦੇਂਦੇ ਹਾਂ। ਕਿਉਂ ਕਾਲੀਦਾਸ,ਤੇਰਾ ਕੀ ਖ਼ਿਆਲ ਹੈ” ?

ਕਾਲੀਦਾਸ ਸੋਫ਼ੇ ਤੇ ਊਂਘ ਰਿਹਾ ਸੀ, ਆਪਣਾ ਨਾਂ ਸੁਣ ਕੇ ਉਸ ਨੇ ਅੱਖਾਂ ਖੋਲ੍ਹੀਆਂ। ਚਾਰੇ ਪਾਸੇ ਨਜ਼ਰ ਦੁੜਾ ਕੇ ਉਹ ਬੋਲਿਆ, "ਹੁਣ ਸ਼ਾਇਦ ਕੋਈ ਨਹੀਂ ਆਏਗਾ। ਹੁਣ ਤਾਂ ਤੂੰ ਸਾਡੇ ਜਾਣ ਦਾ ਇੰਤਜ਼ਾਮ ਕਰ"।

“ਬਾਹਰ ਤਾਂ ਕਰਫ਼ਿਊ ਲੱਗਾ ਹੋਇਆ ਹੈ। ਕਿਵੇਂ ਜਾਓਗੇ? ਕਿਉਂ ਨਹੀਂ ਏਥੇ ਹੀ ਠਹਿਰ ਜਾਂਦੇ ਰਾਤ ਲਈ"?

"ਚਲੋ, ਠੀਕ ਹੈ " ਕਹਿ ਕੇ ਕਾਲੀਦਾਸ ਨੇ ਫੇਰ ਅੱਖਾਂ ਬੰਦ ਕਰ ਲਈਆਂ। ਅੰਦਰੋਂ ਆਉਂਦਿਆਂ ਨੀਲਮ ਬੋਲੀ, “ਉਪ-ਮੰਤਰੀ ਦੀ ਮੀਟਿੰਗ ਹਾਲੇ ਤਕ ਖ਼ਤਮ ਨਹੀਂ ਹੋਈ, ਉਹ ਨਹੀਂ ਆ ਸਕਣਗੇ। ਸਿਹਤ ਸਕੱਤਰ ਹੁਰੀ ਨਾ ਦਫ਼ਤਰ ਵਿਚ ਨੇ, ਨਾ ਘਰ ਵਿਚ। ਰਾਮ ਮੂਰਤੀ ਨੇ ਕਿਹੈ ਕਿ ਜੇ ਗੱਡੀ ਭਿਜਵਾ ਦਿਓ ਤਾਂ ਪਹੁੰਚ ਜਾਵਾਂਗਾ”।

“ਬੜੀ ਆਫ਼ਤ ਹੈ ਇਹ ਤਾਂ। ਪਹਿਲਾਂ ਹੀ ਦੱਸਣਾ ਚਾਹੀਦਾ ਸੀ, ਉਸ ਨੂੰ। ਏਸ ਕਰਫ਼ਿਊ ਵਿਚ ਭਲਾ ਮੈਂ ਗੱਡੀ ਕਿਵੇਂ ਭੇਜਾਂ ? ਅੱਛਾ ਨੀਲਮ, ਜ਼ਰਾ ਪਤਾ ਕਰ, ਏਥੇ ਅਖਿਲੇਸ਼ ਨਾਂ ਦਾ ਡੀ. ਆਈ. ਜੀ. ਹੁੰਦਾ ਸੀ, ਉਹ ਅੱਜਕਲ੍ਹ ਹੈ ਕਿ ਨਹੀਂ"।

ਫੋਨ ਦਾ ਪਤਾ ਕਰ ਕੇ ਅੱਗੋਂ ਨੀਲਮ ਨੇ ਜਵਾਬ ਦਿੱਤਾ. "ਅਖਿਲੇਸ਼ ਹਾਲੇ ਵੀ ਏਥੇ ਹੀ ਹੈ। ਪਰ ਇਸ ਵੇਲੇ ਕੀ ਪਤਾ, ਜੀਪ ਲੈ ਕੇ ਸ਼ਹਿਰ ਦੇ ਕਿਹੜੇ ਇਲਾਕੇ ਵਿਚ ਘੁੰਮ ਰਹੇ ਨੇ ? ਸ਼ਿਵਰਾਜ ਨੇ ਕਿਹਾ, "ਜ਼ਰਾ ਪੁਲਿਸ ਕੰਟਰੋਲ ਰੂਮ ਮਿਲਾ"।ਨੀਲਮ ਤੋਂ ਰੀਸੀਵਰ ਲੈ ਕੇ ਉਸ ਨੇ ਕਿਹਾ, "ਮੈਂ ਸ਼ਿਵਰਾਜ ਬੋਲ ਰਿਹਾ ਹਾਂ"। ਕੰਟਰੋਲ ਰਮ ਵਾਲੇ ਨੇ ਸਮਝਿਆ ਕਿ ਸ਼ਾਇਦ ਕੋਈ ਵਿਸ਼ੇਸ਼ ਵਿਅਕਤੀ ਉਸ ਤੋਂ ਸੂਚਨਾ ਮੰਗ ਰਿਹਾ ਹੈ, ਏਸ ਲਈ ਹੋਰ ਕੁੱਝ ਪੁੱਛੇ ਬਿਨਾਂ ਉਸ ਨੇ ਘਟਨਾਵਾਂ ਦਾ ਬਿਉਰਾ ਦੇਣਾ ਸ਼ੁਰੂ ਕਰ ਦਿੱਤਾ। ਚਾਰ ਥਾਈਂ ਉੱਤੇ ਗੋਲੀ ਚੱਲੀ; ਦੋ ਬੰਦੇ ਮਾਰੇ ਗਏ; ਅੱਠ ਘਾਇਲ ਹਸਪਤਾਲ ਵਿਚ ਨੇ"। ਸ਼ਿਵਰਾਜ ਨੇ ਉਸ ਦਾ ਧੰਨਵਾਦ ਕਰਦਿਆਂ ਪੁੱਛਿਆ,ਏਸ ਵੇਲੇ ਅਖਿਲੇਸ਼ ਕਿੱਥੇ ਮਿਲੇਗਾ" ?

"ਉਹ ਏਸ ਵੇਲੇ ਪੁਰਾਣੇ ਟਾਊਨ ਵਿਚ ਹੈ। ਵਾਇਰਲੈਸ ਉੱਤੇ ਕੋਈ ਸੂਚਨਾ ਭੇਜਾਂ"?

"ਹਾਂ, ਉਸ ਨੂੰ ਕਹਿਣਾ ਮੈਨੂੰ ਫ਼ੋਨ ਕਰ ਲਵੇ"। ਸ਼ਿਵਰਾਜ ਨੇ ਉਸ ਨੂੰ ਹੋਟਲ ਦਾ ਫ਼ੋਨ ਨੰਬਰ ਦੇ ਦਿੱਤਾ।

ਪੰਜਾਂ ਮਿੰਟਾਂ ਦੇ ਵਿਚ ਵਿਚ, ਅਖਿਲੇਸ਼ ਦਾ ਫ਼ੋਨ ਆ ਗਿਆ। ਸ਼ਿਵਰਾਜ ਨੇ ਕਿਹਾ, "ਕੀ ਹਾਲ ਹੈ" ? ਕਾਫ਼ੀ ਦੇਰ ਹੋਈ ਮੁਲਾਕਾਤ ਨਹੀਂ ਹੋਈ। ਸਵੇਰ ਤੋਂ ਲੱਭ ਰਿਹਾਂ, ਤੁਹਾਨੂੰ।

"ਮੈਂ ਤਾਂ ਸਾਰਾ ਦਿਨ ਬਾਹਰ ਹੀ ਘੁੰਮਦਾ ਰਿਹਾਂ। ਤੁਸੀਂ ਕਿੰਨੇ ਦਿਨ ਏਥੇ ਹੋ" ?

"ਕੱਲ੍ਹ ਚਲਾ ਜਾਵਾਂਗਾ, ਮੈਂ। ਇਸ ਲਈ ਅੱਜ ਦੀ ਰਾਤ ਮਿਲਣਾ ਬੜਾ ਜ਼ਰੂਰੀ ਹੈ। ਤੁਸੀਂ ਕਿਸੇ ਵੀ ਤਰ੍ਹਾਂ ਆਓ। ਮੈਂ ਉਡੀਕ ਰਿਹਾਂ"।

"ਠੀਕ ਹੈ,ਮੈਂ ਅੱਧੇ ਘੰਟੇ ਤਕ ਪਹੁੰਚ ਜਾਵਾਂਗਾ"।

"ਜੇ ਕੋਈ ਬਹੁਤ ਪਰੇਸ਼ਾਨੀ ਨਾ ਹੋਵੇ ਤਾਂ ਰਾਹ ਵਿੱਚੋਂ ਜ਼ਰਾ ਰਾਮ ਮੂਰਤੀ ਨੂੰ ਵੀ ਲਈ ਆਉਣਾ। ਹਾਂ, ਉਹੀ ਵਿਰੋਧੀ ਦਲ ਵਾਲੇ। ਮੇਰੇ ਚੰਗੇ ਦੋਸਤ ਨੇ। ਨਹੀਂ, ਉਨ੍ਹਾਂ ਦੇ ਆਉਣ ਨਾਲ ਕੋਈ ਫ਼ਰਕ ਨਹੀਂ ਪੈਣਾ। ਬਲਕਿ ਤੁਹਾਨੂੰ ਸੌਖ ਹੋਵੇਗੀ। ਮੈਂ ਤੁਹਾਡੀ,ਦੋਨਾਂ ਦੀ ਉਡੀਕ ਕਰਾਂਗਾ"।

ਚਾਲੀ ਮਿੰਟ ਬਾਅਦ ਉਹ ਦੋਵੇਂ ਆ ਪਹੁੰਚੇ। ਇਸ ਦੌਰਾਨ ਕਾਲੀਦਾਸ ਇਕ ਝੂਟਾ ਲੈ ਚੁੱਕਾ ਸੀ। ਅੰਦਰ ਵੜਦਿਆਂ ਰਾਮ ਮੂਰਤੀ ਨੇ ਕਿਹਾ, "ਸ਼ਿਵਰਾਜ! ਮੈਂ ਅੱਜ ਸਮਝਿਆ ਕਿ ਤੂੰ ਸੱਚੀ ਹੀ ਪਹੁੰਚਿਆ ਹੋਇਆ ਆਦਮੀ ਹੈਂ। ਮੈਨੂੰ ਲਿਆਉਣ ਲਈ ਖ਼ੁਦ ਡੀ.ਆਈ. ਜੀ. ਨੂੰ ਭੇਜ ਦਿੱਤਾ "। ਸਭ ਨਾਲ ਜਾਣ-ਪਛਾਣ ਹੋ ਜਾਣ ਤੋਂ ਉਪਰੰਤ ਸ਼ਿਵਰਾਜ ਬੋਲਿਆ, "ਤੁਸੀਂ ਤਾਂ ਜਾਣਦੇ ਹੀ ਹੋ ਕਿ ਅੱਜ ਮੈਂ ਰਾਜਨੀਤੀ ਵਿਚ ਹੁੰਦਾ ਤਾਂ ਕੀ ਪਤਾ ਕਿੱਥੇ ਪਹੁੰਚ ਗਿਆ ਹੁੰਦਾ। ਭਾਈ ਸਾਹਿਬ ਦੀ ਮੌਤ ਤੋਂ ਬਾਅਦ ਮੈਂ ਖ਼ੁਦ ਚੋਣ ਨਹੀਂ ਲੜੀ ਤੇ ਭਾਬੀ ਜੀ ਲਈ ਸੀਟ ਖ਼ਾਲੀ ਛੱਡ ਦਿੱਤੀ। ਇਸ ਵੇਲੇ ਉਹ ਪਾਰਲੀਮੈਂਟ ਵਿਚ ਹਨ। ਮੈਂ ਚਾਹੁੰਦਾ ਤਾਂ ਭਾਈ ਸਹਿਬ ਦੀ ਤਰ੍ਹਾਂ ਘੱਟ ਤੋਂ ਘੱਟ ਮੰਤਰੀ ਤਾਂ ਬਣ ਹੀ ਸਕਦਾ ਸਾਂ, ਪਰ ਸੋਚਿਆ ਕਿ ਕੌਣ ਏਸ ਰਾਜਨੀਤੀ ਦੇ ਝਮੇਲੇ ਵਿਚ ਪਵੇ"?

ਰਾਮ ਮੂਰਤੀ ਹਰੀ ਬੋਲੇ, "ਤੂੰ ਮੈਨੂੰ ਆਪਣੀ ਚਿੱਠੀ ਵਿੱਚ ਜਿਸ ਕੰਮ ਬਾਰੇ ਲਿਖਿਆ ਸੀ, ਉਹ ਹੋਇਆ ਕਿ ਨਹੀਂ ? ਮੈਂ ਮੰਤਰੀ ਨੂੰ ਤਾਂ ਕਹਿ ਦਿੱਤਾ ਸੀ"।

ਸ਼ਿਵਰਾਜ ਨੇ ਕਿਹਾ, "ਉਸ ਤੋਂ ਬਾਅਦ ਤਾਂ ਮੈਂ ਤੁਹਾਨੂੰ ਚਿੱਠੀ ਲਿਖੀ ਵੀ ਸੀ। ਕੰਮ ਭਲਾ ਕਿਵੇਂ ਨਾ ਹੁੰਦਾ ? ਕੱਲ੍ਹ ਸਵੇਰੇ ਤੁਹਾਡੇ ਨਾਲ ਉਸ ਵਿਸ਼ੇ ਤੇ ਗੱਲ ਹੋਵੇਗੀ"।

ਏਨੇ ਵਿਚ ਅਖਿਲੇਸ਼ ਲਈ ਫ਼ੋਨ ਆਇਆ।

"ਤਿੰਨ ਤੇ ਛੇ ? ਛਿਆਂ ਨੂੰ ਹਸਪਤਾਲ ਪੁਚਾਉਣ ਦਾ ਪ੍ਰਬੰਧ ਕਰੋ"। ਅਖਿਲੇਸ਼ ਘੜੀ ਦੇਖ ਕੇ ਬੋਲਿਆ, "ਠੀਕ ਬਾਰਾਂ ਵਜੇ ਮੈਨੂੰ ਫੇਰ ਫ਼ੋਨ ਕਰਨਾ"।

ਸ਼ਿਵਰਾਜ ਨੇ ਕਿਹਾ, "ਨੀਲਮ, ਡਿਨਰ ਲਈ ਸੁਨੇਹਾ ਭੇਜ ਕੇ ਤੂੰ ਏਥੇ ਆ ਜਾ। ਅੱਜ ਤੂੰ ਬਥੇਰਾ ਕੰਮ ਕਰ ਚੁੱਕੀ ਹੈਂ"। ਡਿਨਰ ਲਈ ਕਹਿਣ ਤੋਂ ਬਾਅਦ ਨੀਲਮ ਸ਼ਿਵਰਾਜ ਕੋਲ ਆ ਕੇ ਉਸ ਦੇ ਕੰਨ ਵਿੱਚ ਹੌਲੀ ਜਿਹੀ ਬੋਲੀ, "ਅਕਬਰ ਆਉਣਾ ਚਾਹੁੰਦਾ ਸੀ"। ਉਸ ਨੂੰ ਆਪਣੇ ਕੋਲ ਬਿਠਾ ਕੇ ਸ਼ਿਵਰਾਜ ਨੇ ਕਿਹਾ, "ਹੁਣ ਕੰਮ ਬਾਰੇ ਕੋਈ ਗੱਲ ਨਹੀਂ ਕਰਨੀ"। ਉਹ ਆਪ ਆਪਣੇ ਉਪਦੇਸ਼ ਦਾ ਪਾਲਣ ਕਰਦਿਆਂ ਰਾਮ ਮੂਰਤੀ ਵੱਲ ਵੇਖ ਕੇ ਪੁੱਛਣ ਲੱਗਾ, "ਤੁਹਾਡੀ ਅਮਰੀਕਾ ਪੜ੍ਹ ਰਹੀ ਲੜਕੀ ਦਾ ਕੀ ਹਾਲ ਹੈ" ?

ਇਸ ਤੋਂ ਬਾਅਦ ਸੱਚ-ਮੁੱਚ ਸਾਰੇ ਆਪਣੇ-ਆਪਣੇ ਕੰਮ ਦੀ ਗੱਲ ਭੁੱਲ ਗਏ। ਨੀਲਮ ਉਠ ਕੇ ਗਈ ਤੇ ਆਪਣਾ ਪਹਿਲਾ ਡ੍ਰਿੰਕ ਬਣਾ ਕੇ ਲੈ ਆਈ। ਇਕ ਨਵੀਂ ਕਵਿਤਾ

ਦੀ ਅਧੂਰੀ ਪੰਕਤੀ ਨੂੰ ਠੀਕ ਕਰਨਾ ਭੁੱਲ ਕੇ ਕਾਲੀਦਾਸ ਨੇ ਬੋਤਲ ਵੱਲ ਹੱਥ ਵਧਾਇਆ। ਤ੍ਰਿਲੋਕਨਾਥ ਜੋ ਹੁਣ ਤਕ ਆਪਣੀ ਪਦਵੀ ਤੇ ਮਾਣ-ਮਰਿਆਦਾ ਪ੍ਰਤੀ ਸਚੇਤ ਸੀ, ਹੁਣ ਖੁੱਲ੍ਹਮ-ਖੁੱਲ੍ਹਾ ਨੀਲਮ ਵੱਲ ਦੇਖਣ ਲਗ ਪਿਆ ਤੇ ਸ਼ਿਵਰਾਜ ਤੋਂ ਚੋਰੀ ਉਸ ਦਾ ਪਤਾ ਤੇ ਟੈਲੀਫ਼ੋਨ ਨੰਬਰ ਪੁੱਛਣ ਦੀ ਯੋਜਨਾ ਮਨ ਵਿਚ ਬਣਾਉਣ ਲੱਗਾ। ਰਾਮ ਮੂਰਤੀ ਨੇ ਸ਼ਿਵਰਾਜ ਨੂੰ ਆਪਣੀ ਪਰਿਵਾਰਿਕ ਸਥਿਤੀ ਬਾਰੇ ਜਾਣੂੰ ਕਰਵਾਇਆ। ਬਾਹਰ ਲੱਗੇ ਕਰਫਿਊ ਤੇ ਏਅਰ ਕੰਡੀਸ਼ੰਡ ਕਮਰੇ ਵਿੱਚ ਮੌਜੂਦ ਲੋਕਾਂ ਨੂੰ ਨਜ਼ਰ ਅੰਦਾਜ਼ ਕਰਦਿਆਂ, ਇਕਾਗਰਚਿਤ ਹੋ ਕੇ ਅਖਿਲੇਸ਼ ਆਪਣੇ ਗਿਲਾਸ ਵਿਚ ਗੁੰਮ ਹੋ ਗਿਆ।

ਜਦੋਂ ਬਾਰਾਂ ਵਜੇ ਫ਼ੋਨ ਆਇਆ, ਅਖਿਲੇਸ਼ ਨੇ ਆਪ ਜਾ ਕੇ ਫ਼ੋਨ ਚੁੱਕਿਆ। ਥੋੜੀ ਦੇਰ ਸੁਣਨ ਤੋਂ ਬਾਅਦ ਉਸ ਨੇ ਆਪਣੀ ਹੱਥ ਵਾਲੀ ਘੜੀ ਵੱਲ ਵੇਖਦਿਆਂ ਕਿਹਾ, "ਬਾਰਾਂ ਵਜੇ ਤੋਂ ਬਾਅਦ ਦੇ ਨੰਬਰਾਂ ਨੂੰ ਅੱਜ ਦੀ ਨਵੀਂ ਤਾਰੀਖ਼ ਵਿਚ ਲਿਖ ਦਿਓ"।

*****

# ਛੂਹ

ਲੱਖ ਕੋਸ਼ਿਸ਼ ਕਰਨ ਉੱਤੇ ਵੀ ਇੰਦਰ ਨਾਥ ਉਸ ਘਟਨਾ ਨੂੰ ਭੁਲਾ ਨਾ ਸਕਿਆ ਜਿਸ ਨਾਲ ਉਸ ਦਾ ਦਿਲ ਦੁਖਿਆ ਸੀ। ਘਟਨਾ ਇਹ ਸੀ ਕਿ ਉਸ ਨੇ ਮਾਧਵੀ ਨੂੰ ਛੂਹਣ ਦਾ ਯਤਨ ਕੀਤਾ ਸੀ ਤੇ ਮਾਧਵੀ ਪਰ੍ਹੇ ਸਰਕ ਗਈ ਸੀ। ਉਸ ਵੇਲੇ ਓਥੇ ਹੋਰ ਕੋਈ ਨਹੀਂ ਸੀ। ਮਾਧਵੀ ਲਈ ਇੰਜ ਕਰਨ ਦੀ ਕੋਈ ਵਜਹ ਨਹੀਂ ਸੀ।

ਮਾਧਵੀ ਨੂੰ ਛੁਹਣ ਲਈ ਇੰਦਰ ਨਾਥ ਨੂੰ ਦੋ ਸਾਲ ਤੋਂ ਵੀ ਵੱਧ ਸਮਾਂ ਲੱਗਾ ਸੀ। ਇਹ ਸਮਾਂ ਇੰਦਰ ਨਾਥ ਲਈ ਬੜੇ ਜ਼ਬਤ, ਪਰੀਖਿਆ ਤੇ ਚਿੰਤਾ ਦਾ ਸੀ। ਭਾਵੇਂ ਉਹ ਮਾਧਵੀ ਨੂੰ ਕਈ ਸਾਲਾਂ ਤੋਂ ਜਾਣਦਾ ਸੀ, ਪਰ ਉਸ ਨੇ ਕਾਫ਼ੀ ਦੇਰ ਤੱਕ ਮਾਧਵੀ ਨੂੰ ਪ੍ਰੇਮਿਕਾ ਦੇ ਰੂਪ ਵਿੱਚ ਨਹੀਂ ਸੀ ਦੇਖਿਆ। ਦੋਨਾਂ ਵਿੱਚ ਮਾਮੂਲੀ ਦੋਸਤੀ ਸੀ; ਮਾਧਵੀ ਦੇ ਨਾਲ ਸੰਬੰਧਾਂ ਵਿਚ ਉਸ ਨੂੰ ਕੋਈ ਸੰਕੋਚ ਜਾਂ ਸ਼ੰਕਾ ਨਹੀਂ ਸੀ। ਉਸ ਦਾ ਸੰਬੰਧ ਸੁਭਾਵਿਕ ਤੇ ਉਲਝਣ-ਰਹਿਤ ਸੀ।

ਮਾਧਵੀ ਨਾਲ ਉਸ ਦੀ ਮੁਲਾਕਾਤ ਕੰਮ ਦੇ ਸਿਲਸਿਲੇ ਵਿੱਚ ਹੁੰਦੀ ਸੀ। ਉਹ ਸ਼ਹਿਰ ਤੋਂ ਬਾਹਰ ਜਾਂਦਾ ਮਾਧਵੀ ਨੂੰ ਦੱਸ ਕੇ ਜਾਂਦਾ। ਉਸ ਵਾਰੀ ਜਦੋਂ ਟੈਲੀਫ਼ੋਨ ਉੱਤੇ ਉਸ ਨੇ ਮਾਧਵੀ ਨੂੰ ਸੱਤਾਂ ਦਿਨਾਂ ਲਈ ਬਾਹਰ ਜਾਣ ਬਾਰੇ ਦੱਸਿਆ ਤਾਂ ਮਾਧਵੀ ਨੇ ਕਿਹਾ ਸੀ, “ਤੂੰ ਏਨੇ ਵੜੇ ਦਿਨਾਂ ਲਈ ਬਾਹਰ ਕਿਉਂ ਜਾ ਰਿਹੈਂ ?" ਮਜ਼ਾਕ ਮਜ਼ਾਕ ਵਿੱਚ ਇੰਦਰ ਨਾਥ ਨੇ ਕਿਹਾ ਸੀ, “ਮੇਰੇ ਆਉਣ ਜਾਣ ਨਾਲ ਕਿਹੜਾ ਕੋਈ ਮੈਨੂੰ ਮਿਸ ਕਰਦੈ"? ਮੈਂ ਤੈਨੂੰ ਮਿਸ ਕਰਾਂਗੀ, ਮਾਧਵੀ ਨੇ ਹੱਸ ਕੇ ਕਿਹਾ ਸੀ। ਉਸ ਤੋਂ ਬਾਅਦ ਉਹ ਹੋਰ ਕਿਸੇ ਵਿਸ਼ੇ ਉੱਤੇ ਗੱਲ ਕਰਨ ਲੱਗੇ, ਪਰ ਮਾਧਵੀ ਦੀ ਗੱਲ ਇੰਦਰ ਨਾਥ ਦੇ ਮਨ ਵਿੱਚ ਬੈਠ ਗਈ। ਰੀਸੀਵਰ ਰੱਖਣ ਤੋਂ ਬਾਅਦ ਕੁੱਝ ਦੇਰ ਤਕ ਉਹ ਸੁੰਨ ਬੈਠਾ ਰਿਹਾ ਤੇ ਉਸ ਨੂੰ ਇੱਕ ਦਮ ਲੱਗਿਆ ਜਿਵੇਂ ਉਹ ਮਾਧਵੀ ਲਈ ਭਾਵੁਕ ਹੋ ਗਿਆ ਹੋਵੇ। ਉਸ ਨੇ ਦਿਲ ਵਿਚ ਕਿਹਾ, "ਮਾਧਵੀ ਮੈਂ ਤੈਨੂੰ ਚਾਹੁੰਦਾ ਹਾਂ।"

ਓਦੋਂ ਤੋਂ ਮਾਧਵੀ ਉਸ ਦੇ ਮਨ ਉੱਤੇ ਪੂਰੀ ਤਰ੍ਹਾਂ ਛਾ ਗਈ। ਟ੍ਰੇਨ ਵਿਚ ਜਾਂਦਿਆਂ ਦੂਜੇ ਸ਼ਹਿਰ ਕੰਮ ਕਰ ਕੇ ਥੱਕਿਆ- ਟੁੱਟਿਆ ਆਪਣੇ ਕਮਰੇ ਵਿਚ ਵਾਪਸ ਪਹੁੰਚ ਕੇ, ਦਫ਼ਤਰ ਵਿਚ ਬੈਠ ਕੇ ਲੋਕਾਂ ਨਾਲ ਗੱਲਾਂ ਕਰਦਿਆਂ, ਰਾਤ ਨੂੰ ਸੌਣ ਤੋਂ ਪਹਿਲਾਂ ਬਿਸਤਰੇ ਉੱਤੇ ਲੇਟਿਆਂ ਲੇਟਿਆਂ ਹਰ ਪਲ ਮਾਧਵੀ ਦੀ ਯਾਦ ਆਉਂਦੀ। ਉਸ ਨੇ ਮਾਧਵੀ ਨਾਲ ਟੈਲੀਫ਼ੋਨ ਉੱਤੇ ਗੱਲ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਲਾਈਨ ਨਹੀਂ ਸੀ ਮਿਲੀ। ਇਕ ਦਿਨ ਜਦੋਂ ਉਸ ਨੂੰ ਲਾਈਨ ਮਿਲ ਗਈ ਤੇ ਦੂਜੇ ਪਾਸਿਓਂ ਮਾਧਵੀ ਦੀ ਆਵਾਜ਼ ਸੁਣਾਈ ਦਿੱਤੀ ਤਾਂ ਅਚਾਨਕ ਉਸ ਦੇ ਦਿਲ ਦੀ ਧੜਕਣ ਤੇਜ਼ ਹੋ ਗਈ ਸੀ। ਬਿਨਾਂ ਕੋਈ ਗੱਲ ਕੀਤੇ ਉਸ ਨੇ ਰੀਸੀਵਰ ਰੱਖ ਦਿੱਤਾ। ਬਿਨਾਂ ਵਜਹ ਦੂਜੇ ਸ਼ਹਿਰ ਤੋਂ ਮਾਧਵੀ ਨੂੰ ਟੈਲੀਫੋਨ ਕਰਨਾ ਉਸ ਨੂੰ ਠੀਕ ਨਹੀਂ ਸੀ ਲੱਗਾ।

ਸੱਤਾਂ ਦਿਨਾਂ ਬਾਅਦ ਇੰਦਰ ਨਾਥ ਨੇ ਵਾਪਸੀ ਦੀ ਟਰੇਨ ਫੜੀ। ਇਹ ਸਫ਼ਰ ਉਸ ਨੂੰ ਬਿਲਕਲ ਵੱਖਰੀ ਤਰ੍ਹਾਂ ਦਾ ਲੱਗ ਰਿਹਾ ਸੀ। ਜਿਵੇਂ ਉਹ ਜੀਵਨ ਦੇ ਕਿਸੇ ਪਹਿਲਾਂ ਸਿਰਜੇ ਹੋਏ ਟੀਚੇ ਵੱਲ ਵੱਧ ਰਿਹਾ ਹੋਵੇ, ਜਿੱਥੇ ਉਸ ਦੇ ਸੁੱਖ-ਅਰਾਮ ਦਾ ਪੂਰਾ ਆਧਾਰ ਹੋਵੇ। ਆਪਣੇ ਸ਼ਹਿਤ ਵਿਚ ਪਹੁੰਚ ਕੇ ਉਸ ਨੇ ਮਾਧਵੀ ਨੂੰ ਫ਼ੋਨ ਕੀਤਾ, ਹਾਲਾਂ ਕਿ ਮਾਧਵੀ ਨੇ ਉਸ ਨਾਲ ਅੱਛੀ ਤਰ੍ਹਾਂ। ਗੱਲ-ਬਾਤ ਕੀਤੀ ਸੀ ਪਰ ਇੰਦਰ ਨਾਥ ਉਸ ਨਾਲ ਸੁਭਾਵਿਕ ਤੌਰ ਉੱਤੇ ਨਹੀਂ ਸੀ ਬੋਲ ਸਕਿਆ। ਸੱਤਾਂ ਦਿਨਾਂ ਦੀ ਚਿੰਤਾ ਨੇ ਜਿਵੇਂ ਉਸ ਦੇ ਦਿਲ ਵਿਚ ਸਭ ਕੁੱਝ ਉਲਟ-ਪੁਲਟ ਕਰ ਦਿੱਤਾ ਸੀ।

ਜਦੋਂ ਮਾਧਵੀ ਨਾਲ ਫੇਰ ਮੁਲਾਕਾਤ ਹੋਈ। ਇੰਦਰ ਨਾਥ ਉਸ ਦੇ ਨਾਲ ਆਪਣੇ ਸੰਬੰਧਾਂ ਪ੍ਰਤੀ ਸਚੇਤ ਹੋ ਗਿਆ ਅਤੇ ਮਾਧਵੀ ਨਾਲ ਆਪਣੀ ਗੱਲ-ਬਾਤ ਤੇ ਵਿਹਾਰ ਵਿੱਚ ਸਹਿਜਭਾਵੀ ਨਾ ਹੋ ਸਕਿਆ। ਉਸ ਨੂੰ ਲੱਗਾ ਕਿ ਉਸ ਦੇ ਦਿਲ ਵਿੱਚ ਜੋ ਰੇੜਕਾ ਹਨੇਰੀ ਝੱਖੜ ਤੇ ਵਾਦ-ਵਿਵਾਦ ਚੱਲ ਰਿਹਾ ਸੀ, ਉਸ ਤੋਂ ਮਾਧਵੀ ਪੂਰੀ ਤਰ੍ਹਾਂ ਬੇਖ਼ਬਰ ਸੀ। ਮਾਧਵੀ ਨਾਲ ਹੁਣ ਇੰਦਰ ਨਾਥ ਹਾਸੇ-ਮਜ਼ਾਕ ਵਾਲੀਆਂ ਗੱਲਾਂ ਨਹੀਂ ਸੀ ਕਰ ਸਕਿਆ। ਉਸ ਨਾਲ ਹੁਣ ਇੰਦਰਨਾਥ ਦਾ ਵਿਹਾਰ ਹੋਰ ਵੀ ਰਸਮੀ ਹੋ ਗਿਆ। ਪਹਿਲਾਂ ਮਾਧਵੀ ਨੂੰ ਛੁਹਣ ਤੋਂ ਉਸ ਨੂੰ ਜ਼ਰਾ ਵੀ ਸੰਕੋਚ ਨਹੀਂ ਸੀ ਹੁੰਦਾ, ਪਰ ਹੁਣ ਉਹ ਉਸ ਤੋਂ ਦੂਰ-ਦੂਰ ਰਹਿਣ ਲੱਗਾ। ਇੰਜ ਉਸ ਦੀ ਮਾਨਸਿਕ ਅਵਸਥਾ ਹੋਰ ਵੀ ਸੰਕਟਪੂਰਨ ਹੋ ਗਈ। ਉਸਦੀ ਜ਼ਿੰਦਗੀ ਵਿਚ ਹੁਣ ਹੋਰ ਕਿਸੇ ਤਰ੍ਹਾਂ ਦੀ ਇੱਛਾ ਨਹੀਂ ਸੀ ਰਹਿ ਗਈ। ਮਾਧਵੀ ਨਾਲ ਉਸ ਨੂੰ ਓਪਰੀ ਤਰ੍ਹਾਂ ਨਾਲ ਗੱਲ-ਬਾਤ ਕਰਨੀ ਹੋਰ ਵੀ ਅਰਥਹੀਨ ਲੱਗਣ ਲੱਗ ਪਈ। ਉਸ ਤੇ

ਕੀਤਾ ਕਿ ਮਾਧਵੀ ਨਾਲ ਇੰਜ ਓਪਰਾ ਜਿਹਾ ਸੰਬੰਧ ਰੱਖਣ ਨਾਲੋਂ ਤਾਂ ਅਜਿਹੇ ਸੰਬੰਧ ਨੂੰ ਖ਼ਤਮ ਹੀ ਕਰ ਦੇਵੇ ਤਾਂ ਠੀਕ ਹੋਵੇਗਾ। ਪਰ ਇਹ ਵੀ ਸੰਭਵ ਨਾ ਹੋ ਸਕਿਆ। ਬਲਕਿ ਉਹ ਉਸ ਨੂੰ ਹੋਰ ਵੀ ਜ਼ਿਆਦਾ ਮਿਲਣ ਲੱਗ ਪਿਆ।

ਇੰਦਰ ਨਾਥ ਨੂੰ ਇਉਂ ਲੱਗਾ ਕਿ ਜੇ ਇਸ ਸਮੱਸਿਆ ਬਾਰੇ ਉਸ ਨੇ ਕੁੱਝ ਨਾ ਕੀਤਾ ਤਾਂ ਉਹ ਪਾਗਲ ਹੋ ਜਾਏਗਾ। ਇੱਕ ਦਿਨ ਉਹ ਪੱਕਾ ਨਿਸਚਾ ਕਰ ਕੇ ਮਾਧਵੀ ਦੇ ਘਰ ਗਿਆ। ਮਾਧਵੀ ਇਕੱਲੀ ਸੀ, ਪਰ ਲੱਖ ਕੋਸ਼ਿਸ਼ ਕਰਨ ਉੱਤੇ ਵੀ ਉਹ ਮਾਧਵੀ ਨੂੰ ਉਹ ਨਾ ਕਹਿ ਸਕਿਆ ਜੋ ਕਹਿਣਾ ਚਾਹੁੰਦਾ ਸੀ। ਚਾਹ ਪੀਣ, ਏਧਰ-ਓਧਰ ਦੀਆਂ ਸ਼ਟੱਲੀਆਂ ਮਾਰ ਕੇ ਅਤੇ ਨਿੱਤ ਹੋਣ ਵਾਲੀਆਂ ਗੱਲਾਂ ਦੁਹਰਾ ਕੇ ਹੀ ਸਾਰਾ ਸਮਾਂ ਲੰਘਾ ਲਿਆ ਅਤੇ ਇੰਦਰ ਨਾਥ ਮਾਧਵੀ ਤੋਂ ਵਿਦਾ ਲੈ ਕੇ ਚਲਾ ਗਿਆ। ਸੜਕ ਉੱਤੇ ਪਹੁੰਚਦਿਆਂ ਹੀ ਇੰਦਰਨਾਥ ਦਾ ਮਨ ਫੇਰ ਅਸ਼ਾਂਤ ਹੋ ਗਿਆ ਅਤੇ ਉਸ ਦਾ ਸਾਹ ਘੁੱਟੀਜਣ ਲੱਗ ਪਿਆ। ਉਹ ਕੁੱਝ ਪਲ ਸੜਕ ਉੱਤੇ ਖੜਾ ਰਿਹਾ।। ਤੇ ਪਤਾ ਨਹੀਂ ਕੀ ਸੋਚ ਕੇ ਮਾਧਵੀ ਦੇ ਘਰ ਫੇਰ ਮੁੜ ਗਿਆ। ਦਰਵਾਜ਼ਾ ਖੋਲ੍ਹਦਿਆਂ ਹੀ ਮਾਧਵੀ ਨੇ ਪੁੱਛਿਆ, "ਕੁੱਛ ਭੁੱਲ ਗਿਆ ਸੀ?"

ਇੰਦਰਨਾਥ ਜਾਣਦਾ ਸੀ ਕਿ ਜੇ ਇਸੇ ਪਲ ਉਹ ਆਪਣੀ ਗੱਲ ਦਾ ਹਲ ਨਹੀਂ ਲੱਭਲੈਂਦਾ ਤਾਂ ਉਹ ਫੇਰ ਵਿਅਰਥ ਗੱਲ-ਬਾਤ ਵਿਚ ਫਸ ਜਾਏਗਾ। ਉਸ ਨੇ ਆਪਣੇ ਆਪ ਨੂੰ ਹੌਂਸਲਾ ਦਿੰਦਿਆਂ ਕਿਹਾ, "ਮਾਧਵੀ ਮੈਂ ਤੈਨੂੰ ਬੇਹੱਦ ਚਾਹੁੰਦਾ ਹਾਂ।" ਉਸ ਨੇ ਸੋਚਿਆ ਸੀ ਮਾਧਵੀ ਹੱਸ ਕੇ ਉਸ ਦੀ ਗੱਲ ਦਾ ਮਜ਼ਾਕ ਉਡਾ ਦੇਵੇਗੀ ਜਾਂ ਫੇਰ ਅੱਗ-ਬਬੂਲਾ ਹੋ ਕੇ ਘਰੋਂ ਨਿਕਲਣ ਲਈ ਕਹੇਗੀ, ਪਰ ਮਾਧਵੀ ਨੇ ਉਸ ਨੂੰ ਬੜੀ ਸ਼ਾਂਤੀ ਨਾਲ ਕਿਹਾ, ਬੈਠੋ। ਮਾਧਵੀ ਆਪ ਵੀ ਬੈਠ ਗਈ ਅਤੇ ਸਿਰ ਨੀਵਾਂ ਕਰ ਕੇ ਪਤਾ ਨਹੀਂ ਕੀ ਸੋਚਣ ਲੱਗ ਪਈ। ਚੁੱਪ ਦੇ ਉਹ ਪਲ, ਜਿਵੇਂ ਇੰਦਰਨਾਥ ਦੀ ਜ਼ਿੰਦਗੀ ਤੇ ਮੌਤ ਵਿਚਲੇ ਫ਼ਾਸਲੇ ਵਾਂਗ ਸੀ। ਬੜੀ ਬੇਚੈਨੀ ਨਾਲ ਉਹ ਮਾਧਵੀ ਦੇ ਜਵਾਬ ਦੀ ਉਡੀਕ ਕਰਨ ਲੱਗਾ। ਕੁੱਝ ਦੇਰ ਬਾਅਦ ਮਾਧਵੀ ਨੇ ਸਿਰ ਚੁੱਕ ਕੇ ਉਸ ਵੱਲ ਸਹਿਜ ਨਾਲ ਦੇਖਿਆ ਤੇ ਕਿਹਾ, "ਦੇਖੋ, ਆਪਾਂ ਦੋਸਤਾਂ ਦੀ ਤਰ੍ਹਾਂ ਰਵਾਂਗੇ।"

ਇੰਦਰਨਾਥ ਉੱਠ ਕੇ ਖੜਾ ਹੋ ਗਿਆ ਤੇ ਮਾਧਵੀ ਨੂੰ ਕੁੱਝ ਕਹੇ ਬਿਨਾਂ ਬਾਹਰ ਚਲਾ ਗਿਆ। ਉਸ ਵੇਲੇ ਉਸ ਦਾ ਮਨ ਹਲਕਾ ਹੋਣ ਦੇ ਨਾਲ-ਨਾਲ ਉਦਾਸ ਵੀ ਸੀ। ਉਹ ਸਮਝ ਚੁੱਕਾ ਸੀ ਕਿ ਮਾਧਵੀ ਦੇ ਦਿਲ ਵਿਚ ਉਸ ਲਈ ਕੋਈ ਜਜ਼ਬਾਤੀ ਭਾਵਨਾ ਨਹੀਂ ਹੈ,

ਪਰ ਮਾਧਵੀ ਨਾਲ ਉਹ ਆਪਣੇ ਸੰਬੰਧ ਕਿਵੇਂ ਕਾਇਮ ਕਰੇ, ਇਸੇ ਬਾਰੇ ਉਹ ਕੁੱਝ ਵੀ ਤੈ ਨਹੀਂ ਸੀ ਕਰ ਸਕਿਆ। ਅਖ਼ੀਰ ਉਸ ਨੇ ਫ਼ੈਸਲਾ ਕੀਤਾ ਕਿ ਉਹ ਮਾਧਵੀ ਨੂੰ ਮਿਲਣ ਨਹੀਂ ਜਾਏਗਾ। ਜਿਸ ਲਈ ਉਸ ਦਾ ਸਾਰਾ ਜੀਵਨ ਸਮਰਪਿਤ ਹੋ ਗਿਆ ਸੀ, ਉਸ ਨਾਲ ਨਿਰੇ ਰਸਮੀ ਸੰਬੰਧ ਰੱਖਣੇ ਤੇ ਵਿਅਰਥ ਐਧਰ-ਓਧਰ ਦੀਆਂ ਟਰਪੱਲੀਆਂ ਮਾਰਨੀਆਂ ਧੋਖਾ ਨਹੀਂ ਤਾਂ ਹੋਰ ਕੀ ਹੋਵੇਗਾ ?

ਦੂਜੇ ਦਿਨ ਉਸ ਨੂੰ ਮਾਧਵੀ ਦਾ ਫੋਨ ਆਇਆ। ਮਾਧਵੀ ਨੇ ਕਿਹਾ, "ਜਿੰਨੀ ਜਲਦੀ ਹੋ ਸਕੇ ਮੈਨੂੰ ਆ ਕੇ ਮਿਲ।" ਹੁਣ ਇੰਦਰਨਾਥ ਹੋਰ ਦੁਬਿਧਾ ਵਿਚ ਫਸ ਗਿਆ। ਕੀ ਮਾਧਵੀ ਉਸ ਦੇ ਪਿਆਰ ਨੂੰ ਪਰਵਾਨ ਕਰੇਗੀ ਜਾਂ ਉਂਜ ਹੀ ਕਿਸੇ ਛੋਟੀ-ਮੋਟੀ ਗੱਲ ਲਈ ਮਿਲਣ ਨੂੰ ਕਹਿ ਰਹੀ ਹੈ ? ਇਸ ਵਾਰੀ ਕਿੰਜ ਦੀਆਂ ਗੱਲਾਂ ਹੋਣਗੀਆਂ ਜਦ ਕਿ ਇੰਦਰਨਾਥ ਨੇ ਆਪਣੀ ਕਮਜ਼ੋਰੀ ਉਸ ਨੂੰ ਦੱਸ ਦਿੱਤੀ ਹੋਈ ਸੀ ? ਮਾਧਵੀ ਦਾ ਫ਼ੋਨ ਆਉਣ ਵੇਲੇ ਤੋਂ ਲੈ ਕੇ ਉਸ ਨੂੰ ਮਿਲਣ ਤਕ ਦੇ ਵਿਚਕਾਰ ਦਾ ਸਮਾਂ ਇੰਦਰਨਾਥ ਲਈ ਡੂੰਘੀ ਮਾਨਸਿਕ ਦੁਬਿਧਾ ਅਤੇ ਅਨਿਸ਼ਚਿਤਤਾ ਦੀ ਘੜੀ ਸੀ।

ਇਸ ਵਾਰੀ ਵੀ ਮਾਧਵੀ ਦਾ ਵਿਹਾਰ ਸਹਿਜ-ਸੁਭਾ ਵਾਲਾ ਸੀ। ਉਸ ਨੇ ਇੰਦਰਨਾਥ ਦਾ ਸਵਾਗਤ ਉਤਸਾਹ ਪੂਰਬਕ ਕੀਤਾ; ਉਸ ਨੂੰ ਬਹਿਣ ਲਈ ਕਹਿ ਕੇ ਪੁੱਛਿਆ, “ਚਾਹ ਪੀਓਗੇ ?” ਇੰਦਰਨਾਥ ਨੇ ਹਾਮੀ ਭਰਦਿਆਂ ਸੋਚਿਆ, ਜੋ ਕਹਿਣਾ ਚਾਹੁੰਦੀ ਹੈਂ ਜਲਦੀ ਕਹਿ ਦੇਵੇ ਖ਼ਾਂ। ਕਹਿ ਦੇਵੇ ਕਿ ਮੈਂ ਤੈਨੂੰ ਚਾਹੁੰਦੀ ਹੈ। ਪਰ ਅਜਿਹਾ ਕੁੱਝ ਨਾ ਵਾਪਰਿਆ। ਮਾਧਵੀ ਚਾਹ ਲੈ ਕੇ ਆਈ। ਉਸ ਨੇ ਬੜੇ ਸਹਿਜ ਨਾਲ ਉਸ ਦੇ ਕੰਮ ਬਾਰੇ ਪੁੱਛਿਆ; ਉਸ ਦੀ ਤਬੀਅਤ ਬਾਰੇ ਪੁੱਛਿਆ। ਉਸ ਦੇ ਬਾਅਦ ਜਦੋਂ ਮਾਧਵੀ ਨੇ ਉਸ ਦੇ ਕਿਸੇ ਦੋਸਤ ਬਾਰੇ ਪੁੱਛਿਆ, ਤਾਂ ਇੰਦਰਨਾਥ ਨੇ ਕੋਈ ਵੀ ਜਵਾਬ ਨਾ ਦੇ ਕੇ ਉਸ ਨੂੰ ਉਲਟਾ ਸਵਾਲ ਕੀਤਾ-"ਤੂੰ ਮੈਨੂੰ ਕਿਸ ਲਈ ਬੁਲਾਇਆ ਸੀ, ਮਾਧਵੀ ?”

"ਤੂੰ ਮੈਨੂੰ ਫ਼ੋਨ ਨਹੀਂ ਸੀ ਕੀਤਾ, ਇਸ ਲਈ," ਮਾਧਵੀ ਨੇ ਖੁੱਲੇ ਅੰਦਾਜ਼ ਵਿਚ ਕਿਹਾ। ਇੰਦਰਨਾਥ ਚੁੱਪ ਰਿਹਾ। ਉਹ ਜਾਣਦਾ ਸੀ ਕਿ ਉਹ ਜੋ ਕੁੱਝ ਵੀ ਕਹੇਗਾ, ਮਾਧਵੀ ਉਸ ਦੀ ਕੰਨੀ ਫੜ ਕੇ ਕੋਈ ਬਹੁਤ ਹੀ ਨਿਗੁਣਾ ਜਿਹਾ ਵਿਸ਼ਾ ਛੇੜ ਦੇਵੇਗੀ। ਮਾਧਵੀ ਨੇ ਉਸ ਵੱਲ ਵੇਖਿਆ, ਪਰ ਉਹ ਚੁੱਪ ਰਿਹਾ। ਮਾਧਵੀ ਨੇ ਉਸ ਤੋਂ ਕੁਝ ਹੋਰ ਪੁੱਛਿਆ, ਪਰ

ਇੰਦਰਨਾਥ ਨੇ ਆਪਣੀ ਚੁੱਪ ਨਾ ਤੋੜੀ। ਅੰਤ ਵਿਚ ਹਾਰ ਮੰਨ ਕੇ ਮਾਧਵੀ ਨੇ ਕਿਹਾ, "ਉਸ ਦਿਨ ਜੋ ਤੂੰ ਮੈਨੂੰ ਕਿਹਾ ਸੀ, ਉਸ ਬਾਰੇ ਮੈਂ ਬਹੁਤ ਸੋਚਿਆ ਹੈ।" "ਕੀ ਸੋਚਿਆ ਹੈ, ਮਾਧਵੀ ? ਕੀ ਫੈਸਲਾ ਕੀਤਾ ਤੇ ?" "ਮੈਂ ਖ਼ੂਬ ਸੋਚਿਆ, ਪਰ ਕੁੱਝ ਤੇ ਨਹੀਂ ਕਰ ਸਕੀ।" "ਇਸ ਵਿਚ ਭਲਾ ਕੀ ਤੇ ਕਰਨਾ ਹੈ? ਤੂੰ ਮੈਨੂੰ ਚਾਹੁੰਦੀ ਹੈਂ ਕਿ ਨਹੀਂ? ਆਖ਼ਰ, ਤੂੰ ਆਪਣੇ ਮਨ ਨੂੰ ਜਾਣਦੀ ਹੈਂ।"

"ਕੀ ਮਨ ਨੂੰ ਸਮਝਣਾ ਏਨਾ ਸੌਖਾ ਹੈ ? ਮਾਧਵੀ ਨੇ ਕਿਹਾ ਅਤੇ ਫੇਰ ਪਲਟ ਕੇ ਸੁਆਲ ਕੀਤਾ," ਕਿ ਇੱਕ-ਪਾਸੜ ਪਿਆਰ ਸੰਭਵ ਹੈ ?"ਤਾਂ ਕੀ ਇਸ ਦਾ ਮਤਲਬ ਇਹ ਹੈ ਕਿ ਸਿਰਫ਼ ਮੈਂ ਹੀ ਤੈਨੂੰ ਪਿਆਰ ਕਰਦਾਂ ਅਤੇ ਤੇਰੇ ਉੱਤੇ ਇਸ ਦਾ ਕੋਈ ਅਸਰ ਨਹੀਂ ਹੈ ?" "ਮੈਂ ਇਹ ਤੇ ਨਹੀਂ ਕਿਹਾ। ਮੈਂ ਤਾਂ ਸਿਰਫ਼ ਅਜਿਹੀ ਹਾਲਤ ਦੀ ਸੰਭਾਵਨਾ ਬਾਰੇ ਕਹਿ ਰਹੀ ਸਾਂ। ਕੀ ਇਹ ਸੰਭਵ ਨਹੀਂ ਕਿ ਕੋਈ ਕਿਸੇ ਨੂੰ ਬੇਹੱਦ ਚਾਹੁੰਦਾ ਹੋਵੇ ਤੇ ਦੂਜਾ ਉਸ ਤੋਂ ਪੂਰੀ ਤਰ੍ਹਾਂ ਬੇਖ਼ਬਰ ਹੋਵੇ? ਇਹੋ ਜਿਹੀ ਹਾਲਤ ਵਿਚ ਪਿਆਰ ਦਾ ਅਰਥ ਕੀ ਬਣਦੈ ?"

ਇਸ ਵਿਸ਼ੇ ਉੱਤੇ ਦੋਨਾਂ ਵਿਚ ਕਾਫ਼ੀ ਵਿਚਾਰ-ਵਟਾਂਦਰਾ ਹੋਇਆ, ਪਰ ਅੰਤ ਵਿੱਚ ਮਾਧਵੀ ਤੋਂ ਬਗ਼ੈਰ ਕੋਈ ਜਵਾਬ ਲਿਆਂ ਇੰਦਰਨਾਥ ਨੂੰ ਵਾਪਸ ਜਾਣਾ ਪਿਆ। ਉਨ੍ਹਾਂ ਦੀ ਹਰੇਕ ਮੁਲਾਕਾਤ ਤੋਂ ਇੰਦਰਨਾਥ ਨੂੰ ਮਹਿਸੂਸ ਹੋਣ ਲੱਗਾ ਕਿ ਅਸੀਂ ਇੱਕ-ਦੂਜੇ ਦੇ ਨੇੜੇ ਆ ਰਹੇ ਹਾਂ, ਪਰ ਹਰ ਵਾਰੀ ਉਨ੍ਹਾਂ ਦੀ ਗੱਲ-ਬਾਤ ਤਕਰਾਰ ਵਿਚ ਆਕੇ ਉਲਝ ਜਾਂਦੀ। ਮਾਧਵੀ ਉਸ ਨੂੰ ਉਸ ਬਾਰੇ ਆਪਣੇ ਮਨ ਦੀ ਗੱਲ ਕਦੇ ਨਹੀਂ ਸੀ ਦੱਸਦੀ ਅਤੇ ਇੰਦਰਨਾਥ ਲਈ ਇਹ ਉਸ ਦੇ ਹੌਂਸਲੇ ਦਾ ਇਮਤਿਹਾਨ ਸੀ। ਹਰ ਮੁਲਾਕਾਤ ਤੋਂ ਬਾਅਦ ਉਹ ਮਾਧਵੀ ਨੂੰ ਹੋਰ ਚਾਹੁਣ ਲੱਗਦਾ। ਮਾਧਵੀ ਕੋਲ ਬੈਠ ਕੇ ਗੱਲਾਂ ਕਰਦਿਆਂ ਉਸ ਦੀ ਇਹ ਤੀਬਰ ਇੱਛਾ ਹੁੰਦੀ ਸੀ ਕਿ ਉਹ ਉਸ ਦੇ ਜੀਵਨ ਉੱਤੇ ਪੂਰਾ ਅਧਿਕਾਰ ਜਮਾ ਕੇ ਬੈਠੇ। ਇਸ ਲੜਕੀ ਨੂੰ ਆਪਣੀਆਂ ਬਾਹਵਾਂ ਵਿੱਚ ਬੱਨ੍ਹਣਾ ਤਾਂ ਦੂਰ ਰਿਹਾ ਇੰਦਰਨਾਥ ਨੂੰ ਉਸ ਦਾ ਛੂਹਣਾ ਵੀ ਔਖਾ ਲਗਦਾ।

ਸਿਨੇਮਾ ਹਾਲ ਵਿਚ ਬੈਠ ਕੇ ਪਿਕਚਰ ਵੇਖਦਿਆਂ ਭਾਵੁਕ ਸੀਨਾਂ ਨੂੰ ਵੇਖ ਕੇ ਇੰਦਰਨਾਥ ਮਾਧਵੀ ਵੱਲ ਝੁਕਣ ਲੱਗਦਾ ਪਰ ਮਾਧਵੀ ਆਪਣੇ ਆਪ ਨੂੰ ਸੰਭਾਲ ਲੈਂਦੀ। ਸੋਫ਼ੇ ਉੱਤੇ ਇਕ ਦੂਜੇ ਨਾਲ ਜੁੜ ਕੇ ਬੈਠਿਆਂ, ਗੱਲਬਾਤ ਕਰਦਿਆਂ ਕਦੀ ਕਦੀ ਇੰਦਰਨਾਥ ਮਾਧਵੀ ਦੇ ਸੋਫੇ ਉੱਤੇ ਹੱਥ ਰੱਖ ਦੇਂਦਾ ਤਾਂ ਮਾਧਵੀ ਕੋਈ ਇਤਰਾਜ਼ ਨਾ

ਕਰਦੀ, ਪਰ ਜਦ ਉਹ ਮਾਧਵੀ ਨੂੰ ਆਪਣੇ ਵੱਲ ਖਿੱਚਣ ਦੀ ਜ਼ਰਾ ਵੀ ਕੋਸ਼ਿਸ਼ ਕਰਦਾ, ਮਾਧਵੀ ਇਕਦਮ ਸੰਭਲ ਕੇ ਬੈਠ ਜਾਂਦੀ ਅਤੇ ਇੰਦਰਨਾਥ ਆਪਣੀ ਹਾਰ ਮੰਨ ਕੇ ਆਪਣਾ ਹੱਥ ਪਰ੍ਹਾਂ ਹਟਾ ਲੈਂਦਾ। ਕਦੇ ਕਦੇ ਇੰਦਰਨਾਥ ਮਾਧਵੀ ਦੇ ਪੱਟਾਂ ਉੱਤੇ ਜਾਂ ਲੱਕ ਉੱਤੇ ਹੱਥ ਰੱਖ ਦੇਂਦਾ, ਪਰ ਇਸ ਤੋਂ ਪਹਿਲਾਂ ਕਿ ਉਸ ਦਾ ਹੱਥ ਓਥੋਂ ਖਿਸਕ ਕੇ ਸਰੀਰ ਦੇ ਕਿਸੇ ਹੋਰ ਪਾਸੇ ਵੱਲ ਜਾਵੇ ਮਾਧਵੀ ਆਪਣੇ ਹੱਥ ਨਾਲ ਉਸ ਦੇ ਹੱਥ ਨੂੰ ਰੋਕ ਲੈਂਦੀ। ਮਾਧਵੀ ਦੀ ਤਬੀਅਤ ਖ਼ਰਾਬ ਹੁੰਦੀ ਤਾਂ ਉਸ ਦਾ ਬੁਖ਼ਾਰ ਵੇਖਣ ਲਈ ਇੰਦਰਨਾਥ ਦਾ ਹੱਥ ਸਿਰਫ਼ ਉਸ ਦੇ ਮੱਥੇ ਜਾਂ ਗਲੇ ਤੱਕ ਹੀ ਪਹੁੰਚ ਸਕਦਾ ਸੀ।

ਇੰਦਰਨਾਥ ਹੁਣ ਮਾਧਵੀ ਨੂੰ ਏਨਾ ਚਾਹੁਣ ਲੱਗ ਪਿਆ ਕਿ ਆਪਣੇ ਸਰੀਰ ਦੀ ਮੰਗ ਨੂੰ ਮਾਧਵੀ ਉੱਤੇ ਜ਼ਬਰਦਸਤੀ ਲਾਗੂ ਕਰ ਕੇ ਆਪਣੇ ਸੰਬੰਧਾਂ ਨੂੰ ਕਲੰਕਿਤ ਨਹੀਂ ਸੀ ਕਰਨਾ ਚਾਹੁੰਦਾ। ਹੁਣ ਉਹ ਸਾਰੇ ਵਿਸ਼ਿਆਂ ਉੱਤੇ ਸਪਸ਼ਟ ਅਤੇ ਨਿਸ਼ਕਪਟ ਵਿਚਾਰ ਕਰਦੇ। ਏਥੋਂ ਤੱਕ ਕਿ ਸਰੀਰਕ ਤੇ ਸੇਜ-ਸੰਬੰਧਾਂ ਬਾਰੇ ਗੱਲ-ਬਾਤ ਕਰਦਿਆਂ ਮਾਧਵੀ ਨੂੰ ਕੋਈ ਸ਼ਰਮ ਜਾਂ ਸੰਕੋਚ ਨਹੀ ਸੀ ਹੁੰਦਾ। ਇਸ ਵਿਸ਼ੇ ਉੱਤੇ ਉਹ ਹਾਸਾ-ਮਜ਼ਾਕ ਵੀ ਕਰਦੇ ਸਨ, ਪਰ ਏਨਾ ਹੋਣ ਉੱਤੇ ਵੀ ਇੰਦਰਨਾਥ ਮਾਧਵੀ ਦੇ ਨੇੜੇ ਨਹੀਂ ਸੀ ਜਾ ਸਕਿਆ। ਇੱਕ ਦਿਨ ਇੰਦਰਨਾਥ ਨੇ ਮਾਧਵੀ ਨੂੰ ਮਜ਼ਾਕ ਨਾਲ ਪੱਛਿਆ, “ਤੂੰ ਫ੍ਰਿਜਿਡ ਤਾਂ ਨਹੀਂ ?" ਮਾਧਵੀ ਨੇ ਹੱਸ ਕੇ ਜਵਾਬ ਦਿੱਤਾ "ਅਜ਼ਮਾ ਕੇ ਵੇਖ ਲੈ।” ਉਸ ਦਿਨ ਕੁੱਝ ਹੋਰ ਕਹਿਣ ਦਾ ਜਾਂ ਕਰਨ ਦਾ ਸਾਹਸ ਇੰਦਰਨਾਥ ਨਾ ਜੁਟਾ ਸਕਿਆ, ਪਰ ਉਸ ਤੋਂ ਬਾਅਦ ਇੱਕ ਦਿਨ ਉਸ ਨੇ ਆਪਣੀਆਂ ਬਾਹਵਾਂ ਫੈਲਾ ਕੇ ਮਾਧਵੀ ਨੂੰ ਅੱਖਾਂ ਦੇ ਇਸ਼ਾਰੇ ਨਾਲ ਆਪਣੇ ਨੇੜੇ ਆਉਣ ਦਾ ਸੱਦਾ ਦਿੱਤਾ, ਤਾਂ ਮਾਧਵੀ ਵਿਆਕੁਲ ਜਿਹੀ ਹੋ ਕੇ ਉਸ ਦੀਆਂ ਬਾਹਵਾਂ ਵਿਚ ਆ ਗਈ ਅਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦਿੱਤਾ।

ਅਜਿਹਾ ਨਹੀਂ ਸੀ ਕਿ ਮਾਧਵੀ ਠੰਡੀ ਸੀ। ਪਰ ਉਹ ਤਾਂ ਇੰਦਰਨਾਥ ਦੇ ਸੁਫ਼ਨੇ ਤੋਂ ਵੀ ਵੱਧ ਕੇ ਭਖਦਾ ਭਾਂਬੜ ਸੀ। ਉਸ ਦਾ ਕੱਦ ਪੰਜ ਫੁੱਟ ਦੋ ਇੰਚ ਦਾ ਸਰੀਰ ਇਕ ਉੱਚੇ ਟਿੱਲੇ ਦਾ ਅਸੀਮ ਖ਼ਿਲਾਰ ਸੀ, ਮ੍ਰਿਗ-ਤ੍ਰਿਸ਼ਨਾ ਦਾ ਇਕ ਬਲਦਾ ਰੇਗਿਸਤਾਨ, ਜਿਸ ਦੇ ਸੇਕ ਤੋਂ ਛੁਟਕਾਰਾ ਕੇਵਲ ਅੱਧੀ ਰਾਤ ਦੀ ਤ੍ਰਿਪਤੀ ਰਾਹੀਂ ਹੀ ਹੋ ਸਕਦਾ ਸੀ। ਉਸ ਦੀਆਂ ਅੱਖਾਂ ਵਿੱਚੋਂ ਅੱਗ ਦੀਆਂ ਚਿਣਗਾਂ ਨਿਕਲ ਕੇ ਅੰਤਰ-ਆਤਮਾ ਤੱਕ ਪਹੁੰਚ ਜਾਂਦੀਆਂ ਸਨ। ਉਸ ਦੇ ਬੁੱਲ੍ਹ ਜਵਾਲਾਮੁਖੀ ਸਨ, ਜਿਨ੍ਹਾਂ ਦਾ ਇੱਕ-ਇੱਕ ਚੁੰਮਣ ਇੱਕ-ਇੱਕ ਵਿਸਫੋਟ ਵਰਗਾ ਸੀ। ਉਸ ਦੀ ਜੱਫ਼ੀ ਅੱਗ ਦੀ ਵਲੇਟ ਸੀ; ਉਸ ਦੇ ਸਾਹ ਅੱਗ ਦੇ ਸ਼ੂਕਦੇ ਝੱਖੜ

ਸਨ। ਉਸ ਦੀਆਂ ਜ਼ੁਲਫ਼ਾਂ ਨਿਰੀਆਂ ਅੱਗ ਦੀਆਂ ਲਾਟਾਂ ਸਨ ਤੇ ਉਸ ਦਾ ਇਕ-ਇਕ ਰੋਮ ਵੱਖਰਾ-ਵੱਖਰਾ ਚੰਗਿਆੜਾ ਸੀ। ਉਸ ਦਾ ਅੰਦਰ ਯੱਗ ਦਾ ਇਕ ਬਲਦਾ ਕੁੰਡ ਸੀ, ਜਿਸ ਵਿੱਚੋਂ ਹਰ ਵਾਰ ਇੰਦਰਨਾਥ ਸੜ-ਭੁੱਜ ਕੇ, ਉਬਲ ਕੇ ਪਿਘਲ ਕੇ ਅਤੇ ਸ਼ੁੱਧ, ਪਵਿੱਤਰ ਅਤੇ ਦਮਕਦਾ ਨਿਕਲ ਆਉਂਦਾ ਸੀ।

ਸਾੜ੍ਹੀ ਪਾ ਕੇ ਜਦੋਂ ਮਾਧਵੀ ਇੰਦਰਨਾਥ ਦੇ ਸਾਹਮਣੇ ਬੈਠਦੀ ਤੇ ਹੌਲੀ ਹੌਲੀ ਮੁਸਕਰਾਉਂਦੀ ਤਾਂ ਇੰਦਰਨਾਥ ਉਸ ਦੁਬਲੀ-ਪਤਲੀ ਲੜਕੀ ਨੂੰ ਸਮਝ ਹੀ ਨਹੀਂ ਸੀ ਸਕਦਾ। ਸੇਜ ਉੱਤੇ ਮਾਧਵੀ ਦਾ ਬਿਲਕੁਲ ਵੱਖਰਾ ਰੂਪ ਸੀ। ਉਸ ਦੇ ਹੋਠਾਂ ਉੱਤੇ ਮੁਸਕਰਾਹਟ ਲੋਪ ਹੁੰਦੀ, ਚਿਹਰਾ ਅਸ਼ਾਂਤ ਹੁੰਦਾ ਤੇ ਅੱਖਾਂ ਵਿਚ ਕੋਮਲਤਾ ਦਾ ਨਾਂ-ਨਿਸ਼ਾਨ ਨਹੀਂ ਸੀ ਹੁੰਦਾ। ਉਹ ਸਰੀਰ ਦੇ ਜ਼ੋਰ ਨਾਲ ਇੰਦਰਨਾਥ ਨੂੰ ਗ੍ਰਸ ਲੈਂਦੀ ਸੀ। ਸ਼ਾਂਤ, ਸ਼ੀਲ, ਦੁਬਲੀ ਜਿਹੀ ਇਹ ਕੁੜੀ ਇਕਦਮ ਹੱਥ ਪੈਰ ਹੋਂਠ ਛਾਤੀ ਵਿਚ ਬਦਲ ਕੇ ਇੱਕ ਬੇਕਾਬੂ ਅੱਗ ਬਣ ਜਾਂਦੀ ਸੀ। ਇੰਦਰਨਾਥ ਮਾਧਵੀ ਦੇ ਉਸ ਅਵਤਾਰ ਦੇ ਸਨਮੁਖ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਕੇ ਸੁਖੀ ਸੀ।

ਇੰਦਰਨਾਥ ਹੁਣ ਮਾਧਵੀ ਦੇ ਇਸ ਤਰ੍ਹਾਂ ਦੇ ਵਿਹਾਰ ਦਾ ਕਾਰਨ ਲੱਭਣ ਲੱਗਾ। ਕੀ ਮਾਧਵੀ ਕਿਸੇ ਹੋਰ ਨੂੰ ਵੀ ਚਾਹੁੰਦੀ. ਸੀ? ਕੀ ਮਾਧਵੀ ਨੂੰ ਉਸ ਦੇ ਪ੍ਰਤੀ ਕੋਈ ਸਰੀਰਕ ਖਿੱਚ ਨਹੀਂ ਸੀ ਰਹੀ ਤੇ ਉਹ ਨਫ਼ਰਤ ਦਾ ਪਾਤਰ ਬਣ ਗਿਆ ਸੀ ? ਕੀ ਮਾਧਵੀ ਨੂੰ ਆਪਣੇ ਕੀਤੇ ਉੱਤੇ ਪਛਤਾਵਾਂ ਹੋਣ ਲੱਗਾ ਸੀ ਤੇ ਆਪਣੇ ਆਪ ਨੂੰ ਅਲੱਗ ਕਰ ਲੈਣਾ ਹੀ ਪਛਤਾਵੇ ਦਾ ਨਤੀਜਾ ਸੀ ? ਪਰ ਇੰਦਰਨਾਥ ਕਿਸੇ ਨਤੀਜੇ ਉੱਤੇ ਨਹੀਂ ਸੀ ਪਹੁੰਚ ਸਕਿਆ, ਕਿਉਂਕਿ ਮਾਧਵੀ ਦ੍ਰਿੜ੍ਹ ਨਿਸਚੇ ਵਾਲੀ ਲੜਕੀ ਸੀ ਅਤੇ ਆਪਣੇ ਫੈਸਲੇ ਉੱਤੇ ਉਸ ਨੂੰ ਪੂਰਾ ਵਿਸ਼ਵਾਸ ਹੁੰਦਾ ਸੀ। ਆਪਣੇ ਕਿਸੇ ਫ਼ੈਸਲੇ ਉੱਤੇ ਅੱਜ ਤਕ ਉਸ ਨੇ ਪਛਤਾਵਾ ਨਹੀਂ ਸੀ ਕੀਤਾ। ਤਾਂ ਫੇਰ, ਮਾਧਵੀ ਨੇ ਹੁਣ ਆਪਣੇ ਆਪੇ ਨੂੰ ਵੀ ਉਸ ਤੋਂ ਏਨਾ ਦੂਰ ਕਿਉਂ ਕਰ ਲਿਆ ਸੀ ?

ਇੰਦਰਨਾਥ ਫੇਰ ਆਪਣੇ ਬੀਤੇ ਹਾਲਾਤ ਵਿਚ ਗਵਾਚ ਗਿਆ। ਉਹ ਸਮਾਂ ਸੀ ਅਪ੍ਰਾਪਤੀ ਦਾ, ਇਕ ਸੰਪੂਰਨ ਤੇ ਅੰਤਹੀਨ ਪ੍ਰਾਪਤੀ ਤੋਂ ਹੋ ਕੇ ਹੁਣ ਉਹ ਫੇਰ ਆਪਣੇ ਆਰੰਭਿਕ ਸੱਖਣੇਪਨ ਦੀ ਹਾਲਤ ਵਿਚ ਮੁੜ ਆਇਆ ਸੀ! ਉਹ ਹਰ ਪਲ ਮਾਧਵੀ ਦੇ ਉਸ ਵਰਤਾਓ ਦਾ ਕਾਰਣ ਲੱਭਣ ਲੱਗਾ। ਮਾਧਵੀ ਨੂੰ ਪਾ ਸਕਣਾ ਜਾਂ ਨਾ, ਉਨ੍ਹਾਂ ਦਾ

ਪਿਆਰ, ਉਸ ਦੀ ਇਹ ਉੱਤਰ-ਰਹਿਤ ਇਹ ਜਿਗਿਆਸਾ ਉਸ ਦੇ ਨੇੜ, ਆਦਿ ਤੋਂ ਉੱਪਰ ਸੀ। ਇਸ ਤਰ੍ਹਾਂ ਦੀ ਮਾਨਸਿਕ ਹਾਲਤ ਵਿਚ ਮਾਧਵੀ ਨਾਲ ਉਸ ਦੀਆਂ ਮੁਲਾਕਾਤਾਂ ਵੀ ਘੱਟ ਹੋਣ ਲੱਗੀਆਂ, ਕਿਉਂਕਿ ਮਾਧਵੀ ਨਾਲ ਰਸਮੀ ਤੌਰ ਉੱਤੇ ਮਿਲਣਾ ਹੁਣ ਇੰਦਰਨਾਥ ਲਈ ਕਾਫ਼ੀ ਕਸ਼ਟਦਾਇਕ ਸੀ। ਉਸ ਨੇ ਸੋਚਿਆ ਕਿ ਉਹ ਮਾਧਵੀ ਨੂੰ ਭੁੱਲ ਜਾਏ। ਭੁੱਲ ਜਾਏ ਜਾਣ-ਪਛਾਣ ਦਾ ਪਹਿਲਾ ਅਧਿਆਈ ਅਤੇ ਵਧਦੇ ਹੋਏ ਸੰਬੰਧਾਂ ਦੀਆਂ ਨਿੱਘੀਆਂ ਘੜੀਆਂ। ਪਰ ਉਸ ਨੂੰ ਲੱਗਾ ਕਿ ਕਿਸੇ ਨੂੰ ਯਾਦ ਰੱਖਣਾ ਜਿੰਨਾ ਸੌਖਾ ਹੈ, ਭੁੱਲ ਜਾਣਾ ਓਨਾ ਹੀ ਔਖਾ ਹੁੰਦਾ ਹੈ।

ਇੰਦਰਨਾਥ ਨੇ ਸੋਚਿਆ ਸੀ ਕਿ ਵਕਤ ਆਪੇ ਹੀ ਕੋਈ ਹੱਲ ਲੱਭ ਦੇਵੇਗਾ, ਪਰ ਜਿਵੇਂ ਜਿਵੇਂ ਸਮਾਂ ਲੰਘਦਾ ਗਿਆ, ਇੰਦਰਨਾਥ ਮਾਧਵੀ ਬਾਰੇ ਜ਼ਿਆਦਾ ਸੋਚਣ ਲੱਗਾ। ਮਾਧਵੀ ਦੀ ਹਰ ਯਾਦ ਉਸ ਲਈ ਜ਼ਿਆਦਾ ਦੁਖਦਾਈ ਹੋਣ ਲੱਗੀ। ਮਾਧਵੀ ਵਕਤ-ਬੇਵਕਤ ਆ ਕੇ ਉਸ ਦੇ ਮਨ ਨੂੰ ਪਰੇਸ਼ਾਨ ਕਰਨ ਲੱਗੀ, ਇੰਦਰਨਾਥ ਲਈ ਸ਼ਾਂਤ ਰਹਿਣਾ ਮੁਸ਼ਕਲ ਹੋ ਗਿਆ। ਜਦੋਂ ਮਾਧਵੀਂ ਦੀਆਂ ਯਾਦਾਂ ਉਸ ਨੂੰ ਵਧੇਰੇ ਪਰੇਸ਼ਾਨ ਕਰਨ ਲੱਗੀਆਂ ਤਾਂ ਇੰਦਰਨਾਥ ਨੇ ਮਨ ਵਿਚ ਕਿਹਾ— ਮਾਧਵੇ! ਮੈਨੂੰ ਇਸ ਸਰਾਪੀ ਹੋਈ ਜ਼ਿੰਦਗੀ ਤੋਂ ਮੁਕਤ ਕਰ ਦੇ। ਤੂੰ ਫੇਰ ਮੇਰੇ ਲਈ ਓਪਰੀ ਹੋ ਜਾ। ਮੈਂ ਮੁੜ ਕੇ ਤੈਨੂੰ ਪਹਿਲੀ ਵਾਰੀ ਮਿਲ ਕੇ ਆਪਣੀ ਬੇਨਤੀ ਪੇਸ਼ ਕਰਾਂਗਾ। ਤੂੰ ਮੇਰੇ ਪਿਆਰ ਨੂੰ ਰੱਦ ਕਰ ਦੇਵੇਂਗੀ; ਪਰ ਮੈਨੂੰ ਨਹੀਂ ਅਤੇ ਮਾਧਵੀ! ਮੈਂ ਤੈਨੂੰ ਛੂਹਣ ਦੀ ਕੋਸ਼ਿਸ਼ ਵਿੱਚ ਆਪਣੀ ਬਾਕੀ ਦੀ ਸਾਰੀ ਜ਼ਿੰਦਗੀ ਗੁਜ਼ਾਰ ਦਿਆਂਗਾ।

******

# ਮੁਲਾਕਾਤ

ਬਦਨਸੀਬੀ ਇੰਜ ਹੀ ਆਉਂਦੀ ਹੈ, ਚੰਦਰਹਾਸ ਨੇ ਮਨ ਵਿਚ ਸੋਚਿਆ। ਗੱਡੀ ਹੋਟਲ ਦੇ ਅੰਦਰ ਵੜੀ ਹੀ ਸੀ ਕਿ ਉਸ ਨੇ ਵੇਖਿਆ ਉਸ ਦਾ ਪੁਰਾਣਾ ਦੋਸਤ ਸ਼ੋਭਨ ਵੀ ਉਸੇ ਹੋਟਲ ਵਿਚ ਪ੍ਰਵੇਸ਼ ਕਰ ਰਿਹਾ ਸੀ। ਕਾਰ ਪਾਰਕ ਵਿਚ ਗੱਡੀ ਖੜੀ ਕਰ ਕੇ ਚੰਦਰਹਾਸ ਨੇ ਕਿਹਾ, "ਹੁਣ ਇਕ ਛੋਟੀ ਜਿਹੀ ਮੁਸ਼ਕਲ ਆ ਪਈ ਹੈ।" ਮੁਸ਼ਕਲ ਬਾਰੇ ਜਾਣਨ ਦੀ ਕੋਈ ਕੋਸ਼ਿਸ਼ ਨਾ ਕਰਦਿਆਂ ਸ਼ਰਬਰੀ ਬੋਲੀ, "ਤਾਂ ਚੱਲੋ ਮੈਨੂੰ ਘਰ ਛੱਡ ਆਓ।" ਉਸ ਦੀ ਗੱਲ ਦਾ ਜਵਾਬ ਦਿੱਤੇ ਬਿਨਾ ਚੰਦਰਹਾਸ ਨੇ ਕਿਹਾ, “ਇਹ ਮੇਰੀ ਬਦਨਸੀਬੀ ਨਹੀਂ ਤੇ ਹੋਰ ਕੀ ਹੈ ਕਿ ਕਦੇ ਨਾਂ ਮਿਲਣ ਵਾਲੇ ਇਸ ਆਦਮੀ ਨੇ ਇਸ ਪਲ ਏਥੇ ਪਹੁੰਚਣਾ ਸੀ।”

ਬੜੀ ਮੁਸ਼ਕਲ ਨਾਲ ਅੱਜ ਚੰਦਰਹਾਸ ਨੇ ਇਹ ਇੰਤਜ਼ਾਮ ਕੀਤਾ ਸੀ। ਉਹ ਫ਼ਿਲਮਾਂ ਬਣਾਉਂਦਾ ਸੀ ਤੇ ਸ਼ਰਬਰੀ ਅਧਿਆਪਕਾ ਸੀ। ਉਨ੍ਹਾਂ ਦੀ ਜਾਣ-ਪਛਾਣ ਇੱਕ ਹਵਾਈ ਯਾਤਰਾ ਵਿਚ ਹੋਈ ਸੀ। ਚੰਦਰਹਾਸ ਆਪਣੇ ਕੰਮ ਜਾ ਰਿਹਾ ਸੀ ਤੇ ਸ਼ਰਬਰੀ ਕਿਸੇ ਸੈਮੀਨਾਰ ਵਿਚ ਹਿੱਸਾ ਲੈਣ। ਸਫ਼ਰ ਦੇ ਦੋ ਘੰਟਿਆਂ ਦੌਰਾਨ ਹੀ ਚੰਦਰਹਾਸ ਨੇ ਸ਼ਰਬਰੀ ਨਾਲ ਦੋਸਤੀ ਬਣਾ ਲਈ ਸੀ ਅਤੇ ਉਸ ਨਵੇਂ ਸ਼ਹਿਰ ਵਿਚ ਉਸ ਨੇ ਸ਼ਰਬਰੀ ਦੀ ਕਈ ਤਰ੍ਹਾਂ ਦੀ ਮੱਦਦ ਕੀਤੀ ਸੀ। ਵਾਪਸੀ ਉੱਤੇ ਵੀ, ਚੰਦਰਹਾਸ ਆਪਣੇ ਸਾਰੇ ਕੰਮ ਏਧਰ ਓਧਰ ਕਰ ਕੇ, ਸ਼ਰਬਰੀ ਵਾਲੀ ਫਲਾਈਟ ਉੱਤੇ ਵਾਪਸ ਆਇਆ। ਉਸਤੋਂ ਬਾਅਦ ਵੀ ਉਸ ਨੇ ਸ਼ਰਬਰੀ ਨਾਲ ਸੰਬੰਧ ਜੋੜੀ ਰੱਖਿਆ ਅਤੇ ਉਸ ਸੰਬੰਧ ਵਿਚ, ਹੌਲੀ-ਹੌਲੀ, ਵਧੇਰੇ ਨੇੜ ਹੁੰਦਾ ਗਿਆ। ਅੱਜਕੱਲ੍ਹ ਸ਼ਰਬਰੀ ਵਿਚ ਪਹਿਲਾਂ ਵਰਗੀ ਝਿਜਕ ਨਹੀਂ ਰਹੀ, ਪਰ ਚੰਦਰਹਾਸ ਅਜੇ ਉਸ ਨੂੰ ਪੂਰੀ ਤਰ੍ਹਾਂ ਪ੍ਰਾਪਤ ਵੀ ਨਹੀਂ ਸੀ ਕਰ ਸਕਿਆ। ਕਾਫ਼ੀ ਦਿਨਾਂ ਦੀ ਮਿਹਨਤ ਤੇ ਮੁੜ-ਮੁੜ ਕੀਤੀਆਂ ਬੇਨਤੀਆਂ ਤੋਂ ਬਾਅਦ ਉਸ ਨੇ ਸ਼ਰਬਰੀ ਨੂੰ ਮਨਾ ਲਿਆ ਕਿ ਉਹ ਦੋਵੇਂ ਹੋਟਲ ਦੇ ਇੱਕ- ਕਮਰੇ ਦੇ ਇਕਾਂਤ ਵਿਚ ਇਕ ਪੂਰਾ ਦਿਨ ਲੰਘਾਉਣਗੇ। ਚੰਦਰਹਾਸ ਨੇ ਹੋਟਲ ਵਿਚ ਕਮਰਾ ਬੁੱਕ ਕਰਵਾਇਆ ਤੇ ਪਿਛਲੇ ਚਾਰ ਦਿਨਾਂ ਤੋਂ ਉਹ ਉਸ ਘੜੀ ਦੀ ਉਡੀਕ ਕਰ ਰਿਹਾ ਸੀ। ਵਿੱਚੋਂ-ਵਿਚੋਂ ਉਸ ਨੂੰ ਲੱਗਣ ਲੱਗ ਪੈਂਦਾ ਕਿ ਉਸ ਲਈ

ਉਡੀਕ ਦੀ ਇਹ ਘੜੀ ਲੰਘਾਉਣੀ ਔਖੀ ਹੈ। ਪਰ ਸਮੇਂ ਦੀ ਤੋਰ ਦਿਨਾਂ ਤੇ ਘੰਟਿਆਂ ਤੋਂ ਮਿੰਟਾਂ ਤਕ ਪਹੁੰਚ ਗਈ ਤੇ ਹੋਟਲ ਦੇ ਗੇਟ ਦੇ ਅੰਦਰ ਵੜਦਿਆਂ ਉਸ ਉਡੀਕ ਦੀ ਘੜੀ ਦਾ ਅੰਤ ਹੋ ਚੱਲਿਆ ਸੀ। ਅਜਿਹੇ ਸਮੇਂ ਕਿਸੇ ਰਾਹੂ ਦਾ ਪ੍ਰਗਟ ਹੋਣਾ ਉਸ ਦੀ ਬਣੀ-ਬਣਾਈ ਯੋਜਨਾ ਨੂੰ ਮਲੀਆਮੇਟ ਕਰਨ ਦੇ ਬਰਾਬਰ ਸੀ।

ਸ਼ਰਬਰੀ ਨੇ ਫੇਰ ਕਿਹਾ, "ਚਲੋ ਮੈਨੂੰ ਛੱਡ ਆਓ।" ਚੰਦਰਹਾਸ ਨੇ ਕਿਹਾ, “ਘਬਰਾ ਨਾ; ਮੈਂ ਹੁਣੇ ਇਸ ਦਾ ਹੱਲ ਲੱਭ ਲੈਨਾਂ।” ਇਹ ਕਹਿ ਕੇ ਉਸ ਨੇ ਆਪਣੀਆਂ ਅੱਖਾਂ ਮੀਟ ਲਈਆਂ ਤੇ ਜਦੋਂ ਅੱਖਾਂ ਖੋਲ੍ਹੀਆਂ ਤਾਂ ਹੱਲ ਲੱਭਿਆ ਹੋਇਆ ਸੀ। ਬ੍ਰੀਫ਼ਕੇਸ ਵਿੱਚੋਂ ਇੱਕ ਛੋਟਾ ਪੈਡ ਕੱਢ ਕੇ ਉਸ ਨੇ ਸ਼ਰਬਰੀ ਨੂੰ ਫੜਾਉਂਦਿਆਂ ਕਿਹਾ, "ਤੂੰ ਇੱਕ ਪੱਤਰਕਾਰ ਹੈ ਤੇ ਮੇਰੀ ਇੰਟਰਵਿਊ ਲੈਣ ਆਈ ਹੈਂ। ਮੈਂ ਤੈਨੂੰ ਅੱਜ ਦੁਪਹਿਰ ਬਾਰਾਂ ਵਜੇ ਇਸ ਹੋਟਲ ਦੇ ਲਾਉਂਜ ਵਿਚ ਮਿਲਣ ਦਾ ਵਕਤ ਦਿੱਤਾ ਹੈ। ਮੈਂ ਗੱਡੀ ਵਿਚ ਬੈਠਾ ਰਵਾਂਗਾ। ਜੇ ਉਸ ਵੇਲੇ ਮੇਰਾ ਦੋਸਤ ਓਥੇ ਹੋਇਆ ਤਾਂ ਉਸ ਦੇ ਓਥੇ ਰਹਿਣ ਤੱਕ ਸਾਨੂੰ ਇੰਟਰਵਿਊ ਦਾ ਸਾਂਗ ਕਰਨਾ ਪਵੇਗਾ। ਉਸ ਦੇ ਜਾਣ ਤੋਂ ਬਾਅਦ ਅਸੀਂ ਕਮਰੇ ਵਿਚ ਚਲੇ ਜਾਵਾਂਗੇ।"

ਚੰਦਰਹਾਸ ਨੂੰ ਫੁਰਿਆ ਕਿ ਸ਼ਰਬਰੀ ਉਸ ਦੀ ਇਸ ਸਲਾਹ ਨੂੰ ਇੱਕ ਦਮ ਰੱਦ ਕਰ ਦੇਵੇਗੀ ਪਰ ਸ਼ਰਬਰੀ ਨੇ ਉਸ ਦੇ ਹੱਥੋਂ ਨੋਟ-ਬੁੱਕ ਲੈ ਕੇ ਪਰਸ ਵਿਚ ਰੱਖ ਲਈ, ਟਟੋਲ ਕੇ ਵੇਖਿਆ ਉਸ ਕੋਲ ਕਲਮ ਹੈ ਕਿ ਨਹੀਂ ਅਤੇ ਗੱਡੀ ਵਿੱਚੋਂ ਉਤਰਦਿਆਂ ਬੋਲੀ, "ਠੀਕ ਹੈ ਤੂੰ ਦੋ ਮਿੰਟਾਂ ਵਿਚ ਅੰਦਰ ਆ ਜਾਈਂ।” ਦੋ ਕਦਮ ਚੱਲ ਕੇ ਉਹ ਪਿੱਛੇ ਮੁੜੀ ਤੇ ਚੰਦਰਹਾਸ ਨੂੰ ਪੁੱਛਿਆ, “ਮੇਰਾ ਨਾਂ ਕੀ ਹੈ?” ਕੁੱਝ ਸੋਚ ਕੇ ਚੰਦਰਹਾਸ ਨੇ ਕਿਹਾ, "ਉਮਾ। ਉਮਾ ਯਾਦਵ। ਸਟਾਰ ਪੱਤਰਿਕਾ ਦੀ ਰੀਪੋਰਟਰ।"

ਦੋ ਮਿੰਟ ਬਾਅਦ ਗੱਡੀ ਬੰਦ ਕਰ ਕੇ ਚੰਦਰਹਾਸ ਅੰਦਰ ਦਾਖ਼ਲ ਹੋਇਆ। ਉਸ ਦੇ ਵੇਖਣ ਤੋਂ ਪਹਿਲਾਂ ਹੀ ਸ਼ੋਭਨ ਨੇ ਉਸ ਨੂੰ ਵੇਖ ਲਿਆ ਤੇ ਕੁਰਸੀ ਤੋਂ ਉੱਠ ਕੇ ਉਸ ਕੋਲ ਆ ਕੇ ਬੋਲਿਆ, "ਇੱਕੋ ਸ਼ਹਿਰ ਵਿਚ ਰਹਿੰਦਿਆਂ, ਮਿਲਦੇ ਹਾਂ ਸਾਲ ਵਿਚ ਇੱਕ ਵਾਰੀ ਤੇ ਉਹ ਵੀ ਅਜਿਹੀ ਅਜੀਬ ਥਾਂ ਉੱਤੇ। “ਚੰਦਰਹਾਸ ਨੇ ਸੋਚਿਆ ਕਿ ਪੁੱਛ ਹੀ ਲਵਾਂ ਕਿ ਸ਼ੋਭਨ ਏਥੇ ਕਿੰਨੀ ਦੇਰ ਅਟਕੇਗਾ। ਜੇ ਜ਼ਿਆਦਾ ਦੇਰ ਨਹੀਂ ਰੁਕੇਗਾ ਤਾਂ ਸ਼ੋਭਨ ਦੇ ਜਾਣ ਦੇ ਬਾਅਦ ਹੀ ਸ਼ਰਬਰੀ ਕੋਲ ਜਾਵੇਗਾ। ਕੁੱਝ ਦੇਰ ਏਧਰ-ਓਧਰ ਦੀਆਂ ਗੱਲਾਂ ਕਰ ਕੇ ਉਸ ਨੇ ਸ਼ੋਭਨ ਨੂੰ ਪੁੱਛਿਆ, "ਤੂੰ ਏਥੇ ਕਿਵੇਂ ? ਸ਼ੋਭਨ ਨੇ ਕਿਹਾ, "ਬਈ, ਵਪਾਰ ਵਿਚ ਅਨੇਕਾਂ ਲੋਕਾਂ ਨਾਲ ਕੰਮ ਪੈਂਦੈ। ਇਕ ਆਦਮੀ ਨੂੰ ਸਾਢੇ ਬਾਰਾਂ ਵਜੇ ਏਥੇ ਮਿਲਨੈਂ। ਮੈਂ ਕੁੱਝ ਪਹਿਲਾਂ ਆ ਗਿਆ

ਪਰ ਕੀ ਪਤਾ ਉਹ ਕਿੰਨੇ ਵਜੇ ਆਵੇ ? ਤੇ ਤੂੰ? "ਮੈਨੂੰ ਕਿਸੇ ਪੱਤਰਿਕਾ ਵਿਚ ਇੰਟਰਵਿਊ ਦੇਣ ਲਈ ਪੁੱਛਿਆ ਗਿਆ ਸੀ। ਮੈਂ ਸੰਵਾਦਦਾਤਾ ਨੂੰ ਘਰ ਦੀ ਥਾਂ ਤੇ ਏਥੇ ਬੁਲਾ ਲਿਐ। "ਉਸ ਨੂੰ ਹੋਰ ਕੁੱਝ ਕਹਿਣ ਦਾ ਅਵਸਰ ਨਾ ਦੇ ਕੇ ਸ਼ੋਭਨ ਨੇ ਕਿਹਾ, "ਓਥੇ ਜੋ ਲੜਕੀ ਬੈਠੀ ਹੈ, ਉਹ ਤੇ ਨਹੀਂ? ਚੱਲ ਵੇਖੀਏ।"

ਚੰਦਰਹਾਸ ਨੂੰ ਖਿੱਚ ਕੇ ਸ਼ੋਭਨ ਉਸ ਨੂੰ ਸ਼ਰਬਰੀ ਦੀ ਕੁਰਸੀ ਤੱਕ ਲੈ ਗਿਆ ਤੇ ਪੁੱਛਿਆ, "ਕੀ ਤੁਸੀਂ ਕਿਸੇ ਦੀ ਉਡੀਕ ਕਰ ਰਹੇ ਓ.?" ਚੰਦਰਹਾਸ ਵੱਲ ਵੇਖੇ ਬਿਨਾਂ ਸ਼ਰਬਰੀ ਨੇ ਸ਼ੋਭਨ ਨੂੰ ਪੁੱਛਿਆ, "ਤੁਹਾਡਾ ਨਾਂ ਚੰਦਰਹਾਸ ਹੈ ? "ਸ਼ੋਭਨ ਦੇ ਕੁੱਝ ਕਹਿਣ ਤੋਂ ਪਹਿਲਾਂ ਚੰਦਰਹਾਸ ਨੇ ਕਿਹਾ, "ਨਹੀਂ, ਚੰਦਰਹਾਸ ਮੈਂ ਹਾਂ। "ਜ਼ਰਾ ਜਿਹਾ ਮੁਸਕਰਾ ਕੇ ਉਸ ਵੱਲ ਸਿਰ ਹਿਲਾਉਂਦਿਆਂ ਸ਼ਰਬਰੀ ਨੇ ਕਿਹਾ, "ਮੇਰਾ ਨਾਮ ਉਮਾ ਯਾਦਵ ਹੈ। ਮੈਂ ਸਟਾਰ ਪੱਤਰਿਕਾ ਵੱਲੋਂ ਆਈ ਹਾਂ। ਚੰਦਰਹਾਸ ਨੇ ਕਿਹਾ, "ਤੁਹਾਨੂੰ ਜ਼ਿਆਦਾ ਉਡੀਕਣਾ ਤੇ ਨਹੀਂ ਪਿਆ? ਇਹ ਮੇਰਾ ਦੋਸਤ ਸ਼ੋਭਨ ਹੈ।'ਹੋਰ ਕੋਈ ਗੱਲ ਕੀਤੇ ਬਿਨਾਂ ਸ਼ਰਬਰੀ ਨੇ ਪਰਸ ਵਿੱਚੋਂ ਨੋਟ ਬੁੱਕ ਕੱਢਦਿਆਂ, ਉਸ ਦਾ ਵਰਕਾ ਪਲਟਿਆ ਤੇ ਹੱਥ ਵਿਚ ਕਲਮ ਲੈ ਕੇ ਬੋਲੀ, "ਜੇ ਇੰਟਰਵਿਊ ਵੇਲੇ ਮੈਂ ਟੇਪ-ਰੀਕਾਰਡਰ ਵਰਤਾਂ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ ਹੋਏਗੀ?"

ਹੁਣ ਸ਼ੋਭਨ ਨੇ ਉੱਥੋਂ ਖਿਸਕਣਾ ਹੀ ਠੀਕ ਸਮਝਿਆ। ਪਰ ਉਨ੍ਹਾਂ ਤੋਂ ਥੋੜੀ ਦੂਰ ਹੀ ਜਾ ਕੇ ਬੈਠ ਗਿਆ। ਚੰਦਰਹਾਸ ਸ਼ਰਬਰੀ ਦੇ ਪ੍ਰਸ਼ਨ ਤੋਂ ਪਹਿਲਾਂ ਤਾਂ ਜ਼ਰਾ ਚੌਂਕਿਆ ਪਰ ਦੂਜੇ ਹੀ ਪਲ ਸਮਝ ਗਿਆ ਕਿ ਸ਼ਰਬਰੀ ਪੂਰਾ ਦਿਲ ਲਾ ਕੇ ਇਹ ਨਾਟਕ ਖੇਡ ਰਹੀ ਹੈ। ਉਸ ਨੇ ਕਿਹਾ, "ਮੇਰੇ ਸਾਹਮਣੇ-ਟੇਪ-ਰੀਕਾਰਡਰ ਰੱਖਿਆ ਹੋਵੇਗਾ ਤਾਂ ਮੈਂ ਖੁੱਲ੍ਹ ਕੇ ਗੱਲਬਾਤ ਨਹੀਂ ਕਰ ਸਕਾਂਗਾ। ਮੈਨੂੰ ਡਰ ਰਹੇਗਾ ਕਿ ਮੈਂ ਕਿਤੇ ਗ਼ਲਤ ਗੱਲ ਨਾ ਕਹਿ ਬੈਠਾਂ ਅਤੇ ਮੇਰੀ ਮੂਰਖਤਾ ਹਮੇਸ਼ਾ ਵਾਸਤੇ ਰਿਕਾਰਡ ਨਾ ਹੋ ਜਾਏ।"

"ਹਾਂ, ਕਈ ਲੋਕਾਂ ਨੂੰ ਇਹੋ ਜਿਹਾ ਤੌਖਲਾ ਰਹਿੰਦੈ। ਤਾਂ ਠੀਕ ਹੈ, ਮੈਂ ਟੇਪ-ਰਿਕਾਰਡਰ ਨਹੀਂ ਵਰਤਾਂਗੀ।"

ਚੰਦਰਹਾਸ ਨੇ ਸ਼ਰਬਰੀ ਵੱਲ ਵੇਖ ਕੇ ਕਿਹਾ, "ਸ਼ੋਭਨ ਉਨ੍ਹਾਂ ਦੀ ਗੱਲ-ਬਾਤ ਨਹੀਂ ਸੁਣ ਸਕਦਾ, ਸੋ ਹੁਣ ਆਪਾਂ ਸੁਭਾਵਕ ਗੱਲਾਂ ਕਰ ਸਕਦੇ ਹਾਂ।" ਪਰ ਸ਼ਰਬਰੀ ਉਸ ਦੇ

ਇਸ਼ਾਰੇ ਨੂੰ ਨਾ ਸਮਝਣ ਦੀ ਕੋਸ਼ਿਸ਼ ਕਰਦਿਆਂ ਬੋਲੀ, "ਮੈਂ ਆਪਣਾ ਪਹਿਲਾ ਸਵਾਲ ਕਰਨ ਤੋਂ ਪਹਿਲਾਂ ਤੁਹਾਨੂੰ ਕਹਾਂਗੀ ਕਿ ਆਪਣੇ ਬਾਰੇ ਕੁੱਝ ਦੱਸੋ।"

ਚੰਦਰਹਾਸ ਨੇ ਅੱਖਾਂ ਬੰਦ ਕਰ ਕੇ ਕੁੱਝ ਦੇਰ ਸੋਚਿਆ, ਫੇਰ ਅੱਖਾਂ ਖੋਲ੍ਹ ਕੇ ਕਹਿਣ ਲੱਗਾ, ਮੇਰੇ ਖ਼ਿਆਲ ਵਿਚ ਮੇਰੀ ਪਿਛਲੀ ਜ਼ਿੰਦਗੀ ਦਾ ਮੇਰੀ ਫ਼ਿਲਮੀ ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ ਬਣਦਾ। ਇਸ ਲਈ ਮੈਂ ਆਪਣੀ ਪਹਿਲੀ ਫ਼ਿਲਮ ਬਾਰੇ ਕਹਾਂਗਾ।"

"ਕੋਈ ਵੀ ਕਲਾਕਾਰ ਆਪਣੀ ਜ਼ਿੰਦਗੀ ਤੋਂ ਦੂਰ ਨਹੀਂ ਹੁੰਦਾ। ਤੁਹਾਡੀ ਫ਼ਿਲਮ ਦਾ ਤੁਹਾਡੀ ਜ਼ਿੰਦਗੀ ਨਾਲ ਕੀ ਸੰਬੰਧ ਹੈ। ਇਸ ਬਾਰੇ ਤਾਂ ਉਦੋਂ ਹੀ ਪਤਾ ਲੱਗੇਗਾ ਜਦੋਂ ਤੁਸੀਂ ਆਪਣੀ ਜ਼ਿੰਦਗੀ ਬਾਰੇ ਕੁੱਝ ਦੱਸੋਗੇ। ਇਸ ਲਈ ਤੁਹਾਡੀ ਜ਼ਿੰਦਗੀ ਬਾਰੇ ਜਾਣਨਾ ਮੇਰੇ ਲਈ ਬਹੁਤ ਜ਼ਰੂਰੀ ਹੈ।"

ਚੰਦਰਹਾਸ ਨੇ ਹੌਲੀ ਆਵਾਜ਼ ਵਿਚ, ਮਿੰਨਤ ਕੀਤੀ, "ਸ਼ਰਬਰੀ ! " ਪਰ ਸ਼ਰਬਰੀ ਨੇ ਮਣਸੁਣਿਆ ਕਰਦਿਆਂ ਕਿਹਾ, "ਇਸ ਤੋਂ ਇਲਾਵਾ ਤੁਸੀਂ ਵੇਖਿਆ ਹੋਵੇਗਾ ਕਿ ਸਾਡੀ ਪੱਤਰਿਕਾ ਵਿਚ ਕਲਾਕਾਰਾਂ ਦੀ ਕਲਾ ਦੀ ਥਾਂ ਉਨ੍ਹਾਂ ਦੀ ਜ਼ਾਤੀ ਜ਼ਿੰਦਗੀ ਨੂੰ ਜ਼ਿਆਦਾ ਮਹਿਮੀਅਤ ਦਿੱਤੀ ਜਾਂਦੀ ਹੈ।"

ਚੰਦਰਹਾਸ ਨੇ ਕਿਹਾ, "ਮੇਰਾ ਜਨਮ ਇਕ ਨਿਚਲੇ ਮੱਧਵਰਗੀ ਪਰਿਵਾਰ ਵਿਚ ਹੋਇਆ ਜੀ। ਮੇਰੇ ਪਿਤਾ ਇਕ ਸਕੂਲ ਮਾਸਟਰ ਸਨ। ਮੇਰੀ ਜ਼ਿੰਦਗੀ ਅਤਿ ਦੀ ਗਰੀਬੀ ਵਿਚ ਤਾਂ ਨਹੀਂ ਬੀਤੀ ਪਰ ਫੇਰ ਵੀ ਕਈ ਥੁੜਾਂ ਹੈ ਸਨ। ਉਦੋਂ ਮੈਂ ਸੋਚਿਆ ਸੀ ਕਿ ਅਰਾਮ ਹੀ ਜ਼ਿੰਦਗੀ ਦਾ ਮਨੋਰਥ ਹੈ, ਪਰ ਅਰਾਮ ਮਿਲਣ ਤੋਂ ਬਾਅਦ ਜ਼ਿੰਦਗੀ ਦਾ ਮਨੋਰਥ ਹੀ ਕੁੱਝ ਹੋਰ ਹੋ ਗਿਆ।"

ਸ਼ਰਬਰੀ ਨੇ ਨੋਟ-ਬੁੱਕ ਵਿਚ ਕੁੱਝ ਲਿਖ ਕੇ ਕਿਹਾ, "ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਹਾਡੇ ਅਭਾਵ ਤੇ ਅਰਾਮ ਵਿਚ ਕਿਹੜੀਆਂ ਕਿਹੜੀਆਂ ਘਟਨਾਵਾਂ ਘਟੀਆਂ ਸਨ।"

"ਜਦੋਂ ਮੈਂ ਕਾਲਜ ਪੜ੍ਹਦਾ ਸਾਂ ਤਾਂ ਕਿਸੇ ਨਾਲ ਘੁਲ-ਮਿਲ ਕੇ ਨਹੀਂ ਸਾਂ ਰਹਿੰਦਾ ਆਪਣੇ ਆਪ ਵਿਚ ਮਸਤ ਰਹਿੰਦਾ ਸਾਂ। ਏਥੋਂ ਤੱਕ ਕਿ ਬਾਅਦ ਦੇ ਦਿਨਾਂ ਵਿਚ.....।"

ਲਿਖਦੇ-ਲਿਖਦੇ ਸ਼ਰਬਰੀ ਨੇ ਕਿਹਾ, "ਜ਼ਰਾ ਰੁਕੋ। ਤੁਹਾਡੇ ਬਚਪਨ ਦੀ ਗੱਲ ਮੈਂ ਬਾਅਦ ਵਿਚ ਕਰਾਂਗੀ। ਪਰ ਜਦ ਤੁਸੀਂ ਸ਼ੁਰੂ ਕੀਤਾ ਹੀ ਹੈ, ਤਾਂ ਆਪਣੇ ਕਾਲਜ ਦੇ ਦਿਨਾਂ ਦੀਆਂ ਹੋਰ ਗੱਲਾਂ ਸੁਣਾਓ। ਉਸ ਵੇਲੇ ਜ਼ਰੂਰ ਤੁਹਾਡੇ ਕਈ ਜਿਗਰੀ ਦੋਸਤ ਹੋਣਗੇ।"

ਚੰਦਰਹਾਸ ਨੇ ਇਹ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਉਸ ਦੇ ਜਿਗਰੀ ਦੋਸਤ ਕਿਹੜੇ ਕਿਹੜੇ ਸਨ। ਉਸ ਨੂੰ ਆਪਣੇ ਦਿਨਾਂ ਦੀਆਂ ਗੱਲਾਂ ਚੇਤੇ ਕਰਨ ਦਾ ਮੌਕਾ ਪਤਾ ਨਹੀਂ ਕਦੇ ਮਿਲਿਆ ਸੀ? ਖ਼ਬਰੇ ਉਸ ਨੇ ਕਦੀ ਕੋਸ਼ਿਸ਼ ਵੀ ਕੀਤੀ ਸੀ ਕਿ ਨਹੀਂ? ਇਸ ਵੇਲੇ ਉਹ ਆਪਣੀਆਂ ਅੱਖਾਂ ਬੰਦ ਕਰ ਕੇ ਆਪਣੀ ਜਵਾਨੀ ਵੱਲ ਪਰਤਣ ਦੀ ਕੋਸ਼ਿਸ਼ ਕਰਨ ਲੱਗਾ। ਉਸ ਦੀਆਂ ਅੱਖਾਂ ਸਾਹਮਣੇ ਉਸ ਦੇ ਹੋਸਟਲ ਦੇ ਰੂਮ-ਮੇਟ ਅਤੇ ਚਾਰ ਸਾਲਾਂ ਤੱਕ ਉਸ ਨਾਲ ਇੱਕੋ ਬੈਂਚ ਉੱਤੇ ਬੈਠਣ ਵਾਲੇ ਦੋ ਦੋਸਤਾਂ ਦੀ ਮੂਰਤ ਉੱਭਰ ਆਈ। ਅੱਖਾਂ ਖੋਲ੍ਹ ਕੇ ਚੰਦਰਹਾਸ ਨੇ ਸ਼ਰਬਰੀ ਨੂੰ ਉਨ੍ਹਾਂ ਬਾਰੇ ਦੱਸਿਆ।

"ਅੱਜਕਲ੍ਹ ਤੁਹਾਡੀ ਉਨ੍ਹਾਂ ਨਾਲ ਕਦੀ ਮੁਲਾਕਾਤ ਹੁੰਦੀ ਹੈ ?"

"ਨਹੀਂ। ਕਾਲਜ ਛੱਡਣ ਤੋਂ ਬਾਅਦ ਇੱਕ ਜਾਂ ਦੋ ਵਾਰ ਹੋਈ ਹੋਵੇਗੀ।"

"ਤੁਸੀਂ ਉਨ੍ਹਾਂ ਨੂੰ ਕਦੀ ਮਿਲਣ ਦੀ ਕੋਸ਼ਿਸ਼ ਕੀਤੀ ਹੈ ? ਜਾਂ ਉਨ੍ਹਾਂ ਦੀ ਖ਼ਬਰ-ਸਾਰ ਲਈ ਹੈ?"

"ਨਹੀਂ ; ਜੀਵਨ ਵਿਚ ਦਾਖ਼ਿਲ ਹੋਣ ਤੋਂ ਬਾਅਦ ਵਕਤ ਹੀ ਨਹੀਂ ਮਿਲਿਆ।"

"ਇਸ ਦਾ ਮਤਲਬ ਹੈ ਕਿ ਤੁਹਾਡੀ ਜ਼ਿੰਦਗੀ ਵਿਚ ਹੋਰ ਕਈ ਨਵੇਂ ਦੋਸਤ ਆ ਗਏ ਹਨ ਜਿਨ੍ਹਾਂ ਨੂੰ ਤੁਸੀਂ ਜ਼ਿਆਦਾ ਮਹੱਤਵਪੂਰਨ ਸਮਝਦੇ ਹੋ ?"

"ਨਹੀਂ ; ਇਹ ਗੱਲ ਨਹੀਂ ਹੈ" ਕਹਿੰਦਿਆਂ ਚੰਦਰਹਾਸ ਸੋਚਣ ਲੱਗਾ ਕਿ ਕਦ, ਕਿੱਥੇ ਤੇ ਕਿਹੜੇ ਹਾਲਾਤਾਂ ਵਿਚ ਉਸ ਦੇ ਪੁਰਾਣੇ ਦੋਸਤ ਪਿੱਛੇ ਛੁੱਟਦੇ ਗਏ। ਕਿੱਥੇ ਗਿਆ ਉਸ ਦਾ ਰੂਮ-ਮੇਟ ? ਉਸ ਨੇ ਸੁਣਿਆ ਸੀ ਕਿ ਕਿਸੇ ਕੰਪਨੀ ਵਿਚ ਉਹ ਕਿਸੇ ਛੋਟੇ ਪਦ ਉੱਤੇ ਲੱਗਾ ਹੋਇਆ ਹੈ। ਉਸ ਤੋਂ ਬਾਅਦ ਉਸ ਨੇ ਉਸ ਦੀ ਖ਼ਬਰ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। ਕੀ ਉਸ ਦੇ ਦੋਸਤਾਂ ਨੇ ਕਦੇ ਕੋਸ਼ਿਸ਼ ਕੀਤੀ ਹੋਵੇਗੀ, ਉਸ ਦੀ ਖ਼ਬਰ ਲੈਣ ਦੀ? ਉਸ ਨੇ ਕਿਹਾ, "ਦੋਸਤੀ ਇੱਕ ਸਾਂਝਾ ਰਿਸ਼ਤਾ ਹੈ ਦੋਸਤੀ ਤੋੜਨ ਵਿਚ ਦੋਵੇਂ ਪਾਸੇ ਜ਼ਿੰਮੇਵਾਰ ਹੁੰਦੇ ਹਨ।"

"ਮੈਂ ਸਿਰਫ਼ ਤੁਹਾਡੇ ਬਾਰੇ ਜਾਣਨਾ ਚਾਹੁੰਦੀ ਹਾਂ। ਤੁਸੀਂ ਆਪਣੇ ਪੁਰਾਣੇ ਸੰਬੰਧਾਂ ਨੂੰ ਕਿਵੇਂ ਤੋੜ ਦਿੱਤਾ।"

"ਸੰਬੰਧ ਕੋਈ ਤੋੜਦਾ ਨਹੀਂ ਉਹ ਖ਼ੁਦ-ਬ-ਖ਼ੁਦ ਟੁੱਟ ਜਾਂਦੇ ਨੇ।"

ਨੋਟ ਬੁੱਕ ਵਿਚ ਲਿਖਦਿਆਂ ਸ਼ਰਬਰੀ ਮੁਸਕੁਰਾਈ। ਚੰਦਰਹਾਸ ਦੀ ਗੱਲ ਦੁਹਰਾਉਂਦਿਆਂ ਬੋਲੀ, “ਸੰਬੰਧ ਕੋਈ ਤੋੜਦਾ ਨਹੀਂ ਉਹ ਖ਼ੁਦ-ਬ-ਖ਼ੁਦ ਟੁਟ ਜਾਂਦੇ ਨੇ। ਮੈਂ ਤੁਹਾਡੀ ਇਹ ਗੱਲ ਇੰਟਰਵਿਊ ਵਿਚ ਛਾਪਾਂਗੀ। ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ ?”

ਚੰਦਰਹਾਸ ਪਰੇਸ਼ਾਨੀ ਵਿਚ ਫਸ ਗਿਆ। ਹੁਣ ਤੱਕ ਉਹ ਭੁੱਲ ਚੁੱਕਾ ਸੀ ਕਿ ਇੰਟਰਵਿਊ ਉਸ ਰਾਹੀਂ ਸ਼ੁਰੂ ਕੀਤੀ ਗਈ ਖੇਡ ਦਾ ਸਿਰਫ਼ ਇਕ ਹਿੱਸਾ ਸੀ। ਉਸ ਨੂੰ ਇਵੇਂ ਮਹਿਸੂਸ ਹੋਣ ਲੱਗ ਪਿਆ ਜਿਵੇਂ ਉਹ ਉਸ ਦੀ ਜ਼ਿੰਦਗੀ ਨੂੰ ਵਿਸ਼ਲੇਸ਼ਿਤ ਕਰਨ ਵਾਲੀ ਇਕ ਸੁਨਹਿਰੀ ਕਿਰਨ ਦੀ ਠੀਕ ਹੋਵੇ, ਜੋ ਉਸ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਉਸ ਦੇ ਅਸਲੀ ਚਿਹਰੇ ਨੂੰ ਦੁਨੀਆਂ ਅੱਗੇ ਰੱਖ ਦੇਵੇਗੀ। ਉਸ ਦੀ ਚੰਗੀ ਕਿਸਮਤ ਸੀ ਕਿ ਸ਼ੋਭਨ ਆਪਣੀ ਕੁਰਸੀ ਤੋਂ ਉੱਠ ਕੇ ਉਨ੍ਹਾਂ ਕੋਲ ਆ ਕੇ ਬੋਲਿਆ, “ਮੈਂ ਤੁਹਾਡੇ ਇੰਟਰਵਿਊ ਵਿਚ ਵਿਘਨ ਨਹੀਂ ਪਾਉਣਾ ਚਾਹੁੰਦਾ। ਪਰ ਜਦੋਂ ਵੇਖਿਆ ਕਿ ਤੂੰ ਇਸ ਸ਼ਰੀਫ਼ ਔਰਤ ਨੂੰ ਹਾਲੇ ਤਕ ਪੀਣ ਲਈ ਕੁੱਝ ਨਹੀਂ ਦਿੱਤਾ ਤਾਂ ਆ ਗਿਆ।"

ਚੈਨ ਦਾ ਸਾਹ ਲੈਂਦਿਆਂ ਚੰਦਰਹਾਸ ਨੇ ਕਿਹਾ, “ਮੈਂ ਬੀਅਰ ਪੀਵਾਂਗਾਂ।" ਸ਼ੋਭਨ ਨੇ ਕਿਹਾ, “ਮੈਨੂੰ ਪਤਾ ਹੈ। ਮੈਂ ਤੇਰੀ ਬੀਅਰ ਦਾ ਆਰਡਰ ਦੇ ਦਿੱਤਾ ਹੈ। ਮੈਂ ਇਹ ਪੁੱਛਣ ਆਇਆ ਹਾਂ ਕਿ ਮਿਸ ਯਾਦਵ ਕੀ ਪੀਵੇਗੀ?

ਕਾਫ਼ੀ ਕੋਸ਼ਿਸ਼ ਕਰਨ ਉੱਤੇ ਵੀ ਚੰਦਰਹਾਸ ਕਦੀ ਸ਼ਰਬਰੀ ਨੂੰ ਕੋਈ ਪੀਣ ਵਾਲੀ ਚੀਜ਼ ਪਿਲਾਉਣ ਵਿਚ ਸਫਲ ਨਹੀਂ ਸੀ ਹੋਇਆ। ਸ਼ਰਬਰੀ ਹਮੇਸ਼ਾ ਕਿਹਾ ਕਰਦੀ ਸੀ, “ਮੈਨੂੰ ਇਹ ਸਭ ਚੰਗਾ ਨਹੀਂ ਲੱਗਦਾ। "ਪਰ ਅੱਜ ਸ਼ੋਭਨ ਦੇ ਪ੍ਰਸ਼ਨ ਦੇ ਜਵਾਬ ਵਿਚ ਚੰਦਰਹਾਸ ਵੱਲ ਸਿੱਧਾ ਵੇਖ ਕੇ ਸ਼ਰਬਰੀ ਨੇ ਕਿਹਾ, “ਮੈਂ ਬਲੱਡੀ ਮੇਰੀ ਲਵਾਂਗੀ।" ਚੰਦਰਹਾਸ ਨੇ ਸੋਚਿਆ ਕਿਤੇ ਕੋਈ ਗ਼ਲਤੀ ਹੋ ਰਹੀ ਹੈ। ਪਰ ਸ਼ਰਬਰੀ ਦਾ ਵਿਹਾਰ ਸੁਭਾਵਿਕ ਸੀ ਅਤੇ ਉਸ ਦੇ ਹੱਥਾਂ ਵਿਚ ਕਲਮ ਤੇ ਨੋਟ-ਬੁੱਕ ਸਥਿਰ ਸਨ। ਚੰਦਰਹਾਸ ਨੇ ਸ਼ਰਬਰੀ ਦੀਆਂ ਅੱਖਾਂ ਵਿਚ ਝਾਕਿਆ ਪਰ ਉਨ੍ਹਾਂ ਵਿੱਚ ਵੀ ਕੋਈ ਵਿਆਖਿਆ ਨਹੀਂ ਸੀ।

ਉਨ੍ਹਾਂ ਦਾ ਪੀਣ ਵਾਲਾ ਸਾਮਾਨ ਆ ਜਾਣ ਉੱਤੇ ਸ਼ੋਬਨ ਨੇ ਕਿਹਾ, “ਤਾਂ ਫੇਰ ਮੈਂ ਚੱਲਦਾ ਹਾਂ। ਪਤਾ ਨਹੀਂ ਮੇਰਾ ਮਿੱਤਰ ਕਿੰਨੇ ਵਜੇ ਆਏਗਾ?” ਹਾਲਾਂਕਿ ਸ਼ੁਰੂ ਵਿਚ ਚੰਦਰਹਾਸ ਆਪਣੇ ਨੇੜੇ ਸ਼ੋਭਨ ਦੀ ਮੌਜੂਦਗੀ ਨਹੀਂ ਸੀ ਚਾਹੁੰਦਾ, ਪਰ ਇਸ ਵੇਲੇ ਉਹ

ਚਾਹੁੰਦਾ ਸੀ ਕਿ ਸ਼ੋਭਨ ਉਸ ਕੋਲ ਹੀ ਬੈਠਾ ਰਵੇ ਤਾਂ ਕਿ ਉਸ ਨੂੰ ਇਸ ਅਜੀਬ ਹਾਲਤ ਤੋਂ ਛੁਟਕਾਰਾ ਮਿਲ ਜਾਵੇ। ਪਰ ਸ਼ੋਭਨ ਉੱਠ ਕੇ ਖੜਾ ਹੋ ਗਿਆ ਅਤੇ ਆਪਣੇ ਟੇਬਲ ਵੱਲ ਜਾਂਦਿਆਂ ਬੋਲਿਆ, “ਮਿਸ ਯਾਦਵ, ਤੁਸੀਂ ਆਪਣਾ ਇੰਟਰਵਿਊ ਜਾਰੀ ਰੱਖੋ। ਹੁਣ ਮੈਂ ਤੁਹਾਨੂੰ ਡਿਸਟਰਬ ਨਹੀਂ ਕਰਾਂਗਾ।”

ਚੰਦਰਹਾਸ ਨੇ ਸੋਚਿਆ ਸੀ ਕਿ ਸ਼ੋਭਨ ਦੇ ਚਲੇ ਜਾਣ ਦੇ ਬਾਅਦ ਸਭ ਕੁੱਝ ਸਹਿਜ ਹੋ ਜਾਏਗਾ। ਪਰ ਸ਼ਰਬਰੀ ਨੇ ਬਗ਼ੈਰ ਕਿਸੇ ਝਿਜਕ ਦੇ ਆਪਣੇ ਗਿਲਾਸ ਵਿੱਚੋਂ ਦੋ ਘੁੱਟ ਪੀਣ ਤੋਂ ਬਾਅਦ ਗਿਲਾਸ ਰੱਖ ਦਿੱਤਾ ਅਤੇ ਫੇਰ ਪੈੱਨ ਸੰਭਾਲ ਲਿਆ। ਉਸ ਨੇ ਚੰਦਰਹਾਸ ਨੂੰ ਕਿਹਾ, "ਹੁਣ ਤੁਸੀਂ ਆਪਣੇ ਬਚਪਨ ਬਾਰੇ ਕੁੱਝ ਦੱਸੋ।”

ਸ਼ਰਬਰੀ ਦੀਆਂ ਖਿਮਾਹੀਨ ਅੱਖਾਂ ਵੱਲ ਵੇਖ ਕੇ ਚੰਦਰਹਾਸ ਨੇ ਕਿਹਾ, "ਸਹੀ ਕਿਹਾ ਜਾਏ ਤਾਂ ਮਾਂ-ਬਾਪ ਅਤੇ ਪਰਿਵਾਰ ਦੇ ਜੀਆਂ ਨਾਲ ਮੇਰਾ ਕਦੇ ਕੋਈ ਸੰਪਰਕ ਨਹੀਂ ਰਿਹਾ। ਜਿਵੇਂ ਮੈਂ ਹਮੇਸ਼ਾ ਇਕੱਲਾ ਹੀ ਹੁੰਦਾ ਸਾਂ।"

"ਕੀ ਤੁਹਾਨੂੰ ਅਜਿਹਾ ਨਹੀਂ ਲੱਗਦਾ ਕਿ ਸੰਪਰਕ ਬਣਾਉਣ ਲਈ ਆਦਮੀ ਨੂੰ ਕੁੱਝ ਮਿਹਨਤ ਤੇ ਕੋਸ਼ਿਸ਼ ਕਰਨੀ ਪੈਂਦੀ ਹੈ। ਏਥੋਂ ਤੱਕ ਕਿ ਤਿਆਗ ਵੀ ਕਰਨਾ ਪੈਂਦਾ ਹੈ ?"

"ਸੰਪਰਕ ਮੈਨੂੰ ਹਮੇਸ਼ਾ ਬੋਝ ਜਿਹਾ ਲੱਗਾ ਹੈ ? ਜਿਸ ਨੂੰ ਸਵੀਕਾਰਨ ਲਈ ਮੈਂ ਹਰ ਪਲ ਘੁੱਗੂ ਬਣਦਾ ਰਿਹਾਂ।"

ਨੋਟ ਕਰਦਿਆਂ ਸ਼ਰਬਰੀ ਨੇ ਕਿਹਾ, “ਹੁਣ ਤੁਸੀਂ ਆਪਣੇ ਕਾਰੋਬਾਰੀ ਜੀਵਨ ਬਾਰੇ ਕੁਝ ਦੱਸੋ।”

ਕਾਰੋਬਾਰੀ ਜੀਵਨ ਬਾਰੇ ਸੋਚਣ ਉੱਤੇ ਚੰਦਰਹਾਸ ਨੂੰ ਕਿਸੇ ਨਿਸਚਿਤ ਸਮੇਂ ਦੀ ਯਾਦ ਨਹੀਂ ਸੀ ਆ ਰਹੀ। ਕਿੱਥੋਂ ਸ਼ੁਰੂ ਹੋਇਆ ਅਜਿਹਾ ਜੀਵਨ, ਕਿਸ ਪਾਸੇ ਵੱਲ ਇਸ ਦੀ ਗਤੀ ਹੈ ਅਤੇ ਕਿੱਥੇ ਅੰਤ ਹੋਵੇਗਾ? ਉਸ ਦੇ ਹਮਸਫ਼ਰ ਕੌਣ ਹਨ ? ਕਿਸ ਨੂੰ ਯਾਦ ਕਰੇ ਉਹ ਏਸ ਵੇਲੇ? ਇਸ ਵੇਲੇ ਉਸ ਦਾ ਜੀਵਨ ਮਹਿਜ਼ ਇਕ ਵਗਦੀ ਧਾਰਾ ਵਾਂਗ ਸੀ, ਜਿਸ ਦੇ ਕੰਢੇ ਉਤੇ ਬੈਠ ਕੇ ਸ਼ਰਬਰੀ ਉਸ ਨੂੰ ਵਗਦੀ ਧਾਰਾ ਵਿਚ ਬੇਸਹਾਰਾ ਅਤੇ ਬੇਕਦਰਾ ਰੁੜ੍ਹਦਿਆਂ ਵੇਖ ਰਹੀ ਹੈ?

ਚੰਦਰਹਾਸ ਨੂੰ ਚੁੱਪ ਵੇਖ ਕੇ ਸ਼ਰਬਰੀ ਨੇ ਕਿਹਾ, “ਮੈਂ ਤੁਹਾਨੂੰ ਕਹਿ ਰਹੀ ਸੀ ਕਿ ਜਿਹੜੇ ਲੋਕ ਤੁਹਾਡੇ ਕਾਰੋਬਾਰੀ ਜੀਵਨ ਦੇ ਸੰਪਰਕ ਵਿਚ ਆਏ, ਉਨ੍ਹਾਂ ਬਾਰੇ ਕੁੱਝ ਦੱਸੋ।”

ਚੰਦਰਹਾਸ ਨੇ ਸੋਚਿਆ ਹੁਣ ਖੇਡ ਉਸ ਦੇ ਕੰਟਰੋਲ ਤੋਂ ਬਾਹਰ ਹੋ ਰਹੀ ਹੈ। ਉਸ ਦੇ ਸਾਹਮਣੇ ਬੈਠ ਕੇ ਸ਼ਰਬਰੀ ਉਦਾਸੀਨ ਅਭਿਨੈ ਦਾ ਜੋ ਨਵਾਂ ਸੰਸਾਰ ਰਚਾ ਰਹੀ ਹੈ, ਉਹ ਉਸ ਵਿੱਚ ਬੱਝ ਗਿਆ ਹੈ ਅਤੇ ਉਹ ਉਸ ਵਿੱਚੋਂ ਮੁਕਤੀ ਨਹੀਂ ਲੱਭ ਸਕੇਗਾ। ਇਸ ਇੰਦਰਜਾਲ ਨੂੰ ਤੋੜਨ ਲਈ ਉਸ ਨੇ ਸ਼ਰਬਰੀ ਤੋਂ ਨਿਗਾਹ ਹਟਾ ਕੇ ਆਪਣੇ ਚਾਰੇ ਪਾਸੇ ਵੇਖਿਆ। ਦੁਪਹਿਰ ਦਾ ਹੋਟਲ ਹੌਲੀ ਹੌਲੀ ਭਰਦਾ ਜਾ ਰਿਹਾ ਸੀ। ਆਸ-ਪਾਸ ਦੀਆਂ ਮੇਜ਼ਾਂ ਉੱਤੇ ਲੋਕ ਗੱਲਾਂ ਬਾਤਾਂ ਵਿਚ ਰੁੱਝੇ ਹੋਏ ਸਨ ਅਤੇ ਉਨ੍ਹਾਂ ਦੀ ਗੱਲ-ਬਾਤ ਦੀ ਇੱਕ ਰਲਵੀਂ ਮਿੱਠੀ ਜਿਹੀ ਗੂੰਜ ਨੇ ਲਾਊਂਜ ਨੂੰ ਜ਼ਿੰਦਗੀ ਭਰਪੂਰ ਬਣਾ ਦਿੱਤਾ ਸੀ। ਕੁੱਲ ਮਿਲਾ ਕੇ ਇਹ ਸਮਾਂ ਸੀ ਇਕ ਆਮ ਦੁਪਹਿਰ ਦਾ ; ਰਹੱਸਹੀਨ ਆਮ ਜਿਹਾ ਵਾਤਾਵਰਨ।

ਅਜਿਹਾ ਮਹਿਸੂਸ ਕਰ ਕੇ ਚੰਦਰਹਾਸ ਨੇ ਸਾਹਸ ਇਕੱਠਾ ਕੀਤਾ ਤੇ ਹੋਲੀ ਜਿਹੀ ਕਿਹਾ "ਮਿਸ ਯਾਦਵ, ਚਲੋ ਹੁਣ ਏਥੋਂ ਚਲੀਏ। "ਏਨਾ ਕਹਿਣ ਤੋਂ ਬਾਅਦ ਉਹ ਆਪਣੀ ਭੁੱਲ ਸਮਝ ਗਿਆ ਅਤੇ ਜਾਣ ਗਿਆ ਕਿ ਇੰਦਰਜਾਲ ਤੋਂ ਪੂਰੀ ਤਰ੍ਹਾਂ ਨਿਕਲ ਨਹੀਂ ਸਕਿਆ। ਉਸ ਨੇ ਸੋਚਿਆ ਕਿ ਸ਼ਾਇਦ ਸ਼ਰਬਰੀ ਇਸ ਵਿਸ਼ੇ ਵਿੱਚ ਉਸ ਦੀ ਮਦਦ ਕਰੇਗੀ।

ਪਰ ਸ਼ਰਬਰੀ ਨੇ ਉਸ ਦੀ ਗੱਲ ਅਣਸੁਣੀ ਕਰ ਦਿੱਤੀ ਤੇ ਕਿਹਾ, "ਜੇ ਤੁਹਾਨੂੰ ਮੇਰੇ ਪਹਿਲੇ ਸਵਾਲ ਦਾ ਜਵਾਬ ਦੇਣ ਵਿਚ ਕਿਸੀ ਤਰ੍ਹਾਂ ਦਾ ਸੰਕੋਚ ਹੈ, ਤਾਂ ਮੈਂ ਤੁਹਾਨੂੰ ਦੂਜਾ ਸਵਾਲ ਪੁੱਛਦੀ ਹਾਂ। ਕੀ ਕਦੀ ਕਿਸੇ ਵਿਅਕਤੀ-ਵਿਸ਼ੇਸ਼ ਜਾਂ ਘਟਨਾ ਨੇ ਤੁਹਾਡੇ ਜੀਵਨ ਦੇ ਰੁਖ਼ ਨੂੰ ਪੂਰੀ ਤਰ੍ਹਾਂ ਬਦਲਿਆ ਹੈ? ਇਹ ਵਿਅਕਤੀ-ਵਿਸ਼ੇਸ਼ ਕੌਣ ਹੈ, ਅਤੇ ਇਹ ਘਟਨਾ ਕਿਹੜੀ ਸੀ?"

ਚੰਦਰਹਾਸ ਫੇਰ ਚਿੰਤਿਤ ਹੋ ਗਿਆ। ਉਸ ਦਾ ਜੀਵਨ ਆਜ਼ਾਦ ਤੇ ਬੇਰੋਕ ਸੀ। ਉਸ ਦੇ ਸਫਲ, ਸਿੱਧੇ ਜੀਵਨ ਵਿਚ ਕੋਈ ਟੇਢ ਨਹੀਂ ਸੀ। ਜਲ-ਧਾਰਾ ਜਾਂ ਕਿਸੇ ਲਹਿਰ ਦਾ ਉਛਾਲ ਨਹੀਂ ਸੀ। ਕਿਸੇ ਤੂਫ਼ਾਨ ਨੇ ਉਸ ਦੇ ਮਾਹੌਲ ਨੂੰ ਅਸਤ-ਵਿਅਸਤ ਨਹੀਂ ਸੀ ਕੀਤਾ। ਧੂਮਕੇਤੂ, ਵਜੋਂ, ਬਿਜਲੀ ਤੇ ਇੰਦਰਧਨੁਸ਼ ਤੋਂ ਮੁਕਤ ਸੀ ਉਸ ਦੇ ਜੀਵਨ ਦਾ ਆਕਾਸ਼। ਉਸ ਨੇ ਕਿਹਾ, "ਨਹੀਂ ; ਮੇਰੇ ਜੀਵਨ ਵਿਚ ਨਾ ਹੀ ਕੋਈ ਅਜਿਹਾ ਵਿਅਕਤੀ ਵਿਸ਼ੇਸ਼ ਆਇਆ ਅਤੇ ਨਾ ਹੀ ਕੋਈ ਐਸੀ ਘਟਨਾ ਘਟੀ।"

ਇਸ ਵੇਲੇ ਸ਼ੋਭਨ ਉਨ੍ਹਾਂ ਦੀ ਮੇਜ ਕੋਲ ਆਇਆ ਤੇ ਬੋਲਿਆ, “ਲੱਗਦਾ ਹੈ ਹੁਣ ਮੇਰਾ ਮਿੱਤਰ ਨਹੀਂ ਆਏਗਾ। ਇਸ ਲਈ ਵਿਦਾ ਲੈਣ ਆਇਆ। “ਚੰਦਰਹਾਸ ਨੇ ਸੋਚਿਆ ਉਹ ਸ਼ੋਭਨ ਨੂੰ ਵਿਦਾ ਕਰ ਦੇਵੇਗਾ ਅਤੇ ਦੋਨੋਂ ਬੁੱਕ ਕੀਤੇ ਹੋਏ ਕਮਰੇ ਵਿਚ ਚਲੇ ਜਾਣਗੇ। ਪਰ ਸ਼ਰਬਰੀ ਨਾਲ ਅਜਿਹੀ ਅਦਭੁੱਤ ਗੱਲਬਾਤ ਤੋਂ ਬਾਅਦ ਉਹ ਇਕਦਮ ਫੇਰ ਸਹਿਜ ਵਾਲੀ ਹਾਲਤ ਵਿਚ ਵਾਪਿਸ ਪਰਤਣ ਲਈ ਸਮਰੱਥ ਨਹੀਂ ਸੀ। ਉਸ ਨੇ ਸ਼ੋਭਨ ਨੂੰ ਬੈਠਣ ਲਈ ਕਿਹਾ।

ਸ਼ੋਭਨ ਨੇ ਕਿਹਾ, “ਮੈਂ ਫੇਰ ਕੋਈ ਅੜਚਨ ਤਾਂ ਨਹੀਂ ਬਣ ਰਿਹਾਂ ? “ਸ਼ਰਬਰੀ ਨੇ ਕਿਹਾ, “ਨਹੀਂ, ਮੇਰਾ ਇੰਟਰਵਿਊ ਖ਼ਤਮ ਹੋ ਗਿਆ ਹੈ। ਜੇ ਤੁਹਾਨੂੰ ਇਤਰਾਜ ਨਾ ਹੋਵੇ ਤਾਂ ਮੈਂ ਸਿਰਫ਼ ਇਕ ਸਵਾਲ ਹੋਰ ਪੁੱਛ ਕੇ ਵਿਦਾ ਲਵਾਂਗੀ।” ਚੰਦਰਹਾਸ ਵੱਲ ਵੇਖ ਕੇ ਸ਼ਰਬਰੀ ਨੇ ਪੁੱਛਿਆ, “ਕੀ ਤੁਹਾਨੂੰ ਆਪਣੀ ਜ਼ਿੰਦਗੀ ਉੱਤੇ ਕੋਈ ਪਛਤਾਵਾ ਹੈ?”

ਇਸ ਵਾਰੀ ਚੰਦਰਹਾਸ ਕੁੱਝ ਸੰਭਲ ਕੇ ਬੈਠ ਗਿਆ। ਨਹੀਂ ; ਹੁਣ ਉਹ ਹਾਲਤ ਨੂੰ ਆਪਣੇ ਵੱਸ ਵਿਚ ਲਿਆਏਗਾ। ਹਾਲਤ ਨੂੰ ਸਹਿਜ ਕਰਨ ਲਈ ਉਹ ਕੁੱਝ ਮੁਸਕਰਾ ਕੇ ਬੋਲਿਆ, “ਮਿਸ ਯਾਦਵ, ਜੇ ਮੈਂ ਤੁਹਾਡੇ ਇਸ ਸਵਾਲ ਦਾ ਜਵਾਬ ਨਾ ਦਿਆਂ ਤਾਂ ਤੁਸੀਂ ਕੀ ਸੋਚੋਗੇ ? “ਸ਼ਰਬਰੀ ਉਸ ਦੀ ਚੰਚਲਤਾ ਵਿਚ ਸ਼ਾਮਿਲ ਨਹੀਂ ਹੋਈ। ਉਹ ਬੋਲੀ, ਮੌਨ ਵੀ ਇਕ ਤਰ੍ਹਾਂ ਦਾ ਜਵਾਬ ਹੁੰਦਾ ਹੈ।”

ਹੁਣ ਸ਼ਰਬਰੀ ਨੇ ਆਪਣੀ ਨੋਟ-ਬੁੱਕ ਬੰਦ ਕਰ ਕੇ ਪਰਸ ਵਿਚ ਰੱਖ ਲਈ ਤੇ ਗਿਲਾਸ ਨੂੰ ਖ਼ਾਲੀ ਕਰਦਿਆਂ ਬੋਲੀ, “ਤੁਹਾਡਾ ਬਹੁਤ ਧੰਨਵਾਦ !" ਜਾਂਦਿਆਂ ਜਾਂਦਿਆਂ ਜਦੋਂ ਉਸ ਨੇ ਦੁਹਾਂ ਨੂੰ ਨਮਸਤੇ ਕੀਤਾ ਤਾਂ ਚੰਦਰਹਾਸ ਨੂੰ ਹੋਸ਼ ਆਇਆ। ਉਸ ਨੇ ਕਿਹਾ ਕਿ ਮੈਂ ਤੁਹਾਨੂੰ ਛੱਡ ਆਵਾਂ?"

“ਨਹੀਂ ; ਮਿਹਰਬਾਨੀ ਕਹਿ ਕੇ ਸ਼ਰਬਰੀ ਤੇਜ਼ੀ ਨਾਲ ਦਰਵਾਜ਼ੇ ਵੱਲ ਚਲੀ ਗਈ ਅਤੇ ਚੰਦਰਹਾਸ ਨੂੰ ਹੋਰ ਕੁੱਝ ਵੀ ਕਹਿਣ ਦਾ ਮੌਕਾ ਦਿੱਤੇ ਬਿਨਾਂ ਬਾਹਰ ਨਿਕਲ ਗਈ।

*****

# ਆਪਾਤਕਾਲ

ਵਿਸ਼ਵਨਾਥ ਬੜੀ ਘਬਰਾਹਟ ਵਿਚ ਸ਼ਾਸਤਰੀ ਦੇ ਕਮਰੇ ਵਿਚ ਵੜਿਆ ਤੇ ਬੋਲਿਆ " ਤੁਹਾਨੂੰ ਪਤੈ ਕਿ ਨਹੀਂ ? ਅੱਜ ਤੋਂ ਆਪਾਤਕਾਲ ਦਾ ਐਲਾਨ ਹੋ ਗਿਐ?" ਦਫ਼ਤਰ ਵਿਚ ਦੁਪਹਿਰ ਦੇ ਖਾਣੇ ਦੀ ਛੁੱਟੀ ਦੇ ਵੇਲੇ ਪ੍ਰਸਾਦ ਅਤੇ ਸ਼ਾਸਤਰੀ ਉੱਥੇ ਬੈਠੇ ਆਰਾਮ ਕਰ ਰਹੇ ਸਨ। ਵਿਸ਼ਵਨਾਥ ਨੂੰ ਬੈਠਣ ਲਈ ਕਹਿ ਕੇ ਸ਼ਾਸਤਰੀ ਨੇ ਕਿਹਾ, "ਤੇਰੇ ਆਉਣ ਤੋਂ ਪਹਿਲਾਂ ਅਸੀਂ ਇਕ ਆਪਾਤ ਸਥਿਤੀ ਬਾਰੇ ਗੱਲ ਕਰ ਰਹੇ ਸਾਂ। ਉਹ ਸਥਿਤੀ ਹੈ ਕਿ ਸਾਡੇ ਕਲੱਬ ਵਿਚ ਇਕ ਮਹੀਨੇ ਤੋਂ ਕੋਈ ਕਿਤਾਬ ਨਹੀਂ ਆਈ।" ਵਿਸ਼ਵਨਾਥ ਸ਼ਾਸਤਰੀ ਦੀ ਇਸ ਚਪਲਤਾ ਵਿਚ ਸ਼ਾਮਿਲ ਨਹੀਂ ਹੋਇਆ। ਚਿਹਰੇ ਤੋਂ ਪਸੀਨਾ ਪੂੰਝਦਿਆਂ ਬੋਲਿਆ, "ਰਾਤ ਤੋਂ ਹੁਣ ਤੱਕ ਕਾਫੀ ਲੋਕ ਜੇਲ੍ਹ ਜਾ ਚੁੱਕੇ ਨੇ। ਅਜੇ ਫੜ-ਫੜਾਈ ਚੱਲ ਰਹੀ ਐ।"

ਸਾਰੇ ਜਾਣਦੇ ਸਨ ਕਿ ਵਿਸ਼ਵਨਾਥ ਗੰਭੀਰ ਤੇ ਉਦਾਰ ਸੁਭਾਅ ਦਾ ਬੰਦਾ ਹੈ ਤੇ ਜ਼ਰਾ ਜ਼ਰਾ ਜਿੰਨੀ ਗੱਲ ਤੇ ਉਤੇਜਿਤ ਹੋ ਜਾਂਦਾ ਹੈ। ਉਸ ਨੂੰ ਤਸੱਲੀ ਦੇਂਦਿਆਂ ਪ੍ਰਸਾਦ ਨੇ ਕਿਹਾ, "ਆਪਾਤਕਾਲ ਹੋਵੇ ਜਾਂ ਨਾ, ਲੋਕ ਜੇਲ੍ਹ ਜਾਣ ਜਾਂ ਨਾ, ਇਸ ਨਾਲ ਸਾਨੂੰ ਕੀ? ਸਾਡਾ ਤੇ ਬਸ ਕਲੱਬ ਚਲਦਾ ਰਵੇ।" ਲੱਗਾ ਕਿ ਵਿਸ਼ਵਨਾਥ ਇਸ ਗੱਲ ਨਾਲ ਸੰਤੁਸ਼ਟ ਨਹੀਂ ਹੋਇਆ। ਪਰ ਉਸ ਨੇ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ ਤੇ ਚੁੱਪ ਹੀ ਰਿਹਾ ਸ਼ਾਸਤਰੀ ਜਾ ਕੇ ਕੌਫੀ ਬਣਾਉਣ ਲੱਗ ਪਿਆ।

ਜਿਸ ਨੂੰ ਪ੍ਰਸਾਦ ਕਲੱਬ ਕਹਿ ਰਿਹਾ ਸੀ, ਉਸ ਦੇ ਤਿੰਨ ਹੀ ਮੈਂਬਰ ਸਨ। ਕਿਤਾਬ ਦਾ ਮਤਲਬ ਸੀ, ਅਸ਼ਲੀਲ ਕਿਤਾਬਾਂ ਤੇ ਉਹੋ ਜਿਹੇ ਹੀ ਪੱਤਰ-ਪੱਤਰਕਾਵਾਂ ਤੇ ਲਾਇਬ੍ਰੇਰੀ ਸੀ। ਸ਼ਾਸਤਰੀ ਦੇ ਦਫ਼ਤਰ ਦੀ ਅਲਮਾਰੀ ਦਾ ਉੱਪਰਲਾ ਖ਼ਾਨਾ। ਆਸ-ਪਾਸ ਦੇ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਇਨ੍ਹਾਂ ਦੋਸਤਾਂ ਦਾ ਇੱਕੋ ਸ਼ੌਕ ਸੀ ਅਜਿਹੀਆਂ ਕਿਤਾਬਾਂ ਪੜ੍ਹਨੀਆਂ ਜਾਂ ਉਨ੍ਹਾਂ ਉੱਤੇ ਵਿਚਾਰ-ਵਟਾਂਦਰਾ ਕਰਨਾ। ਦੁਪਹਿਰ ਦੀ ਛੁੱਟੀ ਵਿਚ ਇਕੱਠੇ ਹੋ ਕੇ ਉਹ ਲੋਕ ਕਿਤਾਬਾਂ ਦੀ ਅਦਲਾ-ਬਦਲੀ ਕਰਦੇ ਸਨ ਕਿਸ ਨੇ ਕੀ ਪੜ੍ਹਿਆ ਤੇ ਕੀ ਗਿਆਨ ਹਾਸਿਲ ਕੀਤਾ।

ਕੌਫੀ ਪੀਂਦਿਆਂ ਪ੍ਰਸਾਦ ਨੇ ਕਿਹਾ, “ਮੈਨੂੰ ਇੱਕ ਨਵੀਂ ਜ਼ਬਤ ਹੋਈ ਪੱਤਰਿਕਾ ਦਾ ਪਤਾ ਲੱਗੈ। ਉਸ ਦੇ ਕੁੱਝ ਪੁਰਾਣੇ ਅੰਕ ਮਿਲੇ ਤਾਂ ਲਾਇਬ੍ਰੇਰੀ ਲਈ ਲੈ ਆਵਾਂਗਾ। “ਸ਼ਾਸਤਰੀ ਬੋਲਿਆ, “ਜੇ ਕੋਈ ਨਵੀਂ ਕਿਤਾਬ ਨਾ ਮਿਲੀ ਤਾਂ ਕਲੱਬ ਬੰਦ ਕਰਨਾ ਪਵੇਗਾ।”

ਕੌਫੀ ਪੀਣ ਤੋਂ ਬਾਅਦ ਹੁਣ ਵਿਸ਼ਵਨਾਥ ਸਥਿਰ ਹੋ ਚੁੱਕਾ ਸੀ। ਉਨ੍ਹਾਂ ਦੀ ਗੱਲਬਾਤ ਵਿਚ ਸ਼ਾਮਿਲ ਹੁੰਦਾ ਬੋਲਿਆ, "ਕਿਹੜੀਆਂ-ਕਿਹੜੀਆਂ ਕਿਤਾਬਾਂ ਸਾਡੀ ਲਾਇਬ੍ਰੇਰੀ ਵਿਚ ਆਉਣੀਆਂ ਚਾਹੀਦੀਆਂ ਨੇ, ਮੈਨੂੰ ਉਨ੍ਹਾਂ ਦਾ ਪਤਾ ਲਾਉਣ ਦਾ ਇਕ ਸੌਖਾ ਤਰੀਕਾ ਲੱਭੈ। ਹਰ ਸਾਲ ਆਯਾਤ ਨਿਯਮਾਂਵਲੀ ਦੀ ਜਿਹੜੀ ਲਾਲ ਕਿਤਾਬੜੀ ਛਪਦੀ ਐ, ਉਸ ਵਿਚ ਜ਼ਬਤ ਹੋਈਆਂ ਰਚਨਾਵਾਂ ਦੀ ਇਕ ਸੂਚੀ ਹੁੰਦੀ ਹੈ। ਉਸ ਤੋਂ ਪਤਾ ਲੱਗ ਜਾਏਗਾ ਕਿ ਉਸ ਨਾਲ ਕਿਹੜੀਆਂ ਕਿਹੜੀਆਂ ਨਵੀਆਂ ਅਸ਼ਲੀਲ ਪੁਸਤਕਾਂ ਤੇ ਪੱਤਰ-ਪੱਤਰਕਾਵਾਂ ਛਪੀਆਂ ਹਨ।”

ਇਸ ਬਾਰੇ ਸਭ ਤੋਂ ਜ਼ਿਆਦਾ ਤਾਤਵਿਕ ਗਿਆਨ ਸੀ ਸ਼ਾਸਤਰੀ ਨੂੰ ਉਸ ਨੇ ਕਿਹਾ, "ਜੇ ਇੰਜ ਵੇਖਿਆ ਜਾਏ ਤਾਂ ਬ੍ਰਿਟਿਸ਼ ਮਿਊਜ਼ੀਅਮ ਦਾ ਇੱਕ ਪ੍ਰਾਈਵੇਟ ਕੇਸ ਕੈਟਾਲਾਗ ਹੈ। ਜਿਸ ਵਿੱਚ ਉਨ੍ਹਾਂ ਦੀ ਨਾਰਥ ਲਾਇਬ੍ਰੇਰੀ ਵਿਚ ਰਿਸਟ੍ਰਿਕਟਿਡ ਕਲੈਕਸ਼ਨ ਦੀ ਸੂਚੀ ਦਿੱਤੀ ਗਈ ਹੈ। ਉਸ ਸੂਚੀ ਵਿਚ ਫ਼ਯਾਨ, ਹਿੱਲ, ਬਰਟਨ ਦਾ ਕਾਮ ਸ਼ਾਸਤਰ ਆਦਿ ਕਿਤਾਬਾਂ ਹਨ। ਇੱਥੋਂ ਤੱਕ ਕਿ ਇਸ ਕਲੈਕਸ਼ਨ ਵਿਚ ਸੰਨ 1882 ਦੇ ਟਾਈਮਜ਼ ਅਖ਼ਬਾਰ ਦੀ ਇੱਕ ਕਾਪੀ ਵੀ ਹੈ, ਜਿਸ ਵਿਚ ਕੰਪੋਜ਼ੀਟਰ ਨੇ ਜਾਣ ਬੁੱਝ ਕੇ ਚਾਰ ਅੱਖਰਾਂ ਦਾ ਇੱਕ ਅਸ਼ਲੀਲ ਸ਼ਬਦ ਛਾਪ ਦਿੱਤਾ ਸੀ।

ਪ੍ਰਸਾਦ ਨੂੰ ਇਨ੍ਹਾਂ ਗੱਲਾਂ ਵਿਚ ਰੁਚੀ ਨਹੀਂ ਸੀ। ਉਸ ਨੇ ਕਿਹਾ, "ਏਨੇ ਸਾਰੇ ਪੋਥੀ ਪੱਤਰਾਂ ਦੀ ਜਾਣਕਾਰੀ ਦਾ ਸਾਨੂੰ ਕੀ ਲਾਭ? ਅਸਲ ਗੱਲ ਇਹ ਹੈ ਕਿ ਸਾਨੂੰ ਕਿਤਾਬਾਂ ਕਿੱਥੋਂ ਮਿਲਣਗੀਆਂ : ਸ੍ਰੀ ਨਿਵਾਸਨ ਪਿਛਲੇ ਹਫ਼ਤੇ ਇੰਗਲੈਂਡ ਤੋਂ ਵਾਪਸ ਆਇਐ, ਪਰ ਇਕ ਵੀ ਕਿਤਾਬ ਨਹੀਂ ਲਿਆਇਆ। ਲਿਆਇਐ ਇਕ ਫ਼ਿਲਮ। ਮੈਂ ਸੋਚਦਾ ਇੱਕ ਦਿਨ ਅਸੀਂ ਉਸ ਦੇ ਘਰ ਚੱਲ ਕੇ ਫ਼ਿਲਮ ਹੀ ਵੇਖ ਆਈਏ।”

ਵਿਸ਼ਵਨਾਥ ਬੋਲਿਆ, “ਸਾਡੇ ਕਲੱਬ ਦਾ ਪਹਿਲਾ ਅਤੇ ਵੱਡਾ ਨਿਯਮ ਹੈ ਸਿਰਫ਼ ਕਿਤਾਬਾਂ ਪੜ੍ਹਨਾ। ਉਸ ਨਾਲ ਫ਼ਿਲਮ ਸ਼ਾਮਿਲ ਕਰ ਲਈਏ ਤਾਂ ਕੱਲ੍ਹ ਨੂੰ ਸਾਨੂੰ ਕੋਈ ਇਹ ਵੀ ਕਹਿ ਸਕਦੈ ਕਿ ਚਲੋ ਤੁਹਾਨੂੰ ਪੁਰਾਣੇ ਬਜ਼ਾਰ ਲੈ ਚੱਲੀਏ।”

ਸ਼ਾਸਤਰੀ ਉਸ ਨਾਲ ਸਹਿਮਤ ਸੀ। ਉਹ ਬੋਲਿਆ, "ਸਿਰਫ਼ ਕਿਤਾਬਾਂ ਤੇ ਪੱਤਰਕਾਵਾਂ।" ਪ੍ਰਸਾਦ ਨੇ ਕਿਹਾ, "ਤੇ ਫ਼ੋਟੋਗ੍ਰਾਫ? ਲਾਇਬ੍ਰੇਰੀ ਵਿਚ ਫੋਟੋ ਦਾ ਇਹ ਪੈਕਟ ਕਿਉਂ ਰੱਖਿਐ ?" ਆਪਣੀ ਗੱਲ ਨੂੰ ਸੋਧਦਾ ਹੋਇਆ ਸ਼ਾਸਤਰੀ ਬੋਲਿਆ, "ਸਿਰਫ਼ ਛਪੀਆਂ ਹੋਈਆਂ ਚੀਜ਼ਾਂ, ਕਿਤਾਬਾਂ ਹੋਣ ਜਾਂ ਫ਼ੋਟੋਗ੍ਰਾਫ਼, ਲਾਇਬ੍ਰੇਰੀ ਵਿਚ ਰਹਿਣਗੀਆਂ।"

ਉਸ ਦਿਨ ਉੱਠਣ ਵੇਲੇ ਇਹ ਤੇ ਹੋਇਆ ਕਿ ਅਗਲੇ ਦਿਨ ਉਹ ਬਜ਼ਾਰ ਵਿੱਚੋਂ ਕੁੱਝ ਨਵੀਆਂ ਕਿਤਾਬਾਂ ਲਿਆ ਕੇ ਆਪਣੀ ਲਾਇਬ੍ਰੇਰੀ ਨੂੰ ਵਧਾਉਣਗੇ। ਵਿਸ਼ਵਨਾਥ ਉਨ੍ਹਾਂ ਨਾਲ ਕਿਤਾਬਾਂ ਖ਼ਰੀਦਣ ਬਜ਼ਾਰ ਜਾਣ ਲਈ ਰਾਜ਼ੀ ਨਾ ਹੋਇਆ। ਸੋ ਫ਼ੈਸਲਾ ਹੋਇਆ ਕਿ ਸ਼ਾਸਤਰੀ ਤੇ ਪ੍ਰਸਾਦ ਅਗਲੇ ਦਿਨ ਖਾਣੇ ਦੀ ਛੁੱਟੀ ਵੇਲੇ ਘੱਟ ਤੋਂ ਘੱਟ ਤਿੰਨ ਨਵੀਆਂ ਕਿਤਾਬਾਂ ਜਾਂ ਪੱਤਰਕਾਵਾਂ ਖ਼ਰੀਦ ਕੇ ਲਿਆਉਣਗੇ।

ਪਹਿਲੇ ਵੀ ਕਈ ਵਾਰ ਇਹ ਲੋਕ ਸੜਕ ਦੇ ਕਿਨਾਰੇ ਵਾਲੀ ਕਿਤਾਬਾਂ ਦੀ ਛੋਟੀ ਦੁਕਾਨ ਤੋਂ ਅਜਿਹੀਆਂ ਕਿਤਾਬਾਂ ਖਰੀਦ ਕੇ ਲਿਆ ਚੁੱਕੇ ਸਨ ਪਰ ਅੱਜ ਬਜ਼ਾਰ ਦਾ ਮਾਹੌਲ ਕੁੱਝ ਅਜੀਸ ਜਿਹਾ ਲੱਗ ਰਿਹਾ ਸੀ। ਭੀੜ ਕੁੱਝ ਘੱਟ ਸੀ ਤੇ ਇਸ ਤਰ੍ਹਾਂ ਦੇ ਭਰੇ ਮਾਹੌਲ ਦਾ ਅਹਿਸਾਸ ਹੋ ਰਿਹਾ ਸੀ। ਉਸ ਦੁਕਾਨ ਵਿਚ ਇਸ ਵੇਲੇ ਕਾਫ਼ੀ ਭੀੜ ਹੁੰਦੀ ਸੀ ਪਰ ਉਸ ਦਿਨ ਸਿਰਫ਼ ਇੱਕ ਦੋ ਬੰਦੇ ਹੀ ਖੜੇ ਸਨ। ਦੁਕਾਨਦਾਰ ਸ਼ਾਸਤਰੀ ਤੇ ਪ੍ਰਸਾਦ ਨੂੰ ਕੁੱਝ ਕੁੱਝ ਪਛਾਣਦਾ ਸੀ। ਪਰ ਅੱਜ ਉਨਾਂ ਵੱਲ ਵੇਖ ਕੇ ਮੁਸਕਰਾਇਆ ਤੱਕ ਨਹੀਂ : ਬਲਕਿ ਜਦ ਸ਼ਾਸਤਰੀ ਨੇ ਦੁਕਾਨਦਾਰ ਨੂੰ ਗੁਪਤ ਇਸ਼ਾਰੇ ਨਾਲ "ਕੋਈ ਕਿਤਾਬ-ਸ਼ਿਤਾਬ ਹੈ ?" ਪੁੱਛਿਆ ਤਾਂ ਦੁਕਾਨਦਾਰ ਨੇ ਹੋਠਾਂ ਤੇ ਉਂਗਲੀ ਰੱਖ ਕੇ ਉਸ ਨੂੰ ਚੁੱਪ ਰਹਿਣ ਨੂੰ ਕਿਹਾ ਤੇ ਦੂਜੇ ਗਾਹਕਾਂ ਵੱਲ ਵੇਖ ਕੇ ਕੋਈ ਇਸ਼ਾਰਾ ਕੀਤਾ।

ਹੋਰਨਾਂ ਲੋਕਾਂ ਦੇ ਜਾਣ ਤੋਂ ਬਾਅਦ ਦੁਕਾਨਦਾਰ ਫਸਫਸਾਇਆ, "ਹੁਣ ਮੇਰੇ ਨਾਲ ਉਨਾਂ ਕਿਤਾਬਾਂ ਦੀ ਗੱਲ ਨਾ ਕਰੋ। ਕਿਹੋ ਜਿਹਾ ਸਮਾਂ ਚੱਲ ਰਿਹੈ, ਵੇਖਦੇ ਨਹੀਂ?" ਸ਼ਾਸਤਰੀ ਨੇ ਪੁੱਛਿਆ, "ਕੀ ਹੋਇਐ?" ਹਾਲਾਂਕਿ ਦੁਕਾਨ ਵਿਚ ਹੋਰ ਕੋਈ ਨਹੀਂ ਸੀ, ਦੁਕਾਨਦਾਰ ਨੇ ਏਧਰ-ਓਧਰ ਨਜ਼ਰ ਦੁੜਾਈ। ਉਸ ਵੇਲੇ ਸੜਕ ਤੋਂ ਪੁਲਿਸ ਦੀ ਗੱਡੀ ਲੰਘੀ। ਗੱਡੀ ਵਿਖਾ ਕੇ ਉਸੇ ਤਰ੍ਹਾਂ ਹੌਲੀ ਆਵਾਜ਼ ਵਿਚ ਬੋਲਿਆ, "ਆਪਾਤਕਾਲ।" ਏਸ ਤੋਂ ਬਾਅਦ ਉਸ ਨੇ ਉਨ੍ਹਾਂ ਵੱਲ ਨਹੀਂ ਵੇਖਿਆ। ਦੂਜੇ ਪਾਸੇ ਮੂੰਹ ਫੇਰ ਕੇ ਝਾੜ ਚੁੱਕੀਆਂ ਕਿਤਾਬਾਂ ਫੇਰ ਝਾੜਨ ਲੱਗ ਪਿਆ।

ਇਸ ਤਰ੍ਹਾਂ ਮਨੋਰਥ ਪੂਰਾ ਕੀਤੇ ਬਿਨਾਂ ਸ਼ਾਸਤਰੀ ਤੇ ਪ੍ਰਸਾਦ ਵਾਪਸ ਚੱਲ ਪਏ।

ਦੁਕਾਨਦਾਰ ਨੂੰ ਗਾਲ੍ਹ ਕੱਢ ਕੇ ਸ਼ਾਸਤਰੀ ਨੇ ਕਿਹਾ, "ਇਹ ਦੁਕਾਨਦਾਰ ਮੂਰਖ ਹੈ। ਭਲਾ ਆਪਾਤ ਕਾਲ ਨਾਲ ਅਸ਼ਲੀਲ ਕਿਤਾਬਾਂ ਵੇਚਣ ਦਾ ਕੀ ਸੰਬੰਧ ਹੈ ?" ਸੜਕ ਉੱਤੇ ਜਾ ਰਹੀ ਇਕ ਹੋਰ ਪੁਲਿਸ ਦੀ ਗੱਡੀ ਵੱਲ ਵੇਖ ਕੇ ਪ੍ਰਸਾਦ ਬੋਲਿਆ, "ਆਖ਼ਰ, ਗ਼ੈਰ ਕਾਨੂੰਨੀ ਚੀਜ਼ ਹੈ? ਸਾਡੇ ਘਰ ਦੇ ਨਾਲ ਵਾਲੇ ਬਜ਼ਾਰ ਵਿਚ ਬਦੇਸ਼ੀ ਚੀਜ਼ਾਂ ਵੇਚਣ ਵਾਲੇ ਦੀ ਦੁਕਾਨ ਇਕ ਛੋਟੇ ਜਿਹੇ ਖੋਖੇ ਵਿਚ ਸੀ। ਕੱਲ੍ਹ ਰਾਤ ਉਸ਼ ਦੁਕਾਨਦਾਰ ਨੇ ਸਾਰੀਆਂ ਚੀਜ਼ਾਂ ਸਸਤੀਆਂ ਵੇਚ-ਵਾਚ ਕੇ ਆਪਣੀ ਦੁਕਾਨ ਬੰਦ ਕਰ ਦਿੱਤੀ।

ਸ਼ਾਸਤਰੀ ਚੁੱਪ ਰਿਹਾ। ਉਹ ਕੁੱਝ ਡਰਿਆ ਵੀ, ਕਿਉਂਕਿ ਉਨ੍ਹਾਂ ਦੀਆਂ ਸਾਰੀਆਂ ਕਿਤਾਬਾਂ ਉਸੇ ਦੀ ਅਲਮਾਰੀ ਵਿਚ ਪਈਆਂ ਸਨ। ਇਸ ਡਰ ਨੂੰ ਦਬਾਉਣ ਲਈ ਸ਼ਾਸਤਰੀ ਨੇ ਇਕ ਹੋਰ ਤਾਤਵਿਕ ਵਿਸ਼ਾ ਛੇੜਿਆ, ਕੋਈ ਕਿਤਾਬ, ਚਾਹੇ ਉਹ ਸ਼ਲੀਲ ਹੋਵੇ ਜਾਂ ਅਸ਼ਲੀਲ, ਉਸੇ ਉੱਤੇ ਕਾਨੂੰਨੀ ਪਾਬੰਦੀ ਲਾਉਣੀ ਗ਼ਲਤ ਹੈ। ਇਸ ਨਾਲ ਵਿਅਕਤੀ ਦੀ ਆਜ਼ਾਦੀ ਦਾ ਘਾਤ ਹੁੰਦਾ ਹੈ। ਕੌਣ ਕੀ ਪੜ੍ਹੇਗਾ, ਇਸ ਉੱਤੇ ਵਿਅਕਤੀ ਦਾ ਮੌਲਿਕ ਅਧਿਕਾਰ ਹੋਣਾ ਚਾਹੀਦੈ।

ਪ੍ਰਸਾਦ ਬੋਲਿਆ। "ਇਹ ਕਿਵੇਂ ਹੋ ਸਕਦੈ?" ਉਸ ਦੇ ਹੋਰ ਕੁੱਝ ਕਹਿਣ ਤੋਂ ਪਹਿਲਾਂ ਸ਼ਾਸਤਰੀ ਨੇ ਕਿਹਾ, "ਕਿਉਂ ? 1967 ਵਿਚ ਡੇਨਮਾਰਕ ਨੇ ਅਸ਼ਲੀਲ ਰਚਨਾਵਾਂ ਤੋਂ ਪਾਬੰਦੀ ਹਟਾ ਲਈ ਸੀ ਤੇ ਅਸ਼ਲੀਲ ਚੀਜ਼ਾਂ ਖਰੀਦਣ ਜਾਂ ਨਾ ਖ਼ਰੀਦਣ ਦੀ ਖੁੱਲ ਲੋਕਾਂ ਨੂੰ ਦੇ ਦਿੱਤੀ ਸੀ।"

"ਜੇ ਇੱਥੇ ਇਹ ਹੋਇਆ ਹੁੰਦਾ ਤਾਂ ਸਾਡਾ ਕਲੱਬ ਹੀ ਨਾ ਬਣਿਆ ਹੁੰਦਾ।" ਪ੍ਰਸਾਦ ਨੇ ਰਾਇ ਦਿੱਤੀ।

"ਇਹ ਤਾਂ ਹੈ, "ਸ਼ਾਸਤਰੀ ਸਹਿਮਤ ਹੋਇਆ ਅਤੇ ਆਪਣਾ ਗਿਆਨ ਪ੍ਰਦਰਸ਼ਤ ਕਰਦਾ ਹੋਇਆ ਬੋਲਿਆ, "ਹਾਲਾਂਕਿ ਡੇਨਮਾਰਕ ਵਿਚ ਦੋ ਸਾਲ ਚੀਜ਼ਾਂ ਖੂਬ ਵਿਕੀਆਂ, ਪਰ ਉਸ ਤੋਂ ਬਾਅਦ ਬਜ਼ਾਰ ਮੰਦਾ ਪੈ ਗਿਆ। ਸਿਰਫ ਬਦੇਸਾਂ ਵਿਚ ਭੇਜਣ ਤੋਂ ਇਲਾਵਾ ਕੋਈ ਖ਼ਾਸ ਵਿਕਰੀ ਨਹੀਂ ਹੋਈ ਇਨ੍ਹਾਂ ਚੀਜ਼ਾਂ ਦੀ, ਉੱਥੇ।"

ਜਦੋਂ ਉਹ ਦੋਨੋਂ ਦਫ਼ਤਰ ਵਾਪਸ ਪਹੁੰਚੇ, ਵਿਸ਼ਵਨਾਥ ਸ਼ਾਸਤਰੀ ਦੇ ਕਮਰੇ ਵਿਚ ਬੈਠਾ ਉਨ੍ਹਾਂ ਨੂੰ ਉਡੀਕ ਰਿਹਾ ਸੀ। ਉਨ੍ਹਾਂ ਨੂੰ ਖ਼ਾਲੀ ਹੱਥ ਵੇਖ ਕੇ ਉਹ ਵੀ ਨਿਰਾਸ਼ ਹੋਇਆ ਤੇ ਉਨ੍ਹਾਂ ਤੋਂ ਪੂਰਾ ਹਾਲ ਸੁਣ ਕੇ ਬੋਲਿਆ, "ਹੁਣ ਸਾਨੂੰ ਆਪਣਾ ਕਲੱਬ ਬੰਦ ਕਰਨਾ ਪਵੇਗਾ।"

ਸ਼ਾਸਤਰੀ ਬੋਲਿਆ, "ਹੁਣ ਸਾਨੂੰ ਅਜਿਹੀਆਂ ਕਿਤਾਬਾਂ ਲੱਭਣੀਆਂ ਪੈਣਗੀਆਂ ਜਿਹੜੀਆਂ ਕਾਨੂੰਨਨ ਅਸ਼ਲੀਲ ਦੀ ਸ਼੍ਰੇਣੀ ਵਿਚ ਨਾ ਆਉਂਦੀਆਂ ਹੋਣ। ਪਰ ਜਿਨ੍ਹਾਂ ਵਿਚ ਮਾਲ-ਮਸਾਲਾ ਖੂਬ ਹੋਵੇ। ਅਜਿਹੀਆਂ ਵੀ ਬਹੁਤ ਸਾਰੀਆਂ ਕਿਤਾਬਾਂ ਮਿਲ ਜਾਣਗੀਆਂ ਬਜ਼ਾਰ ਵਿੱਚ।" ਇਉਂ ਕਿਸੇ ਕਿਤਾਬ ਦੀ ਅਦਲਾ-ਬਦਲੀ ਤੋਂ ਬਿਨਾਂ, ਕੌਫ਼ੀ ਤੋਂ ਪਿੱਛੋਂ ਓਦਨ ਦੀ ਬੈਠਕ ਮੁਕਾ ਦਿੱਤੀ ਗਈ।

ਉਸ ਦਿਨ ਰਾਤ ਭਰ ਸ਼ਾਸਤਰੀ ਬੇਚੈਨ ਰਿਹਾ, ਕਿਉਂ ਕਿ ਸਾਰਾ ਦਿਨ ਉਸ ਨੇ ਆਫ਼ਿਸ ਤੇ ਆਫ਼ਿਸ ਦੇ ਬਾਹਰ ਤਰ੍ਹਾਂ ਤਰ੍ਹਾਂ ਦੀਆਂ ਉੱਡਦੀਆਂ ਉੱਡਦੀਆਂ ਖ਼ਬਰਾਂ ਸੁਣੀਆਂ ਸਨ ਪੁਲਿਸ ਦੀਆਂ ਕਾਰਵਾਈਆਂ ਬਾਰੇ ਜਿਵੇਂ, ਬਿਨਾਂ ਕਿਸੇ ਕਾਰਨ ਲੋਕਾਂ ਨੂੰ ਬੰਨ੍ਹ ਕੇ ਲੈ ਜਾਣਾ ਇਨ੍ਹਾਂ ਦੋ ਦਿਨਾਂ ਵਿਚ ਕੋਈ ਖ਼ਾਸ ਗੱਲ ਨਾ ਰਹਿ ਗਈ ਹੋਵੇ। ਦੁਕਾਨ, ਬਜ਼ਾਰ ਬਲਕਿ ਦਫ਼ਤਰਾਂ ਵਿਚ ਵੀ ਲੋਕ ਡਰੇ-ਡਰੇ ਅਤੇ ਸਹਿਮੇ ਹੋਏ ਆ ਜਾ ਰਹੇ ਸਨ। ਏਥੋਂ ਤੱਕ ਕਿ ਉਸ ਦੇ ਜਿਹੜੇ ਦੋਸਤ ਕੁੱਝ ਦਿਨ ਪਹਿਲਾਂ ਤਕ ਉੱਚੀ ਆਵਾਜ਼ ਵਿਚ ਰਾਜਨੀਤੀ ਦੀ ਚਰਚਾ ਕਰਦਿਆਂ ਗਰਵ ਮਹਿਸੂਸ ਕਰਦੇ ਸਨ, ਉਹੀ ਲੋਕ ਹੁਣ ਅਚਾਨਕ ਗੂੰਗੇ ਹੋ ਗਏ ਸਨ। ਸ਼ਾਸਤਰੀ ਨੂੰ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਸੀ ਅਤੇ ਉਹ ਕਿਸੇ ਝਮੇਲੇ ਵਿਚ ਪੈਂਦਾ ਵੀ ਨਹੀਂ ਸੀ। ਉਸ ਦਾ ਕੋਈ ਸਰੋਕਾਰ ਨਹੀਂ ਸੀ ਆਪਾਤਕਾਲ ਦੇ ਐਲਾਨ ਦੇ ਹੋਣ ਜਾਂ ਨਾ ਹੋਣ ਨਾਲ। ਪਰ ਆਪਣੇ ਆਫ਼ਿਸ ਦੀ ਅਲਮਾਰੀ ਵਿਚ ਜ਼ਬਤ ਹੋਈਆਂ ਕਿਤਾਬਾਂ ਦੀ ਗੱਲ ਉਸ ਦੇ ਜਤਨ ਦੇ ਬਾਵਜੂਦ, ਉਸ ਦੇ ਮਨ ਤੋਂ ਦੂਰੀ ਨਹੀਂ ਸੀ ਹੋ ਰਹੀ ਅਤੇ ਰਾਤ ਨੂੰ ਵੀ ਉਹ ਠੀਕ ਤਰ੍ਹਾਂ ਸੌਂ ਨਹੀਂ ਸੀ ਸਕਿਆ। ਉਸ ਨੇ ਤੈ ਕੀਤਾ ਕਿ ਅੱਜ ਆਫ਼ਿਸ ਪਹੁੰਚ ਕੇ ਉਸ ਦਾ ਪਹਿਲਾ ਕੰਮ ਇਸ ਸਮੱਸਿਆ ਦਾ ਕੋਈ ਨਾ ਕੋਈ ਨਿਪਟਾਰਾ ਕਰਨਾ ਹੋਵੇਗਾ।

ਆਫ਼ਿਸ ਪਹੁੰਚ ਕੇ ਸ਼ਾਸਤਰੀ ਨੇ ਪਹਿਲਾਂ ਵਿਸ਼ਵਨਾਥ ਨੂੰ ਟੈਲੀਫ਼ੋਨ ਕੀਤਾ, "ਮੇਰੇ ਕੋਲ ਜੋ ਕਿਤਾਬਾਂ ਨੇ," ਉਸ ਨੇ ਕਹਿਣਾ ਸ਼ੁਰੂ ਕੀਤਾ ਹੀ ਸੀ ਕਿ ਓਧਰੋਂ ਵਿਸ਼ਵਨਾਥ ਨੇ

“ਰੌਂਗ ਨੰਬਰ" ਕਹਿ ਕੇ ਰੀਸੀਵਰ ਥੱਲੇ ਰੱਖ ਦਿੱਤਾ। ਜਦੋਂ ਉਸ ਨੇ ਦੁਬਾਰਾ ਫ਼ੋਨ ਕੀਤਾ, ਵਿਸ਼ਵਨਾਥ ਬੋਲਿਆ. "ਮੈਂ ਜ਼ਰਾ ਰੁਝੇਵੇਂ ਵਿਚ ਹਾਂ : ਪੰਜ ਮਿੰਟ ਬਾਅਦ ਫ਼ੋਨ ਕਰਾਂਗਾ।" ਇਹ ਗੱਲ ਸ਼ਾਸਤਰੀ ਨੂੰ ਕੁੱਝ ਅਜੀਬ ਲੱਗੀ। ਕਿਉਂਕਿ ਵਿਸ਼ਵਨਾਥ ਉਸ ਦਾ ਟੈਲੀਫ਼ੋਨ ਸੁਣ ਕੇ ਬਹੁਤ ਖੁਸ਼ ਹੋਇਆ ਕਰਦਾ ਸੀ ਕਿਤੇ ਸ਼ਾਸਤਰੀ ਕੋਲ ਕੋਈ ਨਵੀਂ ਕਿਤਾਬ ਤਾਂ ਨਹੀਂ ਆਈ।

ਟੈਲੀਫੋਨ ਕੋਲੋਂ ਉੱਠ ਕੇ ਸ਼ਾਸਤਰੀ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ ਅਤੇ ਅਲਮਾਰੀ ਖੋਲ੍ਹੀ ਉੱਪਰਲੇ ਖ਼ਾਨੇ ਦੀ ਇੱਕ ਨੁੱਕਰ ਵਿੱਚ ਉਨ੍ਹਾਂ ਦੀਆਂ ਕਿਤਾਬਾਂ ਪਈਆਂ ਸਨ। ਉਨ੍ਹਾਂ ਵਿੱਚੋਂ ਕੁੱਝ ਕਿਤਾਬਾਂ ਉਸ ਨੇ ਚੁੱਕ ਲਈਆਂ। ਹੋਰ ਕੋਈ ਵੇਲਾ ਹੁੰਦਾ ਤਾਂ ਉਹ ਕਿਤਾਬਾਂ ਖੋਲ੍ਹ ਕੇ ਉਨ੍ਹਾਂ ਵਿੱਚੋਂ ਕੁੱਝ ਪੜ੍ਹਦਾ, ਜਾਂ ਫੇਰ ਘੱਟੋ-ਘੱਟ ਤਸਵੀਰਾਂ ਹੀ ਵੇਖਦਾ। ਪਰ ਅੱਜ ਕਿਤਾਬਾਂ ਹੱਥ ਵਿੱਚ ਚੁੱਕੀ ਉਹ ਭੈਭੀਤ ਸੀ। ਅਲਮਾਰੀ ਦੇ ਹੇਠਲੇ ਖ਼ਾਨੇ ਨੂੰ ਖ਼ਾਲੀ ਕਰ ਕੇ ਉਸ ਦੇ ਇੱਕ ਪਾਸੇ ਉਸ ਨੇ ਸਾਰੀਆਂ ਕਿਤਾਬਾਂ ਟਿਕਾ ਦਿੱਤੀਆਂ ਅਤੇ ਉਨ੍ਹਾਂ ਅੱਗੇ ਉਨ੍ਹਾਂ ਦੇ ਦੂਜੇ ਕਾਗ਼ਜ਼ ਪੱਤਰ ਰੱਖ ਕੇ ਉਨ੍ਹਾਂ ਨੂੰ ਜਿੰਨਾ ਲੁਕਾ ਸਕਦਾ ਸੀ ਲੁਕਾ ਦਿੱਤਾ। ਉਸ ਦੇ ਦਿਮਾਗ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਯੋਜਨਾਵਾਂ ਉੱਭਰੀਆਂ। ਉਹ ਆਫ਼ਿਸ ਤੋਂ ਮੁੜਦਿਆਂ ਰੋਜ਼ ਕੁੱਝ ਕਿਤਾਬਾਂ ਲਿਜਾ ਕੇ ਸੜਕ ਵਾਲੇ ਨਾਲੇ ਵਿਚ ਸੁੱਟ ਦਿਆ ਕਰੇਗਾ। ਜਾਂ ਫੇਰ ਕਿਤਾਬਾਂ ਘਰ ਲਿਜਾ ਕੇ ਉਨ੍ਹਾਂ ਦਾ ਇੱਕ ਇਕ ਵਰਕਾ ਸਾੜ ਦੇਵੇਗਾ। ਇਸ ਦੂਜੀ ਯੋਜਨਾ ਤੋਂ ਉਸ ਨੂੰ ਯਾਦ ਆਇਆ ਕਿ ਕਿਸੇ ਫ਼ਿਲਮ ਵਿਚ ਖ਼ਲਨਾਇਕ ਕੋਈ ਗੁਪਤ ਕਾਗਜ਼ ਸਾੜਦਾ ਹੈ, ਪਰ ਉਨ੍ਹਾਂ ਦਾ ਧੂੰਆਂ ਹੀ ਉਸ ਨੂੰ ਫੜਾ ਦੇਂਦਾ ਹੈ। ਇਸ ਤੋਂ ਡਰ ਕੇ ਉਸ ਨੇ ਇਸ ਪਾਸੇ ਸੋਚਣ ਤੋਂ ਆਪਣੇ ਆਪ ਨੂੰ ਰੋਕਿਆ ਅਤੇ ਕਿਤਾਬਾਂ ਅੱਗੇ ਕੁੱਝ ਹੋਰ ਕਾਗ਼ਜ਼-ਕੁਗਜ਼ ਟਿਕਾ ਕੇ ਅਲਮਾਰੀ ਬੰਦ ਕਰ ਦਿੱਤੀ।

ਹੁਣ ਉਹ ਟੈਲੀਫ਼ੋਨ ਦੀ ਉਡੀਕ ਲੱਗਾ ਕਰਨ, ਪਰ ਕਾਫ਼ੀ ਦੇਰ ਬਾਅਦ ਫ਼ੋਨ ਆਇਆ, ਵਿਸ਼ਵਨਾਥ ਦਾ ਨਹੀਂ ਬਲਕਿ ਪ੍ਰਸਾਦ ਦਾ। ਪ੍ਰਸਾਦ ਬੋਲਿਆ, "ਤੂੰ ਤਾਂ ਏਨਾ ਪੜ੍ਹਦਾ-ਲਿਖਦਾ ਰਹਿੰਦਾ ਹੈ; ਕੀ ਆਪਣੇ ਦੇਸ਼ ਦੇ ਅਸ਼ਲੀਲ-ਵਿਰੋਧੀ ਕਾਨੂੰਨ ਬਾਰੇ ਕੁੱਝ ਜਾਣਦੈਂ ?” ਸ਼ਾਸਤਰੀ ਨੇ ਆਪਣੇ ਮਨ ਵਿਚ ਫ਼ੈਸਲਾ ਕੀਤਾ ਕਿ ਉਸ ਨੂੰ ਇਸ ਵਿਸ਼ੇ ਬਾਰੇ ਜ਼ਰੂਰ ਕੁੱਝ ਪੜ੍ਹਨਾ-ਜਾਣਨਾ ਚਾਹੀਦਾ ਹੈ ; ਪਰ ਆਪਣਾ ਅਗਿਆਨ ਪ੍ਰਗਟ ਨਾ ਕਰਦਿਆਂ ਬੋਲਿਆ, "ਹਾਂ, ਅੱਜ ਦੁਪਹਿਰ ਦੱਸਾਂਗਾ। “ਅੱਜ ਦੁਪਹਿਰੇ ਆਪਾਂ ਮਿਲ ਰਹੇ ਹਾਂ ਜਾਂ ਨਹੀਂ

?" ਪ੍ਰਸਾਦ ਨੇ ਕਿਹਾ, "ਕੋਈ ਕਹਿ ਰਿਹਾ ਸੀ ਕਿ ਹੁਣ ਦੁਪਹਿਰ ਦੇ ਖਾਣੇ ਦੀ ਛੁੱਟੀ ਬੰਦ ਹੋ ਜਾਏਗੀ ਤੇ ਮੇਨ ਗੇਟ ਉੱਤੇ ਤਾਲਾ ਲੱਗ ਜਾਏਗਾ।"

ਉਸ ਨੇ ਅਜਿਹਾ ਕਹਿ ਤਾਂ ਦਿੱਤਾ ਪਰ ਉਹ ਖ਼ੁਦ ਨੂੰ ਸ਼ਾਂਤ ਨਾ ਕਰ ਸਕਿਆ। ਉਸ ਨੇ ਵਿਸ਼ਵਨਾਥ ਨੂੰ ਫ਼ੋਨ ਕੀਤਾ। ਉਸ ਨੂੰ ਕੁਝ ਕਹਿਣ ਦਾ ਮੌਕਾ ਦਿੱਤੇ ਬਿਨਾਂ ਵਿਸ਼ਵਨਾਥ ਨੇ ਕਿਹਾ, "ਟੈਲੀਫ਼ੋਨ ਤੇ ਅਜਿਹੀਆਂ ਗੱਲਾਂ ਕਰਨੀਆਂ ਖ਼ਤਰੇ ਤੋਂ ਖ਼ਾਲੀ ਨਹੀਂ।" ਅੱਜ ਦੁਪਹਿਰੇ ਜਦੋਂ ਮਿਲਾਂਗੇ ਸਾਰੀਆਂ ਗੱਲਾਂ ਦੱਸਾਂਗਾ।

ਵਿਸ਼ਵਨਾਥ ਦੀਆਂ ਗੱਲਾਂ ਤੋਂ ਸ਼ਾਸਤਰੀ ਹੋਰ ਵੀ ਭੈਭੀਤ ਹੋ ਗਿਆ। ਜ਼ਬਤਸ਼ੁਦਾ ਕਿਤਾਬਾਂ ਆਪਣੇ ਕੋਲ ਰੱਖਣੀਆਂ, ਚਾਹੇ ਉਹ ਰਾਜਨੀਤਿਕ ਹੋਣ ਜਾਂ ਅਸ਼ਲੀਲ, ਕਿੰਜ ਦਾ ਅਪਰਾਧ ਹੈ। ਇਸ ਬਾਰੇ ਉਸ ਨੂੰ ਜ਼ਰੂਰ ਜਾਣਕਾਰੀ ਚਾਹੀਦੀ ਹੈ। ਉਹ ਕਿਤੋਂ ਵੀ ਕਿਤਾਬਾਂ ਲੱਭਕੇ ਪੜ੍ਹੇਗਾ।

ਉਸ ਦਿਨ ਦੁਪਹਿਰੇ ਸਾਰਿਆਂ ਦੇ ਇਕੱਠੇ ਹੋਣ ਉਪਰੰਤ ਸ਼ਾਸਤਰੀ ਨੇ ਵਿਸ਼ਵਨਾਥ ਤੋਂ ਪੁੱਛਿਆ, "ਟੈਲੀਫ਼ੋਨ ਉੱਤੇ ਗੱਲ-ਬਾਤ ਕਰਨੀ ਕਦੋਂ ਤੋਂ ਖ਼ਤਰਨਾਕ ਹੋ ਗਈ ਹੈ ?" ਵਿਸ਼ਵਨਾਥ ਬੋਲਿਆ, "ਤੈਨੂੰ ਤਾਂ ਬਾਹਰ ਦੀ ਕੋਈ ਖ਼ਬਰ ਹੀ ਨਹੀਂ। ਇਸ ਵੇਲੇ ਕੋਈ ਵੀ ਟੈਲੀਫ਼ੋਨ ਸੁਰੱਖਿਅਤ ਨਹੀਂ ਹੈ। ਕੌਣ ਜਾਣਦਾ ਹੈ ਕਿਸ ਦਾ ਫ਼ੋਨ ਟੇਪ ਕੀਤਾ ਜਾ ਰਿਹੈ?"

ਸ਼ਾਸਤਰੀ ਬੋਲਿਆ, "ਇਸ ਸ਼ਹਿਰ ਵਿਚ ਹਜ਼ਾਰਾਂ ਟੈਲੀਫ਼ੋਨ ਹਨ। ਕੀ ਸਭ ਦੇ ਫ਼ੋਨਾਂ ਵਿਚ ਤਾਰ ਲਾ ਕੇ ਉਨ੍ਹਾਂ ਦੀ ਗੱਲ-ਬਾਤ ਸੁਣੀ ਜਾ ਸਕਦੀ ਹੈ ? "ਪ੍ਰਸਾਦ ਨੇ ਟੇਬਲ ਤੋਂ ਟੈਲੀਫ਼ੋਨ ਚੁੱਕ ਕੇ ਉਸ ਨੂੰ ਏਧਰ-ਓਧਰ ਘੁਮਾ ਕੇ ਦੇਖਿਆ ਅਤੇ ਜ਼ੋਰ ਦੀ ਹਿਲਾਇਆ। ਟੈਲੀਫ਼ੋਨ ਤੋਂ ਇੱਕ ਛੋਟੀ ਜਿਹੀ ਪੱਟੀ ਥੱਲੇ ਡਿੱਗ ਪਈ। ਉਸ ਨੂੰ ਚੁੱਕ ਕੇ ਸਭ ਨੂੰ ਦਿਖਾਉਂਦਾ ਹੋਇਆ ਪ੍ਰਸਾਦ ਬੋਲਿਆ, "ਇਹ ਵੀ ਤਾਂ ਇੱਕ ਬੱਗ ਹੋ ਸਕਦਾ ਹੈ।"

ਇਹ ਸੁਣ ਕੇ ਸਾਰੇ ਚੁੱਪ ਹੋ ਗਏ। ਵਿਸ਼ਵਨਾਥ ਨੇ ਆਪਣੀ ਕਲਾਈ ਦੀ ਘੜੀ ਖੋਲ੍ਹ ਕੇ ਉਸ ਨੂੰ ਫੇਰ ਚਾਬੀ ਦਿੱਤੀ ਅਤੇ ਪ੍ਰਸਾਦ ਨੇ ਜਾ ਕੇ ਕੌਫ਼ੀ ਬਣਾਉਣ ਵਿਚ ਮਦਦ ਕੀਤੀ। ਕੌਫ਼ੀ ਦਾ ਕੱਪ ਲੈ ਕੇ ਜਦੋਂ ਸਾਰੇ ਬੈਠੇ ਤਾਂ ਪ੍ਰਸਾਦ ਨੇ ਚੁੱਪ ਤੋੜੀ। ਉਸ ਨੇ ਸ਼ਾਸਤਰੀ ਤੋਂ ਪੁੱਛਿਆ, "ਕੀ ਕੋਈ ਨਵੀਂ ਰਿਪੋਟ ਮਿਲੀ ?" ਉਸ ਦੀ ਗੱਲ ਸਾਰੇ ਸਮਝ ਗਏ, ਪਰ ਠਹਾਕਾ ਮਾਰ ਕੇ ਕੋਈ ਨਾ ਹੱਸਿਆ. ਜਿਵੇਂ ਉਨ੍ਹਾਂ ਦੀ ਹਾਸੀ ਉਸ ਛੋਟੀ ਜਿਹੀ ਪੱਟੀ ਰਾਹੀਂ

ਕਿਸੇ ਕੰਟਰੋਲ ਰੂਮ ਵਿਚ ਲਿਪੀਬੱਧ ਹੋ ਕੇ ਉਨ੍ਹਾਂ ਨੂੰ ਪਰੇਸ਼ਾਨੀ ਵਿਚ ਪਾ ਦੇਵੇਗੀ। ਸ਼ਾਸਤਰੀ ਨੇ ਟੇਬਲ ਤੋਂ ਪੱਟੀ ਚੁੱਕ ਕੇ ਪੂਰੀ ਤਾਕਤ ਨਾਲ ਖਿੜਕੀ ਤੋਂ ਬਾਹਰ ਸੁੱਟ ਦਿੱਤੀ। ਉਸ ਨੇ ਕਿਹਾ, "ਨਹੀਂ; ਉਹੀ ਪੁਰਾਣੀਆਂ ਰਿਪੋਟਾਂ ਹੀ ਹਨ।"

ਇਹ ਕਹਿਣ ਤੋਂ ਬਾਅਦ ਉਸ ਨੂੰ ਲਾਇਬ੍ਰੇਰੀ ਦੀ ਯਾਦ ਆਈ। ਉਸ ਨੇ ਕਿਹਾ, “ਮੈਂ ਸਾਰੀਆਂ ਰਿਪੋਟਾਂ ਹੁਣ ਵਾਪਸ ਕਰ ਦਿਆਂਗਾ। “ਪ੍ਰਸਾਦ ਤੇ ਵਿਸ਼ਵਨਾਥ ਨੇ ਉਸ ਵੱਲ ਵੇਖਿਆ ਜਿਵੇਂ ਉਹ ਬਹੁਤ ਅਜੀਬ ਤਰੀਕੇ ਨਾਲ ਗੱਲ ਕਰ ਰਿਹਾ ਹੋਵੇ। ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ ਤੇ ਅਚਾਨਕ ਦੋਵੇਂ ਉੱਠ ਕੇ ਇਉਂ ਬਾਹਰ ਚਲੇ ਗਏ, ਜਿਵੇਂ ਉਨ੍ਹਾਂ ਨੇ ਪਹਿਲਾਂ ਹੀ ਮਿੱਥਿਆ ਹੋਇਆ ਸੀ। ਇਸ ਗੱਲ ਨੇ ਸ਼ਾਸਤਰੀ ਨੂੰ ਦੁਬਿਧਾ ਵਿਚ ਪਾ ਦਿੱਤਾ।

ਉਨ੍ਹਾਂ ਦੇ ਚਲੇ ਜਾਣ ਦੇ ਬਾਅਦ ਸ਼ਾਸਤਰੀ ਵਿਹਲਾ ਬੈਠਾ ਸੋਚਣ ਲੱਗ ਪਿਆ, ਕਿਤਾਬਾਂ ਨੂੰ ਕਿਵੇਂ ਠਿਕਾਣੇ ਲਾਇਆ ਜਾਵੇ? ਸੱਚ ਕਿਹਾ ਜਾਏ ਤਾਂ ਕੁੱਝ ਦਿਨ ਪਹਿਲੇ ਪ੍ਰਸਾਦ ਤੇ ਵਿਸ਼ਵਨਾਥ ਉਸ ਤੋਂ ਸਾਰੀਆਂ ਕਿਤਾਬਾਂ ਮੰਗ ਰਹੇ ਸਨ, ਪਰ ਉਸ ਨੇ ਆਪ ਹੀ ਉਨ੍ਹਾਂ ਨੂੰ ਨਹੀਂ ਸਨ ਦਿੱਤੀਆਂ ਤੇ ਸਾਰੀਆਂ ਕਿਤਾਬਾਂ ਆਪਣੇ ਕੋਲ ਰੱਖਣ ਦੀ ਜ਼ਿੱਦ ਕੀਤੀ ਸੀ। ਉਸ ਦਿਨ ਸ਼ਾਮ ਨੂੰ ਆਫ਼ਿਸ ਤੋਂ ਮੁੜਨ ਵੇਲੇ ਉਹ ਇੱਕ ਕਿਤਾਬ ਲਿਫਾਫੇ ਵਿਚ ਪਾ ਕੇ ਕਿਤੇ ਸੁੱਟਣ ਲਈ ਆਪਣੇ ਨਾਲ ਲੈ ਗਿਆ। ਘਰ ਪਹੁੰਚਣ ਤਕ ਸਾਰੇ ਰਾਹ ਉਸ ਨੂੰ ਲੋਕ ਹੀ ਲੋਕ ਵਿਖਾਈ ਦਿੱਤੇ ਅਤੇ ਜਿਸ ਗੰਦੇ ਨਾਲੇ ਵਿਚ ਲਿਫ਼ਾਫ਼ਾ ਸੁੱਟਣਾ ਉਸ ਨੂੰ ਸਭ ਤੋਂ ਸੌਖਾ ਕੰਮ ਲੱਗਾ ਜੀ, ਉਸ ਦੀ ਬਦਨਸੀਬੀ ਸੀ ਕਿ ਓਥੇ ਮੱਝਾਂ ਦਾ ਝੰਡ ਖੜਾ ਸੀ। ਘਰ ਆ ਕੇ ਉਸ ਨੇ ਰਸੋਈ ਦੀ ਸਥਿਤੀ ਬਾਰੇ ਗੌਰ ਕੀਤਾ। ਖਿੜਕੀ ਤੋਂ ਬਾਹਰ ਸਾਹਮਣੇ ਘਰ ਦੀ ਰਸੋਈ ਨਜ਼ਰ ਆਉਂਦੀ ਸੀ ਤੇ ਉਸ ਵਿਚ ਲੋਕ ਆ ਜਾ ਰਹੇ ਸਨ। ਸ਼ਾਸਤਰੀ ਨੇ ਕਿਤਾਬ ਸਾੜਨ ਦੀ ਚਿੰਤਾ ਤੋਂ ਆਪਣੇ ਆਪ ਨੂੰ ਮੁਕਤ ਕੀਤਾ ਅਤੇ ਦੂਜੇ ਦਿਨ ਲਿਫ਼ਾਫੇ ਸਮੇਤ ਕਿਤਾਬ ਆਫ਼ਿਸ ਵਾਪਸ ਲੈ ਗਿਆ।

ਦੂਜੇ ਦਿਨ ਦੁਪਹਿਰ ਨੂੰ ਦੇਰ ਹੋ ਜਾਣ ਕਾਰਣ ਉਹ ਬਾਰ-ਬਾਰ ਘੜੀ ਵੇਖ ਰਿਹਾ ਸੀ; ਪਰ ਦੋਹਾਂ ਦੋਸਤਾਂ ਦੇ ਦਰਸ਼ਨ ਹਾਲੇ ਤਕ ਨਹੀਂ ਸਨ ਹੋਏ। ਉਨ੍ਹਾਂ ਦੇ ਆਉਣ ਦੀ ਉਮੀਦ ਉਸ ਨੇ ਲਾਹੀ ਸੀ ਕਿ ਦੋਵੇਂ ਆ ਪਹੁੰਚੇ। ਉਨ੍ਹਾਂ ਨੂੰ ਵੇਖ ਕੇ ਸ਼ਾਸਤਰੀ ਖੁਸ਼ ਹੋਇਆ। ਉਸ ਨੇ ਪੁੱਛਿਆ, "ਅੱਜ ਏਨੀ ਦੇਰ ਕਿਵੇਂ ਹੋ ਗਈ ? ਪ੍ਰਸਾਦ ਬੋਲਿਆ," ਆਪਾਤਕਾਲ। ਸਮੇਂ ਤੋਂ ਪਹਿਲਾਂ ਆਫ਼ਿਸ ਛੱਡਣਾ ਮਨ੍ਹਾ ਹੈ। ਕੰਮ ਜ਼ਿਆਦਾ,ਗੱਲਾਂ ਘੱਟ। "ਵਿਸ਼ਵਨਾਥ ਨੇ

ਜੇਬ ਵਿੱਚੋਂ ਇੱਕ ਛੋਟਾ ਜਿਹਾ ਰੇਡੀਓ ਕੱਢ ਕੇ ਟੇਬਲ ਉੱਤੇ ਰੱਖਿਆ ਤੇ ਉਸ ਦਾ ਬਟਨ ਦੱਬ ਦਿੱਤਾ। " ਅੱਜ ਤਾਂ ਕਿਤੇ ਨਹੀਂ ਹੈ ਕ੍ਰਿਕਟ ਦਾ ਮੈਚ, "ਸ਼ਾਸਤਰੀ ਨੇ ਪੁੱਛਿਆ। ਗਾਣੇ ਦੀ ਆਵਾਜ਼ ਹੋਰ ਉੱਚੀ ਕਰਦਿਆਂ ਵਿਸ਼ਵਨਾਥ ਨੇ ਕਿਹਾ," "ਰੇਡਿਓ ਵੱਜਦਾ ਹੋਵੇ ਤਾਂ ਟੈਲੀਫ਼ੋਨ ਵਿਚ ਲੱਗਾ ਬੱਗ ਕੰਮ ਨਹੀਂ ਕਰਦਾ।"

ਹਾਲਾਂਕਿ ਉਹ ਲੋਕ ਅਜਿਹਾ ਕੋਈ ਕੰਮ ਨਹੀਂ ਸਨ ਕਰਦੇ ਜਿਸ ਨਾਲ ਉਨ੍ਹਾਂ ਦੇ ਟੈਲੀਫ਼ੋਨ ਦੀ ਗੱਲਬਾਤ ਸੁਣਨ ਦੀ ਕੋਸ਼ਿਸ਼ ਕੀਤੀ ਜਾਂਦੀ, ਫੇਰ ਵੀ ਰੇਡੀਓ ਕਰ ਕੇ ਉਨ੍ਹਾਂ ਕੁੱਝ ਰਾਹਤ ਮਹਿਸੂਸ ਕੀਤੀ ਅਤੇ ਕੁੱਝ ਸੌਖੇ ਹੋ ਕੇ ਬੋਲਣ ਲੱਗੇ। ਕੌਫ਼ੀ ਪੀਦਿਆਂ ਸ਼ਾਸਤਰੀ ਨੇ ਕਿਹਾ, "ਹੁਣ ਮੈਂ ਇਹ ਰਿਪੋਟਾਂ ਨਹੀਂ ਰੱਖ ਸਕਦਾ, ਤੁਸੀਂ ਲੈ ਜਾਓ।" ਪ੍ਰਸਾਦ ਤੇ ਵਿਸ਼ਵਨਾਥ ਨੇ ਗੱਲ ਅਣਸੁਣੀ ਕਰ ਦਿੱਤੀ। ਵਿਸ਼ਵਨਾਥ ਬੋਲਿਆ, "ਇਨ੍ਹਾਂ ਨੂੰ ਲਿਜਾ ਕੇ ਓਸੇ ਦੁਕਾਨ ਉੱਤੇ ਵੇਚ ਦੇ। ਆਪਾਤਕਾਲ ਖ਼ਤਮ ਹੁੰਦੇ ਹੀ ਫੇਰ ਖ਼ਰੀਦ ਲਿਆਵਾਂਗੇ, ਰੁਪਏ ਭਾਵੇਂ ਜਿੰਨੇ ਮਰਜ਼ੀ ਬਰਬਾਦ ਹੋਣ।" ਪ੍ਰਸਾਦ ਵੀ ਉਨ੍ਹਾਂ ਦੀ ਗੱਲ ਨਾਲ ਝੱਟ ਰਾਜ਼ੀ ਹੋ ਗਿਆ। ਸ਼ਾਸਤਰੀ ਨੂੰ ਲੱਗਾ ਜਿਵੇਂ ਉਹ ਸਲਾਹ-ਮਸ਼ਵਰਾ ਕਰ ਕੇ ਆਏ ਹੋਣ ਅਤੇ ਉਸ ਨੂੰ ਸੰਕਟ ਵਿਚ ਪਾਉਣਾ ਚਾਹੁੰਦੇ ਹੋਣ। ਉਸ ਨੇ ਪ੍ਰਸਾਦ ਨੂੰ ਦੁਕਾਨਦਾਰ ਦਾ ਉਸ ਦਿਨ ਦਾ ਸਲੂਕ ਯਾਦ ਕਰਾਇਆ। ਪ੍ਰਸਾਦ ਵੱਲੋਂ ਕੋਈ ਜਵਾਬ ਨਾ ਮਿਲਣ ਕਾਰਨ ਸ਼ਾਸਤਰੀ ਚੁੱਪ ਰਿਹਾ ਅਤੇ ਉਸ ਵਿਸ਼ੇ ਬਾਰੇ ਹੋਰ ਕੋਈ ਗੱਲ ਨਾ ਕਰ ਕੇ ਹੋਰ ਗੱਲਾਂ ਕਰਨ ਲੱਗ ਪਿਆ। ਪਰ ਉਨ੍ਹਾਂ ਦੀਆਂ ਗੱਲਾਂ ਆਪਾਤਕਾਲ ਦੇ ਵੱਖ-ਵੱਖ ਪਹਿਲੂਆਂ ਤੱਕ ਹੀ ਸੀਮਿਤ ਰਹੀਆਂ ਜਿਨ੍ਹਾਂ ਨਾਲ ਸ਼ਾਸਤਰੀ ਨੂੰ ਜ਼ਰਾ ਵੀ ਤਸੱਲੀ ਨਾ ਹੋਈ।

ਉਨ੍ਹਾਂ ਦੇ ਚਲੇ ਜਾਣ ਦੇ ਬਾਅਦ ਸ਼ਾਸਤਰੀ ਨੇ ਨਿਸਚਾ ਕੀਤਾ ਕਿ ਜਲਦੀ ਹੀ ਉਨ੍ਹਾਂ ਕਿਤਾਬਾਂ ਨੂੰ ਨਿਕਾਣੇ ਲਾ ਦੇਵਾਂਗਾ। ਪ੍ਰਸਾਦ ਕਹਿ ਰਿਹਾ ਸੀ ਕਿ ਪੂਰੇ ਸ਼ਹਿਰ ਵਿਚ ਝੁੰਡਾਂ ਦੇ ਝੁੰਡ ਗੁਪਤਚਰਾਂ ਦੇ ਘੁੰਮ ਰਹੇ ਹਨ। ਸ਼ਾਸਤਰੀ ਨੂੰ ਲੱਗਾ ਕਿ ਸੜਕ ਦੇ ਦੂਜੇ ਪਾਸੇ ਜਿਹੜਾ ਆਦਮੀ ਖੜਾ ਹੈ ਉਸੇ ਦੀ ਖਿੜਕੀ ਵੱਲ ਵੇਖ ਰਿਹਾ ਹੈ, ਸੰਭਵ ਹੈ ਉਹ ਗੁਪਤਚਰ ਹੀ ਹੋਵੇ। ਕਹਿੰਦੇ ਹਨ। ਗੁਪਤਚਰਾਂ ਨੂੰ ਕਾਫ਼ੀ ਸਹੂਲਤਾਂ ਤੇ ਪੈਸੇ ਮਿਲਦੇ ਹਨ ਅਤੇ ਉਨ੍ਹਾਂ ਨੂੰ ਕਈ ਇੱਜ਼ਤਦਾਰ ਲੋਕ ਵੀ ਖ਼ਬਰਾਂ ਲਿਆ ਲਿਆ ਦੇਂਦੇ ਹਨ। ਇਹ ਸੋਚਣ ਤੋਂ ਬਾਅਦ ਇੱਕ ਅਸਲੋਂ ਅਣਸੰਬੰਧਿਤ ਚਿੰਤਾ ਸ਼ਾਸਤਰੀ ਦੇ ਦਿਮਾਗ ਵਿਚ ਉੱਭਰੀ ਕਿ ਜੇ ਪ੍ਰਸਾਦ ਤੇ ਵਿਸ਼ਵਨਾਥ ਨੇ ਉਸ ਦੇ ਬਾਰੇ ਕਿਸੇ ਨੂੰ ਕੁੱਝ ਦੱਸ ਦਿੱਤਾ ਤਾਂ ? ਅਜਿਹਾ ਹੋਇਆ ਤਾਂ ਉਹ ਵੀ ਦੋਨਾਂ ਨੂੰ ਇਸ ਵਿਚ ਘੜੀਸੇਗਾ। ਪਰ ਚੀਜ਼ਾਂ ਤਾਂ ਸਾਰੀਆਂ ਉਸੇ ਕੋਲ ਸਨ। ਉਸ ਦੀਆਂ

ਗੱਲਾਂ ਉੱਤੇ ਵਿਸ਼ਵਾਸ ਕੌਣ ਕਰੇਗਾ ? ਏਨਾ ਸੋਚਣ ਤੋਂ ਬਾਅਦ ਉਸ ਨੂੰ ਲੱਗਾ ਕਿ ਵਿਸ਼ਵਨਾਥ ਤੇ ਪ੍ਰਸਾਦ ਉਸ ਦੇ ਕਈ ਸਾਲਾਂ ਤੋਂ ਡੂੰਘੇ ਮਿੱਤਰ ਹਨ ਅਤੇ ਉਨ੍ਹਾਂ ਬਾਰੇ ਅਜਿਹਾ ਸੋਚਣਾ ਗ਼ਲਤ ਹੈ।

ਉਸ ਦਿਨ ਘਰ ਜਾਂਦਿਆਂ ਉਸ ਨੂੰ ਲੱਗਾ ਜਿਵੇਂ ਗੁਪਤਚਰ ਉਸ ਉੱਤੇ ਨਜ਼ਰ ਰੱਖੀ ਉਸ ਦੇ ਪਿੱਛੇ ਪਿੱਛੇ ਚੱਲ ਰਹੇ ਹਨ। ਘਰ-ਬਾਹਰ ਦੀਆਂ ਖ਼ਬਰਾਂ ਉਸ ਨੂੰ ਬੜਾ ਭੈਭੀਤ ਕਰ ਰਹੀਆਂ ਸਨ। ਹਰ ਰੋਜ ਨਵਾਂ-ਨਵਾਂ ਭੈ ਫੈਲਾਉਂਦੀਆਂ ਅਫ਼ਵਾਹਾਂ ਸੁਣੀਂਦੀਆਂ ਸਨ। ਸ਼ਾਸਤਰੀ ਰੋਜ਼ ਆਫ਼ਿਸ ਪਹੁੰਚ ਕੇ ਪਹਿਲਾਂ ਅਲਮਾਰੀ ਖੋਲ੍ਹ ਕੇ ਹੇਠਲਾ ਖ਼ਾਨਾ ਵੇਖਦਾ ਸੀ ਤੇ ਉਨ੍ਹਾਂ ਕਿਤਾਬਾਂ ਅੱਗੇ ਹੋਰ ਕਾਗ਼ਜ਼-ਪੱਤਰ ਵੀ ਭਰ ਕੇ ਉਨ੍ਹਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਸੀ। ਪਰ ਉਸ ਦਾ ਡਰ ਦੂਰ ਨਹੀਂ ਸੀ ਹੋ ਰਿਹਾ। ਰਾਤ ਨੂੰ ਨੀਂਦ ਵੀ ਅੱਛੀ ਤਰ੍ਹਾਂ ਨਹੀਂ ਸੀ ਆਉਂਦੀ।

ਕਲੱਬ ਦੀਆਂ ਸਰਗਰਮੀਆਂ ਬੰਦ ਹੋਣ ਕਰਕੇ ਪ੍ਰਸਾਦ ਤੇ ਵਿਸ਼ਵਨਾਥ ਦਾ ਉਸ ਕੋਲ ਆਉਣਾ ਵੀ ਹੌਲੀ-ਹੌਲੀ ਬੰਦ ਹੋਣ ਲੱਗਾ। ਅੱਜਕੱਲ੍ਹ ਉਨ੍ਹਾਂ ਦੀ ਮੁਕਾਲਾਤ ਕਦੇ ਕਦਾਈਂ ਹੋ ਜਾਂਦੀ ਤੇ ਉਹ ਵੀ ਬਹੁਤ ਘੱਟ ਸਮੇਂ ਲਈ। ਸ਼ਾਸਤਰੀ ਆਪਣੇ ਆਪ ਵਿੱਚ ਜ਼ਿਆਦਾ ਇਕਾਗਰਤਾ ਨਾਲ ਦਿਲ ਲਾਉਣ ਲੱਗਾ ਅਤੇ ਇਹ ਭੁੱਲਣ ਦੀ ਕੋਸ਼ਿਸ਼ ਕਰਨ ਲੱਗਾ ਕਿ ਉਸ ਦੀ ਅਲਮਾਰੀ ਦੇ ਹੇਠਲੇ ਖ਼ਾਨੇ ਵਿਚ ਵਿਸਫੋਟਕ ਸਮੱਗਰੀ ਪਈ ਹੋਈ ਹੈ। ਉਸ ਨੇ ਅਸ਼ਲੀਲਤਾ ਕਾਨੂੰਨ ਦੇ ਵਿਸ਼ੇ ਉੱਤੇ ਵੀ ਕੁੱਝ ਕਿਤਾਬਾਂ ਪੜ੍ਹੀਆਂ, ਪਰ ਉਹ ਸਭ ਪੜ੍ਹ ਕੇ ਉਸ ਦੀ ਚਿੰਤਾ ਹੋਰ ਵੱਧ ਜ਼ਰੂਰ ਗਈ ਸੀ, ਘਟੀ ਨਹੀਂ ਸੀ।

ਉਸ ਦਿਨ ਅਚਾਨਕ ਬਾਹਰ ਵੱਲ ਵੇਖਦਿਆਂ ਉਸ ਨੇ ਕਿਸੇ ਬੰਦੇ ਨੂੰ ਸੜਕ ਉੱਤੇ ਖੜ੍ਹਾ ਵੇਖਿਆ ਜਿਹੜਾ ਮੂੰਹ ਵਿੱਚ ਸਿਗਰਟ ਪਾਈ ਉਸ ਦੀ ਖਿੜਕੀ ਵੱਲ ਇੱਕ ਟਕ ਵੇਖ ਰਿਹਾ ਸੀ। ਪਿਛਲੀ ਵਾਰ ਵੇਖੇ ਆਦਮੀ ਦਾ ਚਿਹਰਾ ਉਸ ਨੂੰ ਯਾਦ ਨਹੀਂ ਸੀ; ਪਰ ਇਸ ਦੇ ਉਹੀ ਬੰਦਾ ਹੋਣ ਦੀ ਕਾਫ਼ੀ ਸੰਭਾਵਨਾ ਸੀ। ਉਹ ਖਿੜਕੀ ਕੋਲੋਂ ਖਿਸਕ ਆਇਆ ਤੇ ਜਿੱਥੋਂ ਉਹ ਬੰਦਾ ਵੇਖਿਆ ਜਾ ਸਕਦਾ ਸੀ।

ਓਥੇ ਲੁਕ ਕੇ ਉਸ ਵੱਲ ਵੇਖਣ ਲੱਗ ਪਿਆ। ਉਹ ਬੰਦਾ,ਹੋਰ, ਕਿਸੇ ਪਾਸੇ ਵੱਲ ਨਾ ਵੇਖ ਕੇ ਲਗਾਤਾਰ ਉਸੇ ਦੀ ਖਿੜਕੀ ਵੱਲ ਦੇਖੀ ਜਾ ਰਿਹਾ ਸੀ। ਟੇਬਲ ਕੋਲ ਜਾ ਕੇ ਸ਼ਾਸਤਰੀ ਨੇ ਇਕ ਗਿਲਾਸ ਪਾਣੀ ਪੀਤਾ। ਉਸੇ ਵੇਲੇ ਟੈਲੀਫ਼ੋਨ ਦੀ ਘੰਟੀ ਵੱਜੀ। ਚੌਂਕ ਕੇ ਉਸ ਨੇ ਰਿਸੀਵਰ ਚੁੱਕਿਆ ਹੀ ਸੀ ਕਿ ਲਾਈਨ ਕੱਟੀ ਗਈ।

ਇਨ੍ਹਾਂ ਘਟਨਾਵਾਂ ਨੇ ਉਸ ਨੂੰ ਹੋਰ ਡਰਾ ਦਿੱਤਾ। ਉਸ ਨੇ ਵਿਸ਼ਵਨਾਥ ਦਾ ਨੰਬਰ ਮਿਲਾਇਆ। ਵਿਸ਼ਵਨਾਥ ਨੇ ਰਿਸੀਵਰ ਚੁੱਕਿਆ ਹੀ ਸੀ ਕਿ ਪਤਾ ਨਹੀਂ ਕੀ ਸੋਚ ਕੇ ਸ਼ਾਸਤਰੀ ਨੇ ਰੀਸੀਵਰ ਰੱਖ ਦਿੱਤਾ। ਉਸ ਦਿਨ ਘਰ ਜਾਂਦਿਆਂ ਉਸ ਨੂੰ ਪੂਰੇ ਰਸਤੇ ਅਨੇਕ ਪੁਲਿਸ ਵਾਲੇ ਤੇ ਜਾਸੂਸ ਵਿਖਾਈ ਦਿੱਤੇ। ਘਰ ਵਿਚ ਕਿਸੇ ਨਾਲ ਗੱਲ ਕੀਤੇ ਬਿਨਾਂ ਉਹ ਚੁੱਪਚਾਪ ਬੈਠ ਗਿਆ। ਰਾਤ ਨੂੰ ਖਾ-ਪੀ ਕੇ ਸੌਣ ਵੇਲੇ ਉਸ ਨੇ ਇਸ ਬਾਰੇ ਕਾਫ਼ੀ ਸੋਚਿਆ। ਅਖੀਰ ਉਸ ਨੇ ਤੈ ਕੀਤਾ ਕਿ ਪੰਦਰਾਂ ਦਿਨਾਂ ਦੀ ਛੁੱਟੀ ਲੈ ਕੇ ਇਸ ਪੁਲਿਸ, ਜਾਸੂਸ, ਟੇਪ ਹੋ ਰਹੇ ਟੈਲੀਫ਼ੋਨ ਅਤੇ ਹਰ ਪਲ ਨਵੀਆਂ ਅਫ਼ਵਾਹਾਂ ਅਤੇ ਆਤੰਕ ਨਾਲ ਭਰੇ ਸ਼ਹਿਰ ਨੂੰ ਛੱਡ ਕੇ ਆਪਣੇ ਪਿੰਡ ਚਲਾ ਜਾਏ ਅਤੇ ਆਪਣੇ ਨਾਲ ਸਾਰੀਆਂ ਕਿਤਾਬਾਂ ਲਿਜਾ ਕੇ ਆਪਣੇ ਪਿੰਡ ਦੀ ਨਦੀ ਵਿਚ ਵਹਾ ਦੇਵੇ।

ਹਾਲਾਂਕਿ ਇਹ ਯੋਜਨਾ ਪੂਰੀ ਤਰ੍ਹਾਂ ਸਮੱਸਿਆ-ਹੀਨ ਨਹੀਂ ਸੀ, ਫੇਰ ਵੀ ਕਾਫੀ ਦਿਨਾਂ ਬਾਅਦ ਸ਼ਾਸਤਰੀ ਪਹਿਲੀ ਵਾਰੀ ਕੁੱਝ ਚੈਨ ਦੀ ਨੀਂਦਰ ਸੁੱਤਾ।

****

# ਲੋਕ-ਸੰਸਕ੍ਰਿਤੀ

ਮੈਂ ਬਹੁਤ ਦੇਰ ਬਾਅਦ ਪਿੰਡ ਵਾਪਸ ਜਾ ਰਿਹਾ ਸਾਂ। ਪਿੰਡ ਨਾਲ ਮੇਰਾ ਸੰਪਰਕ ਕਾਫ਼ੀ ਸਾਲਾਂ ਤੋਂ ਟੁੱਟ ਚੁੱਕਿਆ ਸੀ। ਆਪਣੀ ਸਕੂਲ ਦੀ ਪੜ੍ਹਾਈ ਮੁਕਾਉਣ ਤੋਂ ਬਾਅਦ ਸਿਰਫ ਇੱਕ ਅੱਧੀ ਵਾਰੀ ਹੀ ਪਿੰਡ ਗਿਆ ਹੋਵਾਂਗਾ। ਕਾਲਜ ਦੀ ਪੜ੍ਹਾਈ ਤੇ ਫੇਰ ਨੌਕਰੀ ਸ਼ੁਰੂ ਹੋ ਜਾਣ ਕਰਕੇ ਪਿੰਡ ਨਾਲ ਰਿਸ਼ਤਾ ਕਾਫ਼ੀ ਘਟ ਗਿਆ ਸੀ। ਅਸਲ ਵਿਚ ਮੈਂ ਪਿੰਡ ਬਹੁਤ ਸਾਲ ਪਹਿਲਾਂ ਹੀ ਛੱਡ ਦਿੱਤਾ ਹੋਇਆ ਸੀ। ਸਾਡੀ ਪਿੰਡ ਦੀ ਜ਼ਮੀਨ ਬਹੁਤ ਦੇਰ ਪਹਿਲਾਂ ਹੀ ਵਿੱਕ ਚੁੱਕੀ ਸੀ। ਓਥੇ ਸਿਰਫ਼ ਸਾਡਾ ਇੱਕ ਘਰ ਹੀ ਬਚਿਆ ਸੀ ਤੇ ਉਸੇ ਨੂੰ ਵੇਚਣ ਲਈ ਚਾਰ ਦਿਨਾਂ ਦੀ ਛੁੱਟੀ ਲੈ ਕੇ ਪਿੰਡ ਜਾ ਰਿਹਾ ਸੀ।

ਸੱਚ ਪੁੱਛੋ ਤਾਂ ਇਹ ਸਾਡੇ ਪੁਰਖਿਆਂ ਦਾ ਪਿੰਡ ਨਹੀਂ ਸੀ। ਪਿਤਾ ਜੀ ਜਦੋਂ ਉਸ ਇਲਾਕੇ ਵਿਚ ਪੋਸਟ ਮਾਸਟਰ ਲੱਗੇ ਹੋਏ ਸਨ, ਪਹਿਲਾਂ ਉਨ੍ਹਾਂ ਨੇ ਹੀ, ਸਸਤੇ ਭਾਅ ਵੇਖ ਕੇ, ਖੇਤੀ ਲਈ ਜ਼ਮੀਨ ਖਰੀਦ ਲਈ ਸੀ ਤੇ ਫੇਰ ਉਸੇ ਪਿੰਡ ਦੇ ਨੇੜੇ ਹੀ ਰਹਿਣ ਲਈ ਘਰ ਵੀ ਬਣਾ ਲਿਆ ਸੀ। ਮੇਰਾ ਜਨਮ ਇਸੇ ਪਿੰਡ ਵਿਚ ਹੋਇਆ ਸੀ। ਪਿਤਾ ਜੀ ਦੀ ਬਦਲੀ ਹੋ ਗਈ ਪਰ ਅਸੀਂ ਓਥੇ ਹੀ ਰਹੇ। ਹੌਲੀ-ਹੌਲੀ ਸਾਡਾ ਹੋਰ ਸਾਰੀਆਂ ਥਾਵਾਂ ਨਾਲੋਂ ਸੰਪਰਕ ਕੱਟਿਆ ਗਿਆ ਤੇ ਮੈਂ ਓਥੇ ਪਿੰਡ ਦੇ ਸਕੂਲ ਵਿਚ ਹੀ ਪੜ੍ਹਨ ਲਗ ਪਿਆ। ਜਦੋਂ ਮੈਂ ਕਾਲਜ ਵਿਚ ਦਾਖ਼ਲਾ ਲਿਆ ਤਾਂ ਅਸੀਂ ਪਿੰਡ ਛੱਡ ਕੇ ਸ਼ਹਿਰ ਆ ਗਏ। ਪਿਤਾ ਜੀ ਨੇ ਸ਼ਹਿਰ ਵਿਚ ਇਕ ਮਕਾਨ ਲੈ ਲਿਆ, ਸੋ ਸਾਡਾ ਪਿੰਡ ਨਾਲ ਵੀ ਕੋਈ ਸੰਬੰਧ ਨਾ ਰਿਹਾ। ਕਦੀ-ਕਦੀ ਪਿਤਾ ਜੀ ਪਿੰਡ ਜਾਂਦੇ ਤੇ ਖੇਤੀਬਾੜੀ ਦੀ ਦੇਖ-ਭਾਲ ਕਰ ਕੇ ਸ਼ਹਿਰ ਪਰਤ ਆਉਂਦੇ। ਕਦੀ-ਕਦੀ ਪਿੰਡੋਂ ਕੋਈ ਕਿਸਾਨ ਆਉਂਦਾ ਤਾਂ ਸਾਨੂੰ ਧਾਈਂ ਦੇ ਜਾਂਦਾ। ਉਸ ਤੋਂ ਬਾਅਦ ਕਾਸ਼ਤਕਾਰੀ ਕਾਨੂੰਨ ਲਾਗੂ ਹੋ ਗਿਆ ਤੇ ਪਿਤਾ ਜੀ ਨੇ ਹੌਲੀ-ਹੌਲੀ ਪਿੰਡ ਦੇ ਖੇਤ ਵੇਚ ਦਿੱਤੇ ਅਤੇ ਇੰਜ ਪਿੰਡ ਨਾਲ ਸਾਡਾ ਸੰਪਰਕ ਘਟਣ ਲੱਗ ਪਿਆ। ਬੱਸ ਰਿਹਾਇਸ਼ੀ ਘਰ ਪਿਤਾ ਜੀ ਨੇ ਨਹੀਂ ਸੀ ਵੇਚਿਆ। ਉਹ ਸੋਚਦੇ ਸਨ ਕਿ ਭਵਿੱਖ ਵਿਚ ਕਦੀ ਨਾ ਕਦੀ, ਕੋਈ ਨ ਕੋਈ ਘਰ ਦਾ ਬੰਦਾ ਓਥੇ ਜਾ ਕੇ ਰਹੇਗਾ।

ਇਹ ਬਹੁਤ ਪਹਿਲਾਂ ਦੀ ਗੱਲ ਹੈ। ਪਿਤਾ ਜੀ ਦੇ ਮਰਨ ਤੋਂ ਬਾਅਦ ਮੈਂ ਹੀ ਆਪਣੇ ਘਰ ਦਾ ਧਿਆਨ ਰੱਖਦਾ ਸਾਂ। ਪਿੰਡ ਬਾਰੇ ਮੇਰੇ ਕਈ ਸੁਖਦਾਈ ਅਨੁਭਵ ਸਨ

ਕਿਉਂਕਿ ਮੇਰਾ ਸਾਰਾ ਬਚਪਨ ਪਿੰਡ ਵਿੱਚ ਹੀ ਬੀਤਿਆ ਸੀ। ਭਾਵੇਂ ਮੈਂ ਉਸ ਨੂੰ ਆਪਣਾ ਪਿੰਡ ਕਹਿ ਰਿਹਾ ਹਾਂ ਪਰ ਸਾਡਾ ਘਰ ਚੰਗੀ ਤਰ੍ਹਾਂ ਉਸ ਪਿੰਡ ਦਾ ਨਹੀਂ ਸੀ। ਪਿੰਡ ਦੇ ਲੋਕ ਅਛੂਤ ਸਨ ਤੇ ਉਸ ਵੇਲੇ ਉਨ੍ਹਾਂ ਨਾਲ ਰਲ ਕੇ ਰਹਿਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਜੇ ਏਨੀ ਸਸਤੀ ਜ਼ਮੀਨ ਓਥੇ ਨਾ ਮਿਲੀ ਹੁੰਦੀ ਤਾਂ ਸ਼ਾਇਦ ਪਿਤਾ ਜੀ ਨੇ ਘਰ ਕਿਤੇ ਹੋਰ ਬਣਵਾਇਆ ਹੁੰਦਾ। ਸਾਡਾ ਘਰ ਪਿੰਡ ਦੇ ਬਾਹਰਵਾਰ ਤਲਾਅ ਦੇ ਕੋਲ ਸੀ। ਸਾਨੂੰ ਪਿੰਡ ਵਾਲਿਆਂ ਦੇ ਨੇੜੇ ਤੇ ਦੂਰ, ਦੋਨੋਂ ਤਰ੍ਹਾਂ ਦੇ ਲਾਭ ਤੇ ਸਹੂਲਤਾਂ ਮਿਲੀਆਂ ਹੋਈਆਂ ਸਨ।

ਭਾਵੇਂ ਛੂਤ-ਛਾਤ ਇਕ ਸਮੱਸਿਆ ਬਣ ਸਕਦੀ ਸੀ, ਪਰ ਸਾਡੇ ਲਈ ਇਹ ਕੋਈ ਖ਼ਾਸ ਪਰੇਸ਼ਾਨੀ ਦੀ ਗੱਲ ਨਹੀਂ ਸੀ। ਪਿਤਾ ਜੀ ਦੀ ਬਦਲੀ ਕਈ ਵਾਰੀ ਹੋਣ ਕਰਕੇ ਉਨਾਂ ਦਾ ਆਪਣੇ ਮਿੱਤਰਾਂ ਨਾਲ ਕੋਈ ਖਾਸ ਸੰਪਰਕ ਨਹੀਂ ਸੀ ਰਿਹਾ। ਇਸ ਲਈ ਕੁੱਝ ਕਰਨ ਜਾਂ ਨਾ ਕਰਨ ਬਾਰੇ ਬਰਾਦਰੀ ਦਾ ਕੋਈ ਡਰ ਨਹੀਂ ਸੀ। ਸੋ ਪਿੰਡ ਵਾਲਿਆਂ ਨਾਲ ਅਸੀਂ ਬੜੀ ਮਜ਼ੇ ਨਾਲ ਜੀਵਨ ਬਿਤਾ ਰਹੇ ਸਾਂ। ਪਿੰਡ ਦੇ ਜ਼ਿਆਦਾ ਲੋਕ ਬੇਜ਼ਮੀਨੇ ਕਿਸਾਨ ਸਨ ਤੇ ਇਹ ਲੋਕ ਹੋਰਨਾਂ ਕਿਸਾਨਾਂ ਦੀਆਂ ਜ਼ਮੀਨਾਂ ਉੱਤੇ ਕੰਮ ਕਰਕੇ ਆਪਣਾ ਗੁਜ਼ਾਰਾ ਤੋਰਦੇ ਸਨ। ਪਿੰਡ ਵਿੱਚ ਇਕ ਛੋਟਾ ਜਿਹਾ ਸਕੂਲ ਸੀ। ਪਿੰਡ ਦੇ ਸਾਰੇ ਬੱਚੇ ਇਸੇ ਸਕੂਲ ਵਿਚ ਪੜ੍ਹਦੇ ਸਨ। ਜਦੋਂ ਸਕੂਲ ਦੀ ਪੜ੍ਹਾਈ ਮੁੱਕ ਜਾਂਦੀ ਤਾਂ ਬੜੇ ਥੋੜੇ ਬੱਚੇ ਉੱਚੀ ਪੜ੍ਹਾਈ ਲਈ ਸ਼ਹਿਰ ਪਹੁੰਚਦੇ ਸਨ। ਕੰਮ ਕਰਨ ਦੀ ਉਮਰ ਵਿਚ ਪੈਰ ਧਰਦਿਆਂ ਹੀ ਲੋਕੀ ਖੇਤਾਂ ਵਿੱਚ ਮਜ਼ਦੂਰੀ ਕਰਨ ਲਈ ਚਲੇ ਜਾਂਦੇ ਸਨ। ਛੋਟੇ ਸਕੂਲ ਵਿੱਚ ਪੜ੍ਹਨ ਕਰਕੇ ਪਿੰਡ ਵਿਚ ਮੇਰੇ ਬਹੁਤ ਸਾਰੇ ਦੋਸਤ ਬਣ ਗਏ ਸਨ। ਬਾਅਦ ਵਿਚ ਜਦੋਂ ਮੈਂ ਉੱਚੀ ਪੜ੍ਹਾਈ ਵਾਲੇ ਸਕੂਲ ਵਿਚ ਪੜ੍ਹਨੇ ਪੈ ਗਿਆ ਤਾਂ ਮੇਰੇ ਨਾਲ ਪਿੰਡ ਦੇ ਦੋ-ਚਾਰ ਹੋਰ ਮੁੰਡੇ ਵੀ ਪੜ੍ਹਦੇ ਸਨ। ਪਰ ਮੇਰੀ ਪੜ੍ਹਾਈ ਪੂਰੀ ਹੋਣ ਤੱਕ ਉਹ ਸਾਰੇ ਮੁੰਡੇ ਸਕੂਲ ਛੱਡ ਚੁੱਕੇ ਸਨ। ਮੇਰੇ ਬਚਪਨ ਦਾ ਸਮਾਂ ਪਿੰਡ ਦੇ ਮਾਹੌਲ ਵਿੱਚ ਬੜਾ ਖੁਸ਼ ਖੁਸ਼ ਬੀਤਿਆ ਸੀ। ਖੁੱਲ੍ਹਾ ਮੈਦਾਨ, ਅੰਬ ਦੇ ਰੁੱਖਾਂ, ਨਦੀ, ਪਹਾੜ ਤੇ ਜੰਗਲ ਨਾਲ ਘਿਰੇ ਹੋਏ ਏਸ ਪਿੰਡ ਨੂੰ ਯਾਦ ਕਰ ਕੇ ਹੁਣ ਵੀ ਮੇਰਾ ਮਨ ਖੁਸ਼ੀ ਤੇ ਰਹੱਸਮਈ ਯਾਦਾਂ ਨਾਲ ਭਰ ਜਾਂਦਾ ਹੈ। ਸ਼ਹਿਰ ਦੇ ਛੋਟੇ ਜਿਹੇ ਮਕਾਨ ਵਿਚ ਬੈਠਿਆਂ ਮੈਂ ਕਈ ਵਾਰੀ ਪਿੰਡ ਤੇ ਬਚਪਨ ਦੀਆਂ ਗੱਲਾਂ ਯਾਦ ਕਰਦਾ ਰਹਿੰਦਾ ਸਾਂ।

ਪਿੰਡ ਵਿਚ ਕਈ ਤਰ੍ਹਾਂ ਦੇ ਮੇਲੇ, ਤਿਉਹਾਰ ਦੇ ਉਤਸਵ ਹੁੰਦੇ ਰਹਿੰਦੇ ਸਨ। ਭਾਵੇਂ ਪਿੰਡ ਵਿਚ ਕੋਈ ਵੱਡਾ ਮੰਦਰ ਨਹੀਂ ਸੀ, ਪੱਥਰਾਂ ਦੇ ਛੋਟੇ-ਛੋਟੇ ਘਰ ਤੇ ਪਿੰਡ ਦੇ ਬਾਹਰ ਕਿਸੇ ਰੁੱਖ ਹੇਠਾਂ ਕਈ ਤਰ੍ਹਾਂ ਦੀਆਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਹੋਈਆਂ

ਸਨ ਤੇ ਦਿਨ-ਦਿਹਾੜੇ ਨੂੰ ਓਥੇ ਫੁੱਲਾਂ, ਚੰਦਨ, ਸੰਧੂਰ, ਮੁਰਗੇ ਦੀ ਬਲੀ, ਰੰਗਦਾਰ ਕੱਪੜਿਆਂ ਤੇ ਚਮਕੀਲੇ ਕਾਗਜ਼ਾਂ ਦਾ ਮੇਲਾ ਲੱਗ ਜਾਂਦਾ ਸੀ। ਉਹ ਦਿਨ ਪਿੰਡ ਦੇ ਬੱਚਿਆਂ ਲਈ ਬਹੁਤ ਹੀ ਵੱਡੀ ਖੁਸ਼ੀ ਦਾ ਹੁੰਦਾ।

ਸਾਡੇ ਪਿੰਡ ਦਾ ਸਭ ਤੋਂ ਵੱਧ ਮਸ਼ਹੂਰ ਯਾਤਰਾ ਮੇਲਾ ਸੀ ਬਾਘ-ਨਾਚ। ਫੱਗਣ ਦੇ ਮਹੀਨੇ ਵਿਚ ਜਦੋਂ ਖੇਤੀ ਦਾ ਕੰਮ ਨਹੀਂ ਸੀ ਹੁੰਦਾ, ਓਦੋਂ ਇਹ ਯਾਤਰਾ ਦਾ ਮੇਲਾ ਸ਼ੁਰੂ ਹੁੰਦਾ ਸੀ। ਇਸ ਯਾਤਰਾ ਲਈ ਪੰਦਰਾਂ-ਵੀਹ ਦਿਨ ਪਹਿਲਾਂ ਹੀ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਸਨ। ਪੂਜਾ-ਪਾਠ ਤੋਂ ਛੁੱਟ ਇਨ੍ਹਾਂ ਤਿੰਨ ਦਿਨਾਂ ਵਿੱਚ ਹੋਣ ਵਾਲਾ ਨਾਚ ਨੇੜੇ ਦੇ ਸਾਰੇ ਪਿੰਡਾਂ ਵਿੱਚ ਮਸ਼ਹੂਰ ਸੀ। ਸਾਡੇ ਪਿੰਡਾਂ ਦਾ ਬਾਘ-ਨਾਚ ਦੂਜੇ ਪਿੰਡਾਂ ਵਿੱਚ ਵੀ ਜਾਂਦਾ ਸੀ ਤੇ ਕੁੱਝ ਪੈਸਿਆਂ ਦੀ ਵੱਟਕ ਹੋ ਜਾਂਦੀ ਸੀ। ਰਘੂ ਚੌਂਕੀਦਾਰ ਬਾਘ-ਨਾਚ ਦਾ ਮੁਖੀਆ ਸੀ, ਜੋ ਯਾਤਰਾ ਤੋਂ ਕਾਫ਼ੀ ਪਹਿਲਾਂ ਹੀ ਪਿੰਡ ਦੇ ਯੁਵਕਾਂ ਨੂੰ ਨਾਚ ਸਿਖਾਉਣ ਲੱਗ ਪੈਂਦਾ ਸੀ। ਰਘੂ ਚੌਂਕੀਦਾਰ ਸਾਡੀ ਖੇਤੀ-ਬਾੜੀ ਵੀ ਦੇਖ-ਭਾਲ ਵੀ ਕਰਦਾ ਹੁੰਦਾ ਸੀ ਤੇ ਉਸ ਦਾ ਪੁੱਤਰ ਗੋਪਾਲ ਮੇਰਾ ਜਮਾਤੀ ਸੀ। ਇਸ ਲਈ ਸਾਡੇ ਪਰਿਵਾਰ ਦੀ ਇਨ੍ਹਾਂ ਨਾਲ ਚੰਗੀ ਬਣਦੀ ਸੀ ਤੇ ਮੈਨੂੰ ਤਿਆਰੀ ਕਰਨ ਤੋਂ ਲੈ ਕੇ ਅਖ਼ੀਰ ਤੱਕ ਬਾਘ-ਨਾਚ ਦੇਖਣ ਦੇ ਪੂਰੇ ਮੌਕੇ ਮਿਲ ਜਾਂਦੇ ਸਨ।

ਅਸਲ ਵਿੱਚ ਬਾਘ-ਨਾਚ ਵੀ ਦੇਖਣ ਵਾਲੀ ਚੀਜ਼ ਸੀ। ਪੰਦਰਾਂ-ਵੀਹ ਹੱਟੇ-ਕੱਟੇ ਨੌਜਵਾਨ ਜਦੋਂ ਨੰਗੇ ਸਰੀਰਾਂ ਉੱਤੇ ਪੀਲਾ ਰੰਗ ਮਲ ਕੇ ਢੋਲ ਤੇ ਸ਼ਹਿਨਾਈ ਦੀ ਤਾਲ ਉੱਤੇ ਨੱਚਦੇ, ਤਾਂ ਦੇਖਣ ਵਾਲਿਆਂ ਦੇ ਦਿਨਾਂ ਵਿੱਚ ਡਰ ਵੀ ਉਪਜਦਾ ਤੇ ਉੱਤੇਜਨਾ ਵੀ ਪੈਦਾ ਹੁੰਦੀ ਸੀ, ਇਸ ਵਿੱਚ ਕੋਈ ਸ਼ੱਕ ਨਹੀਂ ਸੀ। ਨਾਚ ਬਹੁਤ ਚੰਗਾ ਹੋਵੇ, ਇਸ ਲਈ ਰਘੂ ਚੌਂਕੀਦਾਰ ਤੇ ਪਿੰਡ ਦੇ ਯੁਵਕ ਬਹੁਤ ਮਿਹਨਤ ਕਰਦੇ ਸਨ। ਪੰਦਰਾਂ ਦਿਨਾਂ ਤੱਕ ਖਾਣਾ-ਪੀਣਾ ਛੱਡ ਕੇ ਪਿੰਡ ਦੇ ਬਾਹਰ ਰਘੂ ਚੌਂਕੀਦਾਰ ਢੋਲ ਲੈ ਕੇ ਬੈਠਾ ਰਹਿੰਦਾ ਸੀ। ਨਾਚ ਵੇਲੇ ਜੇ ਕੋਈ ਗ਼ਲਤੀ ਕਰ ਬੈਠਦਾ ਤਾਂ ਰਘੂ ਉਸ ਵੱਲ ਅੱਖਾਂ ਪਾੜ ਕੇ ਚੀਕਦਾ ਸੀ। ਉਨ੍ਹਾਂ ਦਿਨਾਂ ਵਿਚ ਜੇ ਕਦੀ ਉਹ ਸਾਡੇ ਘਰ ਆ ਜਾਂਦਾ ਤੇ ਪਿਤਾ ਜੀ ਕੋਈ ਕੰਮ ਦੱਸ ਬੈਠਦੇ ਤਾਂ ਰਘੂ ਕਹਿੰਦਾ, "ਬਸ ਜ਼ਰਾ ਬਾਘ ਯਾਤਰਾ ਮੁੱਕ ਲਵੇ, ਮੈਂ ਉਸ ਤੋਂ ਮਗਰੋਂ ਕਰ ਦਿਆਂਗਾ।"

ਜਦੋਂ ਗੋਪਾਲ ਨੇ ਉਸ ਸਾਲ ਨਾਚ ਸਿੱਖਣਾ ਸ਼ੁਰੂ ਕੀਤਾ, ਤਾਂ ਅਸੀਂ ਸਾਰੇ ਬੱਚੇ ਕੁੱਝ ਹੈਰਾਨੀ ਤੇ ਕੁੱਝ ਈਰਖਾ ਨਾਲ ਭਰ ਗਏ। ਗੋਪਾਲ ਸੁਭਾਅ ਦਾ ਬੜਾ ਛੋਹਲਾ ਤੇ ਚੰਚਲ ਸੀ ਅਤੇ ਪੜ੍ਹਾਈ-ਲਿਖਾਈ ਵਿਚ ਬਿਲਕੁਲ ਫਾਡੀ ਸੀ। ਉਸ ਦੀ ਉਮਰ ਹੋਰ ਸਾਰੇ ਨਚਾਰਾਂ ਤੋਂ

ਘੱਟ ਸੀ, ਪਰ ਰਘੂ ਚੌਂਕੀਦਾਰ ਦਾ ਪੁੱਤਰ ਹੋਣ ਕਰਕੇ ਛੋਟੀ ਉਮਰ ਵਿਚ ਹੀ ਉਸ ਨੂੰ ਇਸ ਟੋਲੀ ਵਿੱਚ ਥਾਂ ਮਿਲ ਗਈ ਸੀ। ਉਹ ਛੇਤੀ ਹੀ ਚੰਗੀ ਤਰ੍ਹਾਂ ਨੱਚਣਾ ਸਿੱਖ ਗਿਆ। ਸਕੂਲ ਛੱਡਣ ਤੋਂ ਬਾਅਦ ਉਹ ਇਸ ਨਾਚ ਲਈ ਵੱਧ ਤੋਂ ਵੱਧ ਵਕਤ ਦੇਣ ਲੱਗ ਪਿਆ। ਜਿਨ੍ਹਾਂ ਦਿਨਾਂ ਵਿਚ ਰਘੂ ਚੌਂਕੀਦਾਰ ਅਭਿਆਸ ਕਰਾਉਣ ਨਹੀਂ ਸੀ ਆ ਸਕਦਾ, ਉਨ੍ਹਾਂ ਦਿਨਾਂ ਵਿੱਚ ਨਾਚ ਸਿਖਾਉਣ ਦਾ ਭਾਰ ਗੋਪਾਲ ਉੱਤੇ ਹੀ ਆ ਪੈਂਦਾ ਸੀ।

ਜਦੋਂ ਅਸੀਂ ਪਿੰਡ ਛੱਡ ਕੇ ਸ਼ਹਿਰ ਆਉਣ ਲੱਗੇ, ਤਾਂ ਪਿਤਾ ਜੀ ਨੇ ਸਾਡੇ ਘਰ ਤੇ ਖੇਤੀ-ਬਾੜੀ ਦੀ ਜ਼ਿੰਮੇਵਾਰੀ ਰਘੂ ਚੌਂਕੀਦਾਰ ਨੂੰ ਸੌਂਪ ਦਿੱਤੀ ਸੀ। ਕੁੱਝ ਸਾਲਾਂ ਬਾਅਦ ਸਾਨੂੰ ਰਘੂ ਦੇ ਮਰਨ ਦੀ ਖ਼ਬਰ ਮਿਲੀ ਤਾਂ ਗੋਪਾਲ ਨੇ ਹੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਮੈਂ ਕਾਲਜ ਵਿਚ ਪੜ੍ਹਦਿਆਂ ਸ਼ਾਇਦ ਇੱਕ ਵਾਰੀ ਪਿੰਡ ਗਿਆ ਸਾਂ। ਗੋਪਾਲ ਕੋਲ ਸਾਡੇ ਘਰ ਦੀ ਚਾਬੀ ਸੀ ਅਤੇ ਜਦੋਂ ਤੱਕ ਮੈਂ ਪਿੰਡ ਵਿਚ ਰਿਹਾ, ਗੋਪਾਲ ਨੇ ਮੇਰੀ ਚੰਗੀ ਖ਼ਾਤਰ ਕੀਤੀ ਸੀ, ਭਾਵੇਂ ਉਨ੍ਹਾਂ ਦਿਨਾਂ ਵਿੱਚ ਬਾਘ-ਨਾਚ ਦੀ ਤਿਆਰੀ ਕਰਕੇ ਉਸ ਕੋਲ ਵਕਤ ਬਹੁਤ ਘੱਟ ਹੁੰਦਾ ਸੀ। ਇਕ ਵਾਰੀ ਮੈਂ ਉਸ ਦੀ ਰੀਹਰਸਲ ਵੇਖਣ ਵੀ ਗਿਆ ਸਾਂ। ਨਾਚ ਸਿੱਖਣ ਵਾਲੇ ਜੁਆਨ ਗੋਪਾਲ ਨੂੰ ਬਹੁਤ ਮੰਨਦੇ ਸਨ ਤੇ ਬੜੇ ਉਤਸ਼ਾਹ ਨਾਲ ਨਾਚ ਸਿੱਖਦੇ ਸਨ। ਗੋਪਾਲ ਹੁਣ ਗੋਪਾਲ ਚੌਂਕੀਦਾਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਰਘੂ ਦੇ ਵੱਡੇ ਵਡੇਰਿਆਂ ਵਿੱਚ ਕਦੀ ਕੋਈ ਪਿੰਡ ਦਾ ਚੌਂਕੀਦਾਰ ਰਿਹਾ ਹੋਏਗਾ, ਪਰ ਇਉਂ ਲੱਗਦਾ ਹੈ ਕਿ ਇਹ ਪਦਵੀ ਉਨ੍ਹਾਂ ਦੇ ਵੰਸ਼ ਦੇ ਬੰਦਿਆਂ ਨੂੰ ਕ੍ਰਮ-ਅਨੁਸਾਰ ਮਿਲੀ ਜਾ ਰਹੀ ਹੈ।

ਇਸ ਵਾਰੀ ਮੈਂ ਪਿੰਡ ਦਸ-ਪੰਦਰਾਂ ਸਾਲਾਂ ਬਾਅਦ ਜਾ ਰਿਹਾ ਸਾਂ। ਇਸ ਸਮੇਂ ਦੌਰਾਨ ਮੇਰਾ ਸੰਪਰਕ ਇੱਕੋ ਬੰਦੇ ਨਾਲ ਬਣਿਆ ਰਿਹਾ ਸੀ ਤੇ ਉਹ ਸੀ ਗੋਪਾਲ ਚੌਂਕੀਦਾਰ। ਮੈਂ ਕਦੀ-ਕਦੀ ਆਪਣੇ ਮਕਾਨ ਦੀ ਦੇਖ-ਭਾਲ ਕਰਨ ਲਈ ਚਿੱਠੀ ਲਿਖ ਦੇਂਦਾ ਸਾਂ ਤੇ ਮਕਾਨ ਦੀ ਮੁਰੰਮਤ ਲਈ ਪੈਸੇ ਵੀ ਭੇਜ ਦਿਆ ਕਰਦਾ ਸਾਂ। ਇੰਨੇ ਅਰਸੇ ਬਾਅਦ ਪਿੰਡ ਜਾਣ ਕਰਕੇ ਤੇ ਗੋਪਾਲ ਨੂੰ ਮਿਲਣ ਬਾਰੇ ਸੋਚ ਕੇ ਹੀ ਮੈਂ ਬਹੁਤ ਖੁਸ਼ ਹੋ ਰਿਹਾ ਸਾਂ। ਸ਼ਾਮ ਨੂੰ ਸਟੇਸ਼ਨ ਤੋਂ ਉਤਰ ਕੇ ਸੋਚਿਆ ਸੀ ਕਿ ਗੋਪਾਲ ਜ਼ਰੂਰ ਲੈਣ ਆਇਆ ਹੋਵੇਗਾ, ਪਰ ਇਹ ਘੱਟ ਉਮਰ ਵਾਲੇ ਫੈਸ਼ਨੇਬਲ ਜੁਆਨ ਨੇ ਦੱਸਿਆ ਕਿ ਗੁਰੂ ਗੋਪਾਲ ਨੇ ਉਨ੍ਹਾਂ ਨੂੰ ਪਿੰਡ ਲਿਜਾਣ ਲਈ ਭੇਜਿਆ ਹੈ। ਜਦੋਂ ਪਿੰਡ ਜਾਣ ਲਈ ਮੈਂ ਬਸ ਫੜਨ ਦੀ ਗੱਲ ਕੀਤੀ ਤਾਂ ਉਸ ਜੁਆਨ ਤੋਂ ਪਤਾ ਲੱਗਾ ਕਿ ਉਹ ਟੈਕਸੀ ਲੈ ਕੇ ਆਇਆ ਹੈ। ਪਿੰਡ ਦੀ ਇਸ ਤਰ੍ਹਾਂ ਦੀ ਉਨੱਤੀ ਵੇਖ ਕੇ ਮੇਰਾ ਮਨ ਗਦਗਦ ਹੋ ਗਿਆ ਕਿਉਂਕਿ ਪਹਿਲਾਂ ਇਸ ਇਲਾਕੇ ਦੇ ਲੋਕ

ਟੈਕਸੀ ਦਾ ਨਾਂ ਤੱਕ ਨਹੀਂ ਸਨ ਜਾਣਦੇ। ਬੱਸ ਵੀ ਉਸ ਸੜਕ ਉੱਤੇ ਬਹੁਤ ਘੱਟ ਆਉਂਦੀ ਜਾਂਦੀ ਸੀ ਤੇ ਸਾਨੂੰ ਪਿੰਡ ਦੇ ਰਸਤੇ ਉੱਤੇ ਉਤਾਰ ਦਿਆ ਕਰਦੀ ਸੀ ਤੇ ਉਥੋਂ ਪਿੰਡ ਤੱਕ ਚਿੱਕੜ ਵਿੱਚੋਂ ਲੰਘ ਕੇ ਜਾਣਾ ਪੈਂਦਾ ਸੀ।

ਜਦੋਂ ਟੈਕਸੀ ਸਿੱਧੀ ਸਾਡੇ ਪਿੰਡ ਵੱਲ ਨੂੰ ਤੁਰ ਪਈ ਤਾਂ ਮੈਂ ਵੇਖ ਕੇ ਹੈਰਾਨ ਰਹਿ ਗਿਆ ਕਿਉਂਕਿ ਸੜਕ ਬਹੁਤ ਹੀ ਚੰਗੀ ਬਣੀ ਹੋਈ ਸੀ। ਮੈਂ ਉਸ ਜੁਆਨ ਨੂੰ ਪੁੱਛਿਆ ਕਿ ਸੜਕ ਤਾਂ ਗ੍ਰਾਮ-ਵਿਕਾਸ ਯੋਜਨਾ ਵੱਲੋਂ ਹੀ ਬਣਾਈ ਗਈ ਹੋਵੇਗੀ, ਉਸ ਨੇ ਦੱਸਿਆ ਕਿ ਇਹ ਸੜਕ ਅਮਰੀਕਾ ਦੀ ਕਿਸੇ ਸੰਸਥਾ ਨੇ ਬਣਾਈ ਹੈ। ਮੈਂ ਕੁੱਝ ਹੋਰ ਪੁੱਛਣ ਹੀ ਵਾਲਾ ਸਾਂ ਕਿ ਟੈਕਸੀ ਸਾਡੇ ਪਿੰਡ ਦੇ ਕੋਲ ਪਹੁੰਚ ਗਈ। ਸੜਕ ਦੀ ਤਰ੍ਹਾਂ ਮੈਂ ਆਪਣੇ ਪਿੰਡ ਨੂੰ ਵੀ ਨਾ ਪਛਾਣ ਸਕਿਆ। ਓਥੇ ਬਹੁਤ ਕੁੱਝ ਬਦਲ ਚੁੱਕਿਆ ਸੀ ਤੇ ਸਭ ਕੁੱਝ ਕਾਫੀ ਰੱਜਿਆ-ਪੁੱਜਿਆ ਤੇ ਖ਼ੁਸ਼ਹਾਲ ਦਿਖਾਈ ਦੇ ਰਿਹਾ ਸੀ। ਟੈਕਸੀ ਸਾਡੇ ਘਰ ਦੇ ਅੱਗੇ ਆ ਕੇ ਰੁਕੀ। ਪਿੰਡ ਦੀ ਤਰ੍ਹਾਂ ਸਾਡਾ ਘਰ ਵੀ ਪਛਾਣ ਵਿਚ ਨਹੀਂ ਸੀ ਆ ਰਿਹਾ। ਘਰ ਵਿਚ ਨਵੀਂ-ਨਵੀਂ ਸਫ਼ੈਦੀ ਹੋਈ ਲਗਦੀ ਸੀ, ਅਤੇ ਉਸ ਵਿਚ ਕਈ ਨਵੇਂ ਕਮਰੇ ਬਣੇ ਲਗਦੇ ਸਨ ਤੇ ਘਰ ਦੇ ਥੜੇ ਉੱਤੇ ਲਾਈਟ ਜਗ ਰਹੀ ਸੀ। ਸਭ ਤੋਂ ਵਧ ਹੈਰਾਨ ਕਰ ਦੇਣ ਵਾਲੀ ਗੱਲ ਇਹ ਸੀ ਕਿ ਘਰ ਦੇ ਅੱਗੇ ਦੋ ਖੰਭਿਆਂ ਦੇ ਵਿਚਕਾਰ ਇੱਕ ਵੱਡਾ ਸਾਰਾ ਸਾਈਨ ਬੋਰਡ ਲੱਗਿਆ ਹੋਇਆ ਸੀ, ਜਿਸ ਉੱਤੇ ਲਿੱਖਿਆ ਹੋਇਆ ਸੀ, "ਬਾਘ-ਨਾਚ ਸੰਸਥਾ।"

ਮੇਰੀ ਹੈਰਾਨੀ ਦਾ ਕੋਈ ਅੰਤ ਨਾ ਰਿਹਾ। ਜਦੋਂ ਮੈਂ ਆਪਣੇ ਘਰ ਦੇ ਥੜ੍ਹੇ ਉੱਤੇ ਕਈ ਗੋਰਿਆਂ ਨੂੰ ਬੈਠਿਆਂ ਵੇਖਿਆ। ਚੰਗਾ ਹੋਇਆਂ ਕਿ ਓਸ ਵੇਲੇ ਗੋਪਾਲ ਚੌਂਕੀਦਾਰ ਘਰ ਨਿਕਲ ਕੇ ਮੇਰੇ ਕੋਲ ਆਇਆ। ਉਹ ਵੀ ਪਛਾਣਿਆ ਨਹੀਂ ਸੀ ਜਾ ਰਿਹਾ ਕਿਉਂਕਿ ਉਸ ਨੇ ਸ਼ਾਸਤਰੀ ਸੰਗੀਤਕਾਰਾਂ ਵਾਲੀ ਪੋਸ਼ਾਕ ਪਾਈ ਹੋਈ ਸੀ। ਮੈਂ ਉਸ ਨੂੰ "ਕਿਉਂ ਗੋਪਾਲ, ਕੀ ਹਾਲ ਹੈ ?" ਕਹਿ ਕੇ ਗਲੇ ਲੱਗਣ ਹੀ ਵਾਲਾ ਸਾਂ ਕਿ ਉਸ ਨੇ "ਗੁੱਡ-ਮਾਰਨਿੰਗ" ਕਹਿ ਕੇ ਮੇਰੇ ਵੱਲ ਹੱਥ ਵਧਾਇਆ ਤੇ ਬੜੀ ਅਪਣੱਤ ਨਾਲ ਹੱਥ ਦਬਾਇਆ। ਫੇਰ ਮੈਨੂੰ ਲਿਜਾ ਕੇ ਚਬੂਤਰੇ ਉੱਤੇ ਬੈਠੇ ਅੱਠ-ਦੱਸ ਬਦੇਸ਼ੀਆਂ ਤੇ ਬਦੇਸ਼ਣਾਂ ਨਾਲ ਮੇਰੀ ਜਾਣ-ਪਛਾਣ ਕਰਵਾਈ ਤੇ ਮੈਨੂੰ ਇਕ ਸਾਫ਼-ਸੁਥਰੇ ਕਮਰੇ ਵਿਚ ਲੈ ਆਇਆ। ਮੈਨੂੰ ਇਹ ਵੇਖ ਕੇ ਬੜੀ ਹੈਰਾਨੀ ਤੇ ਖ਼ੁਸ਼ੀ ਹੋਈ ਕਿ ਗੋਪਾਲ ਚੌਂਕੀਦਾਰ ਹੁਣ ਬਿਲਕੁਲ ਗ਼ਲਤ ਪਰ ਰਵਾਂ ਅੰਗਰੇਜ਼ੀ ਵਿੱਚ ਗੱਲ ਕਰ ਲੈਂਦਾ ਸੀ ਤੇ ਬਾਹਰ ਬੈਠੇ ਹੋਏ ਗੋਰੇ ਲੋਕ ਉਸ ਨਾਲ ਕਾਫ਼ੀ ਅਦਬ ਨਾਲ ਗੱਲ ਕਰਦੇ ਸਨ।

ਜਦੋਂ ਅਸੀਂ ਦੋਵੇਂ ਕਮਰੇ ਵਿੱਚ ਬੈਠੇ ਸੀ ਤਾਂ ਗੋਪਾਲ ਨੇ ਮੈਨੂੰ ਹੁਣ ਤੱਕ ਦੀਆਂ ਸਾਰੀਆਂ ਗੱਲਾਂ ਦੱਸੀਆਂ। ਉਸ ਨੇ ਦੱਸਿਆ ਕਿ ਇਸ ਦੌਰਾਨ ਬਾਘ-ਨਾਚ ਦੁਨੀਆਂ ਭਰ ਵਿੱਚ ਮਸ਼ਹੂਰ ਹੋ ਗਿਆ ਸੀ ਤੇ ਉਸ ਦੀ ਟੋਲੀ ਨੂੰ ਦੇਸ਼-ਬਦੇਸ਼ ਤੋਂ ਬੁਲਾਵੇ ਆਉਣ ਲੱਗ ਪਏ ਸਨ। ਸਾਲ ਦੇ ਅੱਧੇ ਦਿਨ ਬਦੇਸ਼ ਵਿਚ ਰਹਿ ਕੇ ਓਥੋਂ ਦੇ ਬਦੇਸ਼ੀ ਵਿਦਿਆਰਥੀਆਂ ਨੂੰ ਡਾਂਸ ਸਿਖਾਉਂਦਾ ਸੀ ਜਾਂ ਫੇਰ ਆਪਣੀ ਟੋਲੀ ਦਾ ਪ੍ਰੋਗਰਾਮ ਦਿਖਾਉਂਦਾ ਸੀ। ਬਦੇਸ਼ ਦੀਆਂ ਕਾਫ਼ੀ ਔਰਤਾਂ ਤੇ ਮਰਦ ਵੀ ਸਾਡੇ ਪਿੰਡ ਨਾਚ ਸਿੱਖਣ ਜਾਂ ਖੋਜ ਦੇ ਸਿਲਸਿਲੇ ਵਿਚ ਆਉਣ ਲੱਗ ਪਏ ਸਨ। ਸਾਡਾ ਘਰ ਠੀਕ-ਠਾਕ ਗੋਪਾਲ ਨੇ ਆਪਣੇ ਕੰਮ ਲਈ ਵਰਤਣਾ ਸ਼ੁਰੂ ਕਰ ਲਿਆ ਸੀ ਤੇ ਹੁਣ ਉਹੀ ਇਸ ਘਰ ਨੂੰ ਖ਼ਰੀਦਣਾ ਵੀ ਚਾਹੁੰਦਾ ਸੀ। ਜਦੋਂ ਰਾਤੀਂ ਉਸ ਨੇ ਮੈਨੂੰ ਕਿਹਾ ਕਿ ਚੱਲਕੇ ਰੀਹਰਸਲ ਵੇਖੋ,ਤਾਂ ਪਹਿਲਾਂ ਮੈਂ ਚੌਂਕ ਗਿਆ ਕਿਉਂਕਿ ਬਾਘ-ਨਾਚ ਮੇਲੇ ਨੂੰ ਅਜੇ ਕਾਫ਼ੀ ਦਿਨ ਪਏ ਸੀ। ਪਰ ਗੋਪਾਲ ਨੇ ਮੈਨੂੰ ਸਮਝਾਇਆ ਕਿ ਅੱਜਕੱਲ੍ਹ ਇਹ ਨਾਚ ਸਾਰਾ ਸਾਲ ਹੀ ਚੱਲਦਾ ਹੈ ਅਤੇ ਗਰਮੀਆਂ ਵਿਚ ਬਦੇਸ਼ੀ ਲੋਕ ਏਥੇ ਨਹੀਂ ਆ ਸਕਦੇ, ਏਸ ਲਈ ਇਹ ਨਾਚ ਦਾ ਮੇਲਾ ਵੀ ਸਰਦੀਆਂ ਵਿੱਚ ਹੀ ਕਰ ਦਿੱਤਾ ਗਿਆ ਹੈ।" ਇਸ ਵਿੱਚ ਸਭ ਕੁੱਝ ਲਿਖਿਆ ਹੋਇਆ ਹੈ" ਕਹਿ ਕੇ ਗੋਪਾਲ ਮੈਨੂੰ ਇੱਕ ਕਿਤਾਬਚਾ ਫੜਾ ਕੇ ਆਪ ਬਾਹਰ ਚਲਾ ਗਿਆ।

ਬਾਘ-ਨਾਚ ਤੇ ਲਿਖੀ ਕਿਤਾਬ ਪੜ੍ਹ ਕੇ ਮੈਨੂੰ ਬਹੁਤ ਸਾਰੇ ਨਵੇਂ ਤੱਥਾਂ ਦਾ ਪਤਾ ਲੱਗਿਆ, ਜਿਹੜੇ ਮੈਂ ਪਹਿਲਾਂ ਨਹੀਂ ਸਾਂ ਜਾਣਦਾ। ਕਹਿੰਦੇ ਹਨ ਕਿ ਬਾਘ-ਨਾਚ ਇਕ ਭਾਰਤੀ ਸ਼ਾਸਤਰੀ ਨ੍ਰਿਤ ਕਲਾ ਹੈ ਜੋ 'ਵਿਆਗ੍ਰਸ਼ਾਸਤ੍ਰਮ' ਨਾਮਕ ਪਹਿਲੀ ਵਾਰ ਤਾੜ-ਪੱਤਰ ਦੀ ਇਕ ਪੋਥੀ ਰਾਹੀਂ ਪ੍ਰਗਟ ਹੋ ਕੇ ਸਾਹਮਣੇ ਆ ਚੁਕੀ ਹੈ। ਅੱਗੇ ਚੱਲ ਕੇ ਇਹ ਡਾਂਸ ਇੱਕ ਖ਼ਾਸ ਥਾਂ ਅਰਥਾਤ ਸਾਡੇ ਪਿੰਡ ਤੱਕ ਹੀ ਸੀਮਿਤ ਰਹਿ ਗਿਆ ਸੀ ਅਤੇ ਪ੍ਰਦੇਸ਼ਿਕ-ਆਂਚਲਿਕ ਪ੍ਰਭਾਵ ਕਰਕੇ ਭ੍ਰਸ਼ਟ ਤੇ ਵਿਕਰਿਤ ਹੋ ਗਿਆ ਸੀ। ਇਹ ਨਾਚ ਹੁਣ ਤੱਕ ਅਤੀਤ ਵਿਚ ਗੁੰਮ ਹੋ ਗਿਆ ਹੁੰਦਾ ਜੇ ਕੁੱਝ ਸਾਲ ਪਹਿਲਾਂ ਨਾਚਾਂ ਉੱਤੇ ਖੋਜ ਕਰਨ ਵਾਲੇ ਇਕ ਅਮਰੀਕਨ ਨੇ, ਗੱਡੀ ਦੀ ਖ਼ਰਾਬੀ ਦੇ ਕਾਰਨ ਬਾਘ-ਨਾਚ ਵਾਲੇ ਮੌਕੇ ਉੱਤੇ ਸਾਡੇ ਪਿੰਡ ਵਿਚ ਇੱਕ ਰਾਤ ਨਾ ਬਿਤਾਈ ਹੁੰਦੀ। ਉਸ ਦੇ ਬਾਅਦ ਸ਼ੁਰੂ ਹੋਇਆ ਬਾਘ-ਨਾਚ ਦਾ ਪੁਨਰ-ਜਨਮ ਤੇ ਸ਼ੁੱਧੀਕਰਣ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਗੁਰੂ ਗੋਪਾਲ ਦੇ ਬੇਮਿਸਾਲ ਉਤਸ਼ਾਹ ਤੇ ਮਿਹਨਤ ਅਤੇ ਬਦੇਸ਼ੀ ਖੋਜੀਆਂ, ਨਾਚ-ਮਾਹਿਰਾਂ ਤੇ ਸੰਸਥਾਵਾਂ ਦੀ ਮੱਦਦ ਨਾਲ ਇਹ ਨਾਚ ਸਾਰੀ ਦੁਨੀਆਂ ਵਿਚ ਮਸ਼ਹੂਰ ਹੋ ਗਿਆ।

ਕਿਤਾਬ ਪੜ੍ਹ ਕੇ ਮੈਂ ਖੁਸ਼ ਵੀ ਹੋਇਆ ਤੇ ਦੁਖੀ ਵੀ। ਮੇਰੀ ਖੁਸ਼ੀ ਦਾ ਕਾਰਣ ਇਹ ਸੀ ਕਿ ਸਾਡੇ ਪਿੰਡ ਦੀ ਇੱਕ ਚੀਜ਼ ਵਿਸ਼ਵ ਵਿੱਚ ਮਸ਼ਹੂਰ ਹੋ ਕੇ ਦੇਸ਼-ਬਦੇਸ਼ ਦਾ ਧਿਆਨ ਆਪਣੇ ਵੱਲ ਖਿੱਚ ਰਹੀ ਹੈ ਤੇ ਇਹ ਸਾਰਾ ਕੰਮ ਬਚਪਨ ਦੇ ਇੱਕ ਦੋਸਤ ਦਾ ਹੈ। ਮੈਂ ਦੁਖੀ ਇਸ ਲਈ ਹੋ ਰਿਹਾ ਸਾਂ ਕਿ ਮੇਰੇ ਬਚਪਨ ਵਾਲਾ ਖੁਸ਼ੀ, ਉਤਸਾਹ, ਰੋਮਾਨਸ ਤੇ ਹਾਸੇ-ਠੱਠੇ ਨਾਲ ਭਰਿਆ ਪਿੰਡ ਹੁਣ ਨਹੀਂ ਸੀ ਰਿਹਾ ਤੇ ਸਾਡਾ ਆਪਣਾ ਬਾਘ-ਨਾਚ ਵੀ ਹੁਣ ਸਰਬ-ਸਾਂਝੀ ਜਾਇਦਾਦ ਬਣ ਚੁੱਕਾ ਸੀ। ਮੈਂ ਆਪਣੇ ਆਪ ਨੂੰ ਦਿਲਾਸਾ ਦਿੱਤਾ ਕਿ ਇਸ ਵਿੱਚ ਦੁਖੀ ਹੋਣ ਵਾਲੀ ਕੋਈ ਗੱਲ ਨਹੀਂ, ਕਿਉਂਕਿ ਵਕਤ ਨਾਲ ਸਭ ਕੁੱਝ ਬਦਲ ਜਾਂਦਾ ਹੈ। ਉੱਨਤੀ ਹੋ ਰਹੀ ਹੈ, ਪੁਰਾਣਾ ਖਤਮ ਹੋ ਰਿਹਾ ਹੈ ਤੇ ਨਵਾਂ ਉੱਸਰ ਰਿਹਾ ਹੈ।

ਇਹ ਸੋਚ ਕੇ ਮੈਂ ਕਮਰੇ ਤੋਂ ਬਾਹਰ ਆਇਆ ਹੀ ਸਾਂ ਕਿ ਇੱਕ ਗੋਰਾ ਮੇਰੇ ਕੋਲ ਆਇਆ। ਉਸ ਦੇ ਮੋਢੇ ਉੱਤੇ ਕੈਮਰਾ, ਟੇਪਰਿਕਾਰਡਰ ਅਤੇ ਹੱਥ ਵਿਚ ਨੋਟ-ਬੁੱਕ ਦੇਖ ਕੇ ਮੈਂ ਸਮਝ ਗਿਆ ਕਿ ਇਹ ਕੋਈ ਖੋਜੀ ਹੋਵੇਗਾ। ਮੇਰੇ ਕੋਲ ਆ ਕੇ ਬਿਨਾਂ ਕਿਸੇ ਗੱਲ ਦੇ ਜਾਂ ਬੇਨਤੀ ਦੇ ਉਸ ਨੇ ਮੇਰੇ ਮੂੰਹ ਕੋਲ ਮਾਈਕ੍ਰੋਫ਼ੋਨ ਵਧਾ ਕੇ ਪੁੱਛਿਆ, "ਕੀ ਤੁਸੀਂ ਗੁਰੂ ਗੋਪਾਲ ਦੇ ਲੈਂਡਲਾਰਡ ਹੋ?" ਮੈਂ ਉਸ ਦੇ ਸੁਆਲ ਦਾ ਇਕਦਮ ਕੋਈ ਜਵਾਬ ਨਾ ਦੇ ਸਕਿਆ, ਕਿਉਂਕਿ ਗੋਪਾਲ ਚੌਂਕੀਦਾਰ ਦੇ ਕੋਲ ਸਾਡੀ ਚਾਬੀ ਹੋਣ ਕਰਕੇ ਮਾਲਕ ਤੇ ਕਿਰਾਏਦਾਰ ਵਰਗੇ ਸੰਬੰਧ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਮੈਨੂੰ ਚੁੱਪ ਦੇਖ ਕੇ ਉਸ ਗੋਰੇ ਨੇ ਉਹੀ ਸਵਾਲ ਦੂਜੇ ਤਰੀਕੇ ਨਾਲ ਪੁੱਛਿਆ, "ਗੁਰੂ ਗੋਪਾਲ ਜਿਸ ਘਰ ਵਿੱਚ ਰਹਿੰਦੇ ਨੇ, ਕੀ ਤੁਸੀਂ ਉਸ ਦੇ ਮਾਲਕ ਹੋ ?" ਮੈਂ ਹਾਮੀ ਭਰੀ। ਫੇਰ ਉਸ ਨੇ ਅਗਲਾ ਸਵਾਲ ਕੀਤਾ, "ਤੁਸੀਂ ਬ੍ਰਾਹਮਣ ਹੋ ਜਾਂ ਸ਼ੂਦਰ? ਉਸ ਨੇ ਮੇਰਾ ਜਵਾਬ ਸੁਣਦਿਆਂ ਹੀ ਪੁੱਛਿਆ, "ਤੁਹਾਡੀ ਗੋਤ ਕੀ ਹੈ ? ਇਸ ਦੇ ਬਾਅਦ ਉਹ ਮੈਨੂੰ ਮੇਰੇ ਹੀ ਕਮਰੇ ਵਿੱਚ ਲੈ ਗਿਆ ਤੇ ਮੈਨੂੰ ਬਿਠਾ ਲਿਆ। ਫੇਰ ਮੋਢੇ ਤੋਂ ਟੇਪ-ਰੀਕਾਰਡਰ ਲਾਹ ਕੇ ਉਸ ਦਾ ਪਲੱਗ ਕੰਧ ਦੇ ਸਵਿੱਚ ਬੋਰਡ ਵਿੱਚ ਲਾ ਦਿੱਤਾ ਤੇ ਮੇਰੇ ਅੱਗੇ ਬੈਠ ਕੇ ਜਿਰਹ ਕਰਨੀ ਸ਼ੁਰੂ ਕਰ ਦਿੱਤੀ। ਮੈਨੂੰ ਬੜੀ ਬੇਚੈਨੀ ਹੋ ਰਹੀ ਸੀ, ਫੇਰ ਵੀ ਮੈਂ ਉਸ ਨੂੰ ਟੋਕਿਆ ਨਾ ਇਹ ਸੋਚ ਕੇ ਕਿ ਇਸ ਵਿੱਚ ਗੋਪਾਲ ਚੌਂਕੀਦਾਰ ਦੀ ਕੋਈ ਭਲਾਈ ਹੋਵੇਗੀ, ਬੜੀ ਨਿਮਰਤਾ ਨਾਲ, ਜਿੱਥੋਂ ਤੱਕ ਹੋ ਸਕਿਆ, ਉਸ ਦੇ ਸਵਾਲਾਂ ਦੇ ਜੁਆਬ ਦੇਂਦਾ ਰਿਹਾ।

ਮੇਰੀ ਖੁਸ਼ਕਿਸਮਤੀ ਕਿ ਕਿਸੇ ਨੇ ਸਾਨੂੰ ਨਾਚ ਦਾ ਪ੍ਰੋਗਰਾਮ ਵੇਖਣ ਲਈ ਬੁਲਾਇਆ ਤੇ ਮੈਂ ਸ਼ੁਕਰ ਕੀਤਾ ਕਿ ਗੋਰੇ ਦੀ ਬੰਦੀ ਵਿੱਚੋਂ ਮੇਰੀ ਮੁਕਤੀ ਹੋਈ ਤੇ ਮੈਂ ਬਾਹਰ ਆ ਗਿਆ। ਡਾਂਸ ਦੀ ਰੀਹਰਸਲ ਲਈ ਪਿੰਡ ਦੇ ਦੂਜੇ ਪਾਸੇ ਇੱਕ ਵੱਡਾ ਸਾਰਾ ਹਾਲ ਬਣਾਇਆ ਹੋਇਆ ਸੀ। ਉਸ ਵਿੱਚ ਬਿਜਲੀ ਜਗ ਰਹੀ ਸੀ ਤੇ ਇੱਕ ਉੱਚੇ ਆਸਣ ਉੱਤੇ ਗੋਪਾਲ ਚੌਂਕੀਦਾਰ ਗੁਰੂ ਦੀ ਤਰ੍ਹਾਂ ਗੰਭੀਰਤਾ ਨਾਲ ਬੈਠਾ ਹੋਇਆ ਸੀ। ਗੋਰਿਆਂ ਵਿੱਚ ਬੈਠ ਕੇ ਮੈਂ ਚਾਰੇ ਪਾਸੇ ਨਿਗਾਹ ਘੁਮਾਈ। ਇੱਕ ਨੁੱਕਰ ਵਿੱਚ ਇੱਕ ਗੋਰਾ ਕੈਮਰਾ ਲਈ ਖੜ੍ਹਾ ਸੀ ਤੇ ਗੋਪਾਲ ਚੌਂਕੀਦਾਰ ਦੇ ਪੈਰਾਂ ਕੋਲ ਇੱਕ ਬਦੇਸ਼ੀ ਔਰਤ ਟੇਪਰੀਕਾਰਡਰ ਦਾ ਮਾਈਕ੍ਰੋਫ਼ੋਨ ਹੱਥ ਵਿੱਚ ਫੜ ਕੇ ਗੋਪਾਲ ਵੱਲ ਬੜੇ ਧਿਆਨ ਨਾਲ ਦੇਖ ਰਹੀ ਸੀ। ਗੋਪਾਲ ਦੇ ਸਾਹਮਣੇ ਜੋ ਲੋਕ ਨੱਚਣ ਵਾਲੇ ਬੈਠੇ ਸਨ, ਉਨ੍ਹਾਂ ਦੇ ਸਰੀਰ ਤੇ ਬਾਘ ਦੀ ਖੱਲੀ ਵਰਗੀ ਮਲਮਲ ਦੀ ਪੋਸ਼ਾਕ ਤੇ ਮੂੰਹ ਉੱਤੇ ਬਾਘ ਵਰਗਾ ਮੁਖੌਟਾ ਸੀ। ਗੋਪਾਲ ਦੇ ਖੱਬੇ ਪਾਸੇ ਅੱਠ ਸੰਗੀਤਕਾਰ ਕਈ ਤਰ੍ਹਾਂ ਦੇ ਵਾਦ-ਜੰਤਰ ਲੈ ਕੇ ਮਾਈਕ ਦੇ ਅੱਗੇ ਬੈਠ ਕੇ ਆਪਣੇ ਗੁਰੂ ਦੇ ਹੁਕਮ ਦੀ ਉਡੀਕ ਕਰ ਰਹੇ ਸਨ।

ਸਾਡੇ ਬੈਠਣ ਤੋਂ ਬਾਅਦ ਚੌਂਕੀਦਾਰ ਨੇ ਅੱਖਾਂ ਬੰਦ ਕਰ ਕੇ ਕੋਈ ਮੰਤਰ ਪੜ੍ਹਿਆ ਤੇ ਜ਼ਮੀਨ ਨੂੰ ਛੂਹ ਕੇ ਉਂਗਲੀਆਂ ਮੱਥੇ ਨੂੰ ਲਾਈਆਂ। ਉਸ ਦੇ ਬਾਅਦ ਸਾਰੇ ਨੱਚਣ ਵਾਲਿਆਂ ਨੇ ਅਤੇ ਪੈਰਾਂ ਕੋਲ ਬੈਠੀ ਉਸ ਲੜਕੀ ਨੇ, ਇੱਕ-ਇੱਕ ਕਰ ਕੇ, ਗੋਪਾਲ ਦੇ ਪੈਰ ਛੂਹੇ। ਫੇਰ ਸੰਗੀਤ ਸ਼ੁਰੂ ਹੋਇਆ ਤੇ ਨੱਚਣ ਵਾਲਿਆਂ ਨੇ ਉੱਠ ਕੇ ਨੱਚਣਾ ਸ਼ੁਰੂ ਕਰ ਦਿੱਤਾ। ਇਹ ਨਾਚ ਬੜਾ ਉਕਾਸਾਊ ਤੇ ਬੜਾ ਦਿਲਚਸਪ ਸੀ। ਜਿਹੜਾ ਡਾਂਸ ਮੈਂ ਬਚਪਨ ਵਿੱਚ ਆਪਣੇ ਪਿੰਡ ਵਿਚ ਵੇਖਿਆ ਕਰਦਾ ਸਾਂ, ਉਸ ਦਾ ਇਸ ਨਾਚ ਨਾਲ ਦੂਰ ਦੀ ਵੀ ਕੋਈ ਸਮਾਨਤਾ ਨਹੀਂ ਸੀ। ਇਹ ਨਾਚ ਮੇਰੇ ਦਿਲ ਨੂੰ ਛੂਹ ਨਾ ਸਕਿਆ। ਨਾਚ ਮੁੱਕਣ ਉਪਰੰਤ ਜਦੋਂ ਨੱਚਣ ਵਾਲਿਆਂ ਨੇ ਆਪਣੇ ਚਿਹਰਿਆਂ ਤੋਂ ਮੁਖੌਟੇ ਲਾਹੇ ਤਾਂ ਮੈਂ ਵੇਖਿਆ ਕਿ ਉਨ੍ਹਾਂ ਵਿੱਚ ਦੋ ਬਦੇਸ਼ੀ ਜੁਆਨ ਤੇ ਇਕ ਬਦੇਸ਼ੀ ਔਰਤ ਵੀ ਸੀ।

ਨਾਚ ਮੁੱਕਣ ਦੇ ਇਕਦਮ ਉਹੀ ਗੋਰਾ ਫੇਰ ਮੇਰੇ ਮਗਰ ਲੱਗ ਗਿਆ, ਕੁੱਝ ਹੋਰ ਸੁਆਲ ਪੁੱਛਣ ਲਈ। ਪਰ ਮੈਂ ਬੜੀ ਹੁਸ਼ਿਆਰੀ ਨਾਲ ਉਸ ਤੋਂ ਪਿੱਛਾ ਛੁਡਾ ਲਿਆ। ਪਰ ਮੇਰੀ ਬਦਨਸੀਬੀ ਕਿ ਮੈਂ ਇੱਕ ਹੋਰ ਗੋਰੇ ਦੀ ਲਪੇਟ ਵਿੱਚ ਆ ਗਿਆ। ਉਸ ਨੇ ਦੱਸਿਆ ਕਿ ਮੈਂ ਸਭ ਤੋਂ ਪਹਿਲਾ ਬੰਦਾ ਹਾਂ, ਜਿਸ ਨੇ ਬਾਘ-ਨਾਚ ਨੂੰ ਸੋਧਿਆ-ਸਵਾਰਿਆ ਸੀ। ਇਹ ਪਹਿਲੇ ਗੋਰੇ ਨਾਲੋਂ ਜ਼ਿਆਦਾ ਸ਼ਾਂਤ ਤੇ ਚੰਗੇ ਸੁਭਾਅ ਦਾ ਸੀ ਤੇ ਮੈਨੂੰ ਸੁਆਲਾਂ ਦੀ ਉਲਝਣ ਵਿੱਚ ਪਾਉਣ ਦੀ ਥਾਂ ਆਪ ਨਵੀਆਂ-ਨਵੀਆਂ ਗੱਲਾਂ ਦੱਸ ਰਿਹਾ ਸੀ। ਭਾਰਤਵਰਸ਼ ਵਿਚ

ਸੰਭਾਲ ਦੀ ਘਾਟ ਕਰਕੇ ਲੋਕਾਂ ਦੀ ਸੰਸਕ੍ਰਿਤੀ ਕਿਵੇਂ ਲੋਪ ਹੋ ਰਹੀ ਹੈ। ਲੋਕ-ਸੰਸਕ੍ਰਿਤੀ ਨੂੰ ਭਾਰਤੀ ਪਰੰਪਰਾ ਅਨੁਸਾਰ ਸ਼ੁੱਧ ਤੇ ਮਿਲਾਵਟ ਤੋਂ ਬਿਨਾਂ ਰੱਖਣ ਲਈ ਕਈ ਉਪਾਅ ਕਰਨੇ ਪੈਣਗੇ, ਨਹੀਂ ਤਾਂ ਇਸ ਵਿੱਚ ਹੌਲੀ-ਹੌਲੀ ਹੋਰ ਕਈ ਘਟੀਆ ਚੀਜ਼ਾਂ ਦੇ ਰੁਲਣ ਨਾਲ ਇਹ ਲੋਕ-ਸੰਸਕ੍ਰਿਤੀ ਇੱਕ ਅਪ-ਸੰਸਕ੍ਰਿਤੀ ਵਿੱਚ ਬਦਲ ਜਾਏਗੀ ਜੋ ਕਿ ਕਲਾ ਦਾ ਮਖੌਲ ਹੀ ਹੋਵੇਗੀ।

ਅੱਜ ਰਘੂ ਚੌਂਕੀਦਾਰ ਜੀਉਂਦਾ ਹੁੰਦਾ ਤਾਂ ਇਸ ਬਾਰੇ ਕੀ ਕਹਿੰਦਾ ? ਮੈਂ ਇਸ ਬਾਰੇ ਕੀ ਕਹਿੰਦਾ ? ਮੈਂ ਇਸ ਬਾਰੇ ਚਿੰਤਾ ਕਰਨੀ ਛੱਡ ਦਿੱਤੀ।

ਇਹ ਪਿੰਡ ਹੁਣ ਰਘੂ ਚੌਂਕੀਦਾਰ ਦਾ ਪਿੰਡ ਨਹੀਂ ਸੀ। ਇਹ ਅੰਤਰ ਰਾਸ਼ਟਰੀ ਕਲਾ ਦਾ ਖੇਤਰ ਬਣ ਚੁੱਕਾ ਸੀ। ਬਾਘ-ਨਾਚ ਨਾਲ ਸਾਡੇ ਪਿੰਡ ਦੇ ਲੋਕਾਂ ਦਾ ਕੋਈ ਸੰਬੰਧ ਨਹੀਂ ਸੀ। ਇਹ ਨ੍ਰਿਤ ਕਲਾ ਦੇਸ਼-ਬਦੇਸ਼ ਦੇ ਵਿਦਵਾਨ ਲੋਕਾਂ ਦੇ ਭੋਗਣ ਤੇ ਨ੍ਰਿਤ-ਵਿੱਦਿਆ ਦੇ ਮਾਹਿਰਾਂ, ਸਮਾਜ ਸ਼ਾਸਤਰੀਆਂ ਤੇ ਡਾਂਸ-ਸ਼ਾਸਤਰੀਆਂ ਦੇ ਪੜ੍ਹਨ-ਖੋਜਣ ਦਾ ਵਿਸ਼ਾ ਸੀ। ਮੂੰਹ ਉੱਤੇ ਮੁਖੌਟਾ ਤੇ ਬਾਘ ਦੀ ਪੋਸ਼ਾਕ ਪਾ ਕੇ ਨੱਚਣ ਵਾਲੇ ਹੁਣ ਸਾਡੇ ਪਿੰਡ ਦੇ ਲੋਕ ਨਹੀਂ ਸਨ। ਉਹ ਤਾਂ ਸਾਰੇ ਸਾਡੇ ਦੇਸ਼ ਦੇ ਸੰਸਕ੍ਰਿਤਿਕ ਰਾਜਦੂਤ ਬਣ ਚੁੱਕੇ ਸਨ।

ਇਹ ਸਾਰੀਆਂ ਗੱਲਾਂ ਸੋਚਦਾ ਹੋਇਆ ਮੈਂ ਗੋਪਾਲ ਚੌਂਕੀਦਾਰ ਕੋਲ ਗਿਆ। ਹੁਣ ਤੱਕ ਪਰਛਾਵੇਂ ਵਾਂਗ ਉਸ ਨਾਲ ਚੰਬੜੀ ਕੁੜੀ ਉਸ ਦੇ ਕੋਲ ਹੀ ਸੀ। ਹੱਥ ਵਿਚ ਬਾਘ ਦਾ ਇਕ ਮੁਖੌਟਾ ਫੜੀ ਗੋਪਾਲ ਉਸ ਲੜਕੀ ਨੂੰ ਕੁੱਝ ਸਮਝਾ ਰਿਹਾ ਸੀ। ਬਾਘ ਦੀਆਂ ਅੱਖਾਂ ਲਾਲ ਹੀ। ਕਿਉਂ ਹਨ। ਭਾਰਤੀ ਨਾਟ ਸ਼ਾਸਤਰ ਅਨੁਸਾਰ ਲਾਲ ਰੰਗ ਰੁਦਰ ਰਸ ਦਾ ਪ੍ਰਤੀਕ ਹੈ। ਉਸ ਕੁੜੀ ਦਾ ਚਿਹਰਾ ਖੁਸ਼ੀ ਨਾਲ ਖਿੜ ਗਿਆ, ਤੇ ਗੋਪਾਲ ਨੂੰ ਜਰਾ ਰੁਕਣ ਲਈ ਕਹਿ ਕੇ ਉਸ ਨੇ ਆਪਣੀ ਕਾਪੀ ਵਿਚ ਕੁੱਝ ਲਿਖਿਆ। ਪੁੱਛਣ ਉੱਤੇ ਪਤਾ ਲੱਗਿਆ ਕਿ ਉਹ ਲੜਕੀ ਗੁਰੂ ਗੋਪਾਲ ਦੀ ਜੀਵਨੀ ਲਿਖਣ ਵਿੱਚ ਲੱਗੀ ਹੋਈ ਹੈ। ਜਦੋਂ ਉਸ ਲੜਕੀ ਨੂੰ ਪਤਾ ਲੱਗਿਆ ਕਿ ਮੈਂ ਗੋਪਾਲ ਦੇ ਬਚਪਨ ਦਾ ਦੋਸਤ ਹਾਂ ਤਾਂ ਉਸ ਨੇ ਮੇਰੇ ਕੋਲੋਂ ਪੂਰੇ ਦਿਨ ਦੀ ਮੁਲਾਕਾਤ ਦਾ ਵਾਅਦਾ ਲੈ ਲਿਆ।

ਅਸੀਂ ਪਿੰਡ ਦੇ ਪਿਛਵਾੜੇ ਵੱਲੋਂ ਹੋ ਕੇ ਡਾਂਸ ਦੇ ਅਭਿਆਸ ਵਾਲੀ ਥਾਂ ਤੋਂ ਵਾਪਸ ਘਰ ਆਏ। ਸਿਆਲ ਦੀ ਰਾਤ ਸੀ। ਪਿੰਡ ਦੇ ਸਾਰੇ ਲੋਕ ਸੌਂ ਚੁੱਕੇ ਸਨ ਤੇ ਹਰ ਪਾਸੇ ਖਾਮੋਸ਼ੀ ਪੂਰੀ ਤਰ੍ਹਾਂ ਪੱਸਰੀ ਹੋਈ ਸੀ। ਅੰਬ ਦੇ ਰੁੱਖਾਂ ਦੇ ਨਾਲ ਵਾਲੇ ਰਸਤੇ ਤੋਂ ਲੰਘਦਿਆਂ ਥੋੜੀ-ਥੋੜੀ ਦੂਰੀ ਉੱਤੇ ਚਾਂਦਨੀ ਦੀ ਰੌਸ਼ਨੀ, ਸਿਆਲ ਦਾ ਕੁਹਰਾ, ਝੀਂਗਰ ਦੀ ਧੁਨੀ, ਮਿੱਟੀ ਦੀ

ਮਹਿਕ ਤੇ ਚਮਗਿੱਦੜ ਦੀ ਫੜਫੜਾਹਟ ਸੁਣ ਕੇ ਮੈਨੂੰ ਆਪਣਾ ਬਚਪਨ ਯਾਦ ਆ ਗਿਆ। ਪਰ ਇਹ ਇੰਦਰ ਜਾਲ ਅਚਾਨਕ ਹੀ ਵਲ੍ਹੇਟਿਆ ਗਿਆ ਜਦੋਂ ਮੇਰੀਆਂ ਅੱਖਾਂ ਅੱਗੇ ਸਾਡਾ ਬਿਜਲੀ ਦੀ ਰੋਸ਼ਨੀ ਵਾਲਾ ਘਰ ਤੇ ਉਸ ਦੇ ਅੱਗੇ ਇੱਕ ਚੌਂਕੀਦਾਰ ਵਰਗਾ ਖੜਾ ਸੰਸਥਾ ਦਾ ਬੋਰਡ ਦਿੱਸਿਆ।

ਜਦੋਂ ਅਸੀਂ ਸਾਰੇ ਬੈਠੇ ਖਾਣਾ ਖਾ ਰਹੇ ਸਾਂ, ਤਾਂ ਗੋਪਾਲ ਨੇ ਮੈਨੂੰ ਪੁੱਛਿਆ, “ਤੁਸੀਂ ਪਿੰਡ ਵਿੱਚ ਹੋਰ ਕਿੰਨਾ ਚਿਰ ਰਹੋਗੇ।" ਕੈਮਰਾ, ਟੇਪ-ਰੀਕਾਰਡਰ, ਨੋਟ-ਬੁੱਕ, ਫ਼ਲੈਸ਼ ਲਾਈਟ, ਜੀਵਨੀ-ਲੇਖਕ, ਨਾਚ-ਗਿਆਨੀ ਤੇ ਖੋਜਕਾਰਾਂ ਵੱਲ ਵੇਖ ਕੇ ਮੇਰਾ ਮਨ ਇੱਕ ਤਰ੍ਹਾਂ ਨਾਲ ਉਦਾਸ ਹੋ ਗਿਆ। ਮੈਨੂੰ ਇਹ ਮਾਹੌਲ ਬਹੁਤ ਅਜੀਬ ਲੱਗ ਰਿਹਾ ਸੀ ਤੇ ਘੁਟਨ ਜਿਹੀ ਮਹਿਸੂਸ ਹੋ ਰਹੀ ਸੀ। ਮੈਂ ਉਸ ਨੂੰ ਕਿਹਾ, "ਸ਼ਹਿਰ ਵਿੱਚ ਮੈਨੂੰ ਜ਼ਰੂਰੀ ਕੰਮ ਹੈ ਇਸ ਲਈ ਮੈਂ ਕੱਲ੍ਹ ਸਵੇਰੇ ਹੀ ਵਾਪਸ ਚਲਾ ਜਾਵਾਂਗਾ।"

*****

# ਸਾਮਰਾਜ

ਇੱਕ ਸੱਚੇ ਕਰਤੱਵ ਵਾਲੇ, ਕਰਮਸ਼ੀਲ, ਉੱਦਮੀ ਤੇ ਕੰਮ ਵਿਚ ਨਿਪੁਣ ਅਧਿਕਾਰੀ ਦੇ ਰੂਪ ਵਿੱਚ ਰਘੁਪਤੀ ਜੀ ਦੀ ਬੜੀ ਮਸ਼ਹੂਰੀ ਸੀ। ਪਰ ਉਨ੍ਹਾਂ ਦੇ ਜਿਸ ਗੁਣ ਨੂੰ ਲੋਕੀ ਖਾਸ ਕਰ ਕੇ ਜਾਣਦੇ ਸਨ, ਉਹ ਸੀ ਉਨ੍ਹਾਂ ਦਾ ਗਰਮ ਮਿਜ਼ਾਜ਼, ਚਿੜਚਿੜਾ ਸੁਭਾਅ ਤੇ ਗੁਸੈਲ ਚਿਹਰਾ। ਉਹ ਮੋਟਾ ਚਸ਼ਮਾ ਲਾਉਂਦੇ ਤੇ ਸਿਗਾਰ ਪੀਂਦੇ ਸਨ। ਉਨ੍ਹਾਂ ਨੇ ਇੱਕ ਕੁੱਤਾ ਵੀ ਪਾਲਿਆ ਹੋਇਆ ਸੀ। ਇਹ ਕੁੱਤਾ ਵੀ ਰੁੱਖੇ ਸੁਭਾਅ ਦਾ ਸੀ। ਕਿਸੇ ਨੂੰ ਦੇਖਦਿਆਂ ਹੀ ਬੁਰੀ ਤਰ੍ਹਾਂ ਭੌਂਕਣ ਲੱਗ ਪੈਂਦਾ ਤੇ ਸਾਰੀ ਦੰਦਰਾਲ ਨੰਗੀ ਕਰ ਕੇ ਕੱਟਣ ਲਈ ਦੌੜਦਾ। ਰਘੁਪਤੀ ਜਿੱਥੇ ਵੀ ਜਾਂਦਾ, ਆਪਣਾ ਕੁੱਤਾ ਨਾਲ ਹੀ ਰੱਖਦਾ ਤੇ ਲੋਕ ਉਹ ਕਾਲੇ ਜਾਨਵਰ ਨੂੰ ਉਨ੍ਹਾਂ ਦੇ ਚਰਿੱਤਰ ਦਾ ਜੀਉਂਦਾ-ਜਾਗਦਾ ਰੂਪ ਸਮਝਦੇ। ਭਾਵੇਂ ਉਨ੍ਹਾਂ ਕੋਲ ਬੰਦੂਕ ਜਾਂ ਹੋਰ ਹਥਿਆਰ ਨਹੀਂ ਸਨ ਹੁੰਦੇ, ਪਰ ਨੇੜੇ ਤੇ ਦੂਰ ਦੀ ਚੀਜ਼ਾਂ ਵੇਖਣ ਲਈ ਉਨ੍ਹਾਂ ਕੋਲ ਦੋ ਵੱਖਰੀਆਂ ਵੱਖਰੀਆਂ ਐਨਕਾਂ ਹੁੰਦੀਆਂ ਸਨ। ਉਨ੍ਹਾਂ ਦੀ ਇੱਕ ਐਨਕ ਅੱਖਾਂ ਉੱਤੇ ਲੱਗੀ ਹੁੰਦੀ ਤੇ ਦੂਜੀ ਗੋਲੀ ਨਾਲ ਭਰੀ ਬੰਦੂਕ ਵਾਂਗ ਹੱਥ ਵਿੱਚ ਫੜੀ ਹੁੰਦੀ। ਭਾਵੇਂ ਲੋਕ ਉਨ੍ਹਾਂ ਦੇ ਕੰਮ ਦੀ ਤਾਰੀਫ਼ ਕਰਦੇ ਸਨ, ਪਰ ਜੇ ਮਜ਼ਬੂਰੀ ਨਾ ਹੁੰਦੀ ਤਾਂ ਕੋਈ ਵੀ ਉਨ੍ਹਾਂ ਦੇ ਨੇੜੇ ਨਹੀਂ ਸੀ ਫਟਕਦਾ।

ਜ਼ਿਲ੍ਹੇ ਦਾ ਅਫ਼ਸਰ ਬਣਦਿਆਂ ਹੀ ਉਨ੍ਹਾਂ ਨੇ ਕੁੱਝ ਦਿਨਾਂ ਵਿੱਚ ਹੀ ਸਾਰੇ ਜ਼ਿਲ੍ਹੇ ਵਿੱਚ ਸਖ਼ਤ ਅਨੁਸ਼ਾਸਨ ਲਾਗੂ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਦੇ ਅਫ਼ਸਰ ਸਨ ਤਾਂ ਬੜੇ ਸਾਊ, ਨਰਮ ਸੁਭਾਅ ਵਾਲੇ, ਮਿੱਠ-ਬੋਲੜੇ, ਧਰਮੀ ਤੇ ਲੋਕਾਂ ਦੇ ਪਿਆਰੇ ਪਰ ਕੰਮ ਵਿੱਚ ਅਯੋਗ ਹੁੰਦੇ ਸਨ। ਰਘੂਪਤੀ ਦੇ ਆਉਣ ਤੋਂ ਬਾਅਦ ਜ਼ਿਲ੍ਹੇ ਵਿੱਚ ਹਕੂਮਤ ਦਾ ਵਾਤਾਵਰਨ ਪੂਰੀ ਤਰ੍ਹਾਂ ਬਦਲ ਗਿਆ। ਦਫ਼ਤਰ ਦੇ ਤਾਲੇ ਵਕਤ ਉੱਤੇ ਖੁੱਲਣ ਲੱਗ ਪਏ ਤੇ ਸਾਰੇ ਕਰਮਚਾਰੀ ਠੀਕ ਵਕਤ ਉੱਤੇ ਆਉਣ ਲੱਗ ਪਏ। ਸਾਲਾਂ ਤੋਂ ਪਈਆਂ ਬੇਜਾਨ ਫ਼ਾਈਲਾਂ ਵਿੱਚ ਅਚਾਨਕ ਜਾਨ ਰੁਮਕਨ ਲੱਗ ਪਈ। ਦਫ਼ਤਰਾਂ ਦੇ ਕਮਰੇ ਮਿੱਟੀ-ਘੱਟੇ ਤੇ ਜਾਲਿਆਂ ਤੋਂ ਸਾਫ਼ ਹੋ ਗਏ ਸਨ। ਪਹਿਲੇ ਅਧਿਕਾਰੀ ਦੀ ਚਰਚਾ ਲੋਕਾਂ ਵਿੱਚ ਜਦ ਕਦੀ ਵੀ ਚੱਲਦੀ, ਉਹ ਕਹਿੰਦੇ ਕਿ ਬੜੇ ਭਲੇ ਲੋਕ ਸਨ। ਲੋਕਾਂ ਦੇ ਇੱਕ ਕਥਨ ਵਿੱਚ ਉਸ ਅਧਿਕਾਰੀ ਦੀ

ਅਯੋਗਤਾ ਦਾ ਇਸ਼ਾਰਾ ਹੁੰਦਾ ਸੀ। ਬਿਲਕੁਲ ਇਸੇ ਤਰ੍ਹਾਂ ਰਘੁਪਤੀ ਬਾਰੇ ਕਿਹਾ ਜਾਂਦਾ ਸੀ ਕਿ ਉਹ ਬਹੁਤ ਚੰਗੇ ਅਫ਼ਸਰ ਨੇ, ਜਿਸ ਦਾ ਇਹ ਮਤਲਬ ਹੁੰਦਾ ਸੀ ਕਿ ਉਹ ਆਦਮੀ ਦੇ ਰੂਪ ਵਿੱਚ ਬਿਲਕੁਲ ਚੰਗੇ ਨਹੀਂ ਸੀ। ਇਸ ਤੋਂ ਨਤੀਜਾ ਇਹੀ ਨਿਕਲਦਾ ਸੀ ਭਾਵੇਂ ਇਹ ਪ੍ਰਮਾਣਿਕ ਜਾਂ ਤਰਕਸੰਗਤ ਤਾਂ ਨਹੀਂ ਸੀ ਕਿ ਕੋਈ ਚੰਗਾ ਆਦਮੀ ਕਦੀ ਚੰਗਾ ਅਫ਼ਸਰ ਬਣ ਸਕਦਾ, ਜਾਂ ਕੋਈ ਅਫ਼ਸਰ ਕਦੀ ਚੰਗਾ ਆਦਮੀ ਨਹੀਂ ਹੋ ਸਕਦਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਘੁਪਤੀ ਬੜੇ ਜਥੇ ਵਾਲਾ ਅਫਸਰ ਸੀ ਜੋ ਕਿਸੇ ਦੀ ਈਨ ਨਹੀਂ ਸੀ ਮੰਨਦਾ। ਆਪਣੀ ਗੰਭੀਰਤਾ ਆਪਣੇ ਅਨੁਸ਼ਾਸਨ ਤੇ ਨਿਯਮਾਂ ਨੂੰ ਸਿਰਫ ਦਫ਼ਤਰ ਤੱਕ ਹੀ ਸੀਮਿਤ ਨਾ ਰੱਖਕੇ ਉਹ ਆਪਣੇ ਵਿਅਕਤੀਗਤ ਜੀਵਨ ਵਿੱਚ ਵੀ ਇਨਾਂ ਨੇ ਲਾਗੂ ਕਰਦੇ ਸਨ। ਇਸ ਕਰਕੇ ਉਨਾਂ ਦਾ ਘਰ ਵੀ ਉਨਾਂ ਦੀ ਦਫ਼ਤਰੀ ਹਕੂਮਤ ਦਾ ਸੰਖੇਪ ਨਮੂਨਾ ਸੀ, ਜਿੱਥੇ ਉਨ੍ਹਾਂ ਦੀ ਪਤਨੀ, ਬੱਚੇ ਤੇ ਨੌਕਰ-ਚਾਕਰ ਆਪਣੀ ਆਪਣੀ ਹੈਸੀਅਤ ਦੇ ਮੁਤਾਬਕ ਰਘੁਪਤੀ ਦੇ ਅਨੁਸ਼ਾਸਨ ਦੇ ਅਧੀਨ ਰਹਿੰਦੇ ਸਨ। ਮਸਲਨ, ਰਘੁਪਤੀ ਆਪਣੀ ਪਤਨੀ ਨਾਲ ਇਵੇਂ ਦਾ ਸਲੂਕ ਕਰਦੇ ਸਨ ਜਿਵੇਂ ਉਹ ਦੂਜੀ ਸ਼੍ਰੇਣੀ ਦੀ ਕਰਮਚਾਰਨ ਹੋਵੇ। ਆਪਣੇ ਬੱਚਿਆਂ ਨੂੰ ਤਾਂ ਉਹ ਕਦੀ ਵੀ ਚੌਥੀ ਸ਼੍ਰੇਣੀ ਦੀ ਕਰਮਚਾਰੀਆਂ ਤੋਂ ਵੱਧ ਨਹੀਂ ਸਨ ਸਮਝਦੇ। ਕੁੱਲ ਮਿਲਾ ਕੇ ਕਿਹਾ ਜਾਏ ਤਾਂ ਰਘੁਪਤੀ ਇੱਕ ਚਕਰਵਰਤੀ ਰਾਜਾ ਸੀ ਜੋ ਕਿਸੇ ਵੀ ਰੁਕਾਵਟ ਨੂੰ ਨਹੀਂ ਸੀ ਮੰਨਦਾ ਤੇ ਘਰ ਤੇ ਜ਼ਿਲ੍ਹੇ ਉੱਤੇ ਉਸਦਾ ਵਿਆਪਕ ਰਾਜ ਸੀ।

ਇਸ ਆਦਰਸ਼ ਹਾਲਤ ਵਿੱਚ ਇੱਕ ਛੋਟਾ ਸੀ—ਰਘੁਪਤੀ ਦੀ ਸਭ ਤੋਂ ਛੋਟੀ ਬੇਟੀ। ਆਮ ਤੌਰ ਉੱਤੇ ਉਹ ਬੀਮਾਰ ਰਹਿੰਦੀ ਸੀ। ਉਮਰ ਦੇ ਹਿਸਾਬ ਨਾਲ ਵੱਧ ਨਹੀਂ ਸੀ ਰਹੀ ਤੇ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਨਾਲ ਹਮੇਸ਼ਾ ਪੀੜੀ ਰਹਿੰਦੀ ਸੀ। ਕਈ ਤਰ੍ਹਾਂ ਦੇ ਇਲਾਜਾਂ ਤੇ ਸੇਵਾ-ਸੰਭਾਲ ਦੇ ਬਾਵਜੂਦ ਉਸ ਦੀ ਸਿਹਤ ਤੇ ਸਰੀਰਿਕ ਹਾਲਤ ਵਿੱਚ ਕੋਈ ਸੁਧਾਰ ਨਹੀਂ ਸੀ ਹੋਇਆ। ਇਸੇ ਕਰਕੇ ਰਘੁਪਤੀ ਕਾਫ਼ੀ ਫ਼ਿਕਰਮੰਦ ਤੇ ਪਰੇਸ਼ਾਨ ਰਹਿੰਦਾ ਸੀ। ਵੱਡੇ-ਵੱਡੇ ਹਸਪਤਾਲਾਂ ਤੇ ਡਾਕਟਰਾਂ ਤੋਂ ਕਈ ਸਾਲ ਇਲਾਜ ਕਰਵਾਉਣ ਤੋਂ ਬਾਅਦ ਕੀ ਕੋਈ ਫ਼ਾਇਦਾ ਨਹੀਂ ਸੀ ਹੋਇਆ। ਬਦੇਸ਼ੀ ਇਲਾਜ ਤੋਂ ਲੈ ਕੇ ਹੋਮਿਓਪੈਥੀ, ਆਯੁਰਵੇਦ, ਯੂਨਾਨੀ ਆਦਿ ਹਰ ਤਰ੍ਹਾਂ ਦੀਆਂ ਪੱਧਤੀਆਂ ਅਜ਼ਮਾਉਣ ਤੋਂ ਬਾਅਦ ਹੁਣ ਰਘੁਪਤੀ ਨੇ ਡਾਕਟਰਾਂ ਕੋਲ ਜਾਣਾ ਛੱਡ ਦਿੱਤਾ ਸੀ। ਪਰ ਡਾਕਟਰਾਂ ਤੋਂ ਬਾਅਦ ਹੁਣ

ਤਾਂਤਰਿਕਾਂ, ਕਪਾਲਿਕਾਂ, ਜੋਤਸ਼ੀਆਂ ਤੇ ਕਈ ਪਹਿਰਾਵਿਆਂ ਤੇ ਧਰਮਾਂ ਦਿਆਂ ਸਾਧੂਆਂ-ਸੰਨਿਆਸੀਆਂ ਵੱਲ ਰੁਚਿਤ ਹੋ ਗਿਆ ਸੀ।

ਰਘੁਪਤੀ ਦੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਉਸ ਦੀ ਕਮਜ਼ੋਰੀ ਦਾ ਜਲਦੀ ਹੀ ਪਤਾ ਲੱਗ ਗਿਆ ਸੀ। ਰਘੁਪਤੀ ਨੂੰ ਖੁਸ਼ ਕਰਨ ਲਈ ਉਹ ਵੱਖ-ਵੱਖ ਇਲਾਕਿਆਂ ਤੋਂ ਸਾਧੂ-ਸੰਨਿਆਸੀਆਂ ਨੂੰ ਘੇਰ ਘੇਰ ਕੇ ਲੈ ਆਉਂਦੇ ਹਨ। ਰਘੁਪਤੀ ਦੇ ਘਰ ਵਿਚ ਗੇਰੂਏ ਕੱਪੜਿਆਂ ਤੇ ਜਟਾਜੂਟ ਲੋਕਾਂ ਦੀ ਭੀੜ ਲੱਗੀ ਹੀ ਰਹਿੰਦੀ ਸੀ।

ਇਹ ਗੰਭੀਰ ਸਮੱਸਿਆ ਨਾਲ ਘਿਰੇ ਰਹਿਣ ਉੱਤੇ ਵੀ ਰਘੁਪਤੀ ਆਪਣੇ ਕੰਮ ਵਿੱਚ ਲਾਪਰਵਾਹੀ ਤੇ ਆਪਣੇ ਨਿਸ਼ਚਿਤ ਕਾਰਜਕ੍ਰਮ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਸੀ ਕਰਦਾ। ਉਹ ਪੂਰੇ ਦਸ ਵਜੇ ਦਫ਼ਤਰ ਪਹੁੰਚ ਜਾਂਦਾ ਤੇ ਮਨ ਲਾ ਕੇ ਪੂਰੀ ਲਗਨ ਨਾਲ ਕੰਮ ਕਰਦਾ। ਨਿਯਮ ਨਾਲ ਦੌਰੇ ਉੱਤੇ ਵੀ ਜਾਂਦਾ। ਉਨਾਂ ਦੇ ਖੇਤਰ ਦੇ ਅਧਿਕਾਰੀ ਉਨ੍ਹਾਂ ਦੀ ਸਭ ਕੁੱਝ ਚੈੱਕ ਕਰਨ ਦੀ ਆਦਤ ਤੋਂ ਬਹੁਤ ਘਬਰਾਉਂਦੇ ਸਨ। ਇਸੀ ਤਰ੍ਹਾਂ ਦੇ ਇੱਕ ਦੌਰੇ ਵੇਲੇ ਰਘੁਪਤੀ ਆਪਣੇ ਅਧੀਨ ਇੱਕ ਛੋਟੇ ਦਫ਼ਤਰ ਨੂੰ ਚੈੱਕ ਕਰ ਰਹੇ ਸਨ। ਅਯੋਗ ਤੇ ਕੰਮ ਚੋਰ ਅਧਿਕਾਰੀ ਉਸਦੇ ਸਾਹਮਣੇ ਬੈਠਾ ਆਪਣੇ ਇਸ਼ਟ ਦੇਵ ਨੂੰ ਧਿਆ ਰਿਹਾ ਸੀ। ਉਹ ਡਰ ਨਾਲ ਹਕਲਾਉਣ ਲੱਗ ਪਿਆ ਸੀ ਤੇ ਪਸੀਨੇ ਨਾਲ ਤਰ-ਬਤਰ ਹੋ ਗਿਆ ਸੀ। ਵਾਰੀ-ਵਾਰੀ ਖੰਘਣਾ, ਖੰਘਾਰ ਨੂੰ ਨਿਗਲਨਾ ਤੇ ਕਨਪਟੀ ਤੇ ਖੁਰਕ ਕਰਨ ਦੇ ਬਾਵਜੂਦ ਉਹ ਰਘੁਪਤੀ ਦੇ ਸੁਆਲਾਂ ਦਾ ਜਵਾਬ ਨਹੀਂ ਸੀ ਦੇ ਰਿਹਾ। ਰਘੁਪਤੀ ਦਾ ਗੁੱਸਾ ਵਧਣ ਲੱਗ ਪਿਆ ਸੀ। ਅਫ਼ਸਰ ਕੰਬ ਰਿਹਾ ਸੀ ਤੇ ਕਿਤੇ ਰਘੁਪਤੀ ਦੇ ਗੁੱਸੇ ਦੀ ਅੱਗ ਵਿੱਚ ਸੜ ਕੇ ਭਸਮ ਹੀ ਨਾ ਹੋ ਜਾਏ। ਏਸ ਲਈ ਰਘੁਪਤੀ ਦਾ ਮੁਕਾਬਲਾ ਕਰਨ ਲਈ ਉਸ ਨੇ ਬਹੁਤ ਦਿਨਾਂ ਤੋਂ ਸੰਭਾਲ ਕੇ ਰੱਖਿਆ ਆਪਣੇ ਬਚਾਉ ਦਾ ਅਸਤਰ ਮੌਕਾ ਸੰਭਾਲਦਿਆਂ, ਕੱਢਿਆ।

ਰਘੁਪਤੀ ਦੇ ਲਫ਼ਜਾਂ ਦੀ ਤੀਰਾਂ ਵਰਗੀ ਬੁਛਾੜ ਨੂੰ ਥੋੜੀ ਦੇਰ ਰੁਕਦਿਆਂ ਵੇਖ ਕੇ ਉਸ ਅਫ਼ਸਰ ਨੇ ਆਪਣੇ ਸਾਂਭ ਕੇ ਰੱਖੇ ਹੋਏ ਤੀਰ ਨੂੰ ਕੱਢ ਲਿਆ।

"ਸਰ, ਪਸ਼ੂਪਤੀ ਜੀ ਤੁਹਾਨੂੰ ਮਿਲਣਾ ਚਾਹੁੰਦੇ ਸਨ।"

"ਕੌਣ ਪਸ਼ੂਪਤੀ ?" ਰਘੂਪਤੀ ਨੇ ਗੁੱਸੇ ਨਾਲ ਪੁੱਛਿਆ।

ਜਿਸ ਅਫਸਰ ਦੇ ਮੂੰਹ ਵਿੱਚੋਂ ਅਵਾਜ਼ ਨਹੀਂ ਸੀ ਨਿਕਲ ਰਹੀ ਉਹ ਇਕਦਮ ਹੁਸ਼ਿਆਰ ਹੋ ਗਿਆ ਤੇ ਪਸ਼ੂਪਤੀ ਬਾਰੇ ਦੱਸਣ ਲੱਗ ਪਿਆ। ਪਸ਼ੂਪਤੀ ਉਸ ਦੇ ਦਫ਼ਤਰ ਦਾ ਇਕ ਸਧਾਰਨ ਜਿਹਾ ਚਪੜਾਸੀ ਸੀ ਪਰ ਇਸ ਇਲਾਕੇ ਵਿੱਚ ਇੱਕ ਪਹੁੰਚੇ ਹੋਏ ਯੋਗੀ ਤੇ

ਸਾਧਕ ਵਜੋਂ ਬੜਾ ਮਸ਼ਹੂਰ ਸੀ। ਉਸ ਕੋਲ ਤੰਤਰ ਤੇ ਜੋਤਿਸ਼ ਵਿੱਦਿਆ ਦੀਆਂ ਕਈ ਤਾੜ-ਪੱਤਰ ਦੀਆਂ ਪੋਥੀਆਂ ਸਨ ਤੇ ਦਫ਼ਤਰ ਦੀ ਛੁੱਟੀ ਦੇ ਦਿਨਾਂ ਵਿੱਚ ਉਸਦੇ ਘਰ ਲੋਕਾਂ ਦੀ ਭੀੜ ਲੱਗ ਜਾਂਦੀ ਸੀ। ਤਰ੍ਹਾਂ-ਤਰ੍ਹਾਂ ਦੀਆਂ ਸਮੱਸਿਆਵਾਂ ਲੈ ਕੇ ਲੋਕੀ ਉਸ ਕੋਲ ਆਉਂਦੇ ਤੇ ਉਹ ਪੋਥੀ ਵੇਖ ਕੇ ਤੇ ਹਿਸਾਬ-ਹਸੂਬ ਲਾ ਕੇ ਉਨ੍ਹਾਂ ਦੀ ਹਰ ਅਹੁਰ ਦਾ ਹੱਲ ਕੱਢ ਲੈਂਦਾ ਸੀ।

ਕੁੱਝ ਬੋਲਣ ਦੇ ਬਾਅਦ ਅਫ਼ਸਰ ਨੇ ਰਘੁਪਤੀ ਉੱਤੇ ਆਪਣੇ ਅਸਤਰ ਦਾ ਅਸਰ ਜਾਣਨ ਲਈ ਉਸ ਵੱਲ ਦੇਖਿਆ। ਅਨੇਕ ਸਾਧੂਆਂ-ਸਨਿਆਸੀਆਂ ਦੀਆਂ ਗਤੀ-ਵਿਧੀਆਂ ਨਾਲ ਪੂਰੀ ਤਰ੍ਹਾਂ ਜਾਣੂੰ ਹੋਣ ਦੇ ਬਾਵਜੂਦ, ਰਘੁਪਤੀ ਉੱਤੇ ਕੋਈ ਖ਼ਾਸ ਪ੍ਰਭਾਵ ਨਾ ਪੈਣ ਦੇ ਕਾਰਨ, ਅਫ਼ਸਰ ਨੇ ਆਪਣੀ ਗੱਲ ਦਾ ਰੁੱਖ ਪੂਰੀ ਤਰ੍ਹਾਂ ਬਦਲ ਲਿਆ।

"ਪਸ਼ੂਪਤੀ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ।" ਉਸ ਨੇ ਕਿਹਾ।

"ਕਿਉਂ ?" ਰਘੂਪਤੀ ਨੇ ਹੈਰਾਨੀ ਨਾਲ ਤੇ ਅਸਲੀਅਤ ਜਾਣਨ ਲਈ ਪੁੱਛਿਆ।

ਅਫ਼ਸਰ ਨੇ ਸਮਝਿਆ ਕਿ ਉਸ ਦਾ ਅਸਤਰ ਕੰਮ ਕਰ ਰਿਹਾ ਹੈ। ਉਹ ਕਿਸੇ ਨੂੰ ਕੁੱਝ ਦੱਸੇ-ਕਹੇ ਬਿਨਾਂ ਦਫ਼ਤਰ ਵਿੱਚੋਂ ਛੁੱਟੀ ਲਏ ਬਿਨਾਂ, ਤਪੱਸਿਆ ਕਰਨ ਲਈ ਹਿਮਾਲਾ ਉੱਤੇ ਚਲਾ ਗਿਆ ਸੀ। ਏਥੋਂ ਤੱਕ ਕਿ ਉਸ ਦੇ ਘਰ ਵਿੱਚ ਵੀ ਇਸ ਬਾਰੇ ਕਿਸੇ ਨੂੰ ਕੁੱਝ ਪਤਾ ਨਹੀਂ ਸੀ। ਕੁੱਝ ਹੀ ਦਿਨਾਂ ਦੇ ਬਾਅਦ ਕੇਦਾਰ-ਬਦਰੀ ਗਏ ਉਨ੍ਹਾਂ ਦੇ ਪਿੰਡ ਦੇ ਲੋਕਾਂ ਨੇ, ਇੱਕ ਲੰਬੀ ਦਾੜ੍ਹੀ ਵਾਲੇ ਬੱਕਰੇ ਉੱਤੇ ਬੈਠੇ ਪਸ਼ੂਪਤੀ ਨੂੰ ਹਿਮਾਲਾ ਵੱਲ ਜਾਂਦਿਆਂ ਵੇਖਿਆ ਸੀ। ਪੰਜ ਸਾਲ ਬਾਅਦ ਪਸ਼ੂਪਤੀ ਆਪੇ ਹੀ ਪਿੰਡ ਵਾਪਸ ਆ ਗਿਆ। ਉਦੋਂ ਤੱਕ ਉਸ ਨੂੰ ਨੌਕਰੀ ਤੋਂ ਕੱਢਿਆ ਜਾ ਚੁੱਕਾ ਸੀ। ਪਰ ਸਾਰਿਆਂ ਨੇ ਉਸ ਨੂੰ ਮੁੜ ਕੇ ਨੌਕਰੀ ਵਿੱਚ ਬਹਾਲ ਕਰ ਦੇਣ ਦੀ ਸਿਫ਼ਾਰਸ਼ ਕੀਤੀ ਹੈ। ਏਥੋਂ ਤੱਕ ਕਿ ਮੰਤਰੀ ਜੀ ਦੀ ਸਿਫ਼ਾਰਸ਼ ਵੀ ਆਈ ਹੋਈ ਹੈ।"

ਰਘੁਪਤੀ ਪੁੱਛਣ ਹੀ ਵਾਲਾ ਸੀ ਕਿ ਬਿਨਾਂ ਕਿਸੇ ਅਰਜੀ-ਪਰਚੇ ਦੇ ਪਸ਼ੁਪਤੀ ਦੀ ਕਿਸ ਨਿਯਮ ਦੇ ਅਧੀਨ ਪੰਜ ਸਾਲ ਤੱਕ ਦਫ਼ਤਰ ਤੋਂ ਗੈਰਹਾਜ਼ਰ ਰਿਹਾ ਤੇ ਹੁਣ ਉਸ ਦੀ ਬਹਾਲੀ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਚਿਹਰੇ ਨੂੰ ਭਾਂਪ ਕੇ ਅਫ਼ਸਰ ਨੇ ਫੇਰ ਕਿਹਾ, "ਮੰਤਰੀ ਜੀ ਦਾ ਭਣੇਵਾਂ ਬਹੁਤ ਦਿਨਾਂ ਤੋਂ ਦਮੇ ਦਾ ਮਰੀਜ਼ ਸੀ। ਪਸ਼ੂਪਤੀ ਨੇ ਉਸ ਨੂੰ ਹਫ਼ਤੇ ਵਿੱਚ ਹੀ ਠੀਕ ਕਰ ਦਿੱਤਾ।"

ਰਘੁਪਤੀ ਨੂੰ ਸ਼ੱਕ ਹੋਇਆ ਕਿ ਇਹ ਵਿਹਲੜ, ਅਯੋਗ, ਕੰਮਚੋਰ ਅਫ਼ਸਰ ਉਨ੍ਹਾਂ ਦੀ ਮਜਬੂਰੀ ਦਾ ਨਾਜ਼ਾਇਜ਼ ਫਾਇਦਾ ਉਠਾਉਣਾ ਚਾਹੁੰਦਾ ਹੈ। ਉਨ੍ਹਾਂ ਨੇ ਸੋਚਿਆ ਕਿ ਉਹ ਬਾਕੀ ਗੱਲਾਂ ਵਿੱਚੋਂ ਛੱਡ ਕੇ ਮੁੜ ਦਫ਼ਤਰ ਦੀ ਪੜਤਾਲ ਵਾਲੇ ਸਵਾਲ ਪੁੱਛਣ। ਪਰ ਮੰਤਰੀ ਜੀ ਦੇ ਭਣੇਵੇਂ ਦੀ ਸਿਹਤ ਠੀਕ ਹੋਣ ਬਾਰੇ ਸੁਣ ਕੇ ਸੋਚਾਂ ਵਿਚ ਪੈ ਗਏ ਇਸ ਤੋਂ ਪਹਿਲਾਂ ਕਿ ਉਹ ਕੁੱਝ ਹੋਰ ਪੁੱਛਦੇ, ਉਹ ਅਫ਼ਸਰ ਵੀ ਚੁਕੰਨਾ ਹੋ ਗਿਆ ਤੇ ਆਪੇ ਹੀ ਪਸ਼ੂਪਤੀ ਨੂੰ ਲਿਆ ਕੇ ਰਘੁਪਤੀ ਦੇ ਸਾਹਮਣੇ ਖੜਾ ਕਰ ਦਿੱਤਾ।

ਖ਼ਾਕੀ ਕੱਪੜੇ, ਤੇ ਸਫ਼ਾਚੱਟ ਦਾੜ੍ਹੀ, ਵੇਖਣ ਨੂੰ ਬਿਲਕੁਲ ਮਾਮੂਲੀ ਜਿਹਾ ਚਪੜਾਸੀ-ਉਸ ਨੂੰ ਵੇਖ ਕੇ ਰਘੁਪਤੀ ਨੂੰ ਨਿਰਾਸ਼ਾ ਹੋਈ। ਪਰ ਗੁੰਝਲ ਨੂੰ ਸੁਲਝਾਉਣ ਲਈ ਉਸ ਨੇ ਆਪਣੀ ਪੜਤਾਲ ਦਾ ਕੰਮ ਓਥੇ ਹੀ ਬੰਦ ਕਰ ਦਿਤਾ ਤੇ ਪਸ਼ੂਪਤੀ ਵੱਲ ਧਿਆਨ ਮੋੜ ਲਿਆ। ਇਸ ਵਿਸ਼ੇ ਵਿੱਚ ਉਸ ਦੀ ਮਦਦ ਕਰਨ ਲਈ ਅਚਾਨਕ ਚਾਹ ਤੇ ਬਿਸਕੁਟ ਆ ਗਏ। ਮਾਹੌਲ ਕੁੱਝ ਠੀਕ ਹੋ ਗਿਆ ਤੇ ਅਫ਼ਸਰ ਖੁੱਲ੍ਹ ਕੇ ਗੱਲਾਂ ਕਰਨ ਲੱਗ ਪਿਆ।

"ਸਾਹਿਬ ਦੀ ਕੁੜੀ ਠੀਕ ਤਾਂ ਹੋ ਜਾਏਗੀ ਨਾ ?" ਸਾਹਿਬ ਵੱਲ ਟੇਢੀਆਂ ਨਜ਼ਰਾਂ ਨਾਲ ਦੇਖ ਕੇ ਅਫ਼ਸਰ ਨੇ ਪਸ਼ੂਪਤੀ ਨੂੰ ਪੁੱਛਿਆ। ਪਸ਼ੁਪਤੀ ਅੱਖਾਂ ਬੰਦ ਕਰ ਕੇ ਰੱਬ ਦਾ ਨਾਂ ਲੈਂਦਿਆਂ ਬੋਲਿਆ, "ਸਭ ਉੱਪਰ ਵਾਲੇ ਦੀ ਇੱਛਾ ਹੈ।"

ਇਹ ਜਵਾਬ ਰਘੁਪਤੀ ਲਈ ਕੋਈ ਖ਼ਾਸ ਤਸੱਲੀ-ਭਰਿਆ ਨਹੀਂ ਸੀ। ਅਫ਼ਸਰ ਵੀ ਇਹ ਤਾੜ ਕੇ ਬੋਲਿਆ, "ਸਾਹਿਬ ਕਦੋਂ ਆਉਣ ਤੇਰੇ ਕੋਲ ?"

"ਜਦੋਂ ਚਾਹੁਣ ਆ ਜਾਣ।" ਪਸ਼ੂਪਤੀ ਨੇ ਜਵਾਬ ਦਿੱਤਾ।

"ਭਲਾ ਐਤਵਾਰ ਠੀਕ ਰਹੇਗਾ ? ਕੱਲ੍ਹ ਨੂੰ ਪੂਜਾ ਕਰੇਂਗਾ ਨਾ?"

"ਐਤਵਾਰ ਨੂੰ ਪੂਜਾ ਕੀਤੇ ਬਿਨਾਂ ਕਿਵੇਂ ਕੰਮ ਚੱਲੇਗਾ? ਫੇਰ ਕੱਲ੍ਹ ਤਾਂ ਪੂਰਨਮਾਸ਼ੀ ਵੀ ਹੈ। ਕੱਲ੍ਹ ਜ਼ਰੂਰ ਆ ਜਾਣਾ, ਹਜ਼ੂਰ!"

ਚਪੜਾਸੀ ਨੂੰ ਵਿਦਾ ਕਰ ਕੇ ਅਫ਼ਸਰ ਰਘੁਪਤੀ ਦੇ ਚਿਹਰੇ ਨੂੰ ਧਿਆਨ ਨਾਲ ਵੇਖਣ ਲੱਗ ਪਿਆ। ਅਜੇ ਤੱਕ ਰਘੁਪਤੀ ਚੰਗੀ ਤਰ੍ਹਾਂ ਪ੍ਰਭਾਵਿਤ ਨਹੀਂ ਸੀ ਹੋਇਆ। ਉਨ੍ਹਾਂ ਨੂੰ ਜ਼ਿਆਦਾ ਸੋਚਣ ਦਾ ਮੌਕਾ ਨਾ ਦਿੰਦਿਆਂ ਅਫ਼ਸਰ ਨੇ ਕਿਹਾ, "ਕੱਲ੍ਹ ਤਾਂ ਸਰ ਐਤਵਾਰ ਹੈ। ਪਸ਼ੂਪਤੀ ਦਾ ਪਿੰਡ ਵੀ ਨਾਲ ਹੀ ਹੈ। ਮੈਂ ਸੋਚਦਾਂ ਹਾਂ, ਇੱਕ ਵਾਰੀ ਚੱਲ ਕੇ ਅਜਮਾਉਣ ਵਿੱਚ ਕੀ ਹਰਜ ਐ ?"

“ਰਘੂਪਤੀ ਨਾਂਹ ਨਾ ਕਰ ਸਕਿਆ। ਫੇਰ ਬੋਲਿਆ, "ਮੇਰੇ ਕੋਲ ਨਾ ਜਨਮਪੱਤਰੀ, ਨਾ ਕੁੱਝ ਹੋਰ।"

ਅਫ਼ਸਰ ਨੇ ਪਸ਼ੂਪਤੀ ਨੂੰ ਫੇਰ ਬੁਲਾਇਆ। ਆਉਂਦਿਆਂ ਹੀ ਉਹ ਹੱਥ ਜੋੜ ਕੇ ਖੜਾ ਹੋ ਗਿਆ। ਅਫ਼ਸਰ ਨੇ ਕਿਹਾ, "ਸਾਹਿਬ, ਕੱਲ੍ਹ ਤੇਰੇ ਪਿੰਡ ਜਾਣਗੇ। ਕੀ ਜਨਮ-ਪੱਤਰੀ ਦੀ ਲੋੜ ਹੋਵੇਗੀ ?"

ਜਨਮ ਦੀ ਤਾਰੀਕ ਤੇ ਵਕਤ ਯਾਦ ਹੋਵੇ ਤਾਂ ਕੰਮ ਚਲ ਜਾਏਗਾ।" ਪਸ਼ੂਪਤੀ ਨੇ ਕਿਹਾ।

"ਠੀਕ ਐ, ਤੂੰ ਜਾਹ।” ਕਹਿ ਕੇ ਚਪੜਾਸੀ ਨੂੰ ਬਾਹਰ ਭੇਜ ਦਿੱਤਾ ਤੇ ਰਘੁਪਤੀ ਨੂੰ ਪੁੱਛਿਆ, “ਸਰ, ਤੁਹਾਨੂੰ ਜਨਮ ਦੀ ਤਾਰੀਕ ਤੇ ਵਕਤ ਤਾਂ ਯਾਦ ਹੈ ਨਾ ?" ਰਘੁਪਤੀ ਦੇ ਹਾਮੀ ਭਰਦਿਆਂ ਹੀ ਅਫ਼ਸਰ ਅਗਲੇ ਦਿਨ ਪਸ਼ੂਪਤੀ ਦੇ ਪਿੰਡ ਜਾਣ ਦੀ ਤਿਆਰੀ ਵਿਚ ਲੱਗ ਗਿਆ। ਇਹ ਤੈ ਹੋਇਆ ਕਿ ਸਵੇਰੇ-ਸਵੇਰੇ ਚਲ ਪਵਾਂਗੇ ਤੇ ਧੁੱਪ ਦੇ ਨਿਕਲਣ ਤੱਕ ਚਪੜਾਸੀ ਦੇ ਪਿੰਡ ਪਹੁੰਚ ਜਾਵਾਂਗੇ ਤੇ ਜਲਦੀ ਹੀ ਵਾਪਸ ਆ ਜਾਵਾਂਗੇ।

ਅਫ਼ਸਰ ਦੀ ਤਰ੍ਹਾਂ, ਪਸ਼ੂਪਤੀ ਵੀ ਕੰਮਚੋਰ ਸੀ। ਉਹ ਠੀਕ ਵਕਤ ਉੱਤੇ ਦਫ਼ਤਰ ਨਹੀਂ ਸੀ ਆਉਂਦਾ। ਕੰਮ ਵਿੱਚ ਵੀ ਲਾਪਰਵਾਹ ਸੀ। ਅਫ਼ਸਰ ਆਪ ਪਸ਼ੂਪਤੀ ਦੀ ਕਿਸੇ ਦੇਵੀ-ਸ਼ਕਤੀ ਉੱਤੇ ਯਕੀਨ ਨਹੀਂ ਸੀ ਕਰਦਾ ਤੇ ਨਾ ਹੀ ਕਦੇ ਚਪੜਾਸੀ ਦੇ ਪਿੰਡ ਗਿਆ ਸੀ। ਉਸ ਨੇ ਕਦੇ ਕਿਸੇ ਕੰਮ ਲਈ ਉਸ ਕੋਲੋਂ ਸਲਾਹ ਨਹੀਂ ਸੀ ਮੰਗੀ। ਇਸ ਲਈ ਓਸੇ ਦਿਨ ਰਾਤ ਨੂੰ ਪਸ਼ੂਪਤੀ ਦੇ ਪਿੰਡ ਬਾਰੇ ਪਤਾ ਕੀਤਾ ਤੇ ਡਰਾਈਵਰ ਨੂੰ ਸਾਰਾ ਰਸਤਾ ਸਮਝਾ ਦਿੱਤਾ। ਦੂਜੇ ਦਿਨ ਸਵੇਰੇ ਸਵੇਰੇ ਅਫ਼ਸਰ ਰਘੂਪਤੀ ਦੇ ਵਿਸ਼ਰਾਮ-ਬੰਗਲੇ ਉੱਤੇ ਪਹੁੰਚ ਗਿਆ। ਸਰਦੀ ਦੀ ਸ਼ੁਰੂਆਤ ਸੀ। ਸਵੇਰੇ ਥੋੜੀ-ਥੋੜੀ ਠੰਡ ਪੈ ਰਹੀ ਸੀ। ਰਘੂਪਤੀ ਸੂਟ ਪਾ ਕੇ ਤੇ ਕੁੱਤੇ ਨੂੰ ਤਿਆਰ ਕਰਕੇ ਪੂਰੇ ਸੱਤ ਵਜੇ ਬਾਹਰ ਨਿਕਲਿਆ। ਡਰਾਈਵਰ ਨੇ ਕਿਹਾ, "ਹੁਣ ਤੱਕ ਤਾਂ ਓਥੇ ਬਹੁਤ ਭੀੜ ਇਕੱਠੀ ਹੋ ਚੁੱਕੀ ਹੋਏਗੀ।” ਅਫ਼ਸਰ ਬੋਲਿਆ, “ਘਬਰਾਉਣ ਦੀ ਕੋਈ ਲੋੜ ਨਹੀਂ। ਮੈਂ ਸਾਹਿਬ ਦਾ ਕੰਮ ਪਹਿਲਾਂ ਕਰਵਾ ਦਿਆਂਗਾ।"

ਪਸ਼ੂਪਤੀ ਦਾ ਪਿੰਡ ਬਹੁਤ ਦੂਰ ਸੀ ਤੇ ਰਸਤਾ ਵੀ ਕਾਫ਼ੀ ਊਬੜ-ਖਾਬੜ ਸੀ। ਏਸ ਲਈ ਓਥੇ ਪਹੁੰਚਣ ਵਿੱਚ ਕਾਫ਼ੀ ਸਮਾਂ ਲੱਗ ਗਿਆ। ਧੁੱਪ ਵੀ ਤੇਜ਼ ਹੋ ਗਈ ਸੀ ਤੇ ਰਘੁਪਤੀ ਦੇ ਕੋਲ ਬੈਠਾ ਉਸ ਦਾ ਕੁੱਤਾ ਵੀ ਬਿਨਾਂ ਕਿਸੇ ਗੱਲ ਤੇ ਭੌਂਕਣ ਲੱਗ ਪਿਆ ਸੀ।

ਇਸ ਤੋਂ ਪਹਿਲਾਂ ਕਿ ਰਘੁਪਤੀ ਅਫ਼ਸਰ ਨੂੰ ਕੁੱਝ ਕਹੇ, ਅਫ਼ਸਰ ਬੋਲਿਆ, “ਸਰ, ਉਹ ਸਾਹਮਣੇ ਜੋ ਝਾੜੀਆਂ ਨਜ਼ਰ ਆ ਰਹੀਆਂ ਨੇ, ਉਨ੍ਹਾਂ ਨੂੰ ਪਾਰ ਕਰਦਿਆਂ ਹੀ ਅਸੀਂ ਆਪਣੀ ਮੰਜ਼ਿਲ ਉੱਤੇ ਪਹੁੰਚ ਜਾਵਾਂਗੇ।" ਉਨ੍ਹਾਂ ਝਾੜੀਆਂ ਨੂੰ ਲੰਘਣ ਤੋਂ ਬਾਅਦ ਫੇਰ ਹੋਰ ਝਾੜੀਆਂ ਦਿੱਸਣ ਲੱਗ ਪਈਆਂ। ਅਫ਼ਸਰ ਰਘੁਪਤੀ ਦਾ ਮਨ ਦੂਜੇ ਪਾਸੇ ਕਰਨ ਲਈ ਕਈ ਤਰ੍ਹਾਂ ਦੀਆਂ ਅਪ੍ਰਸੰਗਿਕ ਗੱਲਾਂ ਸੁਣਾਈ ਜਾ ਰਿਹਾ ਸੀ।

ਮੰਜ਼ਿਲ ਤੱਕ ਪਹੁੰਚਦੇ-ਪਹੁੰਚਦੇ ਸੂਰਜ ਕਾਫ਼ੀ ਚੜ੍ਹ ਚੁੱਕਾ ਸੀ। ਇੱਕ ਤਾਂ ਤੇਜ਼ ਧੁੱਪ ਤੇ ਦੂਜੇ ਗੁੱਸੇ ਕਰਕੇ ਰਘੁਪਤੀ ਦਾ ਮੂੰਹ ਭਖਣ ਲੱਗ ਪਿਆ ਸੀ ਤੇ ਕੁੱਤਾ ਵੀ ਜ਼ੋਰ-ਜ਼ੋਰ ਦੀ ਭੌਂਕਣ ਲੱਗ ਪਿਆ ਸੀ। ਭਾਵੇਂ ਪਿੰਡ ਵਿੱਚ ਕੋਈ ਮੇਲਾ ਨਹੀਂ ਸੀ ਲੱਗਿਆ ਹੋਇਆ, ਫੇਰ ਵੀ ਉੱਥੇ ਕਾਫ਼ੀ ਭੀੜ ਸੀ। ਧੁੱਪ, ਭੁੱਖ ਤੇ ਅਫ਼ਸਰ ਦੀ ਬੇਕਾਰ ਦੀ ਬਕਬਕ ਤੇ ਕੁੱਤੇ ਦੇ ਭੌਂਕਣ ਕਰਕੇ ਰਘੁਪਤੀ ਬਹੁਤ ਚਿੜ ਗਿਆ ਸੀ ਤੇ ਪਰੇਸ਼ਾਨ ਹੋ ਕੇ ਗੱਡੀ ਤੋਂ ਉੱਤਰ ਗਿਆ। ਓਥੇ ਉਨਾਂ ਦੀ ਉਡੀਕ ਕਰਦਾ ਇੱਕ ਅਧੀਨ ਕਰਮਚਾਰੀ ਉਨ੍ਹਾਂ ਨੂੰ ਰਸਤਾ ਵਿਖਾਉਂਦਾ ਉਨਾਂ ਦੇ ਅੱਗੇ ਅੱਗੇ ਚੱਲ ਪਿਆ। ਚਪੜਾਸੀ ਦਾ ਘਰ ਪਿੰਡ ਦੇ ਪਰਲੇ ਸਿਰੇ ਉੱਤੇ ਸੀ ਤੇ ਇੱਕ ਤੰਗ ਗਲੀ ਵਿਚ ਨੰਗ-ਧੜੰਗੇ ਬੱਚੇ ਮਿੱਟੀ ਨਾਲ ਭਰੇ ਹੋਏ ਖੇਡਦੇ ਪਏ ਸਨ। ਉਨਾਂ ਦੇ ਕੋਲੋਂ ਹੀ ਸਭ ਨੂੰ ਲੰਘਣਾ ਪੈਣਾ ਸੀ। ਪਸੀਨੇ ਨਾਲ ਭਿੱਜੇ ਹੋਏ ਕਾਲੇ ਸੂਟ ਵਿਚ ਰਘੁਪਤੀ ਦਾ ਸਾਹ ਘੁੱਟਿਆ ਜਾ ਰਿਹਾ ਸੀ। ਪਿੰਡ ਵਾਲਿਆਂ ਲਈ ਤਾਂ ਉਹ ਇੱਕ ਦਰਸ਼ਨੀ ਚੀਜ਼ ਸੀ। ਅਖ਼ੀਰ ਉੱਤੇ ਪਿੰਡ ਦੇ ਵਿਚਕਾਰ ਇੱਕ ਸੁਆਗਤੀ ਫ਼ਾਟਕ ਦਿਖਾਈ ਦਿੱਤਾ। ਪਹਿਲਾਂ ਤਾਂ ਰਘੁਪਤੀ ਨੇ ਸੋਚਿਆ ਕਿ ਉਹ ਸੁਆਗਤੀ ਫ਼ਾਟਕ ਉਸ ਦੇ ਸੁਆਗਤ ਲਈ ਬਣਾਇਆ ਗਿਆ ਹੈ, ਪਰ ਜਦੋਂ ਉਨ੍ਹਾਂ ਨੇ ਸੁਆਗਤੀ ਫ਼ਾਟਕ ਤੋਂ ਨਿਕਲੀਆਂ ਰੰਗਦਾਰ ਝੰਡੀਆਂ ਦੀ ਸਜਾਵਟ ਚਪੜਾਸੀ ਦੇ ਘਰ ਤਕ ਫੈਲੀ ਹੋਈ ਦੇਖੀ ਤਾਂ ਉਹ ਨਿਰਾਸ਼ ਹੋ ਗਿਆ। ਉਸ ਨੂੰ ਦੱਸਿਆ ਗਿਆ ਕਿ ਸਜਾਵਟ ਪੂਰਨਮਾਸ਼ੀ ਕਰਕੇ ਹੈ।

"ਇਸ ਕੁੱਤੇ ਨੂੰ ਅੰਦਰ ਕੌਣ ਲੈ ਕੇ ਆਇਆ ਹੈ?” ਕਿਸੇ ਨੇ ਉੱਚੀ ਅਵਾਜ਼ ਵਿਚ ਪੁੱਛਿਆ। ਰਘੁਪਤੀ ਦੇ ਪੈਰ ਓਥੇ ਹੀ ਰੁਕ ਗਏ। ਉਸ ਨੇ ਮੁੜ ਕੇ ਵੇਖਿਆ ਤਾਂ ਦੋ ਆਦਮੀ ਕੁੱਤੇ ਦਾ ਰਸਤਾ ਰੋਕੀ ਖੜੇ ਦਿੱਸੇ। ਅਫ਼ਸਰ ਨੇ ਹੌਲੀ ਜਿਹਾ ਕਿਹਾ, “ਇਹ ਵਿਲਾਇਤੀ ਕੁੱਤਾ ਹੈ ਸਾਹਿਬ ਦਾ। ਇਸ ਨੂੰ ਛੱਡ ਦਿਓ।” ਪਰ ਉਨ੍ਹਾਂ ਦੋਹਾਂ ਆਦਮੀਆਂ ਵਿੱਚੋਂ ਇਕ ਬੋਲਿਆ, “ਗੁਸਾਈਂ ਜੀ ਦਾ ਥਾਂ ਏਥੋਂ ਸ਼ੁਰੂ ਹੋ ਜਾਂਦਾ ਹੈ। ਏਸ ਲਈ ਅੰਦਰ ਕੁੱਤੇ, ਬਿੱਲੀ, ਮਾਸ, ਮੱਛੀ ਦੀ ਸਖ਼ਤ ਮਨਾਹੀ ਹੈ।” ਰਘੁਪਤੀ ਨੇ ਕੁੱਤੇ ਦੀ ਤੁਲਨਾ ਮਾਸ, ਮੱਛੀ ਤੇ ਬਿੱਲੀ

ਨਾਲ ਕਰਨ ਵਾਲੇ ਆਦਮੀ ਵੱਲ ਘੂਰ ਕੇ ਵੇਖਿਆ ਪਰ ਅਗਲੇ ਹੀ ਮਿੰਟ ਆਪਣੇ ਗੁੱਸੇ ਉੱਤੇ ਕਾਬੂ ਪਾ ਕੇ, ਕੁੱਤਾ ਇੱਕ ਕਰਮਚਾਰੀ ਨੂੰ ਸੰਭਾਲ ਦਿੱਤਾ ਤੇ ਆਪ ਅੱਗੇ ਚੱਲ ਪਏ।

ਉਹ ਅਜੇ ਦੋ ਕੁ ਕਦਮ ਹੀ ਤੁਰੇ ਹੋਣਗੇ ਕਿ ਇੱਕ ਹੋਰ ਸੁਆਗਤੀ ਫ਼ਾਟਕ ਨਜ਼ਰ ਆਇਆ, ਜਿੱਥੇ ਸੱਜੇ ਪਾਸੇ ਮੁੜਨਾ ਸੀ। ਓਥੇ ਜੁੱਤੀਆਂ ਤੇ ਚੱਪਲਾਂ ਰੱਖੀਆਂ ਹੋਈਆਂ ਸਨ। ਅਫ਼ਸਰ ਨੇ ਕਿਹਾ, "ਸਰ, ਤੁਸੀਂ ਜੁੱਤੀਆਂ ਪਾਈ ਰੱਖੋ, ਅੱਗੇ ਚਲ ਕੇ ਅੰਦਰ ਲਾਹ ਲਿਓ।" ਪਰ ਰਘੁਪਤੀ ਨੇ ਕੁੱਤੇ ਦੀ ਗੱਲ ਯਾਦ ਕਰ ਕੇ ਜੁੱਤੀਆਂ ਓਥੇ ਹੀ ਲਾਹ ਦਿੱਤੀਆਂ, ਭਾਵੇਂ ਮਿੱਟੀ ਵਾਲੇ ਰਸਤੇ ਵਿੱਚ ਮੁੜ੍ਹਕੇ ਨਾਲ ਗੜੁੱਚ ਹੋਣ ਕਰਕੇ ਨੰਗੇ ਪੈਰਾਂ ਨਾਲ ਚੱਲਣਾ ਕੋਈ ਸੌਖਾ ਕੰਮ ਨਹੀਂ ਸੀ। ਏਸੇ ਤਰ੍ਹਾਂ ਉਸ ਨੇ ਆਪਣੀ ਸਿਗਾਰ ਪੀਣ ਦੀ ਤਲਬ ਨੂੰ ਵੀ ਰੋਕੀ ਰੱਖਿਆ ਕਿਉਂਕਿ ਕੁੱਤੇ ਤੇ ਜੁੱਤੀਆਂ ਤੋਂ ਬਾਅਦ ਉਹ ਸਿਗਰਟ ਪੀਣ ਦੀ ਹਿੰਮਤ ਕਿਵੇਂ ਕਰ ਸਕਦਾ ਸੀ?

ਨੀਵੇਂ ਛੱਪਰ ਹੇਠੋਂ ਲੰਘ ਕੇ ਉਹ ਗੁਸਾਈਂ ਜੀ ਦੀ ਖ਼ਾਸ ਗੱਦੀ ਦੇ ਕੋਲ ਪਹੁੰਚ ਗਏ। ਛੋਟੇ ਜਿਹੇ ਵਿਹੜੇ ਵਿੱਚ ਇੱਕ ਪਾਸੇ ਸ਼ਾਮਿਆਨੇ ਦੇ ਹੇਠਾਂ ਬੈਠਣ ਲਈ ਇੱਕ ਥੜੀ ਜਿਹੀ ਬਣਾਈ ਹੋਈ ਸੀ ਅਤੇ ਉਸ ਦੇ ਉੱਤੇ ਚਪੜਾਸੀ ਪਸ਼ੁਪਤੀ ਤਾੜਪੱਤਰਾਂ ਦੀਆਂ ਪੋਥੀਆਂ ਨਾਲ ਘਿਰਿਆ ਹੋਇਆ ਪਦਆਸਣ ਉੱਤੇ ਬੈਠਾ ਹੋਇਆ ਸੀ। ਉਸ ਦੇ ਚਾਰੇ ਪਾਸੇ ਦੀਵੇ ਬਲ ਰਹੇ ਸਨ। ਨਹਾ ਧੋ ਕੇ, ਰੇਸ਼ਮੀ ਕੱਪੜੇ ਪਾ ਕੇ, ਮੱਥੇ ਉੱਤੇ ਸੰਧੂਰ ਤੇ ਚੰਦਨ ਲਾ ਕੇ, ਅੱਖਾਂ ਉੱਤੇ ਐਨਕ ਲਾ ਕੇ ਤੇ ਹੱਥਾਂ ਵਿਚ ਤਾੜ-ਪੱਤਰ ਦੀ ਪੋਥੀ ਫੜ ਕੇ, ਪਸ਼ੂਪਤੀ ਮਨ-ਹੀ-ਮਨ ਵਿਚ ਪਤਾ ਨਹੀਂ ਕੀ ਬੁੜਬੁੜਾ ਰਿਹਾ ਸੀ। ਵਿਹੜੇ ਵਿਚ ਜ਼ਮੀਨ ਉੱਤੇ ਬੈਠੇ ਬਾਹਰੋਂ ਆਏ ਫ਼ਰਿਆਦੀ, ਉਸ ਵੱਲ ਧਿਆਨ ਨਾਲ ਵੇਖ ਰਹੇ ਸਨ। ਉਹ ਵੱਖ-ਵੱਖ ਪਿੰਡਾਂ ਤੋਂ ਆਏ, ਮੈਲੇ ਕੁਚੈਲੇ ਬੀਮਾਰ ਲੋਕ ਸਨ, ਜੋ ਪਸ਼ੁਪਤੀ ਕੋਲ ਆ ਕੇ ਵੱਖ-ਵੱਖ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਛੁਟਕਾਰਾ ਪਾਉਣ ਦੀ ਆਸ ਲਾਈ ਬੈਠੇ ਸਨ। ਇਨ੍ਹਾਂ ਸਾਰੇ ਲੋਕਾਂ ਵਿੱਚ ਸਿਰਫ਼ ਇਕ ਹੀ ਆਦਮੀ ਸਾਫ਼ ਸੁਥਰਾ ਸੀ, ਜੋ ਦੂਰੋਂ ਆਇਆ ਸੀ ਤੇ ਸਿਰ ਨੀਵਾਂ ਕਰ ਕੇ ਬੈਠਾ ਸੀ। ਇਹ ਸਭ ਕੁੱਝ ਵੇਖ ਕੇ ਅਫ਼ਸਰ ਨੇ ਕਿਹਾ, "ਸਰ, ਤੁਸੀਂ ਰੁਕੋ, ਮੈਂ ਕੁਰਸੀ ਲੈ ਆਉਂਦਾ।" ਏਨੀ ਗੱਲ ਕਹਿ ਕੇ ਉਹ ਅਫ਼ਸਰ ਉੱਡ ਗਿਆ। ਰਘੁਪਤੀ ਸਮਝ ਗਿਆ ਕਿ ਹੁਣ ਉਹ ਛੇਤੀ ਨਹੀਂ ਮੁੜੇਗਾ। ਏਸ ਪਿੰਡ ਵਿਚ ਕਿਸੇ ਦੇ ਘਰੋਂ ਕੁਰਸੀ ਨਹੀਂ ਸੀ ਮਿਲਣੀ। ਜੇ ਮਿਲ ਵੀ ਜਾਂਦੀ ਤਾਂ ਏਥੇ ਗੁਸਾਈਂ ਦੇ ਸਾਹਮਣੇ ਉੱਚੀ ਥਾਂ ਉੱਤੇ ਬੈਠਣਾ ਨਿਰਸੰਦੇਹ

ਧਰਮ ਵਿਰੁੱਧ ਮੰਨਿਆ ਜਾਣਾ ਸੀ। ਰਘੁਪਤੀ ਇਨ੍ਹਾਂ ਮੈਲੇ ਕੁਚੈਲੇ ਬੰਦਿਆਂ ਕੋਲੋਂ ਲੰਘ ਕੇ ਸਾਫ਼ ਕੱਪੜਿਆਂ ਵਾਲੇ ਬੰਦੇ ਕੋਲ ਜਾ ਕੇ ਚੌਂਕੜੀ ਮਾਰ ਕੇ ਬੈਠ ਗਿਆ। ਭੀੜ ਵਿਚ ਬੈਠਣ ਦੀ ਥਾਂ ਵੀ ਨਹੀਂ ਸੀ ਰਹੀ ਅਤੇ ਵਲੈਤੀ ਕੱਪੜੇ ਪਾ ਕੇ ਚੌਂਕੜੀ ਮਾਰਨੀ ਵੀ ਸੌਖੀ ਨਹੀਂ ਸੀ। ਸੂਰਜ ਇਸ ਵੇਲੇ ਪੂਰੇ ਜੋਬਨ ਉੱਤੇ ਸੀ। ਕੜਕਦੀ ਧੁੱਪ ਸਿਧੀ ਸਿਰ ਉੱਤੇ ਪੈ ਰਹੀ ਸੀ।

ਰਘੁਪਤੀ ਲਗਾਤਾਰ ਪਸ਼ੂਪਤੀ ਵੱਲ ਵੇਖ ਰਿਹਾ ਸੀ, ਪਰ ਪਸ਼ੂਪਤੀ ਏਧਰ ਉੱਧਰ ਨਹੀਂ ਸੀ ਵੇਖ ਰਿਹਾ। ਉਹ ਆਪਣੀਆਂ ਪੋਥੀਆਂ ਇੱਕ-ਇੱਕ ਕਰ ਕੇ ਖੋਲ੍ਹੀ ਜਾ ਰਿਹਾ ਸੀ ਤੇ ਉਨ੍ਹਾਂ ਵਿੱਚੋਂ ਕੁੱਝ-ਨਾ-ਕੁੱਝ ਪੜ੍ਹਦਿਆਂ ਸਾਹਮਣੇ ਬੈਠੇ ਬੰਦੇ ਨੂੰ ਅਬੁੱਝ ਭਾਸ਼ਾ ਵਿੱਚ ਸਮਝਾਈ ਜਾ ਰਿਹਾ ਸੀ। ਉਹ ਬੰਦਾ ਵਿਚਾਰਾ ਕਿਸੇ ਵੱਡੀ ਬੀਮਾਰੀ ਤੋਂ ਛੁਟਕਾਰਾ ਪਾਉਣ ਲਈ ਇਸ ਕੋਲ ਪਹੁੰਚਿਆ ਸੀ, ਪਰ ਪਸ਼ੂਪਤੀ ਉਸ ਨੂੰ ਪੁੱਛ ਰਿਹਾ ਸੀ, “ਪੋਥੀ ਦੇ ਹਿਸਾਬ ਨਾਲ ਤਾਂ ਚੱਕਰ ਨਿਕਲ ਰਿਹਾ ਹੈ। ਕੀ ਤੇਰੇ ਘਰ ਵਿੱਚ ਕੋਈ ਚੱਕਰ ਹੈ?” ਰਘੁਪਤੀ ਨੇ ਸੋਚਿਆ ਕਿ ਜੇ ਮੈਨੂੰ ਇਸ ਤਰ੍ਹਾਂ ਦਾ ਸਵਾਲ ਪੁੱਛਿਆ ਹੁੰਦਾ ਤਾਂ ਮੈਂ ਕੀ ਜਵਾਬ ਦੇਂਦਾ? ਪਰ ਓਸ ਬੰਦੇ ਨੇ ਸਿੱਧਾ ਜਿਹਾ ਜਵਾਬ ਦਿੱਤਾ, "ਨਹੀਂ।” ਇਹ ਜਵਾਬ ਸੁਣ ਕੇ ਪਸ਼ੂਪਤੀ ਨੇ ਕੁੱਝ ਹਰੀਆਂ ਪੱਤੀਆਂ ਲੈ ਕੇ ਤਾੜ-ਪੱਤਰ ਉੱਤੇ ਘਸਾਈਆਂ, ਆਪਣਾ ਚਸ਼ਮਾ ਚੰਗੀ ਤਰ੍ਹਾਂ ਠੀਕ ਕਰ ਕੇ ਪੁੱਛਿਆ, “ਤਾਂ ਕੀ ਕੋਈ ਫ਼ੋਟੋ ਹੈ ?” ਉਸ ਆਦਮੀ ਨੇ ਫੇਰ ਨਾਂਹ ਵਿੱਚ ਸਿਰ ਹਿਲਾਇਆ। ਪਸ਼ੂਪਤੀ ਨੇ ਫੇਰ ਕੋਲ ਖੜੇ ਬੰਦੇ ਨੂੰ ਕਿਹਾ, "ਜ਼ਰਾ ਭਰਾ ਜੀ ਨੂੰ ਬੁਲਾਓ। ਉਹ ਪੜ੍ਹ ਕੇ ਵੇਖਣ।" ਪਸ਼ੂਪਤੀ ਦੇ ਵੱਡੇ ਭਰਾ ਪੋਥੀ ਪੜ੍ਹਨ ਵਿੱਚ ਉਸ ਦੀ ਮਦਦ ਕਰਦੇ ਹੁੰਦੇ ਸਨ। ਉਨ੍ਹਾਂ ਨੇ ਆ ਕੇ ਤਾੜ-ਪੱਤਰ ਵਿੱਚ ਕੁੱਝ ਹੋਰ ਪੱਤੀਆਂ ਰਗੜੀਆਂ, ਅੱਖਾਂ ਦੀ ਐਨਕ ਦੀਆਂ ਡੋਰੀਆਂ ਨਾਲ ਹੋਰ ਚੰਗੀ ਤਰ੍ਹਾਂ ਕੱਸਿਆ ਤੇ ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਕੇ ਪੜ੍ਹਨ ਦੀ ਕੋਸ਼ਿਸ ਕੀਤੀ।

ਕਾਫ਼ੀ ਦੇਰ ਤੱਕ ਭਰਾ ਵੱਲ ਵੇਖਣ ਤੋਂ ਬਾਅਦ ਪਸ਼ੂਪਤੀ ਨੇ ਰਘੁਪਤੀ ਵੱਲ ਵੇਖਿਆ। ਰਘੁਪਤੀ ਨੇ ਸੋਚਿਆ ਕਿ ਹੁਣ ਪਸ਼ੂਪਤੀ ਉਸ ਨੂੰ ਸਭ ਤੋਂ ਪਹਿਲਾਂ ਆਪਣੇ ਕੋਲ ਬੁਲਾਏਗਾ, ਪਰ ਨਜ਼ਰਾਂ ਮਿਲਦਿਆਂ ਹੀ ਪਸ਼ੂਪਤੀ ਨੇ ਅੱਖਾਂ ਫੇਰ ਲਈਆਂ ਤੇ ਆਪਣੇ ਭਰਾ ਕੋਲੋਂ ਪੋਥੀ ਲੈ ਕੇ ਪੜ੍ਹਨ ਲੱਗ ਪਿਆ। ਰਘੁਪਤੀ ਨੇ ਸੋਚਿਆ ਕਿ ਉਹ ਉਥੋਂ ਹੁਣੇ ਉੱਠ ਜਾਏ ਤੇ ਖ਼ੁਸ਼ਾਮਦ ਕਰ ਰਹੇ ਅਫ਼ਸਰ ਨੂੰ ਗਾਲ੍ਹਾਂ ਕੱਢ ਕੇ ਉਸ ਦੀ ਚਰਿੱਤਰ ਰਿਪੋਟ ਪੂਰੀ ਤਰ੍ਹਾਂ ਖ਼ਰਾਬ ਕਰ ਦੇਵੇ ਤੇ ਚਪੜਾਸੀ ਨੂੰ ਮੁੜ ਨੌਕਰੀ ਉੱਤੇ ਲਾਉਣ ਵਾਲੀ ਚਿੱਠੀ ਨੂੰ ਰੱਦ ਕਰ

ਦੇਵੇ। ਪਰ ਸਖ਼ਤ ਗਰਮੀ ਵਿਚ ਭਗਤਾਂ ਦੀ ਏਨੀ ਵੱਡੀ ਆਸਵੰਦ ਉਡੀਕ, ਚੰਦਨ ਦਾ ਸੰਧੂਰ, ਰੇਸ਼ਮੀ ਕੱਪੜਿਆਂ ਨਾਲ ਸਜੇ ਹੋਏ ਗੁਸਾਈਂ ਤੇ ਪੁਰਾਣੀਆਂ ਤਾੜਪੱਤਰੀਆਂ ਦੀਆਂ ਪੋਥੀਆਂ ਦੇ ਢੇਰ ਵੱਲ ਵੇਖ ਕੇ ਉਸ ਨੂੰ ਆਪਣੀ ਧੀ ਤੇ ਮੰਤਰੀ ਦੇ ਭਣੇਵੇਂ ਦਾ ਚਿਹਰਾ ਧਿਆਨ ਵਿੱਚ ਆਇਆ ਤਾਂ ਸਾਰੀਆਂ ਗੱਲਾਂ ਦਿਮਾਗ਼ ਵਿੱਚੋਂ ਨਿਕਲ ਗਈਆਂ।

ਫੇਰ ਉਸ ਦੀ ਨਜ਼ਰ ਬਰਾਂਡੇ ਦੀ ਛਾਂ ਵਿਚ ਖੜੇ ਚਾਪਲੂਸ ਅਫ਼ਸਰ ਵੱਲ ਗਈ। ਇਸ ਤੋਂ ਪਹਿਲਾਂ ਕਿ ਉਹ ਅਫ਼ਸਰ ਨਜ਼ਰ ਬਚਾ ਕੇ ਏਧਰ ਓਧਰ ਟਿਬ ਜਾਂਦਾ, ਰਘੁਪਤੀ ਨੇ ਉਸ ਵੱਲ ਗੁੱਸੇ ਨਾਲ ਵੇਖਿਆ। ਅਫ਼ਸਰ ਨੇ ਖੜੇ-ਖੜੇ ਹੀ ਰਘੁਪਤੀ ਨੂੰ ਇਸ਼ਾਰੇ ਨਾਲ ਸਮਝਾਇਆ ਕਿ ਏਨੀ ਭੀੜ ਵਿੱਚੋਂ ਲੰਘ ਕੇ ਉਹ ਰਘੁਪਤੀ ਕੋਲ ਨਹੀਂ ਪਹੁੰਚ ਸਕਦਾ। ਫੇਰ ਉਸ ਨੇ ਅੱਖਾਂ ਤੇ ਹੱਥਾਂ ਦੀਆਂ ਉਂਗਲੀਆਂ ਤੇ ਬੁੱਲ੍ਹਾਂ ਨਾਲ ਸਮਝਾਇਆ ਕਿ ਉਸ ਨੇ ਰਘੁਪਤੀ ਵਾਸਤੇ ਕੁਰਸੀ ਲਿਆਉਣ ਲਈ ਬੰਦਾ ਭੇਜਿਆ ਹੋਇਆ ਹੈ, ਜਰਾ ਹੌਂਸਲਾ ਰੱਖੋ, ਕੁਰਸੀ ਆਉਣ ਉੱਤੇ ਅਰਾਮ ਨਾਲ ਬੈਠ ਸਕੋਗੇ। ਮੈਂ ਹੁਣੇ ਜਾ ਕੇ ਗੁਸਾਈਂ ਨੂੰ ਕਹਿਨਾਂ ਕਿ ਉਸ ਬੰਦੇ ਨੂੰ ਭੁਗਤਾ ਕੇ ਤੁਹਾਨੂੰ ਆਪਣੇ ਕੋਲ ਬੁਲਾਵੇ ਤੇ ਤੁਹਾਡੀ ਧੀ ਨੂੰ ਠੀਕ ਕਰ ਦੇਵੇ।

ਇਸ਼ਾਰਿਆਂ ਨਾਲ ਇਹ ਸਾਰੀਆਂ ਗੱਲਾਂ ਸਮਝਾ ਕੇ ਉਹ ਅਫ਼ਸਰ ਇੱਕ ਦਮ ਗ਼ਾਇਬ ਹੋ ਗਿਆ। ਰਘੁਪਤੀ ਨੇ ਦਿਲ-ਹੀ-ਦਿਲ ਵਿੱਚ ਉਸ ਨੂੰ ਬਹੁਤ ਗਾਲ੍ਹਾਂ ਕੱਢੀਆਂ ਕਿਉਂਕਿ ਹੁਣ ਤੱਕ ਉਹ ਚੰਗੀ ਤਰ੍ਹਾਂ ਸਮਝ ਚੁੱਕਾ ਸੀ ਕਿ ਏਥੇ ਛੋਟੇ ਅਫ਼ਸਰ ਦੀ ਤਾਂ ਕੀ, ਰਘੁਪਤੀ ਦੀ ਗੱਲ ਵੀ ਕਿਸੇ ਨੇ ਨਹੀਂ ਸੁਣਨੀ। ਏਸ ਨੀਵੇਂ ਛੱਪਰ ਹੇਠ ਜੋ ਸੁਤੰਤਰ ਸਾਮਰਾਜ ਸੀ ਉਸ ਦਾ ਇੱਕੋ ਹੀ ਸਮਰਾਜ ਸੀ-ਚਪੜਾਸੀ ਪਸ਼ੂਪਤੀ ਤੇ ਉਸ ਤੋਂ ਨੀਵੇਂ ਬੈਠੇ ਸਾਰੇ ਲੋਕ ਉਸ ਦੀ ਦਇਆ ਦੇ ਪਾਤਰ ਸਨ। ਇਹ ਗੱਲ ਸਮਝਣ ਤੋਂ ਬਾਅਦ ਰਘੁਪਤੀ ਚੁੱਪ ਕਰ ਕੇ ਆਪਣੀ ਵਾਰੀ ਦੀ ਉਡੀਕ ਕਰਨ ਲੱਗ ਪਿਆ।

****

# ਮਾਂ-ਪਿਓ ਜਾਏ

ਪਿੰਡ ਦੇ ਚਿੱਕੜ-ਭਰੇ ਰਸਤੇ ਵਿੱਚ ਜਦੋਂ ਟੈਕਸੀ ਦੂਜੀ ਵਾਰ ਫਸ ਗਈ ਤਾਂ ਸੁਬੋਧ ਪਰੇਸ਼ਾਨ ਹੋ ਗਿਆ। ਪਹਿਲਾਂ ਉਹ ਹਮੇਸ਼ਾ ਸਰਦੀਆਂ ਵਿੱਚ ਹੀ ਪਿੰਡ ਆਉਂਦਾ ਰਿਹਾ ਸੀ। ਏਸ ਲਈ ਪਿੰਡ ਦੇ ਰਸਤੇ ਦੀ ਤਰਸਯੋਗ ਹਾਲਤ ਉੱਤੇ ਉਸ ਦੀ ਕਦੀ ਨਜ਼ਰ ਹੀ ਨਹੀਂ ਸੀ ਪਈ। ਭਾਵੇਂ ਚਿੱਕੜ, ਵੇਲ-ਬੂਟੇ, ਝਾੜੀਆਂ, ਜੰਗਲ ਤੇ ਕੀੜੇ-ਮਕੌੜੇ ਇਸ ਵੇਲੇ ਉਸ ਨੂੰ ਉਸ ਦੇ ਬਚਪਨ ਦੀ ਯਾਦ ਦਵਾ ਰਹੇ ਸਨ, ਪਰ ਟੈਕਸੀ ਤੋਂ ਉਤਰ ਕੇ ਘਾਹ ਉੱਤੇ ਪੈਰ ਧਰਦਾ ਜੁੱਤੀਆਂ ਤੋਂ ਚਿੱਕੜ ਛੱਡਦਾ, ਉਹ ਮਨ ਹੀ ਮਨ ਵਿੱਚ ਖਿੱਝ ਵੀ ਰਿਹਾ ਸੀ। ਉਸ ਨੇ ਸੋਚਿਆ ਕਿ ਕੁੱਝ ਦਿਨ ਠਹਿਰ ਕੇ ਹੀ ਆਉਂਦਾ ਤਾਂ ਠੀਕ ਸੀ। ਪਰ ਪਿਤਾ ਜੀ ਦੀ ਤਬੀਅਤ ਖ਼ਰਾਬ ਹੋਣ ਦੀ ਖ਼ਬਰ ਮਿਲਣ ਪਿੱਛੋਂ ਉਹ ਰੁਕ ਨਹੀਂ ਸੀ ਸਕਦਾ। ਉਸ ਨੂੰ ਦਿੱਲੀ ਵਿੱਚ ਥੋੜਾ ਕੰਮ ਵੀ ਸੀ-ਜੇ ਉਹ ਕਿਸੇ ਤਰ੍ਹਾਂ ਮਿਲ-ਮਿਲਾ ਕੇ ਆਪਣਾ ਸੈਮੀਨਾਰ ਇਸੇ ਸਾਲ ਦੀਆਂ ਸਰਦੀਆਂ ਵਿੱਚ ਦਿੱਲੀ ਰਖਵਾ ਸਕੇ ਤਾਂ ਉਦੋਂ ਉਹ ਆਪਣੇ ਬਾਲ-ਬੱਚਿਆਂ ਨੂੰ ਵੀ ਨਾਲ ਲੈ ਕੇ ਇੱਕ ਵਾਰੀ ਫੇਰ ਏਥੋਂ ਦਾ ਚੱਕਰ ਲਾਵੇਗਾ।

ਸੁਬੋਧ ਨੂੰ ਅਮਰੀਕਾ ਗਿਆਂ ਚੌਦਾਂ ਵਰ੍ਹੇ ਹੋ ਗਏ ਸਨ। ਸ਼ੁਰੂ ਸ਼ੁਰੂ ਵਿਚ ਉਸ ਨੂੰ ਆਪਣਾ ਘਰ, ਮਾਂ-ਪਿਉ, ਭਰਾ, ਪਿੰਡ, ਸ਼ਹਿਰ ਦੇ ਲੋਕਾਂ, ਮੌਸਮਾਂ, ਆਚਾਰ-ਵਿਹਾਰ, ਪਿਆਰ ਤੇ ਅਪਣੱਤ ਦੀ ਯਾਦ ਆਉਂਦੀ ਸੀ। ਉਹ ਸੋਚਦਾ ਸੀ ਕਿ ਅਮਰੀਕਾ ਵਿੱਚ ਕੁੱਝ ਸਾਲ ਪੈਸੇ ਕਮਾ ਕੇ ਆਪਣੇ ਦੇਸ਼ ਪਰਤ ਜਾਵੇਗਾ, ਪਰ ਰੁਪਏ-ਪੈਸੇ ਦੇ ਮੋਹ ਦਾ ਕੋਈ ਅੰਤ ਨਹੀਂ ਹੁੰਦਾ। ਜ਼ਿਆਦਾ ਰੁਪਏ ਕਮਾਉਣ ਲਈ ਇਕ ਯੂਨੀਵਰਸਿਟੀ ਤੋਂ ਦੂਜੀ ਯੂਨੀਵਰਸਿਟੀ ਗਿਆ, ਫੇਰ ਕੰਪਨੀ ਦੀ ਨੌਕਰੀ ਕੀਤੀ, ਫੇਰ ਕਿਸ਼ਤਾਂ ਵਿੱਚ ਇੱਕ ਵੱਡਾ ਮਕਾਨ ਖ਼ਰੀਦ ਲਿਆ ਤੇ ਉਸ ਦੀ ਕਿਸ਼ਤ ਚੁਕਾਉਣ ਲਈ ਉਸ ਨੂੰ ਹੋਰ ਵੱਡੀ ਨੌਕਰੀ ਲੱਭਣੀ ਪਈ। ਦੋਵੇਂ ਬੱਚੇ ਜਦੋਂ ਕੁੱਝ ਵੱਡੇ ਹੋ ਗਏ ਤਾਂ ਉਸ ਦੀ ਘੱਟ ਪੜ੍ਹੀ ਹੋਈ ਬੀਵੀ ਨੇ ਕੋਈ ਟ੍ਰੇਨਿੰਗ ਕਰ ਕੇ ਨੌਕਰੀ ਸ਼ੁਰੂ ਕਰ ਦਿੱਤੀ ਤੇ ਹੁਣ ਅਸਪਤਾਲ ਵਿੱਚ ਲੱਗ ਕੇ ਕਾਫ਼ੀ ਚੰਗੇ ਪੈਸੇ ਕਮਾ ਰਹੀ ਸੀ। ਬੱਚੇ ਕੇਵਲ ਜਨਮ ਦੇ ਆਧਾਰ ਉੱਤੇ ਉਥੋਂ ਦੇ ਹੀ ਨਾਗਰਿਕ ਨਹੀਂ ਸੀ, ਉਨ੍ਹਾਂ ਦੀ ਬੋਲ-ਚਾਲ, ਪਹਿਰਾਵਾ, ਚਾਲ-ਚਲਣ ਤੇ ਸੋਚਣ ਦਾ ਢੰਗ ਵੀ

ਬਿਲਕੁਲ ਓਥੋਂ ਦੇ ਬੱਚਿਆਂ ਵਰਗਾ ਹੀ ਸੀ। ਹੁਣ ਸੁਬੋਧ ਰਿਟਾਇਰ ਹੋਣ ਪਿੱਛੋਂ ਵੀ ਭਾਰਤ ਪਰਤਣ ਬਾਰੇ ਨਹੀਂ ਸੀ ਸੋਚਦਾ। ਤਾਂ ਵੀ ਨੌਕਰੀ ਮੁੱਕਣ ਤੇ ਅਤੇ ਬੱਚਿਆਂ ਦੇ ਓਥੇ ਸੈੱਟ ਹੋਣ ਤੋਂ ਪਿੱਛੋਂ ਉਸ ਦੇ ਮਨ ਵਿੱਚ ਭਾਰਤ ਵਾਪਸ ਆਉਣ ਦੀ ਇੱਕ ਅਸਪਸ਼ਟ ਜਿਹੀ ਲਿਲ੍ਹਕ ਮੌਜੂਦ ਸੀ।

ਆਪਣੀ ਗੁਜ਼ਰੀ ਹੋਈ ਜ਼ਿੰਦਗੀ ਦੇ ਨਫ਼ੇ-ਨੁਕਸਾਨ ਤੇ ਸੁੱਖ-ਦੁੱਖ ਬਾਰੇ ਸੋਚਣ ਵਾਸਤੇ ਨਾ ਤਾਂ ਇਹ ਠੀਕ ਥਾਂ ਸੀ ਤੇ ਨਾ ਹੀ ਠੀਕ ਵੇਲਾ, ਮੀਂਹ ਵਿਚ ਛੱਤਰੀ ਲੈ ਕੇ ਪਿੰਡ ਦੀ ਸੜਕ ਦੇ ਕੰਢੇ ਖੜਾ ਸੁਬੋਧ ਪਿਛਲੀਆਂ ਸਾਰੀਆਂ ਗੱਲਾਂ ਯਾਦ ਕਰ ਰਿਹਾ ਸੀ। ਆਪਣੇ ਭੁੱਖਣ-ਭਾਣੇ ਟੱਬਰ, ਗਰੀਬ ਪਿੰਡ ਤੇ ਔਖ ਵਿਚ ਬੀਤੇ ਬਚਪਨ ਨੂੰ ਉਹ ਬਹੁਤ ਪਿੱਛੇ ਛੱਡ ਆਇਆ ਸੀ। ਉਸ ਦੇ ਬੱਚੇ ਚੰਗੇ ਸਕੂਲਾਂ ਵਿੱਚ ਪੜ੍ਹਦੇ ਸਨ ਅਤੇ ਉਨ੍ਹਾਂ ਦੀਆਂ ਸਾਰੀਆਂ ਲੋੜਾਂ ਤੇ ਮੰਗਾਂ ਬੜੇ ਅਰਾਮ ਨਾਲ ਪੂਰੀਆਂ ਹੋ ਜਾਂਦੀਆਂ ਸਨ। ਉਹ ਆਪ ਆਪਣੇ ਕੰਮ ਨਾਲ ਸੰਤੁਸ਼ਟ ਸੀ। ਛੁੱਟੀਆਂ ਵਿਚ ਬੱਚਿਆਂ ਨੂੰ ਲੈ ਕੇ ਘੁੰਮਣ-ਫਿਰਨ ਚਲਿਆ ਜਾਂਦਾ ਸੀ। ਅਫ਼ਸੋਸ ਤਾਂ ਏਨਾ ਹੀ ਸੀ ਕਿ ਉਨ੍ਹਾਂ ਦਾ ਕੋਈ ਸੰਗੀ-ਸਾਥੀ ਨਹੀਂ ਸੀ। ਭਾਵੇਂ ਇਸ ਕਾਰਨ ਕਰ ਕੇ ਉਸ ਦੇ ਪਰਿਵਾਰ ਤੇ ਮੈਂਬਰ ਇੱਕ ਦੂਜੇ ਦੇ ਵਧੇਰੇ ਨੇੜੇ ਹੋਏ ਸਨ ਤੇ ਇੱਕ ਦੂਜੇ ਨੂੰ ਵਧੇਰੇ ਸਮਝ ਸਕਦੇ ਸਨ। ਉਹ ਸਮਾਜਿਕ ਸੰਬੰਧਾਂ ਦੀ ਘਾਟ ਆਮ ਹੀ ਮਹਿਸੂਸ ਕਰਦਾ ਹੁੰਦਾ ਸੀ। ਕਈ ਸ਼ਨੀਵਾਰਾਂ ਨੂੰ ਉਹ ਆਪਣੇ ਤੇ ਆਪਣੀ ਪਤਨੀ ਦੇ ਨਾਲ ਕੰਮ ਕਰਨ ਵਾਲੇ ਸਾਥੀਆਂ ਨੂੰ ਆਪਣੇ ਘਰ ਬੁਲਾਇਆ ਕਰਦਾ ਸੀ। ਪਰ ਮਿਲਣੀਆਂ ਇਹ ਸਿਲਸਿਲਾ ਵੀ ਜ਼ਿੰਦਗੀ ਗੁਜ਼ਾਰਨ ਦੀਆਂ ਉਨ੍ਹਾਂ ਦਿਨਾਂ ਦੀਆਂ ਹੋਰ ਕਈ ਸ਼ੈਲੀਆਂ ਵਾਂਗ ਸਿਰਫ਼ ਦਿਖਾਵਾ ਸੀ ਤੇ ਇਸ ਵਿੱਚ ਧੁਰ ਅੰਦਰ ਦੀ ਖੁੱਲ੍ਹ ਦੀ ਘਾਟ ਹੁੰਦੀ ਸੀ। ਪ੍ਰਾਹੁਣਿਆਂ ਦੇ ਜਾਣ ਤੋਂ ਬਾਅਦ ਵਾਲੀ ਦੇ ਨਾਲ ਭਾਂਡੇ ਮਾਂਜਣ ਵਿੱਚ ਹੱਥ ਵਟਾਉਣ ਵੇਲੇ ਪਿੰਡ ਦੀ ਯਾਦ ਆਉਂਦੀ ਸੀ ਤੇ ਉਸ ਦੀਆਂ ਅੱਖਾਂ ਦੇ ਸਾਹਮਣੇ ਆ ਜਾਂਦੇ ਸਨ, ਉਸ ਦੇ ਬਚਪਨ, ਮੁੰਡਪੁਣੇ, ਜਵਾਨੀ ਵੇਲੇ ਦੇ ਅਨਜਾਣੇ ਜਾਂ ਘੱਟ ਜਾਣੇ ਚਿਹਰੇ। ਉਸ ਦੀਆਂ ਅੱਖਾਂ ਨੂੰ ਵੇਖ ਕੇ ਸ਼ਾਇਦ ਉਸ ਦੀ ਪਤਨੀ ਉਸ ਦੇ ਦਿਲ ਦੀ ਗੱਲ ਬੁੱਝ ਲੈਂਦੀ ਤੇ ਉਹ ਪੁੱਛਦੀ, "ਦਿੱਲੀ ਵਿੱਚ ਤੇਰਾ ਸੈਮੀਨਾਰ ਹੁਣ ਕਦੋਂ ਹੋਵੇਗਾ?"

ਇਹ ਦਿੱਲੀ ਦਾ ਸੈਮੀਨਾਰ ਹੀ ਸੁਬੋਧ ਦਾ ਆਪਣੇ ਦੇਸ਼ ਜਾਣ ਦਾ ਇੱਕੋ ਇੱਕ ਸੂਤਰ ਸੀ। ਇਸ ਦਾ ਇੱਕ ਹੋਰ ਫ਼ਾਇਦਾ ਇਹ ਸੀ ਕਿ ਨਾ ਤਾਂ ਉਸ ਨੂੰ ਕੋਲੋਂ ਖ਼ਰਚਾ ਕਰਨਾ ਪੈਂਦਾ ਸੀ ਤੇ ਨਾ ਹੀ ਛੁੱਟੀ ਲੈਣੀ ਪੈਂਦੀ ਸੀ ਤੇ ਸੌਖਿਆਂ ਹੀ ਘਰ ਵੱਲ ਫੇਰੀ ਮਾਰ ਸਕਦਾ

ਸੀ। ਇਹੋ ਜਿਹੇ ਮੌਕਿਆਂ ਉੱਤੇ ਕਦੀ-ਕਦੀ ਉਹ ਆਪਣੇ ਬੱਚੇ-ਪਤਨੀ ਨੂੰ ਵੀ ਨਾਲ ਲੈ ਆਉਂਦਾ ਸੀ। ਪਰ ਇਸ ਵਾਰੀ ਏਥੇ ਆਉਣ ਲਈ ਆਪਣਾ ਪੈਸਾ ਵੀ ਖ਼ਰਚ ਕਰਨਾ ਪਿਆ ਸੀ ਤੇ ਛੁੱਟੀ ਲੈਣ ਵਿੱਚ ਵੀ ਕਾਫ਼ੀ ਔਖ ਹੋਈ ਸੀ। ਇਸ ਆਰਥਿਕ ਨੁਕਸਾਨ ਨਾਲ ਉਪਜੀ ਮਨ ਦੀ ਹਾਲਤ ਵਿੱਚ ਉਸ ਨੇ ਡਰਾਈਵਰ ਨੂੰ ਪੁੱਛਿਆ, "ਗੱਡੀ ਠੀਕ ਹੋ ਗਈ ਕਿ ਅਜੇ ਹੋਰ ਸਮਾਂ ਲਏਗੀ ? ਡਰਾਈਵਰ ਨੇ ਬੋਨਟ ਬੰਦ ਕਰਦਿਆਂ ਕਿਹਾ, "ਇੰਜਣ ਵਿੱਚ ਪਾਣੀ ਚਲਾ ਗਿਆ ਹੈ। ਸੁੱਕਣ ਵਿੱਚ ਵਕਤ ਲੱਗੇਗਾ। ਤੁਸੀਂ ਗੱਡੀ ਦੇ ਅੰਦਰ ਬੈਠ ਜਾਓ।" ਏਨਾ ਕਹਿ ਕੇ ਮੀਂਹ ਵਿੱਚ ਭਿੱਜਦੇ ਡਰਾਈਵਰ ਨੇ ਸਿਗਰਟ ਸੁਲਗਾ ਲਈ ਤੇ ਸੁਬੋਧ ਛੱਤਰੀ ਬੰਦ ਕਰ ਕੇ ਗੱਡੀ ਵਿੱਚ ਜਾ ਕੇ ਬੈਠ ਗਿਆ। ਹਵਾਈ ਜਹਾਜ਼ ਦੇ ਲੰਮੇ ਸਫ਼ਰ ਤੋਂ ਬਾਅਦ ਉਹ ਥਕਾਵਟ ਮਹਿਸੂਸ ਕਰ ਰਿਹਾ ਸੀ। ਗੱਡੀ ਵਿੱਚ ਬੈਠ ਕੇ ਆਪਣੀ ਬੀਵੀ ਤੇ ਬੱਚਿਆਂ ਬਾਰੇ ਸੋਚਦਿਆਂ-ਸੋਚਦਿਆਂ ਉਸ ਦੀ ਅੱਖ ਲੱਗ ਗਈ।

ਓਧਰ ਪਿੰਡ ਵਿੱਚ ਵੱਡੇ ਭਰਾ ਮਨਬੋਧ ਤੇ ਪ੍ਰਬੋਧ ਥੜੇ ਉੱਤੇ ਬੈਠੇ-ਬੈਠੇ ਉਸ ਦੀ ਉਡੀਕ ਡਰ ਕੇ ਉਸ ਦੇ ਆਉਣ ਦੀ ਆਸ ਲਾ ਬੈਠੇ ਸਨ। ਭਾਵੇਂ ਇਨ੍ਹਾਂ ਨੇ ਸੱਤ ਦਿਨ ਪਹਿਲਾਂ ਹੀ ਤਾਰ ਦੇ ਦਿੱਤੀ ਸੀ ਪਰ ਸੁਬੋਧ ਨੂੰ ਉਹ ਤਾਰ ਕਦੋਂ ਮਿਲੇਗੀ ਇਸ ਬਾਰੇ ਕੁੱਝ ਨਹੀਂ ਸੀ ਕਿਹਾ ਜਾ ਸਕਦਾ ਅਤੇ ਫੇਰ ਸੁਬੋਧ ਆਪਣੇ ਸਾਰੇ ਜ਼ਰੂਰੀ ਕੰਮ ਛੱਡ ਕੇ ਤੇ ਪੈਸਾ ਖ਼ਰਚ ਕੇ ਏਨੀ ਦੂਰ ਆਏਗਾ ਵੀ ਕਿ ਨਹੀਂ; ਕੌਣ ਜਾਣਦਾ ਸੀ ? ਉਹ ਕਦੀ ਸੋਚਦੇ ਕਿ ਸੁਬੋਧ ਜ਼ਰੂਰ ਆਏਗਾ। ਭਾਵੇਂ ਉਹ ਇਨ੍ਹਾਂ ਨੂੰ ਆਮ ਤੌਰ ਉੱਤੇ ਚਿੱਠੀ ਵੀ ਨਹੀਂ ਲਿਖਦਾ, ਪਰ ਜਦੋਂ ਵੀ ਦਿੱਲੀ ਆਉਂਦਾ ਤਾਂ ਪਿੰਡ ਮਿਲਣ ਜ਼ਰੂਰ ਆਉਂਦਾ ਸੀ। ਪਹਿਲਾਂ ਕੋਈ ਖ਼ਬਰ ਨਹੀਂ ਸੀ ਹੁੰਦੀ। ਉਹ ਟੈਕਸੀ ਕਰ ਕੇ ਪਿੰਡ ਪਹੁੰਚ ਜਾਂਦਾ ਤੇ ਇੱਕ ਦਿਨ ਰਹਿ ਕੇ ਅਗਲੇ ਦਿਨ ਮੁੜ ਜਾਂਦਾ। ਭਾਵੇਂ ਉਹ ਮਾਂ ਦੇ ਮਰਨ ਉੱਤੇ ਨਹੀਂ ਸੀ ਆ ਸਕਿਆ। ਉਸ ਨੂੰ ਏਥੇ ਆਉਣ ਲਈ ਖ਼ਬਰ ਦੇਈਏ ਕਿ ਨਾ ਦੇਈਏ, ਇਹੀ ਸੋਚਦਿਆਂ-ਸੋਚਦਿਆਂ ਮਾਂ ਚੱਲ ਵੱਸੀ ਸੀ ਅਤੇ ਮਾਂ ਦੇ ਮਰਨ ਦੀ ਖ਼ਬਰ ਸੁਬੋਧ ਨੂੰ ਭਰਾਵਾਂ ਨੇ ਤਾਰ ਰਾਹੀਂ ਦੇ ਦਿੱਤੀ ਸੀ। ਪਰ ਓਦੋਂ ਸੁਬੋਧ ਦੀ ਕੋਈ ਚਿੱਠੀ ਨਹੀਂ ਸੀ ਆਈ, ਭਾਵੇਂ ਵੱਡੇ ਭਰਾ ਮਨਬੋਧ ਦੇ ਨਾਂ ਢਾਈ ਸੌ ਡਾਲਰ ਦਾ ਚੈੱਕ ਆਇਆ ਸੀ, ਜਿਸ ਨੂੰ ਤੁੜਾਉਣ ਉੱਤੇ ਕਾਫ਼ੀ ਵਕਤ ਲੱਗ ਗਿਆ ਸੀ।

ਇਹੀ ਕਾਰਨ ਸੀ ਕਿ ਜਦੋਂ ਪਿਤਾ ਜੀ ਦੀ ਤਬੀਅਤ ਖ਼ਰਾਬ ਹੋਣੀ ਸ਼ੁਰੂ ਹੋਈ ਮਨਬੋਧ ਨੇ ਪ੍ਰਬੋਧ ਨੂੰ ਬੁਲਾ ਲਿਆ ਤੇ ਦੋਹਾਂ ਨੇ ਮਿਲ ਕੇ ਸੁਬੋਧ ਨੂੰ ਤਾਰ ਦੇ ਦਿੱਤੀ। ਵੱਡਾ ਮੁੰਡਾ ਮਨਬੋਧ ਪਿੰਡ ਵਿਚ ਰਹਿ ਕੇ ਖੇਤੀ ਕਰਦਾ ਸੀ ਤੇ ਵਿਚਕਾਰਲਾ ਮੁੰਡਾ ਪ੍ਰਬੋਧ ਨੇੜੇ ਹੀ

ਸ਼ਹਿਰ ਦੇ ਕਾਲਜ ਵਿਚ ਲੈਕਚਰਾਰ ਲੱਗਾ ਹੋਇਆ ਸੀ। ਪਿਤਾ ਜੀ ਕਾਫ਼ੀ ਬੁੱਢੇ ਹੋ ਚੁੱਕੇ ਸਨ ਤੇ ਕਈ ਵਾਰੀ ਬੀਮਾਰ ਹੋ ਜਾਂਦੇ। ਮਨਬੋਧ ਦੀ ਉਮਰ ਵੀ ਕੋਈ ਘੱਟ ਨਹੀਂ ਸੀ ਤੇ ਉਹ ਵੀ ਕਈ ਵਾਰੀ ਬੀਮਾਰ ਹੋ ਜਾਂਦਾ ਸੀ। ਦੋਨਾਂ ਭਰਾਵਾਂ ਦੀਆਂ ਆਪਣੀਆਂ-ਆਪਣੀਆਂ ਪਰਿਵਾਰਕ ਮੁਸ਼ਕਲਾਂ ਵੀ ਸਨ। ਕਦੀ ਕਿਸੀ ਦੀ ਤਬੀਅਤ ਖ਼ਰਾਬ ਹੁੰਦੀ, ਜਾਂ ਜ਼ਮੀਨ-ਜਾਇਦਾਦ ਦੀ ਕੋਈ ਸਮੱਸਿਆ ਹੁੰਦੀ ਜਾਂ ਫੇਰ ਫ਼ਸਲ ਕੱਟਣ ਵੇਲੇ ਉਨ੍ਹਾਂ ਦੀ ਆਪਸ ਵਿੱਚ ਮੁਲਾਕਾਤ ਹੁੰਦੀ ਸੀ। ਪਹਿਲਾਂ ਕਦੀ-ਕਦੀ ਪਿਤਾ ਜੀ ਪ੍ਰਬੋਧ ਕੋਲ ਜਾ ਕੇ ਰਿਹਾ ਕਰਦੇ ਸਨ, ਇਸ ਲਈ ਦੋਨਾਂ ਟੱਬਰਾਂ ਦੇ ਵਿਚਕਾਰ ਕੁੱਝ ਸਬੰਧ ਬਣਿਆ ਰਹਿੰਦਾ ਸੀ। ਪਰ ਹੁਣ ਪਿਤਾ ਜੀ ਦੀ ਤਬੀਅਤ ਕੁੱਝ ਵਧੇਰੇ ਢਿੱਲੀ ਹੋਣ ਕਰ ਕੇ ਉਹ ਜ਼ਿਆਦਾਤਰ ਪਿੰਡ ਵਿੱਚ ਹੀ ਰਹਿੰਦੇ ਸਨ, ਏਸ ਲਈ ਦੋਨਾਂ ਭਰਾਵਾਂ ਦਾ ਮੇਲ ਘੱਟ ਹੀ ਹੁੰਦਾ ਸੀ।

ਪਿੰਡ ਦੇ ਨੇੜੇ ਹੀ ਇੱਕ ਡਿਸਪੈਂਸਰੀ ਸੀ, ਉੱਥੋਂ ਦੇ ਡਾਕਟਰ ਨੇ ਆ ਕੇ ਪਿਤਾ ਜੀ ਨੂੰ ਵੇਖਿਆ ਸੀ ਤੇ ਭਾਵੇਂ ਉਸ ਨੇ ਕਿਹਾ ਸੀ ਕਿ ਸਭ ਕੁੱਝ ਠੀਕ ਹੈ, ਪਰ ਦੋਨੋਂ ਭਰਾ ਜਾਣਦੇ ਸਨ ਕਿ ਇਸ ਵਾਰੀ ਕੀ ਹੋਣ ਵਾਲਾ ਹੈ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਜੇ ਸੁਬੋਧ ਆਇਆ ਤਾਂ ਉਸ ਨੇ ਜ਼ਰੂਰ ਪੁੱਛਣਾ ਹੈ ਕਿ ਸ਼ਹਿਰ ਤੋਂ ਵੱਡਾ ਡਾਕਟਰ ਕਿਉਂ ਨਹੀਂ ਬੁਲਾਇਆ? ਇਸ ਵੇਲੇ ਦੋਵੇਂ ਭਰਾ ਇਹੀ ਸੋਚ ਰਹੇ ਸਨ।

"ਆਉਂਦਿਆਂ ਮੈਂ ਡਾਕਟਰ ਨੂੰ ਆਪਣੇ ਨਾਲ ਲਿਆ ਸਕਦਾ ਸੀ।" ਪ੍ਰਬੋਧ ਬੋਲਿਆ। “ਪਰ ਅੱਜਕੱਲ੍ਹ ਡਾਕਟਰਾਂ ਦੇ ਰੇਟ ਕੀ ਨੇ? ਪਹਿਲਾਂ ਫੀਸ ਮੰਗਣਗੇ ਤੇ ਫੇਰ ਟੈਕਸੀ ਤੋਂ ਬਿਨਾ ਗੱਲ ਹੀ ਨਹੀਂ ਕਰਦੇ। ਜੇ ਪਹਿਲੀ ਤਰੀਕ ਦੇ ਆਸ-ਪਾਸ ਗੱਲ ਹੁੰਦੀ, ਤਾਂ ਜਿੰਨਾ ਵੀ ਖਰਚ ਹੁੰਦਾ ਮੈਂ ਕਰ ਦੇਂਦਾ, ਪਰ ਹੁਣ ਪੱਚੀ ਤਰੀਕ ਨੂੰ ਤਾਂ ਸਨੇਹਾ ਪਹੁੰਚਿਆ ਸੀ।"

"ਮੈਂ ਵੀ ਇਕੱਲਾ ਬੰਦਾ ਆਂ ਕੀ ਕਰਦਾ ?” ਮਨਬੋਧ ਉਸ ਵੇਲੇ ਦੀ ਹਾਲਤ ਦਰਸਾਉਣ ਵਾਲੀ ਸੁਰ ਵਿੱਚ ਬੋਲਿਆ, "ਖੇਤੀ ਦਾ ਕੰਮ ਪਿਛਲੇ ਪੰਦਰਾਂ ਦਿਨਾਂ ਤੋਂ ਠੱਪ ਪਿਐ। ਤੇ ਜੇ ਆਪ ਸਿਰ ਤੇ ਨਾ ਹੋਈਏ ਤਾਂ ਕੱਖ ਪੱਲੇ ਨਹੀਂ ਪੈਂਦਾ।"

ਇਹ ਗੱਲ ਵਿੱਚ ਜੋ ਵਿਅੰਗ ਸੀ, ਉਹ ਪ੍ਰਬੋਧ ਸਮਝ ਗਿਆ ਸੀ। ਉਹ ਸਿਰਫ਼ ਫ਼ਸਲ ਵੇਲੇ ਹਿੱਸਾ ਲੈਣ ਹੀ ਆਉਂਦਾ ਸੀ। ਕਦੀ-ਕਦੀ ਉਹ ਸੋਚਦਾ ਕਿ ਮੈਂ ਖੇਤੀ ਦਾ ਕੰਮ

ਤਾਂ ਬਿਲਕੁਲ ਵੀ ਨਹੀਂ ਵੇਖਦਾ, ਏਸ ਲਈ ਆਪਣੇ ਹਿੱਸੇ ਦੀ ਜ਼ਮੀਨ ਵੀ ਆਪਣੇ ਵੱਡੇ ਭਰਾ ਨੂੰ ਹੀ ਦੇ ਦਿਆਂ। ਪਰ ਪੈਸੇ ਦੀ ਤੰਗੀ ਕਰਕੇ ਉਹ ਇਹ ਫੈਸਲਾ ਨਹੀਂ ਸੀ ਕਰ ਸਕਿਆ। ਉਹ ਬੋਲਿਆ, “ਭਰਾ ਜੀ, ਅੱਜਕੱਲ੍ਹ ਤਾਂ ਦੋ ਡੰਗ ਦਾ ਗੁਜ਼ਾਰਾ ਕਰਨਾ ਵੀ ਔਖਾ ਹੋਇਆ ਪਿਆ ਹੈ। ਮੈਨੂੰ ਤਨਖ਼ਾਹ ਮਿਲਦੀ ਹੀ ਕਿੰਨੀ ਕੁ ਹੈ? ਵੀਹ-ਤਰੀਕ ਤੱਕ ਸਾਰੀ ਤਨਖ਼ਾਹ ਉੱਡ ਜਾਂਦੀ ਐ।"

ਇੰਨੀ ਦੇਰ ਵਿੱਚ ਅੰਦਰੋਂ ਕਿਸੇ ਦੀ ਅਵਾਜ਼ ਸੁਣ ਕੇ ਮਨਬੋਧ ਅੰਦਰ ਚਲਾ ਗਿਆ। ਉਸ ਨੇ ਬਾਹਰ ਆ ਕੇ ਕਿਹਾ, "ਪਿਤਾ ਜੀ ਪਾਣੀ ਮੰਗ ਰਹੇ ਸਨ।" ਪਿਤਾ ਜੀ ਅੰਦਰਲੇ ਕਮਰੇ ਵਿੱਚ ਲੇਟੇ ਹੋਏ ਸਨ ਤੇ ਘਰ ਦੀਆਂ ਔਰਤਾਂ ਤੇ ਬੱਚੇ ਉਨ੍ਹਾਂ ਦੇ ਦੁਆਲੇ ਬੈਠੇ ਹੋਏ ਸਨ। ਇਸ ਵੇਲੇ ਉਨ੍ਹਾਂ ਕੋਲ ਉੱਠਣ ਬੈਠਣ ਤੇ ਬੋਲਣ ਦੀ ਹਿੰਮਤ ਨਹੀਂ ਸੀ। ਉਹ ਚੁੱਪਚਾਪ ਲੇਟੇ ਹੋਏ ਸਨ ਤੇ ਜੇ ਕਦੀ-ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਸੀ ਤਾਂ ਉਨ੍ਹਾਂ ਦੇ ਕਰਾਹੁਣ ਦੀ ਅਵਾਜ਼ ਸੁਣਾਈ ਦਿੰਦੀ ਸੀ।

ਪ੍ਰਬੋਧ ਬੋਲਿਆ, "ਮੈਂ ਪਿਤਾ ਜੀ ਦੀ ਖ਼ਬਰ ਸੁਣ ਕੇ ਉਸੇ ਵੇਲੇ ਆ ਤਾਂ ਜ਼ਰੂਰ ਗਿਆ ਹਾਂ ਪਰ ਮੇਰਾ ਸਾਰਾ ਧਿਆਨ ਅਜੇ ਵੀ ਕੂਨੇ ਵੱਲ ਲੱਗਿਆ ਹੋਇਐ। ਪੜ੍ਹਨ ਦਾ ਤਾਂ ਉਹ ਨਾਂ ਹੀ ਨਹੀਂ ਲੈਂਦਾ। ਥਰਡ ਡਿਵੀਜ਼ਨ ਵਿਚ ਪਾਸ ਹੋਇਐ। ਹੁਣ ਉਸ ਨੂੰ ਦਾਖ਼ਲਾ ਕਿੱਥੇ ਮਿਲੇਗਾ, ਇਹ ਸਭ ਤੋਂ ਵੱਡੀ ਸਮੱਸਿਆ ਬਣੀ ਹੋਈ ਹੈ। ਜੇ ਇਸ ਵੇਲੇ ਮੈਂ ਓਥੇ ਹੁੰਦਾ, ਤਾਂ ਕੁੱਝ ਨਾ ਕੁੱਝ ਦੇ ਦਿਵਾ ਕੇ ਉਸ ਦੀ ਐਡਮਿਸ਼ਨ ਕਿਤੇ ਨਾ ਕਿਤੇ ਕਰਵਾ ਦੇਂਦਾ। ਪੰਜ ਦਿਨ ਹੋ ਗਏ ਨੇ ਮੈਨੂੰ ਏਥੇ ਬੈਠਿਆਂ।"

ਮਨਬੋਧ ਦੇ ਬੱਚੇ ਪੜ੍ਹਾਈ ਛੱਡ ਕੇ ਪਿੰਡ ਵਿੱਚ ਖੇਤੀ ਕਰਦੇ ਸਨ, ਉਸ ਦੇ ਵੱਡੇ ਮੁੰਡੇ ਦੀ ਪਿਛਲੇ ਸਾਲ ਸ਼ਾਦੀ ਹੋ ਚੁੱਕੀ ਸੀ। ਸਾਰਾ ਘਰ ਦਾ ਖ਼ਰਚਾ ਖੇਤੀ ਦੇ ਸਿਰੋਂ ਨਿਕਲਣ ਕਰਕੇ ਮਨਬੋਧ ਦੇ ਸਿਰ ਉੱਤੇ ਹਮੇਸ਼ਾ ਹੀ ਖੇਤੀ ਦਾ ਫ਼ਿਕਰ ਸਵਾਰ ਰਹਿੰਦਾ ਸੀ। ਉਸ ਨੇ ਕਿਹਾ, “ਮੈਂ ਵੀ ਤਾਂ ਕਈ ਦਿਨਾਂ ਤੋਂ ਖੇਤ ਵੱਲ ਨਹੀਂ ਜਾ ਸਕਿਆ।"

ਪ੍ਰਬੋਧ ਬੋਲਿਆ, "ਮੈਂ ਤਾਂ ਏਥੇ ਬੈਠਾ ਹੀ ਹਾਂ, ਤੁਸੀਂ ਕਿਉਂ ਬੈਠੇ ਓ ? ਜਾ ਕੇ ਆਪਣੇ ਖੇਤ ਦਾ ਹਾਲ-ਚਾਲ ਵੇਖ ਆਓ।”

“ਸੁਬੋਧ ਦੇ ਆਉਣ ਤੋਂ ਬਾਅਦ ਹੀ ਸਭ ਕੁੱਝ ਵੇਖਿਆ ਜਾਊ।” ਮਨਬੋਧ ਨੇ ਕਿਹਾ, "ਕੀ ਤੂੰ ਚਾਹ ਪੀਏਂਗਾ ?”

"ਪੀ ਲੈਂਦੇ ਆਂ। ਉਨ੍ਹਾਂ ਨੂੰ ਕਹਿਣਾ ਕਿ ਮੇਰੀ ਚਾਹ ਵਿੱਚ ਮਿੱਠਾ ਜ਼ਰਾ ਘੱਟ ਪਾਉਣ।" ਉਸੇ ਵੇਲੇ ਉਸ ਨੂੰ ਪਤਾ ਨਹੀਂ ਕੀ ਯਾਦ ਆਇਆ ਕਿ ਉਹ ਬੋਲਿਆ, "ਚੰਗੀ ਚਾਹ ਦੇ ਪੈਕਟ ਲਿਆਉਣ ਦੀ ਗੱਲ ਹੋਈ ਸੀ, ਉਸ ਦਾ ਕੀ ਬਣਿਆ ? ਸੁਬੋਧ ਦੇ ਆਉਣ ਤੋਂ ਪਹਿਲਾਂ ਕਿਸੇ ਨੂੰ ਭੇਜ ਕੇ ਚਾਹ ਮੰਗਵਾ ਲੈਂਦੇ।"

ਉਹ ਥੜ੍ਹੇ ਉੱਤੇ ਬੈਠੇ ਚਾਹ ਪੀ ਰਹੇ ਸਨ ਕਿ ਸੁਬੋਧ ਦੀ ਟੈਕਸੀ ਰੁਕੀ। ਪਿੰਡ ਦੇ ਬੱਚੇ ਓਥੇ ਇਕੱਠੇ ਹੋ ਗਏ ਤੇ ਟੈਕਸੀ ਦੇ ਚਾਰੇ ਪਾਸੇ ਖੜ੍ਹੇ ਹੋ ਗਏ। ਟੈਕਸੀ ਦੇ ਡਰਾਈਵਰ ਨੂੰ ਪੈਸੇ ਦੇ ਕੇ ਸੁਬੋਧ ਨੇ ਆਪਣਾ ਅਟੈਚੀ ਕਿਸੇ ਨੂੰ ਫੜਾ ਦਿੱਤਾ। ਭਰਾਵਾਂ ਦਾ ਮੂੰਹ ਵੇਖ ਕੇ ਸਮਝ ਗਿਆ ਕਿ ਪਿਤਾ ਜੀ ਅਜੇ ਜੀਉਂਦੇ ਹਨ। ਉਸ ਨੇ ਕੁੱਝ ਆਸਵਾਨ ਹੋ ਕੇ ਪੁੱਛਿਆ, "ਪਿਤਾ ਜੀ ਦਾ ਕੀ ਹਾਲ ਹੈ ?"

ਤਿੰਨੋਂ ਭਰਾ ਇਕੱਠੇ ਹੀ ਅੰਦਰ ਪਿਤਾ ਜੀ ਨੂੰ ਵੇਖਣ ਲਈ ਗਏ। ਅੰਦਰ ਕਮਰੇ ਵਿੱਚ ਕੋਈ ਨਹੀਂ ਸੀ ਕਿਉਂਕਿ ਸੁਬੋਧ ਨੂੰ ਵੇਖਣ ਲਈ ਸਾਰੇ ਹੀ ਬਾਹਰ ਨਿਕਲ ਆਏ ਸਨ। ਪਿਤਾ ਜੀ ਏਸ ਵੇਲੇ ਸੁੱਤੇ ਹੋਏ ਸਨ ਤੇ ਉਨ੍ਹਾਂ ਦਾ ਸਾਹ ਬਹੁਤ ਹੌਲੀ ਚੱਲ ਰਿਹਾ ਸੀ ਤੇ ਉੱਖੜਿਆ ਹੋਇਆ ਸੀ। ਸੁਬੋਧ ਨੇ ਆਪਣੇ ਪਿਤਾ ਜੀ ਦਾ ਰੋਗੀ ਚਿਹਰਾ ਵੇਖਣ ਤੋਂ ਬਾਅਦ ਭਰਾਵਾਂ ਵੱਲ ਵੇਖਿਆ ਤੇ ਫੇਰ ਸਾਰੇ ਬਾਹਰ ਆ ਗਏ। ਸੁਬੋਧ ਦੇ ਕੁੱਝ ਕਹਿਣ ਤੋਂ ਪਹਿਲਾਂ ਹੀ ਪ੍ਰਬੋਧ ਬੋਲਿਆ, "ਅਸੀਂ ਵੱਡੇ ਡਾਕਟਰ ਨੂੰ ਬੁਲਾਉਣ ਦਾ ਫੈਸਲਾ ਕੀਤਾ ਸੀ ਪਰ ਏਥੇ ਵਾਲੇ ਡਾਕਟਰ ਨੇ ਕਿਹਾ ਕਿ ਕੋਈ ਫ਼ਿਕਰ ਵਾਲੀ ਗੱਲ ਨਹੀਂ ਹੈ।" ਮਨਬੋਧ ਨੇ ਡਾਕਟਰ ਨੂੰ ਬੁਲਾਉਣ ਲਈ ਕਿਸੇ ਨੂੰ ਭੇਜਿਆ ਤਾਂ ਜੋ ਪਿਤਾ ਜੀ ਦੀ ਹਾਲਤ ਬਾਰੇ ਸੁਬੋਧ ਨੂੰ ਚੰਗੀ ਤਰ੍ਹਾਂ ਦੱਸ ਦੇਵੇ। ਸੁਬੋਧ ਵੱਲ ਵੇਖਕੇ ਉਹ ਬੋਲਿਆ, "ਜਿਸ ਦਿਨ ਅਸੀਂ ਤੈਨੂੰ ਤਾਰ ਪਾਈ ਸੀ, ਉਸ ਦਿਨ ਪਿਤਾ ਜੀ ਦੀ ਹਾਲਤ ਵਾਕਈ ਬਹੁਤ ਖ਼ਰਾਬ ਸੀ।"

"ਮੈਨੂੰ ਬਹੁਤ ਜ਼ਰੂਰੀ ਕੰਮ ਛੱਡ ਕੇ ਆਉਣਾ ਪਿਐ।" ਸੁਬੋਧ ਨੇ ਕਿਹਾ, "ਵੈਸੇ ਵੀ ਅੱਜਕੱਲ੍ਹ ਆਉਣ ਜਾਣ ਦਾ ਖ਼ਰਚਾ ਬਹੁਤ ਵੱਧ ਗਿਐ।"

ਸੁਬੋਧ ਲਈ ਘਰ ਵਿੱਚ ਇੱਕ ਕਮਰਾ ਖ਼ਾਲੀ ਕਰਵਾ ਦਿੱਤਾ ਗਿਆ ਸੀ ਤੇ ਉਸ ਨੂੰ ਚੰਗੀ ਤਰ੍ਹਾਂ ਸਾਫ ਕਰ ਕੇ ਬਿਸਤਰ ਵਿਛਾ ਦਿੱਤਾ ਸੀ। ਕਮਰੇ ਵਿੱਚ ਜਾ ਕੇ ਸੁਬੋਧ ਨੂੰ ਕੱਪੜੇ ਬਦਲੇ ਤੇ ਫਿਰ ਭਰਾਵਾਂ ਕੋਲ ਆ ਕੇ ਬੈਠ ਗਿਆ। ਉਸ ਨੂੰ ਬੈਠਿਆਂ ਬੈਠਿਆਂ ਚੇਤੇ ਆਇਆ ਕਿ ਮਨਬੋਧ ਨੇ ਕਾਫ਼ੀ ਦਿਨ ਪਹਿਲਾਂ ਇੱਕ ਚਿੱਠੀ ਲਿਖੀ ਸੀ ਕਿ ਉਹ ਆਉਣ

ਵੇਲੇ ਉਸ ਦੇ ਬੱਚਿਆਂ ਲਈ ਛੋਟੀਆਂ-ਛੋਟੀਆਂ ਚੀਜ਼ਾਂ ਲੈ ਆਵੇ। ਪਰ ਉਹ ਜਲਦੀ ਵਿੱਚ ਕਿਸੇ ਲਈ ਕੁੱਝ ਵੀ ਨਹੀਂ ਸੀ ਲਿਆ ਸਕਿਆ।

ਹੁਣ ਹਨੇਰਾ ਹੋ ਰਿਹਾ ਸੀ। ਕੋਈ ਆ ਕੇ ਥੜੇ ਉੱਤੇ ਟਿਮਟਿਮਾਉਂਦੀ ਲਾਲਟੈਨ ਰੱਖ ਗਿਆ ਸੀ। ਵੈਸੇ ਤਾਂ ਘਰ ਵਿੱਚ ਬਿਜਲੀ ਦੀ ਤਾਰ ਲੱਗੀ ਹੋਈ ਸੀ ਪਰ ਪਿੰਡ ਵਿੱਚ ਬਿਜਲੀ ਘੱਟ ਹੀ ਆਉਂਦੀ ਸੀ। ਪਿੰਡ ਦੇ ਕੁੱਝ ਲੋਕ ਆ ਕੇ ਸਬੋਧ ਨੂੰ ਮਿਲੇ। ਉਹ ਏਸ ਪਿੰਡ ਦਾ ਇੱਕੋ ਹੀ ਬਦੇਸ ਵਿਚ ਵੱਸਦਾ ਆਦਮੀ ਸੀ। ਭਾਵੇਂ ਉਹ ਬਹੁਤਿਆਂ ਲੋਕਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਪਰ ਉਨ੍ਹਾਂ ਪੁਰਾਣਿਆਂ ਸੰਬੰਧਾਂ ਨੂੰ ਯਾਦ ਕਰਕੇ ਉਨ੍ਹਾਂ ਨਾਲ ਘੁਲਣਾ-ਮਿਲਣਾ ਸੌਖਾ ਨਹੀਂ ਸੀ। ਇਸ ਲਈ ਉਨ੍ਹਾਂ ਨਾਲ ਨਮਸਤੇ ਤੱਕ ਹੀ ਸੀਮਿਤ ਰਿਹਾ ਸੀ। ਆਪਣੀ ਮਾਂ ਦੇ ਪੇਟ ਤੋਂ ਜੰਮੇ ਛੋਟੇ ਭਰਾ ਸੁਬੋਧ ਦੇ ਅਮਰੀਕਾ ਜਾਣ ਕਰਕੇ ਮਨਬੋਧ ਬੜਾ ਮਾਣ ਮਹਿਸੂਸ ਕਰਦਾ ਸੀ ਤੇ ਪਿੰਡ ਦੇ ਲੋਕ ਇਸ ਕਰਕੇ ਉਸ ਨੂੰ ਇੱਜ਼ਤ ਵੀ ਦੇਂਦੇ ਸਨ। ਸੁਬੋਧ ਦੀ ਭਾਵੇਂ ਵੱਡੇ ਭਰਾ ਨੂੰ ਕੋਈ ਖ਼ਾਸ ਚਿੱਠੀ ਨਹੀਂ ਸੀ ਆਉਂਦੀ ਪਰ ਫੇਰ ਵੀ ਉਹ ਲੋਕਾਂ ਨੂੰ ਫ਼ਰਜੀ ਚਿੱਠੀਆਂ ਦੀ ਝੂਠੀ ਕਹਾਣੀ ਸੁਣਾ ਕੇ ਰਾਹਤ ਮਹਿਸੂਸ ਕਰਦਾ ਸੀ। ਸੁਬੋਧ ਜਦੋਂ ਵੀ ਏਥੇ ਆਉਂਦਾ, ਮਨਬੋਧ ਉਸ ਕੋਲੋਂ ਅਮਰੀਕਾ ਦੀਆਂ ਸੜਕਾਂ, ਓਥੋਂ ਦੇ ਰਹਿਣ-ਸਹਿਣ, ਜੀਵਨ-ਜਾਂਚ, ਆਦਿ ਬਾਰੇ ਸਵਾਲ ਕਰ ਕੇ ਸਾਰੀ ਜਾਣਕਾਰੀ ਪ੍ਰਾਪਤ ਕਰ ਲੈਂਦਾ ਸੀ ਤੇ ਇਹੀ ਜਾਣਕਾਰੀ ਬਾਅਦ ਵਿਚ ਉਸ ਦੇ ਕੰਮ ਆਉਂਦੀ ਸੀ। ਪਿੰਡ ਵਾਲੇ ਭਾਵੇਂ ਉਸ ਦੀ ਗੱਲ ਸਮਝਣ ਜਾਂ ਨਾ ਪਰ ਉਹ ਉਨ੍ਹਾਂ ਨੂੰ ਚੌਂਕਾ ਦੇਣ ਵਾਲੀਆਂ ਖ਼ਬਰਾਂ ਸੁਣਾਉਂਦਾ ਰਹਿੰਦਾ ਸੀ, ਜਿਵੇਂ ਸੁਬੋਧ ਦੇ ਦੋਨਾਂ ਮੁੰਡਿਆਂ ਦੇ ਨਾਂ ਓਥੇ ਕਿਸ ਤਰ੍ਹਾਂ ਬਦਲ ਗਏ, ਜਨਮੇਜਯ 'ਜਾਨ' ਤੇ ਯਯਾਤੀ 'ਜਾਰਜ' ਹੋ ਗਿਆ ਸੀ।

ਪਿੰਡ ਦੇ ਲੋਕ ਜਦੋਂ ਸੁਬੋਧ ਨੂੰ ਮਿਲ ਕੇ ਚਲੇ ਗਏ ਤਾਂ ਮਨਬੋਧ ਨੇ ਪਿਤਾ ਜੀ ਦੀ ਤਬੀਅਤ ਬਾਰੇ ਪੁੱਛਿਆ, “ਅਮਰੀਕਾ ਵਿੱਚ ਤੁਹਾਡੀ ਤਬੀਅਤ ਖ਼ਰਾਬ ਹੋਣ ਉੱਤੇ ਤੁਸੀਂ ਕੀ ਕਰਦੇ ਓ ?" ਪ੍ਰਬੋਧ ਦੀ ਇੱਕ ਮਾੜੀ ਆਦਤ ਸੀ ਕਿ ਉਹ ਹਰ ਵਿਸ਼ੇ ਵਿੱਚ ਕਿਤਾਬੀ ਗਿਆਨ ਦੀ ਵਿਖਾਲੀ ਜ਼ਿਆਦਾ ਕਰਦਾ ਸੀ। ਸੁਬੋਧ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਉਸ ਨੇ ਕਿਹਾ, "ਤਬੀਅਤ ਦਾ ਖ਼ਰਾਬ ਹੋਣਾ ਤਾਂ ਹਰ ਥਾਂ ਇੱਕੋ ਜਿਹੀ ਹੁੰਦੀ ਹੈ। ਅਮਰੀਕਾ ਵਿੱਚ ਵੱਡੀਆਂ-ਵੱਡੀਆਂ ਬੀਮਾਰੀਆਂ, ਵੱਡੇ-ਵੱਡੇ ਡਾਕਟਰ, ਵੱਡੇ-ਵੱਡੇ ਹਸਪਤਾਲ, ਮਹਿੰਗੀਆਂ ਤੇ ਚੰਗੀਆਂ ਦੁਆਈਆਂ—ਇਹੀ ਤਾਂ ਹੈ ਹੋਰ ਕੀ ਹੈ" ਸੁਬੋਧ ਉਸ ਦੀ ਗੱਲ ਸੁਣ ਕੇ

ਮੁਸਕਰਾਉਣ ਲੱਗ ਪਿਆ ਤੇ ਬੋਲਿਆ, "ਨਹੀਂ, ਇੰਜ ਨਹੀਂ ਹੈ। ਓਥੇ ਸਰੀਰ ਲਈ ਬੀਮਾ ਕਰਾਉਣਾ ਪੈਂਦਾ ਹੈ।"

ਏਨੀ ਦੇਰ ਵਿੱਚ ਡਾਕਟਰ ਸਾਈਕਲ ਉੱਤੇ ਆ ਪਹੁੰਚਿਆ। ਉਹ ਵੀ ਅਮਰੀਕਾ ਦੇ ਡਾਕਟਰਾਂ ਬਾਰੇ ਜਾਣਨਾ ਚਾਹੁੰਦਾ ਸੀ, ਏਸ ਲਈ ਸੁਬੋਧ ਨੂੰ ਸਭ ਕੁੱਝ ਵਿਸਤਾਰ ਨਾਲ ਦੱਸਣਾ ਪਿਆ। ਜਦੋਂ ਗੱਲ ਸਿਹਤ ਤੇ ਇਨਸ਼ੋਰੈਨਸ ਤੋਂ ਚੱਲ ਕੇ ਕਿਸੇ ਅਭਿਨੇਤਰੀ ਦੇ ਪੈਰਾਂ ਦੀ ਕਈ ਲੱਖਾਂ ਡਾਲਰਾਂ ਵਿਚ ਹੋਈ ਇਨਸ਼ੋਰੈਂਸ ਤੱਕ ਪਹੁੰਚੀ। ਮਨਬੋਧ ਦਾ ਸਬਰ ਟੁੱਟ ਗਿਆ। ਉਸ ਨੇ ਡਾਕਟਰ ਨੂੰ ਕਿਹਾ, "ਚਲੋ, ਚੱਲ ਕੇ ਪਿਤਾ ਜੀ ਨੂੰ ਦੇਖ ਲਈਐ।"

ਡਾਕਟਰ ਨੂੰ ਲੈ ਕੇ ਤਿੰਨੋਂ ਭਰਾ ਅੰਦਰ ਚਲੇ ਗਏ। ਪਿਤਾ ਜੀ ਸੁੱਤੇ ਪਏ ਸਨ। ਹੁਣ ਉਨ੍ਹਾਂ ਦਾ ਸਾਹ ਠੀਕ ਚੱਲ ਰਿਹਾ ਸੀ ਪਰ ਲੱਗ ਰਿਹਾ ਸੀ ਕਿ ਜਿਵੇਂ ਉਨ੍ਹਾਂ ਨੂੰ ਬਹੁਤ ਕਸ਼ਟ ਹੋ ਰਿਹਾ ਹੈ। ਡਾਕਟਰ ਨੇ ਸਟੈਥੋਸਕੋਪ ਲਾ ਕੇ ਉਨ੍ਹਾਂ ਦੀ ਛਾਤੀ ਦੇਖੀ, ਆਪਣਾ ਲਿਖਿਆ ਹੋਇਆ ਪ੍ਰੈਸਕ੍ਰਿਪਸ਼ਨ ਇੱਕ ਵਾਰੀ ਫੇਰ ਪੜ੍ਹਿਆ, ਕੋਲ ਰੱਖੀ ਹੋਈ ਦਵਾਈ ਦੀ ਸ਼ੀਸ਼ੀ ਵੇਖੀ ਤੇ ਵੇਖ ਕੇ ਬੋਲਿਆ, "ਸਭ ਠੀਕ ਹੈ।"

ਬਾਹਰ ਆਉਣ ਤੋਂ ਬਾਅਦ ਡਾਕਟਰ ਨੇ ਸੁਬੋਧ ਨੂੰ ਪਿਤਾ ਜੀ ਦੀ ਤਬੀਅਤ ਖ਼ਰਾਬ ਹੋਣ ਤੇ ਉਨ੍ਹਾਂ ਦੇ ਇਲਾਜ ਬਾਰੇ ਸਾਰੀਆਂ ਗੱਲਾਂ ਦੱਸੀਆਂ। ਪਰ ਜਦੋਂ ਉਹ ਸੁਬੋਧ ਨੂੰ ਅਮਰੀਕਾ ਦੇ ਹਸਪਤਾਲ ਤੇ ਡਾਕਟਰਾਂ ਬਾਰੇ ਜ਼ਿਆਦਾ ਜਾਣਕਾਰੀ ਲਈ ਸਵਾਲ ਕਰਨ ਲੱਗ ਪਿਆ, ਮਨਬੋਧ ਨੂੰ ਇਸ ਬਾਰੇ ਜ਼ਿਆਦਾ ਦਿਲਚਸਪੀ ਨਾ ਹੋਣ ਕਾਰਨ, ਉਸ ਨੇ ਸੁਬੋਧ ਨੂੰ ਪੁੱਛਿਆ, "ਭੁੱਖ ਲੱਗੀ ਹੈ ਕਿ ਨਹੀ ?" ਸੁਬੋਧ ਨੇ ਆਕੜ ਭੰਨਦਿਆਂ ਕਿਹਾ, "ਭੁੱਖ ਤਾਂ ਨਹੀਂ ਲੱਗੀ, ਪਰ ਨੀਂਦ ਜ਼ਰੂਰ ਆਈ ਹੈ।" ਡਾਕਟਰ ਨੂੰ ਕੱਲ੍ਹ ਸਵੇਰੇ ਆਉਣ ਦੀ ਤਾਕੀਦ ਕਰ ਕੇ ਮਨਬੋਧ ਨੇ ਉਸ ਨੂੰ ਵਿਦਾ ਕਰ ਦਿੱਤਾ। ਉਸ ਦੇ ਬਾਅਦ ਸਾਰੇ ਖਾਣਾ ਖਾਣ ਬੈਠ ਗਏ। ਖਾਣਾ ਖਾਣ ਤੋਂ ਬਾਅਦ ਗੱਲਾਂ ਕਰਦਿਆਂ ਕਦੋਂ ਨੀਂਦਰ ਆ ਗਈ। ਸੁਬੋਧ ਨੂੰ ਪਤਾ ਹੀ ਨਹੀਂ ਲੱਗਾ।

ਅਗਲੇ ਦਿਨ ਸੁਬੋਧ ਦੇ ਉਪਰੋਂ ਕੰਬਲ ਡਿੱਗਣ ਕਾਰਨ ਉਸਦੀ ਨੀਂਦਰ ਖੁੱਲ੍ਹ ਗਈ, ਫੇਰ ਉਸ ਨੂੰ ਚੇਤੇ ਆਇਆ ਕਿ ਉਹ ਆਪਣੇ ਪਿੰਡ ਵਿੱਚ ਹੈ ਤੇ ਦਿਨ ਕਾਫ਼ੀ ਚੜ੍ਹ ਚੁੱਕਾ ਹੈ। ਉਸ ਨੂੰ ਅਮਰੀਕਾ ਵਿੱਚ ਬੈਠੇ ਆਪਣੀ ਬੀਵੀ ਤੇ ਬੱਚਿਆਂ ਦੀ ਯਾਦ ਆਈ। ਏਨੇ ਸਾਲ ਅਮਰੀਕਾ ਵਿੱਚ ਰਹਿਣ ਦੇ ਬਾਵਜੂਦ ਉਸ ਨੂੰ ਆਪਣਾ ਆਪ ਓਥੇ ਪਰਵਾਸੀ ਜਿਹਾ

ਹੀ ਲੱਗਦਾ ਹੈ ਤੇ ਬੱਚਿਆਂ ਨੂੰ ਓਥੇ ਇਕੱਲਾ ਛੱਡਣਾ ਠੀਕ ਨਹੀਂ ਲੱਗਦਾ। ਥੋੜੀ ਦੇਰ ਬਾਅਦ ਉਸ ਨੇ ਇਹ ਗੱਲ ਆਪਣੇ ਮਨ ਵਿੱਚੋਂ ਕੱਢ ਦਿੱਤੀ ਤੇ ਉੱਠ ਕੇ ਪਿਤਾ ਜੀ ਦੇ ਕਮਰੇ ਵਿੱਚ ਗਿਆ। ਉਹ ਉੱਠ ਚੁੱਕੇ ਸਨ ਤਾਂ ਇੰਜ ਮਹਿਸੂਸ ਹੋਇਆ ਕਿ ਉਹ ਕੁੱਝ ਬੋਲ ਰਹੇ ਸਨ ਪਰ ਮੂੰਹ ਵਿੱਚੋਂ ਕੋਈ ਗੱਲ ਸੁਣਾਈ ਨਹੀਂ ਸੀ ਦੇ ਰਹੀ। ਸੁਬੋਧ ਓਥੋਂ ਬਾਹਰ ਆ ਕੇ ਮੂੰਹ-ਹੱਥ ਧੋ ਕੇ ਆਪਣੇ ਬਿਸਤਰੇ ਕੋਲ ਚਲਾ ਗਿਆ। ਕੋਟੀ ਦੀ ਜੇਬ ਵਿੱਚੋਂ ਬੱਚਿਆਂ ਨੂੰ ਵੰਡਣ ਲਈ ਛੋਟੇ ਸਿੱਕੇ ਕੱਢ ਲਏ। ਆਪਣਾ ਸਮਾਨ ਠੀਕ ਕਰ ਕੇ ਤੇ ਓਥੇ ਰੱਖੀ ਚਾਹ ਪੀ ਕੇ ਉਹ ਥੜ੍ਹੇ ਉੱਤੇ ਚਲਾ ਗਿਆ।

ਬਾਹਰ ਉਸ ਦੇ ਦੋਵੇਂ ਭਰਾ ਉਸ ਦੀ ਉਡੀਕ ਕਰ ਰਹੇ ਸਨ। ਉਸ ਨੇ ਬੈਠਦਿਆਂ ਹੀ ਮਨਬੋਧ ਨੇ ਫੇਰ ਖੇਤੀ-ਬਾੜੀ ਦੀ ਸਮੱਸਿਆ ਦੀ ਗੱਲ ਕੀਤੀ। ਸੁਬੋਧ ਬੋਲਿਆ, "ਵੀਰ, ਮੈਂ ਇਸ ਖੇਤੀ-ਬਾੜੀ ਬਾਰੇ ਕੀ ਸਮਝਾਂਗਾ, ਜੋ ਤੁਸੀਂ ਮੈਨੂੰ ਦੱਸੀ ਜਾ ਰਹੇ ਓ। ਮੈਂ ਤਾਂ ਸਿਰਫ਼ ਪਿਤਾ ਜੀ ਦੇ ਜੀਉਂਦਾ ਹੋਣ ਕਰਕੇ ਏਥੇ ਆ ਜਾਨਾਂ।" ਫੇਰ ਥੋੜਾ ਰੁਕ ਕੇ ਬੋਲਿਆ, "ਇਸ ਜ਼ਮੀਨ ਬਾਰੇ ਜੇ ਕੋਈ ਕਾਗਜ਼-ਪੱਤਰ ਬਣਵਾਇਆ ਹੋਏ ਤਾਂ ਮੈਨੂੰ ਦਸ ਦੇਣਾ, ਮੈਂ ਦਸਤਖ਼ਤ ਕਰ ਦਿਆਂਗਾ ਵਾਪਸ ਜਾਣ ਤੋਂ ਪਹਿਲਾਂ।" ਮਨਬੋਧ ਬੋਲਿਆ, "ਪਹਿਲਾਂ ਪਿਤਾ ਜੀ ਤਬੀਅਤ ਠੀਕ ਹੋ ਜਾਏ, ਫੇਰ ਬਾਕੀ ਗੱਲਾਂ ਵੇਖਾਂਗੇ।"

ਪ੍ਰਬੋਧ ਨੇ ਕੁਝ ਝਾਕੇ ਨਾਲ ਦਿਲ ਦੀ ਗੱਲ ਕਹਿ ਦਿੱਤੀ। "ਅੱਜਕੱਲ੍ਹ ਲੈਕਚਰਾਰ ਦੀ ਨੌਕਰੀ ਵਿੱਚ ਅੱਗੇ ਵੱਧਣ ਦਾ ਕੋਈ ਮੌਕਾ ਨਹੀਂ ਹੈ। ਪਰ ਜੇ ਕੋਈ ਵੱਡੀ ਡਿਗਰੀ ਪ੍ਰਾਪਤ ਕਰ ਲਈ ਜਾਏ ਤਾਂ ਸ਼ਾਇਦ ਕੁੱਝ ਹੋ ਸਕਦਾ ਹੋਵੇ। ਏਥੋਂ ਦੇ ਬਹੁਤ ਸਾਰੇ ਲੋਕ ਅਮਰੀਕਾ ਜਾ ਕੇ ਆਪਣੀ ਪੜ੍ਹਾਈ ਪੂਰੀ ਕਰ ਕੇ ਵਾਪਸ ਆਉਂਦੇ ਨੇ, ਕੀ ਏਸ ਤਰ੍ਹਾਂ ਦੀ ਕੋਈ ਸਹੂਲਤ ਮੇਰੇ ਲਈ ਹੋ ਸਕਦੀ ਹੈ ? ਜੇ ਸੁਬੋਧ ਨੇ ਜ਼ਰਾ ਵੀ ਉਸ ਦੀ ਮਰਜ਼ੀ ਅਨੁਸਾਰ ਜਵਾਬ ਦਿੱਤਾ ਹੁੰਦਾ ਤਾਂ ਉਹ ਖ਼ੁਸ਼ ਹੋ ਜਾਂਦਾ, ਪਰ ਉਸ ਨੇ ਸਾਫ਼-ਸਾਫ਼ ਕਹਿ ਦਿੱਤਾ, ਅੱਜਕੱਲ੍ਹ ਇਹ ਗੱਲ ਨਹੀਂ ਰਹੀ। ਜਦੋਂ ਮੈਂ ਏਥੋਂ ਗਿਆ ਸਾਂ ਤਾਂ ਅਰਜ਼ੀ ਭੇਜਦਿਆਂ ਹੀ ਯੂਨੀਵਰਸਿਟੀ ਵਿੱਚ ਸੀਟ ਮਿਲ ਜਾਂਦੀ ਸੀ ਫੇਰ ਫ਼ੈਲੋਸ਼ਿਪ ਵੀ ਪਰ ਅੱਜ ਤਾਂ ਪਹਿਲਾਂ ਪੂਰਾ ਸਾਲ ਆਪਣੇ ਕੋਲੋਂ ਖ਼ਰਚਾ ਕਰਨਾ ਪੈਂਦੈ। ਫੇਰ ਉਸ ਤੋਂ ਬਾਅਦ ਜਾ ਕੇ ਕੋਈ ਗੱਲ ਬਣਦੀ ਹੈ।" ਪ੍ਰਬੋਧ ਦੇ ਚਿਹਰੇ ਉੱਤੇ ਪੱਸਰੀ ਨਿਰਾਸਤਾ ਵੇਖ ਕੇ ਸੁਬੋਧ ਸਾਰੀ ਗੱਲ ਸਮਝ ਗਿਆ। ਉਸ ਨੇ ਕਿਹਾ, "ਤੁਸੀਂ ਪਹਿਲਾਂ ਅਰਜ਼ੀ ਤਾਂ ਭੇਜੋ, ਫੇਰ ਵੇਖਾਂਗੇ ਕੀ ਹੁੰਦੈ ?" ਪ੍ਰਬੋਧ ਚੁੱਪ

ਰਿਹਾ ਕਿਉਂਕਿ ਉਹ ਜਾਣਦਾ ਸੀ ਕਿ ਉਸ ਦਾ ਦਿਲ ਰੱਖਣ ਲਈ ਸੁਬੋਧ ਨੇ ਇਹ ਗੱਲ ਕਹੀ ਹੈ ਤੇ ਇਹੋ ਜਿਹੀਆਂ ਗੱਲਾਂ ਦਾ ਕੋਈ ਮਤਲਬ ਨਹੀਂ ਹੁੰਦਾ।

ਓਸੇ ਵੇਲੇ ਡਾਕਟਰ ਜੀ ਆ ਗਏ ਤੇ ਉਨ੍ਹਾਂ ਦੇ ਨਾਲ ਹੀ ਸਾਰੇ ਜਣੇ ਅੰਦਰ ਚਲੇ ਗਏ। ਪਿਤਾਜੀ ਨੂੰ ਵੇਖਣ ਤੋਂ ਬਾਅਦ ਡਾਕਟਰ ਨੇ ਕਿਹਾ, "ਅੱਜ ਪਿਤਾ ਜੀ ਕਾਫ਼ੀ ਠੀਕ-ਠੀਕ ਲੱਗਦੇ ਨੇ। ਕੁੱਝ ਹੀ ਦਿਨਾਂ ਵਿਚ ਪੂਰੀ ਤਰ੍ਹਾਂ ਠੀਕ ਹੋ ਜਾਣਗੇ।" ਵੈਸੇ ਵੇਖਣ ਨੂੰ ਵੀ ਪਹਿਲਾਂ ਨਾਲੋਂ ਕਾਫ਼ੀ ਤੰਦਰੁਸਤ ਲੱਗ ਰਹੇ ਸਨ। ਸੁਬੋਧ ਨੂੰ ਏਨੀ ਦੂਰ ਬੁਲਾਉਣ ਕਰਕੇ ਦੋਵੇਂ ਭਰਾ ਆਪਣੇ ਆਪ ਨੂੰ ਦੋਸ਼ੀ ਮੰਨ ਰਹੇ ਸਨ ਤੇ ਆਪਣੇ ਆਪ ਨੂੰ ਸੱਚ ਸਾਬਤ ਕਰਨ ਲਈ ਡਾਕਟਰ ਨੂੰ ਕਹਿਣ ਲੱਗੇ, "ਕੁੱਝ ਦਿਨ ਪਹਿਲਾਂ ਤਾਂ ਤੁਸੀਂ ਕਹਿ ਰਹੇ ਸਾਓ ਕਿ ਹਾਲਤ ਬਹੁਤ ਨਾਜ਼ੁਕ ਹੈ। ਨਹੀਂ ਤਾਂ ਅਸੀਂ...।" ਡਾਕਟਰ ਬੋਲਿਆ, "ਜਦੋਂ ਮੈਂ ਪਹਿਲੀ ਵਾਰੀ ਆਇਆ ਸਾਂ ਤਾਂ ਹਾਲਤ ਸੱਚਮੁੱਚ ਬਹੁਤ ਖ਼ਰਾਬ ਸੀ। ਭਾਵੇਂ ਮੈਂ ਸ਼ੁਰੂ ਤੋਂ ਹੀ ਬੀਮਾਰੀ ਲੱਭ ਕੇ ਠੀਕ ਇਲਾਜ ਸ਼ੁਰੂ ਕਰ ਦਿੱਤਾ ਸੀ।" ਡਾਕਟਰ ਨੇ ਫੇਰ ਆਪਣੀ ਲਿਖੀ ਹੋਈ ਪ੍ਰੈਸਕ੍ਰਿਪਸ਼ਨ ਪੜ੍ਹੀ ਤੇ ਉਸ ਵਿਚ ਇੱਕ ਦਵਾਈ ਕੱਟ ਕੇ ਇੱਕ ਹੋਰ ਲਿਖ ਦਿੱਤੀ ਤੇ ਕਿਹਾ, "ਹੁਣ ਤਾਂ ਪਿਤਾ ਜੀ ਕੁੱਝ ਵੱਲ ਨੇ, ਏਸ ਲਈ ਮੈਂ ਦਵਾ ਬਦਲ ਦਿੱਤੀ ਐ। ਦੋ ਤਿੰਨ ਦਿਨਾਂ ਵਿਚ ਪੂਰੀ ਤਰ੍ਹਾਂ ਠੀਕ ਹੋ ਜਾਣਗੇ।"

ਬਾਹਰ ਆ ਕੇ ਡਾਕਟਰ ਉਨ੍ਹਾਂ ਦੇ ਕੋਲ ਬੈਠ ਗਿਆ। ਪਿੰਡ ਦੇ ਹੋਰ ਲੋਕਾਂ ਵਾਂਗ ਡਾਕਟਰ ਦਾ ਵੀ ਸੁਬੋਧ ਨਾਲ ਖ਼ਾਸ ਜੋੜ ਸੀ। ਉਹ ਸੁਬੋਧ ਕੋਲੋਂ ਅਮਰੀਕਾ ਬਾਰੇ ਜਾਣਨਾ ਚਾਹੁੰਦਾ ਸੀ ਤੇ ਖ਼ਾਸ ਕਰਕੇ ਇਹ ਕਿ ਡਾਕਟਰਾਂ ਨੂੰ ਓਥੇ ਕਿਸ-ਕਿਸੇ ਤਰ੍ਹਾਂ ਦੀਆਂ ਸਹੂਲਤਾਂ ਮਿਲਦੀਆਂ ਸਨ। ਉਸ ਨੇ ਸੁਣਿਆ ਹੋਇਆ ਸੀ ਕਿ ਏਥੋਂ ਦੇ ਡਾਕਟਰ ਬਾਹਰ ਜਾ ਕੇ ਲੱਖਾਂ ਰੁਪਏ ਕਮਾਉਂਦੇ ਤੇ ਰਾਜਿਆਂ ਦੀ ਤਰ੍ਹਾਂ ਰਹਿੰਦੇ ਨੇ। ਸੁਬੋਧ ਡਾਕਟਰ ਤੇ ਹੋਰ ਲੋਕਾਂ ਦੀਆਂ ਅਮਰੀਕਾ ਬਾਰੇ ਸੁਣੌਤਾਂ ਦੀ ਗੱਲ ਸਮਝ ਗਿਆ ਸੀ, ਪਰ ਉਹ ਚੁੱਪ ਰਿਹਾ, ਕਿਉਂਕਿ ਉਸ ਦਾ ਧਿਆਨ ਆਪਣੇ ਦੋਵੇਂ ਬੱਚਿਆਂ ਵੱਲ ਚਲਾ ਗਿਆ ਸੀ। ਭਾਵੇਂ ਉਸ ਨੂੰ ਪਤਾ ਸੀ ਕਿ ਇਹ ਸੰਭਵ ਨਹੀਂ ਹੈ ਫੇਰ ਵੀ ਉਸ ਨੇ ਪੁੱਛਿਆ, "ਕੀ ਏਥੇ ਕਿਸੇ ਡਾਕਘਰ ਤੋਂ ਅਮਰੀਕਾ ਫ਼ੋਨ ਹੋ ਸਕਦੈ ?"

ਇਸ ਬਾਰੇ ਨਾਂਹ ਦਾ ਉੱਤਰ ਮਿਲਣ ਤੋਂ ਬਾਅਦ ਉਹ ਆਪਣੇ ਦਿੱਲੀ ਦੇ ਸੈਮੀਨਾਰ ਬਾਰੇ ਸੋਚਣ ਲੱਗ ਪਿਆ। ਜੇ ਏਥੇ ਕਿਤੇ ਟਾਈਪਰਾਈਟਰ ਮਿਲ ਜਾਂਦਾ ਤਾਂ ਜਾਣ ਤੋਂ ਪਹਿਲਾਂ ਇੱਕ ਚਿੱਠੀ ਲਿਖ ਕੇ ਦਿੱਲੀ ਤਾਂ ਭੇਜ ਦੇਂਦਾ। ਪਰ ਏਥੇ ਇਹ ਪ੍ਰਬੰਧ ਵੀ ਨਹੀਂ

ਸੀ ਹੋ ਸਕਦਾ। ਇਸ ਲਈ ਉਸ ਨੇ ਫ਼ੈਸਲਾ ਕੀਤਾ ਕਿ ਸੈਮੀਨਾਰ ਦੀ ਉਡੀਕ ਕਰ ਰਹੇ ਦੋਸਤ ਨੂੰ ਹੱਥ ਨਾਲ ਹੀ ਚਿੱਠੀ ਲਿਖ ਦੇਵੇ। “ਹੁਣੇ ਆਇਆ" ਕਹਿ ਕੇ ਉਹ ਅੰਦਰ ਚਲਾ ਗਿਆ ਤੇ ਡਾਕਟਰ ਵੀ ਨਿਰਾਸ਼ ਹੋ ਕੇ ਆਪਣੇ ਸਾਈਕਲ ਵੱਲ ਚਲਾ ਗਿਆ।

ਮਨਬੋਧ ਨੇ ਦੁਬਾਰਾ ਜ਼ਮੀਨ ਦੀ ਗੱਲ ਸ਼ੁਰੂ ਕਰ ਦਿੱਤੀ। ਜ਼ਮੀਨ ਨਾਲ ਪ੍ਰਬੋਧ ਦੀ ਏਨੀ ਹੀ ਪਕੜ ਸੀ ਕਿ ਉਸ ਨੂੰ ਕੁੱਝ ਧਾਈਂ ਮਿਲ ਜਾਇਆ ਕਰਦੇ ਸਨ। ਉਹ ਚਾਹੁੰਦਾ ਸੀ ਕਿ ਆਪਣੇ ਹਿੱਸੇ ਦੀ ਜ਼ਮੀਨ ਵੇਚ ਕੇ ਸ਼ਹਿਰ ਵਿੱਚ ਛੋਟਾ ਜਿਹਾ ਘਰ ਬਣਾ ਲਵੇ ਪਰ ਮਨਬੋਧ ਸਿਰਫ਼ ਖੇਤੀ ਦੀ ਸਮੱਸਿਆ ਬਾਰੇ ਗੱਲ ਕਰ ਰਿਹਾ ਸੀ ਅਤੇ ਇਹ ਕੁੱਝ ਸੁਣਨ ਦੀ ਉਸ ਦੀ ਕੋਈ ਇੱਛਾ ਨਹੀਂ ਸੀ।

ਓਦੋਂ ਦੀ ਪਿੰਡ ਦੇ ਬੁੱਢੇ ਮਾਸਟਰ ਜੀ ਆਪਣੇ ਘਰ ਕੋਲ ਖੜੇ ਹੋ ਕੇ ਮਨਬੋਧ ਨੂੰ ਬੁਲਾਉਣ ਲੱਗ ਪਏ। ਉਨ੍ਹਾਂ ਦੀ ਉਮਰ ਕਾਫ਼ੀ ਸੀ, ਪਰ ਉਹ ਚੱਲ ਫਿਰ ਸਕਦੇ ਸਨ ਤੇ ਹੁਣ ਤੱਕ ਸੁਭਾਅ ਦੇ ਹੱਸਮੁਖ ਹੀ ਸਨ। ਪਿੰਡ ਦਿਆਂ ਸਾਰਿਆਂ ਛੋਟਿਆਂ-ਵੱਡਿਆਂ ਨੂੰ ਕਦੀ ਨਾ ਕਦੀ ਪੜ੍ਹਾਇਆ ਸੀ ਤੇ ਉਨ੍ਹਾਂ ਨੂੰ ਸਾਰੇ, ‘ਬੁੱਢੇ ਮਾਸਟਰ ਜੀ' ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਨੂੰ ਵੀ ਸੁਬੋਧ ਦੇ ਆਉਣ ਦੀ ਖ਼ਬਰ ਮਿਲ ਗਈ ਸੀ, ਏਸ ਲਈ ਆਏ ਸਨ। ਉਨ੍ਹਾਂ ਨੂੰ ਬੈਠਣ ਲਈ ਕਹਿ ਕੇ ਮਨਬੋਧ ਅੰਦਰੋਂ ਸੁਬੋਧ ਨੂੰ ਬੁਲਾ ਕੇ ਲੈ ਆਇਆ। ਬੁੱਢੇ ਮਾਸਟਰ ਜੀ ਨੇ ਤਿੰਨਾਂ ਭਰਾਵਾਂ ਵੱਲ ਵਾਰੀ-ਵਾਰੀ ਵੇਖਿਆ ਤੇ ਬੋਲੇ, "ਬਚਪਨ ਵਿੱਚ ਤੁਸੀਂ ਤਿੰਨੋਂ ਇੱਕੋ ਜਿਹੇ ਦਿੱਸਦੇ ਸਾਓ ਤੇ ਇੱਕੋ ਤਰ੍ਹਾਂ ਰਹਿੰਦੇ ਸਾਓ। ਤੁਸੀਂ ਸਾਰਿਆਂ ਨੇ ਮੇਰੇ ਕੋਲੋਂ ਮਾਰ ਖਾਧੀ ਹੋਈ ਹੈ। ਹੁਣ ਤਾਂ ਤੁਸੀਂ ਸਾਰੇ ਵੱਡੇ ਹੋ ਗਏ ਹੋ, ਸਾਰਿਆਂ ਦੇ ਆਪਣੇ-ਆਪਣੇ ਰਸਤੇ ਨੇ।" ਫੇਰ ਥੋੜਾ ਰੁਕ ਕੇ ਬੋਲੇ, "ਇੱਕ ਵਾਰੀ ਤੁਸੀਂ ਤਿੰਨੋਂ ਤਲਾਅ ਵਿੱਚ ਡੁੱਬ ਗਏ ਸਾਓ। ਨਕੁਲ ਨੇ ਤੁਹਾਨੂੰ ਬਾਹਰ ਕੱਢਿਆ ਸੀ।

“ਬੁੱਢੇ ਮਾਸਟਰ ਦੀ ਗੱਲ ਸੁਣ ਕੇ ਸੁਬੋਧ ਨੂੰ ਬਚਪਨ ਦੀਆਂ ਗੱਲਾਂ ਯਾਦ ਆਉਣ ਲੱਗ ਪਈਆਂ। ਪਾਣੀ ਵਿੱਚ ਡੁੱਬਣ ਵਾਲੀ ਗੱਲ ਯਾਦ ਨਹੀਂ ਆ ਰਹੀ ਸੀ, ਭਾਵੇਂ ਇਹ ਯਾਦ ਆ ਰਿਹਾ ਸੀ ਕਿ ਉਹ ਸਾਰੇ ਇਕੱਠੇ ਖੇਡਦੇ, ਸੈਲਾਂ ਕਰਦੇ ਤੇ ਪੜ੍ਹਦੇ ਹੁੰਦੇ ਸਨ। ਇਹ ਸੋਚਦਿਆਂ ਉਸ ਦਾ ਦਿਲ ਆਪਣੇ ਭਰਾਵਾਂ ਲਈ ਸਨੇਹ ਤੇ ਸ਼ਰਧਾ ਨਾਲ ਭਰ ਗਿਆ। ਉਹ ਉਨ੍ਹਾਂ ਵੱਲ ਵੇਖਣ ਲੱਗ ਪਿਆ। ਵਾਕਈ ਹੁਣ ਕੋਈ ਕਿਸੇ ਵਰਗਾ ਨਹੀਂ ਸੀ। ਉਮਰ ਤੇ ਅਲੱਗ-ਅਲੱਗ ਤਰ੍ਹਾਂ ਦੇ ਜੀਵਨ ਬਿਤਾਉਣ ਨਾਲ ਉਨ੍ਹਾਂ ਦੇ ਚਿਹਰੇ ਵੀ ਬਦਲ ਚੁੱਕੇ ਸਨ। ਉਨ੍ਹਾਂ ਨੂੰ ਵੇਖ ਕੇ ਕੋਈ ਇਹ ਨਹੀਂ ਕਹਿ ਸਕਦਾ ਕਿ ਉਹ ਸੱਕੇ ਭਰਾ ਸਨ। ਬਚਪਨ ਦੀਆਂ

ਕੁੱਝ ਯਾਦਾਂ ਹੀ ਉਨ੍ਹਾਂ ਨੂੰ ਇੱਕ ਬਣਾ ਰਹੀਆਂ ਸਨ। ਭਾਵੇਂ ਬਚਪਨ ਦੀਆਂ ਗੱਲਾਂ ਸੋਚਣ ਦਾ ਕਿਸੇ ਕੋਲ ਵਕਤ ਹੀ ਨਹੀਂ ਸੀ।

ਬੁੱਢੇ ਮਾਸਟਰ ਜੀ ਨੇ ਸੁਬੋਧ ਨੂੰ ਪੁੱਛਿਆ, “ਤੇਰੇ ਅਮਰੀਕਾ ਵਿੱਚ ਕੋਈ ਮੇਰੇ ਵਰਗੇ ਬੁੱਢੇ ਮਾਸਟਰ ਵੀ ਹੈ ਨੇ ?” ਸੁਬੋਧ ਬੁੱਧੂਆਂ ਵਾਂਗ ਉਨ੍ਹਾਂ ਵੱਲ ਵੇਖਦਾ ਰਿਹਾ। ਬੱਗੇ ਵਾਲ ਝੁੱਰੜੀਆਂ ਨਾਲ ਭਰਿਆ ਮੂੰਹ, ਕਮਜ਼ੋਰ ਨਜ਼ਰ, ਪਿੰਡ ਦੇ ਬੁੱਢੇ ਮਾਸਟਰ ਦੀ ਤੁਲਨਾ ਅਮਰੀਕਾ ਵਿੱਚ ਕਿਸ ਨਾਲ ਕੀਤੀ ਜਾ ਸਕਦੀ ਸੀ ? ਉਸ ਨੇ ਪਹਿਲਾਂ ਤਾਂ ਸੋਚਿਆ ਕਿ ਉਨ੍ਹਾਂ ਨੂੰ ਉੱਥੋਂ ਦੀ ਸਿੱਖਿਆ-ਵਿਧੀ ਬਾਰੇ ਦੱਸਾਂ,ਪਰ ਕੁੱਝ ਸੋਚ ਕੇ ਬੋਲਿਆ,”ਉਸ ਦੇਸ ਦੀ ਗੱਲ ਹੀ ਅਲੱਗ ਹੈ। ਓਥੋਂ ਦੇ ਬੱਚੇ, ਓਥੋਂ ਦੀ ਪੜ੍ਹਾਈ, ਉਨਾਂ ਦੇ ਮਾਸਟਰ" ਉਸ ਨੇ ਮਨ ਹੀ ਮਨ ਵਿੱਚ ਸੋਚਿਆ, ਅਸਲ ਵਿੱਚ ਸਭ ਕੁੱਝ ਅਲੱਗ ਹੈ ਅਮਰੀਕਾ ਵਿੱਚ, ਸਿਰਫ਼ ਪੜ੍ਹਾਈ ਹੀ ਕਿਉਂ ?

ਮਾਸਟਰ ਜੀ ਦੇ ਜਾਣ ਤੋਂ ਬਾਅਦ ਪਿੰਡ ਦੇ ਹੋਰ ਲੋਕ ਉਨ੍ਹਾਂ ਨੂੰ ਮਿਲਣ ਆ ਗਏ। ਉਨ੍ਹਾਂ ਲੋਕਾਂ ਦੇ ਜਾਣ ਤੋਂ ਖਾਣ ਪੀਣ ਤੋਂ ਵਿਹਲੇ ਹੋ ਕੇ ਉਹ ਪਿਤਾ ਜੀ ਨੂੰ ਵੇਖਣ ਅੰਦਰ ਚਲੇ ਗਏ। ਉਨ੍ਹਾਂ ਦੀ ਹਾਲਤ ਵਿੱਚ ਹੋਰ ਵੀ ਸੁਧਾਰ ਹੋਇਆ ਲੱਗਦਾ ਸੀ। ਭਾਵੇਂ ਉਹ ਦਵਾਈ ਦੇ ਅਸਰ ਨਾਲ ਨੀਂਦਰ ਵਿੱਚ ਬੇਹੋਸ਼ ਜਿਹੇ ਹੋਏ ਲੱਗਦੇ ਸਨ। ਉਨ੍ਹਾਂ ਨੇ ਅੱਖਾਂ ਖੋਲ੍ਹੀਆਂ ਤੇ ਪੁੱਛਿਆ, “ਤੂੰ ਕਦੋਂ ਆਇਐਂ ਤੇ ਤੇਰਾ ਕੀ ਹਾਲ ਹੈ? ਪਿਤਾ ਜੀ ਦੇ ਫਿਰ ਅੱਖਾਂ ਬੰਦ ਕਰਨ ਤੋਂ ਬਾਅਦ ਸੁਬੋਧ ਆਪਣੇ ਕਮਰੇ ਵਿੱਚ ਜਾ ਕੇ ਦਿੱਲੀ ਭੇਜਣ ਵਾਲੀ ਚਿੱਠੀ ਲੈ ਆਇਆ ਤੇ ਡਾਕ ਵਿੱਚ ਪਾਉਣ ਲਈ ਦੇ ਦਿੱਤੀ।

ਪ੍ਰਬੋਧ ਨੇ ਕਿਹਾ, "ਪਿਤਾ ਜੀ ਦੀ ਤਬੀਅਤ ਹੁਣ ਕਾਫ਼ੀ ਠੀਕ ਹੋ ਗਈ ਹੈ ਤੇ ਮੈਂ ਸੋਚਦਾਂ ਕਿ ਘਰ ਚਲਾ ਜਾਵਾਂ। ਮੈਨੂੰ ਕੂਨਾ ਦੇ ਦਾਖ਼ਲੇ ਦੀ ਚਿੰਤਾ ਲੱਗੀ ਹੋਈ ਐ।" ਸੁਬੋਧ ਬੋਲਿਆ, "ਮੈਂ ਵੀ ਵਾਪਸ ਜਾਣ ਬਾਰੇ ਸੋਚ ਰਿਹਾ ਸਾਂ ਪਰ ਪਲੇਨ ਵਿੱਚ ਸੀਟ ਬੁੱਕ ਕਰਾਈ ਹੈ ਦੋ ਦਿਨ ਬਾਅਦ ਦੀ। ਏਥੋਂ ਦਾ ਜੋ ਤਰੀਕਾ ਹੈ, ਮੈਨੂੰ ਨਹੀਂ ਲੱਗਦਾ ਕਿ ਪਹਿਲਾਂ ਜਾ ਸਕਾਂ। ਏਸ ਲਈ ਮੈਨੂੰ ਤਾਂ ਦੋ ਦਿਨ ਰਹਿਣਾ ਹੀ ਪਏਗਾ।" ਫੇਰ ਪ੍ਰਬੋਧ ਵੱਲ ਵੇਖ ਕੇ ਬੋਲਿਆ, "ਤੁਸੀਂ ਵੀ ਦੋ ਦਿਨ ਹੋਰ ਰਹਿ ਜਾਓ। ਜਾਂਦਿਆਂ ਮੈਂ ਤੁਹਾਨੂੰ ਛੱਡਦਾ ਜਾਵਾਂਗਾ। ਤੁਹਾਡੇ ਘਰ ਵੀ ਸਭ ਨਾਲ ਏਸੇ ਬਹਾਨੇ ਮੇਲ ਹੋ ਜਾਏਗਾ।" ਮਨਬੋਧ ਇਸ ਗੱਲ ਨਾਲ ਖੁਸ਼ ਹੋ

ਗਿਆ। ਪ੍ਰਬੋਧ ਘਰ ਰਹਿ ਜਾਏਗਾ ਤੇ ਉਹ ਸੁਬੋਧ ਨੂੰ ਨਾਲ ਲਿਜਾ ਕੇ ਖੇਤੀ-ਬਾੜੀ ਦਾ ਕੰਮ ਦਿਖਾ ਸਕੇਗਾ।

ਏਨੀ ਗੱਲਬਾਤ ਕਰਨ ਤੋਂ ਬਾਅਦ ਤਿੰਨੋ ਭਰਾ ਚੁੱਪ ਕਰਕੇ ਥੜ੍ਹੇ ਉੱਤੇ ਬੈਠੇ ਰਹੇ। ਜਿਹੜਾ ਸੰਪਰਕ-ਸੂਤਰ ਇਨ੍ਹਾਂ ਨੂੰ ਇਕੱਠਿਆਂ ਕੀਤੀ ਬੈਠਾ ਸੀ, ਹੁਣ ਪਿਤਾ ਜੀ ਦੀ ਤਬੀਅਤ ਠੀਕ ਹੋਣ ਕਰਕੇ ਟੁੱਟਣ ਲੱਗ ਪਿਆ ਸੀ। ਸੁਬੋਧ ਅਮਰੀਕਾ ਵਿੱਚ ਛੱਡ ਆਏ ਬੱਚਿਆਂ ਨੂੰ ਯਾਦ ਕਰ ਰਿਹਾ ਸੀ। ਪਤਾ ਨਹੀਂ ਬੱਚੇ ਕੀ ਕਰ ਰਹੇ ਹੋਣਗੇ? ਬੋਧ ਸੋਚ ਰਿਹਾ ਸੀ ਕਿ ਕੂਨਾ ਦੇ ਦਾਖ਼ਲੇ ਵਾਸਤੇ ਏਸ ਮਹੀਨੇ ਨਵੀਂ ਥਾਂ ਜਾਣ ਦੇ ਕਾਰਨ ਜਿਹੜਾ ਵਾਧੂ ਖਰਚਾ ਹੋਇਆ ਹੈ, ਉਹ ਅਗਲੇ ਮਹੀਨੇ ਦੀ ਤਨਖ਼ਾਹ ਵਿੱਚੋਂ ਕਿਵੇਂ ਪੂਰਾ ਹੋ ਸਕੇਗਾ? ਕਾਲਜ ਤੋਂ ਛੁੱਟੀ ਲੈ ਕੇ ਏਥੇ ਆਉਣ ਕਾਰਨ ਹੁਣ ਉਸ ਨੂੰ ਬੇਚੈਨੀ ਹੋ ਰਹੀ ਸੀ, ਕਿਉਂਕਿ ਪ੍ਰਾਈਵੇਟ ਕਾਲਜ ਵਿੱਚ ਕਦੋਂ ਕੀ ਹੋ ਜਾਏ, ਕੁੱਝ ਪਤਾ ਨਹੀਂ ਹੁੰਦਾ। ਮਨਬੋਧ ਸੋਚ ਰਿਹਾ ਸੀ ਕਿ ਉਹ ਕਾਫ਼ੀ ਦਿਨਾਂ ਤੋਂ ਖੇਤ ਵੱਲ ਜਾ ਨਹੀਂ ਸਕਿਆ। ਅੱਜਕੱਲ੍ਹ ਸਿਰ ਉੱਤੇ ਖੜੇ ਹੋਣ ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ।

ਅਤੀਤ ਵਿਚ ਕਦੀ ਤਿੰਨੋ ਭਰਾ ਇੱਕੋ ਜਿਹੇ ਹੁੰਦੇ ਸਨ; ਇੱਕੋ ਸਕੂਲ ਵਿਚ ਪੜ੍ਹਦੇ ਸਨ, ਇੱਕੋ ਬੰਦੇ ਨੇ ਉਨ੍ਹਾਂ ਨੂੰ ਤਲਾਅ ਵਿੱਚ ਡੁੱਬਣ ਤੋਂ ਇੱਕੋ ਵੇਲੇ ਬਚਾਇਆ ਸੀ। ਇਹ ਸਾਰੀਆਂ ਘਟਨਾਵਾਂ ਹੋਰ ਕਿਸੇ ਨੂੰ ਯਾਦ ਨਹੀਂ ਸਨ। ਹੁਣ ਆਪਸ ਵਿੱਚ ਗੱਲ ਕਰਨ ਲਈ ਉਨ੍ਹਾਂ ਕੋਲ ਇੱਕੋ ਜਿਹਾ ਕੋਈ ਵਿਸ਼ਾ ਨਹੀਂ ਹੈ। ਇਸ ਵੇਲੇ ਤਿੰਨੋਂ ਵੱਖ-ਵੱਖ ਵਿਅਕਤੀ ਹਨ, ਸਿਰਫ਼ ਕੁੱਝ ਦੇਰ ਲਈ ਇਕੱਠੇ ਹੋਏ ਹਨ। ਬਾਕੀ ਦੇ ਦੋ ਦਿਨ ਵੀ ਇਉਂ ਹੀ ਕੱਟੇ ਜਾਣੇ ਹਨ- ਫ਼ਾਲਤੂ ਜਿਹੀਆਂ ਗੱਲਾਂ ਵਿਚ।

ਸ਼ਾਮ ਦਾ ਹਨੇਰਾ ਹੋ ਜਾਣ ਕਰਕੇ ਜਦੋਂ ਚੁੱਪੀ ਖਾਣ ਨੂੰ ਆਉਣ ਲੱਗੀ ਤਾਂ ਮਨਬੋਧ ਬੋਲਿਆ, ਪਿਤਾ ਜੀ ਦੀ ਤਬੀਅਤ ਜ਼ਰਾ ਠੀਕ ਹੋਣ ਉੱਤੇ ਆਪਾਂ ਸਾਰੇ ਇੱਕ ਫ਼ੋਟੋ ਖਿਚਵਾਵਾਂਗੇ।" ਬਾਕੀ ਦੋਹਾਂ ਭਰਾਵਾਂ ਨੇ ਜ਼ੋਰ ਨਾਲ ਹਾਮੀ ਭਰੀ ਤੇ ਜਿਵੇਂ ਫ਼ੋਟੋ ਦਾ ਕਾਗ਼ਜ਼ੀ ਟੁਕੜਾ ਉਨ੍ਹਾਂ ਦੇ ਖ਼ਤਮ ਹੋ ਚੁੱਕੇ ਪੁਰਾਣੇ ਸਾਰੇ ਸੰਬੰਧਾਂ ਨੂੰ ਜੋੜ ਕੇ ਫੇਰ ਤੋਂ ਇੱਕ ਕਰ ਦੇਵੇਗਾ।

******

# ਜ਼ਿੰਮੇਵਾਰੀ

ਸੋਮਨਾਥ ਨੂੰ ਮਰਿਆਂ ਪੰਜ ਦਿਨ ਹੋ ਚੁੱਕੇ ਹਨ, ਫਿਰ ਵੀ ਸਤੁਤੀ ਕੁੱਝ ਖਾਧੇ-ਪੀਤੇ ਬਿਨਾਂ ਬਿਸਤਰੇ ਉੱਤੇ ਮੂਧੀ ਪਈ ਹੈ। ਏਥੋਂ ਤੱਕ ਕਿ ਮਨਨ ਨੂੰ ਵੀ ਨਹੀਂ ਵੇਖ ਰਹੀ। ਉਸ ਦਾ ਰੋਣਾ ਬੰਦ ਹੋ ਚੁੱਕਿਆ ਹੈ, ਪਰ ਉਹ ਗੁੰਮਸੁੰਮ ਪਈ ਸੋਚ ਰਹੀ ਹੈ, ਕਿਉਂ ਹੋਇਆ ਮੇਰੇ ਨਾਲ ਇਸ ਤਰ੍ਹਾਂ ਦਾ ਅਨਿਆਂ ?

ਜਦੋਂ ਸੋਮਨਾਥ ਦਾ ਵਿਆਹ ਹੋਇਆ ਸੀ ਤਾਂ ਉਸ ਦੀ ਉਮਰ ਪੰਦਰਾਂ ਸਾਲ ਸੀ। ਪਿੰਡ ਦੇ ਸਕੂਲ ਵਿੱਚ ਸਾਲ ਪਹਿਲਾਂ ਹੀ ਉਸ ਨੇ ਮੈਟ੍ਰਿਕ ਪਾਸ ਕੀਤੀ ਸੀ। ਵਿਆਹ ਤੋਂ ਬਾਅਦ ਉਹ ਸੋਮਨਾਥ ਨਾਲ ਸ਼ਹਿਰ ਆ ਗਈ ਸੀ। ਸ਼ਹਿਰ ਨਾਲ ਉਸ ਦਾ ਇਹ ਪਹਿਲਾ ਵਾਹ ਸੀ; ਪਹਿਲਾਂ ਕਦੀ ਵੀ ਉਹ ਪਿੰਡ ਤੋਂ ਬਾਹਰ ਨਹੀਂ ਸੀ ਨਿਕਲੀ। ਵਿਆਹ ਦੇ ਅੱਠਾਂ ਦਿਨਾਂ ਬਾਅਦ ਸਾਰਾ ਸਮਾਨ ਲੈ ਕੇ ਸ਼ਾਮ ਨੂੰ ਕਿਰਾਏ ਵਾਲੇ ਮਕਾਨ ਵਿੱਚ ਪਹੁੰਚਣ ਤੱਕ ਉਸ ਨੂੰ ਸਭ ਕੁੱਝ ਯਾਦ ਹੈ। ਸ਼ਹਿਰ ਵਿੱਚ ਏਨੇ ਲੋਕ, ਦੁਕਾਨਾਂ, ਬਜ਼ਾਰ, ਗੱਡੀਆਂ, ਮੋਟਰਾਂ ਵੇਖ ਕੇ ਉਹ ਹੈਰਾਨ ਰਹਿ ਗਈ ਸੀ। ਮਕਾਨ ਵਿੱਚ ਵੜਦਿਆਂ ਹੀ ਉਸ ਨੂੰ ਹੁੱਸੜ ਜਿਹਾ ਮਹਿਸੂਸ ਹੋਇਆ ਸੀ। ਛੋਟੇ-ਛੋਟੇ ਦੋ ਕਮਰੇ। ਬਾਹਰ ਬੂਹੇ ਅੱਗੇ ਸੜਕ, ਲੋਕਾਂ ਦੀ ਭੀੜ। ਜ਼ਰਾ ਵੀ ਖੁੱਲ੍ਹੀ ਤਾਂ ਨਹੀਂ ਸੀ—ਨਾ ਅੱਗੇ, ਨਾ ਪਿੱਛੇ।

ਵਿਆਹ ਦੇ ਸ਼ੁਰੂ ਵਾਲੇ ਦਿਨ ਖ਼ੁਸ਼ੀ ਨਾਲ ਬੀਤ ਗਏ। ਕੁੱਝ ਹੀ ਦਿਨਾਂ ਵਿੱਚ ਸੋਮਨਾਥ ਨੇ ਸ਼ਹਿਰ ਦੇ ਤੌਰ-ਤਰੀਕੇ ਸਿਖਾ ਦਿੱਤੇ। ਪਰ ਘਰੋਂ ਬਾਹਰ ਨਿਕਲਦਿਆਂ ਸਤੁਤੀ ਡਰਦੀ ਰਹਿੰਦੀ। ਸਵੇਰੇ ਸਾਢੇ ਨੌਂ ਵਜੇ ਸੋਮਨਾਥ ਦੇ ਬੈਂਕ ਜਾਣ ਤੇ ਸ਼ਾਮ ਨੂੰ ਵਾਪਸ ਆਉਣ ਤੱਕ ਸਤੁਤੀ ਦਰਵਾਜ਼ਾ ਬੰਦ ਕਰ ਕੇ ਅੰਦਰੇ ਪਈ ਰਹਿੰਦੀ। ਇੱਕ ਦਿਨ ਸੋਮਨਾਥ ਉਸ ਨੂੰ ਜ਼ਬਰਦਸਤੀ ਬਾਹਰ ਲੈ ਗਿਆ। ਗਲੀ ਦੀ ਨੁੱਕਰ ਉੱਤੇ ਛੋਟੀਆਂ ਛੋਟੀਆਂ ਦੁਕਾਨਾਂ ਸਨ। ਸੋਮਨਾਥ ਨੇ ਕਿਹਾ, "ਘਰ ਵਿੱਚ ਜੇ ਕੋਈ ਚੀਜ਼ ਨਾ ਹੋਵੇ ਤਾਂ ਏਥੋਂ ਲੈ ਜਾਇਆ ਕਰ।" ਸਤੁਤੀ ਨੇ ਹਾਮੀ ਭਰੀ, ਪਰ ਉਹ ਜਦੋਂ ਤੱਕ ਏਸ ਮਕਾਨ ਵਿੱਚ ਰਹੇ, ਸਤੁਤੀ ਕਦੀ ਵੀ ਬਾਹਰ ਨਹੀਂ ਸੀ ਨਿਕਲੀ। ਕਦੀ-ਕਦੀ ਸੋਮਨਾਥ ਉਸ ਨੂੰ ਪਿਕਚਰ ਵਿਖਾਉਣ ਲਈ ਲੈ

ਜਾਂਦਾ ਸੀ। ਸਤੁਤੀ ਨੂੰ ਸਿਨੇਮਾ ਵੇਖਣਾ ਚੰਗਾ ਲਗਦਾ ਸੀ, ਪਰ ਪੂਰੇ ਰਸਤੇ ਵਿੱਚ ਏਨੀ ਭੀੜ ਤੇ ਸਿਨੇਮਾ-ਹਾਲ ਦੇ ਧੱਕਮ-ਧੱਕੇ ਤੋਂ ਉਸ ਦਾ ਜੀਅ ਹੁੱਸੜਦਾ ਸੀ। ਘਰ ਪਹੁੰਚ ਕੇ ਹੀ ਉਹ ਸੁੱਖ ਦਾ ਸਾਹ ਲੈਂਦੀ।

ਸੋਮਨਾਥ ਖਾਣ ਦਾ ਸ਼ੌਕੀਨ ਸੀ, ਇਸ ਲਈ ਸਤੁਤੀ ਦਿਨ ਭਰ ਰਸੋਈ ਦੇ ਘਰ ਦੇ ਕੰਮਾਂ ਵਿੱਚ ਲੱਗੀ ਰਹਿੰਦੀ। ਜਦੋਂ ਵਿਹਲੀ ਹੁੰਦੀ ਤਾਂ ਸ਼ੁਰੂ ਤੋਂ ਅਖ਼ੀਰ ਤੱਕ ਸਾਰੀ ਅਖ਼ਬਾਰ ਪੜ੍ਹ ਲੈਂਦੀ ਤੇ ਜੇ ਦਿਲ ਕਰਦਾ ਤਾਂ ਰੇਡੀਓ ਵੀ ਸੁਣ ਲੈਂਦੀ। ਸੋਮਨਾਥ ਸ਼ਾਂਤ ਸੁਭਾਅ ਦਾ ਬੰਦਾ ਸੀ। ਬੈਂਕ ਤੋਂ ਛੁੱਟੀ ਹੁੰਦੀ ਤਾਂ ਸਿੱਧਾ ਘਰ ਆ ਜਾਂਦਾ। ਬੈਂਕ ਤੋਂ ਬਾਅਦ ਉਸ ਦਾ ਸਾਰਾ ਵਕਤ ਸਤੁਤੀ ਨਾਲ ਹੀ ਬੀਤਦਾ। ਕਦੀ-ਕਦੀ ਜੇ ਬੈਂਕ ਦਾ ਕੋਈ ਬੰਦਾ ਘਰ ਆ ਜਾਂਦਾ ਤਾਂ ਸਤੁਤੀ ਉਨ੍ਹਾਂ ਲਈ ਨਾਸ਼ਤਾ ਬਣਾਉਂਦੀ, ਪਰ ਰਸੋਈ ਤੋਂ ਬਾਹਰ ਨਹੀਂ ਸੀ ਨਿਕਲਦੀ; ਰਸੋਈ ਵਿੱਚੋਂ ਚਾਹ ਤੇ ਨਾਸ਼ਤਾ ਸੋਮਨਾਥ ਨੂੰ ਹੀ ਲਿਆਉਣਾ ਪੈਂਦਾ ਸੀ। ਇੱਕ ਦਿਨ ਸੋਮਨਾਥ ਦਾ ਇੱਕ ਦੋਸਤ ਆਪਣੀ ਪਤਨੀ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ ਆਇਆ ਸਤੁਤੀ ਉਸ ਔਰਤ ਨੂੰ ਅੰਦਰ ਵਾਲੇ ਕਮਰੇ ਵਿੱਚ ਲੈ ਗਈ ਤੇ ਉਸ ਨਾਲ ਗੱਲਾਂ ਤਾਂ ਕੀਤੀਆਂ, ਪਰ ਬਾਹਰ ਨਾ ਆਈ। ਸੋਮਨਾਥ ਉਸ ਨੂੰ ਹਮੇਸ਼ਾ ਸਮਝਾਉਂਦਾ ਕਿ ਸ਼ਹਿਰ ਦੇ ਤੌਰ-ਤਰੀਕੇ ਪਿੰਡਾਂ ਨਾਲੋਂ ਵੱਖਰੇ ਹੁੰਦੇ ਹਨ, ਹੁਣ ਥੋੜੀ ਸ਼ਹਿਰਨ ਬਣਨਾ ਸਿੱਖ ਲੈ। ਸਤੁਤੀ ਕਹਿੰਦੀ, “ਮੇਰੇ ਲਈ ਤਾਂ ਪਿੰਡ ਈ ਚੰਗੈ।" ਸੋਮਨਾਥ ਕਿਹਾ ਕਰਦਾ, "ਚਲੋ”।

ਮਨਨ ਜਦੋਂ ਸਤੁਤੀ ਦੇ ਪੇਟ ਵਿੱਚ ਸੀ ਤਾਂ ਉਹ ਬੋਲੀ, “ਮੈਨੂੰ ਪਿੰਡ ਛੱਡ ਆਓ।" ਸੋਮਨਾਥ ਨੇ ਸਮਝਾਇਆ ਕਿ ਪਿੰਡ ਵਿੱਚ ਚੰਗੇ ਡਾਕਟਰ ਨਹੀਂ ਹੁੰਦੇ; ਪਹਿਲੀ ਡਿਲੀਵਰੀ ਵਿੱਚ ਕਈ ਵਾਰੀ ਮੁਸ਼ਕਲਾਂ ਆ ਜਾਂਦੀਆਂ ਨੇ। ਫਿਰ ਵੀ ਸਤੁਤੀ ਪਿੰਡ ਜਾਣ ਲਈ ਜ਼ਿੱਦ ਕਰਦੀ ਰਹੀ। ਉਹ ਕਹਿਣ ਲੱਗੀ,” ਸਭ ਕੁੜੀਆਂ ਇਸ ਮੌਕੇ ਆਪਣੇ ਪੇਕੇ ਜਾਂਦੀਆਂ ਨੇ।“ ਸੋਮਨਾਥ ਨੇ ਜ਼ਬਰਦਸਤੀ ਉਸ ਨੂੰ ਲਿਜਾ ਕੇ ਇੱਕ ਲੇਡੀ ਡਾਕਟਰ ਨੂੰ ਵਿਖਾਇਆ। ਪਤਾ ਨਹੀਂ ਕਿਉਂ ਸਤੁਤੀ ਉਸ ਲੇਡੀ ਡਾਕਟਰ ਨੂੰ ਇਕਦਮ ਪਸੰਦ ਕਰਨ ਲੱਗ ਪਈ। ਹਸਪਤਾਲ ਤੋਂ ਵਾਪਸੀ ਉੱਤੇ ਸੋਮਨਾਥ ਨੂੰ ਕਹਿਣ ਲੱਗੀ, “ਠੀਕ ਹੈ, ਮੈਂ ਪਿੰਡ ਨਹੀਂ ਜਾਂਦੀ, ਪਰ ਹਮੇਸ਼ਾ ਏਸੇ ਡਾਕਟਰਨੀ ਨੂੰ ਵਿਖਾਉਣਾ।”

ਮਨਨ ਦੇ ਜਨਮ ਵੇਲੇ ਕੋਈ ਅੜਚਨ ਨਹੀਂ ਪਈ, ਪਰ ਸਤੁਤੀ ਓਥੇ ਇੱਕ ਦਿਨ ਤੋਂ ਵਧ ਰਹਿਣ ਲਈ ਰਾਜ਼ੀ ਨਹੀਂ ਹੋਈ। ਡਾਕਟਰਨੀ ਨੂੰ ਕਹਿ ਕੇ ਘਰ ਆ ਗਈ। ਘਰ

ਉਸ ਦਾ ਹੱਥ ਵਟਾਉਣ ਲਈ ਮਾਂ ਤੇ ਭਾਬੀ ਆ ਗਈਆਂ ਸਨ। ਪਰ ਉਨ੍ਹਾਂ ਨੂੰ ਜਲਦੀ ਹੀ ਵਾਪਸ ਭੇਜ ਕੇ ਉਸ ਨੇ ਘਰ ਦਾ ਸਾਰਾ ਕੰਮ ਆਪ ਸੰਭਾਲ ਲਿਆ। ਕਮਜ਼ੋਰ ਸਰੀਰ ਹੋਣ ਕਰਕੇ ਏਨਾ ਕੰਮ ਕਰਦੀ ਨੂੰ ਦੇਖ ਕੇ ਸੋਮਨਾਥ ਫ਼ਿਕਰ ਕਰਨ ਲੱਗ ਪਿਆ। ਇੱਕ ਦਿਨ ਉਸ ਨੇ ਸਤੁਤੀ ਨੂੰ ਕਿਹਾ, "ਮੈਂ ਕੰਮ ਲਈ ਇਕ ਨੌਕਰ ਲੈ ਆਉਨਾਂ।" ਸਤੁਤੀ ਬੋਲੀ, “ਮੇਰੇ ਕੰਮ ਦਾ ਫ਼ਿਕਰ ਨਾ ਕਰੋ। ਮੈਂ ਆਪਣਾ ਕੰਮ ਕਰ ਰਹੀ ਹਾਂ; ਤੁਸੀਂ ਆਪਣਾ ਕੰਮ ਕਰੀ ਜਾਓ।" ਫੇਰ ਵੀ ਸੋਮਨਾਥ ਨੂੰ ਯਕੀਨ ਨਾ ਆਇਆ ਤੇ ਸਤੁਤੀ ਨਾਲ ਇਸ ਤਰ੍ਹਾਂ ਦਾ ਸਲੂਕ ਕਰਨ ਲੱਗਾ, ਜਿਵੇਂ ਉਸ ਨੂੰ ਛੂੰਹਦਿਆਂ ਹੀ ਉਹ ਫਟ ਜਾਏਗਾ। ਹੁਣ ਉਹ ਰਾਤ ਨੂੰ ਵੀ ਸਤਤੀ ਕੋਲ ਨਹੀਂ ਸੀ ਜਾਂਦਾ।

ਇੱਕ ਰਾਤ ਸਤੁਤੀ ਨੂੰ ਬਿਸਤਰੇ ਉੱਤੇ ਉੱਸਲਵੱਟੇ ਲੈਂਦਿਆਂ ਵੇਖ ਕੇ ਸੋਮਨਾਥ ਨੇ ਪੁੱਛਿਆ, "ਕੀ ਗੱਲ ਐ, ਤਬੀਅਤ ਠੀਕ ਨਹੀਂ?" ਸਤੁਤੀ ਨੇ ਕਿਹਾ, “ਨਹੀਂ।” ਫੇਰ ਪੰਜਾਂ ਮਿੰਟਾਂ ਬਾਅਦ ਸਤੁਤੀ ਨੂੰ ਜਾਗਦਿਆਂ ਵੇਖ ਕੇ ਸੋਮਨਾਥ ਨੇ ਫੇਰ ਪੁੱਛਿਆ, "ਕੀ ਗੱਲ ਐ ?" ਸਤੁਤੀ ਨੇ ਕਿਹਾ, "ਆਹੋ ਮੇਰੀ ਤਬੀਅਤ ਠੀਕ ਨਹੀਂ | ਡਾਕਟਰਨੀ ਨੇ ਜੋ ਦੁਆਈ ਦਿੱਤੀ ਸੀ, ਉਹ ਓਥੇ ਕਾਨਸ ਉੱਤੇ ਪਈ ਐ, ਲਿਆ ਦਿਓ।" ਸੋਮਨਾਥ ਨੇ ਕਾਨਸ ਉੱਤੇ ਰੱਖਿਆ ਪੈਕਟ ਖੋਲ੍ਹ ਕੇ ਵੇਖਿਆ ਤਾਂ ਉਸ ਵਿੱਚ ਪਰਿਵਾਰ ਨਿਯੋਜਨ ਦੀ ਸਮੱਗਰੀ ਵੇਖ ਕੇ ਜ਼ੋਰ-ਜ਼ੋਰ ਨਾਲ ਹੱਸਿਆ। ਸਤੁਤੀ ਬੋਲੀ, ‘ਏਨੀ ਉੱਚੀ ਨਾ ਹੱਸੋ, ਬੱਚਾ ਉੱਠ ਜਾਏਗਾ।”

ਇਸ ਸ਼ਹਿਰ ਵਿੱਚ ਰਹਿੰਦਿਆਂ ਸੋਮਨਾਥ ਨੇ ਦੋ ਵਾਰੀ ਮਕਾਨ ਬਦਲਿਆ ਸੀ। ਪਹਿਲਾਂ ਮਕਾਨ ਸੀ ਪਹਿਲੀ ਮੰਜ਼ਿਲ ਉੱਤੇ। ਸ਼ੁਰੂ-ਸ਼ੁਰੂ ਵਿਚ ਸਤੁਤੀ ਨੂੰ ਬੜੀ ਮੁਸ਼ਕਲ ਪੇਸ਼ ਆਉਂਦੀ ਰਹੀ। ਇਹ ਨਵਾਂ ਇਲਾਕਾ ਵੀ ਸਤੁਤੀ ਨੂੰ ਭਾਇਆ ਨਹੀਂ ਸੀ। ਸੋਮਨਾਥ ਕਿਹਾ ਕਰਦਾ ਸੀ, "ਤੂੰ ਤਾਂ ਘਰੋਂ ਨਿਕਲਦੀ ਹੀ ਨਹੀਂ। ਚੰਗੇ ਜਾਂ ਬੁਰੇ ਇਲਾਕੇ ਦਾ ਤੈਨੂੰ ਕੀ ? ਅਸਲ ਵਿੱਚ ਸਤੁਤੀ ਤਾਂ ਕਦੀ-ਕਦਾਈਂ ਹੀ ਬਾਹਰ ਨਿਕਲਦੀ ਸੀ। ਸ਼ੁਰੂ ਤੋਂ ਹੀ ਜੋ ਸ਼ਹਿਰ ਦਾ ਡਰ ਉਸ ਦੇ ਮਨ ਵਿੱਚ ਬੈਠਾ ਹੋਇਆ ਸੀ, ਉਸ ਦਾ ਕੋਈ ਅੰਤ ਨਹੀਂ ਸੀ। ਇੱਕ ਦਿਨ ਜਦੋਂ ਸੋਮਨਾਥ ਬੈਂਕ ਗਿਆ ਹੋਇਆ ਸੀ ਤਾਂ ਕਿਸੇ ਨੇ ਬਾਹਰੋਂ ਦਰਵਾਜ਼ਾ ਖੜਕਾਇਆ। ਸਤੁਤੀ ਬੱਚੇ ਨੂੰ ਗੋਦ ਵਿੱਚ ਚੁੱਕ ਕੇ ਦਰਵਾਜ਼ੇ ਕੋਲ ਆ ਕੇ ਖੜੀ ਹੋ ਗਈ ਪਰ ਉਸ ਨੇ ਦਰਵਾਜ਼ਾ ਨਾ ਖੋਲ੍ਹਿਆ। ਸ਼ਾਮੀਂ ਜਦੋਂ ਸੋਮਨਾਥ ਘਰ ਆਇਆ ਤਾਂ ਉਸ ਨੂੰ ਸਾਰੀ ਗੱਲ ਦੱਸੀ। ਸੋਮਨਾਥ ਨੇ ਕਿਹਾ, “ਡਾਕੀਆ ਹੋਏਗਾ; ਇਹ ਚਿੱਠੀ ਹੇਠਾਂ ਪਈ ਹੋਈ ਸੀ।" ਫੇਰ

ਇੱਕ ਦਿਨ ਓਸੇ ਤਰ੍ਹਾਂ ਦਰਵਾਜ਼ਾ ਖੜਕਿਆ ਤਾਂ ਸਤੁਤੀ ਨੇ ਕਿਹਾ, "ਚਿੱਠੀ ਬਾਹਰ ਹੀ ਰੱਖ ਦਿਓ।" ਬਾਹਰੋਂ ਸੋਮਨਾਥ ਨੇ ਕਿਹਾ, "ਮੈਂ ਹਾਂ।" ਉਸ ਦੀ ਤਬੀਅਤ ਖ਼ਰਾਬ ਹੋਣ ਕਰਕੇ ਉਹ ਜਲਦੀ ਆ ਗਿਆ ਸੀ। ਇਸੀ ਗੱਲ ਉੱਤੇ ਉਹ ਕਾਫ਼ੀ ਦੇਰ ਹੱਸਦੇ ਰਹੇ ਤੇ ਸੋਮਨਾਥ ਅਕਸਰ ਇਹੀ ਗੱਲ ਯਾਦ ਕਰਾ ਕੇ ਸਤੁਤੀ ਦਾ ਮਜ਼ਾਕ ਉਡਾਇਆ ਕਰਦਾ ਸੀ।

ਮਨਨ ਜ਼ਰਾ ਵੱਡਾ ਹੋਇਆ ਤੇ ਚੱਲਣ ਲੱਗਾ ਤਾਂ ਸਤੁਤੀ ਦਾ ਡਰ ਹੋਰ ਵੱਧ ਗਿਆ। ਉਹ ਪੌੜੀਆਂ ਦਾ ਦਰਵਾਜ਼ਾ ਹਮੇਸ਼ਾ ਬੰਦ ਰੱਖਦੀ ਸੀ, ਕਿਉਂਕਿ ਉਸ ਨੂੰ ਡਰ ਹੁੰਦਾ ਸੀ, ਕਿਤੇ ਮਨਨ ਪੌੜੀਆਂ ਵਿੱਚੋਂ ਨਾ ਡਿੱਗ ਪਏ। ਉਸ ਨੇ ਸੋਮਨਾਥ ਕੋਲ ਮਕਾਨ ਬਦਲਣ ਲਈ ਜ਼ਿੱਦ ਕੀਤੀ। ਓਦੋਂ ਮਨਨ ਇੱਕ ਸਾਲ ਦਾ ਸੀ। ਉਹ ਹੁਣ ਸਭ ਕੁੱਝ ਖਾਣ ਲੱਗ ਪਿਆ ਸੀ; ਪਰ ਦੁੱਧ ਤੇ ਪਾਣੀ ਪੀਣ ਲਈ ਉਸ ਨੂੰ ਨਿੱਪਲ ਵਾਲੀ ਬੋਤਲ ਦੀ ਲੋੜ ਪੈਂਦੀ ਸੀ, ਉਹ ਗਲਾਸ ਨਾਲ ਨਹੀਂ ਸੀ ਪੀ ਸਕਦਾ। ਸੋਮਨਾਥ ਹਮੇਸ਼ਾ ਸਤੁਤੀ ਨੂੰ ਕਹਿੰਦਾ ਸੀ ਕਿ ਇਸ ਦੀ ਇਹ ਆਦਤ ਹਟਾਓ। ਪਰ ਸਤੁਤੀ ਮਨਨ ਨੂੰ ਬਹੁਤ ਚਾਹੁੰਦੀ ਸੀ। ਉਹ ਜਦੋਂ ਵੀ ਜ਼ਿੱਦ ਕਰਦਾ ਤਾਂ ਸੋਮਨਾਥ ਉਸ ਨੂੰ ਧਮਕਾਉਂਦਾ ਸੀ, ਪਰ ਸਤੁਤੀ ਉਸ ਨੂੰ ਆਪਣੇ ਕੋਲ ਬੁਲਾ ਕੇ ਪਿਆਰ ਕਰਨ ਲੱਗ ਜਾਂਦੀ ਸੀ। ਇੱਕ ਦਿਨ ਰਾਤ ਨੂੰ ਮਨਨ ਦੀ ਬੋਤਲ ਥੱਲੇ ਡਿੱਗ ਕੇ ਟੁੱਟ ਗਈ। ਸੋਮਨਾਥ ਨੇ ਕਿਹਾ, "ਚੰਗਾ ਹੋਇਆ, ਹੁਣ ਬੋਤਲ ਨਾ ਖ਼ਰੀਦੀ। ਹੁਣ ਮਨਨ ਗਿਲਾਸ ਨਾਲ ਪੀਣਾ ਸਿੱਖੇਗਾ।" ਪਰ ਸਤੁਤੀ ਬੋਲੀ, "ਤੁਸੀਂ ਹੁਣੇ ਹੀ ਬਜ਼ਾਰ ਜਾ ਕੇ ਬੋਤਲ ਲਿਆਓ। ਕਿਤੇ ਬੱਚਾ ਰਾਤੀਂ ਪਾਣੀ ਨਾ ਮੰਗ ਲਏ।" ਘਰ ਵਿੱਚ ਇਕੱਲੇ ਰਹਿਣ ਦੇ ਡਰ ਦੇ ਬਾਵਜੂਦ ਸਤੁਤੀ ਨੇ ਸੋਮਨਾਥ ਨੂੰ ਬੋਤਲ ਖ਼ਰੀਦਣ ਲਈ ਭੇਜਿਆ। ਸੋਮਨਾਥ ਬੋਤਲ ਲੈਣ ਲਈ ਸਾਈਕਲ ਉੱਤੇ ਗਿਆ ਸੀ, ਪਰ ਇੱਕ ਘੰਟਾ ਲੰਘ ਗਿਆ, ਉਹ ਵਾਪਸ ਨਹੀਂ ਸੀ ਆਇਆ। ਸਤੁਤੀ ਸੁੱਤੇ ਹੋਏ ਬੱਚੇ ਨੂੰ ਚੁੱਕ ਕੇ ਸੋਮਨਾਥ ਨੂੰ ਵੇਖਣ ਲਈ ਬਾਹਰ ਨਿਕਲ ਆਈ। ਜਦੋਂ ਸੋਮਨਾਥ ਨੇ ਵਾਪਸ ਆ ਕੇ ਸਤੁਤੀ ਨੂੰ ਸੜਕ ਉੱਤੇ ਖੜਾ ਵੇਖਿਆ, ਸੋਮਨਾਥ ਉਸ ਨੂੰ ਗੁੱਸੇ ਹੋਇਆ ਤੇ ਕਿਹਾ, "ਏਨੀ ਰਾਤ ਗਈ, ਬੋਤਲ ਨੇੜਿਓਂ ਕਿਤੋਂ ਨਹੀਂ ਸੀ ਮਿਲੀ, ਏਸ ਲਈ ਸਟੇਸ਼ਨ ਵਾਲੇ ਬਜ਼ਾਰ ਤੱਕ ਜਾਣਾ ਪਿਆ। ਤੂੰ ਏਨੀ ਰਾਤ ਗਈ ਬਾਹਰ ਨਾ ਨਿਕਲਿਆ ਕਰ।"

ਇਸ ਨਵੇਂ ਮਕਾਨ ਵਿੱਚ ਆਇਆ ਚਾਰ ਸਾਲ ਹੋ ਗਏ ਸਨ। ਸਤੁਤੀ ਨੂੰ ਇਹ ਘਰ ਚੰਗਾ ਲੱਗਾ ਸੀ। ਮਕਾਨ ਵਿੱਚ ਸਮਾਨ ਵਗ਼ੈਰਾ ਸਜਾਉਣ ਤੋਂ ਬਾਅਦ ਉਹ ਬੋਲੀ, “ਹੁਣ ਤੁਹਾਡੀ ਬਦਲੀ ਹੋਣ ਤੱਕ ਅਸੀਂ ਏਥੇ ਹੀ ਰਹਾਂਗੇ।" ਹੌਲੀ-ਹੌਲੀ ਘਰ ਦੀਆਂ ਚੀਜ਼ਾਂ ਵੱਧ ਗਈਆਂ। ਮਨਨ ਦੀਆਂ ਚੀਜ਼ਾਂ ਵੀ ਘੱਟ ਨਹੀਂ ਸਨ। ਉਹ ਹੁਣ ਸਾਈਕਲ ਲਈ ਜ਼ਿੱਦ ਕਰ ਰਿਹਾ ਸੀ, ਪਰ ਸਤੁਤੀ ਹਮੇਸ਼ਾ ਰੋਕ ਦੇਂਦੀ ਸੀ। ਇਹ ਮਕਾਨ ਹੇਠਾਂ ਸੀ। ਸਤੁਤੀ ਸੋਚਦੀ ਸੀ ਕਿ ਉੱਪਰ ਵਾਲਾ ਮਕਾਨ ਹੀ ਠੀਕ ਸੀ। ਹੁਣ ਤਾਂ ਘਰੋਂ ਨਿਕਲਦਿਆਂ ਹੀ ਮਨਨ ਨੂੰ ਸੜਕ ਉੱਤੇ ਵਗਦੀਆਂ ਮੋਟਰ-ਗੱਡੀਆਂ ਦਾ ਖ਼ਤਰਾ ਸੀ। ਇਹ ਮਕਾਨ ਸੋਮਨਾਥ ਨੂੰ ਬਹੁਤ ਮੁਸ਼ਕਲ ਨਾਲ ਮਿਲਿਆ ਸੀ। ਉਸ ਨੂੰ ਬੈਂਕ ਤੋਂ ਜਿੰਨਾਂ ਮਕਾਨ ਦਾ ਕਿਰਾਇਆ ਮਿਲਦਾ ਸੀ, ਓਨੇ ਪੈਸਿਆਂ ਵਿੱਚ ਇਸ ਤੋਂ ਚੰਗਾ ਮਕਾਨ ਨਹੀਂ ਸੀ ਮਿਲ ਸਕਦਾ। ਇਹ ਮਕਾਨ ਬੈਂਕ ਤੋਂ ਜ਼ਿਆਦਾ ਦੂਰ ਵੀ ਨਹੀਂ ਸੀ, ਭਾਵੇਂ ਉਸ ਨੇ ਹੁਣ ਮੋਟਰ ਸਾਈਕਲ ਖ਼ਰੀਦ ਲਿਆ ਸੀ ਤੇ ਓਸੇ ਉੱਤੇ ਬੈਂਕ ਆਉਂਦਾ-ਜਾਂਦਾ ਸੀ। ਕਦੀ-ਕਦੀ ਉਹ ਸਤੁਤੀ ਨੂੰ ਕਹਿੰਦਾ, "ਚੱਲ ਤੈਨੂੰ ਮੋਟਰ ਸਾਈਕਲ ਉੱਤੇ ਸੈਰ ਕਰਾ ਲਿਆਵਾਂ।" ਪਰ ਸਤੁਤੀ ਨੂੰ ਡਰ ਲੱਗਦਾ ਤੇ ਉਹ ਉਸ ਦੀ ਗੱਲ ਨਹੀਂ ਸੀ ਮੰਨਦੀ। ਕਿਤੇ ਜਾਣਾ ਹੁੰਦਾ ਤਾਂ ਉਹ ਰਿਕਸ਼ੇ ਵਿੱਚ ਜਾਂਦੇ ਸਨ। ਇੱਕ ਦਿਨ ਜਦੋਂ ਸੋਮਨਾਥ ਮਨਨ ਨੂੰ ਘੁਮਾਉਣ ਗਿਆ ਤੇ ਕਾਫ਼ੀ ਦੇਰ ਵਾਪਸ ਨਾ ਆਇਆ ਤਾਂ ਸਤੁਤੀ ਕਾਫ਼ੀ ਘਬਰਾ ਗਈ ਸੀ।

ਮਨਨ ਦੇ ਕੁੱਝ ਹੋਰ ਵੱਡੇ ਹੋਣ ਉੱਤੇ ਉਸ ਲਈ ਸਕੂਲ ਲੱਭਣਾ ਸੀ। ਇੱਕ ਦਿਨ ਬੈਂਕ ਤੋਂ ਆਉਂਦਿਆਂ ਹੀ ਖ਼ੁਸ਼ ਹੋ ਕੇ ਸਤੁਤੀ ਨੂੰ ਕਹਿਣ ਲੱਗਾ, "ਅੱਜ ਮਾਡਲ ਸਕੂਲ ਵਿੱਚ ਮਨਨ ਨੂੰ ਸੀਟ ਮਿਲ ਗਈ ਹੈ।” ਸਤੁਤੀ ਨੇ ਕਿਹਾ, "ਸਕੂਲ ਤਾਂ ਏਥੋਂ ਦੂਰ ਈ ਬਹੁਤ ਹੈ, ਮਨਨ ਓਥੇ ਕਿਵੇਂ ਜਾਇਆ ਕਰੇਗਾ?" ਸੋਮਨਾਥ ਨੇ ਕਿਹਾ, “ਲੋਕੀ ਏਸ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣ ਲਈ ਹਜ਼ਾਰਾਂ ਰੁਪਏ ਖ਼ਰਚ ਕਰਦੇ ਨੇ। ਲੋਕੀ ਬੱਚਾ ਪੈਦਾ ਹੋਣ ਤੋਂ ਪਹਿਲਾਂ ਹੀ ਇਸ ਸਕੂਲ ਵਿੱਚ ਦਾਖ਼ਲੇ ਦੀ ਅਰਜ਼ੀ ਦੇ ਦੇਂਦੇ ਨੇ। ਫੇਰ ਮੇਰੀ ਕੀ ਪਹੁੰਚ ਏ ? ਇਹੋ ਜਿਹੇ ਸਕੂਲ ਵਿੱਚ ਸਾਡੇ ਬੱਚਿਆਂ ਲਈ ਸੀਟ ਕਿੱਥੇ ? ਮੇਰੀ ਏਨੀ ਔਕਾਤ ਕਿੱਥੋਂ ਆਈ? ਮਨਨ ਨੂੰ ਏਨੀ ਦੂਰ ਸਕੂਲ ਬਸ ਵਿੱਚ ਜਾਣਾ ਪਏਗਾ, ਸੁਣ ਕੇ ਸਤੁਤੀ ਦਾ ਮਨ ਦੁਖੀ ਹੋ ਗਿਆ। ਸੋਮਨਾਥ ਨੇ ਕਿਹਾ, "ਏਨੇ ਵਧੀਆ ਸਕੂਲ ਵਿੱਚ ਤੇਰਾ ਬੇਟਾ ਪੜ੍ਹੇਗਾ, ਤੈਨੂੰ

ਤਾਂ ਸਗੋਂ ਖੁਸ਼ ਹੋਣਾ ਚਾਹੀਦੈ। ਏਸ ਸਕੂਲ ਵਿੱਚੋਂ ਵਧੀਆ ਆਦਮੀ ਬਣ ਕੇ ਨਿਕਲੇਗਾ ਸਾਡਾ ਪੁੱਤਰ।"

ਸ਼ੁਰੂ-ਸ਼ੁਰੂ ਵਿੱਚ ਮਨਨ ਦੇ ਸਕੂਲ ਤੋਂ ਵਾਪਸ ਆਉਣ ਤੱਕ ਸਤੁਤੀ ਫ਼ਿਕਰ ਹੀ ਕਰਦੀ ਰਹਿੰਦੀ ਫੇਰ ਹੌਲੀ-ਹੌਲੀ, ਉਸ ਨੂੰ ਗੇਝ ਪੈ ਗਈ। ਮਨਨ ਪੜ੍ਹਾਈ ਵਿੱਚ ਚੰਗਾ ਸੀ। ਹਰ ਮਹੀਨੇ ਰਿਪੋਰਟ ਘਰ ਲੈ ਕੇ ਆਉਂਦਾ ਸੀ, ਸੋਮਨਾਥ ਰਿਪੋਰਟ ਪੜ੍ਹ ਕੇ ਸਤੁਤੀ ਨੂੰ ਕਹਿੰਦਾ, "ਮਨਨ ਹਿਸਾਬ ਵਿੱਚ ਤੇਜ਼ ਹੈ। ਵੱਡਾ ਹੋ ਕੇ ਚਾਰਟਰਡ ਐਕਾਊਂਟੈਂਟ ਬਣੇਗਾ।" ਸਤੁਤੀ ਮਨ ਹੀ ਮਨ ਵਿੱਚ ਬਹੁਤ ਖੁਸ਼ ਹੁੰਦੀ, ਪਰ ਓਪਰੇ ਮਨ ਨਾਲ ਕਹਿੰਦੀ, "ਕੀ ਪਤਾ ਵੱਡਾ ਹੋ ਕੇ ਪੜ੍ਹਾਈ ਵਿੱਚ ਕਿਹੋ ਜਿਹਾ ਹੋਵੇਗਾ ?"

ਇਸੇ ਦੌਰਾਨ ਸੋਮਨਾਥ ਦੀ ਤਨਖ਼ਾਹ ਵੱਧ ਗਈ ਤੇ ਉਸ ਦਾ ਗੁਜ਼ਾਰਾ ਹੁਣ ਬੜੇ ਅਰਾਮ ਨਾਲ ਚੱਲਣ ਲੱਗ ਪਿਆ। ਸੋਮਨਾਥ ਦੇ ਕੁੱਝ ਯਾਰ ਦੋਸਤ ਵੀ ਬਣ ਗਏ ਸਨ। ਸਤੁਤੀ ਸੋਮਨਾਥ ਤੋਂ ਉਸ ਦੇ ਦੋਸਤਾਂ ਬਾਰੇ ਗੱਲਾਂ ਸੁਣਿਆ ਕਰਦੀ ਸੀ ਤੇ ਜੋ ਦੋਸਤ ਉਸ ਦੇ ਘਰ ਆਉਂਦੇ ਹੁੰਦੇ ਸਨ, ਉਨ੍ਹਾਂ ਦੇ ਸਾਹਮਣੇ ਨਾ ਜਾ ਕੇ ਵੀ, ਉਨ੍ਹਾਂ ਵਿੱਚੋਂ ਕਈਆਂ ਨੂੰ ਪਛਾਣ ਲੈਂਦੀ ਸੀ। ਉਨ੍ਹਾਂ ਦੀ ਬਿਲਡਿੰਗ ਵਿੱਚ ਰਹਿਣ ਵਾਲੇ ਉਨ੍ਹਾਂ ਦੇ ਮਕਾਨ-ਮਾਲਕ ਦਾ ਪੁੱਤਰ ਮਾਧਵ ਅੱਜਕੱਲ੍ਹ ਸੋਮਨਾਥ ਦਾ ਚੰਗਾ ਦੋਸਤ ਬਣਿਆ ਹੋਇਆ ਸੀ। ਸ਼ਾਮ ਨੂੰ ਜਦੋਂ ਕੋਈ ਕੰਮ ਨਾ ਹੁੰਦਾ ਤਾਂ ਸੋਮਨਾਥ ਉਸ ਦੇ ਘਰ ਚਲਾ ਜਾਂਦਾ ਸੀ। ਮਾਧਵ ਵੀ ਕਦੀ-ਕਦੀ ਉਸ ਦੇ ਘਰ ਆ ਜਾਇਆ ਕਰਦਾ ਸੀ। ਸੋਮਨਾਥ ਦਾ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਸਤੁਤੀ ਉਸ ਦੇ ਸਾਹਮਣੇ ਨਹੀਂ ਸੀ ਆਉਂਦੀ। ਇੱਕ ਦਿਨ ਉਹ ਕਿਤੇ ਜਾਣ ਲਈ ਹੇਠਾਂ ਖੜੇ ਰਿਕਸ਼ਾ ਦੀ ਉਡੀਕ ਕਰ ਰਹੇ ਸਨ ਕਿ ਮਾਧਵ ਉੱਪਰੋਂ ਉਤਰਿਆ। ਮਾਧਵ ਨੇ ਸਤੁਤੀ ਨੂੰ ਨਮਸਕਾਰ ਕੀਤੀ ਤਾਂ ਸੋਮਨਾਥ ਨੇ ਕਿਹਾ, "ਸਤੁਤੀ ਨੂੰ ਵੇਖਣਾ ਚਾਹੁੰਦਾ ਸੀ ਨਾ, ਹੁਣ ਚੰਗੀ ਤਰ੍ਹਾਂ ਵੇਖ ਲੈ। ਫੇਰ ਵੇਖਣ ਦਾ ਮੌਕਾ ਨਹੀਂ ਮਿਲਣਾ।" ਸਤੁਤੀ ਮੂੰਹ ਘੁਮਾ ਕੇ ਖੜੀ ਹੋ ਗਈ ਤੇ ਮਾਧਵ ਦੇ ਜਾਣ ਪਿੱਛੋਂ ਬੋਲੀ, "ਸ਼ਰਾਰਤੀ ਕਿਤੋਂ ਦੇ।"

ਇਕ ਦਿਨ ਕਿਸੇ ਦੇ ਖੜਕਾਉਣ ਉੱਤੇ ਸਤੁਤੀ ਨੇ ਦਰਵਾਜਾ ਖੋਲ੍ਹਿਆ, ਬਾਹਰ ਮਾਧਵ ਖੜਾ ਸੀ।

ਸਤੁਤੀ ਨੇ ਕਿਹਾ, "ਉਹ ਘਰ ਨਹੀਂ ਹਨ।" ਮਾਧਵ ਉਸ ਵੱਲ ਵੇਖ ਕੇ ਮੁਸਕਰਾਇਆ ਤੇ ਪੁੱਛਿਆ, "ਮਨਨ ਹੈ ?" ਮਨਨ ਕੋਲ ਹੀ ਖੜਾ ਸੀ। ਉਸ ਨੂੰ ਵੇਖ ਕੇ

ਮਾਧਵ ਅੰਦਰ ਆ ਗਿਆ ਤੇ ਉਸ ਕੋਲ ਬੈਠ ਕੇ ਗੱਲਾਂ ਕਰਨ ਲੱਗ ਪਿਆ। ਮਾਧਵ ਦਾ ਇਹ ਵਤੀਰਾ ਸਤੁਤੀ ਨੂੰ ਚੰਗਾ ਨਹੀਂ ਲੱਗਾ। ਮਾਧਵ ਦੇ ਜਾਂਦਿਆਂ ਹੀ ਸਤੁਤੀ ਮਨਨ ਨੂੰ ਝਿੜਕਣ ਲੱਗ ਪਈ, "ਕਿਸੇ ਨਾਲ ਬੈਠ ਕੇ ਗੱਲਾਂ ਕਰਨ ਲਈ ਤੈਨੂੰ ਕਿਸ ਨੇ ਕਿਹਾ ਸੀ ?" ਸੋਮਨਾਥ ਦੇ ਘਰ ਆਉਂਦਿਆਂ ਹੀ ਸਤੁਤੀ ਨੇ ਕਿਹਾ, "ਤੁਹਾਡਾ ਉਹ ਦੋਸਤ ਮੈਨੂੰ ਬਿਲਕੁਲ ਚੰਗਾ ਨਹੀਂ ਲੱਗਦਾ। ਉਸ ਨੂੰ ਕਹਿ ਦੇਣਾ ਕਿ ਤੁਹਾਡੀ ਗ਼ੈਰ ਹਾਜ਼ਰੀ ਵਿੱਚ ਏਥੇ ਨਾ ਆਇਆ ਕਰੇ।" ਸੋਮਨਾਥ ਨੇ ਕਿਹਾ, "ਤੂੰ ਮਾਧਵ ਨੂੰ ਨਹੀਂ ਜਾਣਦੀ। ਉਹ ਬਹੁਤ ਹੀ ਸ਼ਰੀਫ਼ ਤੇ ਪਰਉਪਕਾਰੀ ਬੰਦਾ ਹੈ। ਤੂੰ ਸੋਚਦੀ ਹੈਂ ਕਿ ਏਥੇ ਸਾਰੇ ਤੈਨੂੰ ਖਾ ਜਾਣ ਲਈ ਬੈਠੇ ਨੇ।" ਸਤੁਤੀ ਨੇ ਕਿਹਾ, "ਮੈਨੂੰ ਸ਼ਰੀਫ਼ ਤੇ ਪਰਉਪਕਾਰੀ ਲੋਕਾਂ ਦੀ ਜ਼ਰੂਰਤ ਨਹੀਂ।'

ਸ਼ਾਮੀ ਕਿਸੇ ਨੇ ਆ ਕੇ ਐਕਸੀਡੈਂਟ ਦੀ ਖ਼ਬਰ ਦਿੱਤੀ। ਕਿਸਮਤ ਨਾਲ ਮਾਧਵ ਉਸ ਵੇਲੇ ਓਥੇ ਹੀ ਖੜਾ ਸੀ। ਉਸ ਨੇ ਰਿਕਸ਼ਾ ਲਿਆ ਤੇ ਸਤੁਤੀ ਨਾਲ ਹਸਪਤਾਲ ਗਿਆ। ਓਦੋਂ ਤੱਕ ਸੋਮਨਾਥ ਮਰ ਚੁੱਕਾ ਸੀ। ਉਸ ਦਾ ਮ੍ਰਿਤਕ ਸਰੀਰ ਇੱਕ ਨੁੱਕਰ ਵਿੱਚ ਚਾਦਰ ਨਾਲ ਢੱਕਿਆ ਪਿਆ ਸੀ। ਉਸ ਨੂੰ ਵੇਖਦਿਆਂ ਹੀ ਸਤੁਤੀ ਬੇਹੋਸ਼ ਹੋ ਗਈ। ਇਸ ਤੋਂ ਬਾਅਦ ਉਸ ਨੂੰ ਕੁੱਝ ਵੀ ਗੱਲ ਚੰਗੀ ਤਰ੍ਹਾਂ ਯਾਦ ਨਹੀਂ। ਕਿਵੇਂ ਉਹ ਘਰ ਆਈ, ਕਿਰਿਆ ਕਰਮ ਕਿਸ ਨੇ ਸਿਰੇ ਚਾੜ੍ਹਿਆ, ਕਿਸ ਨੇ ਉਸ ਦੇ ਭਰਾ ਨੂੰ ਤਾਰ ਦਿੱਤੀ, ਮਨਨ ਦੀ ਦੇਖਭਾਲ ਕਿਸ ਨੇ ਕੀਤੀ, ਇਸ ਸਭ ਕੁੱਝ ਬਾਰੇ ਉਸ ਨੂੰ ਕੁੱਝ ਪਤਾ ਨਹੀਂ ਸੀ। ਉਸ ਦੇ ਪਲੰਗ ਦੇ ਚਾਰੇ ਪਾਸੇ ਔਰਤਾਂ ਖੜੀਆਂ ਸਨ। ਕੋਈ ਉਸ ਨੂੰ ਜਬਰਦਸਤੀ ਖੁਆਂਦਾ ਸੀ, ਉਸ ਦਾ ਹੱਥ ਫੜ ਕੇ ਬਾਥਰੂਮ ਵਿੱਚ ਲੈ ਜਾਂਦਾ ਸੀ। ਕਦੀ-ਕਦੀ ਮਨਨ ਉਸ ਦੇ ਕੋਲ ਬੈਠ ਕੇ ਰੌਂਦਾ ਸੀ। ਫੇਰ ਪਤਾ ਨਹੀਂ ਕਦੋਂ ਉਸ ਦੇ ਭਰਾ ਤੇ ਭਾਬੀ ਨੇ ਆ ਕੇ ਘਰ ਦੀ ਜ਼ਿੰਮੇਵਾਰੀ ਸੰਭਾਲ ਲਈ।

ਸਤੁਤੀ ਹੁਣ ਰੌਂਦੀ ਨਹੀਂ ਸੀ। ਸੌਂਦੀ ਹੈ ਜਾਂ ਅੱਖਾਂ ਬੰਦ ਕਰਕੇ ਸੋਚਦੀ ਰਹਿੰਦੀ ਹੈ ਜਾਂ ਫੇਰ ਸੁੰਨੀ ਨਿਗਾਹ ਨਾਲ ਵੇਖਦੀ ਰਹਿੰਦੀ ਹੈ। ਸ਼ੁਰੂ ਵਿੱਚ ਉਸ ਨੇ ਸੋਮਨਾਥ ਦੀ ਮੌਤ ਨੂੰ ਸਵੀਕਾਰ ਨਹੀਂ ਸੀ ਕੀਤਾ ਪਰ ਹੁਣ ਕਰ ਚੁੱਕੀ ਸੀ। ਹਾਂ, ਹੁਣ ਤੱਕ ਆਪਣੇ ਪ੍ਰਤੀ ਇਸ ਬੇਰਹਿਮ ਬੇਇਨਸਾਫੀ ਨੂੰ ਮੰਨ ਨਹੀਂ ਰਹੀ ਸੀ। ਇਸ ਵੇਲੇ ਉਸ ਨੂੰ ਮਨਨ ਦਾ ਫ਼ਿਕਰ ਸਭ ਤੋਂ ਵੱਧ ਖਾ ਰਿਹਾ ਸੀ। ਉਸ ਨੂੰ ਪੈਰਾਂ ਉੱਤੇ ਖੜਾ ਹੋਣ ਲਈ ਕਾਫ਼ੀ ਵਕਤ ਲੱਗੇਗਾ।

ਸਤੁਤੀ ਨੇ ਅੱਖਾਂ ਖੋਲ੍ਹੀਆਂ। ਦਿਨ ਕਾਫ਼ੀ ਚੜ੍ਹ ਆਇਆ ਲੱਗਦਾ ਸੀ। ਭਰਾ-ਭਰਜਾਈ ਉਸ ਦੇ ਕੋਲ ਬੈਠੇ ਹਨ। ਮਨਨ ਉਸ ਦੇ ਨੇੜੇ ਹੀ ਸੁੱਤਾ ਪਿਆ ਸੀ। ਸਤੁਤੀ ਦੇ ਅੱਖਾਂ ਖੋਲ੍ਹਦਿਆਂ ਹੀ ਭਰਾ ਨੇ ਪੁੱਛਿਆ, "ਕੀ ਕੁੱਝ ਖਾਏਂਗੀ?" ਸਤੁਤੀ ਨੇ ਕਦੋਂ ਕੁੱਝ ਖਾਧਾ ਸੀ, ਉਸ ਨੂੰ ਯਾਦ ਨਹੀਂ ਸੀ ਆ ਰਿਹਾ। ਉਹ ਸੋਚ ਕੇ ਬੋਲੀ, "ਨਹੀਂ, ਭੁੱਖ ਕੋਈ ਨਹੀਂ।" ਭਰਾ ਨੇ ਕਿਹਾ, "ਤਾਂ ਫੇਰ ਉੱਠ ਕੇ ਹੱਥ-ਮੂੰਹ ਤਾਂ ਧੋ ਲੈ।" ਭਾਬੀ ਉਸ ਦਾ ਹੱਥ ਫੜ ਕੇ ਬਾਥਰੂਮ ਵਿੱਚ ਲੈ ਗਈ। ਹੱਥ ਮੂੰਹ ਧੋ ਕੇ ਉਹ ਆ ਕੇ ਕੁਰਸੀ ਉੱਤੇ ਬੈਠ ਗਈ। ਉਸ ਦਾ ਭਰਾ ਬੋਲਿਆ, "ਤੇਰੀ ਕਾਲੋਨੀ ਦੇ ਲੋਕ ਬਹੁਤ ਚੰਗੇ ਨੇ। ਸਾਡੇ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਕਾਫ਼ੀ ਦੇਖ-ਭਾਲ ਕੀਤੀ। ਸੋਮਨਾਥ ਦੇ ਬੈਂਕ ਦੇ ਦੋਸਤਾਂ ਨੇ ਵੀ ਬਹੁਤ ਮੱਦਦ ਕੀਤੀ ਹੈ।"

ਸਤੁਤੀ ਨੇ ਕਿਹਾ, "ਕੀ ਅੱਜ ਐਤਵਾਰ ਹੈ ?"

ਭਰਾ ਬੋਲਿਆ, "ਨਹੀਂ, ਅੱਜ ਮੰਗਲਵਾਰ ਹੈ। ਪੰਜ ਦਿਨ ਹੋ ਗਏ ਅੱਜ।"

"ਮਨਨ ਸਕੂਲ ਕਿਉਂ ਨਹੀਂ ਗਿਆ ?"

"ਦੋ ਚਾਰ ਦਿਨ ਬੱਚਾ ਸਕੂਲ ਨਹੀਂ ਗਿਆ ਤਾਂ ਕੀ ਫ਼ਰਕ ਪੈਂਦਾ ਹੈ?" "ਨਹੀਂ, ਨਹੀਂ, ਪੜ੍ਹਾਈ ਦਾ ਨੁਕਸਾਨ ਕਿਉਂ ਕਰੀਏ?"

ਭਾਬੀ ਨੇ ਸਤੁਤੀ ਨੂੰ ਚਾਹ ਦਿੱਤੀ। ਚਾਹ ਪੀਣ ਦੇ ਬਾਅਦ ਭਰਾ ਨੇ ਕਿਹਾ,ਮੈਂ ਸੱਤਾਂ ਦਿਨਾਂ ਦੀ ਛੁੱਟੀ ਲੈ ਕੇ ਆਇਆ ਸੀ। ਤਿੰਨਾਂ ਦਿਨਾਂ ਦੇ ਬਾਅਦ ਵਾਪਸ ਜਾਣਾ ਪੈਣੈ। ਜੇ ਚੱਲ ਸਕੇ ਤਾਂ ਸਾਡੇ ਨਾਲ ਹੀ ਚੱਲ ਪੈ। ਨਹੀਂ ਤਾਂ ਤੇਰੀ ਭਾਬੀ ਏਥੇ ਕੁੱਝ ਦਿਨ ਹੋਰ ਰਹਿ ਜਾਏਗੀ।

ਸਤੁਤੀ ਨੇ ਕਿਹਾ, "ਮਨਨ ਦਾ ਸਕੂਲ ਛੱਡ ਕੇ ਮੈਂ ਕਿੱਥੇ ਜਾ ਸਕਦੀ ਹਾਂ, ਵੀਰ ਜੀ ?"

ਭਰਾ ਨੇ ਕਿਹਾ, "ਮਨਨ ਦਾ ਸਕੂਲ ਤਾਂ ਬਦਲਣਾ ਹੀ ਪਏਗਾ। ਏਥੇ ਸ਼ਹਿਰ ਵਿੱਚ ਤੂੰ ਇਕੱਲੀ ਕਿਵੇਂ ਰਹੇਂਗੀ?"

"ਨਹੀਂ ਮਨਨ ਇਸੀ ਸਕੂਲ ਵਿੱਚ ਪੜ੍ਹੇਗਾ। ਉਹ ਕਹਿੰਦੇ ਸੀ ਇਹ ਸਕੂਲ ਬਹੁਤ ਚੰਗਾ ਹੈ। ਮੈਂ ਏਥੇ ਹੀ ਰਹਾਂਗੀ।"

ਇਸ ਬਾਰੇ ਭਰਾ ਨੇ ਕੋਈ ਬਹਿਸ ਨਾ ਕੀਤੀ ਤੇ ਕਿਹਾ, "ਇੰਨਸ਼ੋਅਰੈਂਸ ਦੇ ਪੰਜਾਹ ਹਜ਼ਾਰ ਰੁਪਏ ਮਿਲਣਗੇ। ਬੈਂਕ ਤੋਂ ਵੀ ਉਨ੍ਹਾਂ ਦੀ ਤਨਖਾਹ, ਗ੍ਰੈਚੂਟੀ, ਆਦਿ ਮਿਲਾ ਕੇ ਕੁੱਝ

ਰੁਪਏ ਬਣ ਜਾਣਗੇ। ਇਨ੍ਹਾਂ ਸਾਰੇ ਕਾਗਜ਼ਾਂ ਉੱਤੇ ਤੇਰੇ ਦਸਤਖ਼ਤ ਚਾਹੀਦੇ ਨੇ। ਤੂੰ ਕੁੱਝ ਖਾ ਪੀ ਲੈ, ਫੇਰ ਤੈਨੂੰ ਸਮਝਾ ਦਿਆਂਗਾ।"

ਸਤੁਤੀ ਨੇ ਕਿਹਾ, "ਨਹੀਂ, ਮੈਨੂੰ ਭੁੱਖ ਕੋਈ ਨਹੀਂ ਹੈ। ਕਾਗਜ਼ਾਂ ਬਾਰੇ ਮੈਨੂੰ ਸਮਝਾ ਦਿਓ।" ਭਰਾ ਨੇ ਉਸ ਵੱਲ ਇੱਕ ਕਾਗਜ਼ ਕੀਤਾ ਤੇ ਦਸਤਖ਼ਤ ਕਰਨ ਲਈ ਕਿਹਾ। ਅੰਗਰੇਜ਼ੀ ਵਿੱਚ ਕਾਫ਼ੀ ਕੁੱਝ ਲਿਖਿਆ ਹੋਇਆ ਸੀ, ਉਸ ਕਾਗ਼ਜ਼ ਉੱਤੇ। ਸਤੁਤੀ ਨੇ ਇੰਨਸ਼ੋਅਰੈਂਸ ਕੰਪਨੀ ਦਾ ਨਾਂ ਪੜ੍ਹਿਆ ਤੇ ਪੁੱਛਿਆ, "ਇਹ ਕਾਹਦਾ ਕਾਗਜ਼ ਹੈ ?"

"ਇਹ ਡਿਸਚਾਰਜ ਨੋਟ ਹੈ। ਇਸ ਉੱਤੇ ਦਸਤਖ਼ਤ ਹੋਣ ਤੋਂ ਬਾਅਦ ਉਹ ਲੋਕ ਚੈੱਕ ਭੇਜ ਦੇਣਗੇ।"

"ਚੈੱਕ ਲੈ ਕੇ ਮੈਂ ਕੀ ਕਰਾਂਗੀ ?"

"ਤੇਰੇ ਨਾਂ ਉੱਤੇ ਬੈਂਕ ਵਿੱਚ ਇੱਕ ਖਾਤਾ ਖੁੱਲ੍ਹਵਾ ਕੇ ਉਸ ਵਿੱਚ ਇਹ ਚੈੱਕ ਜਮ੍ਹਾਂ ਕਰਾ ਦਿੱਤਾ ਜਾਏਗਾ। ਸ਼ਾਮੀ ਸੋਮਨਾਥ ਦੇ ਦੋਸਤ ਆ ਕੇ ਇਹ ਕੰਮ ਕਰਵਾ ਦੇਣਗੇ।"

"ਰੁਪਏ ਬੈਂਕ ਵਿਚ ਜਮ੍ਹਾਂ ਕਰਵਾਉਣ ਉੱਤੇ ਵਿਆਜ ਮਿਲਦਾ ਹੈ ਨਾ?" ਇਹ ਸਾਰੇ ਪੈਸੇ ਬੈਂਕ ਵਿੱਚ ਰੱਖਣ ਨਾਲ ਕਿੰਨਾ ਵਿਆਜ ਮਿਲੇਗਾ ?"

"ਵਿਆਜ ਕੀ ਮਿਲੇਗਾ? ਇਸ ਘਰ ਦਾ ਕਿਰਾਇਆ ਵੀ ਪੂਰਾ ਨਹੀਂ ਹੋਣਾ। ਇਸ ਦੇ ਇਲਾਵਾ ਮਕਾਨ ਮਾਲਕ ਤੇਰੇ ਏਥੇ ਰਹਿਣ ਬਾਰੇ ਪਤਾ ਨਹੀਂ ਕੀ ਕਹੇ ?"

ਸਤੁਤੀ ਨੇ ਮਨਨ ਨੂੰ ਜਗਾਇਆ। ਉਹ ਮਾਂ ਨੂੰ ਉੱਠ ਕੇ ਗੱਲਾਂ ਕਰਦੀ ਵੇਖ ਕੇ ਖ਼ੁਸ਼ ਹੋ ਗਿਆ। ਸਤੁਤੀ ਨੇ ਕਿਹਾ, "ਜਾ, ਉੱਪਰਲੀ ਮੰਜ਼ਿਲ ਉੱਤੇ ਜਾ ਕੇ ਬੁੱਢੇ ਮਾਲਕ ਨੂੰ ਬੁਲਾ ਲਿਆ।"

ਮਨਨ ਨਾਲ ਮਾਧਵ ਆਇਆ। ਉਹ ਅੰਦਰ ਆਇਆ ਹੀ ਸੀ ਕਿ ਸਤੁਤੀ ਨੇ ਉਸ ਨੂੰ ਕਿਹਾ, "ਮਨਨ ਦੀ ਪੜ੍ਹਾਈ ਪੂਰੀ ਹੋਣ ਤੱਕ ਮੈਂ ਇਸ ਮਕਾਨ ਵਿੱਚ ਰਹਾਂਗੀ। ਜਿੰਨਾ ਕਿਰਾਇਆ ਦਿੱਤਾ ਜਾਂਦਾ ਹੈ ਮੈਂ ਦਿਆਂਗੀ। ਤੁਹਾਨੂੰ ਕੋਈ ਪਰੇਸ਼ਾਨੀ ਤਾਂ ਨਹੀਂ ਹੋਵੇਗੀ ?"

ਮਾਧਵ ਇਹ ਗੱਲ ਸੁਣ ਕੇ ਚੌਂਕ ਗਿਆ। ਉਸ ਨੇ ਕਿਹਾ, "ਇਹ ਤੁਹਾਡਾ ਘਰ ਹੈ— ਜਦੋਂ ਤੱਕ ਚਾਹੋ ਰਹਿ ਸਕਦੇ ਹੋ। ਇਸ ਵੇਲੇ ਤੁਹਾਨੂੰ ਇਸ ਬਾਰੇ ਕੋਈ ਕੁੱਝ ਕਹਿ ਤਾਂ ਨਹੀਂ ਰਿਹਾ ?"

ਸਤੁਤੀ ਬੋਲੀ, ਸਿਰਫ਼ ਇਸ ਵੇਲੇ ਹੀ ਨਹੀਂ, ਮੈਨੂੰ ਭਵਿੱਖ ਬਾਰੇ ਵੀ ਸੋਚਣਾ ਪਏਗਾ। ਇਸ ਲਈ ਪੁੱਛ ਰਹੀ ਹਾਂ।"

ਮਾਧਵ ਬੋਲਿਆ, "ਸੋਮਨਾਥ ਮੇਰਾ ਚੰਗਾ ਦੋਸਤ ਸੀ। ਤੁਹਾਨੂੰ ਏਥੇ ਕੋਈ ਪਰੇਸ਼ਾਨੀ ਨਹੀਂ ਹੋਵੇਗੀ। ਜੋ ਵੀ ਤਕਲੀਫ਼ ਹੋਏ, ਮੈਨੂੰ ਦੱਸਣਾ।" ਏਨਾ ਕਹਿ ਕੇ ਮਾਧਵ ਚਲਾ ਗਿਆ।

ਮਾਧਵ ਦੇ ਜਾਣ ਤੋਂ ਬਾਅਦ ਭਾਬੀ ਨੇ ਕਿਹਾ, "ਅਸੀਂ ਤਾਂ ਸੋਚਿਆ ਸੀ ਕਿ ਏਥੋਂ ਦਾ ਸਾਰਾ ਕੰਮ ਮੁਕਾ ਕੇ ਸਾਡੇ ਨਾਲ ਚੱਲੋਂਗੀ ਜਾਂ ਫੇਰ ਪਿੰਡ ਚਲੀ ਜਾਏਂਗੀ।"

ਸਤੁਤੀ ਨੇ ਕਿਹਾ, "ਪਿੰਡ ਦੇ ਸਕੂਲ ਬਾਰੇ ਤਾਂ ਤੁਸੀਂ ਜਾਣਦੇ ਈ ਹੋ ਭਾਬੀ। ਮੈਂ ਓਥੋਂ ਮੈਟ੍ਰਿਕ ਪਾਸ ਕੀਤੀ ਸੀ, ਪਰ ਅੰਗਰੇਜ਼ੀ ਚੰਗੀ ਤਰ੍ਹਾਂ ਪੜ੍ਹ ਵੀ ਨਹੀਂ ਸਕਦੀ। ਇਹੋ ਜਿਹੇ ਸਕੂਲ ਵਿੱਚ ਪੜ੍ਹ ਕੇ ਮਨਨ ਦਾ ਕੀ ਹੋਵੇਗਾ। ਏਥੇ ਜਿਸ ਸਕੂਲ ਵਿੱਚ ਪੜ੍ਹਦੈ ਉਹ ਸਕੂਲ ਬਹੁਤ ਚੰਗਾ ਹੈ। ਅਸਲੀ ਸਮੱਸਿਆ ਹੈ ਸਾਡੇ ਗੁਜ਼ਾਰੇ ਦੀ। ਮੇਰੇ ਕੋਲ ਜੋ ਗਹਿਣੇ ਨੇ, ਉਨ੍ਹਾਂ ਨੂੰ ਵੇਚ ਕੇ ਬੈਂਕ ਵਿੱਚ ਰੁਪਏ ਜਮ੍ਹਾਂ ਕਰਾਉਣ ਨਾਲ ਕੁੱਝ ਤਾਂ ਵਿਆਜ ਮਿਲ ਹੀ ਜਾਏਗਾ।"

ਸਤੁਤੀ ਆਪਣੇ ਬਕਸੇ ਵਿੱਚੋਂ ਸਾਰੇ ਗਹਿਣੇ ਕੱਢ ਲਿਆਈ ਤੇ ਬੋਲੀ, "ਭਰਾ ਜੀ ! ਚਲੋ, ਚੱਲ ਕੇ ਇਹ ਸਾਰੇ ਗਹਿਣੇ ਵੇਚ ਆਈਏ।"

ਭਰਾ ਨੇ ਕਿਹਾ, "ਏਨੀ ਕੀ ਕਾਹਲ ? ਫੇਰ ਕਦੀ ਵੇਖੀ ਜਾਏਗੀ।"

"ਨਹੀਂ, ਤੁਸੀਂ ਤਾਂ ਚਲੇ ਹੀ ਜਾਣਾ ਹੈ ਦੋ-ਤਿੰਨਾ ਤੱਕ। ਮੈਂ ਇਕੱਲੀ ਇਹ ਕੰਮ ਨਹੀਂ ਕਰ ਸਕਦੀ।"

"ਤਾਂ ਫੇਰ ਸ਼ਹਿਰ ਵਿੱਚ ਇਕੱਲੀ ਰਹੇਂਗੀ ਕਿਵੇਂ?"

"ਮੈਨੂੰ ਕੋਈ ਮੁਸ਼ਕਲ ਨਹੀਂ ਹੋਏਗੀ। ਹੁਣ ਕਿਉਂਕਿ ਗਹਿਣੇ ਵੇਚਣੇ ਨੇ ਤੇ ਰੁਪਏ ਦਾ ਲੈਣ-ਦੇਣ ਮੈਂ ਕਦੀ ਕੀਤਾ ਨਹੀਂ, ਏਸ ਲਈ ਤੁਹਾਨੂੰ ਖੇਚਲ ਦੇ ਰਹੀ ਹਾਂ।"

ਭਾਬੀ ਨੇ ਉਸ ਨੂੰ ਜ਼ਬਰਦਸਤੀ ਖਾਣਾ ਖਵਾਇਆ, ਖਾਣਾ ਖਤਮ ਹੁੰਦਿਆਂ ਹੀ ਸਤੁਤੀ ਨੇ ਫੇਰ ਗਹਿਣੇ ਵੇਚਣ ਲੀ ਦੁਕਾਨ ਉੱਤੇ ਚੱਲਣ ਦੀ ਜਿੱਦ ਕੀਤੀ। ਭਰਾ-ਭਰਜਾਈ ਉਸ ਨੂੰ ਲੈ ਕੇ ਦੁਕਾਨ ਉੱਤੇ ਗਏ। ਜਦੋਂ ਸਤੁਤੀ ਨੇ ਥੈਲੇ ਵਿੱਚੋਂ ਸਾਰਾ ਗਹਿਣਾ ਕੱਢ ਕੇ ਦੁਕਾਨਦਾਰ ਵੱਲ ਕੀਤਾ, ਤਾਂ ਭਾਬੀ ਨੇ ਕਿਹਾ, "ਕੁੱਝ ਤਾਂ ਆਪਣੇ ਕੋਲ ਰੱਖ ਲੈਂਦੀ, ਕਦੀ ਮੁਸੀਬਤ ਵੇਲੇ ਕੰਮ ਆ ਜਾਣਗੇ।"

ਸਤੁਤੀ ਮੁਸਕੁਰਾਈ ਤੇ ਬੋਲੀ, "ਇਸ ਤੋਂ ਵੱਡੀ ਹੋਰ ਕਿਹੜੀ ਮੁਸੀਬਤ ਆਏਗੀ ਮੇਰੇ ਉੱਤੇ ? ਮਨਨ ਦੀ ਪੜ੍ਹਾਈ ਵਿੱਚ ਹੀ ਲੱਗ ਜਾਣੇ ਨੇ ਇਹ ਪੈਸੇ।"

ਜਦੋਂ ਦੁਕਾਨਦਾਰ ਗਹਿਣੇ ਤੋਲ ਰਿਹਾ ਸੀ, ਤਾਂ ਪਤਾ ਨਹੀਂ ਕੀ ਸੋਚ ਕੇ ਉਨ੍ਹਾਂ ਗਹਿਣਿਆਂ ਵਿੱਚੋਂ ਇੱਕ ਪਤਲਾ ਹਾਰ ਵਾਪਸ ਲੈ ਲਿਆ। ਦੁਕਾਨਦਾਰ ਨੇ ਗਹਿਣਿਆਂ ਦਾ ਹਿਸਾਬ ਲਾ ਕੇ ਪੁੱਛਿਆ. "ਚੈੱਕ ਦਿਆਂ ਕਿ ਕੈਸ਼?" ਭਰਾ ਦੇ ਕੁੱਝ ਕਹਿਣ ਤੋਂ ਪਹਿਲਾਂ ਹੀ ਸਤੁਤੀ ਬੋਲੀ, "ਚੈੱਕ ਦੇ ਦਿਓ। ਇਹ ਵੀ ਓਸੇ ਬੈਂਕ ਵਿੱਚ ਜਮ੍ਹਾਂ ਕਰਵਾ ਦਿਆਂਗੀ ਵਿਆਜ ਮਿਲੇਗਾ।' ਦੁਕਾਨ ਤੋਂ ਵਾਪਸ ਆ ਕੇ ਉਸ ਨੇ ਮਨਨ ਨੂੰ ਕਿਹਾ, "ਤੂੰ ਕੱਲ ਤੋਂ ਫੇਰ ਸਕੂਲ ਜਾਣਾ ਸ਼ੁਰੂ ਕਰ ਦੇ ਤੇ ਮਨ ਲਾ ਕੇ ਪੜ੍ਹੀ। ਸਮਝਿਆ।" ਉਸ ਦਿਨ ਸ਼ਾਮੀਂ ਸੋਮਨਾਥ ਦੇ ਦੋ ਦੋਸਤ ਆਏ। ਸੋਮਨਾਥ ਨੂੰ ਬੈਂਕ ਤੋਂ ਜੋ ਹੋਰ ਪੈਸਾ ਮਿਲਣਾ ਸੀ, ਉਸ ਦਾ ਚੈੱਕ ਉਹ ਨਾਲ ਲੈ ਕੇ ਆਏ ਸੀ। ਉਨ੍ਹਾਂ ਨੇ ਕਿਹਾ, "ਹੁਣ ਆਪਣੇ ਨਾਂ ਉੱਤੇ ਸਾਡੇ ਬੈਂਕ ਵਿੱਚ ਇੱਕ ਖਾਤਾ ਖੋਲ੍ਹ ਲਓ।" ਸਤੁਤੀ ਨੇ ਫ਼ਾਰਮ ਉੱਤੇ ਦਸਤਖ਼ਤ ਕਰ ਦਿੱਤੇ। ਉਨ੍ਹਾਂ ਵਿੱਚੋਂ ਇੱਕ ਨੇ ਕਿਹਾ, "ਤੁਹਾਨੂੰ ਬੈਂਕ ਆਉਣ ਦੀ ਲੋੜ ਨਹੀਂ, ਅਸੀਂ ਤੁਹਾਡਾ ਖਾਤਾ ਖੁਲ੍ਹਵਾ ਕੇ ਚੈੱਕ-ਬੁੱਕ ਤੁਹਾਨੂੰ ਘਰ ਦੇ ਜਾਵਾਂਗੇ।" ਸਤੁਤੀ ਨੇ ਕਿਹਾ, "ਨਹੀਂ, ਮੈਂ ਆਪ ਹੀ ਬੈਂਕ ਜਾਵਾਂਗੀ।" ਉਸ ਨੇ ਇਹ ਗੱਲ ਏਨੇ ਜ਼ੋਰ ਨਾਲ ਕਹੀ ਕਿ ਸਾਰੇ ਚੁੱਪ ਹੋ ਗਏ।

ਸਤੁਤੀ ਬੋਲੀ, "ਉਨ੍ਹਾਂ ਨੇ ਮੋਟਰ ਸਾਈਕਲ ਲਈ ਉਧਾਰ ਲਿਆ ਸੀ। ਉਸ ਦਾ ਕੀ ਹੋਇਆ ?"

“ਬੈਂਕ ਨੇ ਬਕਾਇਆ ਕਰਜ਼ਾ ਮਾਫ਼ ਕਰ ਦਿੱਤਾ ਹੈ। ਮੋਟਰ ਸਾਈਕਲ ਹੁਣ ਤੁਹਾਡਾ ਹੈ। ਅਸੀਂ ਸੋਚਦੇ ਸਾਂ ਕਿ ਜੇ ਤੁਸੀਂ ਠੀਕ ਸਮਝੋ ਤਾਂ ਸਾਡੇ ਬੈਂਕ ਦਾ ਇੱਕ ਕਰਮਚਾਰੀ ਮੋਟਰ-ਸਾਈਕਲ ਖ਼ਰੀਦ ਲਏਗਾ।"

"ਕਿੰਨੇ ਵਿੱਚ?” ਸਤੁਤੀ ਨੇ ਪੁੱਛਿਆ।

ਉਨ੍ਹਾਂ ਤੋਂ ਕੀਮਤ ਸੁਣ ਕੇ ਸਤੁਤੀ ਨੇ ਕਿਹਾ, "ਮੈਂ ਕੱਲ੍ਹ ਦੱਸਾਂਗੀ, ਸੋਚ ਕੇ। ਇਸ ਵੇਲੇ ਉਹ ਮੋਟਰ ਸਾਈਕਲ ਕਿੱਥੇ ਹੈ ?"

“ਜੋ ਕੁੱਝ ਟੁੱਟਾ-ਫੁੱਟਾ ਸੀ, ਉਸ ਦੀ ਮੁਰੰਮਤ ਹੋ ਰਹੀ ਹੈ। ਕੰਮ ਖ਼ਤਮ ਹੋਣ ਤੇ ਸਾਡੇ ਵਿੱਚੋਂ ਹੀ ਕੋਈ ਏਥੇ ਛੱਡ ਜਾਏਗਾ।"

ਅਗਲੇ ਦਿਨ ਸਤੁਤੀ ਦਾ ਬੈਂਕ ਖਾਤਾ ਖੁਲ੍ਹਵਾ ਦੇਣ ਬਾਰੇ ਕਹਿ ਕੇ ਉਹ ਚਲੇ ਗਏ। ਉਨ੍ਹਾਂ ਦੇ ਜਾਣ ਬਾਅਦ ਸਤੁਤੀ ਨੇ ਆਪਣੇ ਭਰਾ ਨੂੰ ਪੁੱਛਿਆ, “ਮੋਟਰ ਸਾਈਕਲ ਢਾਈ ਸਾਲ ਪਹਿਲਾਂ ਲਿਆ ਸੀ। ਜੋ ਕੀਮਤ ਇਨ੍ਹਾਂ ਨੇ ਦੱਸੀ ਹੈਂ, ਕੀ ਉਹ ਠੀਕ ਹੈ?”

ਭਰਾ ਨੇ ਕਿਹਾ, “ਮੋਟਰ ਸਾਈਕਲ ਦੀ ਹਾਲਤ ਕੀ ਹੈ, ਉਸ ਨੂੰ ਵੇਖ ਕੇ ਹੀ ਕੀਮਤ ਦਾ ਅੰਦਾਜ਼ਾ ਲਾਇਆ ਜਾ ਸਕਦੈ। ਫਿਰ ਵੀ ਠੀਕ ਹੀ ਲੱਗਦੀ ਹੈ ਕੀਮਤ।"

ਸਤੁਤੀ ਨੇ ਕਿਹਾ, "ਠੀਕ ਹੈ।”

ਉਸ ਦਿਨ ਰਾਤ ਨੂੰ ਭਰਾ ਕੋਲ ਬੈਠ ਕੇ ਸਤੁਤੀ ਪੈਸਿਆਂ ਦਾ ਹਿਸਾਬ ਲਾਉਣ ਲੱਗੀ। ਕਾਗਜ਼ ਕਲਮ ਲੈ ਕੇ ਸਾਰਾ ਪੈਸਾ ਜੋੜਨ ਤੋਂ ਬਾਅਦ ਆਪਣੇ ਭਰਾ ਨੂੰ ਪੁੱਛਿਆ ਕਿ ਹਰ ਮਹੀਨੇ ਇਸ ਦਾ ਵਿਆਜ ਕਿੰਨਾ ਮਿਲੇਗਾ। ਭਰਾ ਕੋਲੋਂ ਵਿਆਜ ਦੀ ਰਕਮ ਸੁਣ ਕੇ ਸਤੁਤੀ ਦਾ ਮੂੰਹ ਉਤਰ ਗਿਆ। ਥੋੜੇ ਪੈਸਿਆਂ ਵਿੱਚ ਉਹ ਸ਼ਹਿਰ ਵਿੱਚ ਗੁਜ਼ਾਰਾ ਕਿਵੇਂ ਕਰੇਗੀ ? ਉਸ ਦਾ ਉਤਰਿਆ ਮੂੰਹ ਵੇਖ ਕੇ ਭਰਾ ਕੁੱਝ ਕਹਿਣ ਹੀ ਲੱਗਾ ਸੀ ਕਿ ਸਤੁਤੀ ਨੇ ਕਿਹਾ, ‘ਤੁਸੀਂ ਸੋਚਦੇ ਹੋਵੋਗੇ ਕਿ ਮਹੀਨੇ ਦੋ ਮਹੀਨੇ ਵਿੱਚ ਮੈਂ ਆਪਣਾ ਇਰਾਦਾ ਬਦਲ ਦਿਆਂਗੀ, ਹੈ ਨਾ? ਇਹ ਗੱਲ ਨਹੀਂ ਹੈ ਭਰਾ ਜੀ। ਮਨਨ ਦੀ ਪੜ੍ਹਾਈ ਪੂਰੀ ਹੋਣ ਤੱਕ ਮੈਂ ਇੱਥੇ ਹੀ ਰਹਾਂਗੀ।" ਥੋੜੀ ਦੇਰ ਬਾਅਦ ਬੋਲੀ, "ਇਸ ਮਕਾਨ ਦੇ ਕਿਰਾਏ ਵਿੱਚ ਕਾਫੀ ਪੈਸਾ ਲੱਗ ਰਿਹਾ ਹੈ। ਹੁਣ ਮੈਨੂੰ ਇੰਨੇ ਵੱਡੇ ਮਕਾਨ ਦੀ ਲੋੜ ਹੀ ਨਹੀਂ ਹੈ। ਦੋ ਬੰਦਿਆਂ ਲਈ ਤਾਂ ਇੱਕ ਹੀ ਕਮਰਾ ਕਾਫੀ ਹੈ।”

ਭਰਾ ਬੋਲਿਆ, “ਸੋਮਨਾਥ ਦੀ ਪਿੰਡ ਵਿਚ ਕੁੱਝ ਜ਼ਮੀਨ ਜਾਇਦਾਦ ਵੀ ਹੈ ਸੀ ਨਾ ? ਉਸ ਦੇ ਭਰਾ ਨੂੰ ਤਾਰ ਵੀ ਪਾਈ ਸੀ, ਪਰ ਆਏ ਹੀ ਨਹੀਂ।"

ਸਤੁਤੀ ਨੇ ਕਿਹਾ, “ਉਹ ਤਕਰੀਬਨ ਬਿਮਾਰ ਹੀ ਰਹਿੰਦੇ ਹਨ, ਤਬੀਅਤ ਖਰਾਬ ਹੋਣੀ ਹੈ ਇਸੀ ਲਈ ਨਹੀਂ ਆਏ ਹੋਣਗੇ। ਦੂਜਾ ਭਰਾ ਆਰਮੀ ਵਿੱਚ ਹੈ ਕਿਤੇ, ਉਸ ਦਾ ਐਡਰੈੱਸ ਕਿਸੇ ਨੂੰ ਪਤਾ ਨਹੀਂ। ਨਾ ਕਦੀ ਚਿੱਠੀ ਲਿਖਦੇ ਨੇ ਤੇ ਨਾ ਹੀ ਚਿੱਠੀ ਦਾ ਜਵਾਬ ਦੇਂਦੇ ਨੇ। ਮਨਨ ਦੀਆਂ ਛੁੱਟੀਆਂ ਵਿੱਚ ਪਿੰਡ ਜਾ ਕੇ ਜ਼ਮੀਨ ਦਾ ਪਤਾ ਕਰਾਂਗੀ। ਉਸ ਨੂੰ ਵੇਚ ਕੇ ਕੁੱਝ ਤਾਂ ਰੁਪਏ ਮਿਲਣਗੇ।"

ਦੂਜੇ ਦਿਨ ਸਵੇਰੇ ਸਤੁਤੀ ਉੱਠ ਕੇ ਭਰਾ ਕੋਲ ਗਈ। ਉਹ ਅਜੇ ਜਾਗਿਆ ਨਹੀਂ ਸੀ। ਉਸ ਨੂੰ ਜਗਾ ਕੇ ਸਤੁਤੀ ਨੇ ਪੁੱਛਿਆ, "ਮੈਨੂੰ ਮੈਟ੍ਰਿਕ ਦਾ ਸਰਟੀਫ਼ਿਕੇਟ ਨਹੀਂ ਮਿਲ ਰਿਹਾ। ਸ਼ਾਇਦ ਇੱਥੇ ਆਉਣ ਵੇਲੇ ਪਿੰਡ ਵਿੱਚ ਹੀ ਰਹਿ ਗਿਆ ਹੈ, ਜਾਂ ਕਿਤੇ ਗੁਆਚ ਗਿਆ ਹੋਵੇਗਾ। ਤੁਸੀਂ ਮੇਰੇ ਸਕੂਲ ਤੋਂ ਇੱਕ ਡੁਪਲੀਕੇਟ ਸਰਟੀਫਿਕੇਟ ਬਣਵਾ ਕੇ ਭੇਜ ਦੇਣਾ।” ਉਸ ਨੂੰ ਇਹ ਕਹਿ ਕੇ ਫੇਰ, ਰਾਤ ਵਾਂਗ, ਆਪਣੀਆਂ ਚੀਜ਼ਾਂ ਉਲਟ-ਪੁਲਟ ਕਰਨ ਲੱਗ ਪਈ, ਪਰ ਸਰਟੀਫਿਕੇਟ ਨਹੀਂ ਮਿਲਿਆ।

ਬੈਂਕ ਪਹੁੰਚੀ ਤਾਂ ਸੋਮਨਾਥ ਦੇ ਦੋਸਤ ਨੇ ਕਿਹਾ, “ਤੁਸੀਂ ਬੈਠੋ, ਮੈਂ ਤੁਹਾਡੇ ਨਾਂ ਦਾ ਖਾਤਾ ਖੁਲ੍ਹਵਾ ਕੇ ਆਉਨਾਂ।" ਪਰ ਸਤੁਤੀ ਨੇ ਕਿਹਾ, "ਨਹੀਂ, ਇਹ ਸਭ ਮੈਂ ਆਪੇ ਹੀ ਕਰਾਂਗੀ। ਮੈਨੂੰ ਸਿਰਫ ਇਹ ਦੱਸ ਦਿਓ ਕਿ ਇਸ ਫ਼ਾਰਮ ਉੱਤੇ ਕਿੱਥੇ ਕੀ ਲਿਖਣੈ ਤੇ ਕਿੱਥੇ ਕਿਸ ਤਰ੍ਹਾਂ ਚੈੱਕ ਜਮ੍ਹਾਂ ਕਰਵਾਇਆ ਜਾਂਦੈ।" ਬੜੇ ਹੀ ਧਿਆਨ ਨਾਲ ਸਤੁਤੀ ਨੇ ਬੈਂਕ ਦੇ ਨਿਯਮਾਂ ਦੀ ਜਾਣਕਾਰੀ ਲਈ। ਬੈਂਕ ਤੋਂ ਬਾਹਰ ਆਉਂਦਿਆਂ ਹੀ ਸਤੁਤੀ ਨੇ ਕਿਹਾ, "ਅੱਜ ਉਨੱਤੀ ਤਰੀਕ ਹੋ ਚੁੱਕੀ ਹੈ, ਅਗਲੇ ਮਹੀਨੇ ਲਈ ਪੈਸਿਆਂ ਦੀ ਜ਼ਰੂਰਤ ਤਾਂ ਹੋਏਗੀ ਹੀ। ਮੈਨੂੰ ਹੁਣੇ ਹੀ ਸਮਝਾ ਦਿਓ ਕਿ ਰੁਪਏ ਕਿਵੇਂ ਕਢਾਏ ਨੇ।" ਉਸ ਆਦਮੀ ਦੇ ਵਾਰੀ-ਵਾਰੀ ਕਹਿਣ ਉੱਤੇ ਵੀ ਸਤੁਤੀ ਨਹੀਂ ਮੰਨੀ। ਲਾਈਨ ਵਿਚ ਖੜੇ ਹੋ ਕੇ ਉਸ ਨੇ ਰੁਪਏ ਕਢਵਾਏ।

ਘਰ ਪਹੁੰਚਦਿਆਂ ਭਰਾ ਨੇ ਸਮਝਾਇਆ, "ਤੂੰ ਇਸ ਉਮਰ ਏਨੇ ਵੱਡੇ ਸ਼ਹਿਰ ਵਿੱਚ ਇਕੱਲੀ ਕਿਵੇਂ ਰਹੇਂਗੀ? ਏਥੇ ਸਾਡਾ ਸਾਕ-ਸੰਬੰਧੀ ਹੈ ਹੀ ਕੌਣ? ਨਾਲੇ ਸ਼ਹਿਰ ਦੇ ਲੋਕ ਵੀ ਤਾਂ ਚੰਗੇ ਨਹੀਂ ਹੁੰਦੇ।" ਸਤੁਤੀ ਨੇ ਕਿਹਾ, "ਮਨਨ ਦੀ ਪੜ੍ਹਾਈ ਪੂਰੀ ਹੋਣ ਤੱਕ ਤੁਸੀਂ

ਮੈਨੂੰ ਸ਼ਹਿਰ ਛੱਡਣ ਲਈ ਨਾ ਕਹਿਣਾ। ਸ਼ਹਿਰ ਵਿੱਚ ਹੋਰ ਵੀ ਤਾਂ ਏਨੇ ਲੋਕੀ ਰਹਿ ਹੀ ਰਹੇ ਨੇ। ਏਥੇ ਵੀ ਚੰਗੇ ਤੇ ਭਲੇ ਲੋਕ ਹੁੰਦੇ ਨੇ।" ਫੇਰ ਕੁੱਝ ਰੁਕ ਕੇ ਬੋਲੀ: "ਜਿੱਥੋਂ ਤੱਕ ਰੁਪਏ ਪੈਸੇ ਦੀ ਗੱਲ ਹੈ, ਮੈਨੂੰ ਹੁਣ ਖਰਚਾ ਕੁੱਝ ਘੱਟ ਕਰਨਾ ਪਏਗਾ। ਸਭ ਤੋਂ ਪਹਿਲਾਂ ਤਾਂ ਇਹ ਮਕਾਨ ਬਦਲ ਕੇ ਦੂਜਾ ਮਕਾਨ ਕਿਰਾਏ ਉੱਤੇ ਲੈਣਾ ਪਏਗਾ।"

ਭਰਾ ਨੇ ਕਿਹਾ, "ਸੋਮਨਾਥ ਦੇ ਦੋਸਤ ਨੇ ਉਸ ਦੇ ਮੋਟਰ ਸਾਈਕਲ ਵਾਲੀ ਦੁਕਾਨ ਦਾ ਪਤਾ ਦੱਸਿਆ ਸੀ। ਜਾਂਦੇ ਜਾਂਦੇ ਵੇਖ ਚੱਲੀਏ ?"

ਸਤੁਤੀ ਨੇ ਕਿਹਾ, “ਨਹੀਂ, ਮਨਨ ਦੇ ਸਕੂਲ ਤੋਂ ਵਾਪਸ ਆਉਣ ਦਾ ਵੇਲਾ ਹੋ ਗਿਐ ਤੇ ਫੇਰ ਮੋਟਰ ਸਾਈਕਲ ਵੇਖ ਕੇ ਭਲਾ ਮੈਂ ਕੀ ਕਰਾਂਗੀ? ਮੈਨੂੰ ਤਾਂ ਸਮਝ ਨਹੀਂ ਹੈ। ਬੈਂਕ ਦਾ ਬੰਦਾ ਹੀ ਇਹ ਲੈ ਲਏ। ਮੈਂ ਉਸ ਨੂੰ ਕਹਾਂਗੀ, ਕੀਮਤ ਥੋੜੀ ਵਧਾ ਦੇਵੇ।”

ਮਨਨ ਨੂੰ ਕੁੱਝ ਖੁਆਉਣ ਤੋਂ ਬਾਅਦ ਸਤੁਤੀ ਮਕਾਨ ਮਾਲਕ ਕੋਲ ਗਈ। ਬਹੁਤ ਚੰਗੇ ਸੁਭਾਅ ਵਾਲੇ ਆਦਮੀ ਸਨ। ਸਤੁਤੀ ਨੂੰ ਕਿਹਾ, “ਅਜੇ ਤੁਸੀਂ ਮਕਾਨ ਬਾਰੇ ਕੁੱਝ ਨਾ ਸੋਚੋ। ਏਸ ਬਾਰੇ ਫੇਰ ਗੱਲ ਕਰਾਂਗੇ।" ਸਤੁਤੀ ਨੇ ਕਿਹਾ, “ਇਹ ਮਕਾਨ ਮੈਂ ਛੱਡਣਾ ਚਾਹੁੰਦੀ ਹਾਂ। ਜੇ ਕਿਤੇ ਹੋਰ ਤੁਹਾਡਾ ਕੋਈ ਛੋਟਾ ਘਰ ਹੈ ਤਾਂ ਮੈਂ ਲੈ ਲਵਾਂਗੀ।” ਉਸ ਸੱਜਣ ਨੇ ਕਿਹਾ, “ਕੁੱਝ ਦਿਨ ਠਹਿਰ ਕੇ ਮੈਂ ਇਸ ਬਾਰੇ ਦੱਸਾਂਗਾ।” ਸਤੁਤੀ ਨੇ ਕਿਹਾ, “ਨਹੀਂ, ਤੁਸੀਂ ਮੈਨੂੰ ਅੱਜ ਹੀ ਦੱਸ ਦਿਓ। " ਉਸ ਸੱਜਣ ਨੇ ਸਤੁਤੀ ਨੂੰ ਦੱਸਿਆ ਕਿ ਇਸ ਕਾਲੋਨੀ ਵਿਚ ਇੱਕ ਛੋਟਾ ਮਕਾਨ ਖ਼ਾਲੀ ਹੋ ਰਿਹਾ ਹੈ। ਸਤੁਤੀ ਬੋਲੀ, “ਮੇਰੇ ਲਈ ਉਹ ਮਕਾਨ ਠੀਕ ਕਰਵਾ ਦਿਓ। ਮੈਂ ਪਹਿਲੀ ਤਰੀਕ ਨੂੰ ਤੁਹਾਡਾ ਮਕਾਨ ਛੱਡ ਦਿਆਂਗੀ।'

ਘਰ ਵਾਪਸ ਆ ਕੇ ਉਹ ਆਪਣਾ ਸਮਾਨ ਬੰਨ੍ਹਣ ਲੱਗ ਪਈ। ਭਰਾ ਬੋਲਿਆ ਕਿ ਜੇ ਤੂੰ ਘਰ ਬਦਲ ਹੀ ਰਹੀ ਹੈਂ ਤਾਂ ਮੈਂ ਇੱਕ ਦੋ ਦਿਨ ਦੀ ਹੋਰ ਛੁੱਟੀ ਭੇਜ ਦੇਨਾਂ। ਸਤੁਤੀ ਨੇ ਕਿਹਾ, "ਤੁਸੀਂ ਇੱਕ ਅੱਧ ਦਿਨ ਹੋਰ ਰਹਿ ਕੇ ਕੀ ਕਰੋਗੇ ? ਹੁਣ ਤਾਂ ਮੈਨੂੰ ਸਾਰੀ ਜ਼ਿੰਦਗੀ ਆਪਣੇ ਬਾਰੇ ਆਪ ਹੀ ਸੋਚਣਾ ਪੈਣੈ। ਤੁਸੀਂ ਵੇਖਣਾ, ਮੈਂ ਸਭ ਕੁੱਝ ਆਪੇ ਈ ਕਰ ਲਵਾਂਗੀ।"

ਸ਼ਾਮੀਂ ਕਾਲਜ ਤੋਂ ਵਾਪਸ ਆ ਕੇ ਮਾਧਵ ਉਨ੍ਹਾਂ ਦੇ ਘਰ ਆਇਆ। ਉਸ ਨੇ ਕਿਹਾ, "ਕੀ ਜ਼ਰੂਰਤ ਹੈ ਇਹ ਘਰ ਛੱਡਣ ਦੀ ? ਸਤੁਤੀ ਉਸ ਨੂੰ ਬਿਠਾ ਕੇ ਚਾਹ ਬਣਾ

ਲਿਆਈ। ਉਸ ਨੇ ਕਿਹਾ," ਹੁਣ ਤੁਹਾਡੇ ਕੋਲੋਂ ਤਾਂ ਕੋਈ ਲੁਕੋ ਨਹੀਂ। ਇਨਸ਼ੋਅਰੈਂਸ, ਆਦਿ ਦਾ ਜੋ ਵੀ ਪੈਸਾ ਮਿਲਿਐ, ਹੁਣ ਉਸੇ ਦੇ ਵਿਆਜ ਨਾਲ ਗੁਜ਼ਾਰਾ ਕਰਨਾ ਪੈਣੈ। ਫੇਰ ਮੈਨੂੰ ਇੰਨੇ ਵੱਡੇ ਘਰ ਦੀ ਲੋੜ ਕੀ ਐ?"

ਮਾਧਵ ਬੋਲਿਆ, "ਠੀਕ ਹੈ। ਜੇ ਤੁਸੀਂ ਤੈਅ ਕਰ ਹੀ ਲਿਆ ਹੈ ਤਾਂ ਮੈਂ ਤੁਹਾਡੇ ਲਈ ਉਸ ਮਕਾਨ ਬਾਰੇ ਗੱਲ ਕਰ ਆਵਾਂਗਾ। ਏਥੇ ਨੇੜੇ ਹੀ ਹੈ, ਉਹ ਮਕਾਨ। ਤੁਹਾਨੂੰ ਕੋਈ ਤਕਲੀਫ਼ ਨਹੀਂ ਹੋਏਗੀ। ਉਸ ਮਕਾਨ-ਮਾਲਕ ਨੂੰ ਮੈਂ ਚੰਗੀ ਤਰ੍ਹਾਂ ਜਾਣਦਾਂ। ਘੱਟ ਤੋਂ ਘੱਟ ਕਿਰਾਇਆ ਦੇਣਾ ਪਏ, ਏਸ ਦਾ ਵੀ ਮੈਂ ਖ਼ਿਆਲ ਰੱਖਾਂਗਾ। ਏਨੀ ਗੱਲ ਕਰ ਕੇ ਮਾਧਵ ਚੁੱਪ ਹੋ ਗਿਆ। ਜਦੋਂ ਸਤੁਤੀ ਵੀ ਕੁੱਝ ਨਾ ਬੋਲੀ ਤਾਂ ਉਹ ਉੱਠਿਆ ਤੇ ਬੋਲਿਆ, "ਤੁਸੀਂ ਤਾਂ ਜਾਣਦੇ ਹੀ ਹੋ ਕਿ ਸੋਮਨਾਥ ਮੇਰਾ ਖਾਸ ਦੋਸਤ ਸੀ। ਤੁਹਾਨੂੰ ਕੋਈ ਵੀ ਔਖ ਹੋਵੇ ਜਾਂ ਲੋੜ ਹੋਵੇ ਤਾਂ ਮੈਨੂੰ ਜ਼ਰੂਰ ਦੱਸਣਾ। ਮੈਨੂੰ ਪਰਾਇਆ ਨਾ ਸਮਝਣਾ।"

ਭਰਾ-ਭਾਬੀ ਦੇ ਹੁੰਦਿਆਂ ਹੀ ਸਤੁਤੀ ਨੇ ਘਰ ਬਦਲ ਲਿਆ। ਉਸ ਨੂੰ ਬਹੁਤ ਸਮਝਾਉਣ ਉੱਤੇ ਵੀ ਉਸ ਨੇ ਭਾਬੀ ਨੂੰ ਭਰਾ ਦੇ ਨਾਲ ਹੀ ਜਾਣ ਲਈ ਮਜ਼ਬੂਰ ਕੀਤਾ। ਜਦੋਂ ਉਹ ਗਏ, ਉਸ ਵੇਲੇ ਮਨਨ ਸਕੂਲ ਗਿਆ ਹੋਇਆ ਸੀ। ਉਨ੍ਹਾ ਨੂੰ ਬਾਹਰੋਂ ਵਿਦਾ ਕਰਕੇ ਸਤੁਤੀ ਨੇ ਅੰਦਰ ਆ ਕੇ ਦਰਵਾਜਾ ਬੰਦ ਕਰ ਲਿਆ। ਉਸ ਵੇਲੇ ਉਹ ਆਪਣੇ ਆਪ ਨੂੰ ਬਿਲਕੁਲ ਇਕੱਲੀ ਮਹਿਸੂਸ ਕਰਨ ਲੱਗ ਪਈ। ਹੁਣ ਕੋਈ ਨਹੀਂ ਸੀ ਉਸ ਕੋਲ। ਇਸ ਨਵੇਂ ਮਕਾਨ ਵਿੱਚ ਸੋਮਨਾਥ ਦੀ ਕੋਈ ਯਾਦਗਾਰ ਵੀ ਨਹੀਂ ਸੀ। ਉਹ ਰੋਣ ਲੱਗ ਪਈ। ਉਸ ਦੀਆਂ ਸਿਸਕੀਆਂ ਹੌਲੀ-ਹੌਲੀ ਉੱਚੀਆਂ ਹੁੰਦੀਆਂ ਗਈਆਂ। ਉਸ ਨੇ ਬੜੀ ਕੋਸ਼ਿਸ਼ ਕੀਤੀ ਆਪਣੇ ਆਪ ਨੂੰ ਰੋਕਣ ਦੀ ਪਰ ਸਫਲ ਨਾ ਹੋਈ। ਬਿਸਤਰ ਉੱਤੇ ਲੇਟ ਕੇ ਉਹ ਉੱਚੀ-ਉੱਚੀ ਰੌਂਦੀ ਰਹੀ।

ਦੁਪਹਿਰੇ ਦੋ ਵਜੇ ਕਿਸੇ ਨੇ ਦਰਵਾਜ਼ਾ ਖੜਕਾਇਆ। ਮਨਨ ਸੀ। ਸਤੁਤੀ ਬਿਸਤਰ ਉੱਤੋਂ ਉੱਠੀ, ਰੋਣਾ ਬੰਦ ਕੀਤਾ, ਮੂੰਹ ਹੱਥ ਧੋ ਕੇ ਚਿਹਰੇ ਉੱਤੇ ਮੁਸਕਰਾਹਟ ਲਿਆਂਦੀ ਤੇ ਮਨਨ ਤੋਂ ਪੁੱਛਿਆ, "ਅੱਜ ਕਲਾਸ ਵਿੱਚ ਸਭ ਠੀਕ-ਠਾਕ ਸੀ ਨਾ ?" ਮਨਨ ਕੁੱਝ ਨਹੀਂ ਬੋਲਿਆ ਪਰ ਰੋਟੀ ਖਾਂਦਿਆਂ ਬੋਲਿਆ, "ਮੈਨੂੰ ਹਿਸਾਬ ਨਹੀਂ ਆਉਂਦਾ," ਮੈਨੂੰ ਹਿਸਾਬ ਨਹੀਂ ਆਉਂਦਾ। "ਸਤੁਤੀ ਕੁੱਝ ਖਿੱਝ ਗਈ। ਮਨਨ ਨੂੰ ਖਾਣਾ ਬੰਦ ਕਰ ਦੇ ਵੇਖ ਕੇ ਬੋਲੀ," "ਕੋਈ ਗੱਲ ਨਹੀਂ, ਖਾ ਲੈ! ਪਹਿਲਾਂ ਤਾਂ ਤੈਨੂੰ ਹਿਸਾਬ ਚੰਗਾ-ਭਲਾ ਆਉਂਦਾ ਸੀ। ਜੇ

ਹਿਸਾਬ ਠੀਕ ਨਹੀਂ ਕਰੇਂਗਾ ਤਾਂ ਪਾਸ ਕਿਵੇਂ ਹੋਏਂਗਾ ? ਚਾਰਟਰਡ ਅਕਾਊਂਟੈਂਟ ਕਿਵੇਂ ਬਣੇਂਗਾ?”

ਮਨਨ ਬੋਲਿਆ, "ਹਿਸਾਬ ਵਿੱਚ ਅੱਧੀ ਕਲਾਸ ਫਾਡੀ ਐ।"

ਸਤੁਤੀ ਨੇ ਕਿਹਾ, "ਅੱਧੀ ਕਲਾਸ ਪਿੱਛੇ ਪਈ ਹੋਵੇ; ਸਾਨੂੰ ਕੀ ? ਬਾਕੀ ਦੇ ਅੱਧੇ ਤਾਂ ਠੀਕ ਹੀ ਨੇ।"

ਮਨਨ ਬੋਲਿਆ, "ਉਨ੍ਹਾਂ ਦੇ ਘਰ ਟਿਊਟਰ ਲੱਗੇ ਹੋਏ ਨੇ।”

ਸਤੁਤੀ ਕੁੱਝ ਨਹੀਂ ਬੋਲੀ। ਪਰ ਜਦੋਂ ਸ਼ਾਮੀਂ ਮਾਧਵ ਉਸ ਦੇ ਘਰ ਆਇਆ, ਸਤੁਤੀ ਨੇ ਚਾਹ ਦੇਣ ਤੋਂ ਬਾਅਦ ਆਪਣੀ ਮੁਸ਼ਕਲ ਦੱਸੀ। ਮਾਧਵ ਬੋਲਿਆ, "ਬੱਸ, ਏਨੀ ਹੀ ਗੱਲ ਐ ਮਨਨ! ਆਪਣੀ ਹਿਸਾਬ ਦੀ ਕਿਤਾਬ ਦਿਖਾਈਂ ਖ਼ਾਂ। ਮੈਂ ਤੈਨੂੰ ਸਮਝਾਉਂਦਾ।"

ਮਨਨ ਆਪਣੀ ਕਾਪੀ ਤੇ ਕਿਤਾਬ ਲੈ ਆਇਆ। ਮਾਧਵ ਨੇ ਬੜੀ ਕੋਸ਼ਿਸ਼ ਕੀਤੀ ਮਨਨ ਨੂੰ ਸਮਝਾਉਣ ਦੀ, ਪਰ ਸਮਝਾ ਨਾ ਸਕਿਆ। ਅਖ਼ੀਰ ਉੱਤੇ ਸਤੁਤੀ ਨੂੰ ਕਿਹਾ, "ਅਸਲ ਵਿੱਚ ਮੇਰਾ ਹਿਸਾਬ ਵੀ ਠੀਕ ਨਹੀਂ ਹੈ।" ਤਿੰਨੋਂ ਮਾਧਵ ਦੀ ਏਸ ਗੱਲ ਉੱਤੇ ਹੱਸਣ ਲੱਗ ਪਏ। ਮਾਧਵ ਨੇ ਕਿਹਾ, "ਘਬਰਾਉਣ ਦੀ ਲੋੜ ਨਹੀਂ। ਕੱਲ੍ਹ ਮੈਂ ਕਿਸੇ ਇਹੋ ਜਿਹੇ ਵਿਦਿਆਰਥੀ ਨੂੰ ਕਹਿ ਦਿਆਂਗਾ ਜਿਸ ਦਾ ਹਿਸਾਬ ਚੰਗਾ ਹੋਏਗਾ, ਉਹ ਆ ਕੇ ਮਨਨ ਨੂੰ ਇਕ ਘੰਟਾ ਪੜ੍ਹਾ ਦਿਆ ਕਰੇਗਾ ਜੇ ਅੰਗਰੇਜ਼ੀ ਦੀ ਲੋੜ ਹੋਏ ਤਾਂ ਵੀ ਮੈਨੂੰ ਦੱਸੀ।" ਮਨਨ ਨੇ ਕਿਹਾ, "ਇੰਗਲਿਸ਼ ਵਿੱਚ ਮੈਨੂੰ ਪੱਚਾਸੀ ਨੰਬਰ ਮਿਲੇ ਨੇ। ਇਸ ਦਾ ਮੈਨੂੰ ਸਭ ਕੁੱਝ ਪਤੈ।"

ਹੌਲੀ-ਹੌਲੀ ਸਤੁਤੀ ਨੂੰ ਬਾਹਰ ਜਾਣ ਦੀ ਆਦਤ ਪੈ ਗਈ। ਜਿਸ ਦਿਨ ਡਾਕ ਵਿੱਚ ਇਨਸ਼ੋਅਰੈਂਸ ਕੰਪਨੀ ਦਾ ਚੈੱਕ ਆਇਆ, ਕਿਸੇ ਨੂੰ ਕੁੱਝ ਦੱਸੇ ਬਿਨਾਂ ਬੈਂਕ ਗਈ ਤੇ ਜਿਵੇਂ ਕਿ ਉਸ ਨੂੰ ਦੱਸਿਆ ਗਿਆ ਸੀ, ਓਸੇ ਤਰ੍ਹਾਂ ਚੈੱਕ ਜਮ੍ਹਾਂ ਕਰਵਾ ਆਈ। ਦੁਬਾਰਾ ਬੈਂਕ ਨਾ ਆਉਣਾ ਪਏ, ਏਸ ਲਈ ਅਗਲੇ ਮਹੀਨੇ ਦੇ ਖਰਚ ਲਈ ਪੈਸੇ ਵੀ ਕਢਾ ਲਏ। ਵਾਪਸੀ ਉੱਤੇ ਘਰ ਦੀਆਂ ਜ਼ਰੂਰੀ ਵਸਤਾਂ ਵੀ ਖਰੀਦੀਆਂ। ਜੇ ਇਉਂ ਨਾ ਕਰਦੀ ਤਾਂ ਉਸ ਨੂੰ ਦੋ ਵਾਰੀ ਰਿਕਸ਼ੇ ਦਾ ਖ਼ਰਚ ਕਰਨਾ ਪੈਣਾ ਸੀ।

ਪੈਸੇ ਦੇ ਖ਼ਰਚ ਬਾਰੇ ਉਹ ਬਹੁਤ ਧਿਆਨ ਰੱਖਦੀ। ਜੇ ਬਹੁਤ ਜ਼ਰੂਰੀ ਨਾ ਹੋਵੇ ਤਾਂ ਪੈਸਾ ਖ਼ਰਚ ਨਹੀਂ ਸੀ ਕਰਦੀ। ਦੁਕਾਨ ਉੱਤੇ ਆਪ ਹੀ ਜਾ ਕੇ ਸਮਾਨ ਖ਼ਰੀਦਦੀ। ਇੱਕ

ਦਿਨ ਘਰ ਆ ਕੇ ਉਸ ਨੇ ਵੇਖਿਆ ਕਿ ਦੁਕਾਨਦਾਰ ਨੇ ਤੋਲ ਵਿੱਚ ਗੜਬੜ ਕੀਤੀ ਹੋਈ ਹੈ, ਉਹ ਮਨਨ ਨੂੰ ਨਾਲ ਲੈ ਕੇ ਦੁਕਾਨ ਉੱਤੇ ਗਈ, ਚੰਗੀ ਲੜਾਈ ਕੀਤੀ ਤੇ ਪੂਰਾ ਸਮਾਨ ਲੈ ਕੇ ਵਾਪਸ ਆਈ।

ਗ੍ਰਹਿਸਤ ਚਲਾਉਣ ਵਿੱਚ ਉਸ ਨੂੰ ਕੋਈ ਪਰੇਸ਼ਾਨੀ ਨਹੀਂ ਹੋ ਰਹੀ ਸੀ। ਹਿਸਾਬ ਸਿਰ ਖ਼ਰਚ ਕਰਦਿਆਂ ਜੇ ਕੋਈ ਵੱਡਾ ਖ਼ਰਚ ਨਾ ਆ ਪਵੇ ਤਾਂ ਇਨ੍ਹਾਂ ਪੈਸਿਆਂ ਵਿੱਚ ਉਸ ਦਾ ਗੁਜ਼ਾਰਾ ਹੋ ਸਕਦਾ ਸੀ। ਭਾਵੇਂ ਇੱਕ ਡਰ ਲੱਗਦਾ ਹੀ ਰਹਿੰਦਾ ਸੀ ਕਿ ਆਪਣੇ ਆਦਮੀ ਤੋਂ ਬਿਨਾਂ ਘਰ ਵਿੱਚ ਇਕੱਲਿਆਂ ਰਹਿਣਾ ਪੈਂਦਾ ਹੈ। ਕੁੱਝ ਦਿਨਾਂ ਤੱਕ ਸੋਮਨਾਥ ਦੇ ਬੈਂਕ ਦਾ ਇੱਕ ਕਰਮਚਾਰੀ ਉਸ ਦੇ ਘਰ ਆਇਆ ਕਰਦਾ ਸੀ, ਉਸ ਨੂੰ ਕਿੰਨੇ ਪੈਸੇ ਮਿਲਣੇ ਹਨ ਇਸ ਬਾਰੇ ਪੁੱਛਣ ਲਈ। ਸਾਰਾ ਹਿਸਾਬ ਕਿਤਾਬ ਖ਼ਤਮ ਹੋਣ ਦੇ ਬਾਅਦ ਵੀ ਉਹ ਇੱਕ-ਦੋ ਵਾਰੀ ਸਤੁਤੀ ਦਾ ਹਾਲ ਪੁੱਛਣ ਆਇਆ। ਇੱਕ ਦਿਨ ਸ਼ਾਮੀ ਮਨਨ ਦੀ ਗੈਰਹਾਜ਼ਰੀ ਵਿੱਚ ਉਹ ਆਦਮੀ ਆਇਆ। ਅੰਦਰ ਆ ਕੇ ਬੈਠਦੇ ਸਾਰ ਬੋਲਿਆ, "ਮੈਂ ਏਸੇ ਤਰ੍ਹਾਂ ਕਦੀ-ਕਦੀ ਤੁਹਾਡਾ ਹਾਲ ਪੁੱਛਣ ਲਈ ਆਇਆ ਕਰਾਂਗਾ।" ਸਤੁਤੀ ਕੁੱਛ ਨਾ ਬੋਲੀ। ਉਹ ਆਦਮੀ ਫੇਰ ਬੋਲਿਆ, "ਮੈਂ ਏਨੀ ਦੂਰੋਂ ਆਇਆਂ ਹਾਂ, ਕੀ ਇੱਕ ਕੱਪ ਚਾਹ ਵੀ ਨਹੀਂ ਪੁੱਛੋਗੇ?" ਉਸ ਆਦਮੀ ਦਾ ਤਰੀਕਾ ਸਤੁਤੀ ਨੂੰ ਚੰਗਾ ਨਾ ਲੱਗਿਆ। ਉਸ ਆਦਮੀ ਲਈ ਸਤੁਤੀ ਨੇ ਚਾਹ ਬਣਾ ਕੇ ਉਸ ਦੇ ਅੱਗੇ ਧਰ ਦਿੱਤੀ ਤੇ ਆਪ ਅੰਦਰ ਚਲੀ ਗਈ। ਚਾਹ ਪੀ ਕੇ ਉਸ ਆਦਮੀ ਨੇ ਥੋੜੀ ਦੇਰ ਉਡੀਕ ਕੀਤੀ ਤੇ ਫੇਰ ਉੱਠ ਕੇ ਖੜਾ ਹੋ ਗਿਆ। ਸਤੁਤੀ ਨੇ ਆ ਕੇ ਕਿਹਾ, "ਮੈਨੂੰ ਕੋਈ ਮੁਸ਼ਕਲ ਨਹੀਂ ਹੈ। ਇਸ ਲਈ ਹੁਣ ਤੁਹਾਨੂੰ ਏਥੇ ਆਉਣ ਦੀ ਲੋੜ ਨਹੀਂ ਹੈ।"

ਪਰ ਮਾਧਵ ਕਦੀ-ਕਦੀ ਆਉਂਦਾ ਹੁੰਦਾ ਸੀ। ਮਨਨ ਨਾਲ ਉਸ ਦੀ ਬਹੁਤ ਬਣਦੀ ਸੀ। ਸਤੁਤੀ ਵੀ ਉਸ ਕੋਲ ਬੈਠ ਕੇ ਗੱਲਾਂ ਕਰਦੀ ਹੁੰਦੀ ਸੀ। ਜੇ ਕਦੀ ਕੋਈ ਛੋਟੀ-ਮੋਟੀ ਸਮੱਸਿਆ ਹੁੰਦੀ ਤਾਂ ਸਤੁਤੀ ਉਸ ਨੂੰ ਦੱਸ ਦਿੰਦੀ ਸੀ। ਉਸ ਨੇ ਜਿਸ ਮੁੰਡੇ ਨੂੰ ਭੇਜਿਆ ਸੀ ਉਹ ਕਦੇ-ਕਦੇ ਆ ਕੇ ਮਨਨ ਨੂੰ ਹਿਸਾਬ ਪੜ੍ਹਾ ਜਾਂਦਾ ਸੀ ਤੇ ਜੇ ਅੰਗਰੇਜ਼ੀ ਬਾਰੇ ਕੁੱਝ ਪੁੱਛਣਾ ਹੁੰਦਾ ਤਾਂ ਮਾਧਵ ਨੂੰ ਪੁੱਛ ਲੈਂਦਾ। ਮਾਧਵ ਆਪਣੇ ਕਾਲਜ ਦੀ ਲਾਇਬ੍ਰੇਰੀ ਤੋਂ ਸਤੁਤੀ ਲਈ ਕਹਾਣੀਆਂ ਦੀਆਂ ਕਿਤਾਬਾਂ ਲੈ ਆਉਂਦਾ ਸੀ। ਮਾਧਵ ਆਉਂਦਾ ਤਾਂ ਸਤੁਤੀ ਖ਼ੁਸ਼ ਹੋ ਜਾਂਦੀ ਤੇ ਤਿੰਨੇ ਬੈਠ ਕੇ ਕਾਫ਼ੀ ਦੇਰ ਤੱਕ ਗੱਲਾਂ ਕਰਦੇ ਰਹਿੰਦੇ। ਜੇ ਮਨਨ ਦਾ ਹੋਮ-ਵਰਕ ਪੂਰਾ ਨਾ ਹੋਇਆ ਹੁੰਦਾ ਤਾਂ ਸਤੁਤੀ ਕਹਿੰਦੀ, "ਤੂੰ, ਅੰਦਰ ਜਾ ਕੇ ਪੜ੍ਹ ਲੈ।"

ਜਿਸ ਦਿਨ ਸਤੁਤੀ ਦੇ ਭਰਾ ਵੱਲੋਂ ਮੈਟ੍ਰਿਕੁਲੇਸ਼ਨ ਦਾ ਸਰਟੀਫ਼ਿਕੇਟ ਪਹੁੰਚਿਆ, ਉਸੇ ਦਿਨ ਸਤੁਤੀ ਵੱਡੇ ਸਾਹਿਬ ਨੂੰ ਮਿਲਣ ਸੋਮਨਾਥ ਦੇ ਬੈਂਕ ਗਈ। ਸਾਹਿਬ ਕਿਸੇ ਮੀਟਿੰਗ ਵਿੱਚ ਬੈਠੇ ਸੀ। ਇਸ ਲਈ ਸਤੁਤੀ ਨੂੰ ਉਡੀਕਣਾ ਪਿਆ। ਓਧਰ ਮਨਨ ਦੇ ਸਕੂਲੋਂ ਵਾਪਸ ਆਉਣ ਦਾ ਵਕਤ ਹੋ ਗਿਆ ਸੀ। ਏਸ ਲਈ ਉਹ ਘਰ ਪਰਤ ਆਈ। ਅਗਲੇ ਦਿਨ ਜਦੋਂ ਉਹ ਸਾਹਿਬ ਨੂੰ ਮਿਲਣ ਗਈ ਤਾਂ ਉਨ੍ਹਾਂ ਨੇ ਸਤੁਤੀ ਦਾ ਹਾਲ ਪੁੱਛਿਆ। ਉਹ ਸਿਰਫ਼ ਮੈਟ੍ਰਿਕ ਤੱਕ ਪੜ੍ਹੀ ਹੈ ਸੁਣ ਕੇ ਬੋਲੇ, "ਸਿਰਫ਼ ਏਨੀ ਪੜ੍ਹਾਈ ਨਾਲ ਨੌਕਰੀ ਮਿਲਣੀ ਮੁਸ਼ਕਲ ਹੈ। ਜੇ ਟਾਈਪਿੰਗ ਜਾਣਦੀ ਹੁੰਦੀ ਤਾਂ ਮੈਂ ਚੰਗੀ ਨੌਕਰੀ ਤੇ ਲਵਾ ਦੇਂਦਾ। ਕੀ ਤੁਸੀਂ ਬਹੁਤ ਹੀ ਛੋਟੀ-ਮੋਟੀ ਨੌਕਰੀ ਕਰਨ ਨੂੰ ਤਿਆਰ ਹੋ?" ਸਤੁਤੀ ਕੋਈ ਫ਼ੈਸਲਾ ਨਹੀਂ ਕਰ ਸਕੀ, ਉਹ ਚੁੱਪ ਰਹੀ। ਅਫ਼ਸਰ ਨੇ ਕਿਹਾ, "ਤੁਸੀਂ ਸੋਚ ਲਓ, ਜਦੋਂ ਵੀ ਆ ਕੇ ਕਹੋਗੇ, ਮੈਂ ਇੰਤਜ਼ਾਮ ਕਰਵਾ ਦਿਆਂਗਾ।"

ਉਸ ਅਸਫ਼ਰ ਦੇ ਕਮਰੇ ਵਿੱਚੋਂ ਬਾਹਰ ਨਿਕਲਦਿਆਂ ਸਿੱਧੀ ਟਾਈਪ ਕਰਦੀ ਹੋਈ ਕੁੜੀ ਕੋਲ ਗਈ। ਆਪਣੀ ਪਛਾਣ ਕਰਾਈ ਤਾਂ ਉਹ ਕੁੜੀ ਉਸ ਲਈ ਕੁਰਸੀ ਚੁੱਕ ਲਿਆਈ। ਸਤੁਤੀ ਨੇ ਉਸ ਨੂੰ ਆਪਣੀ ਟਾਈਪ ਸਿੱਖਣ ਦੀ ਇੱਛਾ ਬਾਰੇ ਦੱਸਿਆ। ਕੁੜੀ ਨੇ ਸਤੁਤੀ ਦੇ ਘਰ ਦੇ ਨੇੜੇ ਦਾ ਹੀ ਇੱਕ ਪਤਾ ਕਾਗ਼ਜ਼ ਉੱਤੇ ਲਿਖ ਦਿੱਤਾ। ਸਿੱਖਣ ਵਿੱਚ ਕਿੰਨਾ ਵਕਤ ਲੱਗੇਗਾ, ਇਸ ਬਾਰੇ ਵੀ ਸਤੁਤੀ ਨੇ ਉਸ ਕੋਲੋਂ ਪੁੱਛ ਲਿਆ। ਘਰ ਵਾਪਸ ਆ ਕੇ ਉਸ ਨੇ ਇਸ ਗੱਲ ਬਾਰੇ ਸੋਚਿਆ। ਇਸ ਵੇਲੇ ਜੋ ਕੋਈ ਨੌਕਰੀ ਮਿਲੀ ਤਾਂ ਬਹੁਤ ਹੀ ਛੋਟੀ ਮਿਲੇਗੀ। ਜੇ ਛੇ ਮਹੀਨੇ ਲਾ ਕੇ ਟਾਈਪ ਸਿੱਖ ਲਵਾਂ ਤਾਂ ਕੋਈ ਚੰਗੀ ਨੌਕਰੀ ਮਿਲ ਜਾਏਗੀ। ਭਵਿੱਖ ਵਿੱਚ ਮਨਨ ਦੀ ਮੱਦਦ ਵੀ ਹੋ ਜਾਏਗੀ।

ਉਸ ਨੇ ਟਾਈਪ ਸਿੱਖਣ ਬੀਰੇ ਪੁੱਛ-ਗਿੱਛ ਕੀਤੀ, ਪਰ ਵੱਡੀ ਸਮੱਸਿਆ ਆ ਗਈ ਵਕਤ ਦੀ। ਟਾਈਪ ਦੀ ਕਲਾਸ ਖ਼ਤਮ ਹੁੰਦੀ ਸੀ ਚਾਰ ਵਜੇ, ਪਰ ਮਨਨ ਘਰ ਆਉਂਦਾ ਸੀ ਦੋ ਵਜੇ। ਘਰ ਆ ਕੇ ਮਨਨ ਇਕੱਲਾ ਕਿਵੇਂ ਖਾਣਾ ਖਾਇਆ ਕਰੇਗਾ? ਇੱਕ ਦੋ ਦਿਨ ਇਸ ਬਾਰੇ ਸੋਚ ਕੇ ਸਤੁਤੀ ਨੇ ਮਨਨ ਨੂੰ ਪੁੱਛਿਆ, "ਜੇ ਮੈਂ ਤੇਰੇ ਲਈ ਰੋਟੀ ਬਣਾ ਕੇ ਰੱਖ ਜਾਇਆ ਕਰਾਂ, ਤਾਂ ਤੂੰ ਆਪੇ ਹੀ ਪਾ ਕੇ ਖਾ ਲਿਆ ਕਰੇਂਗਾ?" ਮਨਨ ਨੇ ਹਾਂ ਵਿੱਚ ਜਵਾਬ ਦਿੱਤਾ। ਉਸ ਦੇ ਬਾਅਦ ਸਤੁਤੀ ਨੇ ਦੋ ਚਾਬੀਆਂ ਵਾਲਾ ਇੱਕ ਤਾਲਾ ਲਿਆ ਕੇ ਮਨਨ ਨੂੰ ਤਾਲਾ ਖੋਲ੍ਹਣਾ ਸਿਖਾਇਆ। ਜਿਸ ਦਿਨ ਸਤੁਤੀ ਪਹਿਲੀ ਵਾਰੀ ਆਪਣੀ ਟਾਈਪਿੰਗ ਦੀ ਕਲਾਸ

ਤੋਂ ਵਾਪਸ ਆਈ, ਮਨਨ ਰੋਟੀ ਖਾ ਚੁੱਕਾ ਸੀ ਤੇ ਭਾਂਡੇ ਵੀ ਧੋ ਦਿੱਤੇ ਸਨ। ਸਤੁਤੀ ਦੀਆਂ ਅੱਖਾਂ ਭਰ ਆਈਆਂ, ਪਰ ਮਨਨ ਵੱਲ ਵੇਖ ਕੇ ਹੰਝੂ ਪੂੰਝ ਲਏ ਤੇ ਉਸ ਨੂੰ ਗੋਦੀ ਵਿੱਚ ਚੁੱਕ ਲਿਆ।

ਸਤੁਤੀ ਆਪਣਾ ਕੰਮ ਸਿੱਖਣ ਵਿੱਚ ਜੁੱਟ ਗਈ। ਜੋ ਕੰਮ ਦਿਨ ਵਿੱਚ ਉਸ ਨੂੰ ਦਿੱਤਾ ਜਾਂਦਾ ਸੀ, ਉਹ ਸ਼ਾਮੀ ਮਨਨ ਕੋਲ ਬੈਠ ਕੇ ਪੂਰਾ ਕਰ ਲੈਂਦੀ ਸੀ। ਮਾਂ ਦੀ ਪੜ੍ਹਾਈ ਨੂੰ ਵੇਖ ਕੇ ਮਨਨ ਮੁਸਕਰਾਉਂਦਾ ਸੀ। ਮਨਨ ਮਾਂ ਨੂੰ ਕਹਿੰਦਾ, "ਮੈਨੂੰ ਤਾਂ ਹਮੇਸ਼ਾ ਕਲਾਸ ਵਿਚ ਫਸਟ ਆਉਣ ਲਈ ਕਹਿੰਦੇ ਓ, ਹੁਣ ਤੁਹਾਨੂੰ ਵੀ ਕਲਾਸ ਵਿੱਚ ਫ਼ਸਟ ਆਉਣਾ ਪਏਗਾ।" ਮਨਨ ਵਾਂਗ ਉਹ ਜੋ ਕੁੱਝ ਸਮਝ ਨਹੀਂ ਸੀ ਸਕਦੀ, ਲਿਖ ਕੇ ਰੱਖ ਲੈਂਦੀ। ਮਾਧਵ ਆਉਂਦਾ ਤਾਂ ਉਸ ਨੂੰ ਪੁੱਛ ਲੈਂਦੀ। ਟਾਈਪ ਸਿੱਖਣ ਤੋਂ ਬਾਅਦ ਕਿੰਨੇ ਦੀ ਨੌਕਰੀ ਮਿਲ ਜਾਏਗੀ, ਉਹ ਇੱਕ ਸਾਰੀ ਜਾਣਕਾਰੀ ਪ੍ਰਾਪਤ ਕਰ ਚੁੱਕੀ ਸੀ। ਕਦੀ-ਕਦੀ ਹਿਸਾਬ ਲਾਉਂਦੀ ਤਾਂ ਉਸ ਦਾ ਮਨ ਖ਼ੁਸ਼ ਹੋ ਜਾਂਦਾ। ਉਹ ਸੋਚਦੀ ਉਹ ਮਨਨ ਦੀ ਵੱਡੀ ਪੜ੍ਹਾਈ ਲਈ ਆਪਣੀ ਤਨਖ਼ਾਹ ਵਿੱਚੋਂ ਕਾਫ਼ੀ ਕੁੱਝ ਬਚਾ ਕੇ ਰੱਖ ਸਕੇਗੀ।

ਇੱਕ ਦਿਨ ਅਚਾਨਕ ਭਰਾ ਦੀ ਚਿੱਠੀ ਆਈ। ਲਿਖਿਆ ਸੀ, "ਏਥੇ ਇੱਕ ਅਸਿਸਟੈਂਟ ਇੰਜੀਨੀਅਰ ਹੈ, ਉਸ ਦੀ ਘਰ ਵਾਲੀ ਪਿਛਲੇ ਸਾਲ ਮਰ ਗਈ ਸੀ। ਉਸ ਦੇ ਕੋਈ ਬੱਚਾ ਨਹੀਂ ਹੈ। ਭਾਵੇਂ ਉਮਰ ਥੋੜੀ ਜ਼ਿਆਦਾ ਹੈ, ਜੇ ਤੈਨੂੰ ਇਤਰਾਜ਼ ਨਾ ਹੋਏ ਤਾਂ ਤੇਰੇ ਲਈ ਉਸ ਨਾਲ ਗੱਲ ਕਰਾਂ.... ?" ਸਤੁਤੀ ਨੇ ਸੋਚਿਆ ਕਿ ਭਰਾ ਜੀ ਵੀ ਅਜੀਬ ਆਦਮੀ ਨੇ! ਉਸ ਨੇ ਓਸੇ ਵੇਲੇ ਪੋਸਟ ਕਾਰਡ ਚੁੱਕਿਆ ਤੇ ਜਵਾਬ ਲਿਖਿਆ, "ਤੁਸੀਂ ਤਾਂ ਮੇਰੀ ਜ਼ਿੰਮੇਵਾਰੀ ਸਮਝਦੇ ਹੋ। ਸ਼ਾਇਦ ਕੁੱਝ ਦਿਨਾਂ ਵਿੱਚ ਮੈਨੂੰ ਬੈਂਕ ਵਿੱਚ ਨੌਕਰੀ ਮਿਲ ਜਾਏ। ਏਸ ਲਈ ਮੇਰੇ ਬਾਰੇ ਫ਼ਿਕਰ ਕਰਨਾ ਛੱਡ ਦਿਓ। ਕਿਸੇ ਨਾਲ ਮੇਰੇ ਬਾਰੇ ਗੱਲ ਕਰਨ ਦੀ ਲੋੜ ਨਹੀਂ ਹੈ। ਮੈਂ ਬਿਲਕੁਲ ਠੀਕ ਹਾਂ।"

ਮਨਨ ਬਾਹਰ ਖੇਡ ਰਿਹਾ ਸੀ, ਅੰਦਰ ਆਉਂਦਿਆਂ ਹੀ ਸਤੁਤੀ ਨੇ ਕਿਹਾ, "ਜਾਹ ਇਹ ਚਿੱਠੀ ਲੈਟਰ-ਬਾਕਸ ਵਿੱਚ ਪਾ ਆ।" ਉਸ ਦੇ ਹੱਥੋਂ ਚਿੱਠੀ ਫੜ ਕੇ ਬਾਹਰ ਵੱਲ ਜਾਂਦਿਆਂ ਮਨਨ ਨੇ ਕਿਹਾ, "ਮੈਂ ਦੱਸਣਾ ਭੁੱਲ ਈ ਗਿਆ ਸਾਂ ਕਿ ਕੱਲ੍ਹ ਸ਼ਾਮੀਂ ਜਦੋਂ ਤੁਸੀਂ ਦੁਕਾਨ ਉੱਤੇ ਗਏ ਹੋਏ ਸਾਓ, ਪਿੱਛੋਂ ਮਾਧਵ ਬਾਬੂ ਆਏ ਸਨ। ਤੁਹਾਨੂੰ ਲੱਭ ਰਹੇ ਸਨ।"

ਸਤੁਤੀ ਨੇ ਕਿਹਾ, “ਚਿੱਠੀ ਪਾ ਕੇ ਉਨ੍ਹਾਂ ਦੇ ਘਰ ਚਲਾ ਜਾਈਂ ਤੇ ਕਹਿ ਆਈਂ ਕਿ ਅੱਜ ਸ਼ਾਮੀਂ ਆ ਜਾਣ।" ਮਨਨ ਬੋਲਿਆ, “ਫੇਰ ਤਾਂ ਮੈਂ ਕਮੀਜ਼ ਬਦਲ ਹੀ ਲੈਨਾ।"

ਮਨਨ ਨੂੰ ਕਮੀਜ਼ ਬਦਲਦਿਆਂ ਸਤੁਤੀ ਨੇ ਧਿਆਨ ਨਾਲ ਵੇਖਿਆ। ਉਹ ਸਿਰਫ਼ ਸੱਤਾਂ ਸਾਲਾਂ ਦਾ ਹੈ। ਕਿੰਨੇ ਈ ਸਾਲ ਲੱਗ ਜਾਣਗੇ ਏਸ ਪਤਲੂ-ਸੁਕੜੂ ਬੱਚੇ ਨੂੰ ਆਪਣੇ ਪੈਰਾਂ ਉੱਤੇ ਖੜੇ ਕਰਨ ਵਿੱਚ। ਸਤੁਤੀ ਦੀ ਉਮਰ ਸਿਰਫ਼ ਚੱਵ੍ਹੀ ਸਾਲ ਦੀ ਹੈ। ਕਦੋਂ ਖ਼ਤਮ ਹੋਵੇਗੀ ਉਸ ਦੀ ਜ਼ਿੰਮੇਵਾਰੀ ?

ਮਨਨ ਦੇ ਜਾਣ ਤੋਂ ਬਾਅਦ ਸਤੁਤੀ ਨੇ ਸੂਟਕੇਸ ਖੋਲ੍ਹ ਕੇ ਆਪਣੇ ਕੱਪੜੇ ਦੇਖੇ ਤੇ ਉਨ੍ਹਾਂ ਵਿੱਚੋਂ ਇੱਕ ਮਨਪਸੰਦ ਸਾੜ੍ਹੀ ਕੱਢ ਲਈ। ਚੰਗੀ ਤਰ੍ਹਾਂ ਮੂੰਹ-ਹੱਥ ਧੋ ਕੇ ਸਾੜ੍ਹੀ ਪਾਈ। ਸ਼ੀਸ਼ੇ ਅੱਗੇ ਬੈਠ ਕੇ ਉਸ ਨੇ ਆਪਣੇ ਆਪ ਨੂੰ ਸ਼ਿੰਗਾਰਿਆ। ਮੱਥੇ ਉੱਤੇ ਬਿੰਦੀ ਲਾਈ ਅਤੇ ਗਹਿਣਾ ਵੇਚਣ ਵੇਲੇ ਜਿਹੜਾ ਹਾਰ ਉਸ ਨੇ ਚੁੱਕ ਲਿਆ ਸੀ, ਉਹ ਪਾ ਲਿਆ। ਫੇਰ ਉਸ ਨੇ ਚੰਗੀ ਤਰ੍ਹਾਂ ਸ਼ੀਸ਼ੇ ਵਿੱਚ ਆਪਣਾ ਆਪ ਨਿਹਾਰਿਆ ਸਿਰਫ਼ ਮਨਨ ਲਈ ਨਹੀਂ, ਉਸ ਦੀ ਆਪਣੇ ਆਪ ਬਾਰੇ ਵੀ ਕੋਈ ਜ਼ਿੰਮੇਵਾਰੀ ਹੈ। ਆਪਣੇ ਸਰੀਰ ਤੇ ਉਮਰ ਪ੍ਰਤੀ ਵੀ ਤਾਂ ਉਸ ਦੀ ਕੋਈ ਜ਼ਿੰਮੇਵਾਰੀ ਹੈ।

*****

# ਮਕੜੀ ਦਾ ਜਾਲਾ

ਸਾਧਨਾ ਨੇ ਸਾੜ੍ਹੀ ਬਦਲਦਿਆਂ ਹੋਇਆਂ ਰੋਹਿਤ ਵੱਲ ਵੇਖ ਕੇ ਕਿਹਾ, "ਅੱਜ ਮੇਰੀ ਸੱਜੀ ਅੱਖ ਫਰਕ ਰਹੀ ਹੈ, ਕੋਈ ਮੁਸੀਬਤ ਆਈ ਸਮਝੋ"। ਸਾਧਨਾ ਦੇ ਸੌਣ-ਕਮਰੇ ਵਿੱਚ ਪਲੰਘ ਉੱਤੇ ਬੈਠ ਕੇ ਸਿਗਰਟ ਪੀ ਰਿਹਾ ਰੋਹਿਤ ਬੋਲਿਆ, "ਤੇਰਾ ਬੌਸ ਅੱਜ ਗੁੱਸੇ ਹੋਵੇਗਾ ਹੋਰ ਕੀ; ਤੇਰੇ ਦਫ਼ਤਰ ਦਾ ਵਕਤ ਜੁ ਹੋ ਚੁੱਕੈ"। ਘੜੀ ਵੱਲ ਵੇਖਦਿਆਂ ਸਾਧਨਾ ਨੇ ਕਿਹਾ, "ਔਹ ਮੇਜ਼ ਉੱਤੇ ਮੇਰੇ ਜੂੜੇ ਦੀਆਂ ਸੂਈਆਂ ਪਈਆਂ ਨੇ, ਜ਼ਰਾ ਫੜਾਇਓ। ਜੇ ਦੁਹਾਂ ਮਿੰਟਾਂ ਦੇ ਅੰਦਰ ਅੰਦਰ ਮੈਂ ਸੜਕ ਉੱਤੇ ਨਾ ਹੋਈ ਤਾਂ ਅੱਜ ਮੈਨੂੰ ਛੁੱਟੀ ਲੈਣੀ ਪਵੇਗੀ"। ਮੰਜੇ ਦੇ ਨਾਲ ਲੱਗਦੇ ਮੇਜ਼ ਉੱਪਰੋਂ ਸੂਈਆਂ ਚੁੱਕ ਕੇ ਰੋਹਿਤ ਸਾਧਨਾ ਕੋਲ ਜਾ ਪਹੁੰਚਿਆ ਤੇ ਉਸ ਨੂੰ ਦੋਨਾਂ ਹੱਥਾਂ ਨਾਲ ਫੜ ਕੇ ਬੋਲਿਆ, "ਤੂੰ ਦੁਹਾਂ ਮਿੰਟਾਂ ਵਿੱਚ ਬਾਹਰ ਨਹੀਂ ਨਿਕਲ ਸਕੇਂਗੀ"।

ਸ਼ੁਰੂ ਸ਼ੁਰੂ ਵਿਚ ਰੋਹਿਤ ਸਾਧਨਾ ਨਾਲ ਗੱਲ ਕਰ ਕੇ ਬੈਠਕ ਤੋਂ ਹੀ ਮੁੜ ਜਾਇਆ ਕਰਦਾ ਸੀ। ਅੱਜਕੱਲ੍ਹ ਘਰ ਵਿੱਚ ਕੋਈ ਨਾ ਹੋਣ ਕਰਕੇ ਉਹ ਸਿੱਧਾ ਸਾਧਨਾ ਦੇ ਸੌਣ-ਕਮਰੇ ਦੇ ਪਲੰਘ ਉੱਤੇ ਜਾ ਬੈਠਦਾ ਸੀ। ਪਹਿਲਾਂ ਸਾਧਨਾ ਗੁਸਲਖ਼ਾਨੇ ਵਿੱਚ ਜਾ ਕੇ ਸਾੜ੍ਹੀ ਬਦਲਿਆ ਕਰਦੀ ਸੀ। ਇਸ ਤੋਂ ਬਾਅਦ ਸੌਣ-ਕਮਰੇ ਵਿੱਚ ਰੋਹਿਤ ਦੇ ਬੈਠਿਆਂ ਉਸ ਨੂੰ ਮੂੰਹ ਪਰ੍ਹੇ ਕਰਨ ਲੈਣ ਲਈ ਕਹਿਣ ਲੱਗ ਪਈ। ਪਰ ਹੁਣ ਰੋਹਿਤ ਦੇ ਸਾਹਮਣੇ ਉਸ ਨੂੰ ਸਾੜ੍ਹੀ ਬਦਲਣ ਵਿੱਚ ਕੋਈ ਸੰਕੋਚ ਨਹੀਂ ਸੀ। ਸਾਧਨਾ ਨਾਲ ਜਾਣ-ਪਛਾਣ ਹੋਣੀ, ਉਸ ਨਾਲ ਘੁਲ-ਮਿਲ ਜਾਣਾ ਤੇ ਅਖ਼ੀਰ ਵਿੱਚ ਉਸ ਨੂੰ ਪਿਆਰ ਕਰਨ ਲੱਗ ਪੈਣਾ, ਰੋਹਿਤ ਦੀ ਜ਼ਿੰਦਗੀ ਦਾ ਇੱਕ ਲੰਮਾ ਸਫ਼ਰ ਸੀ। ਆਪਣੇ ਵਪਾਰ ਵਿੱਚ ਪੂਰੀ ਤਰ੍ਹਾਂ ਸਫ਼ਲ ਤੇ ਸਨਮਾਨਿਤ ਹੋਣ ਕਰ ਕੇ, ਰੋਹਿਤ ਲਈ ਇਹ ਸਫ਼ਰ ਖ਼ਤਰਿਆਂ-ਭਰਿਆ ਤੇ ਚਿੰਤਾ-ਜਨਕ ਸੀ, ਟੀਚਾ ਅਨਿਸ਼ਚਿਤ ਸੀ ਤੇ ਨਤੀਜਾ ਅਗਨੀ-ਪਰੀਖਿਆ ਸੀ।

ਸਾਧਨਾ ਇਸ ਧਰਤੀ ਤੇ ਸਭ ਤੋਂ ਸੋਹਣੀ ਮੁਟਿਆਰ ਨਹੀਂ ਸੀ। ਪਰ ਰੋਹਿਤ ਲਈ ਉਹ ਸਭ ਤੋਂ ਖ਼ੂਬਸੂਰਤ ਸੀ ਤੇ ਉਸ ਦੀ ਜ਼ਿੰਦਗੀ ਤੋਂ ਵੀ ਵਧੇਰੇ ਮੁੱਲਵਾਨ ਸੀ। ਸਾਧਨਾ ਨੂੰ

ਜਾਣ ਲੈਣ ਤੋਂ ਬਾਅਦ ਉਸ ਦਾ ਸਭ ਕੁੱਝ ਦੂਜੇ ਨੰਬਰ ਉੱਤੇ ਹੋ ਗਿਆ ਸੀ। ਜਿਸ ਦਿਨ ਸਾਧਨਾ ਨੇ ਪਹਿਲੀ ਵਾਰ ਉਸ ਨੂੰ ਸਵੀਕਾਰ ਕੀਤਾ ਸੀ, ਰੋਹਿਤ ਨੇ ਸੋਚਿਆ ਇਸ ਸਵੀਕ੍ਰਿਤੀ ਨਾਲ ਏਸੇ ਪਲ ਮੇਰੀ ਮੌਤ ਹੋ ਜਾਏ; ਇਸ ਤੋਂ ਵਧ ਕੇ ਮੇਰੇ ਲਈ ਹੋਰ ਖ਼ੁਸ਼ਕਿਸਮਤੀ ਕਿਹੜੀ ਹੋ ਸਕਦੀ ਹੈ ?

ਪਰ ਰੋਹਿਤ ਉਸ ਵੇਲੇ ਮੂਰਖਤਾ ਕਰ ਰਿਹਾ ਸੀ। ਸਾਧਨਾ ਨਾਲ ਸੰਬੰਧ ਪੈਦਾ ਕਰ ਲੈਣ ਤੋਂ ਬਾਅਦ ਉਸ ਨੂੰ ਅਹਿਸਾਸ ਹੋਇਆ ਕਿ ਜੀਵਨ ਕਿੰਨੀ ਮਹਾਨ ਸੰਭਾਵਨਾ ਉੱਤੇ ਆਧਾਰਿਤ ਹੈ ਤੇ ਸਰੀਰ ਕਿੰਨੇ ਸਿਖਰਲੇ ਸੁੱਖ ਦਾ ਅਧਿਕਾਰੀ ਹੈ-ਭਲਾਂ ਉਹ ਕੀ ਜਾਣਦਾ ਸੀ ਸਾਧਨਾ ਨੂੰ ਜਾਣਨ ਤੋਂ ਪਹਿਲਾਂ ? ਵਪਾਰ ਵਿਚ ਸਫ਼ਲਤਾ? ਸਮਾਜ ਵਿਚ ਮਾਨ-ਸਤਿਕਾਰ ? ਭਵਿੱਖ ਲਈ ਨਿਰਭੈ, ਬੇਫ਼ਿਕਰੀ ? ਜਿਸ ਦਿਨ ਸਾਧਨਾ ਨੇ ਆਪਣੀ ਬੈਠਕ ਵਿੱਚ ਪਹਿਲੀ ਵਾਰੀ ਉਸ ਨੂੰ ਅਪਣਾਇਆ ਸੀ, ਉਸ ਦਿਨ ਉਹ ਸਭ ਕੁੱਝ ਭੁੱਲ ਗਿਆ ਸੀ। ਆਪਣੇ ਉਸ ਦਿਨ ਦੇ ਨਿਤਾਪ੍ਰਤੀ ਵਪਾਰ ਵਿੱਚ ਲਾਭ-ਹਾਨੀ,ਦੋਸਤ-ਰਿਸ਼ਤੇਦਾਰ, ਦੁਨੀਆ ਦੇ ਜਾਣੇ-ਅਣਜਾਣੇ ਬੰਦੇ, ਗ੍ਰਹਿ, ਸੌਰ-ਮੰਡਲ, ਸਵਰਗ, ਜਨਮ-ਮੌਤ, ਪੁਨਰ-ਜਨਮ-ਸਾਧਨਾ ਦੇ ਸਰੀਰ ਦੇ ਮਾਇਆ ਜਾਲ ਵਿੱਚ ਉਹ ਸਭ ਕੁੱਝ ਭੁੱਲ ਗਿਆ ਸੀ। ਉਹ ਉਸ ਦੀ ਪਹਿਲੀ ਗਲਵੱਕੜੀ ਵਿੱਚ ਆਪਣੇ ਬਚਪਨ ਤੇ ਜਵਾਨੀ ਦੇ ਪੂਰੇ ਪਿਛੋਕੜ ਨੂੰ ਭੁੱਲ ਗਿਆ। ਉਸ ਦੀ ਪਹਿਲੀ ਹੀ ਚੁੰਮੀ ਨਾਲ ਉਸ ਨੂੰ ਆਪਣੀ ਜਵਾਨੀ ਤੇ ਕਲਪਨਾ, ਇੱਛਾਵਾਂ ਤੇ ਵਰਤਮਾਨ ਦੀਆਂ ਯਾਦਾਂ ਭੁੱਲ ਗਈਆਂ। ਸਾਧਨਾ ਦੇ ਸੌਣ-ਕਮਰੇ ਵਿੱਚ ਉਸ ਦਾ ਸਾਰਾ ਚੇਤਾ, ਉਸ ਦੀ ਹੋਂਦ ਤੇ ਜ਼ਿੰਦਗੀ ਦੇ ਸਾਰੇ ਹਾਦਸੇ ਗਵਾਚ ਗਏ।

ਸਾਧਨਾ ਨੇ ਕਿਹਾ ਸੀ, "ਛੱਡੋ ਨਾ, ਮੈਨੂੰ ਪਹਿਲਾਂ ਹੀ ਬੜੀ ਦੇਰ ਹੋ ਗਈ ਹੈ"। ਰੋਹਿਤ ਨੇ ਸੋਚਿਆ ਸੀ ਉਸ ਨੂੰ ਛੱਡੇਗਾ ਨਹੀਂ, ਬਾਹਾਂ ਵਿੱਚ ਲੈ ਕੇ ਕਹੇਗਾ, ਸਤਿਆਨਾਸ ਹੋਏ ਤੇਰੇ ਦਫ਼ਤਰ ਦਾ, ਤੇਰਾ ਬੌਸ ਦਿਲ ਦੀ ਬਿਮਾਰੀ ਨਾਲ ਮਰ ਜਾਏ, ਧਰਤੀ ਉੱਤੇ ਪਰਲੋ ਆ ਜਾਏ, ਤੀਜਾ ਮਹਾਂ-ਯੁੱਧ ਸ਼ੁਰੂ ਹੋ ਜਾਏ, ਪਰ ਤੂੰ ਮੇਰੇ ਕੋਲ ਹੀ ਰਹੇਂਗੀ। ਪਰ ਉਹ ਕੁਝ ਵੀ ਨਹੀਂ ਕਹਿ ਸਕਿਆ। ਸਾਧਨਾ ਉਸ ਲਈ ਇੱਕ ਬੁਝਾਰਤ ਸੀ। ਪਤਾ ਨਹੀਂ ਕਦੋਂ ਕੀ ਕਹਿ ਬੈਠੇ ? ਇਹ ਡਰ ਉਸ ਨੂੰ ਹਮੇਸ਼ਾਂ ਘੇਰੀ ਰੱਖਦਾ। ਸਾਧਨਾ ਨੂੰ ਛੱਡ ਕੇ ਉਹ ਫੇਰ

ਪਲੰਘ ਉੱਤੇ ਜਾ ਬੈਠਾ। ਸਾਧਨਾ ਨੇ ਜੂੜੇ ਵਿਚ ਸੂਈਆਂ ਲਾਈਆਂ, ਸਾੜ੍ਹੀ ਠੀਕ ਕੀਤੀ। ਕੰਨਾਂ ਵਿੱਚ ਕਾਂਟੇ ਪਾ ਕੇ ਅੱਖਾਂ ਵਿੱਚ ਸੁਰਮਾ ਪਾਇਆ। ਸੈਂਡਲ ਪਾਏ,ਹੱਥ ਵਿੱਚ ਪਰਸ ਲਿਆ। ਉਸ ਤੋਂ ਬਾਅਦ ਡਰੈਸਿੰਗ ਟੇਬਲ ਦੇ ਸਾਹਮਣੇ ਖੜੇ ਹੋ ਕੇ ਉਸ ਨੇ ਆਪਣੇ ਆਪ ਨੂੰ ਵੇਖਦਿਆਂ ਕਿਹਾ, “ਅੱਜ ਮੈਂ ਦਫ਼ਤਰ ਨਹੀਂ ਜਾਵਾਂਗੀ"।

ਰੋਹਿਤ ਦੇ ਸਾਹ ਵਿਚ ਸਾਹ ਆਇਆ। ਆਖਰ ਦਿਨ ਫੇਰ ਉਸ ਦੇ ਸਾਹਮਣੇ ਖੜ੍ਹਾ ਸੀ। ਪਲੰਘ ਤੋਂ ਉੱਠ ਕੇ ਉਸ ਨੇ ਸਾਧਨਾ ਨੂੰ ਆਪਣੀਆਂ ਬਾਹਵਾਂ ਵਿਚ ਵਲ੍ਹੇਟ ਕੇ ਚੁੰਮ ਲਿਆ। ਸਾਧਨਾ ਨੇ ਉਸ ਨੂੰ ਹੱਥ ਨਾਲ ਧੱਕ ਕੇ ਪਰ੍ਹੇ ਕਰ ਦਿੱਤਾ, "ਰੁਮਾਲ ਨਾਲ ਬੁੱਲ੍ਹ ਪੂੰਝ ਲਏ ਤੇ ਫੇਰ ਲਿਪਸਟਿਕ ਲਾਉਂਦੀ ਬੋਲੀ, ਤੂੰ ਆਰਾਮ ਨਾਲ ਬੈਠ। ਮੈਂ ਤੇਰੇ ਲਈ ਚਾਹ ਬਣਾ ਕੇ ਲਿਆਉਨੀ ਆਂ"। ਰੋਹਿਤ ਪਲੰਘ ਦੀ ਪੈਂਦ ਵੱਲ ਬੈਠ ਗਿਆ। ਕੰਧ ਉੱਤੇ ਨਿਗਾਹ ਟਿਕਾਉਂਦਿਆਂ ਉਹ ਸਾਧਨਾ ਦੇ ਰਹੱਸਮਈ ਮਨ ਵਿੱਚ ਪੂਰੀ ਤਰ੍ਹਾਂ ਗਵਾਚ ਗਿਆ। ਹੁਣ ਸਾਧਨਾ ਨੂੰ ਕੋਈ ਜਲਦੀ ਨਹੀਂ ਸੀ, ਸਭ ਤੋਂ ਪਹਿਲਾਂ ਉਸ ਨੇ ਆਪਣੇ ਸੈਂਡਲ ਲਾਹੇ। ਜੂੜੇ ਦੀਆਂ ਸੂਈਆਂ ਲਾਹ ਕੇ ਮੇਜ਼ ਉੱਤੇ ਰੱਖੀਆਂ। ਪਰਸ ਵਿੱਚੋਂ ਚੀਜ਼ਾਂ ਕੱਢਕੇ ਰੱਖੀਆਂ। ਉਸ ਤੋਂ ਬਾਅਦ ਰਸੋਈ ਵਿੱਚ ਚਲੀ ਗਈ। ਰੋਹਿਤ ਨੇ ਸਿਗਰਟ ਸੁਲਗਾਈ ਤੇ ਦਰਵਾਜ਼ੇ ਦੇ ਨਾਲ ਵਾਲੀ ਕੰਧ ਵੱਲ ਵੇਖਣ ਲੱਗ ਪਿਆ।

ਇੱਕ ਮਕੜੀ ਕੰਧ ਤੋਂ ਦੂਜੀ ਕੰਧ ਵੱਲ ਦੌੜ ਕੇ ਆਪਣਾ ਨਵਾਂ ਜਾਲਾ ਬੁਣਨ ਲੱਗੀ। ਪਹਿਲਾਂ ਉਸ ਨੇ ਜਾਲੇ ਦੀਆਂ ਛੇ ਬਾਹੀਆਂ ਬਣਾਈਆਂ। ਫੇਰ ਇਨ੍ਹਾਂ ਛਿਆਂ ਨੁੱਕਰਾਂ ਤੋਂ ਜਿਸ ਕੇਂਦਰ ਤੋਂ ਸ਼ੁਰੂ ਕੀਤਾ ਸੀ,ਉਸ ਵੱਲ ਤਾਰ ਖਿੱਚੀ ਤੇ ਕੁੰਡਲੀਆਂ ਬਣਾ-ਬਣਾ ਕੇ ਜਾਲਾ ਪੂਰਾ ਕਰਨ ਲੱਗ ਪਈ। ਮਕੜੀ ਦੀ ਹਰੇਕ ਹਰਕਤ ਨੂੰ ਵੇਖਦਿਆਂ ਵੇਖਦਿਆਂ ਰੋਹਿਤ ਇੱਕ ਝਿਲਮਿਲਾਉਂਦੇ ਰਹੱਸ ਦੇ ਪਿਛੋਕੜ ਵਿੱਚ ਗਵਾਚ ਗਿਆ।

ਫੇਰ ਸਾਧਨਾ ਨੇ ਕਿਹਾ, "ਆਪਣੀ ਚਾਹ ਲਓ"। ਮਕੜੀ ਵੱਲੋਂ ਹਟ ਕੇ ਰੋਹਿਤ ਨੇ ਸਾਧਨਾ ਵੱਲ ਵੇਖਦਿਆਂ ਕਿਹਾ, "ਕਮਰੇ ਦੀ ਉੱਤਰ-ਪੂਰਬ ਦਿਸ਼ਾ ਵਿੱਚ ਮਕੜੀ ਦਾ ਜਾਲਾ ਬਣਨਾ ਸ਼ੁਭ ਹੁੰਦੈ ਕਿ”

ਸਾਧਨਾ ਜਾਲੇ ਵੱਲ ਦੇਖਦਿਆਂ ਬੋਲੀ, “ਸ਼ੁੱਭ ਹੋਵੇ ਜਾਂ ਅਸ਼ੁੱਭ ਮੈਂ ਹੁਣੇ ਜਾ ਕੇ ਉਸ ਨੂੰ ਸਾਫ਼ ਕਰਦੀ ਆਂ"।

ਪਤਾ ਨਹੀਂ ਕਿਉਂ ਰੋਹਿਤ ਏਸ ਵੇਲੇ ਉਸ ਜਾਲੇ ਨਾਲ ਰਚ-ਮਿਚ ਚੁੱਕਾਂ ਸੀ। ਉਸ ਨੇ ਕਿਹਾ, "ਨਹੀਂ,ਨਹੀਂ। ਮਕੜੀ ਨੇ ਕਿੰਨੀ ਮਿਹਨਤ ਨਾਲ ਏਨਾ ਸੋਹਣਾ ਜਾਲਾ ਬਣਾਇਐ। ਉਸ ਨੂੰ ਨਾ ਤੋੜੀ"। ਰੋਹਿਤ ਨੂੰ ਇੰਜ ਲੱਗਾ ਜਿਵੇਂ ਉਸ ਦੇ ਤੇ ਸਾਧਨਾ ਦੇ ਸੰਬੰਧ ਨਾਲ ਕਿਤੇ-ਨਾ-ਕਿਤੇ ਏਸ ਜਾਲੇ ਦਾ ਵੀ ਸੰਬੰਧ ਹੈ। ਉਸ ਨੂੰ ਪਰੇਸ਼ਾਨ ਦੇਖ ਕੇ ਸਾਧਨਾ ਨੇ ਪੁੱਛਿਆ, "ਕੀ ਸੋਚ ਰਹੇ ਓ"? ਬਿਨਾ ਸੋਚੇ ਸਮਝੇ ਰੋਹਿਤ ਨ ਕਿਹਾ, "ਮੈਂ ਸੋਚ ਰਿਹਾ ਸੀ ਕਿ ਆਪਣਾ ਸੰਬੰਧ ਮਕੜੀ ਦੇ ਇਸ ਜਾਲੇ ਵਰਗਾ ਈ ਐ"।

ਸਾਧਨਾ ਇੱਕ ਦਮ ਗੰਭੀਰ ਹੋ ਗਈ। ਉਸ ਨੇ ਕਿਹਾ, "ਤੈਨੂੰ ਅਜਿਹਾ ਕਿਉਂ ਮਹਿਸੂਸ ਹੋ ਰਿਹੈ? ਕਿਉਂਕਿ ਮਕੜੀ ਦਾ ਜਾਲਾ ਬੜੀ ਆਸਾਨੀ ਨਾਲ ਟੁੱਟ ਸਕਦੇ, ਏਸੇ ਲਈ ਨਾ"?

"ਜਾਲਾ ਕਿੰਨਾ ਸੁੰਦਰ ਤੇ ਮਹੀਨ ਹੈ। ਕਿੰਨਾ ਸਜੀਵ"।

ਉਸ ਦੀ ਗੱਲ ਅਣਸੁਣੀ ਕਰ ਕੇ ਸਾਧਨਾ ਨੇ ਕਿਹਾ, "ਜਾਂ ਜਾਲਾ ਖੂਬ ਮਜ਼ਬੂਤ ਹੈ ਏਸ ਲਈ ? ਜਾਲਾ ਮੌਤ ਦਾ ਫੰਦਾ ਹੁੰਦੈ, ਏਸ ਲਈ"?

ਇਨ੍ਹਾਂ ਸੁਆਲਾਂ ਦਾ ਕੋਈ ਜਵਾਬ ਨਹੀਂ ਹੁੰਦਾ। ਹਾਲ ਦੀ ਘੜੀ ਇਨ੍ਹਾਂ ਗੱਲਾਂ ਉੱਤੇ ਵਿਚਾਰ ਕਰਨ ਨਾਲ ਗੱਲ ਦਾ ਰੁਖ਼ ਬਦਲ ਜਾਏਗਾ ਤੇ ਇਹ ਅਨੋਖਾ ਨਤੀਜਾ ਨਿਕਲੇਗਾ। ਇਸੇ ਲਈ ਰੋਹਿਤ ਨੇ ਕਿਹਾ, "ਤੂੰ ਮੇਰੇ ਕੋਲ ਆ; ਮੈਂ ਤੈਨੂੰ ਦੱਸਦਾਂ"। ਸਾਧਨਾ ਨੇ ਕੋਈ ਜਵਾਬ ਨਾ ਦਿੱਤਾ। ਉਹ ਕੋਲ ਪਈ ਕੁਰਸੀ ਉੱਤੇ ਬੈਠ ਕੇ ਚਾਹ ਪੀਣ ਲੱਗ ਪੀ। ਰੋਹਿਤ ਲਈ ਸਾਧਨਾ ਦੀਆਂ ਸਾਰੀਆਂ ਹਰਕਤਾਂ ਅਨਿਸ਼ਚਿਤ ਹੁੰਦੀਆਂ ਸਨ। ਉਸ ਦਾ ਸੱਦਾ ਕਬੂਲ ਕਰ ਕੇ ਸਾਧਨਾ ਉਸ ਦੇ ਨੇੜੇ ਆਏਗੀ ਕਿ ਨਹੀਂ, ਇਸ ਗੱਲ ਨੂੰ ਸੋਚ ਕੇ ਰੋਹਿਤ ਦੇ ਦਿਮਾਗ ਵਿੱਚ ਹਰ ਵੇਲੇ ਯੁੱਧ ਮੱਚਿਆ ਰਹਿੰਦਾ ਸੀ। ਪਰ ਉਸ ਪਲ ਸਾਧਨਾ ਚਾਹ ਦਾ ਕੱਪ ਰੱਖ ਕੇ ਉਸ ਦੇ ਕੋਲ ਚਲੀ ਗਈ। ਉਸ ਦੇ ਬੁੱਲ੍ਹ ਚੁੰਮਦਿਆਂ ਰੋਹਿਤ ਨੇ ਕਿਹਾ, "ਸ਼ਾਇਦ ਤੂੰ ਜਾਣਦੀ ਨਹੀਂ ਕਿ ਮਕੜੀ ਦੇ ਜਾਲੇ ਦੀ ਹਰ ਸੂਖਮ ਤਾਰ, ਲੋਹੇ ਦੀ ਤਾਰ ਤੋਂ ਵੀ ਜ਼ਿਆਦਾ ਕਰੜੀ ਹੁੰਦੀ ਹੈ"।

"ਅਸੰਭਵ ਗੱਲ ਹੈ। ਤੈਨੂੰ ਕਿਵੇਂ ਪਤਾ ਹੈ"?

"ਕਾਫ਼ੀ ਦਿਨ ਪਹਿਲਾਂ ਕਿਤੋਂ ਪੜ੍ਹਿਆ ਸੀ"।

"ਬਿਲਕੁਲ ਝੂਠ ਹੈ। ਜੇ ਇਹ ਗੱਲ ਸੱਚ ਹੁੰਦੀ ਤਾਂ ਲੋਕ ਲੋਹੇ ਦੇ ਬਦਲੇ ਮਕੜੀ ਦਾ ਜਾਲਾ ਨਾ ਵਰਤਦੇ ? ਅਤੇ ਵਿਚਾਰੀ ਮਕੜੀ ਨੂੰ ਕੀੜੇ ਮਕੌੜੇ ਫੜਨ ਲਈ ਕੋਈ ਹੋਰ ਉਪਾਅ ਕਰਨਾ ਪੈਂਦਾ। ਹੋਰ ਕੀ ਕੁੱਝ ਜਾਣਦੇ ਓ ਮਕੜੀਆਂ ਬਾਰੇ" ?

"ਕਈ ਵਾਰੀ ਮਾਦਾ ਮਕੜੀ ਨਰ ਮਕੜੀ ਨੂੰ ਖਾ ਜਾਂਦੀ ਹੈ"।

"ਇਹ ਗੱਲ ਸੱਚ ਹੋ ਸਕਦੀ ਹੈ"।

ਏਨਾ ਕਹਿ ਕੇ ਸਾਧਨਾ ਨੇ ਰੋਹਿਤ ਦੀ ਬੂਸ਼ਰਟ ਦੇ ਬਟਨ ਖੋਲ੍ਹ ਦਿੱਤੇ ਤੇ ਬੂਸ਼ਰਟ ਲਾਹ ਕੇ ਇੱਕ ਪਾਸੇ ਰੱਖਦਿਆਂ ਬੋਲੀ, "ਦੇਖਣਾ ਚਾਹੁੰਦੇ ਜੇ ਮਾਦਾ-ਮਕੜੀ ਨਰ-ਮਕੜੀ ਨੂੰ ਕਿਵੇਂ ਖਾ ਜਾਂਦੀ ਹੈ" ?

ਰੋਹਿਤ ਦੀ ਬਾਂਹ ਵਿੱਚ ਦੰਦ ਖੋਭ ਕੇ ਸਾਧਨਾ ਬੋਲੀ, "ਇੰਜ"। ਆਨੰਦ ਵਿੱਚ ਘੁਲੇ ਹੋਏ ਇੱਕ ਅਜੀਬ ਦਰਦ ਵਿੱਚ ਡੁੱਬ ਗਿਆ ਰੋਹਿਤ। ਜਦੋਂ ਸਾਧਨਾ ਨੇ ਦੂਜੀ ਵਾਰ ਕੁੱਝ ਜ਼ੋਰ ਨਾਲ ਦੰਦ ਵੱਢੇ ਤਾਂ ਰੋਹਿਤ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਉਸ ਨੇ ਸਾਧਨਾ ਦੀ ਮਿੰਨਤ ਕਰਦਿਆਂ ਕਿਹਾ, “ਛੱਡ ਦੇ ਮੈਨੂੰ, ਨਹੀਂ ਤੇ ਮੈਂ ਹੁਣ ਰੌਲਾ ਪਾ ਦਿਆਂਗਾ"।

"ਪਾ ਰੋਲਾ" ਕਹਿ ਕੇ ਅਖੀਰੀ ਵਾਰ ਸਾਧਨਾ ਨੇ ਉਸ ਦੀ ਬਾਂਹ ਵਿੱਚ ਦੰਦ ਖ੍ਹੋਭ ਦਿੱਤੇ। ਰੋਹਿਤ ਦੀਆਂ ਅੱਖਾਂ ਵਿੱਚੋਂ ਅੱਥਰੂ ਨਿਕਲ ਆਏ। ਸਾਧਨਾ ਬੋਲੀ, "ਫੇਰ ਕਦੀ ਮੇਰੇ ਨਾਲ ਮਕੜੀ ਦੇ ਜਾਲੇ ਦੀ ਗੱਲ ਨਾ ਕਰੀਂ, ਸਮਝਿਆ"। ਰੋਹਿਤ ਨੇ ਆਪਣੀ ਬਾਂਹ ਵੱਲ ਦੇਖਿਆ। ਦੰਦਾਂ ਦੇ ਨਿਸ਼ਾਨ ਡੂੰਘੇ ਸਨ ਅਤੇ ਉਨ੍ਹਾਂ ਵਿੱਚੋਂ ਲਹੂ ਸਿੰਮਣ ਲੱਗ ਪਿਆ ਸੀ।

ਸਾਧਨਾ ਉੱਠ ਕੇ ਬੋਲੀ, “ਸੱਚੀ ਬਹੁਤ ਜ਼ੋਰ ਦੀ ਚੱਕ ਵੱਢਿਆ ਗਿਆ ਹੈ"। ਸਾਧਨਾ ਪਲੰਘ ਤੋਂ ਉੱਠ ਕੇ ਕਿਤੋਂ ਥੋੜੀ ਜਿਹੀ ਰੂੰ ਚੁਕ ਲਿਆਂਈ ਤੇ ਲਹੂ ਪੂੰਝਦਿਆਂ ਬੋਲੀ, “ਕੁੱਝ ਹੋਏਗਾ ਤੇ ਨਹੀਂ? ਜਾਹ, ਜਾ ਕੇ ਥੋੜੀ ਦਵਾਈ ਲਵਾ ਲੈ"। ਰੋਹਿਤ ਨੇ ਕਿਹਾ, “ਛੱਡ ਪਰ੍ਹਾਂ ਜੋ ਹੋਏਗਾ ਦੇਖੀ ਜਾਏਗੀ। ਪਰਮਾਤਮਾ ਕਰੇ ਕੁੱਝ ਹੋ ਜਾਏ ਅਤੇ ਮੈਨੂੰ ਇਹ ਹੱਥ ਪੂਰਾ ਕਟਵਾਉਣਾ ਪਏ, ਤਾਂ ਜੋ ਇਸ ਦੁਪਹਿਰ ਦੀ ਘੱਟੋ-ਘੱਟ ਇੱਕ ਪੱਕੀ ਨਿਸ਼ਾਨੀ ਤਾਂ ਰਹਿ ਜਾਏ, ਮੇਰੇ ਸਰੀਰ ਉੱਤੇ"। ਸਾਧਨਾ ਨੇ ਕਿਹਾ, "ਨਹੀਂ,ਇੰਜ ਨਾ ਕਹਿ”। ਰੋਹਿਤ ਤੋਂ ਦੂਰ ਬੈਠਦਿਆਂ ਉਸ ਨੇ ਕਿਹਾ, “ਦੇਖ, ਮੈਂ ਹੁਣ ਤੇਰੇ ਸਰੀਰ ਨੂੰ ਹੱਥ ਨਹੀਂ ਲਾਵਾਂਗੀ"।

"ਜੇ ਤੂੰ ਦਫ਼ਤਰ ਨਹੀਂ ਜਾਣਾ,ਤਾਂ ਜਾ ਕੇ ਸਾੜ੍ਹੀ ਬਦਲ ਲੈ"।

"ਕੋਈ ਫਾਇਦਾ ਨਹੀਂ, ਸਾੜ੍ਹੀ ਤਾਂ ਪੂਰੀ ਖ਼ਰਾਬ ਹੋ ਹੀ ਚੁੱਕੀ ਹੈ। ਤੂੰ ਜਾ ਰਿਹਾ ਹੈਂ ਜਾਂ ਕੁੱਝ ਦੇਰ ਠਹਿਰੇਂਗਾ"।

"ਅੱਜ ਮੈਂ ਤੇਰੇ ਕੋਲ ਹੀ ਨਹਿਰਾਂਗਾ"।

"ਜੇ ਤੂੰ ਮੇਰੇ ਕੋਲ ਕੁੱਝ ਘੰਟ ਹੋਰ ਠਹਿਰੇਂਗਾ ਤਾਂ ਤੇਰੇ ਵਪਾਰ ਦਾ ਕਿੰਨਾ ਨੁਕਸਾਨ ਹੋਏਗਾ"?

"ਇਸ ਦਾ ਕੋਈ ਮਾਪ ਨਹੀਂ "।

"ਤੂੰ ਆਪਣੇ ਵਪਾਰ ਦੀ ਮੈਨੂੰ ਕੋਈ ਗੱਲ ਨਹੀਂ ਦੱਸਦਾ ਪਰ ਮੈਂ ਤਾਂ ਤੈਨੂੰ ਆਪਣੇ ਦਫ਼ਤਰ ਦੀ ਹਰ ਨਿੱਕੀ-ਮੋਟੀ ਗੱਲ ਦੱਸ ਦੇਂਦੀ ਹਾਂ"।

"ਮੇਰਾ ਵਪਾਰ ਬਿਲਕੁਲ ਰੁੱਖਾ ਤੇ ਫਿੱਕਾ ਹੈ। ਤੇਰੇ ਦਫ਼ਤਰ ਵਿੱਚ ਤੇਰੇ ਨਾਲ ਕੰਮ ਕਰਨ ਵਾਲੇ ਬਥੇਰੇ ਸਾਥੀ ਨੇ; ਕਿੰਨੀਆਂ ਮਜ਼ੇਦਾਰ ਗੱਲਾਂ ਹੁੰਦੀਆਂ ਹੋਣਗੀਆਂ। ਤੈਨੂੰ ਸੁਣਾ ਕੇ ਸੁਆਦ ਆਉਂਦਾ ਹੈ ਤੇ ਮੈਨੂੰ ਸੁਣ ਕੇ, ਮੇਰੇ ਲੋਹੇ-ਸੀਮਿੰਟ-ਹਾਰਡ-ਵੇਅਰ ਦੇ ਵਪਾਰ ਦੀਆਂ ਗੱਲਾਂ ਸੁਣ ਕੇ ਤੂੰ ਕੀ ਕਰੇਂਗੀ" ?

"ਮੇਰੀਆਂ ਵੀ ਤੇ ਕਈ ਸਿਰ ਪੀੜਾਂ ਨੇ,ਦਫ਼ਤਰ ਦੀਆਂ ਤੇ ਘਰ ਦੀਆਂ "। ਇੰਨੀ ਦੂਰ ਇਕੱਲੀ ਰਹਿੰਦੀ ਹਾਂ,ਕੀ ਇਹ ਆਪਣੇ ਆਪ ਇੱਕ ਸਮੱਸਿਆ ਨਹੀਂ ਹੈ। ਇਸ ਤੋਂ ਇਲਾਵਾ ਦਫ਼ਤਰ ਵਿੱਚ ਵੀ ਕੋਈ, ਨਾ ਕੋਈ ਮਸਲਾ ਖੜਾ ਰਹਿੰਦਾ ਹੀ ਹੈ,ਜਿਵੇਂ ਅੱਜ ਦਫ਼ਤਰ ਨਹੀਂ ਗਈ, ਕੱਲ੍ਹ ਕੀ ਹੋਏਗਾ, ਕੀ ਪਤਾ? ਪਰ ਤੂੰ ਜਾਣ-ਬੁੱਝ ਕੇ ਆਪਣੀਆਂ ਗੱਲਾਂ ਲੁਕਾਉਂਦਾ ਹੈ। ਇਸ ਦਾ ਮਤਲਬ ਤੈਨੂੰ ਮੇਰੇ ਉੱਤੇ ਇਤਬਾਰ ਨਹੀਂ ਹੈ"।

"ਇਸ ਵਿਚ ਇਤਬਾਰ ਕਰਨ ਜਾਂ ਨਾ ਕਰਨ ਦੀ ਗੱਲ ਕਿੱਥੋਂ ਆ ਵੜੀ ਹੈ। ਤੂੰ ਮੇਰੇ ਵਪਾਰ ਵਿੱਚ ਮੇਰੀ ਵਿਰੋਧੀ ਧਿਰ ਤਾਂ ਹੈ ਨਹੀਂ ''?

ਉਸ ਦਿਨ ਰੋਟੀ ਖਾਣ ਹੋਟਲ ਵੱਲ ਜਾਂਦਿਆਂ ਜਿਸ ਬੰਦੇ ਨਾਲ ਤੇਰੀ ਮੁਲਾਕਾਤ ਹੋਈ ਸੀ, ਮੇਰੇ ਪੁੱਛਣ 'ਤੇ ਵੀ ਤੂੰ ਉਸ ਬਾਰੇ ਕੁੱਝ ਨਹੀਂ ਸੀ ਦੱਸਿਆ"।

ਕਾਫ਼ੀ ਕੋਸ਼ਿਸ਼ ਕਰਨ ਤੋਂ ਬਾਅਦ ਵੀ ਰੋਹਿਤ ਇਹ ਯਾਦ ਨਹੀਂ ਕਰ ਸਕਿਆ ਕਿ ਕਿਸ ਦਿਨ ਸਾਧਨਾ ਨੇ ਉਸ ਕੋਲੋਂ ਉਸ ਬੰਦੇ ਬਾਰੇ ਪੁੱਛਿਆ ਸੀ। ਉਸ ਨੇ ਕਿਹਾ, "ਮੈਨੂੰ ਚੇਤੇ

ਨਹੀਂ। ਫੇਰ ਵੀ ਜੇ ਕਿਸੇ ਕਾਰਨ ਮੈਂ ਤੈਨੂੰ ਪਹਿਲੀ ਵਾਰੀ ਜਵਾਬ ਨਹੀਂ ਸੀ ਦਿੱਤਾ ਤਾਂ ਤੂੰ ਉਸੇ ਵੇਲੇ ਦੁਬਾਰਾ ਕਿਉਂ ਨਾ ਪੁੱਛ ਲਿਆ"?

"ਮੈਂ ਕਿਉਂ ਪੁੱਛਦੀ,ਦੁਬਾਰਾ ? ਤੇਰੇ ਦੋਸਤ ਸਨ, ਤੇਰੀ ਜ਼ਿੰਮੇਵਾਰੀ ਸੀ। ਮੈਂ ਕੀ ਕਰਨਾ ਹੈ, ਕੁੱਝ ਵੀ ਪਿਆ ਹੋਵੇ ਨਾਂ ਉਸ ਦਾ। ਮੈਂ ਤਾਂ ਮੇਰੇ ਵੱਲ ਤੇਰੀ ਲਾਪ੍ਰਵਾਹੀ ਤੇ ਨਿਰਾਦਰ ਦੀ ਗੱਲ ਕਰ ਰਹੀ ਹਾਂ।

ਰੋਹਿਤ ਚੁੱਪ ਰਿਹਾ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਸਾਧਨਾ ਨੂੰ ਕਿਸ ਭਾਸ਼ਾ ਤੇ ਕਿਹੜੇ ਸ਼ਬਦਾਂ ਵਿਚ ਸਮਝਾਏ ਕਿ ਸਾਧਨਾ ਉਸ ਲਈ ਕੀ ਹੈ। ਖ਼ਾਲੀ ਪਲਾਂ ਵਿਚ,ਉਸ ਦੇ ਦਿਲ-ਦਿਮਾਗ ਵਿਚ,ਉਸ ਦੇ ਚੱਪੇ-ਚੱਪੇ ਵਿੱਚ, ਸਾਧਨਾ ਦੇ ਸਮਾਏ ਹੋਣ ਦੇ ਤਜਰਬੇ ਦਾ ਵਰਣਨ ਭਲਾ ਕੋਈ ਕਿਵੇਂ ਕਰੇ ? ਕਿਹੜੀ ਪਰਿਭਾਸ਼ਾ ਹੈ ਇਹ ਦੱਸਣ ਲਈ ਕਿ ਉਹ ਸਾਧਨਾ-ਰੂਪੀ ਸੰਪੂਰਨ ਵਾਯੂ-ਮੰਡਲ ਵਿੱਚ ਜੀਉਂਦਾ ਹੈ”?

"ਮੈਂ ਕਦੋਂ ਤੇਰਾ ਨਿਰਾਦਰ ਕੀਤਾ ਹੈ"?

“ਓਦਣ ਮੈਂ ਦੋ ਮਿੰਟ ਹੋਰ ਬੈਠ ਜਾਣ ਲਈ ਤਰਲਾ ਮਾਰਿਆ ਸੀ ਪਰੰਤੂ ਰੱਤੀ ਪਰਵਾਹ ਨਾ ਕੀਤੀ ਤੇ ਉੱਠ ਕੇ ਤੁਰ ਗਿਆ”।

“ਉਸ ਦਿਨ ਤੈਨੂੰ ਦੱਸਿਆ ਤਾਂ ਸੀ ਕਿ ਸਾਢੇ ਛੇ ਵਜੇ ਮੈਂ ਕਿਸੇ ਨੂੰ ਜ਼ਰੂਰੀ ਮਿਲਣ ਜਾਣਾ ਹੈ"

“ਇਸ ਦਾ ਮਤਲਬ ਤੇਰਾ ਵਪਾਰ ਤੇਰੇ ਲਈ ਮੇਰੇ ਤੋਂ ਜ਼ਿਆਦਾ ਕੀਮਤੀ ਹੈ। ਇਸੇ ਲਈ ਤਾਂ ਮੈਂ ਕਹਿ ਰਹੀ ਸੀ ਕਿ ਜਿੰਨਾ ਚਿਰ ਤੂੰ ਏਥੇ ਬੈਠਦਾ ਹੈਂ, ਉਸ ਨਾਲ ਤਾਂ ਤੇਰੇ ਵਪਾਰ ਵਿੱਚ ਕਾਫ਼ੀ ਨੁਕਸਾਨ ਹੁੰਦਾ ਹੋਵੇਗਾ। ਅੱਜ ਤਾਂ ਨਹੀਂ ਮਿਲਣਾ ਨਾ ਕਿਸੇ ਨੂੰ"?

“ਅੱਛਾ ਬਾਬਾ, ਹੁਣ ਮੇਰੇ ਕੋਲੋਂ ਉਹੋ ਜਿਹੀ ਗ਼ਲਤੀ ਫੇਰ ਕਦੀ ਨਹੀਂ ਹੋਵੇਗੀ। ਤੂੰ ਜਦੋਂ ਤੱਕ ਕਹੇਂਗੀ,ਮੈਂ ਤੇਰੇ ਕੋਲ ਬੈਠਾ ਰਵ੍ਹਾਂਗਾ, ਚਾਹੇ ਜਿੰਨਾ ਮਰਜ਼ੀ, ਕੰਮ ਪਿਆ ਹੋਵੇ”।

“ਏਸ ਵੇਲੇ ਤਾਂ ਤੈਨੂੰ ਕੋਈ ਕੰਮ ਨਹੀਂ ਨਾ ? ਵੇਖ, ਏਸ ਵੇਲੇ ਮੈਂ ਤੈਨੂੰ ਬੈਠਣ ਲਈ ਨਹੀਂ ਕਿਹਾ ਤੂੰ ਆਪਣੀ ਮਰਜ਼ੀ ਨਾਲ ਬੈਠਾ ਹੋਇਐ”।

“ਕੀ ਤੂੰ ਚਾਹੁੰਦੀ ਹੈਂ ਕਿ ਮੈਂ ਚਲਾ ਜਾਵਾਂ"?

“ਤੇਰੀ ਮਰਜ਼ੀ। ਤੇਰੇ ਵਪਾਰ ਦਾ ਸੁਆਲ ਹੈ; ਤੇਰੀ ਮਰਜ਼ੀ ਭਲਾ ਮੈਨੂੰ ਕਿਵੇਂ ਪਤਾ ਲੱਗ ਸਕਦੀ ਹੈ” ?

"ਫੇਰ ਕੀ ਮੈਂ ਚਲਾ ਜਾਵਾਂ ? ਸਾਫ਼-ਸਾਫ ਕਿਉਂ ਨਹੀਂ ਕਹਿੰਦੀ” ?

"ਨਾ ਮੈਂ ਤੈਨੂੰ ਜਾਣ ਲਈ ਕਹਿ ਰਹੀ ਹਾਂ, ਨਾ ਰੁਕਣ ਲਈ। ਜਿਵੇਂ ਤੇਰੀ ਮਰਜ਼ੀ ਹੋਵੇ ਉਂਜ ਕਰ”।

"ਜੇ ਤੈਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਠਹਿਰਨਾ ਚਾਹਾਂਗਾ”।

"ਨਾ ਤੇਰੀ ਕਿਸੇ ਗੱਲ ਨਾਲ ਮੇਰੀ ਸੁਲਹ ਹੈ ਤੇ ਨਾ ਵਿਰੋਧ। ਬੈਠਣਾ ਹੋਵੇ ਤਾਂ ਜੰਮ-ਜੰਮ ਬੈਠ, ਜਾਣਾ ਹੋਵੇ ਤਾਂ ਬੇਸ਼ੱਕ ਜਾਹ"।

ਰੋਹਿਤ ਪਲੰਘ ਤੋਂ ਉੱਠ ਕੇ ਕੰਧ ਵੱਲ ਵੇਖਣ ਲੱਗ ਪਿਆ। ਮਕੜੀ ਦਾ ਜਾਲਾ ਠੀਕ-ਠਾਕ ਸੀ; ਪਰ ਹੁਣ ਮਕੜੀ ਦਿੱਸ ਨਹੀਂ ਸੀ ਰਹੀ। ਉਸ ਨੇ ਕਮੀਜ਼ ਪਾਈ। ਪਲੰਘ ਥੱਲਿਓਂ ਆਪਣੀਆਂ ਜੁੱਤੀਆਂ ਲੱਭ ਕੇ ਕੱਢੀਆਂ। ਸਾਧਨਾ ਬੋਲੀ, “ਤਾਂ ਤੂੰ ਜਾ ਰਿਹੈਂ”?

"ਫੇਰ ਕਦੋਂ ਮੁਲਾਕਾਤ ਹੋਏਗੀ"।

“ਜਦੋਂ ਤੂੰ ਬੁਲਾਏਂਗੀ, ਉਦੋਂ ਆਵਾਂਗਾ”।

“ਤੂੰ ਮੇਰੇ ਬੁਲਾਉਣ ਉੱਤੇ ਹੀ ਆਏਂਗਾ,ਆਪਣੀ ਮਰਜ਼ੀ ਨਾਲ ਨਹੀਂ” ?

ਰੋਹਿਤ ਚੁੱਪ ਰਿਹਾ। ਸਾਧਨਾ ਨੇ ਕਿਹਾ, "ਕੀ ਮੈਂ ਤੈਨੂੰ ਚੱਕ ਵੱਢਿਆ ਸੀ, ਏਸ ਲਈ ਤੂੰ ਏਨਾ ਨਾਰਾਜ਼ ਹੋ ਗਿਐਂ, ਮੇਰੇ ਨਾਲ"?

ਰੋਹਿਤ ਚੁੱਪ ਰਿਹਾ। ਉਸ ਨੇ ਬੂਟ ਦਾ ਤਸਮਾ ਬੰਨ੍ਹਿਆ ਤੇ ਉੱਠ ਕੇ ਖੜ੍ਹਾ ਹੋ ਗਿਆ। ਸਾਧਨਾ ਨੇ ਕਿਹਾ, "ਤਾਂ ਕੀ ਤੂੰ ਆਪਣਾ ਸਾਂਝਾ ਰਿਸ਼ਤਾ ਇੰਜ ਤੋੜ ਦੇਣਾ ਚਾਹੁੰਦੈ"?

ਰੋਹਿਤ ਦੇ ਦਿਮਾਗ਼ ਵਿੱਚ ਸਾਰਾ ਕੁੱਝ ਗੱਢ-ਮੱਡ ਹੋ ਗਿਆ ਸੀ। ਉਸ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਕੀ ਕਹੇ,ਕੀ ਕਰੇ। ਉਸ ਨੂੰ ਲੱਗ ਰਿਹਾ ਸੀ ਕਿ ਉਹ ਜੋ ਵੀ ਕਰੇਗਾ ਗ਼ਲਤ ਕਰੇਗਾ। ਇਉਂ ਲੱਗਦਾ ਸੀ ਜਿਵੇਂ ਉਸ ਦੇ ਪੈਰਾਂ ਵਿੱਚ ਖੜ੍ਹੇ ਹੋਣ ਦੀ ਸੱਤਿਆ ਨਹੀਂ ਰਹੀ, ਬੁੱਲ੍ਹਾਂ ਵਿੱਚ ਬੋਲਣ ਦੀ ਸ਼ਕਤੀ ਨਹੀਂ ਸੀ ਰਹੀ। ਬਗ਼ੈਰ ਕੁੱਝ ਬੋਲੇ ਉਹ ਬਾਹਰਲੇ ਦਰਵਾਜ਼ੇ ਵੱਲ ਚੱਲ ਪਿਆ।

ਸਾਧਨਾ ਨੇ ਪੁੱਛਿਆ, "ਤਾਂ ਤੂੰ ਜਾ ਰਿਹੈਂ" ?

ਰੋਹਿਤ ਨੇ ਹਾਮੀ ਭਰੀ, ਪਰ ਜਾਂਦੇ-ਜਾਂਦੇ ਪਲ ਭਰ ਲਈ ਖੜਾ ਹੋ ਗਿਆ। ਉਸ ਦੇ ਸਾਹਮਣੇ ਕੰਧ ਦੀ ਨੁੱਕਰ ਵਿਚ ਮਕੜੀ ਦਾ ਜਾਲਾ ਸੀ। ਪਤਾ ਨਹੀਂ ਕਿਉਂ,ਰੋਹਿਤ ਨੇ ਬੜੇ ਸੰਕੋਚ ਨਾਲ ਉਸ ਵੱਲ ਹੱਥ ਵਧਾਇਆ। ਉਸਦੀ ਉਂਗਲੀ ਜਿਸ ਤਾਰ ਨਾਲ ਲੱਗੀ, ਉਹ ਇਕਦਮ ਟੁੱਟ ਗਈ।

ਰੋਹਿਤ ਅੱਗੇ ਜਾਣ ਦੀ ਥਾਂ ਵਾਪਿਸ ਆ ਗਿਆ। ਪਲੰਘ ਉੱਤੇ ਫੇਰ ਬੈਠ ਕੇ ਪੈਰਾਂ ਵਿਚੋਂ ਬੂਟ ਲਾਹੇ, ਕੰਧ ਨਾਲ ਢੋ ਲਾਕੇ ਬੈਠਦਿਆਂ ਬੋਲਿਆ, "ਨਹੀਂ, ਸਾਧਨਾ। ਹੁਣ ਮੈਂ ਨਹੀਂ ਜਾਵਾਂਗਾ। ਤੂੰ ਜਾਣ ਲਈ ਕਹੇਂਗੀ ਤਾਂ ਵੀ ਨਹੀਂ"।

****